ੴ

ਸ੍ਰੀ ਵਾਹਿਗੁਰੂ ਜੀ ਕੀ ਫ਼ਤਹ॥

## ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਰਚਿਤ

# ਸ੍ਰੀ ਦਸਮ ਗ੍ਰੰਥ ਸਾਹਿਬ ਜੀ

## ਸਟੀਕ



I

ਟੀਕਾਕਾਰ

ਗਿਆਨੀ ਨਰੈਣ ਸਿੰਘ ਜੀ

ੴ ਸਤਿਗੁਰ ਪ੍ਰਸਾਦਿ॥

## ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਰਚਿਤ

# ਸ੍ਰੀ ਦਸਮ ਗ੍ਰੰਥ ਸਾਹਿਬ ਜੀ

## ਸਟੀਕ

## ਸੈਂਚੀ ਪਹਿਲੀ

ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੇ ਪੰਨਾ ਨੰਬਰ ੧੫੫ ਤਕ।

✲ ਇਸ ਵਿਚ ✲

ਸ੍ਰੀ ਜਾਪੁ ਸਾਹਿਬ, ਅਕਾਲ ਉਸਤਤਿ, ਅੰਮ੍ਰਿਤ ਸਵੱਯੇ, ਬਚਿੱਤ੍ਰ ਨਾਟਕ,
ਚੰਡੀ ਚਰਿਤ੍ਰ ਪਹਿਲਾ ਤੇ ਦੂਜਾ, ਚੰਡੀ ਦੀ ਵਾਰ ਤੇ
ਗਿਆਨ ਪ੍ਰਬੋਧ ਸ਼ਾਮਲ ਹਨ।

- ਟੀਕਾਕਾਰ -

ਵਿਦਵਾਨ ਗਿਆਨੀ ਨਰੈਣ ਸਿੰਘ ਜੀ

ਸੋਧਕ :- ਡਾ. ਅਜੀਤ ਸਿੰਘ ਔਲਖ (ਐਮ.ਏ., ਪੀ.ਐਚ.ਡੀ)

ਪ੍ਰਕਾਸ਼ਕ

ਭਾ: ਚਤਰ ਸਿੰਘ ਜੀਵਨ ਸਿੰਘ

ਅੰਮ੍ਰਿਤਸਰ

© ਪ੍ਰਕਾਸ਼ਕ

Sri Dasam Granth Sahib Ji Steek (Part 1) Translation by Giani Narain Singh

ISBN : 81-7601-231-9
ISBN : 81-7601-046-4 (Set 8 volumes)

ਪਹਿਲੀ ਐਡੀਸ਼ਨ 1994
ਚੌਥੀ ਐਡੀਸ਼ਨ ਅਪ੍ਰੈਲ 2004

ਪੰਜਵੀਂ ਐਡੀਸ਼ਨ ਜੁਲਾਈ 2006

ਭੇਟਾ : 250-00

Prabhjot Singh

Digitally signed by Prabhjot Singh
DN: cn=Prabhjot Singh, o=SikhSangat, ou=SikhSangat, email=prabh.singh@gmail.com, c=GB
Date: 2011.04.06 21:54:40 +01'00'

ਪ੍ਰਕਾਸ਼ਕ:
ਭਾਈ ਚਤਰ ਸਿੰਘ ਜੀਵਨ ਸਿੰਘ
ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ।
ਫੋਨ-ਫੈਕਸ : (0183) 2542346, 2547974, 2557973
E-mail : csjs@vsnl.com
Visit our Website : www.csjs.com

Printed in India

ਪ੍ਰਿੰਟਰ : ਜੀਵਨ ਪ੍ਰਿੰਟਰਜ਼, 312 ਈਸਟ ਮੋਹਨ ਨਗਰ, ਅੰਮ੍ਰਿਤਸਰ। ਫੋਨ : 2705003, 394012

੧ੴ ਸਤਿਗੁਰ ਪ੍ਰਸਾਦਿ॥
ਸ੍ਰੀ ਵਾਹਿਗੁਰੂ ਜੀ ਕੀ ਫ਼ਤਹ॥
ਸ੍ਰੀ ਭਗਉਤੀ ਜੀ ਸਹਾਇ॥

# ਸ੍ਰੀ ਦਸਮ ਗ੍ਰੰਥ ਸਾਹਿਬ ਜੀ ਸਟੀਕ

## ਜਿਲਦ ਪਹਿਲੀ

## ਤਤਕਰਾ


| ਸਿਰਲੇਖ | ਪੰਨਾ | ਸਿਰਲੇਖ | ਪੰਨਾ |
|---|---|---|---|
| **ਅਥ ਸ੍ਰੀ ਜਾਪੁ ਸਾਹਿਬ ਜੀ ਲਿਖਜਤੇ** | ੯ | ਅਧਿਆਏ ਦੂਸਰਾ | ੨੭੭ |
| **ਅਥ ਸ੍ਰੀ ਅਕਾਲ ਉਸਤਤਿ ਲਿਖਜਤੇ** | ੬੧ | ਅਧਿਆਏ ਤੀਸਰਾ | ੨੮੯ |
| **ਭਗਉਤੀ ਉਸਤਤਿ** | ੧੩੬ | ਅਧਿਆਏ ਚੌਥਾ | ੩੦੪ |
| **ਅਥ ਸ੍ਰੀ ਬਚਿੱਤ੍ਰ ਨਾਟਕ ਗ੍ਰੰਥ ਲਿਖਜਤੇ** | ੧੬੫ | ਅਧਿਆਏ ਪੰਜਵਾਂ | ੩੦੯ |
| ਸ੍ਰੀ ਬਚਿੱਤਰ ਨਾਟਕ ਗ੍ਰੰਥ | ੧੬੭ | ਅਧਿਆਏ ਛੇਵਾਂ | ੩੨੮ |
| ਅਧਿਆਏ ਦੂਸਰਾ | ੧੮੯ | ਅਧਿਆਏ ਸੱਤਵਾਂ | ੩੩੯ |
| ਅਧਿਆਏ ਤੀਸਰਾ | ੧੯੭ | ਅਧਿਆਏ ਅੱਠਵਾਂ | ੩੪੮ |
| ਅਧਿਆਏ ਚੌਥਾ | ੨੦੬ | **ਅਥ ਸ੍ਰੀ ਚੰਡੀ ਚਰਿਤ੍ਰ ਦੁਤੀਆ ਲਿਖਜਤੇ** | ੩੫੩ |
| ਅਧਿਆਏ ਪੰਜਵਾਂ | ੨੦੯ | **ਚੰਡੀ ਚਰਿਤ੍ਰ ਦੂਸਰਾ** | ੩੫੫ |
| ਅਧਿਆਏ ਛੇਵਾਂ | ੨੧੩ | ਅਧਿਆਏ ਦੂਸਰਾ | ੩੬੪ |
| ਅਧਿਆਏ ਸੱਤਵਾਂ | ੨੨੬ | ਅਧਿਆਏ ਤੀਸਰਾ | ੩੬੯ |
| ਅਧਿਆਏ ਅੱਠਵਾਂ | ੨੨੭ | ਅਧਿਆਏ ਚੌਥਾ | ੩੭੩ |
| ਅਧਿਆਏ ਨੌਵਾਂ | ੨੩੭ | ਅਧਿਆਏ ਪੰਜਵਾਂ | ੩੮੩ |
| ਅਧਿਆਏ ਦਸਵਾਂ | ੨੪੨ | ਅਧਿਆਏ ਛੇਵਾਂ | ੩੮੯ |
| ਅਧਿਆਏ ਗਿਆਰ੍ਹਵਾਂ | ੨੪੫ | ਅਧਿਆਏ ਸੱਤਵਾਂ | ੪੦੦ |
| ਅਧਿਆਏ ਬਾਰ੍ਹਵਾਂ | ੨੫੯ | ਅਧਿਆਏ ਅੱਠਵਾਂ | ੪੧੦ |
| ਅਧਿਆਏ ਤੇਰ੍ਹਵਾਂ | ੨੬੨ | **ਸ੍ਰੀ ਚੰਡੀ ਦੀ ਵਾਰ** | ੪੧੩ |
| ਅਧਿਆਏ ਚੌਦਵਾਂ | ੨੬੮ | **ਵਾਰ ਸ੍ਰੀ ਭਗਉਤੀ ਜੀ ਕੀ ਪਾਤਸ਼ਾਹੀ ੧੦** | ੪੧੫ |
| **ਅਥ ਸ੍ਰੀ ਚੰਡੀ ਚਰਿਤ੍ਰ ਉਕਤਿ ਬਿਲਾਸ** | ੨੭੧ | **ਅਥ ਸ੍ਰੀ ਗਿਆਨ ਪ੍ਰਬੋਧ ਗ੍ਰੰਥ ਲਿਖਜਤੇ** | ੪੪੫ |
| ਚੰਡੀ ਚਰਿੱਤਰ ਉਕਤਿ ਬਿਲਾਸ | ੨੭੩ | | |

# ਅਥ ਸ੍ਰੀ ਜਾਪੁ ਸਾਹਿਬ ਜੀ ਲਿਖਯਤੇ

## ਸ੍ਰੀ ਮੁਖਵਾਕ ਪਾਤਿਸ਼ਾਹੀ ੧੦

*ੴ ਸਤਿਗੁਰ ਪ੍ਰਸਾਦਿ ॥*
*ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ ॥*
*ਸ੍ਰੀ ਭਗਉਤੀ ਜੀ ਸਹਾਇ ॥*

# ਜਾਪੁ ਸਾਹਿਬ

## *ਸ੍ਰੀ ਮੁਖਵਾਕ ਪਾਤਿਸ਼ਾਹੀ ੧੦*

### *ਛਪੈ ਛੰਦ ॥ ਤ੍ਵਪ੍ਰਸਾਦਿ ॥*

**ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ ॥**
**ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤਿ ਕਿਹ ॥**
**ਅਚਲ ਮੂਰਤਿ ਅਨਭਉ ਪ੍ਰਕਾਸ ਅਮਿਤੋਜ ਕਹਿੱਜੈ ॥**
**ਕੋਟਿ ਇੰਦ੍ਰ ਇੰਦ੍ਰਾਣਿ ਸਾਹਿ ਸਾਹਾਣਿ ਗਣਿੱਜੈ ॥**
**ਤ੍ਰਿਭਵਣ ਮਹੀਪ ਸੁਰ ਨਰ ਅਸੁਰ ਨੇਤ ਨੇਤ ਬਨ ਤ੍ਰਿਣ ਕਹਤ ॥**
**ਤ੍ਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਨਤ ਸੁਮਤਿ ॥ ੧ ॥**

ਪਦ ਅਰਥ - ਚੱਕ੍ਰ=ਗੋਲ ਰੇਖਾ। ਬਰਨ=ਰੰਗ। ਪਾਤਿ=ਕੁਲ। ਅਚਲ=ਨਿਹਚਲ। ਅਨਭਉ ਪ੍ਰਕਾਸ=ਆਪਣੇ ਆਪ ਤੋਂ ਉਤਪੰਨ ਹੋਇਆ ਸਰੂਪ। ਅਮਿਤੋਜਿ=ਅਮਿਤ ਬਲ। ਤ੍ਰਿਭਵਣ=ਤਿੰਨ ਭਵਨ ਅਕਾਸ਼, ਪਤਾਲ ਤੇ ਮਾਤ ਲੋਕ। ਮਹੀਪ=ਰਾਜਾ। ਤਵ=ਤੇਰੇ। ਕਰਮ=ਕੰਮ। ਤ੍ਵ=ਤੇਰੀ। ਪ੍ਰਸਾਦਿ=ਕਿਰਪਾ ਨਾਲ।

ਹੇ ਅਕਾਲ ਪੁਰਖ ! ਤੇਰੀ ਕਿਰਪਾ ਨਾਲ ਮੈਂ ਇਹ 'ਜਾਪੁ' ਬਾਣੀ ਉਚਾਰਦਾ ਹਾਂ। ਹੇ ਅਕਾਲ ਪੁਰਖ ! ਤੇਰਾ ਸਰੂਪ ਇਹੋ ਜਿਹਾ ਹੈ ਕਿ ਜਿਸ ਦਾ ਨਾ ਕੋਈ ਚਿਹਨ ਚੱਕ੍ਰ ਹੈ, ਨਾ ਕੋਈ ਨਿਸ਼ਾਨ ਹੈ, ਨਾ ਕੋਈ ਰੰਗ ਹੈ ਤੇ ਨਾ ਕੋਈ ਜਾਤ ਤੇ ਨਾ ਹੀ ਕੋਈ ਕੁਲ (ਗੋਤ) ਹੈ। ਤੇਰਾ ਕਿਹੋ ਜਿਹਾ ਰੂਪ ਹੈ, ਕਿਸ ਤਰ੍ਹਾਂ ਦਾ ਰੰਗ ਹੈ, ਕਿਹੋ ਜਿਹੇ ਰੇਖ ਹਨ ਤੇ ਕਿਹੋ ਜਿਹੇ ਭੇਖ ਹਨ, ਇਸ ਬਾਰੇ ਕੋਈ ਮਨੁੱਖ ਨਹੀਂ ਦੱਸ ਸਕਦਾ। ਤੇਰੀ ਹਸਤੀ ਅਟੱਲ ਹੈ, ਤੇਰਾ ਪ੍ਰਕਾਸ਼ ਤੇਰੇ ਆਪਣੇ ਆਪ ਤੋਂ ਹੈ। ਤੇਰਾ ਬਲ ਅਮਿੱਤ ਕਿਹਾ ਜਾਂਦਾ ਹੈ। ਤੂੰ ਕਰੋੜਾਂ ਇੰਦਰਾਂ ਦਾ ਇੰਦਰ ਤੇ ਕਰੋੜਾਂ ਬਾਦਸ਼ਾਹਾਂ ਦਾ ਬਾਦਸ਼ਾਹ ਗਿਣਿਆਂ ਜਾਂਦਾ ਹੈਂ। ਤੂੰ ਤਿੰਨ ਭਵਣਾਂ ਅਕਾਸ਼, ਪਤਾਲ ਤੇ ਮਾਤਲੋਕ ਦਾ ਮਾਲਕ ਹੈਂ। ਦੇਵਤੇ, ਮਨੁੱਖ ਦੈਂਤ ਤੇ ਸਾਰੀ ਬਨਾਸਪਤੀ ਤੈਨੂੰ ਨੇਤਿ ਨੇਤਿ ਭਾਵ ਬੇਅੰਤ ਬੇਅੰਤ ਕਹਿੰਦੀ

ਹੈ। ਸਭ ਇਹੋ ਕਹਿੰਦੇ ਹਨ ਕਿ ਤੂੰ ਐਸਾ ਨਹੀਂ, ਇਹੋ ਜਿਹਾ ਨਹੀਂ। ਸੰਸਾਰ ਵਿਚ ਤੇਰੇ ਵਰਗਾ ਕੋਈ ਨਹੀਂ। ਹੇ ਪ੍ਰਭੂ ! ਤੇਰੀ ਹਸਤੀ ਨੂੰ ਪੂਰੀ ਤਰ੍ਹਾਂ ਬਿਆਨ ਕਰ ਸੱਕਣ ਵਾਲਾ ਨਾਮ ਕੋਈ ਨਹੀਂ ਦੱਸ ਸਕਦਾ। ਇਸ ਲਈ ਵਿਦਵਾਨ ਪੁਰਸ਼ਾਂ ਨੇ ਤੇਰੇ ਕਰਮਾਂ ਨੂੰ ਵੇਖ ਕੇ ਤੇਰੇ ਕਰਮ-ਨਾਮਾਂ ਦਾ ਹੀ ਵਰਣਨ ਕੀਤਾ ਹੈ॥੧॥

## ਭੁਜੰਗ ਪ੍ਰਯਾਤ ਛੰਦ॥

**ਨਮਸਤ੍ਵੰ ਅਕਾਲੇ॥ ਨਮਸਤ੍ਵੰ ਕ੍ਰਿਪਾਲੇ॥ ਨਮਸਤ੍ਵੰ ਅਰੂਪੇ॥ ਨਮਸਤੰ ਅਨੂਪੇ॥ ੨॥**

ਪਦ ਅਰਥ - ਨਮਸ=ਨਮਸ਼ਕਾਰ। ਤ੍ਵੰ=ਤੈਨੂੰ। ਅਕਾਲ=ਕਾਲ ਰਹਿਤ। ਅਰੂਪ=ਰੂਪ ਰਹਿਤ। ਅਨੂਪ=ਉਪਮਾ ਰਹਿਤ।

ਹੇ ਅਕਾਲ ਪੁਰਖ ! ਤੈਨੂੰ ਨਮਸ਼ਕਾਰ ਹੈ। ਤੂੰ ਕਾਲ ਰਹਿਤ ਤੇ ਕ੍ਰਿਪਾਲੂ ਹੈਂ। ਤੇਰਾ ਕੋਈ ਇਕ ਰੂਪ ਨਹੀਂ ਤੇ ਤੂੰ ਉਪਮਾ ਰਹਿਤ ਹੈਂ ਭਾਵ ਤੇਰੇ ਬਰਾਬਰ ਸੰਸਾਰ ਵਿਚ ਹੋਰ ਕੋਈ ਨਹੀਂ॥੨॥

**ਨਮਸਤੰ ਅਭੇਖੇ॥ ਨਮਸਤੰ ਅਲੇਖੇ॥ ਨਮਸਤੰ ਅਕਾਏ॥ ਨਮਸਤੰ ਅਜਾਏ॥ ੩॥**

ਪਦ ਅਰਥ - ਅਭੇਖ=ਪਹਿਰਾਵੇ ਤੋਂ ਬਿਨਾਂ। ਅਲੇਖ=ਲੇਖਾ ਰਹਿਤ। ਅਕਾਏ=ਕਾਇਆ ਰਹਿਤ। ਅਜਾਏ=ਜਨਮ ਰਹਿਤ।

ਹੇ ਪਰਮਾਤਮਾ ! ਤੈਨੂੰ ਪ੍ਰਣਾਮ ਹੈ। ਤੇਰਾ ਕੋਈ ਭੇਖ (ਪਹਿਰਾਵਾ) ਨਹੀਂ, ਤੂੰ ਲੇਖਾ ਰਹਿਤ ਹੈ, ਤੇਰੀ ਕੋਈ ਕਾਇਆ (ਸਰੀਰ) ਨਹੀਂ ਤੇ ਤੂੰ ਹੋਰ ਜੀਵਾਂ ਵਾਂਗੂੰ ਇਸਤਰੀ ਦੀ ਕੁਖ ਤੋਂ ਨਹੀਂ ਜਨਮਿਆਂ॥ ੩॥

**ਨਮਸਤੰ ਅਗੰਜੇ॥ ਨਮਸਤੰ ਅਭੰਜੇ॥ ਨਮਸਤੰ ਅਨਾਮੇ॥ ਨਮਸਤੰ ਅਠਾਮੇ॥ ੪॥**

ਪਦ ਅਰਥ - ਅਗੰਜੇ=ਅਜਿੱਤ। ਅਭੰਜੇ=ਨਾਸ ਰਹਿਤ। ਅਨਾਮੇ=ਨਾਮ ਰਹਿਤ। ਅਠਾਮੇ=ਥਾਂ ਰਹਿਤ।

ਹੇ ਪਰਮੇਸ਼ਵਰ ! ਤੈਨੂੰ ਨਮਸ਼ਕਾਰ ਹੈ। ਤੂੰ ਅਗੰਜੇ (ਅਜਿੱਤ) ਹੈਂ, ਤੈਨੂੰ ਕੋਈ ਜਿੱਤ ਨਹੀਂ ਸਕਦਾ, ਤੈਨੂੰ ਕੋਈ ਨਾਸ ਨਹੀਂ ਕਰ ਸਕਦਾ, ਤੇਰਾ ਕੋਈ ਨਾਮ ਨਹੀਂ ਤੇ ਤੇਰਾ ਕੋਈ ਇਕ ਪੱਕਾ ਥਾਂ ਨਹੀਂ ਭਾਵ ਤੂੰ ਸਰਬ ਵਿਆਪਕ ਹੈਂ॥੪॥

**ਨਮਸਤੰ ਅਕਰਮੰ॥ ਨਮਸਤੰ ਅਧਰਮੰ॥ ਨਮਸਤੰ ਅਨਾਮੰ॥ ਨਮਸਤੰ ਅਧਾਮੰ॥ ੫॥**

ਪਦ ਅਰਥ - ਅਕਰਮੰ=ਕਰਮ ਰਹਿਤ। ਅਧਰਮੰ= ਧਰਮਾਂ ਤੋਂ ਰਹਿਤ।

ਹੇ ਪ੍ਰਭੂ ! ਤੈਨੂੰ ਨਮਸ਼ਕਾਰ ਹੈ। ਤੂੰ ਕਰਮ ਰਹਿਤ ਹੈਂ ਭਾਵ ਤੈਨੂੰ ਪ੍ਰਾਪਤ ਕਰਨ ਲਈ ਕਿਸੇ ਖਾਸ ਧਾਰਮਕ ਕਰਮ ਕਰਨ ਦੀ ਜ਼ਰੂਰਤ ਨਹੀਂ, ਤੂੰ ਵਰਣ ਆਸ਼ਰਮਾਂ ਤੋਂ ਬਾਹਰ ਹੈਂ, ਤੇਰਾ ਕੋਈ ਖਾਸ ਨਾਮ ਨਹੀਂ ਤੇ ਤੇਰਾ ਕੋਈ ਇਕ ਘਰ ਨਹੀਂ ਭਾਵ ਸਭ ਘਰ ਤੇਰੇ ਹਨ॥ ੫॥

**ਨਮਸਤੰ ਅਜੀਤੇ ॥ ਨਮਸਤੰ ਅਭੀਤੇ ॥ ਨਮਸਤੰ ਅਬਾਹੇ ॥ ਨਮਸਤੰ ਅਢਾਹੇ ॥ ੬ ॥**

ਪਦ ਅਰਥ - ਅਭੀਤੇ=ਨਿਰਭੈ। ਅਬਾਹੇ=ਅਹਿੱਲ। ਅਢਾਹੇ=ਅਡਿੱਗ।

ਹੇ ਅਕਾਲ ਪੁਰਖ ! ਤੈਨੂੰ ਨਮਸ਼ਕਾਰ ਹੈ। ਤੂੰ ਅਜਿੱਤ ਹੈਂ ਭਾਵ ਤੈਨੂੰ ਕੋਈ ਜਿੱਤ ਨਹੀਂ ਸਕਦਾ, ਤੂੰ ਨਿਰਭੈ ਹੈਂ, ਤੈਨੂੰ ਕੋਈ ਡਰਾ ਨਹੀਂ ਸਕਦਾ ਤੂੰ ਅਹਿੱਲ ਹੈਂ ਤੈਨੂੰ ਕੋਈ ਹਿਲਾ ਨਹੀਂ ਸਕਦਾ ਅਤੇ ਤੈਨੂੰ ਕੋਈ ਡੇਗ ਨਹੀਂ ਸਕਦਾ ॥ ੬ ॥

**ਨਮਸਤੰ ਅਨੀਲੇ ॥ ਨਮਸਤੰ ਅਨਾਦੇ ॥ ਨਮਸਤੰ ਅਛੇਦੇ ॥ ਨਮਸਤੰ ਅਗਾਧੇ ॥ ੭ ॥**

ਪਦ ਅਰਥ - ਅਨਾਦੇ=ਆਦਿ ਰਹਿਤ। ਅਛੇਦੇ=ਜਿਸ ਦੇ ਟੋਟੇ ਨਾ ਕੀਤੇ ਜਾ ਸਕਣ। ਅਗਾਧੇ=ਜਿਸ ਦੀ ਡੂੰਘਾਈ ਦਾ ਪਤਾ ਨਾ ਲੱਗ ਸਕੇ।

ਹੇ ਪਰਮਾਤਮਾ ! ਤੈਨੂੰ ਨਮਸ਼ਕਾਰ ਹੈ। ਤੂੰ ਰੂਪ ਰੰਗ ਤੋਂ ਰਹਿਤ ਹੈਂ ਭਾਵ ਤੇਰਾ ਕੋਈ ਰੂਪ ਰੰਗ ਨਹੀਂ, ਤੂੰ ਅਨਾਦਿ ਹੈਂ ਭਾਵ ਤੇਰੇ ਅਰੰਭ ਦਾ ਕੋਈ ਪਤਾ ਨਹੀਂ, ਤੇਰੀ ਹਸਤੀ ਦੇ ਟੋਟੇ ਨਹੀਂ ਹੋ ਸਕਦੇ ਤੇ ਤੇਰੀ ਡੂੰਘਾਈ ਦਾ ਕੋਈ ਥਾਹ ਨਹੀਂ ਪਾ ਸਕਦਾ ॥ ੭ ॥

**ਨਮਸਤੰ ਅਗੰਜੇ ॥ ਨਮਸਤੰ ਅਭੰਜੇ ॥ ਨਮਸਤੰ ਉਦਾਰੇ ॥ ਨਮਸਤੰ ਅਪਾਰੇ ॥ ੮ ॥**

ਪਦ ਅਰਥ - ਅਭੰਜੇ=ਜਿਸ ਨੂੰ ਕੋਈ ਭੰਨ ਨਾ ਸਕੇ। ਉਦਾਰੇ=ਖੁਲ੍ਹ-ਦਿਲਾ। ਅਪਾਰੇ=ਅਪਾਰ।

ਹੇ ਅਕਾਲ ਪੁਰਖ! ਤੈਨੂੰ ਨਮਸ਼ਕਾਰ ਹੈ। ਤੈਨੂੰ ਕੋਈ ਜਿੱਤ ਨਹੀਂ ਸਕਦਾ, ਤੈਨੂੰ ਕੋਈ ਭੰਨ ਤੋੜ ਨਹੀਂ ਸਕਦਾ, ਤੂੰ ਸਖੀ ਹੈਂ ਭਾਵ ਤੂੰ ਖੁਲ੍ਹੇ ਦਿਲ ਨਾਲ ਸਭ ਨੂੰ ਦਾਤਾਂ ਦੇਣ ਵਾਲਾ ਹੈਂ ਤੇ ਤੂੰ ਅਪਾਰ (ਬੇਅੰਤ) ਹੈਂ ॥ ੮ ॥

**ਨਮਸਤੰ ਸੁ ਏਕੈ ॥ ਨਮਸਤੰ ਅਨੇਕੈ ॥ ਨਮਸਤੰ ਅਭੂਤੇ ॥ ਨਮਸਤੰ ਅਜੂਪੇ ॥ ੯ ॥**

ਪਦ ਅਰਥ - ਅਭੂਤੇ=ਤੱਤ ਰਹਿਤ। ਅਜੂਪੇ=ਜੋ ਕਿਸੇ ਦੀ ਕੁਰਬਾਨੀ ਦਾ ਚਾਹਵਾਨ ਨਾ ਹੋਵੇ।

ਹੇ ਪ੍ਰਭੂ ! ਤੈਨੂੰ ਨਮਸ਼ਕਾਰ ਹੈ। ਤੂੰ ਸਾਰੀ ਰਚਨਾਂ ਦਾ ਰਚਨਹਾਰ ਇਕ ਆਪ ਹੀ ਹੈਂ, ਫਿਰ ਬੇਅੰਤ ਰੂਪ ਧਾਰ ਕੇ ਅਨੇਕਾਂ ਰੂਪਾਂ ਵਾਲਾ ਹੈਂ। ਤੇਰੀ ਬਣਾਵਟ ਪੰਜਾਂ ਤੱਤਾਂ ਤੋਂ ਨਹੀਂ ਬਣੀ ਅਤੇ ਤੂੰ ਬੰਧਨ ਰਹਿਤ ਹੈ ॥ ੯ ॥

**ਨਮਸਤੰ ਨ੍ਰਿਕਰਮੇ ॥ ਨਮਸਤੰ ਨ੍ਰਿਭਰਮੇ ॥ ਨਮਸਤੰ ਨ੍ਰਿਦੇਸੇ ਨਮਸਤੰ ਨ੍ਰਿਭੇਸੇ ॥ ੧੦ ॥**

ਪਦ ਅਰਥ - ਨ੍ਰਿਭਰਮੇ=ਭਰਮਾਂ ਤੋਂ ਰਹਿਤ। ਨ੍ਰਿਦੇਸੇ=ਦੇਸ ਰਹਿਤ। ਨ੍ਰਿਭੇਸੇ=ਭੇਖ ਰਹਿਤ।

ਹੇ ਵਾਹਿਗੁਰੂ ! ਤੈਨੂੰ ਨਮਸ਼ਕਾਰ ਹੈ। ਤੂੰ ਕਰਮ ਰਹਿਤ ਹੈ ਭਾਵ ਤੈਨੂੰ ਕਿਸੇ ਕਰਮ ਕਰਨ ਦੀ ਲੋੜ ਨਹੀਂ, ਤੈਨੂੰ ਕਿਸੇ ਤਰ੍ਹਾਂ ਦਾ ਭਰਮ ਭੁਲੇਖਾ ਨਹੀਂ, ਤੂੰ ਭਰਮਾਂ ਤੋਂ ਉੱਚਾ ਹੈਂ। ਤੂੰ ਦੇਸ ਰਹਿਤ ਅਤੇ ਭੇਸ ਰਹਿਤ ਹੈ ॥ ੧੦ ॥

**ਨਮਸਤੰ ਨ੍ਰਿਨਾਮੇ॥ ਨਮਸਤੰ ਨ੍ਰਿਕਾਮੇ॥ ਨਮਸਤੰ ਨ੍ਰਿਧਾਤੇ॥ ਨਮਸਤੰ ਨ੍ਰਿਘਾਤੇ॥ ੧੧॥**

ਪਦ ਅਰਥ - ਨ੍ਰਿਨਾਮੇ=ਨਾਮ ਰਹਿਤ। ਨ੍ਰਿਕਾਮੇ=ਕਾਮਨਾ ਰਹਿਤ। ਨ੍ਰਿਧਾਤੇ=ਤੱਤ ਰਹਿਤ। ਨ੍ਰਿਘਾਤੇ=ਘਾਤ ਰਹਿਤ।

ਹੇ ਪ੍ਰਭੂ ! ਤੈਨੂੰ ਨਮਸ਼ਕਾਰ ਹੈ। ਤੂੰ ਨਾਮ ਰਹਿਤ ਹੈਂ, ਭਾਵ ਤੇਰਾ ਕੋਈ ਨਾਮ ਨਹੀਂ, ਤੈਨੂੰ ਕੋਈ ਕਾਮਨਾ (ਵਾਸ਼ਨਾ) ਨਹੀਂ, ਤੂੰ ਪੰਜਾਂ ਤੱਤਾਂ ਪ੍ਰਿਥਵੀ, ਜਲ, ਅਗਨੀ, ਪੌਣ ਤੇ ਅਕਾਸ਼ ਤੋਂ ਬਾਹਰ ਹੈਂ ਭਾਵ ਤੇਰੀ ਰਚਨਾਂ ਇਹਨਾਂ ਪੰਜਾਂ ਤੱਤਾਂ ਨਾਲ ਨਹੀਂ ਹੋਈ, ਭਾਵ ਤੂੰ ਮਾਇਆ ਤੋਂ ਰਹਿਤ ਹੈਂ ਜਿਸ ਕਰਕੇ ਤੇਰੇ ਉਤੇ ਕੋਈ ਵਾਰ ਨਹੀਂ ਕਰ ਸਕਦਾ॥ ੧੧॥

**ਨਮਸਤੰ ਨ੍ਰਿਧੂਤੇ॥ ਨਮਸਤੰ ਅਭੂਤੇ॥ ਨਮਸਤੰ ਅਲੋਕੇ॥ ਨਮਸਤੰ ਅਸੋਕੇ॥ ੧੨॥**

ਪਦ ਅਰਥ - ਨ੍ਰਿਧੂਤੇ=ਅਹਿੱਲ। ਅਲੋਕੇ=ਅਦ੍ਰਿਸ਼ਟ। ਅਸੋਕੇ=ਸ਼ੋਕ ਰਹਿਤ।

ਹੇ ਪਰਮੇਸ਼ਰ ! ਤੈਨੂੰ ਨਮਸ਼ਕਾਰ ਹੈ। ਤੈਨੂੰ ਕੋਈ ਜੀਵ ਆਪਣੇ ਅਸਥਾਨ ਤੋਂ ਹਿਲਾ ਨਹੀਂ ਸਕਦਾ, ਤੂੰ ਸੰਸਾਰ ਰਚਨਾਂ ਦੇ ਪੰਜਾਂ ਤੱਤਾਂ ਤੋਂ ਬਾਹਰ ਹੈਂ, ਤੂੰ ਅਦ੍ਰਿਸ਼ਟ ਹੈਂ ਭਾਵ ਤੂੰ ਕਿਸੇ ਨੂੰ ਦਿਸਦਾ ਨਹੀਂ ਤੇ ਨਾ ਹੀ ਤੈਨੂੰ ਕੋਈ ਚਿੰਤਾ, ਗ਼ਮ, ਫ਼ਿਕਰ ਤੇ ਦੁਖ ਹੈ॥ ੧੨॥

**ਨਮਸਤੰ ਨ੍ਰਿਤਾਪੇ॥ ਨਮਸਤੰ ਅਥਾਪੇ॥ ਨਮਸਤੰ ਤ੍ਰਿਮਾਨੇ॥ ਨਮਸਤੰ ਨਿਧਾਨੇ॥ ੧੩॥**

ਪਦ ਅਰਥ - ਨ੍ਰਿਤਾਪੇ=ਤਾਪ ਰਹਿਤ। ਅਥਾਪੇ=ਜਿਸ ਨੂੰ ਥਾਪਿਆ ਨਾ ਜਾਏ। ਤ੍ਰਿ=ਤਿੰਨ ਲੋਕ। ਮਾਨੇ=ਸਤਿਕਾਰ। ਨਿਧਾਨੇ=ਖਜ਼ਾਨਾ।

ਹੇ ਅਕਾਲ ਪੁਰਖ ! ਤੈਨੂੰ ਪ੍ਰਣਾਮ ਹੈ। ਤੂੰ ਸੰਤਾਪ ਰਹਿਤ ਹੈ ਅਤੇ ਥਾਪਿਆ ਨਹੀਂ ਜਾਂਦਾ ਭਾਵ ਮੂਰਤੀ ਵਾਂਗੂੰ ਥਾਪਿਆ ਨਹੀਂ ਜਾ ਸਕਦਾ ਤਿੰਨਾਂ ਲੋਕਾਂ ਦੇ ਜੀਵ ਤੇਰਾ ਮਾਣ (ਸਤਿਕਾਰ) ਕਰਦੇ ਹਨ, ਤੂੰ ਗੁਣਾਂ ਤੇ ਸੰਸਾਰ ਦੇ ਸਭ ਪਦਾਰਥਾਂ ਦਾ ਖਜ਼ਾਨਾ ਹੈਂ॥ ੧੩॥

**ਨਮਸਤੰ ਅਗਾਹੇ॥ ਨਮਸਤੰ ਅਬਾਹੇ॥ ਨਮਸਤੰ ਤ੍ਰਿਬਰਗੇ॥ ਨਮਸਤੰ ਅਸਰਗੇ॥ ੧੪॥**

ਪਦ ਅਰਥ - ਅਗਾਹੇ=ਅਥਾਹ। ਅਬਾਹੇ=ਅਹਿੱਲ। ਤ੍ਰਿਬਰਗੇ=ਤਿੰਨ ਪਦਾਰਥ (ਧਰਮ, ਅਰਥ ਤੇ ਕਾਮ)। ਅਸਰਗੇ=ਜਿਸ ਨੂੰ ਕੋਈ ਰਚ ਨਾ ਸਕੇ।

ਹੇ ਪਰਮਾਤਮਾ ! ਤੈਨੂੰ ਨਮਸ਼ਕਾਰ ਹੈ। ਤੂੰ ਅਥਾਹ ਤੇ ਅਗਾਧ ਹੈਂ ਭਾਵ ਤੇਰਾ ਕੋਈ ਥਾਹ ਨਹੀਂ ਪਾ ਸਕਦਾ, ਤੂੰ ਅਹਿੱਲ ਹੈਂ ਭਾਵ ਤੈਨੂੰ ਕੋਈ ਆਪਣੇ ਟਿਕਾਣੇ ਤੋਂ ਹਿਲਾ ਨਹੀਂ ਸਕਦਾ, ਤੂੰ ਦੁਨਿਆਵੀ ਲੋੜਾਂ ਦੇ ਤਿੰਨਾਂ ਗੁਣਾਂ ਦਾ ਦਾਤਾ ਹੈਂ ਤੇ ਉਤਪਤੀ ਤੋਂ ਰਹਿਤ ਹੈਂ ਭਾਵ ਤੈਨੂੰ ਕੋਈ ਉਤਪਤ ਨਹੀਂ ਕਰ ਸਕਦਾ॥ ੧੪॥

**ਨਮਸਤੰ ਪ੍ਰਭੋਗੇ॥ ਨਮਸਤੰ ਸੁਜੋਗੇ॥ ਨਮਸਤੰ ਅਰੰਗੇ॥ ਨਮਸਤੰ ਅਭੰਗੇ॥ ੧੫॥**

ਪਦ ਅਰਥ - ਪ੍ਰਭੋਗੇ=ਵਿਸ਼ੇਸ਼ ਭੋਗੀ। ਸੁਜੋਗੇ=ਸ੍ਰੇਸ਼ਟ ਜੋਗੀ। ਅਰੰਗੇ=ਬੇਰੰਗ। ਅਭੰਗੇ=ਅਵਿਨਾਸੀ।

ਹੇ ਪਰਮੇਸ਼ਰ ! ਤੈਨੂੰ ਨਮਸ਼ਕਾਰ ਹੈ। ਤੂੰ ਸੰਸਾਰ ਦੇ ਸਭ ਪਦਾਰਥਾਂ ਨੂੰ ਚੰਗੀ ਤਰ੍ਹਾਂ ਭੋਗਣ (ਮਾਨਣ) ਵਾਲਾ ਹੈਂ ਅਤੇ ਤੂੰ ਸ੍ਰੇਸ਼ਟ ਜੋਗੀ ਹੈ। ਤੇਰਾ ਕੋਈ ਇਕ ਖਾਸ ਰੰਗ ਨਹੀਂ ਭਾਵ ਸਭ ਰੰਗਾਂ ਵਿਚ ਤੂੰ ਹੀ ਹੈਂ ਅਤੇ ਅਵਿਨਾਸੀ (ਨਾਸ ਰਹਿਤ) ਹੈਂ॥੧੫॥

**ਨਮਸਤੰ ਅਗੰਮੇ॥ ਨਮਸਤਸਤੁ ਰੰਮੇ॥ ਨਮਸਤੰ ਜਲਾਸ੍ਰੇ॥ ਨਮਸਤੰ ਨਿਰਾਸ੍ਰੇ॥ ੧੬॥**

ਪਦ ਅਰਥ - ਅਗੰਮੇ=ਮਨ ਤੇ ਬੁਧੀ ਦੀ ਪਹੁੰਚ ਤੋਂ ਦੂਰ। ਰੰਮੇ=ਸੁੰਦਰ, ਸੋਹਣਾ। ਜਲਾਸ੍ਰੇ=ਸਮੁੰਦਰ। ਨਿਰਾਸ੍ਰੇ=ਜਿਸ ਨੂੰ ਕਿਸੇ ਦੇ ਆਸਰੇ ਦੀ ਲੋੜ ਨਾ ਹੋਵੇ।

ਹੇ ਪ੍ਰਭੂ ! ਤੈਨੂੰ ਨਮਸ਼ਕਾਰ ਹੈ। ਤੂੰ ਸੰਸਾਰੀ ਜੀਵਾਂ ਦੇ ਮਨ ਤੇ ਬੁਧੀ ਦੀ ਪਹੁੰਚ ਤੋਂ ਪਰੇ ਹੈਂ, ਹੇ ਸੁੰਦਰ ਤੇ ਮਨੋਹਰ ਸਰੂਪ ਵਾਹਿਗੁਰੂ ! ਤੈਨੂੰ ਨਮਸ਼ਕਾਰ ਹੈ। ਤੂੰ ਅਥਾਹ ਸਮੁੰਦਰ ਵਾਂਗੂੰ ਡੂੰਘਾ ਹੈਂ ਤੇ ਤੈਨੂੰ ਕਿਸੇ ਦੇ ਆਸਰੇ ਦੀ ਲੋੜ ਨਹੀਂ॥੧੬॥

**ਨਮਸਤੰ ਅਜਾਤੇ॥ ਨਮਸਤੰ ਅਪਾਤੇ॥ ਨਮਸਤੰ ਅਮਜਬੇ॥ਨਮਸਤੱਸਤੁ ਅਜਬੇ॥ ੧੭॥**

ਪਦ ਅਰਥ - ਅਜਾਤੇ=ਜਾਤ ਰਹਿਤ। ਅਪਾਤੇ=ਕੁਲ ਰਹਿਤ। ਅਮਜਬੇ=ਜਿਸ ਦਾ ਕੋਈ ਖਾਸ ਮਤ (ਧਰਮ) ਨਾ ਹੋਵੇ। ਅਜਬੇ=ਅਸਚਰਜ।

ਹੇ ਪਰਮਾਤਮਾ ! ਤੈਨੂੰ ਨਮਸ਼ਕਾਰ ਹੈ। ਤੇਰੀ ਕੋਈ ਜਾਤ ਨਹੀਂ ਤੇ ਨਾ ਹੀ ਤੇਰੀ ਕੋਈ ਖਾਸ ਗੋਤ ਹੈ। ਤੇਰਾ ਕੋਈ ਖਾਸ ਮਤ (ਧਰਮ) ਵੀ ਨਹੀਂ ਅਤੇ ਤੇਰਾ ਸਰੂਪ ਅਸਚਰਜ ਹੈ॥੧੭॥

**ਅਦੇਸੰ ਅਦੇਸੇ॥ ਨਮਸਤੰ ਅਭੇਸੇ॥ ਨਮਸਤੰ ਨ੍ਰਿਧਾਮੇ॥ ਨਮਸਤੰ ਨ੍ਰਿਬਾਮੇ॥ ੧੮॥**

ਪਦ ਅਰਥ - ਅਦੇਸੰ=ਨਮਸ਼ਕਾਰ। ਅਦੇਸੇ=ਜਿਸ ਦਾ ਕੋਈ ਦੇਸ ਨਹੀਂ। ਨ੍ਰਿਬਾਮੇ=ਇਸਤਰੀ ਤੋਂ ਬਿਨਾਂ ਪੈਦਾ ਹੋਇਆ।

ਹੇ ਅਕਾਲ ਪੁਰਖ ! ਤੈਨੂੰ ਸਾਡੀ ਨਮਸ਼ਕਾਰ ਹੈ। ਤੇਰਾ ਕੋਈ ਖਾਸ ਦੇਸ ਨਹੀਂ ਅਤੇ ਨਾ ਹੀ ਤੇਰਾ ਕੋਈ ਖਾਸ ਭੇਸ (ਲਿਬਾਸ-ਪਹਿਰਾਵਾ) ਹੈ। ਤੇਰਾ ਕੋਈ ਖਾਸ ਘਰ ਨਹੀਂ। ਤੂੰ ਸਰਬ ਵਿਆਪਕ ਹੈਂ ਤੇ ਤੈਨੂੰ ਕਿਸੇ ਇਸਤਰੀ ਨੇ ਨਹੀਂ ਜਨਮਿਆਂ ਭਾਵ ਤੂੰ ਆਪਣੇ ਆਪ ਤੂੰ ਹੀ ਉਪਜਿਆ ਹੈ॥੧੮॥

**ਨਮੋ ਸਰਬ ਕਾਲੇ॥ ਨਮੋ ਸਰਬ ਦਯਾਲੇ॥ ਨਮੋ ਸਰਬ ਰੂਪੇ॥ ਨਮੋ ਸਰਬ ਭੂਪੇ॥ ੧੯॥**

ਪਦ ਅਰਥ - ਕਾਲੇ=ਨਾਸ ਕਰਤਾ। ਦਿਆਲੇ=ਦਿਆਲੂ। ਭੂਪੇ-ਰਾਜਾ।

ਹੇ ਵਾਹਿਗੁਰੂ ! ਸਾਡੀ ਤੈਨੂੰ ਨਮਸ਼ਕਾਰ ਹੈ। ਤੂੰ ਸੰਸਾਰ ਦੇ ਸਭ ਜੀਵਾਂ ਨੂੰ ਨਾਸ਼ ਕਰਨ ਵਾਲਾ ਹੈਂ, ਤੂੰ ਸਭ ਜੀਵਾਂ ਤੇ ਦਇਆ ਕਰਨ ਵਾਲਾ ਦਿਆਲੂ ਹੈਂ, ਤੂੰ ਸਭ ਦਾ ਰੂਪ ਹੈਂ ਭਾਵ ਸੰਸਾਰ ਵਿਚ ਜਿੰਨੇ ਰੂਪ ਦਿੱਸਦੇ ਹਨ, ਇਹ ਸਭ ਤੇਰੇ ਹੀ ਰੂਪ ਹਨ, ਤੂੰ ਸੰਸਾਰ ਦੇ ਸਭ ਜੀਵਾਂ ਦਾ ਭੂਪ (ਬਾਦਸ਼ਾਹ) ਹੈਂ॥੧੯॥

**ਨਮੋ ਸਰਬ ਖਾਪੇ॥ ਨਮੋ ਸਰਬ ਥਾਪੇ॥ ਨਮੋ ਸਰਬ ਕਾਲੇ॥ ਨਮੋ ਸਰਬ ਪਾਲੇ॥ ੨੦॥**

ਪਦ ਅਰਥ - ਖਾਪੇ=ਨਾਸ ਕਰਨ ਵਾਲਾ। ਥਾਪੇ=ਥਾਪਣ ਵਾਲਾ, ਆਸਰਾ ਦੇਣ ਵਾਲਾ। ਪਾਲੇ=ਪਾਲਣਾ ਕਰਨ ਵਾਲਾ।

ਹੇ ਸਭ ਜੀਵਾਂ ਦੇ ਨਾਸ ਕਰਨ ਵਾਲੇ, ਸਭ ਜੀਵਾਂ ਨੂੰ ਆਸਰਾ ਦੇਣ ਵਾਲੇ ਪ੍ਰਭੂ! ਤੈਨੂੰ ਨਮਸ਼ਕਾਰ ਹੈ। ਹੇ ਸਭ ਜੀਵਾਂ ਨੂੰ ਨਾਸ ਕਰਨ ਵਾਲੇ ਤੇ ਸਭ ਦੇ ਪਾਲਣਹਾਰ ਪਰਮਾਤਮਾ ਤੈਨੂੰ ਨਮਸ਼ਕਾਰ ਹੈ॥੨੦॥

**ਨਮਸਤੱਸਤੁ ਦੇਵੈ॥ ਨਮਸਤੰ ਅਭੇਵੈ॥ ਨਮਸਤੰ ਅਜਨਮੇ॥ ਨਮਸਤੰ ਸੁਬਨਮੇ॥ ੨੧॥**

ਪਦ ਅਰਥ - ਦੇਵੈ=ਪੂਜਣ ਯੋਗੁ ਪ੍ਰਕਾਸ਼ ਰੂਪ। ਅਭੇਵੈ=ਜਿਸ ਦਾ ਭੇਤ ਨਾ ਪਾਇਆ ਜਾ ਸਕੇ। ਅਜਨਮੇ=ਜਨਮ ਰਹਿਤ। ਸੁਬਨਮੇ=ਸੁੰਦਰ ਰੂਪ ਵਾਲਾ।

ਹੇ ਪੂਜਣ ਯੋਗ ਤੇ ਪ੍ਰਕਾਸ਼ ਰੂਪ ਵਾਹਿਗੁਰੂ ! ਤੈਨੂੰ ਨਮਸ਼ਕਾਰ ਹੈ। ਤੇਰਾ ਭੇਤ ਕਿਸੇ ਨੇ ਨਹੀਂ ਪਾਇਆ। ਹੇ ਜਨਮ ਰਹਿਤ ਤੇ ਸੁੰਦਰ ਸਰੂਪ ਪ੍ਰਭੂ ! ਤੈਨੂੰ ਨਮਸ਼ਕਾਰ ਹੈ॥੨੧॥

**ਨਮੋ ਸਰਬ ਗਉਨੇ॥ ਨਮੋ ਸਰਬ ਭਉਨੇ॥ ਨਮੋ ਸਰਬ ਰੰਗੇ॥ ਨਮੋ ਸਰਬ ਭੰਗੇ॥ ੨੨॥**

ਪਦ ਅਰਥ - ਗਉਨੇ=ਪਹੁੰਚ। ਭਉਨੇ=ਭਵਨ, ਅਸਥਾਨ। ਭੰਗੇ=ਨਾਸ ਕਰਤਾ।

ਹੇ ਅਕਾਲ ਪੁਰਖ ! ਤੈਨੂੰ ਨਮਸ਼ਕਾਰ ਹੈ। ਤੇਰੀ ਪਹੁੰਚ ਸਭ ਜੀਵਾਂ ਤਕ ਹੈ। ਤੂੰ ਸਭ ਜੀਵਾਂ ਦਾ ਨਿਵਾਸ-ਅਸਥਾਨ ਹੈਂ ਭਾਵ ਸਭ ਜੀਵ ਤੇਰੇ ਬਣਾਏ ਲੋਕਾਂ ਵਿਚ ਵਸਦੇ ਹਨ। ਹੇ ਸਭ ਰੰਗਾਂ ਵਿਚ ਵਰਤ ਰਹੇ ਪ੍ਰਭੂ ! ਤੈਨੂੰ ਨਮਸ਼ਕਾਰ ਹੈ। ਤੂੰ ਸਭ ਸੰਸਾਰ ਨੂੰ ਨਾਸ ਕਰਨ ਵਾਲਾ ਹੈਂ॥੨੨॥

**ਨਮੋ ਕਾਲ ਕਾਲੇ॥ ਨਮਸਤਸੱਤੁ ਦਜਾਲੇ॥ ਨਮਸਤੰ ਅਬਰਨੇ॥ ਨਮਸਤੰ ਅਮਰਨੇ॥ ੨੩॥**

ਪਦ ਅਰਥ - ਕਾਲ ਕਾਲੇ=ਮੌਤ ਦੀ ਮੌਤ। ਅਬਰਨੇ=ਜਿਸ ਦਾ ਕੋਈ ਰੰਗ ਨਾ ਹੋਵੇ। ਅਮਰਨੇ=ਮੌਤ ਰਹਿਤ।

ਹੇ ਪ੍ਰਭੂ ! ਤੈਨੂੰ ਨਮਸ਼ਕਾਰ ਹੈ। ਤੂੰ ਮੌਤ ਦੀ ਮੌਤ ਹੈਂ ਭਾਵ ਮੌਤ ਵੀ ਤੇਰੇ ਅਧੀਨ ਹੈ, ਤੂੰ ਸਭ ਜੀਵਾਂ ਤੇ ਦਇਆ ਕਰਨ ਵਾਲਾ ਹੈਂ। ਤੇਰਾ ਕੋਈ ਇਕ ਖਾਸ ਰੰਗ ਨਹੀਂ ਭਾਵ ਤੂੰ ਸਭ ਰੰਗਾਂ ਵਿਚ ਵਿਆਪਕ ਹੈਂ ਅਤੇ ਤੈਨੂੰ ਮੌਤ ਵੀ ਨਹੀਂ ਮਾਰ ਸਕਦੀ, ਤੂੰ ਅਮਰ ਹੈਂ॥੨੩॥

**ਨਮਸਤੰ ਜਰਾਰੰ॥ ਨਮਸਤੰ ਕ੍ਰਿਤਾਰੰ॥ ਨਮੋ ਸਰਬ ਧੰਧੇ॥ ਨਮੋ ਸਤ ਅਬੰਧੇ॥ ੨੪॥**

ਪਦ ਅਰਥ - ਜਰਾਰੰ=ਬੁਢਾਪੇ ਦਾ ਵੈਰੀ। ਕ੍ਰਿਤਾਰੰ=ਕਰਤਾ, ਕਰਤਾਰ। ਧੰਧੇ=ਸਭ ਕਾਰ ਵਿਹਾਰ ਚਲਾਉਣ ਵਾਲਾ। ਸਤ ਅਬੰਧੇ=ਬੰਧਨ ਰਹਿਤ।

ਹੇ ਬੁਢਾਪੇ ਦੇ ਵੈਰੀ ਤੇ ਸਭ ਸ੍ਰਿਸ਼ਟੀ ਦੇ ਕਰਨਹਾਰ ਅਕਾਲ ਪੁਰਖ ! ਤੈਨੂੰ ਨਮਸ਼ਕਾਰ ਹੈ। ਤੂੰ ਦੁਨੀਆਂ ਦੇ ਸਭ ਧੰਧੇ (ਕਾਰ ਵਿਹਾਰ) ਚਲਾਉਣ ਵਾਲਾ ਹੈਂ ਤੇ ਹੋਂਦ ਵਾਲਾ ਤੇ ਸਭ ਬੰਧਨਾਂ ਤੋਂ ਰਹਿਤ ਹੈਂ॥੨੪॥

**ਨਮਸਤੰ ਨ੍ਰਿਸਾਕੇ॥ ਨਮਸਤੰ ਨ੍ਰਿਬਾਕੇ॥ ਨਮਸਤੰ ਰਹੀਮੇ॥ ਨਮਸਤੰ ਕਰੀਮੇ॥ ੨੫॥**

ਪਦ ਅਰਥ - ਨ੍ਰਿਸਾਕੇ=ਨਿਰ-ਸਾਕ, ਜਿਸ ਦਾ ਕੋਈ ਰਿਸ਼ਤੇਦਾਰ ਨਹੀਂ। ਨ੍ਰਿਬਾਕੇ=ਬੇ ਡਰ, ਨਿਰਭੈ। ਰਹੀਮੇ=ਮਿਹਰ ਕਰਨ ਵਾਲਾ। ਕਰੀਮ=ਬਖਸ਼ਿਸ਼ਾਂ ਕਰਨ ਵਾਲਾ।

ਹੇ ਕਰਤਾ ਪੁਰਖ ! ਤੈਨੂੰ ਨਮਸ਼ਕਾਰ ਹੈ। ਤੂੰ ਨਿਰ-ਸਾਕ ਹੈਂ ਭਾਵ ਤੇਰਾ ਕੋਈ ਸੰਬੰਧੀ-ਰਿਸ਼ਤੇਦਾਰ ਨਹੀਂ, ਤੂੰ ਬੇਖੌਫ (ਨਿਰਭੈ) ਹੈਂ। ਹੇ ਮਿਹਰਵਾਨ ਤੇ ਬਖਸ਼ਸ਼ਾਂ ਕਰਨ ਵਾਲੇ ਵਾਹਿਗੁਰੂ ਤੈਨੂੰ ਨਮਸ਼ਕਾਰ ਹੈ॥ ੨੫॥

**ਨਮਸਤੰ ਅਨੰਤੇ॥ ਨਮਸਤੰ ਮਹੰਤੇ॥ ਨਮਸਤਸੱਤੁ ਰਾਗੇ॥ ਨਮਸਤੰ ਸੁਹਾਗੇ॥ ੨੬॥**

ਪਦ ਅਰਥ - ਅਨੰਤੇ=ਬੇਅੰਤ, ਜਿਸ ਦਾ ਕੋਈ ਅੰਤ ਨਹੀਂ ਪਾ ਸਕਦਾ। ਮਹੰਤੇ=ਸਭ ਤੋਂ ਵੱਡਾ। ਰਾਗੇ=ਪ੍ਰੇਮ। ਸੁਹਾਗੇ=ਚੰਗੇ ਭਾਗਾਂ ਵਾਲਾ, ਅਨੰਦ ਸਰੂਪ।

ਹੇ ਬੇਅੰਤ ਤੇ ਸਭ ਤੋਂ ਵੱਡੇ ਪ੍ਰਭੂ ! ਤੈਨੂੰ ਨਮਸ਼ਕਾਰ ਹੈ। ਤੂੰ ਪ੍ਰੇਮ-ਸਰੂਪ, ਚੰਗੇ ਭਾਗਾਂ ਵਾਲਾ ਤੇ ਅਨੰਦ ਸਰੂਪ ਹੈਂ॥ ੨੬॥

**ਨਮੋ ਸਰਬ ਸੋਖੰ॥ ਨਮੋ ਸਰਬ ਪੋਖੰ॥ ਨਮੋ ਸਰਬ ਕਰਤਾ॥ ਨਮੋ ਸਰਬ ਹਰਤਾ॥ ੨੭॥**

ਪਦ ਅਰਥ - ਸੋਖੰ=ਨਾਸ ਕਰਨ ਵਾਲਾ। ਪੋਖੰ=ਪਾਲਣਾ ਕਰਨ ਵਾਲਾ। ਕਰਤਾ=ਕਰਨਹਾਰ। ਹਰਤਾ=ਨਾਸ ਕਰਨ ਵਾਲਾ।

ਹੇ ਸਭ ਜੀਵਾਂ ਦੇ ਨਾਸ ਕਰਨ ਵਾਲੇ ਤੇ ਸਭ ਸ੍ਰਿਸ਼ਟੀ ਦੇ ਪਾਲਣਹਾਰ ਪਰਮਾਤਮਾ! ਤੈਨੂੰ ਨਮਸ਼ਕਾਰ ਹੈ। ਤੂੰ ਸਭ ਸੰਸਾਰ ਦਾ ਕਰਤਾ (ਰਚਨਹਾਰ) ਹੈਂ ਤੇ ਸਭ ਜੀਵਾਂ ਦਾ ਹਰਤਾ ਭਾਵ ਨਾਸ ਕਰਨ ਵਾਲਾ ਹੈਂ॥ ੨੭॥

**ਨਮੋ ਜੋਗ ਜੋਗੇ॥ ਨਮੋ ਭੋਗ ਭੋਗੇ॥ ਨਮੋ ਸਰਬ ਦਜਾਲੇ॥ ਨਮੋ ਸਰਬ ਪਾਲੇ॥ ੨੮॥**

ਪਦ ਅਰਥ - ਜੋਗੇ=ਜੋਗੀ। ਭੋਗੇ=ਭੋਗੀ।

ਹੇ ਜੋਗੀਆਂ ਦੇ ਜੋਗੀ ! ਹੇ ਭੋਗੀਆਂ ਦੇ ਭੋਗੀ ਪ੍ਰਭੂ ! ਤੈਨੂੰ ਨਮਸ਼ਕਾਰ ਹੈ। ਤੂੰ ਸਭ ਜੀਵਾਂ ਉੱਤੇ ਦਇਆ ਕਰਨ ਵਾਲਾ ਤੇ ਸਭ ਸੰਸਾਰ ਦਾ ਪਾਲਣਹਾਰ ਹੈਂ॥ ੨੮॥

**ਚਾਚਰੀ ਛੰਦ॥ ਤ੍ਵਪ੍ਰਸਾਦਿ॥ ਅਰੂਪ ਹੈਂ॥ ਅਨੂਪ ਹੈਂ॥ ਅਜੂ ਹੈਂ॥ ਅਭੂ ਹੈਂ॥ ੨੯॥**

ਪਦ ਅਰਥ - ਅਨੂਪ=ਉਪਮਾ ਰਹਿਤ। ਲਾਸਾਨੀ। ਅਜੂ=ਅਚੱਲ। ਅਭੂ=ਜਨਮ ਰਹਿਤ।

ਹੇ ਕਰਤਾਰ ! ਤੇਰਾ ਕੋਈ ਖਾਸ ਇਕ ਰੰਗ ਨਹੀਂ ਤੇ ਤੂੰ ਲਾਸਾਨੀ ਹੈਂ ਭਾਵ ਤੇਰੇ ਬਰਾਬਰ ਹੋਰ ਕੋਈ ਨਹੀਂ। ਤੂੰ ਅਚੱਲ ਅਤੇ ਜਨਮ ਰਹਿਤ ਹੈ, ਭਾਵ ਤੂੰ ਜਨਮ ਮਰਨ ਦੇ ਚੱਕਰ ਤੋਂ ਬਾਹਰ ਹੈ॥ ੨੯॥

## ਅਲੇਖ ਹੈਂ॥ ਅਭੇਖ ਹੈਂ॥ ਅਨਾਮ ਹੈਂ॥ ਅਕਾਮ ਹੈਂ॥ ੩੦॥

ਪਦ ਅਰਥ - ਅਲੇਖ=ਜਿਸ ਬਾਰੇ ਕੁਛ ਲਿਖਿਆ ਨਹੀਂ ਜਾ ਸਕਦਾ। ਅਭੇਖ=ਭੇਖ (ਲਿਬਾਸ) ਰਹਿਤ। ਅਕਾਮ=ਇੱਛਿਆ ਰਹਿਤ।

ਹੇ ਅਕਾਲ ਪੁਰਖ ! ਤੂੰ ਅਲੇਖ ਹੈਂ ਭਾਵ ਤੇਰੇ ਬਾਰੇ ਕੋਈ ਕੁਛ ਲਿਖ ਨਹੀਂ ਸਕਦਾ ਤੇ ਤੇਰਾ ਕੋਈ ਖਾਸ ਪਹਿਰਾਵਾ (ਪੁਸ਼ਾਕ) ਨਹੀਂ। ਤੇਰਾ ਕੋਈ ਖਾਸ ਇਕ ਨਾਮ ਨਹੀਂ ਭਾਵ ਸਭ ਨਾਮ ਤੇਰੇ ਹਨ ਅਤੇ ਤੂੰ ਇੱਛਿਆ ਤੋਂ ਰਹਿਤ ਹੈਂ॥ ੩੦॥

## ਅਧੇਯ ਹੈਂ॥ ਅਭੇਯ ਹੈਂ॥ ਅਜੀਤ ਹੈਂ॥ ਅਭੀਤ ਹੈਂ॥ ੩੧॥

ਪਦ ਅਰਥ - ਅਧੇਯ=ਮਨੁੱਖੀ ਸੋਚ ਤੋਂ ਪਰ੍ਹੇ। ਅਭੇਯ=ਭੇਦ ਰਹਿਤ। ਅਜੀਤ=ਅਜਿੱਤ। ਅਭੀਤ=ਨਿਰਭੈ।

ਹੇ ਕਰਨਹਾਰ ਪ੍ਰਭੂ ! ਤੂੰ ਮਨੁੱਖੀ ਸੋਚ ਤੋਂ ਉਪਰ ਹੈਂ ਭਾਵ ਕੋਈ ਮਨੁੱਖ ਆਪਣੀ ਸੋਚ ਨਾਲ ਤੈਨੂੰ ਨਹੀਂ ਜਾਣ ਸਕਦਾ, ਤੂੰ ਭੇਦ-ਰਹਿਤ ਹੈਂ ਭਾਵ ਤੇਰੇ ਭੇਤ ਨੂੰ ਕੋਈ ਨਹੀਂ ਜਾਣ ਸਕਦਾ। ਤੈਨੂੰ ਕੋਈ ਜਿੱਤ ਨਹੀਂ ਸਕਦਾ ਅਤੇ ਤੂੰ ਨਿਰਭੈ ਹੈਂ ਭਾਵ ਤੈਨੂੰ ਕੋਈ ਡਰਾ ਨਹੀਂ ਸਕਦਾ॥ ੩੧॥

## ਤ੍ਰਿਮਾਨ ਹੈਂ॥ ਨਿਧਾਨ ਹੈਂ॥ ਤ੍ਰਿਬਰਗ ਹੈਂ॥ ਅਸਰਗ ਹੈਂ॥ ੩੨॥

ਪਦ ਅਰਥ - ਨਿਧਾਨ=ਖਜ਼ਾਨਾ। ਅਸਰਗ=ਜਨਮ ਰਹਿਤ।

ਹੇ ਅਕਾਲ ਪੁਰਖ ! ਤਿੰਨਾਂ ਲੋਕਾਂ (ਅਕਾਸ਼, ਪਤਾਲ ਤੇ ਮਾਤਲੋਕ) ਦੇ ਜੀਵ ਤੇਰਾ ਸਤਿਕਾਰ ਕਰਦੇ ਹਨ ਤੇ ਤੇਰੇ ਅਗੇ ਨਿਉਂਦੇ ਹਨ। ਤੂੰ ਸਭ ਸ਼ੁਭ ਗੁਣਾਂ ਦਾ ਖਜ਼ਾਨਾ ਹੈਂ। ਤੇਰੇ ਤਿੰਨ ਰੂਪ ਹਨ ਅਤੇ ਤੂੰ ਜਨਮ ਰਹਿਤ ਹੈਂ ਭਾਵ ਤੈਨੂੰ ਕਿਸੇ ਨੇ ਪੈਦਾ ਨਹੀਂ ਕੀਤਾ॥ ੩੨॥

## ਅਨੀਲ ਹੈਂ॥ ਅਨਾਦਿ ਹੈਂ॥ ਅਜੇਯ ਹੈਂ॥ ਅਜਾਦਿ ਹੈਂ॥ ੩੩॥

ਪਦ ਅਰਥ - ਅਨੀਲ=ਰੂਪ-ਰੰਗ ਰਹਿਤ। ਅਜੇਯ=ਅਜਿੱਤ। ਅਜਾਦਿ=ਸੁਤੰਤਰ।

ਹੇ ਪਰਮਾਤਮਾ ! ਤੇਰਾ ਕੋਈ ਰੂਪ ਰੰਗ ਨਹੀਂ, ਤੇਰਾ ਕੋਈ ਆਦਿ ਨਹੀਂ ਭਾਵ ਤੇਰੇ ਅਰੰਭ ਬਾਰੇ ਕੋਈ ਨਹੀਂ ਜਾਣ ਸਕਦਾ। ਤੂੰ ਅਜਿੱਤ ਹੈਂ ਤੇ ਤੂੰ ਬੰਧਨ-ਰਹਿਤ ਹੈਂ॥ ੩੩॥

## ਅਜਨਮ ਹੈਂ॥ ਅਬਰਨ ਹੈਂ॥ ਅਭੂਤ ਹੈਂ॥ ਅਭਰਨ ਹੈਂ॥ ੩੪॥

ਪਦ ਅਰਥ - ਅਜਨਮ=ਜਨਮ ਰਹਿਤ। ਅਬਰਨ=ਰੰਗ ਰਹਿਤ। ਅਭੂਤ=ਤੱਤਾਂ ਤੋਂ ਬਿਨਾਂ। ਅਭਰਨ=ਜੋ ਆਪਣੀ ਪਾਲਣਾ ਲਈ ਕਿਸੇ ਦਾ ਆਸਰਾ ਨਹੀਂ ਢੂੰਡਦਾ।

ਹੇ ਵਾਹਿਗੁਰੂ ! ਤੂੰ ਜਨਮ-ਰਹਿਤ ਹੈਂ ਭਾਵ ਤੇਰਾ ਜਨਮ ਨਹੀਂ ਹੁੰਦਾ, ਤੂੰ ਵਰਨ ਰਹਿਤ ਹੈਂ ਭਾਵ ਤੇਰਾ ਖੱਤਰੀ, ਬ੍ਰਾਹਮਣ, ਵੈਸ਼ ਤੇ ਸ਼ੂਦਰ ਆਦਿ ਕੋਈ ਵਰਨ ਨਹੀਂ। ਤੂੰ ਪੰਜਾਂ ਤੱਤਾਂ ਤੋਂ

ਬਾਹਰ ਹੈਂ ਤੇ ਆਪਣੀ ਪਾਲਣਾ ਲਈ ਕਿਸੇ ਦਾ ਆਸਰਾ ਨਹੀਂ ਭਾਲਦਾ॥ ੩੪॥

## ਅਗੰਜ ਹੈਂ॥ ਅਭੰਜ ਹੈਂ॥ ਅਝੂਝ ਹੈਂ॥ ਅਝੰਝ ਹੈਂ॥ ੩੫॥

ਪਦ ਅਰਥ - ਅਗੰਜ=ਅਜਿੱਤ। ਅਭੰਜ=ਜਿਸ ਨੂੰ ਤੋੜਿਆ ਨਾ ਜਾ ਸਕੇ। ਅਝੂਝ=ਜਿਸ ਨਾਲ ਕੋਈ ਲੜ ਨਾ ਸਕੇ। ਅਝੰਝ=ਜੋ ਝਗੜਿਆਂ ਤੋਂ ਰਹਿਤ ਹੋਵੇ।

ਹੇ ਕਰਤਾ ਪੁਰਖ ! ਤੈਨੂੰ ਕੋਈ ਜਿੱਤ ਨਹੀਂ ਸਕਦਾ, ਤੂੰ ਅਭੰਜ ਹੈਂ ਭਾਵ ਤੈਨੂੰ ਕੋਈ ਤੋੜ ਭੰਨ ਨਹੀਂ ਸਕਦਾ ! ਤੇਰੇ ਨਾਲ ਕੋਈ ਜੰਗ ਨਹੀਂ ਕਰ ਸਕਦਾ ਭਾਵ ਤੂੰ ਲੜਾਈ ਰਹਿਤ ਹੈਂ ਅਤੇ ਨਾ ਹੀ ਝਗੜਿਆਂ ਝਾਂਜਿਆਂ ਵਿਚ ਫਸਦਾ ਹੈਂ॥ ੩੫॥

## ਅਮੀਕ ਹੈਂ॥ ਰਫ਼ੀਕ ਹੈਂ॥ ਅਧੰਧ ਹੈਂ॥ ਅਬੰਧ ਹੈਂ॥ ੩੬॥

ਪਦ ਅਰਥ - ਅਮੀਕ=ਅਥਾਹ। ਰਫ਼ੀਕ=ਮਿੱਤਰ। ਅਧੰਧ=ਧੰਧਿਆਂ ਤੋਂ ਰਹਿਤ। ਅਬੰਧ=ਬੰਧਨ ਰਹਿਤ।

ਹੇ ਪ੍ਰਭੂ ! ਤੂੰ ਸਮੁੰਦਰ ਵਾਂਗੂੰ ਡੂੰਘਾ ਤੇ ਅਥਾਹ ਹੈਂ, ਭਾਵ ਤੇਰਾ ਕੋਈ ਥਾਹ ਨਹੀਂ ਪਾ ਸਕਦਾ। ਤੂੰ ਸਭ ਜੀਵਾਂ ਦਾ ਸਾਥੀ ਤੇ ਮਿੱਤਰ ਹੈਂ। ਤੂੰ ਸੰਸਾਰ ਦੇ ਧੰਧਿਆਂ ਵਿਚ ਨਹੀਂ ਫਸਦਾ ਤੇ ਤੂੰ ਕਿਸੇ ਬੰਧਨ ਵਿਚ ਨਹੀਂ ਪੈਂਦਾ॥ ੩੬॥

## ਨ੍ਰਿਬੂਝ ਹੈਂ॥ ਅਸੂਝ ਹੈਂ॥ ਅਕਾਲ ਹੈਂ॥ ਅਜਾਲ ਹੈਂ॥ ੩੭॥

ਪਦ ਅਰਥ - ਨ੍ਰਿਬੂਝ=ਜਿਸ ਨੂੰ ਜਾਣਿਆਂ ਨਾ ਜਾ ਸਕੇ। ਅਸੂਝ=ਮਨੁੱਖੀ ਸਮਝ ਤੋਂ ਪਰੇ। ਅਕਾਲ=ਮੌਤ ਰਹਿਤ। ਅਜਾਲ=ਬੰਧਨ ਰਹਿਤ।

ਹੇ ਪਰਮ ਪੁਰਖ ! ਤੈਨੂੰ ਕੋਈ ਜਾਣ ਨਹੀਂ ਸਕਦਾ। ਤੂੰ ਮਨੁੱਖੀ ਸਮਝ ਤੋਂ ਉਪਰ ਹੈਂ। ਤੈਨੂੰ ਕਾਲ ਮਾਰ ਨਹੀਂ ਸਕਦਾ ਤੇ ਤੂੰ ਮਾਇਆ ਦੇ ਜਾਲ ਵਿਚ ਨਹੀਂ ਫਸਦਾ॥ ੩੭॥

## ਅਲਾਹ ਹੈਂ॥ ਅਜਾਹ ਹੈਂ॥ ਅਨੰਤ ਹੈਂ॥ ਮਹੰਤ ਹੈਂ॥ ੩੮॥

ਪਦ ਅਰਥ - ਅਲਾਹ=ਅਲੱਖ। ਅਜਾਹ=ਜਗ੍ਹਾ ਰਹਿਤ। ਅਨੰਤ=ਬੇਅੰਤ। ਮਹੰਤ=ਸਭ ਤੋਂ ਵੱਡਾ।

ਹੇ ਪਰਮਾਤਮਾ ! ਤੈਨੂੰ ਕੋਈ ਕਿਸੇ ਥਾਂ ਤੋਂ ਵੀ ਨਹੀਂ ਲਭ ਸਕਦਾ। ਤੇਰਾ ਕੋਈ ਇਕ ਖਾਸ ਟਿਕਾਣਾ ਨਹੀਂ ਹੈ। ਤੂੰ ਬੇਅੰਤ ਹੈਂ, ਤੇਰਾ ਅੰਤ ਕੋਈ ਨਹੀਂ ਜਾਣ ਸਕਦਾ ਤੇ ਤੂੰ ਸਭ ਤੋਂ ਵੱਡਾ ਹੈਂ॥ ੩੮॥

## ਅਲੀਕ ਹੈਂ॥ ਨ੍ਰਿਸ੍ਰੀਕ ਹੈਂ॥ ਨ੍ਰਿਲੰਭ ਹੈਂ॥ ਅਸੰਭ ਹੈਂ॥ ੩੯॥

ਪਦ ਅਰਥ - ਅਲੀਕ=ਬੇਹੱਦ। ਨ੍ਰਿਸ੍ਰੀਕ=ਜਿਸਦਾ ਕੋਈ ਸਰੀਕ ਨਾ ਹੋਵੇ। ਨ੍ਰਿਲੰਭ=ਜਿਸ ਨੂੰ ਕਿਸੇ ਆਸਰੇ ਦੀ ਲੋੜ ਨਾ ਹੋਵੇ। ਅਸੰਭ=ਵਿਚਾਰ ਤੋਂ ਬਾਹਰ।

ਹੇ ਅਕਾਲ ਪੁਰਖ ! ਤੂੰ ਬੇਹੱਦ ਹੈਂ ਭਾਵ ਤੇਰੀ ਕੋਈ ਸੀਮਾ ਨਹੀਂ ਤੇ ਤੇਰਾ ਕੋਈ ਸ਼ਰੀਕ

ਨਹੀਂ ਭਾਵ ਤੂੰ ਕਿਸੇ ਨਾਲ ਸ਼ਰੀਕਾ ਨਹੀਂ ਕਰਦਾ। ਤੈਨੂੰ ਕਿਸੇ ਦੇ ਆਸਰੇ ਜਾਂ ਸਹਾਰੇ ਦੀ ਜ਼ਰੂਰਤ ਨਹੀਂ ਤੇ ਤੂੰ ਮਨੁੱਖੀ ਵਿਚਾਰ ਤੋਂ ਬਾਹਰ ਹੈਂ॥ ੩੯॥

## ਅਗੰਮ ਹੈਂ॥ ਅਜੰਮ ਹੈਂ॥ ਅਭੂਤ ਹੈਂ॥ ਅਛੂਤ ਹੈਂ॥ ੪੦॥

ਪਦ ਅਰਥ - ਅਗੰਮ=ਪਹੁੰਚ ਤੋਂ ਪਰੇ। ਅਜੰਮ=ਜਨਮ ਰਹਿਤ। ਅਭੂਤ=ਤੱਤ ਰਹਿਤ। ਅਛੂਤ=ਅਛੋਹ।

ਹੇ ਅਕਾਲ ਪੁਰਖ ! ਤੂੰ ਮਨੁੱਖੀ ਪਹੁੰਚ ਤੋਂ ਪਰ੍ਹੇ ਹੈਂ। ਤੂੰ ਜਨਮ ਨਹੀਂ ਲੈਂਦਾ। ਤੇਰੀ ਹਸਤੀ ਸੰਸਾਰ ਦੇ ਪੰਜਾਂ ਤੱਤਾਂ ਤੋਂ ਬਾਹਰ ਹੈ। ਸੰਸਾਰ ਦਾ ਕੋਈ ਜੀਵ ਤੈਨੂੰ ਛੋਹ ਨਹੀਂ ਸਕਦਾ॥ ੪੦॥

## ਅਲੋਕ ਹੈਂ॥ ਅਸੋਕ ਹੈਂ॥ ਅਕ੍ਰਮ ਹੈਂ॥ ਅਭ੍ਰਮ ਹੈਂ॥ ੪੧॥

ਪਦ ਅਰਥ - ਅਲੋਕ=ਅਦਿੱਖ। ਅਸ਼ੋਕ=ਸੋਗ ਰਹਿਤ।

ਹੇ ਕਰਨਹਾਰ ਪ੍ਰਭੂ ! ਤੂੰ ਅਦ੍ਰਿਸ਼ ਹੈਂ ਭਾਵ ਤੈਨੂੰ ਕੋਈ ਜੀਵ ਆਪਣੀਆਂ ਅੱਖਾਂ ਨਾਲ ਵੇਖ ਨਹੀਂ ਸਕਦਾ। ਤੈਨੂੰ ਕਿਸੇ ਤਰ੍ਹਾਂ ਦਾ ਸੋਗ, ਚਿੰਤਾ ਤੇ ਝੋਰਾ ਨਹੀਂ ਤੂੰ ਕੰਮਾਂ ਤੋਂ ਸੁਤੰਤਰ ਹੈਂ ਤੇ ਤੈਨੂੰ ਕਿਸੇ ਤਰ੍ਹਾਂ ਦਾ ਕੋਈ ਭਰਮ ਭੁਲੇਖਾ ਨਹੀਂ॥ ੪੧॥

## ਅਜੀਤ ਹੈਂ॥ ਅਭੀਤ ਹੈਂ॥ ਅਬਾਹ ਹੈਂ॥ ਅਗਾਹ ਹੈਂ॥ ੪੨॥

ਪਦ ਅਰਥ - ਅਭੀਤ=ਨਿੱਡਰ। ਅਬਾਹ=ਅਟੱਲ।

ਹੇ ਵਾਹਿਗੁਰੂ ! ਤੂੰ ਅਜਿੱਤ ਹੈਂ, ਤੈਨੂੰ ਕੋਈ ਜਿੱਤ ਨਹੀਂ ਸਕਦਾ। ਤੈਨੂੰ ਕਿਸੇ ਦਾ ਡਰ ਭੈ ਨਹੀਂ, ਤੂੰ ਨਿਰਭੈ ਹੈਂ। ਤੂੰ ਅਹਿੱਲ ਹੈਂ: ਕੋਈ ਸ਼ਕਤੀ ਤੈਨੂੰ ਹਿਲਾ ਨਹੀਂ ਸਕਦੀ। ਤੂੰ ਸਮੁੰਦਰ ਵਾਂਗੂੰ ਡੂੰਘਾ ਤੇ ਅਥਾਹ ਹੈਂ, ਤੇਰਾ ਕੋਈ ਥਾਹ ਨਹੀਂ ਪਾ ਸਕਦਾ॥ ੪੨॥

## ਅਮਾਨ ਹੈਂ॥ ਨਿਧਾਨ ਹੈਂ॥ ਅਨੇਕ ਹੈਂ॥ ਫਿਰ ਏਕ ਹੈਂ॥ ੪੩॥

ਪਦ ਅਰਥ - ਅਮਾਨ=ਮਿਣਤੀ ਰਹਿਤ। ਨਿਧਾਨ=ਖਜ਼ਾਨਾ।

ਹੇ ਪ੍ਰਭੂ ! ਤੇਰੀ ਕੋਈ ਮਿਣਤੀ ਨਹੀਂ ਕਰ ਸਕਦਾ ਤੂੰ ਸਭ ਪਦਾਰਥਾਂ ਤੇ ਸ਼ੁਭ ਗੁਣਾਂ ਦਾ ਖਜ਼ਾਨਾ ਹੈਂ। ਤੂੰ ਅਨੇਕ ਰੂਪਾਂ ਵਾਲਾ ਹੈਂ ਭਾਵ ਸੰਸਾਰ ਦੇ ਸਭ ਜੀਵ ਤੇਰਾ ਰੂਪ ਹਨ, ਅਨੇਕ ਰੂਪਾਂ ਵਾਲਾ ਹੁੰਦਾ ਹੋਇਆ ਵੀ ਤੂੰ ਇਕੋ ਇਕ ਹੈਂ ਭਾਵ ਤੇਰੇ ਵਰਗਾ ਹੋਰ ਕੋਈ ਨਹੀਂ ੪੩॥

### ਭੁਜੰਗ ਪ੍ਰਯਾਤ ਛੰਦ॥

## ਨਮੋ ਸਰਬ ਮਾਨੇ॥ ਸਮਸਤੀ ਨਿਧਾਨੇ॥ ਨਮੋ ਦੇਵ ਦੇਵੇ॥ ਅਭੇਖੀ ਅਭੇਵੇ ॥ ੪੪॥

ਪਦ ਅਰਥ - ਮਾਨੇ=ਆਦਰ ਯੋਗ। ਸਮਸਤੀ=ਸਾਰੇ। ਅਭੇਖੀ=ਵੇਸ ਰਹਿਤ। ਅਭੇਵੇ=ਭੇਦ ਰਹਿਤ।

ਹੇ ਪਰਮਾਤਮਾ ! ਤੈਨੂੰ ਨਮਸ਼ਕਾਰ ਹੈ, ਸੰਸਾਰ ਦੇ ਸਭ ਜੀਵ ਤੈਨੂੰ ਪੂਜਦੇ ਹਨ। ਤੂੰ ਸਾਰੇ

ਗੁਣਾਂ ਤੇ ਪਦਾਰਥਾਂ ਦਾ ਖਜ਼ਾਨਾ ਹੈਂ। ਹੇ ਸਭ ਦੇਵਤਿਆਂ ਦੇ ਦੇਵਤਾ ! ਤੈਨੂੰ ਨਮਸ਼ਕਾਰ ਹੈ। ਤੇਰਾ ਕੋਈ ਇਕ ਵੇਸ (ਪਹਿਰਾਵਾ) ਨਹੀਂ ਤੇ ਤੇਰਾ ਭੇਦ ਕੋਈ ਨਹੀਂ ਜਾਣ ਸਕਦਾ॥ ੪੪॥

## ਨਮੋ ਕਾਲ ਕਾਲੇ॥ ਨਮੋ ਸਰਬ ਪਾਲੇ॥ ਨਮੋ ਸਰਬ ਗਉਣੇ॥ ਨਮੋ ਸਰਬ ਭਉਣੇ॥ ੪੫॥

ਪਦ ਅਰਥ - ਕਾਲ ਕਾਲੇ=ਮੌਤ ਦੀ ਮੌਤ। ਸਰਬ ਪਾਲੇ=ਸਭ ਦਾ ਪਾਲਣਹਾਰ। ਸਰਬ ਗਉਣੇ=ਸਭ ਥਾਵਾਂ ਤੇ ਪਹੁੰਚਣ ਵਾਲਾ। ਸਰਬ ਭਉਣੇ=ਸਭ ਭਵਨਾਂ ਵਿਚ ਵਿਆਪਕ।

ਹੇ ਪਰਮਾਤਮਾ ! ਤੈਨੂੰ ਨਮਸ਼ਕਾਰ ਹੈ। ਤੂੰ ਮੌਤ ਦੀ ਵੀ ਮੌਤ ਹੈਂ ਭਾਵ ਕਾਲ ਵੀ ਤੇਰੇ ਅਧੀਨ ਹੈ, ਤੂੰ ਮੌਤ ਨੂੰ ਵੀ ਮਾਰ ਸਕਦਾ ਹੈਂ ਤੂੰ ਸੰਸਾਰ ਦੇ ਸਭ ਜੀਵਾਂ ਦੀ ਪਾਲਣਾ ਕਰਨ ਵਾਲਾ ਹੈਂ। ਤੂੰ ਹਰ ਥਾਂ ਤੇ ਪਹੁੰਚ ਸਕਦਾ ਹੈਂ ਤੇ ਤੇਰਾ ਸਭ ਭਵਨਾਂ (ਲੋਕਾਂ) ਵਿਚ ਵਾਸਾ ਹੈ ਭਾਵ ਤੂੰ ਹਰ ਥਾਂ ਵਿਆਪਕ ਹੈਂ॥ ੪੫॥

## ਅਨੰਗੀ ਅਨਾਥੇ॥ ਨ੍ਰਿਸੰਗੀ ਪ੍ਰਮਾਥੇ॥ ਨਮੋ ਭਾਨ ਭਾਨੇ॥ ਨਮੋ ਮਾਨ ਮਾਨੇ ॥ ੪੬॥

ਪਦ ਅਰਥ - ਅਨੰਗੀ=ਅੰਗ-ਰਹਿਤ। ਅਨਾਥੇ=ਜਿਸ ਦਾ ਕੋਈ ਮਾਲਕ ਨਹੀਂ। ਨ੍ਰਿਸੰਗੀ=ਜਿਸ ਦਾ ਕੋਈ ਸੰਗੀ ਸਾਥੀ ਨਹੀਂ। ਪ੍ਰਮਾਥੇ=ਨਾਸ ਕਰਤਾ। ਭਾਨ=ਸੂਰਜ। ਮਾਨ=ਸਤਿਕਾਰ।

ਹੇ ਅਕਾਲ ਪੁਰਖ ! ਤੈਨੂੰ ਨਮਸ਼ਕਾਰ ਹੈ। ਤੇਰਾ ਕੋਈ ਖਾਸ ਇਕ ਅੰਗ ਨਹੀਂ। ਤੇਰਾ ਕੋਈ ਮਾਲਕ ਨਹੀਂ। ਤੇਰਾ ਕੋਈ ਸੰਗੀ ਸਾਥੀ ਨਹੀਂ ਅਤੇ ਤੂੰ ਸਭ ਨੂੰ ਨਾਸ ਕਰਨ ਵਾਲਾ ਹੈਂ। ਹੇ ਪ੍ਰਭੂ! ਤੈਨੂੰ ਨਮਸ਼ਕਾਰ ਹੈ। ਤੂੰ ਸੂਰਜਾਂ ਦਾ ਸੂਰਜ ਹੈਂ ਭਾਵ ਸੂਰਜ ਤੇਰੀ ਦਿੱਤੀ ਰੋਸ਼ਨੀ ਨਾਲ ਹੀ ਚਮਕਦਾ ਹੈ ਅਤੇ ਵੱਡੇ ਵੱਡੇ ਆਦਰ ਯੋਗ ਮਨੁੱਖ ਤੈਨੂੰ ਪੂਜਦੇ ਹਨ ਤੇ ਤੇਰਾ ਸਤਿਕਾਰ ਕਰਦੇ ਹਨ॥ ੪੬॥

## ਨਮੋ ਚੰਦ੍ਰ ਚੰਦ੍ਰੇ॥ ਨਮੋ ਭਾਨ ਭਾਨੇ ॥ ਨਮੋ ਗੀਤ ਗੀਤੇ॥ ਨਮੋ ਤਾਨ ਤਾਨੇ ॥ ੪੭॥

ਪਦ ਅਰਥ - ਚੰਦ੍ਰ ਚੰਦ੍ਰੇ=ਚੰਦਰਮਾਂ ਨੂੰ ਚਾਨਣ ਦੇਣ ਵਾਲਾ। ਤਾਨ=ਤ੍ਰਾਨਾ, ਸੰਗੀਤਕ ਸੁਰ।

ਹੇ ਕਰਤਾ ਪੁਰਖ ! ਤੈਨੂੰ ਨਮਸ਼ਕਾਰ ਹੈ। ਤੂੰ ਚੰਦਰਮਾਂ ਦਾ ਚੰਦਰਮਾਂ ਹੈ, ਭਾਵ ਤੂੰ ਚੰਦਰਮਾਂ ਨੂੰ ਰੋਸ਼ਨੀ ਦੇਣ ਵਾਲਾ ਹੈਂ। ਹੇ ਸੂਰਜਾਂ ਦੇ ਸੂਰਜ ! ਤੈਨੂੰ ਪ੍ਰਣਾਮ ਹੈ। ਭਾਵ ਸੂਰਜ ਤੇ ਚੰਦਰਮਾਂ ਤੇਰੇ ਦਿੱਤੇ ਪ੍ਰਕਾਸ਼ ਨਾਲ ਹੀ ਸੰਸਾਰ ਨੂੰ ਪ੍ਰਕਾਸ਼ਵਾਨ ਕਰਦੇ ਹਨ। ਤੂੰ ਇਕ ਮਹਾਨ ਗੀਤ ਹੈਂ ਤੇ ਤੂੰ ਇਕ ਮਿੱਠਾ ਤਰਾਨਾ ਹੈਂ, ਤੇਰੀ ਮਿੱਠੀ ਸੰਗੀਤਕ ਸੁਰ ਸੰਸਾਰ ਨੂੰ ਮੋਹ ਰਹੀ ਹੈ॥ ੪੭॥

## ਨਮੋ ਨ੍ਰਿਤੇ ਨ੍ਰਿੱਤੇ॥ ਨਮੋ ਨਾਦ ਨਾਦੇ ॥ ਨਮੋ ਪਾਨ ਪਾਨੇ॥ ਨਮੋ ਬਾਦ ਬਾਦੇ॥ ੪੮॥

ਪਦ ਅਰਥ - ਨ੍ਰਿਤ=ਨਾਚ। ਨਾਦ=ਆਵਾਜ। ਪਾਨ=ਹੱਥ। ਬਾਦ=ਵੱਜਣਾ।

ਹੇ ਅਕਾਲ ਪੁਰਖ ! ਤੈਨੂੰ ਨਮਸ਼ਕਾਰ ਹੈ। ਤੂੰ ਮਹਾਨ ਸੁੰਦਰ ਨਾਚ ਹੈਂ ਤੇਰੀ ਅਤਿ ਸੁਰੀਲੀ ਆਵਾਜ਼ ਹੈ। ਤੇਰਾ ਸੁੰਦਰ ਨਾਚ ਵੇਖਕੇ ਅਤੇ ਸੁਰੀਲੀ ਅਵਾਜ਼ ਸੁਣ ਕੇ ਸਾਰਾ ਸੰਸਾਰ ਮੋਹਿਤ ਹੋ ਰਿਹਾ ਹੈ। ਹੇ ਪ੍ਰਭੂ ! ਤੈਨੂੰ ਨਮਸ਼ਕਾਰ ਹੈ। ਤੂੰ ਨਗਾਰਚੀਆਂ ਦਾ ਨਗਾਰਚੀ ਹੈਂ। ਤੂੰ ਢੋਲ ਵਜਾਕੇ ਸਾਰੇ

ਸੰਸਾਰ ਦਾ ਤਮਾਸ਼ਾ ਰਚਾਇਆ ਹੋਇਆ ਹੈ॥ ੪੮॥

**ਅਨੰਗੀ ਅਨਾਮੇ ॥ ਸਮਸਤੀ ਸਰੂਪੇ ॥ ਪ੍ਰਭੰਗੀ ਪ੍ਰਮਾਥੇ ॥ ਸਮਸਤੀ ਬਿਭੂਤੇ ॥ ੪੯॥**

ਪਦ ਅਰਥ - ਅਨੰਗੀ=ਅੰਗ ਰਹਿਤ। ਅਨਾਮੇ=ਨਾਮ ਰਹਿਤ । ਸਮਸਤੀ=ਸਾਰੇ। ਪ੍ਰਭੰਗੀ=ਪਰਲੋ ਕਰਤਾ। ਪ੍ਰਮਾਥੇ=ਨਾਸ ਕਰਤਾ। ਬਿਭੂਤੇ=ਸਿੱਧੀ।

ਹੇ ਕਰਤਾਰ ! ਤੈਨੂੰ ਨਮਸ਼ਕਾਰ ਹੈ। ਤੇਰਾ ਕੋਈ ਅੰਗ (ਸਰੀਰ) ਨਹੀਂ ਤੇ ਨਾ ਹੀ ਤੇਰਾ ਕੋਈ ਇਕ ਨਾਮ ਹੈ। ਸਾਰੇ ਸੰਸਾਰ ਦੇ ਜੀਵ ਤੇਰਾ ਰੂਪ ਹਨ। ਤੂੰ ਪਰਲੋ ਲਿਆਕੇ ਸਭ ਨੂੰ ਨਾਸ ਕਰਨ ਵਾਲਾ ਹੈਂ। ਤੂੰ ਸਭ ਜੀਵਾਂ ਲਈ ਰਿੱਧੀ ਸਿੱਧੀ ਹੈਂ ਭਾਵ ਸਾਰੇ ਸੰਸਾਰ ਨੂੰ ਪਦਾਰਥਾਂ ਦੀਆਂ ਦਾਤਾਂ ਦੇਣ ਵਾਲਾ ਹੈਂ॥ ੪੯॥

**ਕਲੰਕੰ ਬਿਨਾਨੇ ਕਲੰਕੀ ਸਰੂਪੇ ॥ ਨਮੋ ਰਾਜ ਰਾਜੇਸ੍ਵਰੰ ਪਰਮ ਰੂਪੇ ॥ ੫੦॥**

ਪਦ ਅਰਥ - ਕਲੰਕੰ ਬਿਨਾਨੇ=ਦਾਗ ਰਹਿਤ। ਰਾਜੇਸ੍ਵਰ=ਵੱਡਾ ਰਾਜਾ। ਪਰਮ ਰੂਪੇ=ਮਹਾਨ ਸਰੂਪ।

ਹੇ ਪ੍ਰਭੂ ! ਤੂੰ ਵਿਕਾਰਾਂ ਦੇ ਦਾਗ ਤੋਂ ਰਹਿਤ ਵੀ ਹੈਂ ਅਤੇ ਕਲੰਕ ਸਰੂਪ ਵਾਲਾ ਵੀ ਹੈਂ। ਹੇ ਰਾਜਿਆਂ ਦੇ ਮਹਾਨ ਰਾਜੇ ! ਤੈਨੂੰ ਨਮਸ਼ਕਾਰ ਹੈ। ਤੂੰ ਵੱਡੇ ਸਰੂਪ ਵਾਲਾ ਹੈ॥। ੫੦॥

**ਨਮੋ ਜੋਗ ਜੋਗੇਸ੍ਵਰੰ ਪਰਮ ਸਿੱਧੇ॥ ਨਮੋ ਰਾਜ ਰਾਜੇਸ੍ਵਰੰ ਪਰਮ ਬ੍ਰਿੱਧੇ ॥ ੫੧॥**

ਪਦ ਅਰਥ - ਜੋਗੇਸ੍ਵਰੰ=ਜੋਗੀ-ਰਾਜ। ਪਰਮ ਸਿੱਧੇ=ਵੱਡਾ ਸਿੱਧ। ਰਾਜੇਸ੍ਵਰੰ=ਰਾਜਿਆਂ ਦਾ ਰਾਜਾ। ਬ੍ਰਿੱਧੇ=ਵੱਡਾ।

ਹੇ ਜੋਗੀਆਂ ਦੇ ਜੋਗੀ ਤੇ ਸਭ ਤੋਂ ਉੱਚੀ ਆਤਮਕ ਅਵਸਥਾ ਵਾਲੇ ਸਿੱਧ ! ਤੈਨੂੰ ਨਮਸ਼ਕਾਰ ਹੈ। ਤੂੰ ਰਾਜਿਆਂ ਦਾ ਵੱਡਾ ਰਾਜਾ ਹੈਂ ਤੇ ਸਭ ਤੋਂ ਵੱਡਾ ਹੁਕਮਰਾਨ ਹੈਂ, ਇਸ ਲਈ ਤੈਨੂੰ ਨਮਸ਼ਕਾਰ ਹੈ॥ ੫੧॥

**ਨਮੋ ਸਸ਼ਤ੍ਰ ਪਾਣੇ॥ ਨਮੋ ਅਸਤ੍ਰ ਮਾਣੇ॥ ਨਮੋ ਪਰਮ ਗਜਾਤਾ॥ ਨਮੋ ਲੋਕ ਮਾਤਾ॥ ੫੨॥**

ਪਦ ਅਰਥ - ਸ਼ਸਤ੍ਰ=ਤਲਵਾਰ, ਨੇਜਾ ਆਦਿ ਹਥਿਆਰ। ਅਸਤ੍ਰ ਤੀਰ, ਚੱਕਰ ਆਦਿ ਸ਼ਸਤਰ ਪਰਮ ਗਜਾਤਾ=ਪੂਰਨ ਤੌਰ ਤੇ ਜਾਨਣ ਵਾਲਾ। ਲੋਕ ਮਾਤਾ=ਸੰਸਾਰ ਦੀ ਮਾਤਾ।

ਹੇ ਕਰਤਾ ਪੁਰਖ ! ਤੈਨੂੰ ਨਮਸ਼ਕਾਰ ਹੈ। ਤੇਰੇ ਹੱਥ ਵਿਚ ਤਲਵਾਰ ਆਦਿਕ ਹਥਿਆਰ ਸੱਜ ਰਹੇ ਹਨ ਤੇ ਤੂੰ ਤੀਰ ਤੇ ਚੱਕਰ ਆਦਿ ਸ਼ਸਤ੍ਰਾਂ ਦੇ ਧਾਰਨ ਕਰਨ ਵਾਲਾ ਹੈਂ। ਤੂੰ ਸੰਸਾਰ ਦੇ ਸਭ ਜੀਵਾਂ ਦੇ ਮਨਾਂ ਦੀ ਦਸ਼ਾ ਪੂਰਨ ਤੌਰ ਤੇ ਜਾਣਦਾ ਹੈਂ। ਤੂੰ ਜਗਤ ਦੇ ਸਭ ਜੀਵਾਂ ਦੀ ਮਾਤਾ ਹੈਂ ਭਾਵ ਤੂੰ ਹਰ ਇਕ ਨੂੰ ਮਾਂ ਵਾਂਗੂੰ ਪਿਆਰ ਕਰਦਾ ਹੈਂ॥ ੫੨॥

**ਅਭੇਖੀ ਅਭਰਮੀ ਅਭੋਗੀ ਅਭੁਗਤੇ ॥ ਨਮੋ ਜੋਗ ਜੋਗੇਸ੍ਵਰੰ ਪਰਮ ਜੁਗਤੇ ॥ ੫੩॥**

ਪਦ ਅਰਥ - ਅਭੋਗੀ=ਨਾ ਭੋਗਣ ਵਾਲਾ। ਅਭੁਗਤੇ=ਜੋ ਭੋਗਿਆ ਨਹੀਂ ਜਾ ਰਿਹਾ। ਪਰਮ ਜੁਗਤੇ=ਸੁਚੱਜੇ ਤਰੀਕੇ ਵਾਲਾ।

ਹੇ ਪ੍ਰਭੂ ! ਤੇਰਾ ਕੋਈ ਖਾਸ ਪਹਿਰਾਵਾ ਨਹੀਂ। ਤੂੰ ਹਰ ਤਰ੍ਹਾਂ ਦੇ ਭਰਮ ਭੁਲੇਖਿਆਂ ਤੋਂ ਰਹਿਤ ਹੈਂ। ਤੂੰ ਇੰਦਰਿਆਂ ਦੇ ਰਸਾਂ ਵਿਚ ਫਸਿਆ ਹੋਇਆ ਨਹੀਂ ਤੇ ਨਾ ਹੀ ਦੁਨੀਆਂ ਦੇ ਰਸਾਂ ਨੂੰ ਭੋਗਦਾ ਹੈਂ। ਹੇ ਜੋਗੀਆਂ ਦੇ ਮਹਾਨ ਜੋਗੀ ! ਤੈਨੂੰ ਨਮਸ਼ਕਾਰ ਹੈ। ਤੂੰ ਪੂਰਨ ਜੁਗਤੀਵਾਨ ਹੈ॥ ੫੩॥

## ਨਮੋ ਨਿੱਤ ਨਾਰਾਇਣੇ ਕ੍ਰੂਰ ਕਰਮੇ ॥ ਨਮੋ ਪ੍ਰੇਤ ਅਪ੍ਰੇਤ ਦੇਵੇ ਸੁਧਰਮੇ ॥ ੫੪॥

ਪਦ ਅਰਥ - ਨਿੱਤ ਨਾਰਾਇਣੇ=ਸਦਾ ਰਖਿਆ ਕਰਨ ਵਾਲਾ। ਕ੍ਰੂਰ ਕਰਮੇ=ਨਿਰਦਈਆਂ ਵਾਲੇ ਕੰਮ। ਪ੍ਰੇਤ=ਮੰਦੀ ਰੂਹ। ਅਪ੍ਰੇਤ=ਪਵਿੱਤਰ ਰੂਹ। ਦੇਵੇ=ਪ੍ਰਕਾਸ਼ ਰੂਪ। ਸੁਧਰਮੇ=ਚੰਗੇ ਧਰਮ ਵਾਲੇ।

ਹੇ ਸਭ ਜੀਵਾਂ ਦੀ ਸਦਾ ਰਖਿਆ ਕਰਨ ਵਾਲੇ ਪਰਮਾਤਮਾ ! ਤੈਨੂੰ ਮੇਰੀ ਨਮਸ਼ਕਾਰ ਹੈ। ਤੂੰ ਨਿਰਦਈਆਂ ਵਾਂਗੂੰ ਸੰਸਾਰ ਦੇ ਜੀਵਾਂ ਨੂੰ ਨਾਸ ਕਰਨ ਵਾਲਾ ਹੈਂ। ਚੰਗੀਆਂ ਤੇ ਮੰਦੀਆਂ ਰੂਹਾਂ ਸਭ ਤੇਰਾ ਹੀ ਰੂਪ ਹਨ। ਤੂੰ ਸ੍ਰੇਸਟ ਧਰਮ ਵਾਲਾ ਹੈ॥ ੫੪॥

## ਨਮੋ ਰੋਗ ਹਰਤਾ ਨਮੋ ਰਾਗ ਰੂਪੇ ॥ ਨਮੋ ਸ਼ਾਹ ਸ਼ਾਹੰ ਨਮੋ ਭੂਪ ਭੂਪੇ ॥ ੫੫॥

ਪਦ ਅਰਥ - ਰੋਗ ਹਰਤਾ=ਰੋਗਾਂ ਨੂੰ ਨਾਸ ਕਰਨ ਵਾਲਾ। ਰਾਗ=ਪਿਆਰ। ਸ਼ਾਹ=ਬਾਦਸ਼ਾਹ। ਭੂਪ=ਰਾਜਾ।

ਹੇ ਸਭ ਜੀਵਾਂ ਦੇ ਰੋਗਾਂ ਨੂੰ ਨਾਸ ਕਰਨ ਵਾਲੇ ਅਕਾਲ ਪੁਰਖ ! ਤੈਨੂੰ ਨਮਸ਼ਕਾਰ ਹੈ। ਤੂੰ ਪ੍ਰੇਮ ਮੂਰਤੀ ਹੈਂ। ਨਮਸ਼ਕਾਰ ਹੈ ਤੈਨੂੰ, ਤੂੰ ਬਾਦਸ਼ਾਹਾਂ ਦਾ ਬਾਦਸ਼ਾਹ ਤੇ ਰਾਜਿਆਂ ਦਾ ਰਾਜਾ ਹੈਂ॥ ੫੫॥

## ਨਮੋ ਦਾਨ ਦਾਨੇ ਨਮੋ ਮਾਨ ਮਾਨੇ ॥ ਨਮੋ ਰੋਗ ਰੋਗੇ ਨਮਸਤੰ ਸ਼ਨਾਨੇ॥ ੫੬॥

ਪਦ ਅਰਥ - ਦਾਨ ਦਾਨੇ=ਮਹਾਂ ਦਾਨੀ। ਮਾਨੇ=ਆਦਰ। ਰੋਗ ਰੋਗੇ=ਰੋਗਾਂ ਦਾ ਰੋਗ (ਰੋਗ ਹਰਤਾ)। ਸ਼ਨਾਨੇ=ਸੁਧ ਤੇ ਅਰੋਗਤਾ-ਸਰੂਪ।

ਹੇ ਉਦਾਰ-ਚਿਤ ਮਹਾਂ ਦਾਨੀ ! ਤੈਨੂੰ ਨਮਸ਼ਕਾਰ ਹੈ। ਸੰਸਾਰ ਵਿਚ ਆਦਰ ਪਾਉਣ ਵਾਲੇ ਮਨੁੱਖ ਵੀ ਤੈਨੂੰ ਪੂਜਦੇ ਹਨ। ਤੂੰ ਰੋਗਾਂ ਦਾ ਰੋਗ ਹੈਂ ਭਾਵ ਰੋਗਾਂ ਨੂੰ ਨਾਸ ਕਰਨ ਵਾਲਾ ਹੈਂ ਅਤੇ ਤੂੰ ਸ਼ੁਧ ਸਰੂਪ ਤੇ ਅਰੋਗਤਾ ਦਾ ਦਾਤਾ ਹੈਂ, ਇਸ ਲਈ ਮੇਰੀ ਤੈਨੂੰ ਨਮਸ਼ਕਾਰ ਹੈ॥ ੫੬॥

## ਨਮੋ ਮੰਤ੍ਰ ਮੰਤ੍ਰੰ ਨਮੋ ਜੰਤ੍ਰ ਜੰਤ੍ਰੰ॥ ਨਮੋ ਇਸਟ ਇਸਟੇ ਨਮੋ ਤੰਤ੍ਰ ਤੰਤ੍ਰੰ॥ ੫੭॥

ਪਦ ਅਰਥ - ਮੰਤ੍ਰ=ਆਪਣੇ ਇਸ਼ਟ ਨੂੰ ਪ੍ਰਸੰਨ ਕਰਨ ਵਾਸਤੇ ਕਿਸੇ ਸ਼ਬਦ ਨੂੰ ਬਾਰ-ਬਾਰ ਜਪਣਾ 'ਮੰਤ੍ਰ' ਕਹਾਉਂਦਾ ਹੈ। ਜੰਤ੍ਰ=ਤਵੀਜ਼, ਕਿਸੇ ਕਾਗਜ਼ ਤੇ ਖਾਨੇ ਬਣਾ ਕੇ ਉਸ ਵਿਚ ਅੰਕ ਲਿਖਕੇ ਆਪਣੇ ਕੋਲ ਰਖਣਾ। ਤੰਤ੍ਰ=ਆਪਣੇ ਇਸ਼ਟ ਦੀ ਪ੍ਰਸੰਨਤਾ ਲਈ ਕੋਈ ਖਾਸ ਰਸਮਾਂ ਕਰਨੀਆਂ। ਇਸ਼ਟੇ=ਪਿਆਰਾ ਦੇਵਤਾ।

ਹੇ ਮੰਤ੍ਰਾਂ ਦੇ ਮੰਤ੍ਰ ਰੂਪ ਤੇ ਜੰਤ੍ਰਾਂ ਦੇ ਜੰਤ੍ਰ ਰੂਪ ਵਾਹਿਗੁਰੂ ! ਤੈਨੂੰ ਨਮਸ਼ਕਾਰ ਹੈ। ਤੂੰ ਤੰਤ੍ਰਾਂ

ਦਾ ਤੰਤ੍ਰ ਹੈਂ। ਮੇਰੇ ਸਭ ਤੋਂ ਪਿਆਰੇ ਦੇਵਤਾ ! ਤੈਨੂੰ ਨਮਸ਼ਕਾਰ ਹੈ॥ ੫੭॥

## ਸਦਾ ਸੱਚਿਦਾਨੰਦ ਸਰਬੰ ਪ੍ਰਣਾਸੀ॥ ਅਨੂਪੇ ਅਰੂਪੇ ਸਮਸਤੁਲਿ ਨਿਵਾਸੀ॥ ੫੮॥

ਪਦ ਅਰਥ - ਸੱਚਿਦਾਨੰਦ=ਸਤ, ਚਿਤ, ਅਨੰਦ ਸਰੂਪ। ਪ੍ਰਣਾਸੀ=ਨਾਸ ਕਰਤਾ। ਅਨੂਪੇ=ਉਪਮਾ ਰਹਿਤ। ਅਰੂਪੇ=ਰੂਪ ਰਹਿਤ। ਸਮਸਤੁਲ=ਸਾਰੇ।

ਹੇ ਅਕਾਲ ਪੁਰਖ ! ਤੂੰ ਸਤ-ਸਰੂਪ, ਗਿਆਨ-ਸਰੂਪ ਤੇ ਅਨੰਦ-ਸਰੂਪ ਹੈਂ, ਤੂੰ ਸਭ ਜੀਵਾਂ ਨੂੰ ਨਾਸ ਕਰਨ ਵਾਲਾ ਹੈਂ। ਤੂੰ ਉਪਮਾ-ਰਹਿਤ ਹੈਂ ਭਾਵ ਤੇਰੇ ਵਰਗਾ ਹੋਰ ਕੋਈ ਨਹੀਂ, ਤੇਰਾ ਕੋਈ ਇਕ ਖਾਸ ਰੂਪ ਨਹੀਂ ਤੂੰ ਸਰਬ ਰੂਪੀ ਹੈਂ ਤੇ ਤੂੰ ਸਭ ਜੀਵਾਂ ਵਿਚ ਵਸ ਰਿਹਾ ਹੈਂ ਭਾਵ ਸਰਬ ਵਿਆਪਕ ਹੈਂ॥ ੫੮॥

## ਸਦਾ ਸਿੱਧ ਦਾ ਬੁੱਧ ਦਾ ਬ੍ਰਿੱਧਿ ਕਰਤਾ॥ ਅਧੋ ਉਰਧ ਅਰਧੰ ਅਘੰ ਓਘ ਹਰਤਾ॥ ੫੯॥

ਪਦ ਅਰਥ - ਸਿਧ ਦਾ=ਸਫਲਤਾ ਬਖਸ਼ਣ ਵਾਲਾ। ਬੁਧ ਦਾ=ਅਕਲ ਦੇਣ ਵਾਲਾ। ਬ੍ਰਿਧ ਕਰਤਾ=ਤਰੱਕੀ ਦੇਣ ਵਾਲਾ। ਅਧੋ=ਪਤਾਲ। ਉਰਧ=ਅਕਾਸ਼। ਅਰਧੰ=ਵਿਚਕਾਰ, ਮਾਤ ਲੋਕ। ਅਘੰ ਓਘ=ਬਹੁਤ ਸਾਰੇ ਪਾਪ।

ਹੇ ਅਕਾਲ ਪੁਰਖ ! ਤੂੰ ਆਤਮ ਸ਼ਕਤੀ ਤੇ ਸਫਲਤਾ ਬਖਸ਼ਣ ਵਾਲਾ ਹੈਂ। ਤੂੰ ਸਭ ਜੀਵਾਂ ਨੂੰ ਬੁਧੀ ਦੇਣ ਵਾਲਾ ਹੈਂ। ਤੂੰ ਪਤਾਲ, ਅਕਾਸ਼ ਤੇ ਮਾਤ ਲੋਕ ਹਰ ਥਾਂ ਵਿਆਪਕ ਹੈਂ। ਤੂੰ ਸਭ ਜੀਵਾਂ ਦੇ ਅਨੇਕ ਪਾਪਾਂ ਨੂੰ ਦੂਰ ਕਰਨ ਵਾਲਾ ਹੈਂ॥ ੫੯॥

## ਪਰਮ ਪਰਮ ਪਰਮੇਸ੍ਵਰੰ ਪ੍ਰੋਛ ਪਾਲੰ॥ ਸਦਾ ਸਰਬ ਦਾ ਸਿੱਧ ਦਾਤਾ ਦਿਆਲੰ॥ ੬੦॥

ਪਦ ਅਰਥ - ਪਰਮ=ਵੱਡਾ। ਪਰਮੇਸ੍ਵਰੰ=ਸਭ ਤੋਂ ਵੱਡਾ ਸੁਆਮੀ। ਪ੍ਰੋਛ=ਪਰੋਖਾ, ਗੁਪਤ।

ਹੇ ਅਕਾਲ ਪੁਰਖ ! ਤੂੰ ਸਭ ਤੋਂ ਉੱਚਾ ਤੇ ਵੱਡਾ ਮਾਲਕ ਹੈਂ। ਤੂੰ ਸਭ ਸੰਸਾਰ ਦੀਆਂ ਨਜ਼ਰਾਂ ਤੋਂ ਉਹਲੇ (ਗੁਪਤ) ਰਹਿ ਕੇ ਸਭ ਜੀਵਾਂ ਦੀ ਪਾਲਣਾ ਕਰ ਰਿਹਾ ਹੈਂ। ਤੂੰ ਹਰ ਸਮੇਂ ਸਭ ਜੀਵਾਂ ਨੂੰ ਆਤਮਕ ਸਫਲਤਾ ਬਖਸ਼ਣ ਵਾਲਾ ਹੈਂ ਤੇ ਸਭ ਤੇ ਦਇਆ ਕਰਨ ਵਾਲਾ ਹੈਂ॥ ੬੦॥

## ਅਛੇਦੀ ਅਭੇਦੀ ਅਨਾਮੰ ਅਕਾਮੰ॥ ਸਮਸਤੋਪਰਾਜੀ ਸਮਸਤੱਸਤੁ ਧਾਮੰ॥ ੬੧॥

ਪਦ ਅਰਥ - ਅਛੇਦੀ=ਅਛੇਦ, ਜੋ ਕੱਟਿਆ ਨਾ ਜਾ ਸਕੇ। ਅਭੇਦੀ=ਅਭੇਦ, ਨਾ ਭੱਜਣ ਵਾਲਾ। ਅਕਾਮੰ=ਕਾਮਨਾ ਰਹਿਤ। ਸਮਸਤੱਸਤੁ=ਸਾਰੇ। ਧਾਮੰ=ਘਰ।

ਹੇ ਪ੍ਰਭੂ ! ਤੈਨੂੰ ਨਾ ਕੋਈ ਕੱਟ ਸਕਦਾ ਹੈ ਤੇ ਨਾ ਹੀ ਕੋਈ ਭੰਨ ਸਕਦਾ ਹੈ। ਤੂੰ ਅਨਾਮੀ ਹੈ ਤੇਰਾ ਕੋਈ ਇਕ ਖਾਸ ਨਾਮ ਨਹੀਂ, ਤੈਨੂੰ ਕੋਈ ਕਾਮਨਾ (ਇੱਛਿਆ) ਨਹੀਂ। ਤੂੰ ਸਭ ਜੀਵਾਂ ਤੇ ਫਤਹਿ ਹਾਸਲ ਕਰਨ ਵਾਲਾ ਹੈਂ ਅਤੇ ਹਰ ਥਾਂ ਤੇਰਾ ਘਰ ਹੈ ਭਾਵ ਤੂੰ ਸਰਬ ਵਿਆਪਕ ਹੈਂ॥ ੬੧॥

## ਤੇਰਾ ਜੋਰੁ ॥ ਚਾਚਰੀ ਛੰਦ ॥

### ਜਲੇਯ ਹੈਂ ॥ ਥਲੇਯ ਹੈਂ ॥ ਅਭੀਤ ਹੈਂ ॥ ਅਭੇਯ ਹੈਂ ॥ ੬੨ ॥

ਪਦ ਅਰਥ - ਤੇਰਾ ਜੋਰੁ=ਹੇ ਪ੍ਰਭੂ ! ਮੈਂ ਤੇਰੀ ਸ਼ਕਤੀ ਨਾਲ ਇਹ ਬਾਣੀ ਉਚਾਰ ਰਿਹਾ ਹਾਂ। ਅਭੀਤ=ਨਿਰਭੈ। ਅਭੇਯ=ਭੇਦ ਰਹਿਤ।

ਹੇ ਪਰਮਾਤਮਾ ! ਤੂੰ ਜਲ ਵਿਚ ਹੈਂ, ਤੂੰ ਥਲ (ਧਰਤੀ) ਵਿਚ ਹੈਂ। ਤੂੰ ਨਿਰਭੈ ਹੈਂ ਤੈਨੂੰ ਕਿਸੇ ਦਾ ਡਰ ਨਹੀਂ ਅਤੇ ਤੇਰਾ ਭੇਦ ਕੋਈ ਨਹੀਂ ਜਾਣ ਸਕਦਾ॥ ੬੨॥

### ਪ੍ਰਭੂਅ ਹੈਂ ॥ ਅਜੂਅ ਹੈਂ ॥ ਅਦੇਸ ਹੈਂ ॥ ਅਭੇਸ ਹੈਂ ॥ ੬੩ ॥

ਪਦ ਅਰਥ - ਪ੍ਰਭੂਅ=ਮਾਲਕ, ਹਾਕਮ। ਅਜੂਅ=ਅਟੱਲ। ਅਦੇਸ=ਦੇਸ ਰਹਿਤ। ਅਭੇਸ=ਭੇਸ ਰਹਿਤ।

ਹੇ ਵਾਹਿਗੁਰੂ ! ਤੂੰ ਸੰਸਾਰ ਦੇ ਸਭ ਜੀਵਾਂ ਦਾ ਮਾਲਕ ਹੈਂ, ਤੂੰ ਅਟੱਲ ਹੈਂ, ਤੈਨੂੰ ਕੋਈ ਹਿਲਾ ਨਹੀਂ ਸਕਦਾ। ਤੂੰ ਅਦੇਸ ਹੈਂ, ਭਾਵ ਤੇਰਾ ਕੋਈ ਖਾਸ ਦੇਸ ਨਹੀਂ ਤੇ ਤੇਰਾ ਕੋਈ ਇਕ ਪਹਿਰਾਵਾ (ਲਿਬਾਸ) ਨਹੀਂ ॥ ੬੩ ॥

## ਭੁਜੰਗ ਪ੍ਰਯਾਤ ਛੰਦ ॥

### ਅਗਾਧੇ ਅਬਾਧੇ ॥ ਅਨੰਦੀ ਸਰੂਪੇ ॥ ਨਮੋ ਸਰਬ ਮਾਨੇ ॥ ਸਮਸਤੀ ਨਿਧਾਨੇ ॥ ੬੪ ॥

ਪਦ ਅਰਥ - ਅਗਾਧੇ=ਅਥਾਹ। ਅਬਾਧੇ=ਰੋਕ ਰਹਿਤ।

ਹੇ ਅਕਾਲ ਪੁਰਖ ! ਤੂੰ ਅਥਾਹ ਹੈ, ਤੇਰਾ ਥਾਹ ਕੋਈ ਨਹੀਂ ਪਾ ਸਕਦਾ। ਤੇਰੇ ਰਸ ਵਿਚ ਕੋਈ ਰੁਕਾਵਟ ਨਹੀਂ ਪਾ ਸਕਦਾ। ਤੂੰ ਆਨੰਦ ਦਾ ਸਰੂਪ ਹੈਂ ਭਾਵ ਤੂੰ ਹਰ ਸਮੇਂ ਖੇੜੇ ਵਿਚ ਰਹਿੰਦਾ ਹੈਂ, ਹੇ ਪ੍ਰਭੂ ! ਤੈਨੂੰ ਨਮਸ਼ਕਾਰ ਹੈ। ਸੰਸਾਰ ਦੇ ਸਭ ਜੀਵ ਤੇਰੇ ਅਗੇ ਨਿਉਂਦੇ ਹਨ ਅਤੇ ਤੂੰ ਸਭ ਪਦਾਰਥਾਂ ਤੇ ਸਭ ਗੁਣਾ ਦਾ ਖਜ਼ਾਨਾ ਹੈਂ॥ ੬੪॥

### ਨਮਸਤ੍ਵੰ ਨ੍ਰਿਨਾਥੇ ॥ ਨਮਸਤ੍ਵੰ ਪ੍ਰਮਾਥੇ ॥ ਨਮਸਤ੍ਵੰ ਅਗੰਜੇ ॥ ਨਮਸਤ੍ਵੰ ਅਭੰਜੇ ॥ ੬੫ ॥

ਪਦ ਅਰਥ - ਨਮਸਤ੍ਵੰ=ਤੈਨੂੰ ਨਮਸ਼ਕਾਰ ਹੈ। ਨ੍ਰਿਨਾਥੇ=ਜਿਸ ਦਾ ਕੋਈ ਨਾਥ (ਮਾਲਕ) ਨਹੀਂ। ਪ੍ਰਮਾਥੇ=ਨਾਸ ਕਰਤਾ। ਅਗੰਜੇ=ਅਜਿੱਤ। ਅਭੰਜੇ=ਜਿਸ ਨੂੰ ਤੋੜਿਆ ਨਾ ਜਾ ਸਕੇ।

ਹੇ ਵਾਹਿਗੁਰੂ ! ਤੈਨੂੰ ਨਮਸ਼ਕਾਰ ਹੈ। ਤੇਰਾ ਕੋਈ ਮਾਲਕ ਨਹੀਂ, ਤੂੰ ਸਭ ਜੀਵਾਂ ਨੂੰ ਨਾਸ ਕਰਨ ਵਾਲਾ ਹੈਂ। ਤੂੰ ਅਗੰਜ (ਅਜਿੱਤ) ਹੈਂ, ਤੈਨੂੰ ਕੋਈ ਜਿੱਤ ਨਹੀਂ ਸਕਦਾ। ਤੂੰ ਅਭੰਜ ਹੈਂ, ਤੈਨੂੰ ਕੋਈ ਤੋੜ ਭੰਨ ਨਹੀਂ ਸਕਦਾ॥ ੬੫॥

**ਨਮਸਤ੍ਵੰ ਅਕਾਲੇ ॥ ਨਮਸਤ੍ਵੰ ਅਪਾਲੇ ॥ ਨਮੋ ਸਰਬ ਦੇਸੇ ॥ ਨਮੋ ਸਰਬ ਭੇਸੇ ॥ ੬੬ ॥**

ਪਦ ਅਰਥ - ਅਕਾਲੇ=ਕਾਲ ਰਹਿਤ। ਅਪਾਲੇ=ਜਿਸ ਨੂੰ ਕਿਸੇ ਪਾਲਣਾ ਦੀ ਲੋੜ ਨਹੀਂ।

ਹੇ ਪ੍ਰਭੂ ! ਤੈਨੂੰ ਨਮਸ਼ਕਾਰ ਹੈ। ਤੈਨੂੰ ਕਾਲ (ਮੌਤ) ਨਹੀਂ ਪੋਹ ਸਕਦਾ। ਤੈਨੂੰ ਕਿਸੇ ਪਾਸੋਂ ਪਾਲਣ ਪੋਸਣ ਦੀ ਲੋੜ ਨਹੀਂ। ਹੇ ਸਭ ਦੇਸਾਂ ਵਿਚ ਵਿਆਪਕ ਵਾਹਿਗੁਰੂ ! ਤੈਨੂੰ ਨਮਸ਼ਕਾਰ ਹੈ। ਸਾਰੇ ਸੰਸਾਰ ਦੇ ਪਹਿਰਾਵੇ (ਲਿਬਾਸ) ਤੇਰੇ ਹੀ ਪਹਿਰਾਵੇ ਹਨ ॥ ੬੬ ॥

**ਨਮੋ ਰਾਜ ਰਾਜੇ ॥ ਨਮੋ ਸਾਜ ਸਾਜੇ ॥ ਨਮੋ ਸ਼ਾਹ ਸ਼ਾਹੇ ॥ ਨਮੋ ਮਾਹ ਮਾਹੇ ॥ ੬੭ ॥**

ਪਦ ਅਰਥ - ਸਾਜੇ=ਰਚਨਾ। ਮਾਹੇ=ਚੰਦਰਮਾਂ।

ਹੇ ਰਾਜਿਆਂ ਦੇ ਰਾਜੇ ਕਰਤਾ ਪੁਰਖ ! ਤੈਨੂੰ ਨਮਸ਼ਕਾਰ ਹੈ। ਤੂੰ ਇਸ ਸਾਰੀ ਸ੍ਰਿਸ਼ਟੀ ਦੀ ਰਚਨਾ ਦਾ ਰਚਨਹਾਰ ਹੈਂ। ਹੇ ਪ੍ਰਭੂ ! ਤੈਨੂੰ ਨਮਸ਼ਕਾਰ ਹੈ। ਤੂੰ ਬਾਦਸ਼ਾਹਾਂ ਦਾ ਬਾਦਸ਼ਾਹ ਹੈਂ ਤੇ ਚੰਦਰਮਾਂ ਦਾ ਚੰਦਰਮਾਂ ਹੈਂ ਭਾਵ ਚੰਦਰਮਾਂ ਤੇਰੇ ਪ੍ਰਕਾਸ਼ ਨਾਲ ਪ੍ਰਕਾਸ਼ਵਾਨ ਹੈ ॥ ੬੭ ॥

**ਨਮੋ ਗੀਤ ਗੀਤੇ ॥ ਨਮੋ ਪ੍ਰੀਤ ਪ੍ਰੀਤੇ ॥ ਨਮੋ ਰੋਖ ਰੋਖੇ ॥ ਨਮੋ ਸੋਖ ਸੋਖੇ ॥ ੬੮ ॥**

ਪਦ ਅਰਥ - ਗੀਤ ਗੀਤੇ=ਗੀਤਾਂ ਦਾ ਗੀਤ, ਅਤੀ ਸੁੰਦਰ ਗੀਤ। ਪ੍ਰੀਤ ਪ੍ਰੀਤੇ=ਮਹਾਨ ਉੱਚਾ ਪਿਆਰ। ਰੋਖੇ=ਗੁੱਸਾ। ਸੋਖੇ=ਸੋਕਾ।

ਹੇ ਮਹਾਨ ਸੁੰਦਰ ਗੀਤਾਂ ਦੇ ਗੀਤ ਪ੍ਰਭੂ ! ਤੈਨੂੰ ਨਮਸ਼ਕਾਰ ਹੈ। ਤੂੰ ਇਕ ਮਹਾਨ ਉੱਚੇ ਪਿਆਰਾਂ ਦਾ ਪਿਆਰ ਹੈਂ। ਤੂੰ ਅਤੀ ਭਿਆਨਕ ਕ੍ਰੋਧ-ਰੂਪ ਹੈਂ ਤੇ ਤੂੰ ਮਹਾਨ ਸੋੱਕਾ ਹੈਂ, ਭਾਵ ਤੂੰ ਸਾਰੇ ਜਗਤ ਨੂੰ ਨਾਸ ਕਰਨਹਾਰ ਹੈਂ ॥ ੬੮ ॥

**ਨਮੋ ਸਰਬ ਰੋਗੇ ॥ ਨਮੋ ਸਰਬ ਭੋਗੇ ॥ ਨਮੋ ਸਰਬ ਜੀਤੰ ॥ ਨਮੋ ਸਰਬ ਭੀਤੰ ॥ ੬੯ ॥**

ਪਦ ਅਰਥ - ਰੋਗੇ=ਮੌਤ ਦਾ ਕਾਰਨ। ਭੋਗੇ=ਭੋਗਣਹਾਰ। ਸਰਬ ਭੀਤੰ = ਜਿਸ ਤੋਂ ਹਰ ਕੋਈ ਡਰਦਾ ਹੈ।

ਹੇ ਸਭ ਸ੍ਰਿਸ਼ਟੀ ਦੇ ਜੀਵਾਂ ਦੀ ਮੌਤ ਦੇ ਕਾਰਨ ਅਕਾਲ ਪੁਰਖ ! ਤੈਨੂੰ ਨਮਸ਼ਕਾਰ ਹੈ। ਸਭ ਜੀਵਾਂ ਵਿਚ ਵਿਆਪਕ ਹੋ ਕੇ ਸਭ ਤਰ੍ਹਾਂ ਦੇ ਪਦਾਰਥਾਂ ਦਾ ਭੋਗਣਹਾਰ ਹੈਂ। ਹੇ ਪ੍ਰਭੂ ! ਤੈਨੂੰ ਨਮਸ਼ਕਾਰ ਹੈ। ਤੂੰ ਸਭ ਨੂੰ ਜਿੱਤਣ ਵਾਲਾ ਹੈਂ ਭਾਵ ਤੇਰੇ ਸਾਹਮਣੇ ਕੋਈ ਵਡੇ ਤੋਂ ਵੱਡਾ ਸ਼ਕਤੀਵਾਨ ਨਹੀਂ ਅੜ ਸਕਦਾ ਅਤੇ ਬੜੇ ਬੜੇ ਬਲਵਾਨ ਤੇਰੇ ਤੋਂ ਡਰਦੇ ਹਨ ਭਾਵ ਸਭ ਸ਼ਕਤੀਆਂ ਤੇਰੇ ਅਧੀਨ ਹਨ ॥ ੬੯ ॥

**ਨਮੋ ਸਰਬ ਗਯਾਨੰ ॥ ਨਮੋ ਪਰਮ ਤਾਨੰ ॥ ਨਮੋ ਸਰਬ ਮੰਤ੍ਰੰ ॥ ਨਮੋ ਸਰਬ ਜੰਤ੍ਰੰ ॥ ੭੦ ॥**

ਪਦ ਅਰਥ - ਸਰਬ ਗਿਆਨੰ=ਹਰ ਤਰ੍ਹਾਂ ਦੇ ਗਿਆਨ ਰੂਪ। ਪਰਮ ਤਾਨੰ=ਵਡੇ ਵਿਸਥਾਰ ਵਾਲਾ। ਸਰਬ ਮੰਤ੍ਰੰ=ਸਭ ਨੂੰ ਵਸ ਕਰਨ ਵਾਲਾ ਮਹਾਨ ਮੰਤ੍ਰ। ਸਰਬ ਜੰਤ੍ਰੰ=ਸਭ ਨੂੰ ਵਸ ਕਰਨ ਵਾਲਾ ਜੰਤ੍ਰ (ਸਾਧਨ)।

ਹੇ ਸਭ ਜੀਵਾਂ ਦੇ ਗਿਆਨ ਰੂਪ ਅਤੇ ਬੜੇ ਵੱਡੇ ਵਿਸਥਾਰ ਵਾਲੇ ਪ੍ਰਭੂ ! ਤੈਨੂੰ ਨਮਸ਼ਕਾਰ ਹੈ। ਤੂੰ ਸਭ ਨੂੰ ਵੱਸ ਕਰਨ ਵਾਲਾ ਮਹਾਨ ਮੰਤ੍ਰ ਹੈਂ। ਤੈਨੂੰ ਨਮਸ਼ਕਾਰ ਹੈ। ਤੂੰ ਸਭ ਜੀਵਾਂ ਨੂੰ ਵਸ ਕਰਨ ਵਾਲਾ ਮਹਾਨ ਜੰਤ੍ਰ (ਸਾਧਨ) ਹੈਂ॥ ੭੦॥

## ਨਮੋ ਸਰਬ ਦ੍ਰਿੱਸੰ॥ ਨਮੋ ਸਰਬ ਕ੍ਰਿੱਸੰ॥ ਨਮੋ ਸਰਬ ਰੰਗੇ ॥ ਤ੍ਰਿਭੰਗੀ ਅਨੰਗੇ ॥ ੭੧॥

ਪਦ ਅਰਥ - ਦ੍ਰਿੱਸੰ=ਵੇਖਣ ਵਾਲਾ, ਧਿਆਨ ਵਿਚ ਰਖਣ ਵਾਲਾ। ਕ੍ਰਿੱਸੰ=ਸਮੇਟਣ ਵਾਲਾ। ਤ੍ਰਿਭੰਗੀ=ਤਿੰਨ ਭਵਨਾਂ ਦਾ ਨਾਸ ਕਰਨ ਵਾਲਾ। ਅਨੰਗੇ=ਅੰਗ-ਰਹਿਤ।

ਹੇ ਸਭ ਜੀਵਾਂ ਨੂੰ ਆਪਣੀ ਦ੍ਰਿਸ਼ਟੀ ਵਿਚ ਰਖ ਕੇ ਸਭ ਦਾ ਧਿਆਨ ਰਖਣ ਵਾਲੇ ਕਰਤਾਰ! ਤੈਨੂੰ ਨਮਸ਼ਕਾਰ ਹੈ। ਤੂੰ ਸਭ ਜੀਵਾਂ ਨੂੰ ਆਪਣੇ ਵਿਚ ਸਮੇਟਣ ਵਾਲਾ ਹੈਂ। ਹੇ ਸਭ ਰੰਗਾਂ ਵਿਚ ਨਿਵਾਸ ਕਰਨ ਵਾਲੇ ਪ੍ਰਭੂ ! ਤੈਨੂੰ ਨਮਸ਼ਕਾਰ ਹੈ। ਤੂੰ ਤਿੰਨਾਂ ਭਵਨਾਂ ਅਕਾਸ਼, ਪੰਤਾਲ ਤੇ ਮਾਤ ਲੋਕ ਨੂੰ ਨਾਸ ਕਰਨ ਵਾਲਾ ਅਤੇ ਅੰਗ ਰਹਿਤ ਹੈਂ॥ ੭੧॥

## ਨਮੋ ਜੀਵ ਜੀਵੰ ਨਮੋ ਬੀਜ ਬੀਜੇ ॥ ਅਖਿੱਜੇ ਅਭਿੱਜੇ ਸਮਸਤੰ ਪ੍ਰਸਿੱਜੇ ॥ ੭੨॥

ਪਦ ਅਰਥ - ਜੀਵ ਜੀਵੰ=ਜੀਵਾਂ ਦੀ ਜਾਨ। ਬੀਜ ਬੀਜੇ=ਬੀਜਾਂ ਦਾ ਮੂਲ। ਅਖਿੱਜੇ=ਜਿਸ ਨੂੰ ਦਬਾਇਆ ਨਾ ਜਾ ਸਕੇ। ਅਭਿੱਜੇ=ਜਿਸ ਨੂੰ ਤੋੜਿਆ ਨਾ ਜਾ ਸਕੇ। ਪ੍ਰਸਿੱਜੇ=ਪ੍ਰਸੰਨ ਕਰਨ ਵਾਲਾ, ਬਖਸ਼ਿਸ਼ਾਂ ਕਰਨ ਵਾਲਾ, ਪ੍ਰਸੀਜਣ ਵਾਲਾ।

ਹੇ ਸਭ ਜੀਵਾਂ ਦੀ ਜਿੰਦ ਜਾਨ ਤੇ ਸਭ ਬੀਜਾਂ ਦੇ ਮੂਲ ਕਾਰਨ ਵਾਹਿਗੁਰੂ ! ਤੈਨੂੰ ਨਮਸ਼ਕਾਰ ਹੈ। ਤੈਨੂੰ ਕੋਈ ਦਬਾ ਨਹੀਂ ਸਕਦਾ ਤੇ ਨਾ ਹੀ ਤੈਨੂੰ ਕੋਈ ਦੁਖਾ ਸਕਦਾ ਹੈ। ਤੈਨੂੰ ਕੋਈ ਭੰਨ ਤੋੜ ਵੀ ਨਹੀਂ ਸਕਦਾ। ਤੂੰ ਸਭ ਨੂੰ ਬਖਸ਼ਿਸ਼ਾਂ ਕਰਕੇ ਪ੍ਰਸੰਨ ਕਰਨ ਵਾਲਾ ਹੈਂ॥ ੭੨॥

## ਕ੍ਰਿਪਾਲੰ ਸਰੂਪੇ ਕੁਕਰਮੰ ਪ੍ਰਣਾਸੀ॥ ਸਦਾ ਸਰਬਦਾ ਰਿਧਿ ਸਿੱਧੰ ਨਿਵਾਸੀ॥ ੭੩॥

ਪਦ ਅਰਥ - ਕ੍ਰਿਪਾਲੰ=ਕਿਰਪਾ ਦਾ ਘਰ। ਕੁਕਰਮੰ=ਬੁਰੇ ਕੰਮ, ਬਦੀਆਂ। ਪ੍ਰਣਾਸੀ=ਨਾਸ ਕਰਤਾ। ਸਰਬਦਾ=ਸਦੀਵ ਕਾਲ। ਰਿਧ ਸਿਧੰ=ਆਤਮਕ ਸ਼ਕਤੀਆਂ।

ਹੇ ਅਕਾਲ ਪੁਰਖ ! ਤੇਰਾ ਸਰੂਪ ਕ੍ਰਿਪਾ ਦਾ ਘਰ ਹੈ ਭਾਵ ਤੂੰ ਹਰ ਇਕ ਉੱਤੇ ਕਿਰਪਾ ਕਰਦਾ ਹੈਂ, ਤੂੰ ਮੰਦੇ ਕੰਮਾਂ (ਬਦੀਆਂ) ਨੂੰ ਨਾਸ ਕਰਨ ਵਾਲਾ ਹੈਂ। ਤੇਰੇ ਸਰੂਪ ਵਿਚ ਰਿੱਧੀਆਂ ਸਿੱਧੀਆਂ (ਆਤਮਕ ਸ਼ਕਤੀਆਂ) ਸਦਾ ਹੀ ਵਸਦੀਆਂ ਹਨ ਭਾਵ ਤੂੰ ਸਭ ਆਤਮਕ ਸ਼ਕਤੀਆਂ ਦਾ ਮਾਲਕ ਹੈਂ॥ ੭੩॥

## *ਚਰਪਟ ਛੰਦ॥ ਤ੍ਵਪ੍ਰਸਾਦਿ॥*

## ਅੰਮ੍ਰਿਤ ਕਰਮੇ ॥ ਅੰਬ੍ਰਿਤ ਧਰਮੇ ॥ ਅਖੱਲ ਜੋਗੇ ॥ ਅਚੱਲ ਭੋਗੇ ॥ ੭੪॥

ਪਦ ਅਰਥ - ਅੰਮ੍ਰਿਤ=ਅਮਰ: ਨਾ ਨਾਸ ਹੋਣ ਵਾਲਾ। ਅੰਬ੍ਰਿਤ=ਅੱਟਲ, ਅਖੰਡ। ਧਰਮੰ=ਕਾਨੂੰਨ, ਮਰਿਆਦਾ। ਅਖੱਲ=ਸੰਪੂਰਣ। ਜੋਗੇ=ਜੋਗ ਵਾਲਾ। ਅਚੱਲ=ਸਦਾ ਕਾਇਮ ਰਹਿਣ ਵਾਲਾ। ਭੋਗੇ=ਭੋਗਣ ਵਾਲਾ।

ਹੇ ਵਾਹਿਗੁਰੂ ! ਤੇਰੇ ਕਰਮ ਸਦਾ ਅਮਰ ਹਨ। ਤੇਰੀ ਮਰਿਆਦਾ ਭਾਵ ਤੇਰੇ ਨਿਯਮ ਬੇਰੋਕ ਟੋਕ ਚਲਦੇ ਹਨ। ਤੂੰ ਸੰਪੂਰਣ ਜੋਗੀ ਅਤੇ ਭੋਗੀ ਹੈਂ॥ ੭੪॥

**ਅਚੱਲ ਰਾਜੇ ॥ ਅਟੱਲ ਸਾਜੇ ॥ ਅਖੱਲ ਧਰਮੰ ॥ ਅਲੱਖ ਕਰਮੰ ॥ ੭੫ ॥**

ਪਦ ਅਰਥ - ਸਾਜੇ=ਰਚਨਾ। ਅਲੱਖ=ਨਾ ਜਾਣੇ ਜਾਣ ਵਾਲਾ।

ਹੇ ਪ੍ਰਭੂ ! ਤੇਰਾ ਅਚੱਲ ਰਾਜ ਹੈ। ਤੇਰੀ ਰਚਨਾ ਵੀ ਅਟੱਲ ਹੈ। ਤੇਰੀ ਮਰਿਆਦਾ (ਕਾਨੂੰਨ) ਮੁਕੰਮਲ ਹੈ, ਉਸ ਵਿਚ ਕੋਈ ਊਣਤਾਈ ਨਹੀਂ। ਤੇਰੇ ਕੰਮਾਂ ਦਾ ਕੋਈ ਥਹੁ ਨਹੀਂ ਪਾ ਸਕਦਾ ਭਾਵ ਤੇਰੇ ਕਰਮਾਂ ਦਾ ਵੇਰਵਾ ਕੋਈ ਨਹੀਂ ਦੱਸ ਸਕਦਾ॥ ੭੫॥

**ਸਰਬੰ ਦਾਤਾ ॥ ਸਰਬੰ ਗਿਆਤਾ ॥ ਸਰਬੰ ਭਾਨੇ ॥ ਸਰਬੰ ਮਾਨੇ ॥ ੭੬ ॥**

ਪਦ ਅਰਥ - ਗਿਆਤਾ=ਜਾਣਨਹਾਰ। ਭਾਨ=ਸੂਰਜ। ਮਾਨ=ਸਤਕਾਰ ਯੋਗ।

ਹੇ ਕਰਤਾ ਪੁਰਖ ! ਤੂੰ ਸਭ ਜੀਵਾਂ ਨੂੰ ਦਾਤਾਂ ਦੇਣ ਵਾਲਾ ਹੈਂ ਤੇ ਸਭ ਜੀਵਾਂ ਦੇ ਮਨਾਂ ਦੀ ਦਸ਼ਾ ਨੂੰ ਜਾਣਨ ਵਾਲਾ ਹੈਂ। ਤੂੰ ਸਭ ਜੀਵਾਂ ਨੂੰ ਰੌਸ਼ਨੀ ਦੇਣ ਵਾਲਾ ਸੂਰਜ ਹੈਂ। ਸੰਸਾਰ ਦੇ ਸਭ ਜੀਵ ਤੇਰੀ ਪੂਜਾ ਕਰਦੇ ਹਨ॥ ੭੬॥

**ਸਰਬੰ ਪ੍ਰਾਣੰ ॥ ਸਰਬੰ ਤ੍ਰਾਣੰ ॥ ਸਰਬੰ ਭੁਗਤਾ ॥ ਸਰਬੰ ਜੁਗਤਾ ॥ ੭੭ ॥**

ਪਦ ਅਰਥ - ਪ੍ਰਾਣੰ=ਜਿੰਦ ਜਾਨ। ਤ੍ਰਾਣੰ=ਆਸਰਾ। ਭੁਗਤਾ=ਭੋਗਣ ਵਾਲਾ, ਰਾਜਾ। ਜੁਗਤਾ=ਜੁੜਿਆ ਹੋਇਆ।

ਹੇ ਪ੍ਰਭੂ ! ਤੂੰ ਸਭ ਜੀਵਾਂ ਦੀ ਜਿੰਦ ਜਾਨ ਹੈਂ ਤੇ ਸਭ ਦਾ ਆਸਰਾ ਹੈਂ। ਤੂੰ ਸੰਸਾਰ ਦੇ ਸਭ ਪਦਾਰਥਾਂ ਨੂੰ ਭੋਗਣ ਵਾਲਾ ਹੈਂ ਅਥਵਾ ਤੂੰ ਸਭ ਤੇ ਹਕੂਮਤ ਕਰਨ ਵਾਲਾ ਰਾਜਾ ਹੈਂ। ਤੂੰ ਸਭ ਜੀਵਾਂ ਨਾਲ ਮਿਲਿਆ ਹੈਂ ਭਾਵ ਸਭ ਪ੍ਰਾਣੀਆਂ ਵਿਚ ਵਿਆਪਕ ਹੈਂ॥ ੭੭॥

**ਸਰਬੰ ਦੇਵੰ ॥ ਸਰਬੰ ਭੇਵੰ ॥ ਸਰਬੰ ਕਾਲੇ ॥ ਸਰਬੰ ਪਾਲੇ ॥ ੭੮ ॥**

ਪਦ ਅਰਥ - ਦੇਵੰ=ਪ੍ਰਕਾਸ਼ ਰੂਪ, ਪੂਜਣ ਯੋਗ। ਭੇਵੰ=ਭੇਤ। ਕਾਲੇ=ਨਾਸ ਕਰਨ ਵਾਲਾ। ਪਾਲੇ=ਪਾਲਣਹਾਰ।

ਹੇ ਪਰਮਾਤਮਾ ! ਤੂੰ ਪ੍ਰਕਾਸ਼ ਰੂਪ ਤੇ ਪੂਜਣ ਯੋਗ ਹੈਂ। ਤੂੰ ਸਭ ਪ੍ਰਾਣੀਆਂ ਦੇ ਦਿਲਾਂ ਦੇ ਭੇਤ ਜਾਣਨ ਵਾਲਾ ਹੈਂ। ਤੂੰ ਸਭ ਜੀਵਾਂ ਦਾ ਕਾਲ (ਨਾਸ) ਕਰਨ ਵਾਲਾ ਹੈਂ ਤੇ ਸਭ ਦਾ ਪਾਲਣਹਾਰ ਵੀ ਤੂੰ ਹੈਂ॥ ੭੮॥

## ਰੂਆਲ ਛੰਦ ॥ ਤ੍ਵਪ੍ਰਸਾਦਿ ॥

**ਆਦਿ ਰੂਪ ਅਨਾਦਿ ਮੂਰਤਿ ਅਜੋਨਿ ਪੁਰਖ ਅਪਾਰ ॥**

**ਸਰਬ ਮਾਨ ਤ੍ਰਿਮਾਨ ਦੇਵ ਅਭੇਵ ਆਦਿ ਉਦਾਰ॥**
**ਸਰਬ ਪਾਲਕ ਸਰਬ ਘਾਲਕ ਸਰਬ ਕੋ ਪੁਨਿ ਕਾਲ॥**
**ਜੱਤ੍ਰ ਤੱਤ੍ਰ ਬਿਰਜਹੀ ਅਵ ਧੂਤ ਰੂਪ ਰਸਾਲ॥੭੯॥**

ਪਦ ਅਰਥ- ਪੁਰਖ=ਵਿਆਪਕ। ਅਪਾਰ=ਬੇਅੰਤ।

ਹੇ ਅਕਾਲ ਪੁਰਖ ! ਤੇਰਾ ਵਜੂਦ (ਹਸਤੀ) ਸਭ ਤੋਂ ਪਹਿਲਾਂ ਦਾ ਹੈ। ਤੇਰੀ ਹਸਤੀ ਦਾ ਅਰੰਭ ਕੋਈ ਨਹੀਂ ਜਾਣ ਸਕਦਾ। ਤੂੰ ਜਨਮ ਤੋਂ ਰਹਿਤ ਹੈਂ ਭਾਵ ਹੋਰ ਜੀਵਾਂ ਵਾਂਗੂੰ ਜੰਮਦਾ ਨਹੀਂ ਅਤੇ ਤੂੰ ਸਭ ਸ੍ਰਿਸ਼ਟੀ ਵਿਚ ਵਿਅਪਕ ਤੇ ਬੇਅੰਤ ਹੈਂ। ਹੇ ਪਰਮ ਪੁਰਖ ਪਰਮਾਤਮਾ ! ਸੰਸਾਰ ਦੇ ਸਭ ਪ੍ਰਾਣੀ ਤੇਰੇ ਅਗੇ ਨਿਉਂਦੇ ਹਨ ਤੇ ਤਿੰਨਾਂ ਲੋਕਾਂ ਦੇ ਜੀਵ ਤੇਰੀ ਪੂਜਾ ਕਰਦੇ ਹਨ ਅਤੇ ਤੂੰ ਪ੍ਰਕਾਸ਼ ਰੂਪ ਹੈਂ। ਤੇਰਾ ਭੇਦ ਕੋਈ ਨਹੀਂ ਜਾਣ ਸਕਦਾ। ਤੂੰ ਸਭ ਦਾ ਮੁੱਢ ਹੈਂ ਤੇ ਉਦਾਰ ਚਿੱਤ (ਸਖੀ) ਹੈਂ। ਹੇ ਵਾਹਿਗੁਰੂ ! ਤੂੰ ਹੀ ਸਭ ਦੀ ਪਾਲਣਾ ਕਰਨ ਵਾਲਾ ਹੈਂ ਅਤੇ ਤੂੰ ਹੀ ਸਭ ਨੂੰ ਨਾਸ ਕਰਨ ਵਾਲਾ ਹੈਂ। ਫਿਰ ਤੂੰ ਹੀ ਸਭ ਦਾ ਕਾਲ (ਮੌਤ) ਹੈਂ। ਹੇ ਪਰਮਾਤਮਾ ! ਤੂੰ ਹਰ ਜਗ੍ਹਾ ਮੌਜੂਦ ਹੈਂ ਭਾਵ ਸਰਬ ਵਿਆਪਕ ਹੈਂ, ਤੂੰ ਮਾਇਆ ਦਾ ਤਿਆਗੀ ਹੈਂ ਭਾਵ ਮਾਇਕ ਬੰਧਨਾਂ ਤੋਂ ਸੁਤੰਤਰ ਹੈਂ ਤੇ ਤੂੰ ਰਸਾਂ ਦਾ ਸੋਮਾਂ ਹੈਂ॥ ੭੯॥

**ਨਾਮ ਠਾਮ ਨ ਜਾਤ ਜਾਕਰਿ ਰੂਪ ਰੰਗ ਨ ਰੇਖ॥**
**ਆਦਿ ਪੁਰਖ ਉਦਾਰ ਮੂਰਤਿ ਅਜੋਨਿ ਆਦਿ ਅਸੇਖ॥**
**ਦੇਸ ਔਰ ਨ ਭੇਸ ਜਾਕਰਿ ਰੂਪ ਰੇਖ ਨ ਰਾਗ॥**
**ਜੱਤ੍ਰ ਤੱਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ॥੮੦॥**

ਪਦ ਅਰਥ - ਠਾਮ=ਥਾਂ। ਜਾਕਰ=ਜਿਸ ਦਾ। ਰੇਖ=ਨਿਸ਼ਾਨ। ਪੁਰਖ=ਸਰਬ ਵਿਆਪਕ। ਉਦਾਰ ਮੂਰਤਿ=ਖੁਲ੍ਹੇ ਦਿਲ ਵਾਲੀ ਹਸਤੀ। ਅਸੇਖ=ਪੂਰਨ। ਰਾਗ=ਪਿਆਰ, ਮੋਹ। ਦਿਸਾ=ਦਿਸ਼ਾ, ਤਰਫ। ਵਿਸਾ=ਨੁੱਕਰ। ਅਨੁਰਾਗ=ਪਿਆਰ।

ਹੇ ਪ੍ਰਭੂ ! ਤੂੰ ਐਸਾ ਹੈਂ, ਜਿਸ ਦਾ ਕੋਈ ਇਕ ਨਾਮ ਨਹੀਂ, ਨਾ ਹੀ ਜਿਸ ਦਾ ਕੋਈ ਟਿਕਾਣਾ ਹੈ। ਜਿਸ ਦੀ ਕੋਈ ਜਾਤ ਨਹੀਂ, ਜਿਸ ਦਾ ਕੋਈ ਰੂਪ, ਰੰਗ ਤੇ ਨਿਸ਼ਾਨ ਹੈ। ਹੇ ਪਰਮਾਤਮਾ ! ਤੂੰ ਮੁੱਢ ਤੋਂ ਹੀ ਹਰ ਥਾਂ ਵਿਚ ਵਿਅਪਕ ਹੈਂ। ਤੂੰ ਉਦਾਰਤਾ ਦਾ ਸਰੂਪ ਹੈਂ। ਤੂੰ ਜਨਮ ਤੋਂ ਰਹਿਤ ਹੈਂ ਭਾਵ ਤੂੰ ਕਿਸੇ ਜੂਨ ਵਿਚ ਨਹੀਂ ਪੈਂਦਾ। ਤੂੰ ਮੁੱਢ ਤੋਂ ਹੈਂ ਤੇ ਹਰ ਤਰ੍ਹਾਂ ਪੂਰਨ ਹੈਂ, ਤੇਰੇ ਵਿਚ ਕੋਈ ਊਣਤਾਈ ਨਹੀਂ। ਹੇ ਅਕਾਲ ਪੁਰਖ ! ਤੂੰ ਐਸਾ ਹੈਂ, ਜਿਸ ਦਾ ਕੋਈ ਇਕ ਦੇਸ ਨਹੀਂ, ਜਿਸ ਦਾ ਕੋਈ ਖਾਸ ਪਹਿਰਾਵਾ (ਲਿਬਾਸ) ਨਹੀਂ। ਜਿਸ ਦਾ ਕੋਈ ਖਾਸ ਰੂਪ ਨਹੀਂ, ਜਿਸ ਦਾ ਕੋਈ ਨਿਸ਼ਾਨ ਨਹੀਂ ਤੇ ਨਾ ਹੀ ਜਿਸ ਨੂੰ ਕਿਸੇ ਨਾਲ ਮੋਹ ਹੈ। ਉਹ ਵਾਹਿਗੁਰੂ ਚੌਹਾਂ ਦਿਸ਼ਾਂ (ਉੱਤਰ,

ਦੱਖਣ, ਪੂਰਬ, ਪੱਛਮ) ਅਤੇ ਹਰ ਨੁੱਕਰ ਵਿਚ ਪਿਆਰ ਰੂਪ ਹੋ ਕੇ ਵਸ ਰਿਹਾ ਹੈ ਭਾਵ ਹਰ ਪਾਸੇ ਉਸਦਾ ਪਿਆਰ ਪਸਰ ਰਿਹਾ ਹੈ॥ ੮੦॥

**ਨਾਮ ਕਾਮ ਬਿਹੀਨ ਪੇਖਤ ਧਾਮ ਹੂੰ ਨਹਿ ਜਾਹਿ॥**
**ਸਰਬ ਮਾਨ ਸਰਬੱਤ੍ਰ ਮਾਨ ਸਦੈਵ ਮਾਨਤ ਤਾਹਿ॥**
**ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥**
**ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥ ੮੧॥**

ਪਦ ਅਰਥ - ਸਰਬੱਤ੍ਰ=ਹਰ ਜਗ੍ਹਾ। ਸਦੈਵ=ਸਦਾ। ਖੇਲ=ਤਮਾਸ਼ਾ। ਖੇਲ=ਖੇਡ ਕੇ। ਅਖੇਲ=ਖੇਡ ਦਾ ਨਾਸ। ਖੇਲਨ=ਖੇਡਦਾ ਹੈ।

ਹੇ ਪ੍ਰਭੂ ! ਤੂੰ ਐਸਾ ਹੈਂ, ਜਿਸ ਦਾ ਕੋਈ ਇਕ ਖਾਸ ਨਾਮ ਨਹੀਂ, ਜਿਸ ਨੂੰ ਕੋਈ ਕਾਮਨਾ (ਵਾਸ਼ਨਾ) ਨਹੀਂ ਤੇ ਜਿਸ ਦਾ ਕੋਈ ਇਕ ਟਿਕਾਣਾ ਵੇਖਣ ਵਿਚ ਨਹੀਂ ਆਉਂਦਾ।ਉਸ ਪਰਮਾਤਮਾ ਅਗੇ ਸਭ ਸਿਰ ਨਿਵਾਉਂਦੇ ਹਨ। ਸਭ ਜੀਵ ਉਸ ਦੀ ਪੂਜਾ ਕਰਦੇ ਹਨ ਤੇ ਹਰ ਪ੍ਰਾਣੀ ਉਸ ਪ੍ਰਭੂ ਦੀ ਸਦਾ ਮਾਨਤਾ ਕਰਦਾ ਹੈ। ਉਹ ਅਕਾਲ ਪੁਰਖ ਇਕ ਸਰੂਪ ਵਾਲਾ ਹੈ, ਇਕ ਸਰੂਪ ਵਾਲਾ ਹੁੰਦਾ ਹੋਇਆ ਵੀ ਉਹ ਅਨੇਕਾਂ ਸਰੂਪਾਂ ਵਿਚ ਦਿਸ ਰਿਹਾ ਹੈ। ਉਸ ਨੇ ਆਪਣੇ ਕਈ ਰੂਪ ਬਣਾਏ ਹੋਏ ਹਨ ਭਾਵ ਹਰ ਸੂਰਤ ਉਸਦਾ ਸਰੂਪ ਹੈ। ਕਰਤਾ ਪੁਰਖ ਇਸ ਸੰਸਾਰ ਦੀ ਖੇਡ (ਤਮਾਸ਼ਾ) ਖੇਡ ਕੇ ਫਿਰ ਪਰਲੋ (ਨਾਸ ਕਰਨ) ਦੀ ਖੇਡ ਖੇਡਦਾ ਹੈ। ਇਹ ਸਭ ਕੁਝ ਕਰ ਕੇ ਉਹ ਪ੍ਰਭੂ ਫਿਰ ਇਕੋ ਦਾ ਇਕੋ ਰਹਿ ਜਾਂਦਾ ਹੈ॥ ੮੧॥

**ਦੇਵ ਭੇਵ ਨ ਜਾਨਹੀ ਜਿਹ ਬੇਦ ਅਉਰ ਕਤੇਬ॥**
**ਰੂਪ ਰੰਗ ਨ ਜਾਤਿ ਪਾਤਿ ਸੁ ਜਾਨਈ ਕਿਹ ਜੇਬ॥**
**ਤਾਤ ਮਾਤ ਨ ਜਾਤ ਜਾਕਰਿ ਜਨਮ ਮਰਨ ਬਿਹੀਨ॥**
**ਚੱਕ੍ਰ ਬੱਕ੍ਰ ਫਿਰੈ ਚੱਤ੍ਰ ਚੱਕ ਮਾਨਈ ਪੁਰ ਤੀਨ॥ ੮੨॥**

ਪਦ ਅਰਥ - ਪਾਤਿ=ਖਾਨਦਾਨ। ਕਿਹ=ਕਿਹੋ ਜੇਹੀ। ਜੇਬ=ਨੁਹਾਰ। ਤਾਤ=ਪਿਤਾ। ਜਾਕਰ=ਜਿਸ ਦਾ। ਬਿਹੀਨ=ਰਹਿਤ। ਬੱਕ੍ਰ=ਟੇਢਾ, ਭਿਆਨਕ। ਚਤੁਰ ਚੱਕ=ਚਾਰ ਕੂੰਟਾ। ਮਾਨਹੀ=ਮੰਨਦੇ ਹਨ।

ਉਹ ਪ੍ਰਭੂ ਕਿਹੋ ਜਿਹਾ ਹੈ, ਇਸ ਦਾ ਭੇਤ ਦੇਵਤੇ ਵੀ ਨਹੀਂ ਜਾਣਦੇ। ਨਾ ਹੀ ਹਿੰਦੂਆਂ ਦੇ ਧਰਮ ਗ੍ਰੰਥ (ਵੇਦ) ਤੇ ਨਾ ਹੀ ਈਸਾਈ ਤੇ ਇਸਲਾਮ ਮਤ ਦੀਆਂ ਕਤੇਬਾਂ ਤੇ ਕੁਰਾਨ ਆਦਿ ਧਾਰਮਕ ਪੁਸਤਕਾਂ ਉਸ ਦਾ ਭੇਤ ਜਾਣਦੀਆਂ ਹਨ। ਉਸ ਪਰਮਾਤਮਾ ਦੇ ਰੂਪ, ਰੰਗ ਜਾਤ ਤੇ ਖਾਨਦਾਨ (ਕੁਲ) ਬਾਰੇ ਕੋਈ ਨਹੀਂ ਜਾਣਦਾ ਕਿ ਕਿਹੋ ਜਿਹਾ ਹੈ। ਨਾ ਹੀ ਕੋਈ ਜਾਣ ਸਕਿਆ ਹੈ ਕਿ ਉਸ ਦੀ ਨੁਹਾਰ (ਸ਼ਕਲ) ਕਿਹੋ ਜਿਹੀ ਹੈ। ਉਹ ਅਕਾਲ ਪੁਰਖ ਐਸਾ ਹੈ ਕਿ ਜਿਸ ਦਾ ਨਾ ਕੋਈ ਪਿਤਾ

ਹੈ ਤੇ ਨਾ ਮਾਤਾ ਹੈ ਤੇ ਨਾ ਹੀ ਉਸ ਦੀ ਕੋਈ ਜਾਤ ਪਾਤ ਹੈ। ਉਹ ਪ੍ਰਭੂ ਜਨਮ ਮਰਨ ਤੋਂ ਰਹਿਤ ਹੈ ਭਾਵ ਉਹ ਸੰਸਾਰੀ ਜੀਵਾਂ ਵਾਂਗੂੰ ਜੰਮਦਾ ਮਰਦਾ ਨਹੀਂ। ਉਹ ਪਰਮੇਸ਼ਰ ਦਾ ਮੌਤ ਰੂਪ ਭਿਆਨਕ ਚੱਕਰ ਬੜੀ ਤੇਜੀ ਨਾਲ ਚਹੁੰ ਦਿਸ਼ਾਂ ਵਿਚ ਫਿਰ ਰਿਹਾ ਹੈ। ਤਿੰਨਾਂ ਲੋਕਾਂ, ਅਕਾਸ਼, ਪਾਤਾਲ ਤੇ ਮਾਤ ਲੋਕ ਦੇ ਜੀਵ ਉਸ ਪ੍ਰਭੂ ਨੂੰ ਮੰਨਦੇ ਹਨ ਭਾਵ ਉਸ ਪ੍ਰਭੂ ਅਗੇ ਸਿਰ ਨਿਵਾਉਂਦੇ ਹਨ॥ ੮੨॥

**ਲੋਕ ਚਉਦਹ ਕੇ ਬਿਖੈ ਜਗ ਜਾਪਹੀ ਜਿਹ ਜਾਪ॥**
**ਆਦਿ ਦੇਵ ਅਨਾਦਿ ਮੂਰਤਿ ਥਾਪਿਓ ਸਭੈ ਜਿਹ ਥਾਪ॥**
**ਪਰਮ ਰੂਪ ਪੁਨੀਤ ਮੂਰਤਿ ਪੂਰਨ ਪੁਰਖੁ ਅਪਾਰ॥**
**ਸਰਬ ਬਿਸ੍ਵ ਰਚਿਓ ਸੁਯੰਭਵ ਗੜਨ ਭੰਜਨਹਾਰ॥ ੮੩॥**

ਪਦ ਅਰਥ - ਲੋਕ ਚਉਦਹ=੧੪ ਲੋਕ, ਹਿੰਦੂ ਮਤ ਦੇ ਧਰਮ ਗ੍ਰੰਥਾਂ ਵਿਚ ਚੌਦਾਂ ਲੋਕ ਮੰਨੇ ਜਾਂਦੇ ਹਨ, ੭ ਧਰਤੀ ਤੋਂ ਉਪਰ ਤੇ ੭ ਧਰਤੀ ਤੋਂ ਹੇਠਾਂ ਭਾਵ ਸਾਰਾ ਬ੍ਰਹਿਮੰਡ। ਜਾਪਹੀ=ਜਪਦੇ ਹਨ। ਜਿਹ=ਜਿਸ ਦਾ। ਥਾਪਿਓ=ਰਚੀ ਹੈ। ਥਾਪਿ=ਰਚਨਾ। ਪਰਮ ਰੂਪ=ਉੱਚੀ ਹਸਤੀ। ਪੁਨੀਤ=ਪਵਿੱਤਰ। ਪੁਰਖ=ਵਿਆਪਕ। ਅਪਾਰ=ਬੇਅੰਤ। ਸਰਬ ਬਿਸ੍ਵ=ਸਾਰਾ ਸੰਸਾਰ। ਸੁਯੰਭਵ=ਜਿਸ ਦਾ ਜਨਮ ਆਪਣੇ ਆਪ ਤੋਂ ਹੈ। ਗੜਨ = ਬਨਾਉਣ ਵਾਲਾ। ਭੰਜਨਹਾਰ = ਨਾਸ ਕਰਨ ਵਾਲਾ।

ਜਿਸ ਪਰਮਾਤਮਾ ਦਾ ਚੌਦਾਂ ਲੋਕਾਂ ਦੇ ਜੀਵ ਭਾਵ ਸਾਰੀ ਸ੍ਰਿਸ਼ਟੀ ਦੇ ਲੋਕ ਜਾਪ ਕਰਦੇ ਹਨ। ਉਹ ਅਕਾਲ ਪੁਰਖ ਸਭ ਤੋਂ ਮੁਢਲੀ ਪ੍ਰਕਾਸ਼ ਰੂਪ ਹਸਤੀ ਹੈ। ਉਸ ਦੀ ਹੋਂਦ ਦੇ ਮੁੱਢ ਨੂੰ ਕੋਈ ਨਹੀਂ ਜਾਣ ਸਕਦਾ। ਇਸ ਸਾਰੀ ਸ੍ਰਿਸ਼ਟੀ ਦੀ ਰਚਨਾ ਉਸੇ ਦੀ ਰਚੀ ਹੋਈ ਹੈ। ਉਹ ਵਾਹਿਗੁਰੂ ਸਭ ਤੋਂ ਉੱਚੀ ਹਸਤੀ ਵਾਲਾ ਹੈ। ਉਸ ਦਾ ਸਰੂਪ ਅਤੀ ਪਵਿੱਤਰ ਹੈ। ਉਹ ਪੂਰਨ ਰੂਪ ਵਿਚ ਸਭ ਵਿਚ ਵਿਆਪਕ ਹੈ ਤੇ ਬੇਅੰਤ ਹੈ। ਇਹ ਸਾਰਾ ਜਗਤ ਉਸ ਪ੍ਰਭੂ ਨੇ ਰਚਿਆ ਹੈ। ਉਹ ਪਰਮਾਤਮਾ ਆਪਣੇ ਆਪ ਤੋਂ ਹੀ ਪ੍ਰਗਟ ਹੋਇਆ ਹੈ। ਸਾਰੇ ਸੰਸਾਰ ਨੂੰ ਘੜਨਹਾਰਾ ਬਨਾਉਣ ਵਾਲਾ ਉਹ ਪ੍ਰਭੂ ਹੀ ਹੈ ਤੇ ਨਾਸ ਕਰਨ ਵਾਲਾ ਵੀ ਉਹ ਆਪ ਹੀ ਹੈ॥ ੮੩॥

**ਕਾਲ ਹੀਨ ਕਲਾ ਸੰਜੁਗਤਿ ਅਕਾਲ ਪੁਰਖ ਅਦੇਸ॥**
**ਧਰਮ ਧਾਮ ਸੁ ਭਰਮ ਰਹਤ ਅਭੇਤ ਅਲਖ ਅਭੇਸ॥**
**ਅੰਗ ਰਾਗ ਨ ਰੰਗ ਜਾਕਹ ਜਾਤਿ ਪਾਤਿ ਨ ਨਾਮ॥**
**ਗਰਬ ਗੰਜਨ ਦੁਸਟ ਭੰਜਨ ਮੁਕਤਿ ਦਾਇਕ ਕਾਮ॥ ੮੪॥**

ਪਦ ਅਰਥ - ਕਾਲਹੀਨ=ਮੌਤ ਤੋਂ ਰਹਿਤ। ਕਲਾ ਸੰਜੁਗਤਿ=ਸ਼ਕਤੀ ਵਾਲਾ। ਅਕਾਲ=ਕਾਲ (ਸਮਾ) ਰਹਿਤ। ਪੁਰਖ=ਵਿਆਪਕ। ਅਦੇਸ=ਦੇਸ ਰਹਿਤ। ਧਾਮ=ਘਰ। ਅਭੂਤ=ਤੱਤਾਂ ਤੋਂ ਰਹਿਤ। ਅਲਖ=ਅਦ੍ਰਿਸ਼। ਅਭੇਸ=ਭੇਸ ਰਹਿਤ। ਅੰਗ=ਸਰੀਰ। ਰਾਗ=ਮੋਹ। ਪਾਤਿ=ਕੁਲ। ਗਰਬ=ਹੰਕਾਰ।

ਗੰਜਨ=ਤੋੜਨ ਵਾਲਾ। ਦੁਸਟ=ਬੁਰੇ ਪੁਰਸ਼। ਭੰਜਨ=ਨਾਸ ਕਰਨ ਵਾਲਾ। ਮੁਕਤਿ ਦਾਇਕ=ਮੁਕਤੀ ਦੇਣ ਵਾਲਾ। ਕਾਮ=ਕਾਮਨਾ।

ਉਹ ਪਰਮਾਤਮਾ ਮੌਤ ਤੋਂ ਰਹਿਤ ਹੈ, ਸਭ ਸ਼ਕਤੀਆਂ ਦਾ ਸੰਜੁਗਤ ਰੂਪ ਹੈ। ਕਾਲ-ਰਹਿਤ ਹੈ ਭਾਵ ਉਸ ਉਤੇ ਸਮੇਂ ਦਾ ਕੋਈ ਪ੍ਰਭਾਵ ਨਹੀਂ, ਉਹ ਸਮੇਂ ਦੀ ਬੰਦਸ਼ ਤੋਂ ਬਾਹਰ ਹੈ, ਉਹ ਸਭ ਜੀਵਾਂ ਵਿਚ ਵਿਆਪਕ ਹੈ। ਉਸ ਦਾ ਕੋਈ ਦੇਸ ਨਹੀਂ। ਉਹ ਅਕਾਲ ਪੁਰਖ ਧਰਮ ਦਾ ਘਰ (ਅਸਥਾਨ) ਹੈ। ਉਹ ਭਰਮਾਂ ਤੋਂ ਰਹਿਤ ਹੈ। ਉਹ ਸੰਸਾਰੀ ਜੀਵਾਂ ਵਾਂਗੂ ਪੰਜਾਂ ਤੱਤਾਂ ਤੋਂ ਨਹੀਂ ਬਣਿਆਂ। ਉਹ ਕਿਸੇ ਨੂੰ ਦਿੱਸਦਾ ਨਹੀਂ। ਉਸ ਦਾ ਕੋਈ ਖਾਸ ਪਹਿਰਾਵਾ (ਲਿਬਾਸ) ਵੀ ਨਹੀਂ। ਉਹ ਅਕਾਲ ਪੁਰਖ ਐਸਾ ਹੈ, ਜਿਸ ਦਾ ਕੋਈ ਅੰਗ ਨਹੀਂ, ਜਿਸ ਨੂੰ ਸਰੀਰ ਦਾ ਮੋਹ ਨਹੀਂ, ਜਿਸ ਦਾ ਕੋਈ ਰੰਗ ਨਹੀਂ, ਜਿਸ ਦੀ ਨਾ ਕੋਈ ਜਾਤ ਹੈ, ਨਾ ਕੁਲ ਹੈ ਤੇ ਨਾ ਹੀ ਜਿਸ ਦਾ ਕੋਈ ਖਾਸ ਨਾਮ ਹੈ। ਉਹ ਪਰਮਾਤਮਾ ਅਹੰਕਾਰੀਆਂ ਦਾ ਹੰਕਾਰ ਤੋੜਨ ਵਾਲਾ ਹੈ। ਉਹ ਮੁਕਤੀ ਦਾ ਦਾਤਾ ਹੈ ਤੇ ਸਭ ਕਾਮਨਾਂ ਪੂਰੀਆਂ ਕਰਨ ਵਾਲਾ ਹੈ॥ ੮੪॥

**ਆਪ ਰੂਪ ਅਮੀਕ ਅਨ ਉਸਤਤਿ ਏਕ ਪੁਰਖ ਅਵਧੂਤ॥**
**ਗਰਬ ਗੰਜਨ ਸਰਬ ਭੰਜਨ ਆਦਿ ਰੂਪ ਅਸੂਤ॥**
**ਅੰਗ ਹੀਨ ਅਭੰਗ ਅਨਾਤਮ ਏਕ ਪੁਰਖ ਅਪਾਰ॥**
**ਸਰਬ ਲਾਇਕ ਸਰਬ ਘਾਇਕ ਸਰਬ ਕੋ ਪ੍ਰਿਤਪਾਰ॥ ੮੫॥**

ਪਦ ਅਰਥ - ਆਪ ਰੂਪ=ਜਿਸ ਦੀ ਹਸਤੀ ਆਪਣੇ ਆਪ ਤੋਂ ਬਣੀ ਹੈ। ਅਮੀਕ=ਡੂੰਘਾ, ਗਹਿਰਾ। ਅਨ ਉਸਤਤਿ=ਵਡਿਆਈ ਤੋਂ ਪਰੇ। ਅਵਧੂਤ=ਮਾਇਆ ਦਾ ਤਿਆਗੀ, ਅਤੀਤ। ਅਸੂਤ=ਜੋ ਜਨਮ ਵਿਚ ਨਹੀਂ ਆਉਂਦਾ ਜਾਂ ਬੇਲਾਗ ਹੈ। ਅੰਗ ਹੀਨ=ਸਰੀਰ ਤੋਂ ਬਿਨਾਂ। ਅਭੰਗ=ਨਾਸ ਰਹਿਤ, ਅਬਿਨਾਸੀ। ਅਨਾਤਮ=ਜੀਵਾਤਮਾ ਤੋਂ ਬਿਨਾਂ। ਲਾਇਕ=ਸਮਰਥ। ਘਾਇਕ=ਨਾਸ ਕਰਤਾ। ਪ੍ਰਿਤਪਾਰ=ਪਾਲਣਹਾਰ।

ਪਰਮੇਸ਼ਰ ਆਪਣੇ ਆਪ ਤੋਂ ਪ੍ਰਗਟ ਹੋਇਆ ਹੈ। ਉਹ ਗਹਿਰਾ (ਡੂੰਘਾ) ਹੈ, ਉਸ ਦਾ ਕੋਈ ਥਾਹ ਨਹੀਂ ਪਾ ਸਕਦਾ। ਉਸ ਦੀ ਵਡਿਆਈ ਨੂੰ ਕੋਈ ਨਹੀਂ ਜਾਣ ਸਕਦਾ। ਉਹ ਸਭ ਵਿਚ ਇਕੋ ਵਿਆਪਕ ਹੋ ਕੇ ਵਸ ਰਿਹਾ ਹੈ ਤੇ ਮਾਇਆ ਤੋਂ ਰਹਿਤ ਹੈ ਭਾਵ ਉਹ ਮਾਇਆ ਦੇ ਬੰਧਨਾਂ ਤੋਂ ਮੁਕਤ ਹੈ। ਪ੍ਰਭੂ ਹੰਕਾਰੀਆਂ ਦੇ ਹੰਕਾਰ ਨੂੰ ਤੋੜਨ ਵਾਲਾ ਹੈ। ਸਭ ਸ੍ਰਿਸ਼ਟੀ ਦੇ ਜੀਵਾਂ ਨੂੰ ਨਾਸ ਕਰਨ ਵਾਲਾ ਹੈ। ਉਹ ਆਦਿ ਤੋਂ ਹੀ ਮੌਜੂਦ ਹੈ ਤੇ ਜਨਮ ਤੋਂ ਰਹਿਤ ਹੈ ਅਥਵਾ ਉਸ ਦਾ ਕਿਸੇ ਨਾਲ ਕੋਈ ਸੰਬੰਧ ਨਹੀਂ, ਬੇਲਾਗ ਹੈ। ਉਹ ਪਰਮਾਤਮਾ ਸਰੀਰ ਤੋਂ ਬਿਨਾਂ ਹੈ ਤੇ ਅਬਿਨਾਸੀ ਹੈ। ਉਸ ਵਿਚ ਜੀਵਾਤਮਾ ਦੀ ਵਖਰੀ ਆਪਣੀ ਹਸਤੀ ਨਹੀਂ। ਉਹ ਇਕੋ ਇਕ ਆਪ ਹੀ ਸਭ ਵਿਆਪਕ ਹੈ ਤੇ ਬੇਅੰਤ ਹੈ। ਪ੍ਰਭੂ ਸਭ ਕੁਝ ਕਰਨ ਦੀ ਸਮਰਥਾ ਰਖਦਾ ਹੈ। ਸਭ ਜੀਵਾਂ ਦੇ ਨਾਸ ਕਰਨ ਵਾਲਾ ਹੈ ਅਤੇ ਸ੍ਰਿਸ਼ਟੀ ਦੇ ਜੀਵਾਂ ਦੀ ਪਾਲਣਾ ਕਰਨ ਵਾਲਾ ਹੈ॥ ੮੫॥

**ਸਰਬ ਗੰਤਾ ਸਰਬ ਹੰਤਾ ਸਰਬ ਤੇ ਅਨਭੇਖ॥**
**ਸਰਬ ਸਾਸਤ੍ਰ ਨ ਜਾਨਹੀ ਜਿਹ ਰੂਪ ਰੰਗ ਅਰੁ ਰੇਖ॥**
**ਪਰਮ ਬੇਦ ਪੁਰਾਨ ਜਾਕਹਿ ਨੇਤ ਭਾਖਤ ਨਿੱਤ॥**
**ਕੋਟਿ ਸਿੰਮ੍ਰਿਤਿ ਪੁਰਾਨ ਸਾਸਤ੍ਰ ਨ ਆਵਈ ਵਹੁ ਚਿੱਤਿ॥ ੮੬॥**

ਪਦ ਅਰਥ - ਗੰਤਾ=ਪਹੁੰਚਣ ਵਾਲਾ। ਹੰਤਾ=ਮਾਰਨ ਵਾਲਾ। ਅਨਭੇਖ=ਵਖਰੇ ਭੇਸ ਵਾਲਾ। ਨਾ ਜਾਨਹੀ=ਨਹੀਂ ਜਾਣਦੇ। ਰੇਖ=ਨਿਸ਼ਾਨ। ਜਾਕਹਿ=ਜਿਸ ਨੂੰ। ਨੇਤਿ=ਬੇਅੰਤ ਤਥਾ-ਜਿਸ ਵਰਗਾ ਹੋਰ ਕੋਈ ਨਹੀਂ। ਭਾਖਤ=ਕਹਿੰਦੇ ਹਨ। ਕੋਟਿ=ਕਰੋੜਾਂ। ਨ ਆਵਈ=ਨਹੀਂ ਆਉਂਦਾ। ਵਹੁ=ਉਹ ਪ੍ਰਭੂ।

ਉਹ ਵਾਹਿਗੁਰੂ ਸਭ ਪਾਸ ਪਹੁੰਚਣ ਵਾਲਾ ਹੈ ਭਾਵ ਹਰ ਥਾਂ ਪਹੁੰਚਣ ਦੀ ਸ਼ਕਤੀ ਰਖਦਾ ਹੈ ਸਭ ਨੂੰ ਨਾਸ ਕਰਨ ਵਾਲਾ ਹੈ। ਉਸ ਦਾ ਭੇਖ (ਪਹਿਰਾਵਾ) ਸਭ ਤੋਂ ਵਖਰਾ (ਨਿਰਾਲਾ) ਹੈ। ਉਹ ਪਰਮਾਤਮਾ ਐਸਾ ਹੈ, ਜਿਸ ਦੇ ਰੂਪ ਰੰਗ ਤੇ ਨਿਸ਼ਾਨ ਨੂੰ ਸਾਰੇ ਸ਼ਾਸਤ੍ਰ (ਧਰਮ ਪੁਸਤਕ) ਵੀ ਨਹੀਂ ਜਾਣਦੇ। ਉਹ ਅਕਾਲ ਪੁਰਖ ਐਸਾ ਹੈ, ਜਿਸ ਬਾਰੇ ਵੇਦ ਤੇ ਪੁਰਾਣ ਸਦਾ ਇਹੋ ਕਹਿੰਦੇ ਹਨ ਕਿ ਉਹ ਬੇਅੰਤ ਹੈ ਤੇ ਸਭ ਤੋਂ ਉੱਚਾ ਹੈ ਤੇ ਉਸ ਵਰਗਾ ਹੋਰ ਕੋਈ ਨਹੀਂ। ਕਰੋੜਾਂ ਸਿੰਮ੍ਰਤੀਆਂ ਪੁਰਾਣਾਂ ਤੇ ਸ਼ਾਸਤਰਾਂ ਦੇ ਪੜ੍ਹਿਆਂ ਵੀ ਉਸ ਪ੍ਰਭੂ ਦੇ ਅਸਲ ਸਰੂਪ (ਹਸਤੀ) ਦੀ ਸਮਝ ਨਹੀਂ ਆਉਂਦੀ॥ ੮੬॥

## *ਮਧੁਭਾਰ ਛੰਦ॥ ਤ੍ਵਪ੍ਰਸਾਦਿ॥*

**ਗੁਨ ਗਨ ਉਦਾਰ॥ ਮਹਿਮਾ ਅਪਾਰ॥ ਆਸਨ ਅਭੰਗ॥ ਉਪਮਾ ਅਨੰਗ॥ ੮੭॥**

ਪਦ ਅਰਥ - ਗਨ=ਸਮੂਹ। ਉਦਾਰ=ਸਖੀ। ਮਹਿਮਾ=ਵਡਿਆਈ। ਆਸਨ=ਟਿਕਾਣਾ। ਅਭੰਗ=ਅਬਿਨਾਸੀ।

ਉਹ ਵਾਹਿਗੁਰੂ ਬੇਅੰਤ ਸ਼ੁਭ ਗੁਣਾਂ ਦਾ ਭੰਡਾਰ ਹੈ। ਖੁਲ੍ਹੇ ਦਿਲ ਵਾਲਾ (ਸਖੀ) ਹੈ ਅਤੇ ਉਸ ਦੀ ਵਡਿਆਈ ਬੇਅੰਤ ਹੈ। ਉਸ ਦਾ ਆਸਣ (ਟਿਕਾਣਾ) ਅਡੋਲ ਤੇ ਅਬਿਨਾਸੀ ਹੈ ਅਤੇ ਉਸ ਦੇ ਗੁਣਾਂ ਦਾ ਮੁਕਾਬਲਾ ਕਰਨ ਲਈ ਕੋਈ ਹਸਤੀ ਨਹੀਂ ਦਿੱਸਦੀ ਭਾਵ ਉਸ ਵਰਗੇ ਗੁਣ ਕਿਸੇ ਹੋਰ ਵਿਚ ਨਹੀਂ॥ ੮੭॥

**ਅਨਭਉ ਪ੍ਰਕਾਸ॥ ਨਿਸਦਿਨ ਅਨਾਸ॥ ਆਜਾਨ ਬਾਹੁ॥ ਸ਼ਾਹਾਨ ਸ਼ਾਹੁ॥ ੮੮॥**

ਪਦ ਅਰਥ - ਅਨਭਉ=ਸੁਤੇ ਸਿੱਧ। ਪ੍ਰਕਾਸ=ਗਿਆਨ। ਨਿਸਦਿਨ=ਰਾਤ ਤੇ ਦਿਨ। ਅਨਾਸ=ਨਾਸ ਰਹਿਤ। ਅਜਾਨ ਬਾਹੁ=ਉਹ ਜਗਤ-ਰਚਨਾਂ ਦੇ ਸਾਧਨਾਂ ਨੂੰ ਆਪਣੇ ਅਧੀਨ ਰਖਦਾ ਹੈ।

ਹੇ ਅਕਾਲ ਪੁਰਖ ! ਤੈਨੂੰ ਆਪਣੇ ਆਪ ਤੋਂ ਸਭ ਗਿਆਨ ਦਾ ਪ੍ਰਕਾਸ਼ ਹੈ। ਤੂੰ ਦਿਨ ਰਾਤ ਇਸ ਸ੍ਰਿਸ਼ਟੀ ਵਿਚ ਵਰਤ ਰਿਹਾ ਹੈਂ ਤੇ ਨਾਸ ਤੋਂ ਰਹਿਤ ਹੈਂ। ਹੇ ਪਰਮਾਤਮਾ ! ਇਸ ਸ੍ਰਿਸ਼ਟੀ

ਰਚਨਾ ਦੇ ਸਭ ਵਸੀਲਿਆਂ ਤੇ ਤੇਰਾ ਅਧਿਕਾਰ ਹੈ ਤੇ ਤੂੰ ਪਾਤਸ਼ਾਹਾਂ ਦਾ ਪਾਤਸ਼ਾਹ ਹੈਂ॥ ੮੮॥

**ਰਾਜਾਨ ਰਾਜ॥ ਭਾਨਾਨ ਭਾਨ॥ ਦੇਵਾਨ ਦੇਵ॥ ਉਪਮਾ ਮਹਾਨ॥ ੮੯॥**

ਪਦ ਅਰਥ - ਭਾਨ=ਸੂਰਜ। ਦੇਵ=ਪੂਜਣ ਯੋਗ, ਦੇਵਤਾ। ਉਪਮਾ=ਵਡਿਆਈ। ਮਹਾਨ=ਵੱਡੀ।

ਹੇ ਪਰਮੇਸ਼ਰ ! ਤੂੰ ਰਾਜਿਆਂ ਦਾ ਰਾਜਾ ਹੈਂ। ਤੂੰ ਸੂਰਜਾਂ ਦਾ ਸੂਰਜ ਹੈਂ ਭਾਵ ਤੂੰ ਸੂਰਜ ਨੂੰ ਪ੍ਰਕਾਸ਼ ਦੇਣ ਵਾਲਾ ਹੈਂ, ਤੂੰ ਦੇਵਤਿਆਂ ਦਾ ਵੀ ਦੇਵ ਹੈਂ ਭਾਵ ਸਭ ਦੇਵਤੇ ਤੈਨੂੰ ਹੀ ਪੂਜਦੇ ਹਨ। ਤੂੰ ਬਹੁਤ ਵੱਡੀ ਵਡਿਆਈ ਵਾਲਾ ਹੈਂ॥ ੮੯॥

**ਇੰਦ੍ਰਾਨ ਇੰਦ੍ਰ॥ ਬਾਲਾਨ ਬਾਲ॥ ਰੰਕਾਨ ਰੰਕ॥ ਕਾਲਾਨ ਕਾਲ॥ ੯੦॥**

ਪਦ ਅਰਥ - ਇੰਦ੍ਰ=ਦੇਵਤਿਆਂ ਦਾ ਰਾਜਾ। ਬਾਲ=ਉੱਚਾ। ਰੰਕ=ਕੰਗਾਲ। ਕਾਲ=ਮੌਤ।

ਹੇ ਪ੍ਰਭੂ ! ਤੂੰ ਦੇਵਤਿਆਂ ਦੇ ਰਾਜੇ ਇੰਦਰ ਦਾ ਵੀ ਰਾਜਾ ਹੈਂ ਤੇ ਸਭ ਉੱਚਿਆਂ ਤੋਂ ਉੱਚਾ ਹੈਂ। ਤੂੰ ਕੰਗਾਲਾਂ ਤੋਂ ਵੀ ਕੰਗਾਲ ਹੈਂ ਭਾਵ ਕੰਗਾਲਾਂ ਵਿਚ ਵੀ ਤੇਰਾ ਹੀ ਵਾਸਾ ਹੈ। ਤੂੰ ਕਾਲ (ਮੌਤ) ਦਾ ਵੀ ਕਾਲ ਹੈਂ ਭਾਵ ਮੌਤ ਵੀ ਤੇਰੇ ਅਧੀਨ ਹੈ॥ ੯੦॥

**ਅਨਭੂਤ ਅੰਗ॥ ਆਭਾ ਅਭੰਗ॥ ਗਤਿ ਮਿਤਿ ਅਪਾਰ॥ ਗੁਨ ਗਨ ਉਦਾਰ॥ ੯੧॥**

ਪਦ ਅਰਥ - ਅਨਭੂਤ=ਤੱਤਾਂ ਤੋਂ ਰਹਿਤ। ਆਭਾ=ਪ੍ਰਕਾਸ਼। ਅਭੰਗ=ਨਾਸ ਰਹਿਤ। ਗਤਿ=ਦਿਸ਼ਾ, ਹਾਲਤ। ਮਿਤਿ=ਮਿਣਤੀ।

ਹੇ ਵਾਹਿਗੁਰੂ ! ਤੇਰੀ ਹਸਤੀ ਸੰਸਾਰ ਦੇ ਪੰਜਾਂ ਤੱਤਾਂ ਤੋਂ ਬਾਹਰ ਹੈ। ਤੇਰਾ ਪ੍ਰਕਾਸ਼ ਅਖੰਡ ਹੈ, ਕਦੇ ਨਾਸ ਨਹੀਂ ਹੁੰਦਾ। ਤੇਰੀ ਹਾਲਤ ਤੇ ਮਿਣਤੀ ਗਿਣਤੀ ਬੇਅੰਤ ਹੈ ਭਾਵ ਤੂੰ ਕਿਹੋ ਜਿਹਾ ਹੈਂ, ਇਸ ਬਾਰੇ ਕੋਈ ਨਹੀਂ ਜਾਣ ਸਕਦਾ। ਤੂੰ ਬੇਅੰਤ ਸ਼ੁਭ ਗੁਣਾਂ ਦਾ ਮਾਲਕ ਤੇ ਉਦਾਰ-ਚਿਤ ਭਾਵ ਖੁਲ੍ਹੇ ਦਿਲ ਵਾਲਾ ਹੈਂ॥ ੯੧॥

**ਮੁਨਿ ਗਨਿ ਪ੍ਰਨਾਮ॥ ਨਿਰਭੈ ਨ੍ਰਿਕਾਮ॥ ਅਤਿ ਦੁਤਿ ਪ੍ਰਚੰਡ॥ ਮਿਤਿ ਗਤਿ ਅਖੰਡ॥ ੯੨॥**

ਪਦ ਅਰਥ - ਮੁਨਿ ਗਨ=ਬੇਅੰਤ ਰਿਸ਼ੀ, ਮੁਨੀ ਤੇ ਤਪੱਸਵੀ। ਨਿਰਭੈ=ਨਿੱਡਰ। ਨ੍ਰਿਕਾਮ=ਕਾਮਨਾ ਰਹਿਤ। ਦੁਤਿ=ਪ੍ਰਕਾਸ਼। ਪ੍ਰਚੰਡ=ਬੜਾ ਤੇਜ। ਅਖੰਡ=ਨਾਸ ਰਹਿਤ।

ਹੇ ਅਕਾਲ ਪੁਰਸ਼ ! ਬੇਅੰਤ ਰਿਸ਼ੀ, ਮੁਨੀ ਤੇ ਤਪੱਸਵੀ ਤੈਨੂੰ ਨਮਸ਼ਕਾਰ ਕਰਦੇ ਹਨ। ਤੂੰ ਬੇ-ਡਰ ਤੇ ਕਾਮਨਾ (ਵਾਸ਼ਨਾਂ) ਤੋਂ ਬਿਨਾਂ ਹੈਂ। ਤੇਰਾ ਪ੍ਰਕਾਸ਼ ਬੜਾ ਪ੍ਰਚੰਡ ਹੈ ਭਾਵ ਤੇਰਾ ਤੇਜ ਕਿਸੇ ਤੋਂ ਝੱਲਿਆ ਨਹੀਂ ਜਾ ਸਕਦਾ। ਤੇਰੀ ਮਰਯਾਦਾ ਤੇ ਚਾਲ ਇਕ ਰਸ ਚਲਦੀ ਹੈ॥ ੯੨॥

**ਆਲਿਸਜ ਕਰਮ॥ ਆਦ੍ਰਿਸਜ ਧਰਮ॥ ਸਰਬਾ ਭਰਣਾਢਯ॥ ਅਨਡੰਡ ਬਾਢਯ॥ ੯੩॥**

ਪਦ ਅਰਥ - ਆਲਿਸਜ ਕਰਮ=ਉਚੇਰੇ ਉੱਦਮ ਦੀ ਅਣਹੋਂਦ। ਆਦ੍ਰਿਸਜ=ਆਦਰਸ਼ਕ।

ਭਰਣਾਢਯ=ਸਜਾਵਟਾਂ ਨਾਲ ਭਰਪੂਰ। ਅਨਡੰਡ=ਦੰਡ ਰਹਿਤ। ਬਾਢਯ=ਯਕੀਨੀ ਤੌਰ ਤੇ।

ਹੇ ਵਾਹਿਗੁਰੂ ! ਤੈਨੂੰ ਆਪਣੇ ਕੰਮਾਂ ਵਿਚ ਉਚੇਚੇ ਉੱਦਮ ਦੀ ਲੋੜ ਨਹੀਂ ਪੈਂਦੀ ਭਾਵ ਤੂੰ ਆਲਸ ਰਹਿਤ ਹੈਂ। ਤੇਰਾ ਧਰਮ ਆਦਰਸ਼ਕ ਹੈ। ਤੂੰ ਸਭ ਨੂੰ ਭਰਨ ਵਾਲਾ ਭਾਵ ਪਾਲਣ ਵਾਲਾ ਹੈਂ ਤੇ ਤੈਨੂੰ ਯਕੀਨੀ ਤੌਰ ਤੇ ਕੋਈ ਸਜ਼ਾ ਦੇਣ ਵਾਲਾ ਸੰਸਾਰ ਵਿਚ ਨਹੀਂ ਹੈ॥ ੯੩॥

## ਚਾਚਰੀ ਛੰਦ॥ ਤ੍ਵਪ੍ਰਸਾਦਿ॥

## ਗੋਬਿੰਦੇ॥ ਮੁਕੰਦੇ॥ ਉਦਾਰੇ॥ ਅਪਾਰੇ॥ ੯੪॥

ਪਦ ਅਰਥ - ਗੁਬਿੰਦੇ=ਸ੍ਰਿਸ਼ਟੀ ਦੀ ਪਾਲਣਾ ਕਰਨ ਵਾਲਾ। ਮੁਕੰਦੇ=ਮੁਕਤੀ ਦਾਤਾ।

ਹੇ ਪਰਮਾਤਮਾ ! ਤੂੰ ਸਭ ਸ੍ਰਿਸ਼ਟੀ ਦੇ ਜੀਵਾਂ ਦੀ ਪਾਲਣਾ ਕਰਨ ਵਾਲਾ ਹੈਂ ਤੇ ਤੂੰ ਸਭ ਜੀਵਾਂ ਨੂੰ ਮੁਕਤ ਕਰਨ ਵਾਲਾ ਹੈਂ। ਤੂੰ ਖੁਲ੍ਹੇ ਦਿਲ ਵਾਲਾ ਤੇ ਬੇਅੰਤ ਹੈਂ॥ ੯੪॥

## ਹਰੀਅੰ॥ ਕਰੀਅੰ॥ ਨ੍ਰਿਨਾਮੇ॥ ਅਕਾਮੇ॥ ੯੫॥

ਪਦ ਅਰਥ - ਹਰੀਅੰ=ਨਾਸ ਕਰਤਾ। ਕਰੀਅੰ=ਰਚਨਹਾਰ। ਨ੍ਰਿਨਾਮੇ=ਨਾਮ ਰਹਿਤ। ਅਕਾਮੇ=ਵਾਸ਼ਨਾ ਰਹਿਤ।

ਹੇ ਅਕਾਲ ਪੁਰਖ ! ਤੂੰ ਸਭ ਜੀਵਾਂ ਨੂੰ ਨਾਸ ਕਰਨ ਵਾਲਾ ਹੈਂ। ਤੂੰ ਸਭ ਸ੍ਰਿਸ਼ਟੀ ਦਾ ਰਚਨਹਾਰ ਹੈਂ। ਤੇਰਾ ਕੋਈ ਇਕ ਨਾਮ ਨਹੀਂ ਤੇ ਤੂੰ ਕਾਮਨਾ (ਵਾਸ਼ਨਾਂ) ਤੋਂ ਰਹਿਤ ਹੈਂ॥ ੯੫॥

## ਭੁਜੰਗ ਪ੍ਰਯਾਤ ਛੰਦ॥

## ਚੱਤ੍ਰ ਚੱਕ੍ਰ ਕਰਤਾ॥ ਚੱਤ੍ਰ ਚੱਕ੍ਰ ਹਰਤਾ॥ ਚੱਤ੍ਰ ਚੱਕ੍ਰ ਦਾਨੇ॥ ਚੱਤ੍ਰ ਚੱਕ੍ਰ ਜਾਨੇ॥ ੯੬॥

ਪਦ ਅਰਥ - ਚਤ੍ਰ=ਚਾਰ। ਚੱਕ੍ਰ=ਚੱਕ੍ਰ, ਦਿਸ਼ਾਂ। ਹਰਤਾ=ਨਾਸ ਕਰਤਾ। ਦਾਨੇ=ਦਾਨੀ। ਜਾਨੇ=ਜਾਣਨਹਾਰ।

ਹੇ ਵਾਹਿਗੁਰੂ ! ਤੂੰ ਚੌਹਾਂ ਕੂਟਾਂ ਦੇ ਜੀਵਾਂ ਨੂੰ ਰਚਨ ਵਾਲਾ ਹੈਂ ਤੇ ਚੌਹਾਂ ਕੂਟਾਂ ਦੇ ਜੀਵਾਂ ਨੂੰ ਨਾਸ ਕਰਨ ਵਾਲਾ ਹੈਂ। ਤੂੰ ਚੌਹਾਂ ਕੂਟਾਂ ਦੇ ਜੀਵਾਂ ਨੂੰ ਹਰ ਤਰ੍ਹਾਂ ਦੀਆਂ ਦਾਤਾਂ ਦੇਣ ਵਾਲਾ ਹੈਂ ਤੇ ਚਾਰ ਕੂਟਾਂ ਦੇ ਜੀਵਾਂ ਦੇ ਦਿਲਾਂ ਦੀਆਂ ਜਾਣਨ ਵਾਲਾ ਹੈਂ॥ ੯੬॥

## ਚੱਤ੍ਰ ਚੱਕ੍ਰ ਵਰਤੀ॥ ਚੱਤ੍ਰ ਚੱਕ੍ਰ ਭਰਤੀ॥ ਚੱਤ੍ਰ ਚੱਕ੍ਰ ਪਾਲੇ॥ ਚੱਤ੍ਰ ਚੱਕ੍ਰ ਕਾਲੇ॥ ੯੭॥

ਪਦ ਅਰਥ - ਵਰਤੀ=ਵਿਆਪਕ। ਭਰਤੀ=ਪਾਲਣ ਵਾਲਾ। ਪਾਲੇ=ਰਖਿਆ ਕਰਨ ਵਾਲਾ। ਕਾਲੇ=ਮੌਤ।

ਹੇ ਪਰਮਾਤਮਾ ! ਤੂੰ ਹਰ ਥਾਂ ਵਿਆਪਕ ਹੈਂ ਅਤੇ ਸਭ ਪ੍ਰਾਣੀਆਂ ਦਾ ਪਾਲਣਹਾਰ ਹੈ ਤੂੰ ਸਭ ਦੀ ਰਖਿਆ ਕਰਨ ਵਾਲਾ ਤੇ ਸਭ ਨੂੰ ਮਾਰਨ ਵਾਲਾ ਹੈਂ॥ ੯੭॥

**ਚੱਤ੍ਰ ਚੱਕ੍ਰ ਪਾਸੇ॥ ਚੱਤ੍ਰ ਚੱਕ੍ਰ ਵਾਸੇ॥ ਚੱਤ੍ਰ ਚੱਕ੍ਰ ਮਾਨਜੈ॥ ਚੱਤ੍ਰ ਚੱਕ੍ਰ ਦਾਨਜੈ॥ ੯੮॥**

ਪਦ ਅਰਥ - ਪਾਸੇ=ਵਖਰਾ। ਵਾਸੇ=ਵਸ ਰਿਹਾ। ਮਾਨਯੈ=ਪੂਜਿਆ ਜਾਣ ਵਾਲਾ। ਦਾਨਯੈ=ਦਾਤਾਂ ਦੇਣ ਵਾਲਾ।

ਹੇ ਪਰਮੇਸ਼ਰ ! ਤੂੰ ਚਾਰੇ ਦਿਸ਼ਾਂ ਤੋਂ ਵੱਖਰਾ, ਲਾਂਭੇ ਵੀ ਹੈਂ ਤੇ ਹਰ ਪਾਸੇ ਵੱਸ ਵੀ ਰਿਹਾ ਹੈਂ। ਹਰ ਪਾਸੇ ਤੇਰੀ ਪੂਜਾ ਹੁੰਦੀ ਹੈ ਤੇ ਸਭ ਜੀਵਾਂ ਨੂੰ ਦਾਤਾਂ ਦੇ ਰਿਹਾ ਹੈਂ॥ ੯੮॥

## *ਚਾਚਰੀ ਛੰਦ॥*

**ਨ ਸ਼ੱਤ੍ਰੈ॥ ਨ ਮਿੱਤ੍ਰੈ॥ ਨ ਭਰਮੰ॥ ਨ ਭਿੱਤ੍ਰੈ॥ ੯੯॥**

ਪਦ ਅਰਥ - ਸ਼ੱਤ੍ਰੈ=ਦੁਸ਼ਮਨ। ਭਰਮੰ=ਭੁਲੇਖਾ। ਭਿੱਤ੍ਰੈ=ਡਰ, ਦੁਖ।

ਹੇ ਅਕਾਲ ਪੁਰਖ ! ਤੇਰਾ ਕੋਈ ਦੁਸ਼ਮਨ ਨਹੀਂ ਤੇ ਨਾ ਹੀ ਤੇਰਾ ਕੋਈ ਮਿੱਤਰ ਹੈ। ਤੈਨੂੰ ਕੋਈ ਭਰਮ ਭੁਲੇਖਾ ਨਹੀਂ ਭਾਵ ਤੈਨੂੰ ਕੋਈ ਭਟਕਣਾ ਨਹੀਂ ਤੇ ਨਾ ਹੀ ਤੈਨੂੰ ਕੋਈ ਡਰ ਜਾਂ ਦੁਖ ਹੈ॥ ੯੯॥

**ਨ ਕਰਮੰ॥ ਨ ਕਾਏ॥ ਅਜਨਮੰ॥ ਅਜਾਏ॥ ੧੦੦॥**

ਪਦ ਅਰਥ - ਕਾਏ=ਸਰੀਰ। ਅਜਨਮੰ=ਜਨਮ ਰਹਿਤ। ਅਜਾਏ=ਕਿਸੇ ਖਾਸ ਥਾਂ ਨਾ ਰਹਿਣ ਵਾਲਾ।

ਹੇ ਵਾਹਿਗੁਰੂ ! ਤੂੰ ਕਿਸੇ ਤਰ੍ਹਾਂ ਦੇ ਕਰਮਾਂ ਦੇ ਅਧੀਨ ਨਹੀਂ। ਤੇਰਾ ਕੋਈ ਖਾਸ ਸਰੀਰ ਨਹੀਂ। ਤੂੰ ਜਨਮ ਤੋਂ ਰਹਿਤ ਹੈਂ ਤੇ ਤੇਰਾ ਕੋਈ ਇਕ ਟਿਕਾਣਾ ਨਹੀਂ ਭਾਵ ਤੈਨੂੰ ਕਿਸੇ ਇਸਤਰੀ ਨੇ ਨਹੀਂ ਜਨਮਿਆਂ॥ ੧੦੦॥

**ਨ ਚਿੱਤ੍ਰੈ॥ ਨ ਮਿੱਤ੍ਰੈ॥ ਪਰੇ ਹੈਂ॥ ਪਵਿੱਤ੍ਰੈ॥ ੧੦੧॥**

ਪਦ ਅਰਥ - ਚਿੱਤ੍ਰ=ਤਸਵੀਰ, ਮੂਰਤ। ਪਰੇ=ਦੂਰ।

ਹੇ ਅਕਾਲ ਪੁਰਖ ! ਤੇਰੀ ਕੋਈ ਮੂਰਤ ਨਹੀਂ। ਤੇਰਾ ਕੋਈ ਖਾਸ ਮਿੱਤਰ ਵੀ ਨਹੀਂ। ਤੂੰ ਸਭ ਤੋਂ ਦੂਰ ਰਹਿਣ ਵਾਲਾ ਹੈਂ ਭਾਵ ਸਭ ਤੋਂ ਨਿਰਲੇਪ ਰਹਿੰਦਾ ਹੈਂ। ਤੇਰੀ ਹਸਤੀ ਪਰਮ ਪਵਿੱਤਰ ਹੈ ਭਾਵ ਤੂੰ ਸ਼ੁਧ ਆਤਮਾ ਹੈਂ॥ ੧੦੧॥

**ਪ੍ਰਿਥੀਸੈ॥ ਅਦੀਸੈ॥ ਅਦ੍ਰਿਸੈ॥ ਅਕ੍ਰਿਸੈ॥ ੧੦੨॥**

ਪਦ ਅਰਥ - ਪ੍ਰਿਥੀਸੈ=ਪ੍ਰਿਥਵੀ ਦਾ ਮਾਲਕ। ਅਦੀਸੈ=ਸਭ ਤੋਂ ਆਰੰਭ ਦਾ ਮਾਲਕ। ਅਦ੍ਰਿਸੈ=ਨ ਦਿਸੱਣ ਵਾਲਾ। ਅਕ੍ਰਿਸੈ=ਨਿਰਬਲ ਨਾ ਹੋਣ ਵਾਲਾ।

ਹੇ ਪਰਮਾਤਮਾ ! ਤੂੰ ਸਾਰੀ ਪ੍ਰਿਥਵੀ ਦਾ ਮਾਲਕ ਹੈਂ। ਸਭ ਤੋਂ ਆਰੰਭ ਦਾ ਮਾਲਕ ਹੈਂ ਤੂੰ ਕਿਸੇ ਨੂੰ ਦਿਖਾਈ ਨਹੀਂ ਦਿੰਦਾ ਤੇ ਨਾ ਹੀ ਤੂੰ ਨਿਰਬਲ ਹੋਣ ਵਾਲਾ ਹੈਂ॥ ੧੦੨॥

## ਭਗਵਤੀ ਛੰਦ॥ ਤ੍ਵਪ੍ਰਸਾਦਿ ਕਥਤੇ॥

**ਕਿ ਆਛਿੱਜ ਦੇਸੈ॥ ਕਿ ਆਭਿੱਜ ਭੇਸੈ॥**
**ਕਿ ਆਗੰਜ ਕਰਮੈ॥ ਕਿ ਆਭੰਜ ਭਰਮੈ॥੧੦੩॥**

ਪਦ ਅਰਥ - ਆਛਿੱਜ=ਅਖੰਡ, ਨਾਸ ਨਾ ਹੋਣ ਵਾਲਾ। ਆਭਿੱਜ=ਜਿਸ ਨੂੰ ਕੋਈ ਨਾਸ ਨਾ ਕਰ ਸਕੇ। ਆਗੰਜ=ਅਜਿੱਤ। ਆਭੰਜ=ਅਡੋਲ।

ਹੇ ਪ੍ਰਭੂ ! ਤੇਰਾ ਦੇਸ਼ ਨਾਸ ਹੋਣ ਵਾਲਾ ਨਹੀਂ ਤੂੰ ਅਖੰਡ ਹੈ। ਤੇਰਾ ਵੇਸ ਵੀ ਅਬਿਨਾਸੀ ਹੈ। ਤੂੰ ਕਿਸੇ ਤਰ੍ਹਾਂ ਦੇ ਧਾਰਮਕ ਕਰਮ ਕਰਕੇ ਜਿੱਤਿਆ ਜਾਣ ਵਾਲਾ ਨਹੀਂ। ਤੈਨੂੰ ਕੋਈ ਭਰਮ ਭੁਲੇਖਾ ਨਹੀਂ ਡੁਲਾ ਸਕਦਾ ਭਾਵ ਤੂੰ ਭਰਮਾਂ ਤੋਂ ਉੱਚਾ ਹੈਂ॥੧੦੩॥

**ਕਿ ਆਭਿੱਜ ਲੋਕੈ॥ ਕਿ ਆਦਿੱਤ ਸੋਕੈ॥**
**ਕਿ ਅਵਧੂਤ ਬਰਨੈ॥ ਕਿ ਬਿੱਭੂਤ ਕਰਨੈ॥੧੦੪॥**

ਪਦ ਅਰਥ - ਆਭਿੱਜ=ਅਟੁੱਟ। ਆਦਿਤ=ਸੂਰਜ। ਸੋਕੈ=ਸੁਕਾਉਣ ਵਾਲਾ। ਅਵਧੂਤ=ਮਾਇਆ ਤੋਂ ਤਿਆਗੀ। ਬਰਨੈ=ਸਰੂਪ। ਬਿੱਭੂਤਿ=ਐਸ੍ਵਰਜ। ਕਰਨੈ=ਸੋਮਾ।

ਹੇ ਪਰਮੇਸ਼ਰ ! ਤੇਰਾ ਦੇਸ ਅਬਿਨਾਸੀ ਹੈ। ਤੂੰ ਸੂਰਜ ਦੇ ਤੇਜ ਨੂੰ ਸੁਕਾਉਣ ਵਾਲਾ ਹੈਂ। ਭਾਵ ਤੂੰ ਸੂਰਜ ਦੇ ਤੇਜ ਤੋਂ ਵੀ ਵਧੀਕ ਤੇਜ ਵਾਲਾ ਹੈਂ । ਤੇਰਾ ਸਰੂਪ ਮਾਇਆ ਤੋਂ ਰਹਿਤ ਹੈ ਭਾਵ ਤੂੰ ਸ਼ੁੱਧ ਸਰੂਪ ਵਾਲਾ ਹੈਂ । ਤੂੰ ਧਨ ਤੇ ਐਸ੍ਵਰਜ ਦਾ ਸੋਮਾ ਹੈਂ॥੧੦੪॥

**ਕਿ ਰਾਜੰ ਪ੍ਰਭਾ ਹੈਂ॥ ਕਿ ਧਰਮੰ ਧੁਜਾ ਹੈਂ॥**
**ਕਿ ਆਸ਼ੋਕ ਬਰਨੈ॥ ਕਿ ਸਰਬਾ ਅਭਰਨੈ॥੧੦੫॥**

ਪਦ ਅਰਥ - ਪ੍ਰਭਾ=ਤੇਜ, ਚਮਕ। ਧੁਜਾ=ਝੰਡਾ, ਸ਼ੋਭਾ ਦੇਣ ਵਾਲਾ। ਆਸ਼ੋਕ=ਸ਼ੋਕ ਰਹਿਤ। ਅਭਰਨੈ=ਸ਼ਿੰਗਾਰ !

ਹੇ ਅਕਾਲ ਪੁਰਖ ! ਤੂੰ ਰਾਜਿਆ ਦੀ ਸ਼ੋਭਾ ਹੈਂ । ਭਾਵ ਰਾਜਿਆਂ ਵਿਚ ਤੇਰਾ ਹੀ ਤੇਜ ਵਰਤ ਰਿਹਾ ਹੈ । ਤੂੰ ਧਰਮ ਦਾ ਝੰਡਾ ਹੈਂ ਭਾਵ ਤੂੰ ਧਰਮ ਨੂੰ ਸ਼ੋਭਾ ਦੇਣ ਵਾਲਾ ਹੈਂ। ਤੇਰਾ ਸਰੂਪ ਸ਼ੋਕ-ਰਹਿਤ ਹੈ ਭਾਵ ਤੈਨੂੰ ਕੋਈ ਦੁਖ ਨਹੀਂ ਵਿਆਪਦਾ ਤੂੰ ਸਭ ਜੀਵਾਂ ਦਾ ਸ਼ਿੰਗਾਰ ਹੈਂ॥੧੦੫॥

**ਕਿ ਜਗਤੰ ਕ੍ਰਿਤੀ ਹੈਂ॥ ਕਿ ਛਤ੍ਰੰ ਛਤ੍ਰੀ ਹੈਂ॥**
**ਕਿ ਬ੍ਰਹਮੰ ਸਰੂਪੈ॥ ਕਿ ਅਨਭਉ ਅਨੂਪੈ॥੧੦੬॥**

ਪਦ ਅਰਥ - ਕ੍ਰਿਤੀ=ਸਿਰਜਣਹਾਰ। ਛਤ੍ਰੰ ਛਤ੍ਰੀ=ਮਹਾਨ ਸੂਰਮਾ। ਬ੍ਰਹਮੰ=ਸੁੰਦਰਤਾ ਦਾ ਮੂਲ।

ਅਨਭਉ=ਗਿਆਨ ਸਰੂਪ। ਅਨੂਪੈ=ਉਪਮਾ ਰਹਿਤ।

ਹੇ ਵਾਹਿਗੁਰੂ ! ਤੂੰ ਸਾਰੀ ਸ੍ਰਿਸ਼ਟੀ ਦਾ ਸਿਰਜਣਹਾਰ ਹੈਂ। ਤੂੰ ਸੂਰਮਿਆਂ ਦਾ ਸੂਰਮਾ ਹੈਂ ਭਾਵ ਮਹਾਨ ਯੋਧਾ ਹੈਂ । ਤੇਰੀ ਹਸਤੀ ਸੁੰਦਰਤਾ ਦਾ ਮੂਲ ਹੈ। ਤੂੰ ਐਸਾ ਗਿਆਨ ਸਰੂਪ ਹੈ, ਜੋ ਉਪਮ ਰਹਿਤ ਹੈਂ॥੧੦੬॥

## ਕਿ ਆਦਿ ਅਦੇਵ ਹੈਂ॥ ਕਿ ਆਪਿ ਅਭੇਵ ਹੈਂ॥
## ਕਿ ਚਿੱਤ੍ਰੰ ਬਿਹੀਨੈ॥ ਕਿ ਏਕੈ ਅਧੀਨੈ॥੧੦੭॥

ਪਦ ਅਰਥ - ਆਦਿ=ਸਭ ਦਾ ਮੁੱਢ। ਅਦੇਵ=ਜਿਸ ਵਰਗਾ ਹੋਰ ਕੋਈ ਦੇਵਤਾ ਨਹੀਂ। ਅਭੇਵ=ਜਿਸ ਦਾ ਭੇਤ ਨਹੀਂ ਪਾਇਆ ਜਾ ਸਕਦਾ। ਚਿੱਤ੍ਰ=ਤਸਵੀਰ। ਏਕੈ ਅਧੀਨੈ=ਇਕ ਆਪਣੇ ਆਪ ਦੇ ਅਧੀਨ।

ਹੇ ਪ੍ਰਭੂ ! ਤੂੰ ਆਦਿ ਤੋਂ ਹੀ ਮੌਜੂਦ ਹੈ। ਤੇਰੇ ਤੋਂ ਵਧ ਕੇ ਹੋਰ ਕੋਈ ਦੇਵਤਾ ਪੂਜਣ ਯੋਗ ਨਹੀਂ। ਤੂੰ ਆਪਣੇ ਵਰਗਾ ਆਪ ਹੀ ਹੈਂ। ਤੇਰਾ ਭੇਤ ਕੋਈ ਨਹੀਂ ਜਾਣ ਸਕਦਾ। ਤੇਰੀ ਕੋਈ ਤਸਵੀਰ ਮੂਰਤ ਨਹੀਂ ਬਣ ਸਕਦੀ। ਤੂੰ ਆਪਣੇ ਅਧੀਨ ਆਪ ਹੀ ਹੈਂ ਭਾਵ ਤੂੰ ਕਿਸੇ ਦਾ ਗ਼ੁਲਾਮ ਨਹੀਂ ॥੧੦੭॥

## ਕਿ ਰੋਜ਼ੀ ਰਜ਼ਾਕੈ॥ ਰਹੀਮੈ ਰਿਹਾਕੈ॥
## ਕਿ ਪਾਕ ਬਿਐਬ ਹੈਂ॥ ਕਿ ਗ਼ੈਬੁਲ ਗ਼ੈਬ ਹੈਂ॥੧੦੮॥

ਪਦ ਅਰਥ - ਰੋਜ਼ੀ ਰਜ਼ਾਕੇ=ਰਿਜ਼ਕ ਦੇਣ ਵਾਲਾ। ਰਹੀਮ=ਰਹਿਮ ਕਰਨ ਵਾਲਾ। ਰਿਹਾਕੈ=ਰਿਹਾਈ ਦੇਣ ਵਾਲਾ। ਪਾਕ=ਪਵਿੱਤਰ ਬਿਐਬ=ਕਲੰਕ-ਰਹਿਤ। ਗ਼ੈਬੁਲ ਗ਼ੈਬ=ਮੁਕੰਮਲ ਤੌਰ ਤੇ ਗੁਪਤ।

ਹੇ ਪਰਮਾਤਮਾ ! ਤੂੰ ਸਭ ਸੰਸਾਰ ਦੇ ਜੀਵਾਂ ਨੂੰ ਰੋਜ਼ੀ ਤੇ ਰਿਜ਼ਕ ਦੇਣ ਵਾਲਾ ਹੈਂ। ਤੂੰ ਸਭ ਜੀਵਾਂ ਤੇ ਰਹਿਮ ਦਇਆ ਕਰਨ ਵਾਲਾ ਹੈਂ ਅਤੇ ਸਭ ਨੂੰ ਮੁਕਤੀ ਦੇਣ ਵਾਲਾ ਹੈਂ। ਤੇਰਾ ਸਰੂਪ ਮਹਾਨ ਪਵਿੱਤਰ ਤੇ ਕਲੰਕ ਰਹਿਤ ਹੈ। ਤੂੰ ਪੂਰਨ ਤੌਰ ਤੇ ਗੁਪਤ ਹੋ ਕੇ ਸਭ ਥਾਂ ਵਰਤ ਰਿਹਾ ਹੈਂ॥੧੦੮॥

## ਕਿ ਅਫਵੁਲ ਗੁਨਾਹ ਹੈਂ॥ ਕਿ ਸ਼ਾਹਾਨ ਸ਼ਾਹ ਹੈਂ॥
## ਕਿ ਕਾਰਨ ਕੁਨਿੰਦ ਹੈਂ॥ ਕਿ ਰੋਜ਼ੀ ਦਿਹੰਦ ਹੈਂ॥੧੦੯॥

ਪਦ ਅਰਥ - ਅਫਵੁਲ=ਬਖਸ਼ਣ ਵਾਲਾ। ਕੁਨਿੰਦ=ਕਰਨ ਵਾਲਾ। ਦਿਹੰਦ=ਦੇਣ ਵਾਲਾ।

ਹੇ ਕਰਤਾਰ ! ਤੂੰ ਸਭ ਜੀਵਾਂ ਦੇ ਪਾਪਾਂ ਨੂੰ ਬਖਸ਼ਣ ਵਾਲਾ ਹੈਂ। ਤੂੰ ਬਾਦਸ਼ਾਹਾਂ ਦਾ ਬਾਦਸ਼ਾਹ ਹੈਂ। ਤੂੰ ਸਭ ਕਾਰਨਾਂ ਦਾ ਕਰਨਹਾਰ ਹੈਂ ਅਤੇ ਸਭ ਜੀਵਾਂ ਦਾ ਰਿਜ਼ਕ ਦਾਤਾ ਹੈਂ॥੧੦੯॥

**ਕਿ ਰਾਜ਼ਕ ਰਹੀਮ ਹੈਂ॥ ਕਿ ਕਰਮੰ ਕਰੀਮ ਹੈਂ॥**
**ਕਿ ਸਰਬੰ ਕਲੀ ਹੈਂ॥ ਕਿ ਸਰਬੰ ਦਲੀ ਹੈਂ॥੧੧੦॥**

ਪਦ ਅਰਥ - ਕਰਮ=ਬਖਸ਼ਿਸ਼। ਕਰੀਮ=ਬਖਸ਼ਿਸ਼ ਕਰਨ ਵਾਲਾ। ਕਲੀ=ਸ਼ਕਤੀਵਾਨ। ਦਲੀ=ਨਾਸ ਕਰਨ ਵਾਲਾ।

ਹੇ ਪ੍ਰਭੂ ! ਤੂੰ ਸਭ ਜੀਵਾਂ ਨੂੰ ਰਿਜ਼ਕ ਦੇਣ ਵਾਲਾ ਤੇ ਸਭ ਤੇ ਦਇਆ ਕਰਨ ਵਾਲਾ ਹੈਂ। ਤੂੰ ਸਭ ਬਖਸ਼ਿਸ਼ਾਂ ਕਰਨ ਵਾਲਾ ਹੈਂ। ਤੂੰ ਸਭ ਸ਼ਕਤੀਆਂ ਦਾ ਮਾਲਕ ਹੈਂ ਤੂੰ ਸਭ ਪ੍ਰਾਣੀਆਂ ਦਾ ਨਾਸ ਕਰਨ ਵਾਲਾ ਹੈਂ॥੧੧੦॥

**ਕਿ ਸਰਬਤ੍ਰ ਮਾਨਜੈ॥ ਕਿ ਸਰਬਤ੍ਰ ਦਾਨਜੈ॥**
**ਕਿ ਸਰਬਤ੍ਰ ਗਉਨੈ॥ ਕਿ ਸਰਬਤ੍ਰ ਭਉਨੈ॥੧੧੧॥**

ਪਦ ਅਰਥ - ਮਾਨਿਯੈ=ਮਾਨਯੋਗ। ਸਰਬੱਤ੍ਰ=ਹਰ ਥਾਂ। ਦਾਨਿਯੈ=ਦਾਨੀ। ਗਉਨੈ=ਪਹੁੰਚ। ਭਉਨੈ=ਲੋਕ।

ਹੇ ਅਕਾਲ ਪੁਰਖ ! ਸਭ ਥਾਂ ਤੇਰੀ ਪੂਜਾ ਪ੍ਰਤਿਸ਼ਟਾ ਹੋ ਰਹੀ ਹੈ। ਤੂੰ ਸਭ ਜੀਵਾਂ ਨੂੰ ਦਾਤਾਂ ਦੇਣ ਵਾਲਾ ਹੈਂ। ਤੂੰ ਹਰ ਥਾਂ ਪਹੁੰਚ ਸਕਦਾ ਹੈਂ। ਤੂੰ ਸਭ ਲੋਕਾਂ ਭਾਵ ਭਵਨਾਂ ਵਿਚ ਵਿਆਪਕ ਹੈਂ॥੧੧੧॥

**ਕਿ ਸਰਬਤ੍ਰ ਦੇਸੈ॥ ਕਿ ਸਰਬਤ੍ਰ ਭੇਸੈ॥**
**ਕਿ ਸਰਬਤ੍ਰ ਰਾਜੈ॥ ਕਿ ਸਰਬਤ੍ਰ ਸਾਜੈ॥੧੧੨॥**

ਪਦ ਅਰਥ - ਰਾਜੈ=ਪ੍ਰਕਾਸ਼ ਕਰ ਰਿਹਾ ਹੈਂ। ਸਾਜੈ=ਰਚਨਾ।

ਹੇ ਵਾਹਿਗੁਰੂ ! ਤੂੰ ਸਭ ਦੇਸਾਂ ਵਿਚ ਵਸ ਰਿਹਾ ਹੈਂ। ਸਭ ਭੇਸਾਂ ਪਹਿਰਾਵਿਆ ਵਿਚ ਵੀ ਤੂੰ ਹੀ ਹੈਂ। ਤੂੰ ਹਰ ਥਾਂ ਪ੍ਰਕਾਸ਼ ਕਰ ਰਿਹਾ ਹੈਂ ਭਾਵ ਸਭ ਥਾਂ ਤੇਰਾ ਤੇਜ ਹੀ ਸੋਭਾ ਦੇ ਰਿਹਾ ਹੈ। ਸਾਰੀ ਸ੍ਰਿਸ਼ਟੀ ਤੇਰੀ ਰਚੀ ਹੋਈ ਹੈ॥੧੧੨॥

**ਕਿ ਸਰਬਤ੍ਰ ਦੀਨੈਂ॥ ਕਿ ਸਰਬਤ੍ਰ ਲੀਨੈਂ॥**
**ਕਿ ਸਰਬਤ੍ਰ ਜਾਹੋ॥ ਕਿ ਸਰਬਤ੍ਰ ਭਾਹੋ॥੧੧੩॥**

ਪਦ ਅਰਥ - ਦੀਨੈ=ਦਾਨ ਦੇ ਰਿਹਾ ਹੈਂ। ਲੀਨੈ=ਵਿਆਪਕ। ਜਾਹੋ=ਜਲਾਲ। ਭਾਹੋ=ਨੂਰ।

ਹੇ ਪ੍ਰਭੂ ! ਤੂੰ ਸਭ ਜੀਵਾਂ ਨੂੰ ਦਾਨ ਦੇ ਰਿਹਾ ਹੈਂ। ਤੂੰ ਹਰ ਥਾਂ ਲੀਨ ਭਾਵ ਵਿਆਪਕ ਹੈਂ। ਹਰ ਥਾਂ ਤੇਰਾ ਹੀ ਜਲਾਲ ਤੇਜ ਹੈ ਤੇ ਹਰ ਥਾਂ ਤੇਰਾ ਹੀ ਨੂਰ ਭਾਵ ਪ੍ਰਕਾਸ਼ ਪਸਰ ਰਿਹਾ ਹੈ॥੧੧੩॥

**ਕਿ ਸਰਬਤ੍ਰ ਦੇਸੈ ॥ ਕਿ ਸਰਬਤ੍ਰ ਭੇਸੈ ॥ ਕਿ ਸਰਬਤ੍ਰ ਕਾਲੈ ॥ ਕਿ ਸਰਬਤ੍ਰ ਪਾਲੈ ॥ ੧੧੪ ॥**

ਹੇ ਪਰਮਾਤਮਾ ! ਤੂੰ ਸਭ ਦੇਸਾਂ ਵਿਚ ਮੌਜੂਦ ਹੈਂ ਤੇ ਸਭ ਭੇਸਾਂ ਵਿਚ ਵਸ ਰਿਹਾ ਹੈਂ। ਤੂੰ ਸਭ ਪ੍ਰਾਣੀਆਂ ਨੂੰ ਮਾਰਣ ਵਾਲਾ ਹੈਂ। ਤੂੰ ਸਭ ਜੀਵਾਂ ਦੀ ਪਾਲਣਾ ਕਰਨ ਵਾਲਾ ਹੈਂ॥ ੧੧੪॥

**ਕਿ ਸਰਬਤ੍ਰ ਹੰਤਾ ॥ ਕਿ ਸਰਬਤ੍ਰ ਗੰਤਾ ॥ ਕਿ ਸਰਬਤ੍ਰ ਭੇਖੀ ॥ ਕਿ ਸਰਬਤ੍ਰ ਪੇਖੀ ॥ ੧੧੫ ॥**

ਪਦ ਅਰਥ - ਹੰਤਾ=ਮਾਰਨ ਵਾਲਾ। ਗੰਤਾ=ਪਹੁੰਚਣ ਵਾਲਾ। ਭੇਖੀ=ਭੇਖ ਵਾਲਾ। ਪੇਖੀ=ਵੇਖਣ ਵਾਲਾ।

ਹੇ ਪਰਮਾਤਮਾ ! ਤੂੰ ਸਭ ਜੀਵਾਂ ਨੂੰ ਨਾਸ ਕਰਨ ਵਾਲਾ ਹੈਂ। ਤੇਰੀ ਹਰ ਜਗ੍ਹਾ ਪਹੁੰਚ ਹੈਂ। ਹਰ ਭੇਸ ਲਿਬਾਸ ਵਿਚ ਤੂੰ ਹੀ ਹੈਂ। ਸਭ ਜੀਵਾਂ ਨੂੰ ਤੂੰ ਵੇਖ ਰਿਹਾ ਹੈਂ ਭਾਵ ਸਭ ਜੀਵਾਂ ਦੀ ਸੰਭਾਲ ਹੀ ਕਰਦਾ ਹੈਂ॥ ੧੧੫॥

**ਕਿ ਸਰਬਤ੍ਰ ਕਾਜੈ ॥ ਕਿ ਸਰਬਤ੍ਰ ਰਾਜੈ ॥ ਕਿ ਸਰਬਤ੍ਰ ਸੋਖੈ ॥ ਕਿ ਸਰਬਤ੍ਰ ਪੋਖੈ ॥ ੧੧੬ ॥**

ਪਦ ਅਰਥ - ਕਾਜੈ=ਕੰਮ। ਰਾਜੈ=ਸ਼ੋਭਾ ਦੇ ਰਿਹਾ ਹੈਂ। ਸੋਖੈ=ਸੁਕਾ ਰਿਹਾ ਹੈਂ। ਪੋਖੈ=ਪਾਲਣਾ ਕਰ ਰਿਹਾ ਹੈਂ।

ਹੇ ਅਕਾਲ ਪੁਰਖ ! ਸਭ ਸ੍ਰਿਸ਼ਟੀ ਦੇ ਕੰਮ ਤੇਰੇ ਕੀਤੇ ਹੀ ਹੋ ਰਹੇ ਹਨ। ਹਰ ਥਾਂ ਤੇਰਾ ਹੀ ਪ੍ਰਕਾਸ਼ ਹੋ ਰਿਹਾ ਹੈ। ਸਭ ਜੀਵਾਂ ਨੂੰ ਤੂੰ ਹੀ ਨਾਸ ਕਰ ਰਿਹਾ ਹੈਂ। ਤੂੰ ਸਭ ਜੀਵਾਂ ਦੀ ਪਾਲਨਾ ਕਰਨ ਵਾਲਾ ਹੈਂ॥ ੧੧੬॥

**ਕਿ ਸਰਬਤ੍ਰ ਤ੍ਰਾਣੈ ॥ ਕਿ ਸਰਬਤ੍ਰ ਪ੍ਰਾਣੈ ॥**
**ਕਿ ਸਰਬਤ੍ਰ ਦੇਸੈ ॥ ਕਿ ਸਰਬਤ੍ਰ ਭੇਸੈ ॥ ੧੧੭ ॥**

ਪਦ ਅਰਥ - ਤ੍ਰਾਣੈ=ਤਾਕਤ, ਸ਼ਕਤੀ। ਪ੍ਰਾਣੈ=ਜਿੰਦ ਜਾਨ।

ਹੇ ਪ੍ਰਭੂ ! ਸਭ ਜੀਵਾਂ ਵਿਚ ਤੇਰੀ ਸ਼ਕਤੀ ਵਰਤ ਰਹੀ ਹੈ। ਹਰ ਜੀਵ ਤੇਰੀ ਦਿੱਤੀ ਜਿੰਦਗੀ ਜੀਉ ਰਿਹਾ ਹੈ। ਤੂੰ ਹਰ ਇਕ ਦੇਸ ਵਿਚ ਵਿਆਪਕ ਹੈਂ ਤੇ ਹਰ ਪਹਿਰਾਵੇ ਲਿਬਾਸ ਵਿਚ ਤੂੰਹੀ ਹੈਂ॥ ੧੧੭॥

**ਕਿ ਸਰਬਤ੍ਰ ਮਾਨਿਯੈਂ ॥ ਸਦੈਵੰ ਪ੍ਰਧਾਨਿਯੈਂ ॥**
**ਕਿ ਸਰਬਤ੍ਰ ਜਾਪਯੈ ॥ ਕਿ ਸਰਬਤ੍ਰ ਥਾਪਯੈ ॥ ੧੧੮ ॥**

ਪਦ ਅਰਥ - ਸਦੈਵੰ=ਸਦਾ। ਪ੍ਰਧਾਨਿਯੈਂ=ਮੁਖੀ, ਪ੍ਰਧਾਨ। ਜਾਪਿਯੈ=ਜਪਿਆ ਜਾ ਰਿਹਾ ਹੈਂ। ਥਾਪਿਯੈ=ਕਾਇਮ ਹੈਂ।

ਹੇ ਪਰਮਾਤਮਾ ! ਹਰ ਥਾਂ ਤੇਰੀ ਮਾਨਤਾ ਪੂਜਾ ਹੋ ਰਹੀ ਹੈ। ਤੂੰ ਹਰ ਥਾਂ ਮੁਖੀ ਪ੍ਰਧਾਨ ਹੈਂ। ਸਭ ਜੀਵ ਤੇਰਾ ਹੀ ਜਾਪ ਕਰ ਰਹੇ ਹਨ ਅਤੇ ਤੂੰ ਹਰ ਥਾਂ ਤੇ ਕਾਇਮ ਹੈਂ॥ ੧੧੮॥

**ਕਿ ਸਰਬਤ੍ਰ ਭਾਨੈ ॥ ਕਿ ਸਰਬਤ੍ਰ ਮਾਨੈ ॥**
**ਕਿ ਸਰਬਤ੍ਰ ਇੰਦ੍ਰੈ ॥ ਕਿ ਸਰਬਤ੍ਰ ਚੰਦ੍ਰੈ ॥ ੧੧੯ ॥**

ਪਦ ਅਰਥ - ਭਾਨੈ=ਸੂਰਜ। ਮਾਨੈ=ਸਨਮਾਨ ਪਾਉਣ ਵਾਲਾ। ਇੰਦ੍ਰੈ=ਰਾਜਾ। ਚੰਦ੍ਰੈ=ਚੰਦ੍ਰਮਾਂ।

ਹੇ ਅਕਾਲ ਪੁਰਖ ! ਤੂੰ ਹਰ ਜਗ੍ਹਾ ਸੂਰਜ ਵਾਂਗੂੰ ਪ੍ਰਕਾਸ਼ ਕਰ ਰਿਹਾਂ ਹੈਂ। ਹਰ ਥਾਂ ਤੇਰਾ ਹੀ ਸਨਮਾਨ ਆਦਰ ਹੋ ਰਿਹਾ ਹੈ। ਤੂੰ ਸਭ ਲੋਕਾਂ ਦਾ ਰਾਜਾ ਹੈਂ। ਤੂੰ ਚੰਦਰਮਾਂ ਵਾਂਗੂੰ ਹਰ ਥਾਂ ਆਪਣੀ ਕੋਮਲ ਚਾਨਣੀ ਖਿਲਾਰ ਰਿਹਾ ਹੈਂ ॥ ੧੧੯ ॥

**ਕਿ ਸਰਬੰ ਕਲੀਮੈ ॥ ਕਿ ਪਰਮੰ ਫਹੀਮੈ ॥**
**ਕਿ ਆਕਲ ਅਲਾਮੈ ॥ ਕਿ ਸਾਹਿਬ ਕਲਾਮੈ ॥ ੧੨੦ ॥**

ਪਦ ਅਰਥ - ਕਲੀਮੈ=ਕਲਾਮ ਕਰਨ ਵਾਲਾ। ਫਹੀਮੈ=ਸਮਝ ਵਾਲਾ। ਆਕਲ=ਅਕਲ ਵਾਲਾ। ਅਲਾਮੈ=ਵਿਦਵਾਨ। ਸਾਹਿਬ ਕਲਾਮੈ=ਬਾਣੀ ਦਾ ਮਾਲਕ।

ਹੇ ਅਕਾਲ ਪੁਰਖ ! ਸੰਸਾਰ ਦੇ ਸਭ ਪ੍ਰਾਣੀਆਂ ਵਿਚ ਬੈਠਾ ਤੂੰ ਹੀ ਸੋਹਣੇ ਸੋਹਣੇ ਬੋਲ ਬੋਲ ਰਿਹਾ ਹੈਂ। ਤੂੰ ਬੜੀ ਉੱਚੀ ਸਮਝ ਸੂਝ ਵਾਲਾ ਹੈਂ ਭਾਵ ਤੂੰ ਵੱਡਾ ਬੁਧੀਵਾਨ ਹੈਂ । ਤੂੰ ਬੜਾ ਅਕਲ ਵਾਲਾ ਤੇ ਮਹਾਨ ਵਿਦਵਾਨ ਹੈਂ। ਤੂੰ ਹਰ ਇਕ ਬੋਲੀ ਦਾ ਮਾਲਕ ਹੈਂ ਭਾਵ ਹਰ ਇਕ ਬੋਲੀ ਦਾ ਮਾਹਰ ਹੈਂ ॥ ੧੨੦ ॥

**ਕਿ ਹੁਸਨਲ ਵਜੂ ਹੈਂ ॥ ਤਮਾਮੁਲ ਰੁਜੂ ਹੈਂ ॥**
**ਹਮੇਸੁਲ ਸਲਾਮੈਂ ॥ ਸਲੀਖਤ ਮੁਦਾਮੈਂ ॥ ੧੨੧ ॥**

ਪਦ ਅਰਥ - ਹੁਸਨਲ=ਸੁੰਦਰਤਾ। ਵਜੂ=ਸਰੂਪ। ਤਮਾਮੇ=ਸਾਰੇ। ਰੁਜੂ=ਧਿਆਨ। ਹਮੇਸੁਲ=ਸਦਾ। ਸਲਾਮੈਂ=ਸਲਾਮਤ। ਸਲੀਖਤ=ਸਲੀਕਾ, ਸਜਾਵਟ। ਮੁਦਾਮੈ=ਸਦਾ।

ਹੇ ਪ੍ਰਭੂ ! ਤੂੰ ਬੜੇ ਸੁੰਦਰ ਸਰੂਪ ਵਾਲਾ ਹੈਂ। ਸਭ ਜੀਵਾਂ ਵਲ ਤੇਰਾ ਧਿਆਨ ਹੈ। ਤੂੰ ਸਦਾ ਕਾਇਮ ਰਹਿਣ ਵਾਲਾ ਹੈਂ। ਤੇਰੀ ਜਗਤ-ਰਚਨਾ ਸਦੀਵੀ ਹੈ ਇਸ ਵਿਚ ਵਿਘਨ ਪਾਣ ਦੀ ਕਿਸੇ ਜੀਵ ਵਿਚ ਸ਼ਕਤੀ ਨਹੀਂ ॥ ੧੨੧ ॥

**ਗ਼ਨੀਮੁਲ ਸ਼ਿਕਸਤੈ ॥ ਗਰੀਬੁਲ ਪਰੱਸਤੈ ॥**
**ਬਿਲੰਦੁਲ ਮਕਾਨੈਂ ॥ ਜ਼ਮੀਨੁਲ ਜਮਾਨੈਂ ॥ ੧੨੨ ॥**

ਪਦ ਅਰਥ - ਗ਼ਨੀਮੁਲ=ਦੁਸ਼ਮਨ। ਸ਼ਿਕਸਤੈ=ਹਾਰ। ਪਰੱਸਤੈ=ਪਾਲਣ ਵਾਲਾ। ਬਿੰਲਦੁਸ=ਉੱਚਾ। ਮਕਾਨੈਂ=ਘਰ।

ਹੇ ਵਾਹਿਗੁਰੂ ! ਤੂੰ ਦੁਸ਼ਮਨਾਂ ਨੂੰ ਸ਼ਿਕਸਤ ਭਾਵ ਹਾਰ ਦੇਣ ਵਾਲਾ ਹੈਂ ਤੇ ਗਰੀਬਾਂ ਨੂੰ ਪਾਲਣ

ਵਾਲਾ ਹੈਂ। ਤੇਰਾ ਘਰ ਸਭ ਤੋਂ ਉੱਚਾ ਹੈ। ਤੂੰ ਧਰਤੀ ਤੇ ਆਕਾਸ਼ ਵਿਚ ਪੂਰਨ ਹੈਂ॥੧੨੨॥

**ਤਮੀਜ਼ੁਲ ਤਮਾਮੈ॥ ਰੁਜੂਅਲ ਨਿਧਾਨੈ॥ ਹਰੀਫੁਲ ਅਜੀਮੈਂ॥ ਰਜ਼ਾਇਕ ਯਕੀਨੈਂ॥ ੧੨੩॥**

ਪਦ ਅਰਥ - ਤਮੀਜ਼ੁਲ=ਪਛਾਣ। ਰੁਜੂਅਲ=ਧਿਆਨ। ਨਿਧਾਨੈ=ਖਜ਼ਾਨਾ। ਹਰੀਫੁਲ= ਦੁਸ਼ਮਨ। ਅਜ਼ੀਮੈ=ਵੱਡਾ। ਰਜ਼ਾਇਕ=ਰਿਜ਼ਕ ਦੇਣ ਵਾਲਾ।

ਹੇ ਪਰਮਾਤਮਾ ! ਤੂੰ ਸਭ ਜੀਵਾਂ ਦੀ ਤਮੀਜ਼ ਪਛਾਣ ਕਰਨ ਵਾਲਾ ਹੈਂ ਅਤੇ ਸੰਪੂਰਣ ਧਿਆਨ ਦਾ ਖਜ਼ਾਨਾ ਹੈ। ਪਾਪਾਂ ਦਾ ਤੂੰ ਸਭ ਤੋਂ ਵੱਡਾ ਵੈਰੀ ਹੈ ਅਤੇ ਨਿਸਚੇ ਹੀ ਹਰ ਇਕ ਨੂੰ ਰੋਜ਼ੀ ਦੇਣ ਵਾਲਾ ਹੈ॥੧੨੩॥

**ਅਨੇਕੁਲ ਤਰੰਗ ਹੈਂ॥ ਅਭੇਦ ਹੈਂ ਅਭੰਗ ਹੈਂ॥ ਅਜ਼ੀਜ਼ੁਲ ਨਿਵਾਜ ਹੈਂ॥ ਗ਼ਨੀਮੁਲ ਖਿਰਾਜ ਹੈਂ॥ ੧੨੪॥**

ਪਦ ਅਰਥ - ਤਰੰਗ=ਲਹਿਰਾਂ। ਅਭੇਦ=ਭੇਦ ਰਹਿਤ। ਅਭੰਗ=ਅਬਿਨਾਸੀ, ਨਾਸ ਰਹਿਤ ਅਜ਼ੀਜ਼ੁਲ=ਪਿਆਰਾ। ਨਿਵਾਜ਼=ਨਿਵਾਜ਼ਣ ਵਾਲਾ। ਗ਼ਨੀਮੁਲ=ਵੈਰੀ। ਖਿਰਾਜ=ਚੱਟੀ।

ਹੇ ਪ੍ਰਭੂ ! ਤੂੰ ਅਥਾਹ ਸਮੁੰਦਰ ਵਾਂਗੂੰ ਹੈਂ ਤੇ ਇਹ ਸਭ ਜੀਵ ਤੇਰੀਆਂ ਬੇਅੰਤ ਲਹਿਰਾਂ ਹਨ। ਤੇਰਾ ਭੇਦ ਕੋਈ ਨਹੀਂ ਪਾ ਸਕਦਾ। ਤੂੰ ਅਬਿਨਾਸੀ ਹੈਂ। ਹੇ ਵਾਹਿਗੁਰੂ ! ਤੂੰ ਆਪਣਿਆਂ ਪਿਆਰਿਆਂ ਨੂੰ ਨਿਵਾਜਣ ਵਾਲਾ ਹੈਂ ਭਾਵ ਵਡਿਆਈ ਦੇਣ ਵਾਲਾ ਹੈਂ । ਤੂੰ ਦੁਸ਼ਮਨਾਂ ਤੋਂ ਚੱਟੀ ਭਰਦਾ ਹੈਂ ਭਾਵ ਤੂੰ ਆਕੀ ਬੰਦਿਆਂ ਨੂੰ ਸੋਧ ਕੇ ਆਪਣੇ ਅਧੀਨ ਰੱਖਦਾ ਹੈਂ ॥੧੨੪॥

**ਨਿਰੁਕਤਿ ਸਰੂਪ ਹੈਂ॥ ਤ੍ਰਿਮੁਕਤਿ ਬਿਭੂਤ ਹੈਂ॥ ਪ੍ਰਭੁਗਤਿ ਪ੍ਰਭਾ ਹੈਂ॥ ਸੁਜੁਗਤਿ ਸੁਧਾ ਹੈਂ॥ ੧੨੫॥**

ਪਦ ਅਰਥ - ਨਿਰੁਕਤਿ=ਕਥਨ ਤੋਂ ਬਾਹਰ। ਸਰੂਪ=ਹਸਤੀ। ਤ੍ਰਿਮੁਕਤਿ=ਤਿੰਨਾਂ ਗੁਣਾਂ ਰਜੋ, ਤਮੋ ਤੇ ਸਤੋ ਗੁਣਾਂ ਤੋਂ ਮੁਕਤ। ਬਿਭੂਤ=ਐਸ਼੍ਵਰਜ ਪ੍ਰਤਾਪ। ਪ੍ਰਭੁਗਤਿ= ਭੋਗਿਆ ਹੋਇਆ। ਪ੍ਰਭਾ=ਪ੍ਰਕਾਸ਼, ਤੇਜ। ਸੁਜੁਗਤਿ=ਚੰਗੀ ਤਰ੍ਹਾਂ ਜੁੜਿਆ ਹੋਇਆ। ਸੁਧਾ=ਅੰਮ੍ਰਿਤ।

ਹੇ ਪਰਮਾਤਮਾ ! ਤੇਰਾ ਸਰੂਪ ਐਸਾ ਹੈ, ਜਿਸ ਦਾ ਵਰਣਨ ਨਹੀਂ ਕੀਤਾ ਜਾ ਸਕਦਾ। ਤੇਰਾ ਪ੍ਰਤਾਪ ਮਾਇਆ ਦੇ ਤਿੰਨ ਗੁਣਾਂ ਰਜੋ, ਤਮੋ, ਤੇ ਸਤੋ ਤੋਂ ਪਰੇ ਹੈ, ਭਾਵ ਤੈਨੂੰ ਮਾਇਆ ਦਾ ਤੇਜ ਪ੍ਰਤਾਪ ਨਹੀਂ ਪਹ ਸਕਦਾ । ਇਸ ਸੰਸਾਰ ਦੇ ਸਾਰੇ ਜੀਵ ਤੇਰੇ ਪ੍ਰਕਾਸ਼ ਨੂੰ ਮਾਣ ਰਹੇ ਹਨ। ਤੂੰ ਮਹਾਨ ਉਤਮ ਰਸ ਅੰਮ੍ਰਿਤ ਹੈ, ਜਿਸ ਦਾ ਅਨੰਦ ਹਰ ਇਕ ਪ੍ਰਾਣੀ ਮਾਣ ਰਿਹਾ ਹੈ॥੧੨੫॥

**ਸਦੈਵੰ ਸਰੂਪ ਹੈਂ॥ ਅਭੇਦੀ ਅਨੂਪ ਹੈਂ॥ ਸਮਸਤੋਪਰਾਜ ਹੈਂ॥ ਸਦਾ ਸਰਬ ਸਾਜ ਹੈਂ॥੧੨੬॥**

ਪਦ ਅਰਥ - ਸਦੈਵੰ=ਹਮੇਸ਼ਾ। ਸਦੈਵੰ ਸਰੂਪ=ਜਿਸਦਾ ਵਜੂਦ ਸਦਾ ਕਾਇਮ ਰਹੇ। ਅਭੇਦ=ਭੇਦ ਰਹਿਤ, ਲਾ-ਸ਼ਰੀਕ। ਅਨੂਪ=ਉਪਮਾ ਰਹਿਤ। ਸਮਸਤੋ=ਸਾਰੇ। ਪਰਾਜ=ਹਾਰ। ਸਾਜ=ਬਨਾਉਣ ਵਾਲਾ।

ਹੇ ਅਕਾਲ ਪੁਰਖ ! ਤੇਰਾ ਵਜੂਦ (ਹਸਤੀ ਸਦਾ ਕਾਇਮ ਰਹਿਣ ਵਾਲਾ ਹੈ। ਤੇਰੇ ਵਰਗਾ

ਹੋਰ ਕੋਈ ਨਹੀਂ, ਤੂੰ ਸਭ ਸੰਸਾਰ ਦਾ ਰਚਨਹਾਰ ਹੈਂ॥੧੨੬॥

**ਸਮਸਤੁਲ ਸਲਾਮ ਹੈਂ॥ ਸਦੈਵਲ ਅਕਾਮ ਹੈਂ॥**
**ਨ੍ਰਿਬਾਧ ਸਰੂਪ ਹੈਂ॥ ਅਗਾਧਿ ਅਨੂਪ ਹੈਂ॥੧੨੭॥**

ਪਦ ਅਰਥ - ਸਮਸਤੁਲ=ਸਾਰੇ। ਸਲਾਮ=ਸਲਾਮਤ, ਸੁਖੀ। ਸਦੈਵੱਲ=ਸਦਾ। ਅਕਾਮ=ਵਾਸ਼ਨਾ ਰਹਿਤ। ਨ੍ਰਿਬਾਧ=ਅਬਾਧ, ਜਿਸਦੇ ਰਸਤੇ ਵਿਚ ਕੋਈ ਅਟਕਾ ਨਾ ਪਾਇਆ ਜਾ ਸਕੇ। ਅਗਾਧ=ਅਥਾਹ।

ਹੇ ਪ੍ਰਭੂ ! ਤੂੰ ਸਭ ਜੀਵ-ਧਾਰੀਆਂ ਨੂੰ ਸਲਾਮਤ ਸੁਖੀ ਰੱਖਣ ਵਾਲਾ ਹੈਂ। ਤੂੰ ਹਮੇਸ਼ਾਂ ਕਾਮ ਵਾਸ਼ਨਾ ਤੋਂ ਬਿਨਾਂ ਹੈਂ। ਤੇਰਾ ਸਰੂਪ ਐਸਾ ਹੈ, ਜਿਸ ਦੇ ਰਾਹ ਵਿਚ ਕੋਈ ਰੁਕਾਵਟ ਨਹੀਂ ਪਾ ਸਕਦਾ ਭਾਵ ਤੇਰੀ ਕਿਸੇ ਨਾਲ ਤੁਲਨਾ ਨਹੀਂ ਕੀਤੀ ਜਾ ਸਕਦੀ ਤੂੰ ਅਥਾਹ ਅਤੇ ਉਪਮਾ ਰਹਿਤ ਹੈ॥੧੨੭॥

**ਓਅੰ ਆਦਿ ਰੂਪੈ॥ ਅਨਾਦਿ ਸਰੂਪੈ॥**
**ਅਨੰਗੀ ਅਨਾਮੇ॥ ਤ੍ਰਿਭੰਗੀ ਤ੍ਰਿਕਾਮੇ॥੧੨੮॥**

ਪਦ ਅਰਥ - ਓਅੰ=ਸਾਰੇ ਸੰਸਾਰ ਦੀ ਆਤਮਾ। ਆਦਿ ਰੂਪੇ=ਸਭ ਤੋਂ ਪਹਿਲਾਂ ਦੀ ਹਸਤੀ। ਅਨਾਦਿ=ਜਿਸ ਦੇ ਆਰੰਭ ਦਾ ਕੋਈ ਪਤਾ ਨਾ ਲਗੇ। ਤ੍ਰਿਭੰਗੀ=ਤਿੰਨਾਂ ਭਵਨਾਂ ਨੂੰ ਨਾਸ ਕਰਨ ਵਾਲਾ। ਤ੍ਰਿਕਾਮੇ=ਤਿੰਨਾਂ ਲੋਕਾਂ ਦੀਆਂ ਕਾਮਨਾਵਾਂ ਪੂਰੀਆਂ ਕਰਨ ਵਾਲਾ।

ਹੇ ਵਾਹਿਗੁਰੂ ! ਤੂੰ ਸਾਰੇ ਸੰਸਾਰ ਦੀ ਆਤਮਾ ਹੈਂ। ਤੇਰੀ ਹਸਤੀ (ਵਜੂਦ) ਸਭ ਤੋਂ ਪਹਿਲਾਂ ਦੀ ਹੈ। ਤੇਰਾ ਸਰੂਪ ਅਨਾਦੀ ਹੈ ਭਾਵ ਤੇਰੇ ਮੁੱਢ ਬਾਰੇ ਕੋਈ ਨਹੀ ਜਾਣ ਸਕਦਾ । ਤੂੰ ਅੰਗ-ਰਹਿਤ ਹੈਂ ਤੇਰਾ ਭਾਵ ਕੋਈ ਖਾਸ ਅੰਗ ਨਹੀਂ ਅਤੇ ਨਾ ਹੀ ਕੋਈ ਖਾਸ ਨਾਮ ਹੈ। ਤੂੰ ਤਿੰਨ ਭਵਨਾਂ ਲੋਕਾਂ ਨੂੰ ਨਾਸ ਕਰਨ ਵਾਲਾ ਹੈਂ। ਤੂੰ ਤਿੰਨਾਂ ਲੋਕਾਂ ਦਾ ਪਿਆਰਾ ਹੈਂ ਅਥਵਾ ਤੂੰ ਤਿੰਨਾਂ ਲੋਕਾਂ ਦੇ ਜੀਵਾਂ ਦੀਆਂ ਕਾਮਨਾਵਾਂ ਪੂਰੀਆਂ ਕਰਨ ਵਾਲਾ ਹੈਂ॥੧੨੮॥

**ਤ੍ਰਿਬਰਗੰ ਤ੍ਰਿਬਾਧੇ॥ ਅਗੰਜੇ ਅਗਾਧੇ॥**
**ਸੁਭੰ ਸਰਬ ਭਾਗੇ॥ ਸੁ ਸਰਬਾਨੁਰਾਗੇ॥੧੨੯॥**

ਪਦ ਅਰਥ - ਤ੍ਰਿਬਰਗੰ= ਉਹ ਹਸਤੀ, ਜਿਸ ਵਿਚ ਸੰਸਾਰ ਦੇ ਤਿੰਨੇ ਪਦਾਰਥ ਮੌਜੂਦ ਹਨ। ਤ੍ਰਿਬਾਧੇ=ਤਿੰਨਾਂ ਲੋਕਾਂ ਦੇ ਜੀਵਾਂ ਨੂੰ ਰੋਕ ਪਾਉਣ ਵਾਲਾ। ਅਗੰਜੇ=ਅਜਿੱਤ। ਸੁਭ=ਸੋਹਣੇ। ਭਾਗੇ=ਅੰਗ। ਅਨੁਰਾਗੇ=ਪਿਆਰ।

ਹੇ ਅਕਾਲ ਪੁਰਖ ! ਤੇਰੀ ਹਸਤੀ ਵਿਚ ਸੰਸਾਰ ਦੇ ਤਿੰਨੇ ਪਦਾਰਥ ਧਰਮ, ਅਰਥ ਤੇ ਕਾਮ ਮੌਜੂਦ ਹਨ। ਤਿੰਨੇ ਭਵਨਾਂ ਦੇ ਜੀਵ ਤੇਰੇ ਅਧੀਨ ਹਨ। ਤੂੰ ਅਜਿੱਤ ਹੈਂ ਤੇ ਅਥਾਹ ਹੈਂ। ਹੇ ਪਰਮਾਤਮਾ ਤੇਰੇ ਸਾਰੇ ਅੰਗ ਬੜੇ ਸੁੰਦਰ ਹਨ। ਤੂੰ ਸਭ ਜੀਵਾਂ ਨੂੰ ਪਿਆਰ ਕਰਨ ਵਾਲਾ ਏਂ ਭਾਵ ਸਭ ਜੀਵ ਤੇਰੇ ਨਾਲ ਪਿਆਰ ਕਰਦੇ ਹਨ॥੧੨੯॥

**ਤ੍ਰਿਭੁਗਤ ਸਰੂਪ ਹੈਂ॥ ਅਛਿੱਜ ਹੈਂ ਅਛੂਤ ਹੈਂ॥ ਕਿ ਨਰਕੰ ਪ੍ਰਣਾਸ ਹੈਂ॥ ਪ੍ਰਿਥੀਉਲ ਪ੍ਰਵਾਸ ਹੈਂ॥੧੩੦॥**

ਪਦ ਅਰਥ - ਤ੍ਰਿਭੁਗਤ= ਜਿਸ ਤੋਂ ਤਿੰਨਾਂ ਲੋਕਾਂ ਦੇ ਜੀਵ ਅਨੰਦ ਮਾਣਦੇ ਹਨ। ਅਛਿੱਜ= ਪੁਰਾਣਾ ਨਾ ਹੋਣ ਵਾਲਾ। ਅਛੂਤ=ਅਛੋਹ, ਜਿਸ ਨੂੰ ਛੋਹਿਆ ਨਾ ਜਾ ਸਕੇ। ਪ੍ਰਿਥੀ=ਧਰਤੀ। ਪ੍ਰਵਾਸ=ਮੁਸਾਫਰ।

ਹੇ ਪ੍ਰਭੂ ! ਤੇਰਾ ਸਰੂਪ ਐਸਾ ਹੈ, ਜਿਸ ਤੋਂ ਤਿੰਨਾਂ ਲੋਕਾਂ ਦੇ ਜੀਵ ਅਨੰਦ ਮਾਣਦੇ ਹਨ ਅਥਵਾ ਤੂੰ ਤਿੰਨ ਭਵਨਾਂ ਦਾ ਭੋਗਣਹਾਰ ਹੈਂ। ਤੂੰ ਨਾ ਕਦੀ ਟੁੱਟਦਾ ਭਜਦਾ ਹੈਂ ਤੇ ਨਾ ਹੀ ਪੁਰਾਣਾ ਹੁੰਦਾ ਹੈਂ। ਤੈਨੂੰ ਕੋਈ ਮੁਸਾਫਰ ਛੋਹ ਨਹੀਂ ਸਕਦਾ। ਹੇ ਅਕਾਲ ਪੁਰਖ ! ਤੂੰ ਨਰਕਾਂ ਦੇ ਨਾਸ ਕਰਨ ਵਾਲਾ ਹੈਂ। ਇਸ ਧਰਤੀ ਤੇ ਮੁਸਾਫਰਾਂ ਵਾਂਗੂੰ ਵਸਦੇ ਜੀਵਾਂ ਵਿਚ ਤੇਰਾ ਹੀ ਵਾਸਾ ਹੈ॥੧੩੦॥

**ਨਿਰੁਕਤਿ ਪ੍ਰਭਾ ਹੈਂ॥ ਸਦੈਵੰ ਸਦਾ ਹੈਂ॥ ਬਿਭੁਗਤਿ ਸਰੂਪ ਹੈਂ॥ ਪ੍ਰਜੁਗਤਿ ਅਨੂਪ ਹੈਂ॥੧੩੧॥**

ਪਦ ਅਰਥ - ਨਿਰੁਕਤਿ=ਜਿਸ ਦਾ ਵਰਨਣ ਨਾ ਹੋ ਸਕੇ। ਪ੍ਰਭਾ=ਤੇਜ, ਪ੍ਰਕਾਸ਼। ਸਦੈਵੰ=ਹਮੇਸ਼ਾ, ਸਦਾ। ਬਿਭੁਗਤਿ=ਜਿਸ ਤੋਂ ਜੀਵ ਸੁਖ ਲੈਂਦੇ ਹਨ। ਪਜੁਗਤਿ= ਜੁੜਿਆ, ਹੋਇਆ।

ਹੇ ਪਰਮੇਸ਼ਰ ! ਜਿਸਦਾ ਵਰਨਣ ਨਹੀਂ ਹੋ ਸਕਦਾ। ਤੇਰੀ ਹਸਤੀ ਹਮੇਸ਼ਾਂ ਮੌਜੂਦ ਰਹਿੰਦੀ ਹੈ। ਤੇਰੀ ਹੋਂਦ ਹਸਤੀ ਤੋਂ ਸੰਸਾਰ ਦੇ ਸਾਰੇ ਪ੍ਰਾਣੀ ਸੁਖ ਮਾਣਦੇ ਹਨ। ਤੂੰ ਸਭ ਜੀਵਾਂ ਨਾਲ ਜੁੜਿਆ ਮਿਲਿਆ ਹੋਇਆ ਹੈਂ ਤੇ ਤੇਰੇ ਵਰਗਾ ਹੋਰ ਕੋਈ ਨਹੀਂ॥੧੩੧॥

**ਨਿਰੁਕਤਿ ਸਦਾ ਹੈਂ॥ ਬਿਭੁਗਤਿ ਪ੍ਰਭਾ ਹੈਂ। ਅਨ ਉਕਤਿ ਸਰੂਪ ਹੈਂ॥ ਪ੍ਰਜੁਗਤਿ ਅਨੂਪ ਹੈਂ॥੧੩੨॥**

ਪਦ ਅਰਥ - ਅਨਉਕਿਤ=ਬਿਆਨ ਤੋਂ ਪਰੇ।

ਹੇ ਅਕਾਲ ਪੁਰਖ ! ਤੇਰਾ ਸਰੂਪ ਸਦਾ ਹੀ ਕਥਨ ਤੋਂ ਬਾਹਰ ਹੈ। ਸੰਸਾਰ ਦੇ ਸਾਰੇ ਜੀਵ ਤੇਰੇ ਪ੍ਰਕਾਸ਼ ਤੋਂ ਅਨੰਦ ਪ੍ਰਾਪਤ ਕਰਦੇ ਹਨ। ਤੇਰੇ ਵਜੂਦ ਦਾ ਪੂਰੀ ਤਰ੍ਹਾਂ ਵਰਣਨ ਨਹੀਂ ਕੀਤਾ ਜਾ ਸਕਦਾ। ਤੂੰ ਸਭ ਜੀਵਾਂ ਨਾਲ ਜੁੜਿਆ ਹੋਇਆ ਹੈਂ ਤੇ ਤੂੰ ਉਪਮਾ ਤੋਂ ਰਹਿਤ ਹੈਂ ਭਾਵ ਤੇਰੇ ਜਿਹਾ ਹੋਰ ਕੋਈ ਨਹੀਂ ॥੧੩੨॥

**ਚਾਚਰੀ ਛੰਦ॥ ਅਭੰਗ ਹੈਂ॥ ਅਨੰਗ ਹੈਂ॥ ਅਭੇਖ ਹੈਂ॥ ਅਲੇਖ ਹੈਂ॥੧੩੩॥**

ਪਦ ਅਰਥ - ਅਭੰਗ=ਨਾਸ ਰਹਿਤ। ਅਨੰਗ=ਅੰਗ ਸਰੀਰ ਰਹਿਤ। ਅਲੇਖ=ਜਿਸ ਬਾਰੇ ਕੁਛ ਲਿਖਿਆ ਨਾ ਜਾ ਸਕੇ।

ਹੇ ਪਰਮਾਤਮਾ ! ਤੂੰ ਨਾਸ ਰਹਿਤ ਹੈਂ। ਤੂੰ ਹੋਰ ਜੀਵਾਂ ਵਰਗਾ ਸਰੀਰ ਧਾਰੀ ਨਹੀਂ। ਤੇਰਾ

ਕੋਈ ਭੇਸ ਪਹਿਰਾਵਾ ਨਹੀਂ। ਤੇਰੇ ਬਾਰੇ ਕੁਝ ਲਿਖਿਆ ਨਹੀਂ ਜਾ ਸਕਦਾ। ਅਥਵਾ ਤੇਰੀ ਤਸਵੀਰ ਨਹੀਂ ਬਣਾਈ ਜਾ ਸਕਦੀ॥੧੩੩॥

## ਅਭਰਮ ਹੈਂ॥ ਅਕਰਮ ਹੈਂ॥ ਅਨਾਦਿ ਹੈਂ॥ ਜੁਗਾਦਿ ਹੈਂ॥੧੩੪॥

ਪਦ ਅਰਥ - ਜੁਗਾਦਿ=ਜੁਗਾਂ ਦੇ ਅਰੰਭ ਤੋਂ।

ਹੇ ਵਾਹਿਗੁਰੂ ! ਤੈਨੂੰ ਕਿਸੇ ਪ੍ਰਕਾਰ ਦਾ ਭਰਮ ਭੁਲੇਖਾ ਨਹੀਂ ਵਿਆਪਦਾ। ਤੂੰ ਕਿਸੇ ਤਰ੍ਹਾਂ ਦੇ ਭਰਮਾਂ ਜਾਂ ਰਸਮਾਂ ਵਿਚ ਨਹੀਂ ਉਲਝਦਾ। ਤੇਰੇ ਅਰੰਭ ਬਾਰੇ ਕੁਛ ਪਤਾ ਨਹੀਂ। ਤੂੰ ਜੁਗਾਂ ਤੋਂ ਵੀ ਪਹਿਲਾਂ ਦਾ ਹੈਂ॥੧੩੪॥

## ਅਜੈ ਹੈਂ॥ ਅਭੈ ਹੈਂ॥ ਅਭੂਤ ਹੈਂ॥ ਅਧੂਤ ਹੈਂ॥੧੩੫॥

ਪਦ ਅਰਥ - ਅਜੈ=ਅਜਿੱਤ। ਅਭੈ=ਨਾਸ ਰਹਿਤ। ਅਭੂਤ=ਤੱਤ ਰਹਿਤ। ਅਧੂਤ=ਅਚੱਲ।

ਹੇ ਅਕਾਲ ਪੁਰਖ ! ਤੈਨੂੰ ਕੋਈ ਜਿੱਤ ਨਹੀਂ ਸਕਦਾ ਤੇ ਨਾ ਹੀ ਤੈਨੂੰ ਕੋਈ ਨਾਸ ਕਰ ਸਕਦਾ ਹੈ। ਤੇਰਾ ਸਰੂਪ ਜਗਤ ਦੀ ਉਤਪਤੀ ਕਰਨ ਵਾਲੇ ਪੰਜਾਂ ਤੱਤਾਂ ਤੋਂ ਬਾਹਰ ਹੈ। ਤੈਨੂੰ ਕੋਈ ਹਿਲਾ ਨਹੀਂ ਸਕਦਾ ਭਾਵ ਤੂੰ ਅਚੱਲ ਹੈਂ ॥੧੩੫॥

## ਅਨਾਸ ਹੈਂ॥ ਉਦਾਸ ਹੈਂ॥ ਅਧੰਧ ਹੈਂ॥ ਅਬੰਧ ਹੈਂ॥੧੩੬॥

ਉਦਾਸ=ਮੋਹ ਰਹਿਤ। ਅਧੰਧ= ਝਗੜਿਆਂ ਝਾਂਜਿਆਂ ਤੋਂ ਰਹਿਤ। ਅਬੰਧ=ਬੰਧਨ ਤੋਂ ਆਜ਼ਾਦ।

ਹੇ ਪ੍ਰਭੂ ! ਤੂੰ ਸੰਸਾਰੀ ਜੀਵਾਂ ਵਾਂਗੂੰ ਨਾਸ ਨਹੀਂ ਹੁੰਦਾ। ਤੂੰ ਸੰਸਾਰੀ ਮੋਹ ਤੋਂ ਉੱਚਾ ਰਹਿੰਦਾ ਹੈਂ। ਤੂੰ ਜਗਤ ਦੇ ਝਗੜਿਆਂ ਝਾਂਜਿਆਂ ਵਿਚ ਨਹੀਂ ਫਸਦਾ। ਤੇਰੀ ਹਸਤੀ ਅਜ਼ਾਦ ਹੈ॥੧੩੬॥

## ਅਭਗਤ ਹੈਂ॥ ਬਿਰਕਤ ਹੈਂ॥ ਅਨਾਸ ਹੈਂ॥ ਪ੍ਰਕਾਸ ਹੈਂ॥੧੩੭॥

ਪਦ ਅਰਥ - ਅਭਗਤ=ਨਿਰ-ਮੋਹ। ਬਿਰਕਤ=ਸੰਸਾਰਕ ਪਦਾਰਥਾਂ ਤੋਂ ਉਪਰਾਮ। ਅਨਾਸ=ਨਾਸ ਨਹੀਂ ਹੁੰਦਾ। ਪ੍ਰਕਾਸ਼=ਚਾਨਣ।

ਹੇ ਵਾਹਿਗੁਰੂ ! ਤੂੰ ਨਿਰਮੋਹ ਹੈਂ,। ਤੂੰ ਸੰਸਾਰਕ ਪਦਾਰਥਾਂ ਤੋਂ ਉਪਰਾਮ ਰਹਿੰਦਾ ਹੈਂ। ਤੂੰ ਨਾਸ ਨਹੀਂ ਹੁੰਦਾ ਤੇ ਤੂੰ ਪ੍ਰਕਾਸ਼ ਸਰੂਪ ਹੈਂ॥੧੩੭॥

## ਨਿਚਿੰਤ ਹੈਂ॥ ਸੁਨਿੰਤ ਹੈਂ॥ ਅਲਿੱਖ ਹੈਂ॥ ਅਦਿੱਖ ਹੈਂ॥੧੩੮॥

ਪਦ ਅਰਥ - ਨਿਚਿੰਤ=ਚਿੰਤਾ ਰਹਿਤ। ਸੁਨਿੰਤ=ਸਦਾ ਕਾਇਮ ਰਹਿਣ ਵਾਲਾ। ਅਲਿੱਖ=ਜਿਸ ਦੀ ਕੋਈ ਤਸਵੀਰ ਨਾ ਬਣਾਈ ਜਾ ਸਕੇ। ਅਦਿੱਖ=ਜੋ ਦਿਖਾਈ ਨਾ ਦੇਵੇ।

ਹੇ ਪਰਮਾਤਮਾ ! ਜਗਤ ਦੇ ਜੀਵਾਂ ਵਾਂਗੂੰ ਤੈਨੂੰ ਕੋਈ ਚਿੰਤਾ ਤੌਖਲਾ ਨਹੀਂ। ਤੂੰ ਸਦਾ ਕਾਇਮ ਰਹਿਣ ਵਾਲੀ ਹਸਤੀ ਹੈਂ। ਹੇ ਵਾਹਿਗੁਰੂ ! ਤੇਰੀ ਕੋਈ ਤਸਵੀਰ ਨਹੀਂ ਬਣਾ ਸਕਦਾ। ਤੂੰ ਇਨ੍ਹਾਂ

ਬਾਹਰੀ ਅੱਖਾਂ ਨਾਲ ਦਿਖਾਈ ਨਹੀਂ ਦੇਂਦਾ॥੧੩੮॥

## ਅਲੇਖ ਹੈਂ॥ ਅਭੇਖ ਹੈਂ॥ ਅਢਾਹ ਹੈਂ॥ ਅਗਾਹ ਹੈਂ॥੧੩੯॥

ਪਦ ਅਰਥ - ਅਢਾਹ=ਜੋ ਡੇਗਿਆ ਨਾ ਜਾ ਸਕੇ। ਅਗਾਹ=ਅਥਾਹ।

ਹੇ ਪਰਮੇਸ਼ਰ ! ਤੂੰ ਲੇਖੇ ਤੋਂ ਰਹਿਤ ਹੈਂ ਅਤੇ ਤੇਰਾ ਸਰੂਪ ਭੇਖ ਰਹਿਤ ਹੈ। ਤੈਨੂੰ ਕੋਈ ਡੇਗ ਢਾਹ ਨਹੀਂ ਸਕਦਾ ਅਤੇ ਤੂੰ ਅਥਾਹ ਹੈਂ ॥੧੩੯॥

## ਅਸੰਭ ਹੈਂ॥ ਅਗੰਭ ਹੈਂ॥ ਅਨੀਲ ਹੈਂ॥ ਅਨਾਦਿ ਹੈਂ॥੧੪੦॥

ਪਦ ਅਰਥ - ਅਸੰਭ=ਜੋ ਵਿਚਾਰ ਵਿਚ ਨਾ ਆ ਸਕੇ। ਅਗੰਭ=ਅਥਾਹ। ਅਨੀਲ=ਰੂਪ ਰੰਗ ਰਹਿਤ।

ਹੇ ਕਰਤਾ ਪੁਰਖ ! ਤੂੰ ਸੰਸਾਰੀ ਜੀਵਾਂ ਦੀ ਸੋਚ ਵਿਚਾਰ ਤੋਂ ਉਪਰ ਹੈਂ। ਤੂੰ ਅਥਾਹ ਹੈਂ। ਤੇਰਾ ਰੂਪ ਰੰਗ ਕੋਈ ਨਹੀਂ। ਤੇਰੇ ਅਰੰਭ ਦਾ ਕੋਈ ਪਤਾ ਨਹੀਂ॥੧੪੦॥

## ਅਨਿੱਤ ਹੈਂ॥ ਸੁਨਿੱਤ ਹੈਂ॥ ਅਜਾਤਿ ਹੈਂ॥ ਅਜ਼ਾਦਿ ਹੈਂ॥੧੪੧॥

ਪਦ ਅਰਥ - ਅਨਿੱਤ=ਸਦਾ ਦਿੱਸਣ ਵਾਲੇ ਪਦਾਰਥਾਂ ਤੋਂ ਭਿੰਨ। ਸੁਨਿੱਤ=ਸਦਾ ਕਾਇਮ ਰੱਖਣ ਵਾਲਾ। ਅਜਾਤ=ਜਾਤ ਰਹਿਤ। ਅਜ਼ਾਦ=ਸੁਤੰਤਰ।

ਹੇ ਪਰਮਾਤਮਾ ! ਤੂੰ ਸਦਾ ਦਿੱਸਣ ਵਾਲੇ ਦੁਨਿਆਵੀ ਪਦਾਰਥਾਂ ਤੋਂ ਭਿੰਨ ਹੈਂ। ਤੂੰ ਹਰ ਸਮੇਂ ਕਾਇਮ ਰਹਿਣ ਵਾਲਾ ਹੈਂ। ਤੇਰੀ ਕੋਈ ਜਾਤ ਨਹੀਂ ਤੇ ਤੂੰ ਸਭ ਬੰਧਨਾਂ ਤੋਂ ਅਜ਼ਾਦ ਹੈਂ॥੧੪੧॥

## *ਚਰਪਟ ਛੰਦ॥ ਤ੍ਵਪ੍ਰਸਾਦਿ॥*

## ਸਰਬੰ ਹੰਤਾ॥ ਸਰਬੰ ਗੰਤਾ॥ ਸਰਬੰ ਖਿਯਾਤਾ॥ ਸਰਬੰ ਗਿਯਾਤਾ॥੧੪੨॥

ਪਦ ਅਰਥ - ਹੰਤਾ=ਮਾਰਨ ਵਾਲਾ। ਗੰਤਾ=ਪੰਹੁਚਣ ਵਾਲਾ। ਖਿਯਾਤਾ=ਪ੍ਰਸਿੱਧ। ਗਿਯਾਤਾ=ਜਾਣਨ ਵਾਲਾ।

ਹੇ ਅਕਾਲ ਪੁਰਖ ! ਤੂੰ ਸਭ ਪ੍ਰਾਣੀਆਂ ਨੂੰ ਮਾਰਨ ਵਾਲਾ ਹੈਂ। ਤੇਰੀ ਸਭ ਥਾਵਾਂ ਤੇ ਸਭ ਜੀਵਾਂ ਤੱਕ ਪਹੁੰਚ ਹੈ। ਸਭ ਪਾਸੇ ਤੇਰੀ ਪ੍ਰਸਿੱਧਤਾ ਹੈ। ਤੂੰ ਸਭ ਦੇ ਮਨਾਂ ਦਾ ਜਾਣਨਹਾਰ ਹੈਂ॥੧੪੨॥

## ਸਰਬੰ ਹਰਤਾ॥ ਸਰਬੰ ਕਰਤਾ॥ ਸਰਬੰ ਪ੍ਰਾਣੰ॥ ਸਰਬੰ ਤ੍ਰਾਣੰ॥੧੪੩॥

ਪਦ ਅਰਥ - ਹਰਤਾ=ਨਾਸ ਕਰਨ ਵਾਲਾ। ਕਰਤਾ=ਰਚਨਹਾਰ। ਪ੍ਰਾਣੰ=ਜਿੰਦ ਜਾਨ। ਤ੍ਰਾਣੰ=ਸੱਤਿਆ।

ਹੇ ਪਰਮੇਸ਼ਰ ! ਤੂੰ ਸਭ ਜੀਵਾਂ ਨੂੰ ਨਾਸ ਕਰਨ ਵਾਲਾ ਹੈਂ ਅਤੇ ਤੂੰ ਸਭ ਸ੍ਰਿਸ਼ਟੀ ਦਾ ਰਚਨਹਾਰ

ਹੈਂ। ਤੂੰ ਸਭ ਜੀਵ-ਧਾਰੀਆਂ ਦੀ ਜਿੰਦ ਜਾਨ ਹੈਂ। ਸਭ ਵਿਚ ਤੇਰੀ ਸੱਤਿਆ ਵਰਤ ਰਹੀ ਹੈ ਅਥਵਾ ਸਭ ਜੀਵਾਂ ਨੂੰ ਤੇਰਾ ਆਸਰਾ ਹੈ॥੧੪੩॥

## ਸਰਬੰ ਕਰਮੰ॥ ਸਰਬੰ ਧਰਮੰ॥ ਸਰਬੰ ਜੁਗਤਾ॥ ਸਰਬੰ ਮੁਕਤਾ॥ ੧੪੪॥

ਕਰਮੰ=ਕੰਮ। ਧਰਮੰ=ਫਰਜ਼। ਜੁਗਤਾ=ਜੁੜਿਆ ਹੋਇਆ। ਮੁਕਤਾ=ਨਿਰਲੇਪ।

ਹੇ ਕਰਨਹਾਰ ਪ੍ਰਭੂ ! ਦੁਨੀਆਂ ਦੇ ਸਭ ਕੰਮ ਤੂੰ ਹੀ ਕਰ ਰਿਹਾ ਹੈਂ। ਤੂੰ ਸਭ ਜ਼ਿੰਮੇਵਾਰੀਆਂ ਫਰਜ਼ਾਂ ਨੂੰ ਨਿਬਾਹ ਰਿਹਾ ਹੈਂ। ਤੂੰ ਸਭ ਨਾਲ ਜੁੜਿਆ ਹੋਇਆ ਹੈਂ ਭਾਵ ਸਭ ਵਿਚ ਵਿਆਪਕ ਹੈਂ, ਤੂੰ ਸਭ ਨਾਲ ਮਿਲਿਆ ਹੋਣ ਦੇ ਬਾਵਜੂਦ ਨਿਰਲੇਪ ਹੈਂ॥੧੪੪॥

## ਰਸਾਵਲ ਛੰਦ॥ ਤ੍ਵਪ੍ਰਸਾਦਿ॥

## ਨਮੋ ਨਰਕ ਨਾਸੇ॥ ਸਦੈਵੰ ਪ੍ਰਕਾਸੇ॥ ਅਨੰਗੰ ਸਰੂਪੇ॥ ਅਭੰਗੰ ਬਿਭੂਤੇ॥ ੧੪੫॥

ਪਦ ਅਰਥ - ਨਮੋ=ਨਮਸ਼ਕਾਰ। ਸਦੈਵੰ=ਸਦਾ ਹੀ। ਪ੍ਰਕਾਸੇ=ਚਾਨਣ। ਅਨੰਗੰ=ਸਰੀਰ ਰਹਿਤ। ਅਭੰਗੰ=ਨਾਸ ਰਹਿਤ। ਬਿਭੂਤੇ=ਤੇਜ, ਪ੍ਰਤਾਪ।

ਹੇ ਨਰਕਾਂ ਦੇ ਨਾਸ ਕਰਨ ਵਾਲੇ ਪ੍ਰਭੂ ! ਤੈਨੂੰ ਨਮਸ਼ਕਾਰ ਹੈ। ਤੂੰ ਸਦਾ ਹੀ ਪ੍ਰਕਾਸ਼-ਸਰੂਪ ਹੈਂ। ਹੇ ਸਰੀਰ ਤੋਂ ਰਹਿਤ ਪਰਮਾਤਮਾ ! ਤੈਨੂੰ ਨਮਸ਼ਕਾਰ ਹੈ। ਤੇਰਾ ਤੇਜ ਪ੍ਰਤਾਪ ਕਦੀ ਵੀ ਨਾਸ ਨਹੀਂ ਹੁੰਦਾ॥੧੪੫॥

## ਪ੍ਰਮਾਥੰ ਪ੍ਰਮਾਥੇ॥ ਸਦਾ ਸਰਬ ਸਾਥੇ॥ ਅਗਾਧਿ ਸਰੂਪੇ॥ ਨ੍ਰਿਬਾਧਿ ਬਿਭੂਤੇ॥ ੧੪੬॥

ਪਦ ਅਰਥ - ਪ੍ਰਮਾਥੰ=ਜੋ ਦੂਜਿਆਂ ਨੂੰ ਤੰਗ ਕਰਦਾ ਹੈ। ਅਗਾਧ=ਅਥਾਹ। ਨ੍ਰਿਬਾਧ=ਜਿਸ ਨੂੰ ਕੋਈ ਰੋਕ ਨਾ ਪਾ ਸਕੇ।

ਤੂੰ ਦੂਜਿਆਂ ਨੂੰ ਦੁਖੀ ਕਰਨ ਵਾਲੇ ਜੀਵਾਂ ਨੂੰ ਨਾਸ ਕਰਨ ਵਾਲਾ ਹੈਂ। ਤੂੰ ਸ੍ਰਿਸ਼ਟੀ ਦੇ ਸਭ ਜੀਵਾਂ ਦੇ ਸਦਾ ਅੰਗ ਸੰਗ ਰਹਿੰਦਾ ਹੈਂ ! ਤੇਰੀ ਹਸਤੀ ਦਾ ਕੋਈ ਥਾਹ ਨਹੀਂ ਪਾ ਸਕਦਾ ਤੇ ਨਾ ਹੀ ਤੇਰੇ ਤੇਜ ਪ੍ਰਤਾਪ ਨੂੰ ਕੋਈ ਰੋਕ ਸਕਦਾ ਹੈ॥੧੪੬॥

## ਅਨੰਗੀ ਅਨਾਮੇ॥ ਤ੍ਰਿਭੰਗੀ ਤ੍ਰਿਕਾਮੇ॥ ਨ੍ਰਿਭੰਗੀ ਸਰੂਪੇ॥ ਸ੍ਰਬੰਗੀ ਅਨੂਪੇ॥ ੧੪੭॥

ਪਦ ਅਰਥ - ਅਨੰਗੀ=ਅੰਗ ਰਹਿਤ। ਸਰਬੰਗੀ=ਮੁਕੰਮਲ।

ਤੇਰੇ ਸੰਸਾਰੀ ਜੀਵਾਂ ਵਰਗੇ ਅੰਗ ਨਹੀਂ। ਤੇਰਾ ਕੋਈ ਇਕ ਨਾਮ ਨਹੀਂ। ਤੂੰ ਤਿੰਨਾਂ ਭਵਨਾਂ ਅਕਾਸ਼ ਪਤਾਲ ਤੇ ਮਾਤਲੋਕ ਨੂੰ ਨਾਸ ਕਰਨ ਵਾਲਾ ਹੈਂ। ਤੂੰ ਤਿੰਨਾਂ ਭਵਨਾਂ ਦੇ ਜੀਵਾਂ ਦੀ ਹਰ ਇਕ ਕਾਮਨਾ ਨੂੰ ਪੂਰਾ ਕਰਨ ਵਾਲਾ ਹੈਂ। ਹੇ ਅਕਾਲ ਪੁਰਖ ! ਤੇਰਾ ਸਰੂਪ ਨਾਸ ਰਹਿਤ ਹੈ। ਤੇਰੀ ਹਸਤੀ ਪੂਰਨ ਹੈ ਤੇ ਤੇਰੇ ਵਰਗਾ ਹੋਰ ਕੋਈ ਵੀ ਨਹੀਂ ਅਥਵਾ ਤੇਰੀ ਹਸਤੀ ਉਪਮਾ ਰਹਿਤ ਹੈ॥੧੪੭॥

**ਨ ਪੋਤ੍ਰੈ ਨ ਪੁਤ੍ਰੈ॥ ਨ ਸੱਤ੍ਰੈ ਨ ਮਿੱਤ੍ਰੈ॥ ਨ ਤਾਤੈ ਨ ਮਾਤੈ॥ ਨ ਜਾਤੈ ਨ ਪਾਤੈ॥ ੧੪੮॥**

ਸ਼ੱਤ੍ਰੈ=ਦੁਸ਼ਮਨ। ਤਾਤੈ=ਪਿਤਾ। ਪਾਤੈ=ਕੁਲ।

ਹੇ ਵਾਹਿਗੁਰੂ ! ਸੰਸਾਰੀ ਜੀਵਾਂ ਵਾਂਗੂੰ ਤੇਰਾ ਕੋਈ ਪੁਤ੍ਰ ਨਹੀਂ ਤੇ ਨਾ ਹੀ ਕੋਈ ਪੋਤਰਾ ਹੈ। ਨਾ ਤੇਰਾ ਕੋਈ ਦੁਸ਼ਮਨ ਹੈ ਤੇ ਨਾ ਹੀ ਤੇਰਾ ਕੋਈ ਮਿੱਤਰ ਹੈ। ਨਾ ਤੇਰਾ ਕੋਈ ਪਿਤਾ ਹੈ ਤੇ ਨਾ ਹੀ ਤੇਰੀ ਕੋਈ ਮਾਤਾ ਹੈ। ਨਾ ਹੀ ਤੇਰੀ ਕੋਈ ਜਾਤ ਹੈ ਤੇ ਨਾ ਹੀ ਤੇਰੀ ਕੋਈ ਕੁਲ ਹੈ॥ ੧੪੮॥

**ਨ੍ਰਿਸਾਕੰ ਸ਼ਰੀਕ ਹੈਂ॥ ਅਮਿਤੋ ਅਮੀਕ ਹੈਂ॥ ਸਦੈਵੰ ਪ੍ਰਭਾ ਹੈਂ॥ ਅਜੈ ਹੈਂ ਅਜਾ ਹੈਂ॥ ੧੪੯॥**

ਪਦ ਅਰਥ - ਨ੍ਰਿਸਾਕੰ ਸ਼ਰੀਕ=ਸਾਕ ਤੇ ਸ਼ਰੀਰ ਤੋਂ ਬਿਨਾਂ। ਅਮਿਤੋ=ਮਿਣਤੀ ਰਹਿਤ। ਅਮੀਕ=ਡੂੰਘਾ। ਪ੍ਰਭਾ=ਪ੍ਰਕਾਸ਼। ਅਜੈ=ਅਜਿੱਤ। ਅਜਾ=ਜਨਮ ਰਹਿਤ।

ਹੇ ਵਾਹਿਗੁਰੂ ! ਸੰਸਾਰੀ ਮਨੁੱਖਾਂ ਵਾਂਗੂੰ ਤੇਰਾ ਕੋਈ ਸਾਕ ਸੰਬੰਧੀ ਨਹੀਂ ਤੇ ਨਾ ਹੀ ਤੇਰਾ ਕੋਈ ਸ਼ਰੀਕ ਹੈ। ਤੂੰ ਬੇਅੰਤ ਤੇ ਅਥਾਹ ਹੈ। ਤੂੰ ਸਦਾ ਪ੍ਰਕਾਸ਼ ਰੂਪ ਹੈਂ। ਤੂੰ ਅਜਿੱਤ ਹੈ ਤੇ ਜਨਮ ਵਿਚ ਨਹੀਂ ਆਉਂਦਾ॥ ੧੪੯॥

## *ਭਗਵਤੀ ਛੰਦ॥ ਤ੍ਵਪ੍ਰਸਾਦਿ॥*

**ਕਿ ਜ਼ਾਹਰ ਜ਼ਹੂਰ ਹੈਂ॥ ਕਿ ਹਾਜ਼ਰ ਹਜ਼ੂਰ ਹੈਂ॥
ਹਮੇਸੁਲ ਸਲਾਮ ਹੈਂ॥ ਸਮਸਤੁਲ ਕਲਾਮ ਹੈਂ॥ ੧੫੦॥**

ਪਦ ਅਰਥ - ਜ਼ਾਹਰ=ਪਰਤੱਖ।ਜ਼ਹੂਰ=ਪ੍ਰਕਾਸ਼। ਸਲਾਮ=ਸਲਾਮਤ ! ਸਮਸਤੁਲ ਕਲਾਮ=ਸਾਰਿਆਂ ਦੀ ਬੋਲੀ ਦਾ ਵਿਸ਼ਾ।

ਹੇ ਅਕਾਲ ਪੁਰਖ ! ਤੇਰਾ ਪ੍ਰਕਾਸ਼ ਹਰ ਥਾਂ ਪਰਤੱਖ ਦਿਖਾਈ ਦੇ ਰਿਹਾ ਹੈ। ਤੂੰ ਹਰ ਥਾਂ ਤੇ ਮੌਜੂਦ ਹੈਂ। ਤੂੰ ਸਦਾ ਕਾਇਮ ਰਹਿਣ ਵਾਲਾ ਹੈਂ। ਤੂੰ ਸਭ ਜੀਵਾਂ ਦੀ ਬੋਲੀ ਦਾ ਵਿਸ਼ਾ ਹੈਂ ਅਰਥਾਤ ਸ੍ਰਿਸ਼ਟੀ ਦੇ ਸਾਰੇ ਜੀਵ ਤੇਰੇ ਗੁਣਾਂ ਦਾ ਹੀ ਵਰਣਨ ਕਰਦੇ ਹਨ॥ ੧੫੦॥

**ਕਿ ਸਾਹਿਬ ਦਿਮਾਗ ਹੈਂ॥ ਕਿ ਹੁਸਨੁਲ ਚਰਾਗ਼ ਹੈਂ॥
ਕਿ ਕਾਮਲ ਕਰੀਮ ਹੈਂ॥ ਕਿ ਰਾਜ਼ਕ ਰਹੀਮ ਹੈਂ॥ ੧੫੧॥**

ਪਦ ਅਰਥ - ਸਾਹਿਬ=ਮਾਲਕ। ਦਿਮਾਗ=ਬੁੱਧ। ਹੁਸਨੁਲ=ਸੁੰਦਰਤਾ। ਚਰਾਗ਼=ਦੀਵਾ। ਕਾਮਲ=ਪੂਰਨ। ਕਰੀਮ=ਬਖਸ਼ਿਸ਼ਾਂ ਕਰਨ ਵਾਲਾ। ਰਾਜ਼ਕ=ਰਿਜ਼ਕ ਦੇਣ ਵਾਲਾ। ਰਹੀਮ=ਮੇਹਰ ਕਰਨ ਵਾਲਾ।

ਹੇ ਅਕਾਲ ਪੁਰਖ ! ਤੂੰ ਬੜੀ ਉੱਚੀ ਬੁੱਧੀ ਅਤੇ ਸਮਝ ਦਾ ਮਾਲਕ ਹੈਂ ਭਾਵ ਤੂੰ ਬੜਾ ਦਾਨਾ ਹੈਂ । ਤੂੰ ਸੁੰਦਰਤਾ ਦਾ ਚਰਾਗ ਹੈਂ ਭਾਵ ਦੀਵੇ ਵਾਂਗੂੰ ਪ੍ਰਕਾਸ਼ ਕਰਨ ਵਾਲਾ ਹੈਂ ਤੂੰ ! ਸਭ ਜੀਵਾਂ ਉਤੇ ਪੂਰਨ ਬਖਸ਼ਿਸ਼ਾਂ ਕਰਨ ਵਾਲਾ ਹੈ, ਤੂੰ ਸਭ ਨੂੰ ਰਿਜ਼ਕ ਪੁਚਾਉਣ ਵਾਲਾ ਹੈਂ ਅਤੇ

ਸਭ ਸ੍ਰਿਸ਼ਟੀ ਤੇ ਮਿਹਰ ਕਰਨ ਵਾਲਾ ਹੈਂ॥੧੫੧॥

**ਕਿ ਰੋਜੀ ਦਹੰਦ ਹੈਂ॥ ਕਿ ਰਾਜ਼ਕ ਰਹਿੰਦ ਹੈਂ॥**
**ਕਰੀਮੁਲ ਕਮਾਲ ਹੈਂ॥ ਕਿ ਹੁਸਨੁਲ ਜਮਾਲ ਹੈਂ॥੧੫੨॥**

ਪਦ ਅਰਥ - ਦਿਹੰਦ=ਦੇਣ ਵਾਲਾ। ਰਹਿੰਦ=ਮੁਕਤੀ ਰਿਹਾਈ ਦੇਣ ਵਾਲਾ। ਕਮਾਲ=ਪੂਰਨਤਾ। ਹੁਸਨਲ=ਸੁੰਦਰ। ਜਮਾਲ=ਸੁੰਦਰਤਾ।

ਹੇ ਪ੍ਰਭੂ ! ਤੂੰ ਸਭ ਜੀਵਾਂ ਨੂੰ ਰੋਜ਼ੀ ਦੇਣ ਵਾਲਾ ਹੈਂ। ਤੂੰ ਰਿਜ਼ਕ ਦੇਣ ਵਾਲਾ ਤੇ ਸਭ ਬੰਧਨਾਂ ਤੋਂ ਮੁਕਤ ਕਰਨ ਵਾਲਾ ਹੈਂ। ਤੂੰ ਪੂਰਨ ਤੌਰ ਤੇ ਸਭ ਜੀਵਾਂ ਤੇ ਬਖਸ਼ਿਸ਼ ਕਰਨ ਵਾਲਾ ਅਤੇ ਅਤਿ ਸੁੰਦਰ ਹੈਂ॥੧੫੨॥

**ਗ਼ਨੀਮੁਲ ਖਿਰਾਜ਼ ਹੈਂ॥ ਗ਼ਰੀਬੁਲ ਨਿਵਾਜ਼ ਹੈਂ॥**
**ਹਰੀਫੁਲ ਸ਼ਿਕੰਨ ਹੈਂ॥ ਹਿਰਾਸੁਲ ਫਿਕੰਨ ਹੈਂ॥੧੫੩॥**

ਪਦ ਅਰਥ - ਗ਼ਨੀਮੁਲ=ਦੁਸ਼ਮਨ। ਖ਼ਿਰਾਜ=ਚੱਟੀ। ਨਿਵਾਜ=ਵਡਿਆਉਣ ਵਾਲਾ। ਹਰੀਫੁਲ=ਵੈਰੀ। ਸ਼ਿਕੰਨ=ਤੋੜਨ ਵਾਲਾ। ਹਿਰਾਸੁਲ=ਡਰ। ਫਿਕੰਨ=ਦੂਰ ਕਰਨ ਵਾਲਾ।

ਹੇ ਅਕਾਲ ਪੁਰਖ ! ਤੂੰ ਦੁਸ਼ਮਨਾਂ ਤੋਂ ਚੱਟੀ ਭਰਨ ਵਾਲਾ ਹੈਂ ਤੇ ਗਰੀਬਾਂ ਨੂੰ ਵਡਿਆਉਣ ਵਾਲਾ ਹੈਂ। ਹੇ ਵਾਹਿਗੁਰੂ ! ਤੂੰ ਵੈਰੀਆਂ ਨੂੰ ਨਾਸ ਕਰਨ ਵਾਲਾ ਤੇ ਡਰ ਨੂੰ ਦੂਰ ਕਰਨ ਵਾਲਾ ਹੈਂ ਭਾਵ ਤੇਰੀ ਸ਼ਰਨ ਆਉਣ ਵਾਲੇ ਦੇ ਸਭ ਡਰ ਨਾਸ ਹੋ ਜਾਂਦੇ ਹਨ। ॥੧੫੩॥

**ਕਲੰਕੰ ਪ੍ਰਣਾਸ ਹੈਂ॥ ਸਮਸਤੁਲ ਨਿਵਾਸ ਹੈਂ॥**
**ਅਗੰਜੁਲ ਗਨੀਮ ਹੈਂ॥ ਰਜ਼ਾਇਕ ਰਹੀਮ ਹੈਂ॥੧੫੪॥**

ਪਦ ਅਰਥ - ਕਲੰਕੰ=ਦੋਸ਼। ਅਗੰਜੁਲ=ਅਜਿੱਤ। ਗ਼ਨੀਮ=ਦੁਸ਼ਮਨ।

ਹੇ ਪਰਮਾਤਮਾ ! ਤੂੰ ਸਭ ਦੋਸ਼ਾਂ ਨੂੰ ਦੂਰ ਕਰਨ ਵਾਲਾ ਹੈਂ। ਤੂੰ ਸਭ ਜੀਵਾਂ ਵਿਚ ਨਿਵਾਸ ਕਰਨ ਵਾਲਾ ਹੈ। ਕੋਈ ਦੁਸ਼ਮਨ ਤੈਨੂੰ ਜਿੱਤ ਨਹੀਂ ਸਕਦਾ ਭਾਵ ਤੂੰ ਅਜਿੱਤ ਹੈਂ । ਤੂੰ ਰਿਜ਼ਕ ਦੇਣ ਵਾਲਾ ਤੇ ਸਭ ਤੇ ਰਹਿਮ ਕਰਨ ਵਾਲਾ ਹੈਂ॥੧੫੪॥

**ਸਮਸਤੁਲ ਜੁਬਾ ਹੈਂ॥ ਕਿ ਸਾਹਿਬ ਕਿਰਾਂ ਹੈਂ॥**
**ਕਿ ਨਰਕੰ ਪ੍ਰਣਾਸ ਹੈਂ॥ ਬਹਿਸ਼ਤੁਲ ਨਿਵਾਸ ਹੈਂ॥੧੫੫॥**

ਪਦ ਅਰਥ - ਜ਼ੁਬਾਂ=ਜ਼ਬਾਨ। ਕਿਰਾਂ=ਪਰਤਾਪ। ਬਹਿਸ਼ਤੁਲ=ਸ੍ਵਰਗ।

ਹੇ ਪ੍ਰਭੂ ! ਤੂੰ ਸਭ ਜੀਵਾਂ ਦੀ ਜ਼ਬਾਨ ਹੈਂ ਭਾਵ ਸਭ ਜੀਵ ਤੇਰੀ ਦਿੱਤੀ ਸ਼ਕਤੀ ਨਾਲ ਹੀ

ਬੋਲ ਰਹੇ ਹਨ । ਤੂੰ ਬੜਾ ਪ੍ਰਤਾਪਵਾਨ ਹੈਂ। ਤੂੰ ਨਰਕਾਂ ਦਾ ਨਾਸ ਕਰਨ ਵਾਲਾ ਹੈਂ ਤੇ ਤੇਰਾ ਨਿਵਾਸ ਸੁਰਗ ਵਿਚ ਹੈ॥੧੫੫॥

**ਕਿ ਸਰਬੁਲ ਗਵੰਨ ਹੈਂ॥ ਹਮੇਸੁਲ ਰਵੰਨ ਹੈਂ॥**
**ਤਮਾਮੁਲ ਤਮੀਜ ਹੈਂ॥ ਸਮਸਤੁਲ ਅਜ਼ੀਜ਼ ਹੈਂ॥੧੫੬॥**

ਪਦ ਅਰਥ - ਗਵੰਨ=ਪਹੁੰਚ। ਰਵੰਨ=ਅਨੰਦ। ਤਮੀਜ਼=ਪਛਾਣ। ਅਜ਼ੀਜ਼=ਪਿਆਰਾ।

ਹੇ ਪਰਮਾਤਮਾ ! ਤੇਰੀ ਸਭ ਜੀਵਾਂ ਤੱਕ ਪਹੁੰਚ ਹੈ ਤੇ ਤੂੰ ਸਦਾ ਅਨੰਦ ਵਿਚ ਰਹਿੰਦਾ ਹੈਂ। ਤੂੰ ਸਭ ਜੀਵਾਂ ਦੀ ਪਛਾਣ ਰਖਦਾ ਹੈਂ ਭਾਵ ਸਭ ਦੀ ਸੰਭਾਲ ਕਰਨ ਵਾਲਾ ਹੈਂ । ਤੂੰ ਸਭ ਦਾ ਪਿਆਰਾ ਹੈ ਅਥਵਾ ਤੂੰ ਸਭ ਜੀਵਾਂ ਨੂੰ ਪਿਆਰ ਕਰਦਾ ਹੈਂ॥੧੫੬॥

**ਪਰੰ ਪਰਮ ਈਸ ਹੈਂ॥ ਸਮਸਤੁਲ ਅਦੀਸ ਹੈਂ॥**
**ਅਦੇਸੁਲ ਅਲੇਖ ਹੈਂ॥ ਹਮੇਸੁਲ ਅਭੇਖ ਹੈਂ॥੧੫੭॥**

ਪਦ ਅਰਥ - ਪਰੰ ਪਰਮ=ਸਭ ਤੋਂ ਵੱਡਾ। ਈਸ=ਮਾਲਕ। ਅਦੀਸ=ਸ਼ੁਰੂ ਤੋਂ ਮਾਲਕ। ਅਦੇਸ=ਦੇਸ ਰਹਿਤ। ਅਲੇਖ=ਚਿੱਤ੍ਰ ਰਹਿਤ।

ਹੇ ਪਰਮੇਸ਼ਰ ! ਤੂੰ ਸਭ ਤੋਂ ਮਹਾਨ ਉੱਚਾ ਮਾਲਕ ਹੈਂ। ਤੂੰ ਇਸ ਸੰਸਾਰ ਦੇ ਅਰੰਭ ਤੋਂ ਹੀ ਸਭ ਜੀਵਾਂ ਦਾ ਮਾਲਕ ਹੈਂ। ਤੇਰਾ ਕੋਈ ਖਾਸ ਇਕ ਦੇਸ ਨਹੀ ਤੇ ਤੂੰ ਅਲੇਖ ਭਾਵ ਲੇਖਾ ਰਹਿਤ ਹੈਂ ਤੇ ਤੂੰ ਸਦਾ ਹੀ ਭੇਸ ਰਹਿਤ ਹੈਂ ॥੧੫੭॥

**ਜ਼ਮੀਨੁਲ ਜ਼ਮਾ ਹੈਂ॥ ਅਮੀਕੁਲ ਇਮਾ ਹੈਂ॥**
**ਕਰੀਮੁਲ ਕਮਾਲ ਹੈਂ॥ ਕਿ ਜੁਰਅਤਿ ਜਮਾਲ ਹੈਂ॥੧੫੮॥**

ਪਦ ਅਰਥ - ਜ਼ਮੀਨੁਲ=ਧਰਤੀ। ਜ਼ਮਾਂ=ਆਕਾਸ਼। ਅਮੀਕੁਲ=ਡੂੰਘਾ। ਇਮਾ=ਧਰਮ। ਜੁਰਿਅਤਿ=ਦਲੇਰੀ। ਜਮਾਲ=ਸੁੰਦਰਤਾ।

ਹੇ ਪ੍ਰਭੂ ! ਤੂੰ ਧਰਤੀ ਤੇ ਅਕਾਸ਼ ਭਾਵ ਹਰ ਥਾਂ ਮੌਜੂਦ ਹੈਂ। ਤੂੰ ਅਥਾਹ ਧਰਮ ਵਾਲਾ ਹੈਂ। ਤੂੰ ਬਖਸ਼ਿਸ਼ ਕਰਨ ਵਿਚ ਪੂਰਨ ਹੈਂ ਅਤੇ ਤੂੰ ਦਲੇਰੀ ਤੇ ਸੁੰਦਰਤਾ ਦਾ ਸਰੂਪ ਹੈਂ॥੧੫੮॥

**ਕਿ ਅਚਲੰ ਪ੍ਰਕਾਸ ਹੈਂ॥ ਕਿ ਅਮਿਤੋ ਸੁਬਾਸ ਹੈਂ॥**
**ਕਿ ਅਜਬ ਸਰੂਪ ਹੈਂ॥ ਕਿ ਅਮਿਤੋ ਬਿਭੂਤ ਹੈਂ॥੧੫੯॥**

ਪਦ ਅਰਥ - ਅਚਲੰ=ਅਟੱਲ। ਅਮਿਤੋ=ਬੇਅੰਤ। ਸੁਬਾਸ=ਖੁਸ਼ਬੋ। ਅਜਬ=ਅਸਚਰਜ। ਬਿਭੂਤ=ਪ੍ਰਤਾਪ।

ਹੇ ਅਕਾਲ ਪੁਰਖ ! ਤੇਰੀ ਜੋਤ ਦਾ ਪ੍ਰਕਾਸ਼ ਸਦਾ ਅਟੱਲ ਹੈ ਭਾਵ ਸਦਾ ਕਾਇਮ ਰਹਿਣ ਵਾਲਾ ਹੈ । ਤੂੰ ਬੇਅੰਤ ਸੁਗੰਧੀ ਖੁਸ਼ਬੋ ਵਾਲਾ ਹੈਂ। ਤੇਰਾ ਰੂਪ ਅਸਚਰਜ ਹੈ ਤੇ ਤੇਰਾ ਪ੍ਰਤਾਪ ਵੀ ਬੇਅੰਤ ਹੈ॥੧੫੯॥

**ਕਿ ਅਮਿਤੋ ਪਸਾ ਹੈਂ॥ ਕਿ ਆਤਮ ਪ੍ਰਭਾ ਹੈਂ॥**
**ਕਿ ਅਚਲੰ ਅਨੰਗ ਹੈਂ॥ ਕਿ ਅਮਿਤੋ ਅਭੰਗ ਹੈਂ॥੧੬੦॥**

ਪਦ ਅਰਥ - ਪਸਾ=ਪਸਾਰਾ। ਆਤਮ=ਆਪ। ਪ੍ਰਭਾ=ਪ੍ਰਕਾਸ਼। ਅਨੰਗ=ਅੰਗ ਭਾਵ ਸਰੀਰ ਰਹਿਤ। ਅਭੰਗ=ਕਦੇ ਨਾਸ ਨਾ ਹੋਣ ਵਾਲਾ।

ਹੇ ਪਰਮਾਤਮਾ ! ਤੂੰ ਇਸ ਸ੍ਰਿਸ਼ਟੀ ਦੇ ਬੇਅੰਤ ਪਸਾਰੇ ਦਾ ਮਾਲਕ ਹੈਂ। ਤੇਰਾ ਆਪਾ ਸਰੂਪ ਪ੍ਰਕਾਸ਼ ਵਾਲਾ ਹੈਂ। ਤੂੰ ਅਟੱਲ ਤੇ ਸਰੀਰ ਰਹਿਤ ਹੈਂ। ਤੂੰ ਬੇਅੰਤ ਤੇ ਕਦੇ ਨਾ ਨਾਸ ਹੋਣ ਵਾਲਾ ਹੈਂ॥੧੬੦॥

## ਮਧੁਭਾਰ ਛੰਦ॥ ਤ੍ਵਪ੍ਰਸਾਦਿ॥

**ਮੁਨਿ ਮਨਿ ਪ੍ਰਨਾਮ॥ ਗੁਨਿ ਗਨ ਮੁਦਾਮ॥ ਅਰਿ ਬਰ ਅਗੰਜ॥ ਹਰਿ ਨਰ ਪ੍ਰਭੰਜ॥੧੬੧॥**

ਪਦ ਅਰਥ - ਮੁਨਿ=ਰਿਸ਼ੀ, ਮੁਨੀ ਤੇ ਤਪੱਸਵੀ। ਮਨਿ=ਹਿਰਦੇ ਵਿਚ। ਪ੍ਰਨਾਮ=ਨਮਸ਼ਕਾਰ। ਗੁਨਿ ਗਨ=ਬੇਅੰਤ ਗੁਣ। ਮੁਦਾਮ=ਸਦਾ। ਅਰਿ=ਵੈਰੀ। ਬਰ=ਵਡੇ। ਹਰਿ ਨਰ=ਮਨੁੱਖਾਂ ਦਾ ਮਾਲਕ। ਪ੍ਰਭੰਜ=ਨਾਸ ਕਰਨ ਵਾਲਾ।

ਹੇ ਕਰਤਾ ਪੁਰਖ। ਤੈਨੂੰ ਰਿਸ਼ੀ, ਮੁਨੀ ਤੇ ਤਪੱਸਵੀ ਆਪਣੇ ਹਿਰਦੇ ਵਿਚ ਨਮਸ਼ਕਾਰ ਕਰਦੇ ਹਨ। ਤੂੰ ਹਰ ਸਮੇਂ ਵਿਚ ਸ਼ੁਭ ਗੁਣਾਂ ਦਾ ਭੰਡਾਰ ਹੈਂ। ਵਡੇ ਵਡੇ ਦੁਸ਼ਮਨ ਵੀ ਤੈਨੂੰ ਜਿੱਤ ਨਹੀਂ ਸਕਦੇ। ਤੂੰ ਸਭ ਮਨੁਖਾਂ ਦਾ ਰਾਜਾ ਹੈਂ ਤੇ ਸਭ ਨੂੰ ਨਾਸ ਕਰਨ ਵਾਲਾ ਹੈਂ॥੧੬੧॥

**ਅਨ ਗਨ ਪ੍ਰਨਾਮ॥ ਮੁਨਿ ਮਨ ਸਲਾਮ॥ ਹਰਿ ਨਰ ਅਖੰਡ॥ ਬਰ ਨਰ ਅਮੰਡ॥੧੬੨॥**

ਪਦ ਅਰਥ - ਅਨਗਨ=ਬੇਅੰਤ। ਸਲਾਮ=ਨਮਸ਼ਕਾਰ। ਹਰਿ ਨਰ=ਮਨੁੱਖਾਂ ਵਿਚ ਸ਼ੇਰ ਰੂਪ। ਬਰਨਰ=ਮਨੁੱਖਾਂ ਵਿਚ ਉੱਤਮ। ਅਮੰਡ=ਅਤੀ ਸ਼ੋਭਾ ਵਾਲਾ।

ਹੇ ਪ੍ਰਭੂ ! ਸ੍ਰਿਸ਼ਟੀ ਦੇ ਬੇਅੰਤ ਜੀਵ ਤੈਨੂੰ ਪ੍ਰਣਾਮ ਕਰ ਰਹੇ ਹਨ। ਤਪੱਸਵੀ ਆਪਣੇ ਮਨ ਵਿਚ ਤੈਨੂੰ ਨਮਸ਼ਕਾਰ ਕਰਦੇ ਹਨ। ਤੂੰ ਮਨੁੱਖਾਂ ਵਿਚ ਸ਼ੇਰ ਰੂਪ ਹੈਂ ਅਥਵਾ ਤੂੰ ਸਭ ਮਨੁੱਖਾਂ ਦਾ ਰਾਜਾ ਹੈਂ। ਤੂੰ ਅਖੰਡ ਹੈਂ ਭਾਵ ਨਾਸ ਹੋਣ ਵਾਲਾ ਨਹੀਂ । ਤੂੰ ਮਨੁੱਖਾਂ ਵਿਚ ਉਤਮ ਹੈਂ ਅਤੇ ਤੈਨੂੰ ਕਿਸੇ ਸਜਾਵਟ ਦੀ ਲੋੜ ਨਹੀਂ॥੧੬੨॥

**ਅਨਭਵ ਅਨਾਸ॥ ਮੁਨਿ ਮਨ ਪ੍ਰਕਾਸ॥ ਗੁਨ ਗਨ ਪ੍ਰਨਾਮ॥ ਜਲ ਥਲ ਮੁਦਾਮ॥੧੬੩॥**

ਪਦ ਅਰਥ - ਅਨੁਭਵ=ਗਿਆਨ ਸਰੂਪ। ਮੁਦਾਮ=ਸਦਾ।

ਹੇ ਪ੍ਰਭੂ ! ਤੂੰ ਆਪ ਹੀ ਗਿਆਨ-ਸਰੂਪ ਹੈਂ ਭਾਵ ਤੂੰ ਕਿਸੇ ਤੋਂ ਗਿਆਨ ਪ੍ਰਾਪਤ ਨਹੀਂ ਕਰਦਾ, ਤੂੰ ਅਬਿਨਾਸੀ ਭਾਵ ਨਾਸ ਰਹਿਤ ਹੈਂ। ਤੂੰ ਮੁਨੀਆਂ ਦੇ ਹਿਰਦਿਆਂ ਨੂੰ ਪ੍ਰਕਾਸ਼ਵਾਨ ਕਰਨ ਵਾਲਾ ਹੈਂ। ਹੇ ਸਭ ਗੁਣਾਂ ਦੇ ਭੰਡਾਰ ਪ੍ਰਭੂ ! ਤੈਨੂੰ ਨਮਸ਼ਕਾਰ ਹੈ। ਤੂੰ ਹਰ ਸਮੇਂ ਜਲ ਵਿਚ ਤੇ ਥਲ ਵਿਚ ਵਸ ਰਿਹਾ ਹੈਂ॥ ੧੬੩॥

## ਅਨਛਿੱਜ ਅੰਗ॥ ਆਸਨ ਅਭੰਗ॥ ਉਪਮਾ ਅਪਾਰ॥ ਗਤਿ ਮਿਤਿ ਉਦਾਰ॥ ੧੬੪॥

ਪਦ ਅਰਥ - ਅਨਛਿੱਜ=ਪੁਰਾਣਾ ਨਾ ਹੋਣ ਵਾਲਾ। ਆਸਨ=ਟਿਕਾਣਾ। ਉਪਮਾ=ਮਹਿਮਾ। ਗਤਿ=ਅਵਸਥਾ। ਮਿਤਿ=ਅੰਦਾਜ਼ਾ। ਉਦਾਰ=ਮਰਯਾਦਾ ਸ੍ਰੇਸ਼ਟ।

ਹੇ ਅਕਾਲ ਪੁਰਖ ! ਤੇਰਾ ਸਰੀਰ ਕਦੀ ਵੀ ਪੁਰਾਣਾ ਹੋਣ ਵਾਲਾ ਨਹੀਂ ਭਾਵ ਤੂੰ ਸਦਾ ਨਵਾਂ ਨਰੋਆ ਰਹਿੰਦਾ ਹੈਂ । ਤੇਰਾ ਆਸਨ ਅਡੋਲ ਹੈ ਭਾਵ ਤੂੰ ਕਦੇ ਵੀ ਨਹੀਂ ਡੋਲਦਾ ਤੇਰੀ ਮਹਿਮਾ ਵਡਿਆਈ ਬੇਅੰਤ ਹੈ। ਤੇਰੀ ਅਵਸਥਾ ਅਤੇ ਮਿਣਤੀ ਗਿਣਤੀ ਸ੍ਰੇਸ਼ਟ ਹੈ॥ ੧੬੪॥

## ਜਲ ਥਲ ਅਮੰਡ॥ ਦਿਸ ਵਿਸ ਅਭੰਡ॥ ਜਲ ਥਲ ਮਹੰਤ॥ ਦਿਸ ਵਿਸ ਬਿਅੰਤ॥ ੧੬੫॥

ਪਦ ਅਰਥ - ਅਮੰਡ=ਬਹੁਤ ਵਡੀ ਸ਼ੋਭਾ ਵਾਲਾ। ਦਿਸ ਵਿਸ=ਹਰ ਪਾਸੇ। ਅਭੰਡ=ਜੋ ਭੰਡਿਆ ਨਹੀਂ ਜਾ ਸਕਦਾ। ਮਹੰਤ=ਸਭ ਤੋਂ ਵੱਡਾ।

ਹੇ ਵਾਹਿਗੁਰੂ ! ਤੂੰ ਜਲ ਵਿਚ ਤੇ ਥਲ ਵਿਚ ਸ਼ੋਭਾ ਰਿਹਾ ਹੈਂ ਅਥਵਾ ਤੈਨੂੰ ਕਿਸੇ ਸਜਾਵਟ ਦੀ ਮੁਥਾਜੀ ਨਹੀਂ। ਤੂੰ ਹਰ ਦਿਸ਼ਾ ਤੇ ਹਰ ਨੁੱਕਰ ਕੋਨੇ ਵਿਚ ਵਿਆਪਕ ਹੈਂ, ਤੈਨੂੰ ਕਿਸੇ ਇਸਤਰੀ ਨੇ ਜਨਮ ਨਹੀਂ ਦਿੱਤਾ। ਤੂੰ ਜਲ ਤੇ ਥਲ ਧਰਤੀ ਵਿਚ ਸਭ ਤੋਂ ਵੱਡਾ ਹੈਂ। ਤੂੰ ਹਰ ਪਾਸੇ ਵਸ ਰਿਹਾ ਹੈਂ ਤੇ ਤੇਰਾ ਅੰਤ ਕੋਈ ਨਹੀਂ ਪਾ ਸਕਦਾ॥ ੧੬੫॥

## ਅਨੁਭਵ ਅਨਾਸ॥ ਧ੍ਰਿਤ ਧਰ ਧੁਰਾਸ॥ ਆਜਾਨ ਬਾਹੁ॥ ਏਕੈ ਸਦਾਹੁ॥ ੧੬੬॥

ਪਦ ਅਰਥ - ਅਨੁਭਵ=ਆਪਣੇ ਆਪ ਵਿਚ ਗਿਆਨ ਸਰੂਪ। ਧ੍ਰਿਤ=ਧਰਤੀ। ਧਰ ਧੁਰਾਸ=ਸਰਦਾਰ।

ਹੇ ਪਰਮਾਤਮਾ ! ਤੂੰ ਆਪਣੇ ਆਪ ਵਿਚ ਗਿਆਨ ਸਰੂਪ ਹੈਂ ਭਾਵ ਤੈਨੂੰ ਕਿਸੇ ਕੋਲੋਂ ਗਿਆਨ ਲੈਣ ਦੀ ਲੋੜ ਨਹੀਂ । ਤੂੰ ਨਾਸ ਨਹੀਂ ਹੁੰਦਾ। ਤੂੰ ਪ੍ਰਿਥਵੀ ਦਾ ਸਰਦਾਰ ਹੈਂ ਅਥਵਾ ਤੂੰ ਧੀਰਜਵਾਨਾਂ ਵਿਚ ਸਭ ਤੋਂ ਉੱਚਾ ਹੈਂ। ਇਸ ਸ੍ਰਿਸ਼ਟੀ ਰਚਨ ਦੇ ਸਭ ਸਾਧਨ ਤੇਰੇ ਹੱਥ ਵਿਚ ਹਨ। ਤੂੰ ਸਦੀਵੀ ਕਾਲ ਤੋਂ ਹੀ ਇਕ ਹੈ॥ ੧੬੬॥

## ਓਅੰਕਾਰਿ ਆਦਿ॥ ਕਥਨੀ ਅਨਾਦਿ॥ ਖਲ ਖੰਡ ਖਿਆਲ॥ ਗੁਰ ਬਰ ਅਕਾਲ॥ ੧੬੭॥

ਪਦ ਅਰਥ - ਓਅੰਕਾਰਿ=ਹਰ ਥਾਂ ਵਿਆਪ ਰਿਹਾ ਪ੍ਰਭੂ। ਕਥਨੀ=ਕਥਨ ਕਰਨ ਨਾਲ। ਖਲ =ਦੁਸ਼ਟ, ਮੂਰਖ, ਨੀਚ। ਖੰਡ=ਨਾਸ। ਖਿਆਲ=ਫੁਰਨਾ। ਗੁਰ ਬਰ=ਸਭ ਤੋਂ ਵੱਡਾ।

ਹੇ ਅਕਾਲ ਪੁਰਖ ! ਤੂੰ ਹਰ ਜਗ੍ਹਾ ਇਕ ਰਸ ਹੋ ਕੇ ਵਸ ਰਿਹਾ ਹੈ, ਤੂੰ ਸਾਰੀ ਸ੍ਰਿਸ਼ਟੀ ਦਾ ਮੁੱਢ ਹੈਂ। ਭਾਵੇਂ ਕਿੰਨਾ ਵੀ ਧਿਆਨ ਕਰੀਏ, ਫਿਰ ਵੀ ਤੇਰੇ ਆਦਿ ਅਰੰਭ ਦਾ ਪਤਾ ਨਹੀਂ ਲੱਗ ਸਕਦਾ। ਤੂੰ ਆਪਣੇ ਇਕ ਫੁਰਨੇ ਨਾਲ ਹੀ ਦੁਸ਼ਟ ਪੁਰਸ਼ਾਂ ਨੂੰ ਖਤਮ ਕਰ ਸਕਦਾ ਹੈਂ। ਤੂੰ ਸਭ ਤੋਂ ਵੱਡਾ ਹੈਂ। ਤੈਨੂੰ ਕਾਲ ਨਹੀਂ ਮਾਰ ਸਕਦਾ॥੧੬੭॥

## ਘਰਿ ਘਰ ਪ੍ਰਨਾਮ ॥ ਚਿਤ ਚਰਨ ਨਾਮ ॥ ਅਨਛਿਜ ਗਾਤ ॥ ਆਜਿਜ਼ ਨ ਬਾਤ ॥ ੧੬੮ ॥

ਪਦ ਅਰਥ - ਚਿਤ=ਮਨ ਵਿਚ। ਗਾਤ=ਸਰੀਰ, ਸਰੂਪ। ਅਜਿਜ਼=ਮੁਥਾਜ, ਲੋੜਵੰਦ।

ਹੇ ਕਰਤਾ ਪੁਰਖ ! ਸਭ ਪ੍ਰਾਣੀ ਘਰ ਘਰ ਵਿਚ ਤੈਨੂੰ ਨਮਸ਼ਕਾਰ ਕਰਦੇ ਹਨ। ਸਭ ਜੀਵਾਂ ਦੇ ਮਨਾਂ ਵਿਚ ਤੇਰੇ ਚਰਨ ਤੇ ਤੇਰਾ ਨਾਮ ਵਸ ਰਿਹਾ ਹੈ। ਤੇਰਾ ਸਰੀਰ ਸਰੂਪ ਕਦੇ ਪੁਰਾਣਾ ਨਹੀਂ ਹੁੰਦਾ। ਤੂੰ ਕਿਸੇ ਗੱਲ ਦੇ ਪੂਰਾ ਕਰਨ ਲਈ ਕਿਸੇ ਦੀ ਸਹਾਇਤਾ ਦਾ ਮੁਥਾਜ ਨਹੀਂ॥੧੬੮॥

## ਅਨਝੰਝ ਗਾਤ ॥ ਅਨਰੰਜ ਬਾਤ ॥ ਅਨਟੁਟ ਭੰਡਾਰ ॥ ਅਨਠਟ ਅਪਾਰ ॥ ੧੬੯ ॥

ਪਦ ਅਰਥ - ਅਨਝੰਝ=ਝਗੜਾ। ਗਾਤ=ਹਸਤੀ, ਸਰੂਪ। ਅਨਰੰਜ=ਗੁੱਸਾ। ਅਨਟੁਟ=ਨਾ ਮੁੱਕਣ ਵਾਲਾ। ਭੰਡਾਰ=ਖਜ਼ਾਨਾ। ਅਨਠਟ=ਜਿਸ ਨੂੰ ਕੋਈ ਥਾਪ ਨਾ ਸਕੇ।

ਹੇ ਕਰਤਾ ਪੁਰਖ ! ਤੇਰਾ ਸਰੂਪ ਹਸਤੀ ਝਗੜਿਆਂ ਬਖੇੜਿਆਂ ਤੋਂ ਰਹਿਤ ਹੈ। ਤੇਰੀ ਹਰ ਗੱਲ ਗੁੱਸੇ ਤੋਂ ਰਹਿਤ ਹੁੰਦੀ ਹੈ ਅਥਵਾ ਤੂੰ ਜੀਵਾਂ ਦੀ ਕਿਸੇ ਗੱਲ ਤੇ ਰੰਜ ਗੁੱਸਾ ਨਹੀਂ ਕਰਦਾ। ਤੇਰੇ ਖਜ਼ਾਨੇ ਸਦਾ ਭਰੇ ਰਹਿੰਦੇ ਹਨ, ਉਨ੍ਹਾਂ ਵਿਚ ਕਦੇ ਤੋਟ ਨਹੀਂ ਆਉਂਦੀ। ਤੈਨੂੰ ਕੋਈ ਮਨੁੱਖ ਮੂਰਤੀ ਵਾਂਗੂੰ ਥਾਪ ਨਹੀਂ ਸਕਦਾ ਤੂੰ ਬੇਅੰਤ ਹੈਂ॥੧੬੯॥

## ਆਡੀਠ ਧਰਮ ॥ ਅਤਿ ਢੀਠ ਕਰਮ ॥ ਅਨਬ੍ਰਣ ਅਨੰਤ ॥ ਦਾਤਾ ਮਹੰਤ ॥ ੧੭੦ ॥

ਪਦ ਅਰਥ - ਆਡੀਠ=ਅਣਦਿੱਸ। ਧਰਮ=ਫਰਜ਼, ਕਾਨੂੰਨ। ਅਤਿ ਢੀਠ=ਬਹੁਤ ਸਾਹਸ ਵਾਲੇ। ਕਰਮ=ਕੰਮ। ਅਣਬ੍ਰਣ=ਜਿਸ ਨੂੰ ਜ਼ਖਮ ਨਾ ਲਾਇਆ ਜਾ ਸਕੇ। ਮਹੰਤ=ਸਭ ਤੋਂ ਵੱਡਾ।

ਹੇ ਅਕਾਲ ਪੁਰਖ ! ਤੇਰਾ ਕਾਨੂੰਨ ਮਰਿਆਦਾ ਗੁਪਤ ਤੌਰ ਤੇ ਕੰਮ ਕਰ ਰਿਹਾ ਹੈ। ਤੇਰੇ ਸਾਰੇ ਕੰਮ ਬੜੇ ਸਾਹਸ ਉਤਸ਼ਾਹ ਵਾਲੇ ਹਨ ਭਾਵ ਤੂੰ ਜੋ ਕੰਮ ਕਰਦਾ ਹੈਂ, ਆਪਣੀ ਮਰਜ਼ੀ ਨਾਲ ਕਰਦਾ ਹੈਂ, ਕਿਸੇ ਦੇ ਡਰ ਨਾਲ ਨਹੀਂ ਕਰਦਾ । ਤੇਰੇ ਉਤੇ ਕੋਈ ਵਾਰ ਕਰਕੇ ਤੈਨੂੰ ਜ਼ਖਮੀ ਨਹੀਂ ਕਰ ਸਕਦਾ। ਤੂੰ ਬੇਅੰਤ ਹੈਂ। ਤੂੰ ਸਭ ਜੀਵਾਂ ਨੂੰ ਦਾਤਾਂ ਦੇਣ ਵਾਲਾ ਤੇ ਸਭ ਤੋਂ ਵੱਡਾ ਹੈਂ॥੧੭੦॥

## *ਹਰਿਬੋਲਮਨਾ ਛੰਦ ॥ ਤ੍ਵਪ੍ਰਸਾਦਿ ॥*

## ਕਰੁਣਾਲਯ ਹੈਂ ॥ ਅਰਿ ਘਾਲਯ ਹੈਂ ॥ ਖਲ ਖੰਡਨ ਹੈਂ ॥ ਮਹਿ ਮੰਡਨ ਹੈਂ ॥ ੧੭੧ ॥

ਪਦ ਅਰਥ - ਕਰੁਣਾਲਯ=ਤਰਸ ਦਾ ਘਰ, ਮਿਹਰਵਾਨ। ਅਰਿ=ਵੈਰੀ। ਘਾਲਯ=ਨਾਸ ਕਰਨ ਵਾਲਾ। ਖਲ=ਦੁਸ਼ਟ। ਮਹਿ=ਪ੍ਰਿਥਵੀ। ਮੰਡਨ=ਸਜਾਵਟ ਕਰਨ ਵਾਲਾ।

ਹੇ ਵਾਹਿਗੁਰੂ ਤੂੰ ਸੰਸਾਰ ਦੇ ਪ੍ਰਾਣੀਆਂ ਤੇ ਤਰਸ ਰਹਿਮ ਕਰਨ ਵਾਲਾ ਹੈਂ। ਤੂੰ ਵੈਰੀਆਂ ਨੂੰ ਨਾਸ ਕਰਨ ਵਾਲਾ ਹੈਂ। ਤੂੰ ਦੁਸ਼ਟ ਪੁਰਸ਼ਾਂ ਨੂੰ ਖਤਮ ਕਰਨ ਵਾਲਾ ਹੈਂ ਤੇ ਇਸ ਧਰਤੀ ਦੀ ਸਜਾਵਟ ਕਰਨ ਵਾਲਾ ਹੈਂ ਭਾਵ ਧਰਤੀ ਦੀ ਸਾਰੀ ਸ਼ੋਭਾ ਤੇਰੇ ਪ੍ਰਤਾਪ ਕਰਕੇ ਹੈ ॥੧੭੧॥

**ਜਗਤੇਸੂਰ ਹੈਂ ॥ ਪਰਮੇਸੂਰ ਹੈਂ ॥ ਕਲਿ ਕਾਰਨ ਹੈਂ ॥ ਸਰਬ ਉਬਾਰਨ ਹੈਂ ॥ ੧੭੨ ॥**

ਪਦ ਅਰਥ - ਜਗਤੇਸ੍ਵਰ=ਸੰਸਾਰ ਦਾ ਮਾਲਕ। ਪਰਮੇਸ੍ਵਰ=ਸਭ ਤੋਂ ਵੱਡਾ ਸੁਆਮੀ। ਕਲਿ=ਜੁੱਧ ਜੰਗ। ਕਾਰਣ=ਕਰਾਉਣ ਵਾਲਾ, ਮੂਲ। ਉਬਾਰਣ=ਬਚਾਉਣ ਵਾਲਾ।

ਹੇ ਕਰਤਾਰ ! ਤੂੰ ਸਾਰੇ ਸੰਸਾਰ ਦਾ ਮਾਲਕ ਹੈਂ ਤੇ ਸਭ ਤੋਂ ਵੱਡਾ ਸੁਆਮੀ ਹੈਂ। ਤੂੰ ਆਪ ਹੀ ਸਭ ਜੰਗਾਂ ਜੁੱਧਾਂ ਦੇ ਕਰਾਉਣ ਵਾਲਾ ਹੈ ਤੇ ਫਿਰ ਆਪ ਹੀ ਸਭ ਨੂੰ ਬਚਾਉਣ ਵਾਲਾ ਹੈਂ॥੧੭੨॥

**ਧ੍ਰਿਤ ਧਾਰਨ ਹੈਂ ॥ ਜਗ ਕਾਰਨ ਹੈਂ ॥ ਮਨ ਮਾਨਿਯ ਹੈਂ ॥ ਜਗ ਜਾਨਿਯ ਹੈਂ ॥ ੧੭੩ ॥**

ਪਦ ਅਰਥ - ਧ੍ਰਿਤ=ਧਰਤੀ। ਧਾਰੰਣ=ਧਾਰਨ ਵਾਲਾ। ਮਨਿ=ਹਿਰਦੇ ਵਿਚ। ਮਾਨਿਯ=ਮੰਨਣ ਯੋਗ। ਜਾਨਿਯ=ਜਾਣਨ ਯੋਗ।

ਹੇ ਪ੍ਰਭੂ ! ਤੂੰ ਹੀ ਇਸ ਧਰਤੀ ਨੂੰ ਧਾਰਨ ਵਾਲਾ ਹੈਂ ਭਾਵ ਧਰਤੀ ਦਾ ਆਸਰਾ ਹੈਂ ਤੇ ਤੂੰ ਹੀ ਇਸ ਜਗਤ ਨੂੰ ਬਨਾਉਣ ਵਾਲਾ ਹੈਂ। ਤੂੰ ਸਭ ਜੀਵਾਂ ਦੇ ਹਿਰਦਿਆਂ ਵਿਚ ਮੰਨਣ ਯੋਗ ਹੈਂ ਭਾਵ ਸਾਰੇ ਜੀਵ ਤੈਨੂੰ ਹੀ ਪੂਜਦੇ ਹਨ ਤੇ ਤੂੰ ਜਗਤ ਵਿਚ ਜਾਣਨ ਯੋਗ ਹੈ। ਭਾਵ ਸਭ ਲੋਕ ਤੈਨੂੰ ਜਾਣਨ ਦਾ ਯਤਨ ਕਰਦੇ ਹਨ ॥੧੭੩॥

**ਸਰਬੰ ਭਰ ਹੈਂ ॥ ਸਰਬੰ ਕਰ ਹੈਂ ॥ ਸਰਬ ਪਾਸਿਯ ਹੈਂ ॥ ਸਰਬ ਨਾਸਿਯ ਹੈਂ ॥ ੧੭੪ ॥**

ਪਦ ਅਰਥ - ਸਰਬੰ=ਸਭ ਨੂੰ। ਭਰ ਹੈਂ=ਭਰਨ ਵਾਲਾ, ਪਾਲਣ ਵਾਲਾ। ਕਰ=ਰਚਨਹਾਰ। ਪਾਸਿਯ=ਨੇੜੇ। ਨਾਸਿਯ=ਨਾਸ ਕਰਨ ਵਾਲਾ।

ਹੇ ਪਰਮਾਤਮਾ ! ਤੂੰ ਸਭ ਦੀ ਪਾਲਣਾ ਕਰਨ ਵਾਲਾ ਹੈਂ, ਤੇ ਸਭ ਜੀਵਾਂ ਨੂੰ ਉਤਪੰਨ ਕਰਨ ਵਾਲਾ ਹੈਂ ਤੂੰ ਸਭ ਜੀਵਾਂ ਦੇ ਨੇੜੇ ਵਸਣ ਵਾਲਾ ਹੈਂ ਅਤੇ ਸਭ ਨੂੰ ਨਾਸ ਕਰਨ ਵਾਲਾ ਹੈਂ॥੧੭੪॥

**ਕਰੁਣਾ ਕਰ ਹੈਂ ॥ ਬਿਸ੍ਵੰਭਰ ਹੈਂ ॥ ਸਰਬੇਸ੍ਵਰ ਹੈਂ ॥ ਜਗਤੇਸ੍ਵਰ ਹੈਂ ॥ ੧੭੫ ॥**

ਪਦ ਅਰਥ - ਕਰੁਣਾ ਕਰ=ਦਇਆ ਦਾ ਸੋਮਾ। ਬਿਸ੍ਵੰਭਰ= ਸਾਰੇ ਸੰਸਾਰ ਨੂੰ ਪਾਲਣਵਾਲਾ। ਸਰਬੇਸ੍ਵਰ=ਸਭ ਦਾ ਮਾਲਕ।

ਹੇ ਕਰਤਾ ਪੁਰਖ ! ਤੂੰ ਦਇਆ ਦਾ ਸੋਮਾ ਹੈਂ ਭਾਵ ਅਤੀ ਮਿਹਰਵਾਨ ਹੈਂ । ਤੂੰ ਸਾਰੇ ਸੰਸਾਰ ਨੂੰ ਪਾਲਣਵਾਲਾ ਹੈਂ। ਸਭ ਜੀਵਾਂ ਦਾ ਮਾਲਕ ਹੈਂ ਤੇ ਸਾਰੇ ਸੰਸਾਰ ਦਾ ਸੁਆਮੀ ਹੈਂ॥੧੭੫॥

**ਬ੍ਰਹਮੰਡਸ ਹੈਂ ॥ ਖਲ ਖੰਡਸ ਹੈਂ ॥ ਪਰ ਤੇ ਪਰ ਹੈਂ ॥ ਕਰੁਣਾਕਰ ਹੈਂ ॥ ੧੭੬ ॥**

ਪਦ ਅਰਥ - ਬ੍ਰਹਮੰਡਸ=ਸਾਰੇ ਬ੍ਰਹਮੰਡ ਦਾ ਮਾਲਕ। ਖੰਡਸ=ਟੁਕੜੇ ਕਰਨ ਵਾਲਾ। ਪਰ=ਵੱਡਾ।

ਹੇ ਪ੍ਰਭੂ ! ਤੂੰ ਸਾਰੇ ਬ੍ਰਹਮੰਡ ਦਾ ਮਾਲਕ ਹੈਂ। ਦੁਸ਼ਟਾਂ ਨੂੰ ਟੁਕੜੇ ਟੁਕੜੇ ਕਰਨ ਵਾਲਾ ਹੈਂ। ਤੂੰ ਪਰੇ ਤੋਂ ਪਰੇ ਹੈਂ ਅਥਵਾ ਵਡਿਆਂ ਤੋਂ ਵੱਡਾ ਹੈਂ। ਤੂੰ ਤਰਸ ਦਇਆ ਦਾ ਸੋਮਾ ਹੈਂ॥੧੭੬॥

**ਅਜਪਾ ਜਪ ਹੈਂ॥ ਅਥਪਾ ਥਪ ਹੈਂ॥ ਅਕ੍ਰਿਤਾ ਕ੍ਰਿਤ ਹੈਂ॥ ਅਮ੍ਰਿਤਾ ਮ੍ਰਿਤ ਹੈਂ॥ ੧੭੭॥**

ਪਦ ਅਰਥ - ਅਜਪਾ ਜਪ=ਜਪਾਂ ਨਾਲ ਵਸ ਵਿਚ ਨਾ ਆਉਣ ਵਾਲਾ। ਅਥਪਾ ਥਪ=ਜੋ ਮੂਰਤੀ ਵਾਂਗੂੰ ਥਾਪਿਆ ਨਹੀਂ ਜਾ ਸਕਦਾ। ਅਕ੍ਰਿਤਾਕ੍ਰਿਤ=ਜੋ ਕਿਸੇ ਦਾ ਰਚਿਆ ਹੋਇਆ ਨਹੀਂ। ਅੰਮ੍ਰਿਤਾਮ੍ਰਿਤ=ਨਾ ਮਰਨ ਵਾਲਾ, ਅਮਰ।

ਹੇ ਕਰਤਾਰ ! ਤੂੰ ਮੰਤਰਾਂ ਦੇ ਜਪਣ ਨਾਲ ਵਸ ਵਿਚ ਆਉਣ ਵਾਲਾ ਨਹੀਂ। ਤੂੰ ਮੰਦਰਾਂ ਦੀਆਂ ਮੂਰਤਾਂ ਵਾਂਗੂੰ ਥਾਪੇ ਜਾਣ ਵਾਲਾ ਨਹੀਂ। ਤੇਰਾ ਸਰੂਪ ਕਿਸੇ ਦਾ ਬਣਾਇਆ ਹੋਇਆ ਨਹੀਂ। ਤੂੰ ਮੌਤ ਤੋਂ ਰਹਿਤ ਹੈਂ॥੧੭੭॥

**ਅੰਮ੍ਰਿਤਾ ਮ੍ਰਿਤ ਹੈਂ॥ ਕਰੁਣਾ ਕ੍ਰਿਤ ਹੈਂ॥ ਅਕ੍ਰਿਤਾ ਕ੍ਰਿਤ ਹੈਂ॥ ਧਰਣੀ ਧ੍ਰਿਤ ਹੈਂ॥ ੧੭੮॥**

ਪਦ ਅਰਥ - ਧਰਣੀ=ਧਰਤੀ। ਧ੍ਰਿਤ=ਆਸਰਾ।

ਹੇ ਵਾਹਿਗੁਰੂ ! ਤੂੰ ਮੌਤ ਰਹਿਤ ਅਮਰ ਹੈਂ ਤੇ ਰਹਿਮ ਤਰਸ ਦੀ ਮੂਰਤੀ ਹੈਂ । ਤੇਰੀ ਮੂਰਤੀ ਤਸਵੀਰ ਨੂੰ ਕੋਈ ਚਿੱਤ੍ਰਕਾਰ ਨਹੀਂ ਬਣਾ ਸਕਦਾ। ਤੂੰ ਧਰਤੀ ਨੂੰ ਧਾਰਨ ਵਾਲਾ ਹੈਂ॥੧੭੮॥

**ਅਮਿਤੇਸ੍ਵਰ ਹੈਂ॥ ਪਰਮੇਸ੍ਵਰ ਹੈਂ॥ ਅਕ੍ਰਿਤਾ ਕ੍ਰਿਤ ਹੈਂ॥ ਅਮ੍ਰਿਤਾ ਮ੍ਰਿਤ ਹੈਂ॥ ੧੭੯॥**

ਪਦ ਅਰਥ - ਅਮਿਤ=ਮਿਣਤੀ ਰਹਿਤ। ਪਰਮੇਸ੍ਵਰ=ਸਭ ਤੋਂ ਵੱਡਾ ਮਾਲਕ।

ਹੇ ਅਕਾਲ ਪੁਰਖ ! ਤੇਰੀ ਸ਼ਕਤੀ ਨੂੰ ਕੋਈ ਮਿਣ ਨਹੀਂ ਸਕਦਾ ਭਾਵ ਤੇਰੀ ਹਸਤੀ ਗਿਣਤੀ ਮਿਣਤੀ ਤੋਂ ਬਾਹਰ ਹੈਂ ਤੂੰ ਸਭ ਤੋਂ ਵੱਡਾ ਸੁਆਮੀ ਹੈਂ। ਤੇਰੀ ਮੂਰਤੀ ਕੋਈ ਬਣਾ ਨਹੀਂ ਸਕਦਾ ਤੇ ਤੂੰ ਅਮਰ ਭਾਵ ਮਰਨ ਤੋਂ ਰਹਿਤ ਹੈਂ॥੧੭੯॥

**ਅਜਬਾ ਕ੍ਰਿਤ ਹੈਂ॥ ਅਮ੍ਰਿਤਾ ਮ੍ਰਿਤ ਹੈਂ॥ ਨਰ ਨਾਇਕ ਹੈਂ॥ ਖਲ ਘਾਇਕ ਹੈਂ॥ ੧੮੦॥**

ਪਦ ਅਰਥ - ਅਜਬਾ=ਅਸਚਰਜ। ਨਰ=ਮਨੁੱਖ। ਨਾਇਕਾ=ਆਗੂ। ਖਲ=ਦੁਸ਼ਟ।

ਹੇ ਪਰਮਾਤਮਾ ! ਤੇਰਾ ਸਰੂਪ ਬੜਾ ਅਸਚਰਜ ਹੈ। ਤੂੰ ਸਦਾ ਅਮਰ ਹੈ। ਤੂੰ ਮਨੁੱਖਾਂ ਦਾ ਆਗੂ ਭਾਵ ਸਰਦਾਰ ਹੈਂ ਤੇ ਦੁਸ਼ਟਾਂ ਦਾ ਨਾਸ ਕਰਨ ਵਾਲਾ ਹੈਂ॥੧੮੦॥

**ਬਿਸ੍ਵੰਭਰ ਹੈਂ॥ ਕਰੁਣਾਲਯ ਹੈਂ॥ ਨ੍ਰਿਪ ਨਾਇਕ ਹੈਂ॥ ਸਰਬ ਪਾਇਕ ਹੈਂ॥ ੧੮੧॥**

ਪਦ ਅਰਥ - ਬਿਸ੍ਵੰਭਰ=ਸੰਸਾਰ ਨੂੰ ਪਾਲਣ ਵਾਲਾ। ਨ੍ਰਿਪ=ਰਾਜਾ। ਨਾਇਕ=ਮਾਲਕ। ਪਾਇਕ=ਰੱਖਿਆ ਕਰਨ ਵਾਲਾ।

ਹੇ ਵਾਹਿਗੁਰੂ ! ਤੂੰ ਸਾਰੇ ਸੰਸਾਰ ਦਾ ਪਾਲਣਾ ਕਰਨ ਵਾਲਾ ਹੈਂ ਤੇ ਤਰਸ ਦਾ ਘਰ ਹੈਂ। ਤੂੰ ਜਗਤ ਦੇ ਰਾਜਿਆਂ ਦਾ ਮਾਲਕ ਹੈਂ ਤੇ ਸਭ ਜੀਵਾਂ ਦੀ ਰਖਿਆ ਕਰਨ ਵਾਲਾ ਹੈਂ॥੧੮੧॥

## ਭਵ ਭੰਜਨ ਹੈਂ॥ ਅਰਿ ਗੰਜਨ ਹੈਂ॥ ਰਿਪੁ ਤਾਪਨ ਹੈਂ॥ ਜਪੁ ਜਾਪਨ ਹੈਂ॥ ੧੮੨॥

ਪਦ ਅਰਥ - ਭਵ=ਜਨਮ ਮਰਨ ਦਾ ਗੇੜ। ਅਰਿ=ਵੈਰੀ। ਰਿਪੁ=ਸ਼ੱਤਰੂ। ਤਾਪਨ=ਦੁਖ ਦੇਣ ਵਾਲਾ, ਤਪਾਉਣ ਵਾਲਾ। ਜਾਪਨ=ਜਪਾਉਣ ਵਾਲਾ।

ਹੇ ਪ੍ਰਭੂ ! ਤੂੰ ਆਪਣੇ ਭਗਤਾਂ ਦੇ ਜਨਮ ਮਰਨ ਦੇ ਗੇੜ ਨੂੰ ਨਾਸ ਕਰਨ ਵਾਲਾ ਹੈਂ। ਤੂੰ ਵੈਰੀਆਂ ਨੂੰ ਜਿੱਤਣ ਵਾਲਾ ਹੈਂ। ਤੂੰ ਸ਼ੱਤਰੂਆਂ ਨੂੰ ਤਪਾਉਣ ਵਾਲਾ ਹੈਂ। ਤੂੰ ਜੀਵਾਂ ਕੋਲੋਂ ਆਪਣੇ ਨਾਮ ਦਾ ਜਾਪ ਆਪ ਜਪਾਉਂਦਾ ਹੈਂ॥੧੮੨॥

## ਅਕਲੰ ਕ੍ਰਿਤ ਹੈਂ॥ ਸਰਬਾ ਕ੍ਰਿਤ ਹੈਂ॥ ਕਰਤਾ ਕਰ ਹੈਂ॥ ਹਰਤਾ ਹਰ ਹੈਂ॥ ੧੮੩॥

ਪਦ ਅਰਥ - ਅਕਲੰ=ਕਲੇਸ਼ ਰਹਿਤ। ਸਰਬਾ ਕ੍ਰਿਤ=ਸਭ ਦੇ ਕਰਨ ਵਾਲਾ। ਕਰਤਾ=ਸ੍ਰਿਸ਼ਟੀ ਦਾ ਰਚਨਹਾਰ ਬ੍ਰਹਮਾ। ਹਰਤਾ=ਜਗਤ ਦਾ ਨਾਸ ਕਰਨ ਵਾਲਾ। ਹਰਿ=ਸ਼ਿਵ।

ਹੇ ਕਰਤਾਰ ! ਤੂੰ ਕਲੇਸ਼ ਰਹਿਤ ਸਰੂਪ ਵਾਲਾ ਹੈ ਅਤੇ ਸਭ ਦੇ ਕਾਰਜ ਕਰਨ ਵਾਲਾ ਹੈ। ਤੂੰ ਸੰਸਾਰ ਦੇ ਰਚਨਹਾਰ ਬ੍ਰਹਮਾ ਨੂੰ ਪੈਦਾ ਕਰਨ ਵਾਲਾ ਹੈਂ ਤੇ ਜਗਤ ਨੂੰ ਨਾਸ ਕਰਨ ਵਾਲੇ ਸ਼ਿਵ ਜੀ ਨੂੰ ਵੀ ਨਾਸ ਕਰਨ ਵਾਲਾ ਹੈਂ॥੧੮੩॥

## ਪਰਮਾਤਮ ਹੈਂ॥ ਸਰਬ ਆਤਮ ਹੈਂ॥ ਆਤਮ ਬਸ ਹੈਂ॥ ਜਸ ਕੇ ਜਸ ਹੈਂ॥ ੧੮੪॥

ਪਦ ਅਰਥ - ਪਰਮਾਤਮ=ਸਭ ਤੋਂ ਉੱਚੀ ਆਤਮਾ। ਸਰਬਾਤਮ=ਸਾਰਿਆਂ ਦੀ ਆਤਮਾ। ਆਤਮ ਬਸ=ਆਪਣੇ ਆਪ ਦੇ ਵਸ ਵਿਚ। ਜਸ=ਜੈਸਾ।

ਹੇ ਨਿਰੰਕਾਰ ! ਤੂੰ ਸਭ ਤੋਂ ਉੱਚੀ ਆਤਮਾ ਵਾਲਾ ਹੈਂ। ਤੂੰ ਸਭ ਜੀਵਾਂ ਦੀ ਆਤਮਾ ਹੈਂ ਭਾਵ ਸਭ ਜੀਵਾਂ ਵਿਚ ਤੇਰੀ ਜੋਤ ਦਾ ਨਿਵਾਸ ਹੈ । ਤੂੰ ਆਪਣੇ ਵਸ ਵਿਚ ਆਪ ਹੀ ਹੈਂ ਭਾਵ ਤੇਰੇ ਉੱਤੇ ਕਿਸੇ ਸ਼ਕਤੀ ਦਾ ਨਿਯੰਤ੍ਰਣ ਨਹੀਂ ਅਤੇ ਤੂੰ ਜੈਸਾ ਹੈ ਵੈਸਾ ਹੀ ਹੈ॥੧੮੪॥

## ਭੁਜੰਗ ਪ੍ਰਯਾਤ ਛੰਦ॥

## ਨਮੋ ਸੂਰਜ ਸੂਰਜੇ ਨਮੋ ਚੰਦ੍ਰ ਚੰਦ੍ਰੇ॥ ਨਮੋ ਰਾਜ ਰਾਜੇ ਨਮੋ ਇੰਦ੍ਰ ਇੰਦ੍ਰੇ॥
## ਨਮੋ ਅੰਧਕਾਰੇ ਨਮੋ ਤੇਜ ਤੇਜੇ॥ ਨਮੋ ਬ੍ਰਿੰਦ ਬ੍ਰਿੰਦੇ ਨਮੋ ਬੀਜ ਬੀਜੇ॥ ੧੮੫॥

ਪਦ ਅਰਥ - ਬ੍ਰਿੰਦ=ਸਮੂਹ। ਬੀਜ=ਸੂਖਮ।

ਨਮਸ਼ਕਾਰ ਹੈ ਸੂਰਜਾਂ ਦੇ ਸੂਰਜ ਨੂੰ ! ਨਮਸ਼ਕਾਰ ਹੈ ਚੰਦ੍ਰਮਾਂ ਦੇ ਚੰਦ੍ਰਮਾਂ ਨੂੰ ਭਾਵ ਸੂਰਜ ਤੇ ਚੰਦਰਮਾਂ ਨੂੰ ਰੋਸ਼ਨੀ ਦੇਣ ਵਾਲੇ ਪ੍ਰਭੂ ਨੂੰ ਨਮਸ਼ਕਾਰ ਹੈ । ਹੇ ਪ੍ਰਭੂ ! ਤੈਨੂੰ ਨਮਸ਼ਕਾਰ ਹੈ।

ਤੂੰ ਰਾਜਿਆਂ ਦਾ ਰਾਜਾ ਹੈਂ ਤੇ ਦੇਵਤਿਆਂ ਦੇ ਰਾਜੇ ਇੰਦਰ ਦਾ ਵੀ ਰਾਜਾ ਹੈਂ। ਨਮਸ਼ਕਾਰ ਹੈ ਉਸ ਅਕਾਲ ਪੁਰਖ ਨੂੰ, ਜੋ ਘੁੱਪ ਹਨੇਰਾ ਵੀ ਹੈ ਤੇ ਮਹਾਨ ਤੇਜਾਂ ਪ੍ਰਕਾਸ਼ਾਂ ਦਾ ਤੇਜ਼ ਪ੍ਰਕਾਸ਼ ਵੀ ਹੈ। ਹੇ ਪਰਮਾਤਮਾ ! ਤੈਨੂੰ ਨਮਸ਼ਕਾਰ ਹੈ। ਤੂੰ ਬੇਅੰਤ ਪ੍ਰਾਣੀਆਂ ਦਾ ਇੱਕਠ ਹੈਂ ਤੇ ਫਿਰ ਸੂਖਮ ਤੋਂ ਸੂਖਮ ਰੂਪ ਵੀ ਤੂੰ ਆਪ ਹੀ ਹੈਂ ਭਾਵ ਦਿੱਸਦਾ ਤੇ ਅਣਦਿੱਸਦਾ ਜਗਤ ਸਭ ਉਸੇ ਪ੍ਰਭੂ ਦਾ ਹੀ ਰੂਪ ਹੈ ॥੧੯੫॥

**ਨਮੋ ਰਾਜਸੰ ਤਾਮਸੰ ਸਾਂਤ ਰੂਪੇ ॥ ਨਮੋ ਪਰਮ ਤੱਤੰ ਅਤੱਤੰ ਸਰੂਪੇ ॥**
**ਨਮੋ ਜੋਗ ਜੋਗੇ ਨਮੋ ਗਿਆਨ ਗਿਆਨੇ ॥ ਨਮੋ ਮੰਤ੍ਰ ਮੰਤ੍ਰੇ ਨਮੋ ਧਿਆਨ ਧਿਆਨੇ ॥ ੧੯੬ ॥**

ਪਦ ਅਰਥ - ਰਾਜਸੰ= ਰਜੋ ਗੁਣ। ਤਾਮਸੰ=ਤਮੋ ਗੁਣ। ਸ਼ਾਂਤ=ਸਤੋ ਗੁਣ। ਇਸ ਸੰਸਾਰ ਵਿਚ ਵਰਤ ਰਹੀ ਮਾਇਆ ਦੇ ਤਿੰਨ ਗੁਣ ਮੰਨੇ ਜਾਂਦੇ ਹਨ-ਰਜੋ, ਤਮੋ ਤੇ ਸਤੋ ਗੁਣ। ਪਰਮ ਤੱਤ=ਮਹਾਨ ਆਤਮਾ। ਅਤੱਤੰ=ਮਾਇਆ ਦੇ ਤਿੰਨਾਂ ਗੁਣਾਂ ਤੋਂ ਪਰੇ।

ਹੇ ਵਾਹਿਗੁਰੂ ! ਤੈਨੂੰ ਨਮਸ਼ਕਾਰ ਹੈ। ਮਾਇਆ ਦੇ ਤਿੰਨ ਗੁਣ-ਰਜੋ, ਤਮੋ ਤੇ ਸਤੋ ਗੁਣ ਤੇਰੇ ਸਰੂਪ ਵਿਚੋਂ ਹੀ ਪ੍ਰਗਟ ਹੋਏ ਸਨ। ਹੇ ਪ੍ਰਭੂ ! ਤੈਨੂੰ ਨਮਸ਼ਕਾਰ ਹੈ। ਤੂੰ ਮਹਾਨ ਆਤਮਾ ਹੈਂ। ਤੇਰੀ ਹਸਤੀ ਸਰੂਪ ਜਗਤ ਰਚਨਾਂ ਦੇ ਤੱਤਾਂ ਤੋਂ ਨਹੀਂ ਬਣੀ। ਹੇ ਪਰਮਾਤਮਾ ! ਤੈਨੂੰ ਨਮਸ਼ਕਾਰ ਹੈ। ਤੂੰ ਸਭ ਤੋਂ ਕਠਨ ਜੋਗ ਹੈਂ ਤੇ ਤੂੰ ਸਭ ਤੋਂ ਉੱਚਾ ਗਿਆਨ ਹੈਂ। ਹੇ ਵਾਹਿਗੁਰੂ ! ਤੈਨੂੰ ਪ੍ਰਣਾਮ ਹੈ। ਤੂੰ ਮੰਤ੍ਰਾਂ ਦਾ ਮੰਤ੍ਰ ਹੈਂ ਤੇ ਸਭ ਧਿਆਨਾਂ ਦਾ ਧਿਆਨ ਹੈਂ ਭਾਵ ਤੂੰ ਸਭ ਤੋਂ ਉੱਚੀ ਸਮਾਧੀ ਹੈਂ ॥੧੯੬॥

**ਨਮੋ ਜੁਧ ਜੁਧੇ ਨਮੋ ਗਿਆਨ ਗਿਆਨੇ ॥ ਨਮੋ ਭੋਜ ਭੋਜੇ ਨਮੋ ਪਾਨ ਪਾਨੇ ॥**
**ਨਮੋ ਕਲਹ ਕਰਤਾ ਨਮੋ ਸਾਂਤ ਰੂਪੇ ॥ ਨਮੋ ਇੰਦ੍ਰ ਇੰਦ੍ਰੇ ਅਨਾਦੰ ਬਿਭੂਤੇ ॥ ੧੯੭ ॥**

ਪਦ ਅਰਥ - ਜੁੱਧ ਜੁੱਧੇ=ਜੰਗਾਂ ਵਿਚ ਦੁਸ਼ਮਣਾਂ ਨੂੰ ਜਿੱਤਣ ਵਾਲਾ। ਭੋਜ ਭੋਜੇ=ਭੋਜਨ ਨੂੰ ਆਸਰਾ ਦੇਣ ਵਾਲਾ। ਪਾਨ ਪਾਨੇ=ਪੀਣ ਵਾਲੇ ਪਦਾਰਥਾਂ ਵਿਚ ਤੱਤ ਰੂਪ। ਕਲਹ=ਲੜਾਈ, ਝਗੜਾ।

ਹੇ ਕਰਤਾਰ ! ਤੈਨੂੰ ਨਮਸ਼ਕਾਰ ਹੈ। ਤੂੰ ਜੁੱਧਾਂ ਵਿਚ ਦੁਸ਼ਮਣਾਂ ਨੂੰ ਜਿੱਤ ਕੇ ਹਰਾਉਣ ਵਾਲਾ ਹੈਂ। ਤੂੰ ਸਭ ਤੋਂ ਮਹਾਨ ਗਿਆਨ ਹੈਂ। ਹੇ ਕਰਤਾ ਪੁਰਖ! ਤੈਨੂੰ ਨਮਸ਼ਕਾਰ ਹੈ। ਤੂੰ ਭੋਜਨਾਂ ਦਾ ਭੋਜਨ ਹੈਂ ਭਾਵ ਤੂੰ ਭੋਜਨ ਨੂੰ ਆਸਰਾ ਦੇਣ ਵਾਲਾ ਹੈਂ ਤੇ ਪੀਣ ਵਾਲੇ ਪਦਾਰਥਾਂ ਦਾ ਸਾਰ ਰੂਪ ਹੈਂ। ਹੇ ਵਾਹਿਗੁਰੂ ! ਤੈਨੂੰ ਨਮਸ਼ਕਾਰ ਹੈ। ਤੂੰ ਸੰਸਾਰ ਵਿਚ ਲੜਾਈ ਝਗੜੇ ਪੈਦਾ ਕਰਨ ਵਾਲਾ ਹੈ ਤੇ ਤੂੰ ਹੀ ਜਗਤ ਵਿਚ ਸ਼ਾਂਤੀ ਵਰਤਾਉਣ ਵਾਲਾ ਹੈਂ। ਹੇ ਨਿਰੰਕਾਰ ! ਤੈਨੂੰ ਨਮਸ਼ਕਾਰ ਹੈ। ਤੂੰ ਦੇਵਤਿਆਂ ਦੇ ਰਾਜੇ ਇੰਦ੍ਰ ਦਾ ਰਾਜਾ ਹੈਂ ਤੇ ਤੇਰੇ ਤੇਜ ਪ੍ਰਤਾਪ ਦੇ ਆਰੰਭ ਬਾਰੇ ਕੋਈ ਨਹੀਂ ਜਾਣ ਸਕਦਾ ਭਾਵ ਤੂੰ ਅਨਾਦੀ ਹੈਂ ॥੧੯੭॥

**ਕਲੰਕਾਰ ਰੂਪੇ ਅਲੰਕਾਰ ਅਲੰਕੇ ॥ ਨਮੋ ਆਸ ਆਸੇ ਨਮੋ ਬਾਕ ਬੰਕੇ ॥**
**ਅਭੰਗੀ ਸਰੂਪੇ ਅਨੰਗੀ ਅਨਾਮੇ ॥ ਤ੍ਰਿਭੰਗੀ ਤ੍ਰਿਕਾਲੇ ਅਨੰਗੀ ਅਕਾਮੇ ੧੯੮ ॥**

ਪਦ ਅਰਥ - ਕਲੰਕਾਰ=ਦੋਸ਼ਾਂ ਦਾ ਵੈਰੀ। ਅਲੰਕਾਰ=ਗਹਿਣੇ, ਸੁੰਦਰਤਾ, ਸਜਾਵਟ। ਤ੍ਰਿਭੰਗੀ=ਤਿੰਨਾਂ ਭਵਨਾਂ ਨੂੰ ਨਾਸ ਕਰਨ ਵਾਲਾ। ਤ੍ਰਿਕਾਲੇ=ਜੋ ਤਿੰਨਾਂ ਕਾਲਾਂ ਵਿਚ ਕਾਇਮ ਰਹਿੰਦਾ ਹੈ।

ਹੇ ਅਕਾਲ ਪੁਰਖ ! ਤੇਰਾ ਸਰੂਪ ਕਲੰਕਾਂ ਤੋਂ ਰਹਿਤ ਹੈ ਅਥਵਾ ਤੂੰ ਕਲੰਕਾਂ ਦਾ ਵੈਰੀ ਹੈਂ। ਤੂੰ ਸੁੰਦਰਤਾ ਨੂੰ ਸੁੰਦਰਤਾ ਦੇਣ ਵਾਲਾ ਹੈਂ। ਹੇ ਪ੍ਰਭੂ ! ਤੈਨੂੰ ਨਮਸ਼ਕਾਰ ਹੈ। ਤੂੰ ਆਸਾਂ ਦਾ ਆਸਰਾ ਹੈ ਤੇ ਸੋਹਣਿਆਂ ਤੋਂ ਸੋਹਣਾ ਹੈਂ। ਹੇ ਵਾਹਿਗੁਰੂ ! ਤੇਰਾ ਸਰੂਪ ਹਸਤੀ ਨਾਸ ਰਹਿਤ ਹੈ, ਤੇਰਾ ਕੋਈ ਅੰਗ ਸਰੀਰ ਨਹੀਂ ਤੇ ਨਾ ਹੀ ਤੇਰਾ ਕੋਈ ਖਾਸ ਇਕ ਨਾਂ ਹੈ। ਹੇ ਕਰਤਾ ਪੁਰਖ ! ਤੂੰ ਤਿੰਨਾਂ ਭਵਨਾਂ ਅਕਾਸ਼, ਪਤਾਲ ਤੇ ਮਾਤ ਲੋਕ ਨੂੰ ਨਾਸ ਕਰਨ ਵਾਲਾ ਹੈਂ ਤੇ ਤੂੰ ਤਿੰਨਾਂ ਹੀ ਕਾਲਾਂ ਭੂਤ, ਵਰਤਮਾਨ ਤੇ ਭਵਿੱਖ ਵਿਚ ਮੌਜੂਦ ਰਹਿੰਦਾ ਹੈਂ। ਤੇਰਾ ਕੋਈ ਅੰਗ ਨਹੀਂ ਤੇ ਤੈਨੂੰ ਕੋਈ ਕਾਮਨਾਂ ਇੱਛਿਆ ਨਹੀਂ॥੧੮੮॥

## ਏਕ ਅਛਰੀ ਛੰਦ॥

### ਅਜੈ ॥ ਅਲੈ ॥ ਅਭੈ ॥ ਅਬੈ ॥੧੮੯॥

ਹੇ ਕਰਤਾਰ ! ਤੂੰ ਅਜਿੱਤ ਹੈਂ ਭਾਵ ਤੈਨੂੰ ਕੋਈ ਜਿੱਤ ਨਹੀਂ ਸਕਦਾ । ਤੂੰ ਨਾਸ ਰਹਿਤ ਹੈਂ। ਤੈਨੂੰ ਕਿਸੇ ਦਾ ਡਰ ਨਹੀਂ, ਤੂੰ ਅਭੈ ਹੈਂ। ਤੂੰ ਅਮਰ ਭਾਵ ਨਾਸ ਰਹਿਤ ਹੈਂ॥੧੮੯॥

### ਅਭੂ ॥ ਅਜੂ ॥ ਅਨਾਸ ॥ ਅਕਾਸ ॥ ੧੯੦ ॥

ਪਦ ਅਰਥ - ਅਭੂ=ਜਨਮ ਰਹਿਤ।, ਅਜੂ=ਅਚੱਲ।

ਹੇ ਪਰਮਾਤਮਾ ! ਤੂੰ ਜਨਮ ਰਹਿਤ ਹੈਂ ਤੇ ਅਚੱਲ ਹੈਂ। ਨਾਸ ਰਹਿਤ ਹੈਂ ਤੇ ਅਕਾਸ਼ ਵਾਂਗੂੰ ਸਰਬ ਵਿਆਪਕ ਹੈਂ॥੧੯੦॥

### ਅਗੰਜ ॥ ਅਭੰਜ ॥ ਅਲੱਖ ॥ ਅਭੱਖ ॥ ੧੯੧ ॥

ਹੇ ਕਰਤਾਰ ! ਤੂੰ ਅਜਿੱਤ ਹੈਂ ਤੇ ਤੈਨੂੰ ਕੋਈ ਤੋੜ ਭੰਨ ਨਹੀਂ ਸਕਦਾ। ਤੈਨੂੰ ਕੋਈ ਜੀਵ ਜਾਣ ਨਹੀਂ ਸਕਦਾ। ਤੈਨੂੰ ਕਿਸੇ ਖਾਸ ਖੁਰਾਕ ਦੀ ਲੋੜ ਨਹੀਂ॥੧੯੧॥

### ਅਕਾਲ ॥ ਦਿਆਲ ॥ ਅਲੇਖ ॥ ਅਭੇਖ ॥ ੧੯੨ ॥

ਹੇ ਨਿਰੰਕਾਰ ! ਤੂੰ ਕਾਲ ਤੋਂ ਰਹਿਤ ਹੈ ਤੇ ਦਿਆਲੂ ਹੈਂ। ਤੇਰੀ ਕੋਈ ਮੂਰਤ ਨਹੀਂ ਬਣਾ ਸਕਦਾ ਤੇ ਤੇਰਾ ਕੋਈ ਖਾਸ ਪਹਿਰਾਵਾ ਲਿਬਾਸ ਵੀ ਨਹੀਂ॥੧੯੨॥

### ਅਨਾਮ ॥ ਅਕਾਮ ॥ ਅਗਾਹ ॥ ਅਢਾਹ ॥ ੧੯੩ ॥

ਹੇ ਅਕਾਲ ਪੁਰਖ ! ਤੇਰਾ ਕੋਈ ਇਕ ਨਾਂ ਨਹੀਂ। ਤੈਨੂੰ ਕੋਈ ਕਾਮਨਾ ਵਾਸ਼ਨਾ ਨਹੀਂ। ਤੂੰ ਅਥਾਹ ਹੈਂ, ਤੇਰਾ ਅੰਤ ਕੋਈ ਨਹੀਂ ਪਾ ਸਕਦਾ ਅਤੇ ਕੋਈ ਡੇਗ ਨਹੀਂ ਸਕਦਾ॥੧੯੩॥

**ਅਨਾਥੇ ॥ ਪ੍ਰਮਾਥੇ ॥ ਅਜੋਨੀ ॥ ਅਮੋਨੀ ॥ ੧੯੪ ॥**

ਹੇ ਪਰਮੇਸ਼ਰ ! ਤੇਰਾ ਕੋਈ ਮਾਲਕ ਨਹੀਂ, ਤੂੰ ਸਭ ਜੀਵਾਂ ਨੂੰ ਨਾਸ ਕਰਨ ਵਾਲਾ ਹੈਂ। ਤੂੰ ਜਨਮਾਂ ਵਿਚ ਨਹੀਂ ਆਉਂਦਾ ਤੇ ਨਾ ਹੀ ਤੂੰ ਚੁਪ ਚਾਪ ਸੁੰਨ ਮੁੰਨ ਹੋ ਕੇ ਬੈਠਾ ਰਹਿੰਦਾ ਹੈਂ॥ ੧੯੪॥

**ਨ ਰਾਗੇ ॥ ਨ ਰੰਗੇ ॥ ਨ ਰੂਪੇ ॥ ਨ ਰੇਖੇ ॥ ੧੯੫ ॥**

ਹੇ ਪ੍ਰਭੂ ! ਤੈਨੂੰ ਮੋਹ ਨਹੀਂ ਵਿਆਪਦਾ, ਤੇਰਾ ਕੋਈ ਰੰਗ ਨਹੀਂ, ਤੇਰਾ ਕੋਈ ਰੂਪ ਨਹੀਂ ਤੇ ਨਾ ਹੀ ਤੇਰਾ ਕੋਈ ਚਿੰਨ੍ਹ ਨਿਸ਼ਾਨ ਹੈ॥ ੧੯੫॥

**ਅਕਰਮੰ ॥ ਅਭਰਮੰ ॥ ਅਗੰਜੇ ॥ ਅਲੇਖੇ ॥ ੧੯੬ ॥**

ਹੇ ਅਕਾਲ ਪੁਰਖ ! ਤੂੰ ਕਰਮਾਂ ਤੋਂ ਰਹਿਤ ਹੈਂ ਭਾਵ ਤੈਨੂੰ ਕਿਸੇ ਧਾਰਮਕ ਕਾਂਡਾ ਦੀ ਲੋੜ ਨਹੀਂ । ਤੈਨੂੰ ਕਿਸੇ ਪ੍ਰਕਾਰ ਦਾ ਭਰਮ-ਭੁਲੇਖਾ ਨਹੀਂ ਵਿਆਪਦਾ। ਹੇ ਪ੍ਰਭੂ ! ਤੂੰ ਅਜਿੱਤ ਹੈਂ, ਤੈਨੂੰ ਕੋਈ ਜਿੱਤ ਨਹੀਂ ਸਕਦਾ। ਤੂੰ ਕਿਸੇ ਲੇਖੇ ਵਿਚ ਨਹੀਂ ਆਉਂਦਾ ਭਾਵ ਤੂੰ ਬੇਅੰਤ ਹੈਂ ॥੧੯੬॥

## ਭੁਜੰਗ ਪ੍ਰਯਾਤ ਛੰਦ ॥

**ਨਮਸਤੁਲ ਪ੍ਰਣਾਮੇ ਸਮਸਤੁਲ ਪ੍ਰਣਾਸੇ ॥ ਅਗੰਜੁਲ ਅਨਾਮੇ ਸਮਸਤੁਲ ਨਿਵਾਸੇ ॥**
**ਨ੍ਰਿਕਾਮੰ ਬਿਭੂਤੇ ਸਮਸਤੁਲ ਸਰੂਪੇ ॥ ਕੁਕਰਮੰ ਪ੍ਰਣਾਸੀ ਸੁਧਰਮੰ ਬਿਭੂਤੇ ॥ ੧੯੭ ॥**

ਉਸ ਨਮਸ਼ਕਾਰ ਕਰਨ ਯੋਗ ਪ੍ਰਭੂ ਨੂੰ ਮੇਰੀ ਨਮਸ਼ਕਾਰ ਹੈ, ਜੋ ਸਭ ਜੀਵਾਂ ਨੂੰ ਨਾਸ ਕਰਨ ਵਾਲਾ ਹੈ। ਉਸ ਪ੍ਰਭੂ ਨੂੰ ਨਮਸ਼ਕਾਰ ਹੈ, ਜੋ ਅਜਿੱਤ ਹੈ, ਨਾਮ ਰਹਿਤ ਹੈ ਤੇ ਜਿਸ ਦਾ ਸਭ ਜੀਵਾਂ ਵਿਚ ਨਿਵਾਸ ਹੈ। ਨਮਸ਼ਕਾਰ ਹੈ ਉਸ ਅਕਾਲ ਪੁਰਖ ਨੂੰ, ਜਿਸ ਦੇ ਪ੍ਰਤਾਪ ਉੱਤੇ ਕੋਈ ਕਾਮਨਾ ਆਪਣਾ ਪ੍ਰਭਾਵ ਨਹੀਂ ਪਾ ਸਕਦੀ। ਸੰਸਾਰ ਦੇ ਸਾਰੇ ਜੀਅ ਜੰਤ ਜਿਸ ਦਾ ਸਰੂਪ ਹਨ। ਨਮਸ਼ਕਾਰ ਹੈ ਉਸ ਪਰਮਾਤਮਾ ਨੂੰ, ਜੋ ਕੁਕਰਮਾਂ ਬਦੀਆਂ-ਬੁਰੇ ਕਰਮਾਂ ਦਾ ਨਾਸ ਕਰਨ ਵਾਲਾ ਹੈ, ਜਿਸ ਦੇ ਪ੍ਰਤਾਪ ਦੇ ਇਹ ਚਿੰਨ੍ਹ ਹਨ ਕਿ ਉਹ ਆਪਣੇ ਫਰਜ਼ਾਂ ਨੂੰ ਚੰਗੀ ਤਰ੍ਹਾਂ ਨਿਭਾਹ ਰਿਹਾ ਹੈ॥ ੧੯੭॥

**ਸਦਾ ਸਚਦਾਨੰਦ ਸ਼ੱਤ੍ਰੰ ਪ੍ਰਣਾਸੀ ॥ ਕਰੀਮੁਲ ਕੁਨਿੰਦਾ ਸਮਸਤੁਲ ਨਿਵਾਸੀ ॥**
**ਅਜਾਇਬ ਬਿਭੂਤੇ ਗਜਾਇਬ ਗ਼ਨੀਮੇ ॥ ਹਰੀਅੰ ਕਰੀਅੰ ਕਰੀਮੁਲ ਰਹੀਮੇ ॥ ੧੯੮ ॥**

ਪਦ ਅਰਥ - ਸਚਿੱਦਾਨੰਦ=ਸਤ, ਚਿਤ, ਅਨੰਦ ਸਰੂਪ। ਸ਼ੱਤ੍ਰੰ=ਦੁਸ਼ਮਨ। ਕਰੀਮੁਲ=ਬਖਸ਼ਿਸ਼ਾਂ ਕਰਨ ਵਾਲਾ। ਕੁਨਿੰਦਾ=ਕਰਨਹਾਰ। ਅਜਾਇਬ=ਅਸਚਰਜ। ਗਜਾਇਬ=ਗਜ਼ਬ ਕਰਨ ਵਾਲਾ। ਗ਼ਨੀਮੇ=ਵੈਰੀ।

ਹੇ ਵਾਹਿਗੁਰੂ ! ਤੈਨੂੰ ਨਮਸ਼ਕਾਰ ਹੈ। ਤੂੰ ਸਤ, ਚਿਤ ਤੇ ਅਨੰਦ ਸਰੂਪ ਹੈਂ, ਭਾਵ ਤੂੰ ਸਚਮੁਚ ਹੋਂਦ ਵਾਲਾ, ਗਿਆਨ ਰੂਪ ਤੇ ਖੁਸ਼ੀ ਖਿੜਾਉ ਵਿਚ ਰਹਿਣ ਵਾਲਾ ਹੈਂ ਤੇ ਵੈਰੀਆਂ ਨੂੰ ਨਾਸ ਕਰਨ ਵਾਲਾ ਹੈਂ। ਹੇ ਪ੍ਰਭੂ ! ਤੂੰ ਸਭ ਜੀਵਾਂ ਤੇ ਬਖਸ਼ਿਸ਼ਾਂ ਕਰਨ ਵਾਲਾ ਹੈਂ, ਸਭ ਸ੍ਰਿਸ਼ਟੀ ਨੂੰ ਉਤਪੰਨ

ਕਰਨ ਵਾਲਾ ਹੈਂ ਤੇ ਸਭ ਜੀਵਾਂ ਵਿਚ ਵਸਦਾ ਹੈਂ। ਹੇ ਪਰਮਾਤਮਾ ! ਤੇਰਾ ਪ੍ਰਤਾਪ ਅਸਚਰਜਤਾ ਭਰਿਆ ਹੈ। ਤੂੰ ਖਲਕਤ ਦੇ ਦੁਸ਼ਮਨਾਂ ਤੇ ਕਹਿਰ ਵਰਤਾਉਣ ਵਾਲਾ ਹੈਂ ਭਾਵ ਜਨਤਾ ਦੇ ਦੋਖੀਆਂ ਨੂੰ ਨਾਸ ਕਰਨ ਵਾਲਾ ਹੈਂ । ਹੇ ਵਾਹਿਗੁਰੂ ! ਤੂੰ ਸਭ ਨੂੰ ਨਾਸ ਕਰਨ ਵਾਲਾ ਹੈਂ, ਸਭ ਨੂੰ ਉਤਪੰਨ ਕਰਨ ਵਾਲਾ ਹੈਂ, ਸਭ ਤੇ ਬਖਸ਼ਿਸ਼ਾਂ ਕਰਨ ਵਾਲਾ ਤੇ ਰਹਿਮ ਕਰਨ ਵਾਲਾ ਹੈਂ॥੧੯੮॥

**ਚੱਤ੍ਰ ਚੱਕ੍ਰ ਵਰਤੀ ਚੱਤ੍ਰ ਚੱਕ੍ਰ ਭੁਗਤੇ॥ ਸੁਯੰਭਵ ਸੁਭੰ ਸਰਬਦਾ ਸਰਬ ਜੁਗਤੇ॥**
**ਦੁਕਾਲੰ ਪ੍ਰਣਾਸੀ ਦਇਆਲੰ ਸਰੂਪੇ॥ ਸਦਾ ਅੰਗ ਸੰਗੇ ਅਭੰਗੰ ਬਿਭੂਤੇ॥ ੧੯੯॥**

ਪਦ ਅਰਥ - ਚੱਤ੍ਰ=ਚਾਰ। ਚੱਕ੍ਰ=ਕੂਟਾਂ। ਭੁਗਤਾ=ਰਾਜਾ, ਹੁਕਮ ਕਰਨ ਵਾਲਾ। ਸਰਬਦਾ=ਸਦਾ। ਸੁਭੰ=ਸੋਹਣਾ। ਸਰਬ ਜੁਗਤੇ=ਸਭ ਨਾਲ ਮਿਲਿਆ ਹੋਇਆ।

ਹੇ ਅਕਾਲ ਪੁਰਖ ! ਤੈਨੂੰ ਨਮਸ਼ਕਾਰ ਹੈ। ਤੂੰ ਚੌਹਾਂ ਕੂਟਾਂ ਵਿਚ ਵਰਤ ਰਿਹਾ ਹੈਂ ਤੇ ਤੂੰ ਸੰਸਾਰ ਦਾ ਰਾਜਾ ਹੈਂ ਤੇ ਤੇਰਾ ਹੁਕਮ ਚਾਰ ਕੂਟਾਂ ਵਿਚ ਚਲ ਰਿਹਾ ਹੈ। ਹੇ ਪ੍ਰਭੂ ! ਤੇਰਾ ਸਰੂਪ ਆਪਣੇ ਆਪ ਤੋਂ ਪ੍ਰਗਟ ਹੋਇਆ ਹੈ। ਤੂੰ ਬੜਾ ਸੁੰਦਰ ਹੈਂ। ਤੂੰ ਸਭ ਜੀਵਾਂ ਨਾਲ ਜੁੜਿਆ ਹੋਇਆ ਹੈਂ। ਹੇ ਪਰਮੇਸ਼ਰ! ਤੂੰ ਦੋਹਾਂ ਸਮਿਆਂ ਭਾਵ ਜਨਮ ਤੇ ਮਰਨ ਨੂੰ ਨਾਸ ਕਰਨ ਵਾਲਾ ਹੈਂ ਅਥਵਾ ਖੋਟੇ ਸਮੇਂ ਨੂੰ ਖਤਮ ਕਰਨ ਵਾਲਾ ਹੈਂ ਤੇ ਤੇਰਾ ਸਰੂਪ ਦਇਆਲੂ ਹੈ। ਹੇ ਨਿਰੰਕਾਰ ! ਤੈਨੂੰ ਨਮਸ਼ਕਾਰ ਹੈ। ਤੂੰ ਸਭ ਜੀਵਾਂ ਦੇ ਸਦਾ ਅੰਗ ਸੰਗ ਰਹਿੰਦਾ ਹੈਂ। ਤੇਰਾ ਪਰਤਾਪ ਕਦੇ ਨਾਸ ਨਹੀਂ ਹੁੰਦਾ ਭਾਵ ਤੂੰ ਜੁਗ ਜੁਗ ਅਟੱਲ ਤੇ ਅਬਿਨਾਸੀ ਹੈਂ ॥੧੯੯॥

ਇਤਿ ਸ੍ਰੀ ਜਾਪੁ ਸਾਹਿਬ ਸਟੀਕ ਸਮਾਪਤਮ ਸਤੁ ਸੁਭਮ ਸਤੁ॥੧॥੧੯੯॥ ਅਫਜੂੰ
ਸ੍ਰੀ ਜਾਪੁ ਸਾਹਿਬ ਸਟੀਕ ਸਮਾਪਤ ਸਤ ਸ਼ੁਭਮ ਸਤ॥੧॥੧੯੯॥ ਸਮੁੱਚਾ ਜੋੜ॥

# ਅਥ ਸ੍ਰੀ ਅਕਾਲ ਉਸਤਤਿ ਲਿਖਯਤੇ

## ਸ੍ਰੀ ਮੁਖਵਾਕ ਪਾਤਸ਼ਾਹੀ ੧੦

# ਅਥ ਸ੍ਰੀ ਅਕਾਲ ਉਸਤਤਿ ਲਿਖਯਤੇ

## ਸ੍ਰੀ ਮੁਖਵਾਕ ਪਾਤਸ਼ਾਹੀ ੧੦

ੴ ਸਤਿਗੁਰ ਪ੍ਰਸਾਦਿ ॥
ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ ॥
ਸ੍ਰੀ ਭਗਉਤੀ ਜੀ ਸਹਾਇ ॥

# ਅਕਾਲ ਉਸਤਤਿ

## ਸ੍ਰੀ ਮੁਖਵਾਕ ਪਾਤਿਸ਼ਾਹੀ ੧੦

**ਅਕਾਲ ਪੁਰਖ ਕੀ ਰੱਛਾ ਹਮਨੈ॥ ਸਰਬ ਲੋਹ ਦੀ ਰੱਛਿਆ ਹਮਨੈ॥**
**ਸਰਬ ਕਾਲ ਜੀ ਦੀ ਰੱਛਿਆ ਹਮਨੈ ॥ ਸਰਬ ਲੋਹ ਜੀ ਦੀ ਸਦਾ ਰੱਛਿਆ ਹਮਨੈ ॥**

ਪਦ ਅਰਥ - ਅਕਾਲ ਪੁਰਖ=ਕਾਲ ਰਹਿਤ, ਅਵਿਨਾਸੀ ਸੱਤਾ। ਸਰਬ ਲੋਹ=ਜਿਸ ਨੂੰ 'ਖੰਡਾ' ਕਿਹਾ ਗਿਆ ਹੈ, ਸ਼ਕਤੀ ਭਾਵ ਸ਼ਸਤਰ। ਸਰਬ ਕਾਲ=ਸਭ ਨੂੰ ਨਾਸ ਕਰਨ ਵਾਲਾ।

ਸਾਡੀ ਰੱਖਿਆ ਕਰਨ ਵਾਲਾ ਅਕਾਲ ਪੁਰਖ ਹੈ। ਸਾਨੂੰ ਸ਼ਸਤਰਾਂ ਦੀ ਰੱਖਿਆ ਹੈ। ਸਭ ਨੂੰ ਨਾਸ ਕਰਨ ਵਾਲੇ ਕਰਤਾਰ ਦੀ ਸਾਨੂੰ ਰੱਖਿਆ ਹੈ। ਸਾਨੂੰ ਸਦਾ ਕਰਤਾ ਪੁਰਖ ਦੀ ਰੱਖਿਆ ਹੈ।

ਉਪਰੋਕਤ ਚਾਰ ਤੁਕਾਂ ਸ੍ਰੀ ਕਲਗੀਧਰ ਜੀ ਨੇ ਆਪਣੇ ਪਵਿੱਤਰ ਹਸਤ ਕਮਲਾਂ ਨਾਲ ਇਸ ਬਾਣੀ ਦੇ ਅਰੰਭ ਵਿਚ ਲਿਖੀਆਂ ਹਨ ਅਤੇ ਅੰਤ ਵਿਚ ਆਪਣੇ ਦਸਤਖਤ ਕੀਤੇ ਹਨ। ਇਹ ਸੂਚਨਾ ਇਸ ਬਾਣੀ ਦੇ ਲਿਖਣ ਵਾਲੇ ਸ਼ਹੀਦ ਭਾਈ ਮਨੀ ਸਿੰਘ ਜੀ ਨੇ ਲਿਖੀ ਹੈ।

## ਤ੍ਵਪ੍ਰਸਾਦਿ ॥ ਚੌਪਈ ॥

**ਪ੍ਰਣਵੋ ਆਦਿ ਏਕੰਕਾਰਾ ॥ ਜਲ ਥਲ ਮਹੀਅਲ ਕੀਓ ਪਸਾਰਾ ॥**
**ਆਦਿ ਪੁਰਖ ਅਬਿਗਤ ਅਬਿਨਾਸ਼ੀ ॥ ਲੋਕ ਚਤ੍ਰ ਦਸ ਜੋਤਿ ਪ੍ਰਕਾਸ਼ੀ ॥ ੧ ॥**

ਪਦ ਅਰਥ - ਪ੍ਰਣਵੋ= ਮੈਂ ਨਮਸ਼ਕਾਰ ਕਰਦਾ ਹਾਂ। ਆਦਿ=ਮੁੱਢ, ਮੂਲ, ਜਿਸ ਤੋਂ ਸਾਰੀ ਸ੍ਰਿਸ਼ਟੀ ਬਣੀ ਹੈ। ਇਕੰਕਾਰਾ=ਇਕ ਓਅੰਕਾਰ: ਇਕ ਰਸ ਸਭ ਵਿਚ ਵਿਆਪਕ ਪ੍ਰਭੂ। ਜਲ ਥਲ=ਪਤਾਲ। ਮਹੀ-ਧਰਤੀ। ਅਲ=ਅਕਾਸ਼। ਪਸਾਰਾ=ਪਸਾਰ, ਖਿਲਾਰਾ। ਪੁਰਖੁ=ਵਿਆਪਕ। ਅਬਿਗਤ=ਅਦ੍ਰਿਸ਼, ਨਿਰਾਕਾਰ। ਅਬਿਨਾਸੀ=ਨਾਸ ਰਹਿਤ। ਲੋਕ ਚਤ੍ਰਦਸ=ਚੌਦਾਂ ਭਵਨ, ਸਤ ਪਤਾਲ ਤੇ ਸਤ ਅਕਾਸ਼। ਪ੍ਰਕਾਸ਼ੀ=ਪ੍ਰਕਾਸ਼ ਰਹੀ ਹੈ।

ਮੈਂ ਉਸ ਇਕ ਪ੍ਰਭੂ ਨੂੰ ਨਮਸ਼ਕਾਰ ਕਰਦਾ ਹਾਂ ਜੋ ਸਭ ਜੀਵਾਂ ਵਿਚ ਇਕ ਰਸ ਵਿਆਪਕ ਹੈ। ਜੋ ਸਭ ਜੀਵਾਂ ਤੇ ਸ੍ਰਿਸ਼ਟੀ ਦਾ ਮੂਲ ਮੁੱਢ ਹੈ। ਜਿਸ ਨੇ ਧਰਤੀ, ਅਕਾਸ਼ ਤੇ ਪਤਾਲ ਵਿਚ ਆਪਣਾ ਪਸਾਰਾ

ਪਸਾਰਿਆ ਹੋਇਆ ਹੈ। ਜੋ ਸਭ ਦਾ ਮੂਲ ਹੈ ਤੇ ਸਰਬ ਵਿਆਪਕ ਹੈ। ਜੋ ਅਦ੍ਰਿਸ਼ ਨਿਰਾਕਾਰ ਹੈ ਤੇ ਨਾਸ ਤੋਂ ਰਹਿਤ ਹੈ। ਜਿਸ ਦੀ ਜੋਤ ਚੌਦ੍ਹਾਂ ਲੋਕਾਂ ਵਿਚ ਆਪਣਾ ਪ੍ਰਕਾਸ਼ ਕਰ ਰਹੀ ਹੈ॥੧॥

**ਹਸਤ ਕੀਟ ਕੇ ਬੀਚ ਸਮਾਨਾ॥ ਰਾਵ ਰੰਕ ਜਿਹ ਇਕਸਾਰ ਜਾਨਾ॥**
**ਅਦ੍ਵੈ ਅਲਖ ਪੁਰਖ ਅਬਿਗਾਮੀ॥ ਸਭ ਘਟ ਘਟ ਕੇ ਅੰਤਰਜਾਮੀ॥ ੨ ॥**

ਪਦ ਅਰਥ - ਹਸਤਿ=ਹਾਥੀ। ਕੀਟ=ਕੀੜਾ। ਰਾਵ=ਰਾਜਾ ਜਾਂ ਧਨਵਾਨ। ਰੰਕ=ਗਰੀਬ। ਇਕਸਾਰ=ਇਕੋ ਜਿਹਾ। ਅਦ੍ਵੈ=ਦ੍ਵੈਤ ਰਹਿਤ। ਅਲਖ ਪੁਰਖੁ=ਜਿਸ ਦੇ ਗੁਣਾਂ ਨੂੰ ਬਿਆਨ ਨਾ ਕੀਤਾ ਜਾ ਸਕੇ। ਅਬਿਗਾਮੀ=ਜਿਸ ਨੂੰ ਜੀਵਾਂ ਤੋਂ ਵਖਰਾ ਨਹੀਂ ਕੀਤਾ ਜਾ ਸਕਦਾ। ਅੰਤਰਜਾਮੀ=ਸਭ ਦੇ ਹਿਰਦਿਆਂ ਦਾ ਜਾਣੂ।

ਮੈਂ ਉਸ ਪ੍ਰਭੂ ਨੂੰ ਨਮਸ਼ਕਾਰ ਕਰਦਾ ਹਾਂ ਜੋ ਹਾਥੀ ਤੋਂ ਲੈ ਕੇ ਨਿੱਕੇ ਕੀੜੇ ਵਿਚ ਵਸ ਰਿਹਾ ਹੈ। ਜੋ ਧਨਵਾਨ ਤੇ ਨਿਰਧਨ ਨੂੰ ਇਕੋ ਜਿਹਾ ਜਾਣਦਾ ਹੈ। ਜੋ ਦ੍ਵੈਤ ਤੋਂ ਬਿਨਾਂ ਤੇ ਨਾ ਜਾਣੇ ਜਾਣ ਵਾਲਾ ਪੁਰਖ ਹੈ। ਜਿਸ ਨੂੰ ਜੀਵਾਂ ਤੋਂ ਵਖਰਾ ਨਹੀਂ ਕੀਤਾ ਜਾ ਸਕਦਾ। ਜੋ ਸਭ ਜੀਵਾਂ ਦੇ ਹਿਰਦਿਆਂ ਦੀ ਅੰਦਰਲੀ ਦਸ਼ਾ ਨੂੰ ਜਾਣਨ ਵਾਲਾ ਹੈ॥੨॥

**ਅਲਖ ਰੂਪ ਅੱਛੈ ਅਨ ਭੇਖਾ॥ ਰਾਗ ਰੰਗ ਜਿਹ ਰੂਪ ਨ ਰੇਖਾ॥**
**ਬਰਨ ਚਿਹਨ ਸਭਹੂੰ ਤੇ ਨਿਆਰਾ॥ ਆਦਿ ਪੁਰਖ ਅਦ੍ਵੈ ਅਬਿਕਾਰਾ॥ ੩ ॥**

ਪਦ ਅਰਥ - ਅਲਖ ਰੂਪ=ਜਿਸ ਦੀ ਹਸਤੀ ਬਾਰੇ ਪੂਰੀ ਤਰ੍ਹਾਂ ਵਰਣਨ ਨਾ ਕੀਤਾ ਜਾ ਸਕੇ। ਅੱਛੈ=ਨਾਸ ਰਹਿਤ। ਅਨ ਭੇਖਾ=ਭੇਖ ਰਹਿਤ। ਰਾਗ=ਮੋਹ। ਰੰਗ=ਰੰਗਣ। ਬਰਨ=ਵਰਨ ਬ੍ਰਾਹਮਣ, ਖੱਤ੍ਰੀ, ਵੈਸ਼ ਤੇ ਸ਼ੂਦਰ । ਚਿਹਨ=ਚਿੰਨ੍ਹ। ਨਿਆਰਾ=ਵਖਰਾ। ਅਬਿਕਾਰ=ਵਿਕਾਰ ਰਹਿਤ।

ਮੈਂ ਉਸ ਵਾਹਿਗੁਰੂ ਅਗੇ ਨਮਸ਼ਕਾਰ ਕਰਕੇ ਸੀਸ ਨਿਵਾਉਂਦਾ ਹਾਂ ਜੋ ਅਲਖ ਹੈ, ਜਿਸ ਨੂੰ ਕੋਈ ਜਾਣ ਨਹੀਂ ਸਕਦਾ, ਜੋ ਨਾਸ ਰਹਿਤ ਹੈ, ਜਿਸ ਦਾ ਕੋਈ ਖਾਸ ਭੇਸ ਨਹੀਂ। ਜਿਸ ਨੂੰ ਕਿਸੇ ਦੇ ਮੋਹ ਦੀ ਰੰਗਣ ਨਹੀਂ ਚੜ੍ਹ ਸਕਦੀ ਤੇ ਜਿਸ ਦਾ ਕੋਈ ਖਾਸ ਰੂਪ ਜਾਂ ਚਿੰਨ੍ਹ ਨਹੀਂ। ਜੋ ਵਰਨਾਂ ਬ੍ਰਾਹਮਣ, ਖੱਤਰੀ ਵੈਸ਼ ਤੇ ਸ਼ੂਦਰ ਦੇ ਚਿੰਨ੍ਹਾਂ ਤੋਂ ਵਖਰਾ ਹੈ ਭਾਵ ਜਿਸਦੀ ਕੋਈ ਜਾਤ ਨਹੀਂ, ਜੋ ਸਾਰੀ ਰਚਨਾ ਦਾ ਮੂਲ ਮੁੱਢ ਅਤੇ ਸਰਬ ਵਿਆਪਕ ਹੈ, ਜੋ ਦ੍ਵੈਤ ਤੇ ਵਿਕਾਰਾਂ ਤੋਂ ਰਹਿਤ ਹੈ॥੩॥

**ਬਰਨ ਚਿਹਨ ਜਿਹ ਜਾਤ ਨ ਪਾਤਾ॥ ਸ਼ੱਤ੍ਰ ਮਿੱਤ੍ਰ ਜਿਹ ਤਾਤ ਨ ਮਾਤਾ॥**
**ਸਭ ਤੇ ਦੂਰਿ ਸਭਨ ਤੇ ਨੇਰਾ॥ ਜਲ ਥਲ ਮਹੀਅਲ ਜਾਹਿ ਬਸੇਰਾ॥ ੪ ॥**

ਪਦ ਅਰਥ - ਪਾਤਾ=ਕੁਲ। ਸ਼ੱਤ੍ਰ=ਦੁਸ਼ਮਨ। ਤਾਤ=ਪਿਤਾ।

ਮੈਂ ਉਸ ਪਰਮ ਪਿਤਾ ਪਰਮਾਤਮਾ ਨੂੰ ਨਮਸ਼ਕਾਰ ਕਰਦਾ ਹਾਂ ਜਿਸ ਦਾ ਕੋਈ ਵਰਨ ਚਿੰਨ੍ਹ, ਜਾਤ ਜਾਂ ਕੁਲ ਨਹੀਂ। ਜਿਸ ਦਾ ਕੋਈ ਦੁਸ਼ਮਣ, ਮਿੱਤਰ, ਪਿਤਾ ਜਾਂ ਮਾਤਾ ਨਹੀਂ। ਜੋ ਸਭਨਾਂ ਤੋਂ

ਨਿਰਲੇਪ ਰਹਿੰਦਾ ਹੈ ਭਾਵ ਸਭ ਵਿਚ ਵਿਆਪਕ ਹੈ। ਜਿਸ ਦਾ ਧਰਤੀ, ਅਕਾਸ਼ ਤੇ ਪਤਾਲ ਵਿਚ ਨਿਵਾਸ ਹੈ॥ ੪॥

**ਅਨਹਦ ਰੂਪ ਅਨਾਹਦ ਬਾਨੀ॥ ਚਰਨ ਸ਼ਰਨ ਜਿਹ ਬਸਤ ਭਵਾਨੀ॥**
**ਬ੍ਰਹਮਾ ਬਿਸ਼ਨ ਅੰਤੁ ਨਹੀ ਪਾਇਓ॥ ਨੇਤਿ ਨੇਤਿ ਮੁਖ ਚਾਰ ਬਤਾਇਓ॥ ੫॥**

ਪਦ ਅਰਥ - ਅਨਹਦ=ਹੱਦ ਰਹਿਤ, ਅਪਾਰ। ਭਵਾਨੀ=ਦੇਵੀ। ਨੇਤਿ ਨੇਤਿ=ਬੇਅੰਤ, ਬੇਅੰਤ। ਮੁਖਚਾਰ=ਬ੍ਰਹਮਾ।

ਮੈਂ ਉਸ ਅਕਾਲ ਪੁਰਖ ਨੂੰ ਬੰਦਨਾਂ ਕਰਦਾ ਹਾਂ ਜਿਸ ਦਾ ਅਪਾਰ ਰੂਪ ਹੈ, ਅਤੇ ਅਨਾਹਦ ਬਾਣੀ ਵਾਲਾ ਹੈ। ਜਿਸ ਦੇ ਚਰਨਾਂ ਦੀ ਸ਼ਰਨ ਵਿਚ ਭਵਾਨੀ ਵਸਦੀ ਹੈ। ਜਿਸ ਦਾ ਅੰਤ ਬ੍ਰਹਮਾ ਅਤੇ ਵਿਸ਼ਨੂੰ ਵੀ ਨਹੀਂ ਪਾ ਸਕੇ ਅਤੇ ਜਿਸ ਨੂੰ ਬ੍ਰਹਮਾ ਬੇਅੰਤ ਬੇਅੰਤ ਕਹਿੰਦਾ ਹੈ॥ ੫॥

**ਕੋਟਿ ਇੰਦ੍ਰ ਉਪਇੰਦ੍ਰ ਬਨਾਏ॥ ਬ੍ਰਹਮਾ ਰੁਦ੍ਰ ਉਪਾਇ ਖਪਾਏ॥**
**ਲੋਕ ਚਤ੍ਰ ਦਸ ਖੇਲ ਰਚਾਇਓ॥ ਬਹੁਰ ਆਪ ਹੀ ਬੀਚ ਮਿਲਾਇਓ॥ ੬॥**

ਪਦ ਅਰਥ - ਕੋਟਿ=ਕਰੋੜਾਂ। ਇੰਦ੍ਰ=ਦੇਵਤਿਆਂ ਦਾ ਰਾਜਾ। ਉਪਇੰਦ੍ਰ=ਵਾਮਨ ਅਵਤਾਰ ਇੰਦਰ ਦਾ ਛੋਟਾ ਭਰਾ। ਰੁਦ੍ਰ=ਸ਼ਿਵ। ਲੋਕ ਚਤੁਰਦਸ=ਚੌਦਾਂ ਭਵਣ। ਬਹੁਰ=ਮੁੜਕੇ।

ਮੇਰੀ ਨਮਸ਼ਕਾਰ ਹੈ ਉਸ ਪ੍ਰਭੂ ਨੂੰ ਜਿਸ ਨੇ ਕਰੋੜਾਂ ਇੰਦ੍ਰ ਉਪਇੰਦ੍ਰ ਬਣਾਏ ਹਨ। ਜਿਸ ਨੇ ਕਈ ਬ੍ਰਹਮਾ ਤੇ ਸ਼ਿਵ ਪੈਦਾ ਕਰਕੇ ਨਾਸ ਕਰ ਦਿੱਤੇ ਹਨ। ਜਿਸ ਨੇ ਆਪਣੀ ਖੇਡ ਚੌਦਾ ਲੋਕਾਂ ਵਿਚ ਰਚੀ ਹੋਈ ਹੈ ਤੇ ਜਿਹੜਾ ਜਦੋਂ ਚਾਹੁੰਦਾ ਹੈ ਇਸ ਖੇਡ ਨੂੰ ਆਪਣੇ ਵਿਚ ਹੀ ਮਿਲਾ ਲੈਂਦਾ ਹੈ॥ ੬॥

**ਦਾਨਵ ਦੇਵ ਫਨਿੰਦ ਅਪਾਰਾ॥ ਗੰਧ੍ਰਬ ਜੱਛ ਰਚੈ ਸੁਭ ਚਾਰਾ॥**
**ਭੂਤ ਭਵਿੱਖ ਭਵਾਨ ਕਹਾਨੀ॥ ਘਟ ਘਟ ਕੇ ਪਟ ਪਟ ਕੇ ਜਾਨੀ॥ ੭॥**

ਪਦ ਅਰਥ - ਦਾਨਵ=ਦੈਂਤ। ਫਨਿੰਦ=ਸ਼ੇਸ਼ਨਾਗ। ਜੱਛ=ਕੁਬੇਰ ਦੇ ਸੇਵਕ। ਸੁਭਚਾਰਾ=ਸ਼ੁਭ ਆਚਰਨ ਵਾਲੇ। ਭੂਤ=ਬੀਤ ਚੁਕਾ ਸਮਾਂ। ਕਹਾਣੀ=ਕਥਾ। ਘਟ=ਹਿਰਦਾ। ਪਟ=ਪੜਦਾ। ਭਵਿਖ=ਆਉਣ ਵਾਲਾ ਸਮਾਂ। ਭਵਾਨ=ਵਰਤਮਾਨ ਸਮਾਂ।

ਮੈਂ ਉਸ ਪ੍ਰਭੂ ਨੂੰ ਨਮਸ਼ਕਾਰ ਕਰਦਾ ਹਾਂ ਜਿਸ ਨੇ ਬੇਸ਼ੁਮਾਰ ਦੈਂਤ, ਦੇਵਤੇ, ਸ਼ੇਸ਼ਨਾਗ, ਗੰਧਰਬ, ਜੱਛ ਤੇ ਸ਼ੁਭ ਆਚਰਨ ਵਾਲੇ ਪੁਰਸ਼ ਪੈਦਾ ਕੀਤੇ ਹਨ। ਜਿਸ ਦੀ ਕਥਾ ਤਿੰਨਾਂ ਕਾਲਾਂ ਭੂਤ ਭਵਿੱਖ ਤੇ ਵਰਤਮਾਨ ਵਿਚ ਹੋ ਰਹੀ ਹੈ। ਜੋ ਹਰ ਇਕ ਜੀਵ ਦੇ ਹਿਰਦੇ ਦੀਆਂ ਗੁਪਤ ਗੱਲਾਂ ਦਾ ਜਾਣਨ ਵਾਲਾ ਹੈ॥ ੭॥

**ਤਾਤ ਮਾਤ ਜਿਹ ਜਾਤ ਨ ਪਾਤਾ॥ ਏਕ ਰੰਗ ਕਾਹੂ ਨਹਿ ਰਾਤਾ॥**

**ਸਰਬ ਜੋਤ ਕੇ ਬੀਚ ਸਮਾਨਾ॥ ਸਭਹੂੰ ਸਰਬ ਠੌਰ ਪਹਿਚਾਨਾ॥ ੮॥**

ਪਦ ਅਰਥ - ਤਾਤ=ਪਿਤਾ। ਰਾਤਾ=ਰੱਤਾ ਹੋਇਆ। ਜੋਤਿ=ਜੀਵ ਆਤਮਾ। ਸਰਬ ਠੌਰ=ਹਰ ਥਾਂ। ਪਹਿਚਾਨਾ=ਪਛਾਣਿਆ ਹੈ।

ਮੇਰੀ ਉਸ ਪਰਮਾਤਮਾ ਨੂੰ ਨਮਸ਼ਕਾਰ ਹੈ। ਜਿਸ ਦਾ ਨਾ ਕੋਈ ਪਿਤਾ ਹੈ, ਨਾ ਹੀ ਕੋਈ ਮਾਤਾ ਹੈ, ਜਿਸ ਦੀ ਨਾ ਹੀ ਕੋਈ ਜਾਤ ਹੈ ਤੇ ਨਾ ਹੀ ਕੋਈ ਕੁਲ ਹੈ, ਜੋ ਕਿਸੇ ਇਕ ਰੰਗ ਵਿਚ ਨਹੀਂ ਰੱਤਾ ਹੋਇਆ, ਸਗੋਂ ਹਰ ਰੰਗ ਵਿਚ ਉਸ ਦਾ ਨਿਵਾਸ ਹੈ। ਜੋ ਸ੍ਰਿਸ਼ਟੀ ਦੇ ਹਰ ਜੀਵ ਵਿਚ ਸਮਾ ਰਿਹਾ ਹੈ ਅਥਵਾ ਸੂਰਜ ਤੇ ਚੰਦ੍ਰਮਾਂ ਦੇ ਪ੍ਰਕਾਸ਼ ਵਿਚ ਵੀ ਉਹ ਸਮਾ ਰਿਹਾ ਹੈ। ਅਸੀਂ ਉਸ ਨੂੰ ਸਭਨਾਂ ਜੀਵ ਆਤਮਾਵਾਂ ਵਿਚ ਹਰ ਥਾਂ ਵਿਚ ਵਸਦਾ ਪਛਾਣਿਆ ਹੈ॥ ੮॥

**ਕਾਲ ਰਹਿਤ ਅਨਕਾਲ ਸਰੂਪਾ॥ ਅਲਖ ਪੁਰਖ ਅਬਿਗਤ ਅਵਧੂਤਾ॥**
**ਜਾਤਿ ਪਾਤਿ ਜਿਹ ਚਿਹਨ ਨ ਬਰਨਾ॥ ਅਬਿਗਤ ਦੇਵ ਅੱਛੈ ਅਨਭਰਮਾ॥ ੯॥**

ਪਦ ਅਰਥ - ਕਾਲ ਰਹਿਤ=ਮੌਤ ਰਹਿਤ। ਅਨਕਾਲ=ਅਕਾਲ। ਅਲਖ=ਜਿਸ ਨੂੰ ਕੋਈ ਜਾਣ ਨਹੀਂ ਸਕਦਾ। ਅਬਿਗਤ=ਅਦ੍ਰਿਸ਼। ਅਵਧੂਤਾ=ਮਾਇਆ ਤੋਂ ਨਿਰਲੇਪ। ਅਛੈ=ਅਬਿਨਾਸੀ। ਅਨਭਰਮਾ=ਭਰਮ ਤੋਂ ਰਹਿਤ।

ਮੈਂ ਉਸ ਪ੍ਰਭੂ ਨੂੰ ਨਮਸ਼ਕਾਰ ਕਰਦਾ ਹਾਂ। ਜੋ ਮੌਤ ਤੋਂ ਰਹਿਤ ਅਕਾਲ ਸਰੂਪ ਹੈ। ਜਿਸ ਨੂੰ ਕੋਈ ਜਾਣ ਨਹੀਂ ਸਕਦਾ, ਜੋ ਸਰਬ ਵਿਆਪਕ, ਅਦ੍ਰਿਸ਼ ਤੇ ਮਾਇਆ ਤੋਂ ਨਿਰਲੇਪ ਹੈ। ਜਿਸ ਦੀ ਕੋਈ ਜਾਤ, ਕੁਲ, ਨਿਸ਼ਾਨ ਤੇ ਵਰਨ ਨਹੀਂ। ਜੋ ਦੇਹ ਤੋਂ ਬਿਨਾਂ ਦੇਵਤਾ ਹੈ, ਜੋ ਨਾਸ ਨਹੀਂ ਹੁੰਦਾ ਅਤੇ ਭਰਮ ਤੋਂ ਰਹਿਤ ਹੈ ਭਾਵ ਜੋ ਹਰ ਤਰ੍ਹਾਂ ਦੀ ਭਟਕਣਾ ਤੋਂ ਰਹਿਤ ਹੈ॥ ੯॥

**ਸਭ ਕੋ ਕਾਲ ਸਭਨ ਕੋ ਕਰਤਾ॥ ਰੋਗ ਸੋਗ ਦੋਖਨ ਕੋ ਹਰਤਾ॥**
**ਏਕ ਚਿੱਤ ਜਿਹ ਇਕ ਛਿਨ ਧਯਾਇਓ॥ ਕਾਲ ਫਾਸ ਕੇ ਬੀਚ ਨ ਆਇਓ॥ ੧੦॥**

ਪਦ ਅਰਥ - ਸਭ ਕੋ ਕਾਲ=ਸਭ ਨੂੰ ਨਾਸ ਕਰਨ ਵਾਲਾ। ਕਰਤਾ=ਰਚਨਹਾਰ। ਏਕ ਚਿੱਤ=ਇਕਾਗਰ ਮਨ ਹੋ ਕੇ। ਇਕ ਛਿਨ=ਥੋੜਾ ਸਮਾਂ। ਕਾਲ ਫਾਸ=ਮੌਤ ਦਾ ਫੰਧਾ।

ਮੇਰੀ ਉਸ ਪਰਮਾਤਮਾ ਨੂੰ ਨਮਸ਼ਕਾਰ ਹੈ ਜੋ ਸਭ ਜੀਵਾਂ ਨੂੰ ਨਾਸ ਕਰਨ ਵਾਲਾ ਤੇ ਸਭ ਦਾ ਰਚਨਹਾਰ ਹੈ। ਜੋ ਰੋਗਾਂ, ਸੋਗਾਂ ਤੇ ਦੋਸ਼ਾਂ ਨੂੰ ਦੂਰ ਕਰਨ ਵਾਲਾ ਹੈ। ਜਿਸ ਪੁਰਸ਼ ਨੇ ਐਸੇ ਗੁਣਾਂ ਵਾਲੇ ਪ੍ਰਭੂ ਨੂੰ ਇਕਾਗਰ ਚਿਤ ਹੋ ਕੇ ਥੋੜਾ ਸਮਾਂ ਵੀ ਯਾਦ ਕੀਤਾ ਹੈ, ਉਹ ਪੁਰਸ਼ ਮੁੜਕੇ ਕਾਲ ਦੀ ਫਾਹੀ ਵਿਚ ਨਹੀਂ ਆਇਆ ਭਾਵ ਉਸ ਪੁਰਸ਼ ਦੇ ਮਨ ਵਿਚੋਂ ਮੌਤ ਦਾ ਭੈ ਦੂਰ ਹੋ ਜਾਂਦਾ ਹੈ॥ ੧੦॥

## ੜ੍ਹਪ੍ਰਸਾਦਿ ॥ ਕਬਿੱਤ ॥

ਕਤਹੂੰ ਸੁਚੇਤ ਹੁਇਕੈ ਚੇਤਨਾ ਕੋ ਚਾਰੁ ਕੀਓ
ਕਤਹੂੰ ਅਚਿੰਤ ਹੁਇਕੈ ਸੋਵਤ ਅਚੇਤ ਹੋ ॥
ਕਤਹੂੰ ਭਿਖਾਰੀ ਹੁਇਕੈ ਮਾਂਗਤ ਫਿਰਤ ਭੀਖ
ਕਹੂੰ ਮਹਾਂਦਾਨਿ ਹੁਇਕੈ ਮਾਂਗਿਓ ਧਨ ਦੇਤ ਹੋ ॥
ਕਹੂੰ ਮਹਾਰਾਜਨ ਕੋ ਦੀਜਤ ਅਨੰਤ ਦਾਨ
ਕਹੂੰ ਮਹਾਂਰਾਜਨ ਤੇ ਛੀਨ ਛਿਤ ਲੇਤ ਹੋ ॥
ਕਹੂੰ ਬੇਦ ਰੀਤ ਕਹੂੰ ਤਾ ਸਿਉ ਬਿਪਰੀਤ
ਕਹੂੰ ਤ੍ਰਿਗੁਨ ਅਤੀਤ ਕਹੂੰ ਸੁਰ ਗੁਨ ਸਮੇਤ ਹੋ ॥੧॥੧੧॥

ਪਦ ਅਰਥ - ਚੇਤਨਾ=ਚੇਤੰਨਤਾ। ਚਾਰ=ਪ੍ਰਚਾਰ। ਅਚਿੰਤ=ਬੇਫਿਕਰ। ਅਚੇਤ=ਬੇਸੁਧ. ਘੂਕਰੀਤ=ਮਰਯਾਦਾ। ਬਿਪਰੀਤ=ਉਲਟ। ਤ੍ਰਿਗੁਨ=ਤਿੰਨ ਗੁਣ ਰਜੋ, ਤਮੋ ਤੇ ਸਤੋ।ਅਤੀਤ=ਰਹਿਤ।

ਹੇ ਪ੍ਰਭੂ ! ਆਪ ਦੇ ਚੋਜ ਬੇਅੰਤ ਹਨ, ਇਨ੍ਹਾਂ ਦਾ ਕੋਈ ਪਾਰ ਨਹੀਂ ਪਾ ਸਕਦਾ, ਕਿਉਂਕਿ ਤੁਸੀਂ ਕਿਤੇ ਤਾਂ ਬੜੇ ਸੁਚੇਤ ਹੋ ਕੇ ਚੇਤੰਨਤਾ ਦਾ ਪ੍ਰਚਾਰ ਕਰਦੇ ਹੋ ਤੇ ਕਿਤੇ ਬੇਫਿਕਰ ਹੋ ਕੇ ਬੜੀ ਗਹਿਰੀ ਨੀਂਦ ਵਿਚ ਸੁਤੇ ਹੋਏ ਹੋ। ਕਿਤੇ ਤੁਸੀਂ ਮੰਗਤਾ ਬਣਕੇ ਘਰ ਘਰ ਭਿਖਿਆ ਮੰਗਦੇ ਫਿਰਦੇ ਹੋ ਤੇ ਕਿਤੇ ਮਹਾਂ ਦਾਨੀ ਬਣ ਕੇ ਸਭ ਨੂੰ ਮੂੰਹੋਂ ਮੰਗਿਆ ਧਨ ਦੇਂਦੇ ਹੋ। ਕਿਤੇ ਤਾਂ ਆਪ ਮਹਾਰਾਜਿਆਂ ਨੂੰ ਬੇਅੰਤ ਦਾਨ ਦੇਂਦੇ ਹੋ ਤੇ ਕਿਤੇ ਉਹਨਾਂ ਮਹਾਰਾਜਿਆਂ ਤੋਂ ਧਰਤੀ ਦਾ ਰਾਜ ਖੋਹ ਲੈਂਦੇ ਹੋ। ਕਿਤੇ ਤੁਸੀਂ ਵੇਦਾਂ ਦੀ ਮਰਯਾਦਾ ਅਨੁਸਾਰ ਚਲਣ ਵਾਲੇ ਹੋ ਤੇ ਕਿਤੇ ਵੇਦਾਂ ਦੀ ਰੀਤ ਤੋਂ ਉਲਟ ਚਲਦੇ ਹੋ, ਕਿਤੇ ਤੁਸੀਂ ਤਿੰਨਾਂ ਗੁਣਾਂ ਤੋਂ ਬਿਨਾਂ ਹੋ ਤੇ ਕਿਤੇ ਸਾਰੇ ਗੁਣਾਂ ਸਹਿਤ ਹੋ ਅਥਵਾ ਸ੍ਰੇਸ਼ਟ ਗੁਣਾਂ ਸਹਿਤ ਹੋ॥੧॥੧੧॥

ਕਹੂੰ ਜੱਛ ਗੰਧ੍ਰਬ ਉਰਗ ਕਹੂੰ ਬਿਦਿਜਾ ਧਰ
ਕਹੂੰ ਭਏ ਕਿੰਨਰ ਪਿਸਾਚ ਕਹੂੰ ਪ੍ਰੇਤ ਹੋ ॥
ਕਹੂੰ ਹੁਇਕੈ ਹਿੰਦੂਆ ਗਾਇਤ੍ਰੀ ਕੋ ਗੁਪਤ ਜਪਿਓ
ਕਹੂੰ ਹੁਇਕੈ ਤੁਰਕਾ ਪੁਕਾਰੇ ਬਾਂਗ ਦੇਤ ਹੋ ॥
ਕਹੂੰ ਕੋਕ ਕਾਬ ਹੁਇ ਪੁਰਾਨ ਕੋ ਪੜਤ ਮਤ

**ਕਤਹੂੰ ਕੁਰਾਨ ਕੋ ਨਿਦਾਨ ਜਾਨ ਲੇਤ ਹੋ॥**
**ਕਹੂੰ ਬੇਦ ਰੀਤ ਕਹੂੰ ਤਾ ਸਿਉ ਬਿਪਰੀਤ**
**ਕਹੂੰ ਤ੍ਰਿਗੁਨ ਅਤੀਤ ਕਹੂੰ ਸੁਰ ਗੁਨ ਸਮੇਤ ਹੋ॥੨॥੧੨॥**

ਪਦ ਅਰਥ - ਬਿਦਿਯਾ ਧਰ=ਦੇਵਤਿਆਂ ਦੀ ਇਕ ਜਾਤ। ਕਿੰਨਰ=ਕੁਬੇਰ ਦੇ ਦਰਬਾਰ ਵਿਚ ਨੱਚਣ ਵਾਲੇ। ਪਿਸਾਚ ਤੇ ਪ੍ਰੇਤ=ਉਹ ਸਰੀਰ, ਜੋ ਅਬਗਤ ਮਰਨ ਵਾਲੇ ਪ੍ਰਾਣੀ ਨੂੰ ਮਿਲਦਾ ਹੈ। ਕੋਕ=ਕਾਮ ਸ਼ਾਸਤ੍ਰ ਦਾ ਰਚਨਹਾਰ 'ਕੋਕਾ' ਪੰਡਤ। ਕਾਬ=ਕਵਿਤਾ। ਪੁਰਾਨ=ਹਿੰਦੂ ਮਤ ਦੇ ੧੮ ਧਾਰਮਕ ਗ੍ਰੰਥ। ਕੁਰਾਨ=ਮੁਹੰਮਦ ਸਾਹਿਬ ਦਾ ਉਚਾਰਿਆ ਇਸਲਾਮ ਦਾ ਧਾਰਮਕ ਗ੍ਰੰਥ। ਨਿਦਾਨ=ਸਿਧਾਂਤ।

ਹੇ ਪ੍ਰਭੂ ! ਤੁਸੀਂ ਕਿਤੇ ਜੱਛ, ਗੰਧਰਬ, ਸੱਪ ਤੇ ਕਿਤੇ ਵਿਦਿਆਧਰ ਦਾ ਰੂਪ ਧਾਰਦੇ ਹੋ ਤੇ ਕਿਤੇ ਕਿੰਨਰ, ਪਿਸਾਚ ਤੇ ਪ੍ਰੇਤ ਬਣੇ ਹੋਏ ਹੋ। ਕਿਤੇ ਤੁਸੀਂ ਹਿੰਦੂ ਬਣ ਕੇ ਗਾਇਤ੍ਰੀ ਮੰਤ੍ਰ ਦਾ ਗੁਪਤ ਜਾਪ ਕਰਦੇ ਹੋ ਤੇ ਕਿਤੇ ਮੁਸਲਮਾਨ ਹੋ ਕੇ ਉੱਚੀ ਉੱਚੀ ਬਾਂਗ ਦੇਂਦੇ ਹੋ। ਕਿਤੇ ਕੋਕਾ ਪੰਡਤ ਦੇ ਰਚੇ ਕਾਮ ਸ਼ਾਸਤ੍ਰ ਨੂੰ, ਕਿਤੇ ਕਵਿਤਾ ਨੂੰ ਤੇ ਕਿਤੇ ਪੰਡਤ ਬਣਕੇ ਪਰਾਣਾਂ ਦੇ ਮਤ ਨੂੰ ਪੜ੍ਹਦੇ ਹੋ। ਕਿਤੇ ਹਾਫਜ਼ ਬਣ ਕੇ ਕੁਰਾਨ ਦੇ ਸਿਧਾਂਤ ਨੂੰ ਜਾਣ ਰਹੇ ਹੋ। ਕਿਤੇ ਤੁਸੀਂ ਵੇਦਾਂ ਦੀ ਮਰਯਾਦਾ ਅਨੁਸਾਰ ਚਲਣ ਵਾਲੇ ਹੋ ਤੇ ਕਿਤੇ ਵੇਦਾਂ ਦੀ ਰੀਤ ਤੋਂ ਉਲਟ ਚਲਦੇ ਹੋ, ਕਿਤੇ ਤੁਸੀਂ ਤਿੰਨਾਂ ਗੁਣਾਂ ਤੋਂ ਰਹਿਤ ਹੋ ਕੇ ਕਿਤੇ ਸਾਰੇ ਗੁਣਾਂ ਸਹਿਤ ਹੋ ਅਥਵਾ ਸਰੇਸ਼ਟ ਗੁਣਾਂ ਵਾਲੇ ਹੋ॥੨॥੧੨॥

**ਕਹੂੰ ਦੇਵਤਾਨ ਕੇ ਦਿਵਾਨ ਮੈ ਬਿਰਾਜਮਾਨ**
**ਕਹੂੰ ਦਾਨਵਾਨ ਕੋ ਗੁਮਾਨ ਮਤ ਦੇਤ ਹੋ॥**
**ਕਹੂੰ ਇੰਦ੍ਰ ਰਾਜਾ ਕੋ ਮਿਲਤ ਇੰਦ੍ਰ ਪਦਵੀ ਸੀ**
**ਕਹੂੰ ਇੰਦ੍ਰ ਪਦਵੀ ਛਪਾਇ ਛੀਨ ਲੇਤ ਹੋ॥**
**ਕਤਹੂੰ ਬਿਚਾਰ ਅਬਿਚਾਰ ਕੋ ਬਿਚਾਰਤ ਹੋ**
**ਕਹੂੰ ਨਿਜ ਨਾਰ ਪਰ ਨਾਰ ਕੇ ਨਿਕੇਤ ਹੋ॥**
**ਕਹੂੰ ਬੇਦ ਰੀਤ ਕਹੂੰ ਤਾ ਸਿਉ ਬਿਪਰੀਤ**
**ਕਹੂੰ ਤ੍ਰਿਗੁਨ ਅਤੀਤ ਕਹੂੰ ਸੁਰ ਗੁਨ ਸਮੇਤ ਹੋ॥੩॥੧੩॥**

ਕਿਤੇ ਆਪ ਦੇਵਤਿਆਂ ਦੇ ਦਰਬਾਰ ਵਿਚ ਸ਼ੋਭਨੀਕ ਹੋ ਰਹੇ ਹੋ ਤੇ ਕਿਤੇ ਰਾਖਸ਼ਾਂ ਨੂੰ ਹੰਕਾਰ ਦੀ ਸਿਖਿਆ ਦੇਂਦੇ ਹੋ। ਕਿਤੇ ਆਪ ਇੰਦ੍ਰ ਨੂੰ ਇੰਦ੍ਰ ਪਦਵੀ ਸੁਰਗ ਦਾ ਰਾਜ ਬਖਸ਼ ਰਹੇ ਹੋ ਤੇ ਕਿਤੇ ਇੰਦ੍ਰ ਰਾਜੇ ਕੋਲੋਂ ਸੁਰਗ ਦਾ ਰਾਜ ਇੰਦ੍ਰ ਪਦਵੀ ਖੋਹ ਰਹੇ ਹੋ। ਕਿਤੇ ਤੁਸੀਂ ਵਿਚਾਰਵਾਨ ਹੋ ਕੇ ਕਿਤੇ ਬੇਸਮਝ ਵਿਚਾਰ ਹੀਨ ਹੋ। ਕਿਤੇ ਆਪਣੀ ਨਾਰ ਨਾਲ ਪਿਆਰ ਕਰਦੇ ਹੋ ਤੇ ਕਿਤੇ

ਪਰਾਈ ਇਸਤਰੀ ਗਮਨ ਕਰਦੇ ਹੋ। ਕਿਤੇ ਆਪ ਵੇਦਾਂ ਦੀ ਮਰਯਾਦਾ ਅਨੁਸਾਰ ਚਲਣ ਵਾਲੇ ਹੋ ਤੇ ਕਿਤੇ ਵੇਦਾਂ ਦੀ ਰੀਤ ਤੇ ਉਲਟ ਚਲਦੇ ਹੋ। ਕਿਤੇ ਤੁਸੀਂ ਤਿੰਨਾਂ ਗੁਣਾਂ ਤੋਂ ਰਹਿਤ ਹੋ ਕੇ ਕਿਤੇ ਸਾਰੇ ਗੁਣਾਂ ਦੇ ਸਮੇਤ ਹੋ ਅਥਵਾ ਸਰੇਸ਼ਟ ਗੁਣਾਂ ਸਹਿਤ ਹੋ॥ ੩॥ ੧੩॥

**ਕਹੂੰ ਸ਼ਸਤ੍ਰਧਾਰੀ ਕਹੂੰ ਬਿਦਯਾ ਕੇ ਵਿਚਾਰੀ**
**ਕਹੂੰ ਮਾਰਤ ਅਹਾਰੀ ਕਹੂੰ ਨਾਰ ਕੇ ਨਕੇਤ ਹੋ॥**
**ਕਹੂੰ ਦੇਵ ਬਾਨੀ ਕਹੂੰ ਸਾਰਦਾ ਭਵਾਨੀ**
**ਕਹੂੰ ਮੰਗਲਾ ਮ੍ਰਿੜਾਨੀ ਕਹੂੰ ਸਯਾਮ ਕਹੂੰ ਸੇਤ ਹੋ॥**
**ਕਹੂੰ ਧਰਮ ਧਾਮੀ ਕਹੂੰ ਸਰਬ ਠਉਰ ਗਾਮੀ**
**ਕਹੂੰ ਜਤੀ ਕਹੂੰ ਕਾਮੀ ਕਹੂੰ ਦੇਤ ਕਹੂੰ ਲੇਤ ਹੋ॥**
**ਕਹੂੰ ਬੇਦ ਰੀਤ ਕਹੂੰ ਤਾ ਸਿਉ ਬਿਪਰੀਤ**
**ਕਹੂੰ ਤ੍ਰਿਗੁਨ ਅਤੀਤ ਕਹੂੰ ਸੁਰ ਗੁਨ ਸਮੇਤ ਹੋ॥ ੪॥ ੧੪॥**

ਪਦ ਅਰਥ - ਮਾਰਤ ਅਹਾਰੀ=ਪੌਣ ਅਹਾਰੀ। ਨਾਰ ਕੇ ਨਿਕੇਤ=ਜਲ ਵਿਚ ਵੱਸਣ ਵਾਲੇ ਜੀਵ ਮੱਛ ਕੱਛ ਆਦਿ। ਦੇਵਬਾਨੀ=ਸੰਸਕ੍ਰਿਤ ਭਾਸ਼ਾ। ਸਾਰਦਾ=ਸੁਰਸਤੀ ਵਿਦਿਆ ਦੀ ਦੇਵੀ। ਮੰਗਲਾ=ਦੁਰਗਾ। ਮ੍ਰਿੜਾਨੀ=ਪਾਰਬਤੀ।

ਹੇ ਅਕਾਲ ਪੁਰਸ਼ ! ਆਪ ਦੇ ਚੋਜ ਨਿਆਰੇ ਹਨ ਕਿਤੇ ਆਪ ਸ਼ਸ਼ਤ੍ਰਧਾਰੀ ਹੋ ਕੇ ਸੂਰਮੇ ਬਣੇ ਹੋ ਤੇ ਕਿਤੇ ਪੰਡਤ ਬਣਕੇ ਵਿਦਿਆ ਦੀ ਵਿਚਾਰ ਕਰ ਰਹੇ ਹੋ। ਕਿਤੇ ਆਪ ਪੌਣ ਅਹਾਰੀ ਸਰੂਪ ਆਦਿ ਹੋ ਤੇ ਕਿਤੇ ਜਲ ਵਿਚ ਨਿਵਾਸ ਕਰਨ ਵਾਲੇ ਮੱਛ ਕੱਛ ਆਦਿ ਜੀਵ ਹੋ। ਕਿਤੇ ਤੁਸੀਂ ਦੇਵਬਾਨੀ ਭਾਵ ਅਕਾਸ਼ ਬਾਣੀ ਹੋ, ਕਿਤੇ ਸੁਰੱਸਤੀ ਤੇ ਸ਼ਿਵਾ ਰੂਪ ਹੋ। ਕਿਤੇ ਮੰਗਲਾ, ਪਾਰਬਤੀ ਤੇ ਮ੍ਰਿੜਾਨੀ ਹੋ। ਕਿਤੇ ਤੁਸੀਂ ਕਾਲ ਰੂਪ ਵਿਚ ਹੋ ਕਿਤੇ ਚਿੱਟੇ ਸੁੰਦਰ ਸਰੂਪ ਵਾਲੇ ਹੋ। ਕਿਤੇ ਆਪ ਧਰਮ ਧਾਮੀ ਗ੍ਰਿਹਿਸਤੀ ਹੋ, ਕਿਤੇ ਸਭ ਥਾਵਾਂ ਤੇ ਗਮਨ ਕਰਨ ਵਾਲੇ ਹੋ, ਕਿਤੇ ਪੂਰਨ ਬ੍ਰਹਮਚਾਰੀ ਹੋ ਤੇ ਕਿਤੇ ਭੋਗੀ ਹੋ। ਕਿਤੇ ਦਾਤਾ ਬਣ ਕੇ ਦਾਨ ਦੇਂਦੇ ਹੋ ਤੇ ਕਿਤੇ ਭਿਖਾਰੀ ਬਣ ਕੇ ਦਾਨ ਲੈਂਦੇ ਹੋ। ਕਿਤੇ ਤੁਸੀਂ ਵੇਦਾਂ ਦੀ ਮਰਯਾਦਾ ਅਨੁਸਾਰ ਚਲਣ ਵਾਲੇ ਹੋ ਤੇ ਕਿਤੇ ਵੇਦਾਂ ਦੀ ਰੀਤ ਤੋਂ ਉਲਟ ਚਲਦੇ ਹੋ। ਕਿਤੇ ਤਿੰਨਾ ਗੁਣਾਂ ਤੋਂ ਰਹਿਤ ਹੋ ਤੇ ਕਿਤੇ ਸਮੂਹ ਗੁਣਾਂ ਦੇ ਸਮੇਤ ਹੋ॥ ੪॥ ੧੪॥

**ਕਹੂੰ ਜਟਾ ਧਾਰੀ ਕਹੂੰ ਕੰਠੀ ਧਰੇ ਬ੍ਰਹਮਚਾਰੀ**
**ਕਹੂੰ ਜੋਗ ਸਾਧੀ ਕਹੂੰ ਸਾਧਨਾ ਕਰਤ ਹੋ॥**
**ਕਹੂੰ ਕਾਨਫਾਰੇ ਕਹੂੰ ਡੰਡੀ ਹੁਇ ਪਧਾਰੇ**

ਕਹੂੰ ਫੂਕ ਫੂਕ ਪਾਵਨ ਕੋ ਪ੍ਰਿਥੀਪੈ ਧਰਤ ਹੋ॥
ਕਤਹੂੰ ਸਿਪਾਹੀ ਹੁਇਕੈ ਸਾਧਤ ਸਿਲਾਹਨ ਕੋ
ਕਹੂੰ ਛਤ੍ਰੀ ਹੁਇਕੈ ਅਰਿ ਮਾਰਤ ਮਰਤ ਹੋ॥
ਕਹੂੰ ਭੂਮ ਭਾਰ ਕੌ ਉਤਾਰਤ ਹੋ ਮਹਾਰਾਜ
ਕਹੂੰ ਭਵ ਭੂਤਨ ਕੀ ਭਾਵਨਾ ਭਰਤ ਹੋ॥੫॥੧੫॥

ਪਦ ਅਰਥ - ਡੰਡੀ=ਸੰਨਿਆਸੀ। ਪਾਵਨ=ਪੈਰ। ਪ੍ਰਿਥੀ=ਧਰਤੀ। ਸਾਧਤ=ਸਿਖ ਰਹੇ ਹੋ। ਸਿਲਾਹਨ=ਸ਼ਸਤ੍ਰ। ਅਰਿ=ਵੈਰੀ।

ਹੇ ਪਰਮਾਤਮਾ ! ਕਿਤੇ ਆਪ ਜਟਾਧਾਰੀ ਸਾਧੂ ਹੋ, ਕਿਤੇ ਕਾਠ ਦੀ ਕੰਠੀ ਪਾਉਣ ਵਾਲੇ ਰਾਮਾਨੰਦੀ ਭੇਖ ਦੇ ਸਾਧੂ ਹੋ ਤੇ ਕਿਤੇ ਬ੍ਰਹਮਚਾਰੀ ਹੋ। ਕਿਤੇ ਜਗ ਦੀ ਸਾਧਨਾ ਕਰ ਚੁਕੇ ਸਿੱਧ ਹੋ ਤੇ ਕਿਤੇ ਅਜੇ ਸਾਧਨਾ ਤਪੱਸਿਆ ਕਰ ਰਹੇ ਹੋ। ਕਿਤੇ ਆਪ ਕੰਨ ਪਾਟੇ ਜੋਗੀ ਹੋ, ਕਿਤੇ ਡੰਡਾ ਰਖਣ ਵਾਲੇ ਤ੍ਰਿਦੰਡੀ ਸੰਨਿਆਸੀ ਹੋ ਕੇ ਫਿਰ ਰਹੇ ਹੋ। ਕਿਤੇ ਧਰਤੀ ਨੂੰ ਸਾਫ ਕਰ ਕਰਕੇ ਪੈਰ ਰਖਣ ਵਾਲੇ ਸਰੇਵੜੇ ਹੋ। ਕਿਤੇ ਤੁਸੀਂ ਸਿਪਾਹੀ ਬਣ ਕੇ ਸ਼ਸਤ੍ਰਾਂ ਨੂੰ ਚਲਾਉਣਾ ਸਿਖ ਰਹੇ ਹੋ ਤੇ ਕਿਤੇ ਸੂਰਬੀਰ ਹੋ ਕੇ ਵੈਰੀਆਂ ਨੂੰ ਮਾਰਦੇ ਹੋ ਤੇ ਕਿਤੇ ਵੈਰੀਆਂ ਦੇ ਹਥੋਂ ਮਰ ਰਹੇ ਹੋ। ਹੇ ਮਹਾਰਾਜ ! ਤੁਸੀਂ ਕਿਤੇ ਪ੍ਰਿਥਵੀ ਦੇ ਭਾਰ ਨੂੰ ਨਾਸ ਕਰ ਰਹੇ ਹੋ ਤੇ ਕਿਤੇ ਸੰਸਾਰ ਦੇ ਜੀਵਾਂ ਦੀਆਂ ਭਾਵਨਾਂ ਇਛਾਵਾਂ ਪੂਰੀਆਂ ਕਰ ਰਹੇ ਹੋ॥੫॥੧੫॥

ਕਹੂੰ ਗੀਤ ਨਾਦ ਕੇ ਨਿਦਾਨ ਕੌ ਬਤਾਵਤ ਹੋ
ਕਹੂੰ ਨ੍ਰਿਤਕਾਰੀ ਚਿਤ੍ਰਕਾਰੀ ਕੇ ਨਿਧਾਨ ਹੋ॥
ਕਤਹੂੰ ਪਯੂਖ ਹੁਇਕੈ ਪੀਵਤ ਪਿਵਾਵਤ ਹੋ
ਕਤਹੂੰ ਮਯੂਖ ਊਖ ਕਹੂੰ ਮਦ ਪਾਨ ਹੋ॥
ਕਹੂੰ ਮਹਾ ਸੂਰ ਹੁਇਕੈ ਮਾਰਤ ਮਵਾਸਨ ਕੌ
ਕਹੂੰ ਮਹਾਂਦੇਵ ਦੇਵਤਾਨ ਕੇ ਸਮਾਨ ਹੋ॥
ਕਹੂੰ ਮਹਾਂਦੀਨ ਕਹੂੰ ਦ੍ਰੱਬ ਕੇ ਅਧੀਨ
ਕਹੂੰ ਬਿਦਯਾ ਮੈ ਪ੍ਰਬੀਨ ਕਹੂੰ ਭੂੰਮ ਕਹੂੰ ਭਾਨ ਹੋ॥੬॥੧੬॥

ਪਦ ਅਰਥ - ਪਯੂਖ=ਅੰਮ੍ਰਿਤ। ਮਯੂਖ=ਸ਼ਹਿਦ। ਊਖ=ਗੰਨੇ ਦਾ ਰਸ। ਮਦ=ਸ਼ਰਾਬ।

ਹੇ ਪਰਮਾਤਮਾ ਕਿਤੇ ਆਪ ਗੀਤ ਤੇ ਰਾਗ ਦੇ ਤਰੀਕੇ ਦੱਸ ਰਹੇ ਹੋ ਤੇ ਕਿਤੇ ਨ੍ਰਿਤਕਾਰੀ ਨਾਚ ਤੇ ਮੁਸੱਵਰੀ ਦੇ ਖਜ਼ਾਨੇ ਹੋ। ਕਿਤੇ ਆਪ ਅੰਮ੍ਰਿਤ ਹੋ ਤੇ ਇਸ ਅੰਮ੍ਰਿਤ ਨੂੰ ਪੀਂਦੇ ਤੇ ਪਿਆਂਦੇ ਹੋ। ਕਿਤੇ ਸ਼ਹਿਦ ਤੇ ਗੰਨੇ ਦਾ ਰਸ ਪਾਨ ਕਰਦੇ ਹੋ ਤੇ ਕਿਤੇ ਸ਼ਰਾਬੀ ਬਣ ਕੇ ਸ਼ਰਾਬ ਪੀਂਦੇ ਹੋ। ਕਿਤੇ ਆਪ ਮਹਾਨ ਸੂਰਮੇ ਬਣ ਕੇ ਬੜੇ ਬੜੇ ਆਕੀ ਵੈਰੀਆਂ ਨੂੰ ਮਾਰਦੇ ਹੋ ਤੇ ਕਿਤੇ ਦੇਵਤਿਆਂ ਦੇ ਵੱਡੇ ਮਹਾਂ ਦੇਵ ਹੋ। ਕਿਤੇ ਆਪ ਅਤੀ ਗਰੀਬ ਹੋ ਤੇ ਕਿਤੇ ਧਨ ਦੇ ਮਾਲਕ ਹੋ। ਕਿਤੇ ਵਿਦਿਆ ਦੇ ਵਿਦਵਾਨ ਹੋ, ਕਿਤੇ ਧਰਤੀ ਹੋ ਤੇ ਕਿਤੇ ਸੂਰਜ ਹੋ॥੬॥੧੬॥

**ਕਹੂੰ ਅਕਲੰਕ ਕਹੂੰ ਮਾਰਤ ਮਯੰਕ**
**ਕਹੂੰ ਪੂਰਨ ਪ੍ਰਜੰਕ ਕਹੂੰ ਸੁੱਧਤਾ ਕੀ ਸਾਰਹੋ॥**
**ਕਹੂੰ ਦੇਵ ਧਰਮ ਕਹੂੰ ਸਾਧਨਾ ਕੇ ਹਰਮ**
**ਕਹੂੰ ਕੁਤਸਤ ਕੁਕਰਮ ਕਹੂੰ ਧਰਮ ਕੇ ਪ੍ਰਕਾਰ ਹੋ॥**
**ਕਹੂੰ ਪਉਨਹਾਰੀ ਕਹੂੰ ਬਿਦਯਾ ਕੇ ਬਿਚਾਰੀ**
**ਕਹੂੰ ਜੋਗਿ ਜਤੀ ਬ੍ਰਹਮ ਚਾਰੀ ਨਰ ਕਹੂੰ ਨਾਰ ਹੋ॥**
**ਕਹੂੰ ਛੱਤ੍ਰਧਾਰੀ ਕਹੂੰ ਛਾਲਾ ਧਰੇ ਛੈਲ ਧਾਰੀ**
**ਕਹੂੰ ਛਕ ਵਾਰੀ ਕਹੂੰ ਛਲ ਕੇ ਪ੍ਰਕਾਰ ਹੋ॥੭॥੧੭॥**

ਪਦ ਅਰਥ - ਮਾਰਤ ਮਯੰਕ=ਚੰਦਰਮਾਂ ਨੂੰ ਮਾਰਨ ਵਾਲਾ ਭਾਵ ਕਲੰਕ। ਸੁੱਧਤਾ ਕੀ ਸਾਰ=ਤਿਆਗੀ ਮਹਾਤਮਾ। ਹਰਮ=ਧਰਮ ਵਿਰੁੱਧ ਕਰਮ।

ਕਿਤੇ ਆਪ ਕਲੰਕ ਰਹਿਤ ਹੋ, ਕਿਤੇ ਕਲੰਕ ਹੋ। ਕਿਤੇ ਸੇਜਾ ਸਹਿਤ ਇਸਤ੍ਰੀ ਵਾਲੇ ਹੋ ਤੇ ਕਿਤੇ ਨ੍ਰਿਵਰਤੀ ਪੱਖ ਵਿਚ ਵਿਚਰਨ ਵਾਲੇ ਤਿਆਗੀ ਮਹਾਤਮਾ ਹੋ। ਕਿਤੇ ਆਪ ਦੇਵਤਿਆਂ ਵਰਗੇ ਧਰਮਵਾਨ ਹੋ ਤੇ ਕਿਤੇ ਧਰਮ ਵਿਰੁਧ ਕਰਮ ਕਰਨ ਵਾਲੇ ਹੋ ਕਿਤੇ ਖੋਟੇ ਕਰਮਾਂ ਦੇ ਕਰਨ ਵਾਲੇ ਹੋ ਤੇ ਕਿਤੇ ਧਰਮ ਦੀ ਮਰਿਆਦਾ ਵਾਲੇ ਹੋ ਅਰਥਾਤ ਧਰਮ ਦੇ ਤਰੀਕੇ ਦੱਸਣ ਵਾਲੇ ਹੋ। ਕਿਤੇ ਆਪ ਪੌਣ ਅਹਾਰੀ ਹੋ, ਕਿਤੇ ਵਿਦਿਆ ਦੀ ਵਿਚਾਰ ਕਰਨ ਵਾਲੇ ਹੋ। ਕਿਤੇ ਜੋਗੀ ਜਤੀ ਤੇ ਬ੍ਰਹਮਚਾਰੀ ਹੋ ਤੇ ਕਿਤੇ ਪੁਰਸ਼ ਤੇ ਕਿਤੇ ਇਸਤ੍ਰੀ ਹੋ। ਕਿਤੇ ਆਪ ਛੱਤ੍ਰ ਧਾਰਨ ਕਰਨ ਵਾਲੇ ਰਾਜੇ ਹੋ, ਕਿਤੇ ਮ੍ਰਿਗਛਾਲਾ ਧਾਰਨ ਵਾਲੇ ਸਾਧੂ ਹੋ: ਕਿਤੇ ਬੜੇ ਸੁੰਦਰ ਸਰੂਪ ਵਾਲੇ ਹੋ। ਕਿਤੇ ਬੜੇ ਕਰੂਪ ਤੇ ਕਮਜ਼ੋਰ ਹੋ ਤੇ ਕਿਤੇ ਛਲੇਡੇ ਵਾਂਗੂੰ ਛਲ ਕਰਕੇ ਕਈ ਰੂਪ ਧਾਰਨ ਕਰਦੇ ਹੋ॥੭॥੧੭॥

**ਕਹੂੰ ਗੀਤ ਕੇ ਗਵੱਯਾ ਕਹੂੰ ਬੇਨ ਕੇ ਬਜੱਯਾ**
**ਕਹੂੰ ਨ੍ਰਿਤ ਕੇ ਨਚੱਯਾ ਕਹੂੰ ਨਰ ਕੋ ਅਕਾਰ ਹੋ॥**

ਕਹੂੰ ਬੇਦ ਬਾਨੀ ਕਹੂੰ ਕੋਕ ਕੀ ਕਹਾਨੀ
ਕਹੂੰ ਰਾਜਾ ਕਹੂੰ ਰਾਨੀ ਕਹੂੰ ਨਾਰ ਕੇ ਪ੍ਰਕਾਰ ਹੋ॥
ਕਹੂੰ ਬੇਨ ਕੇ ਬਜੱਯਾ ਕਹੂੰ ਧੇਨ ਕੇ ਚਰੱਯਾ
ਕਹੂੰ ਲਾਖਨ ਲਵੱਯਾ ਕਹੂੰ ਸੁੰਦਰ ਕੁਮਾਰ ਹੋ॥
ਸੁੱਧਤਾ ਦੀ ਸਾਨ ਹੋ ਕਿ ਸੰਤਨ ਕੇ ਪ੍ਰਾਨ ਹੋ
ਕਿ ਦਾਤਾ ਮਹਾਂਦਾਨ ਹੋ ਨ੍ਰਿਦੋਖੀ ਨਿਰੰਕਾਰ ਹੋ॥੮॥੧੮॥

ਪਦ ਅਰਥ - ਸ਼ਾਨ=ਸ਼ੋਭਾ। ਲਾਖਨ=ਮੱਖਣ।

ਹੇ ਪ੍ਰਭੂ ! ਕਿਤੇ ਆਪ ਸੁੰਦਰ ਗੀਤਾਂ ਦੇ ਗਾਉਣ ਵਾਲੇ ਹੋ, ਕਿਤੇ ਵੀਣਾਂ ਵਜਾਉਣ ਵਾਲੇ ਹੋ। ਕਿਤੇ ਨਾਚ ਕਰਨ ਵਾਲੇ ਹੋ ਤੇ ਕਿਤੇ ਨਰ ਦਾ ਸਰੂਪ ਹੋ। ਕਿਤੇ ਆਪ ਵੇਦਾਂ ਦੀ ਬਾਣੀ ਹੋ, ਕਿਤੇ ਕੋਕ ਦੀ ਕਥਾ ਹੋ, ਕਿਤੇ ਰਾਜੇ ਹੋ, ਕਿਤੇ ਰਾਣੀ ਹੋ ਕਿਤੇ ਇਸਤਰੀ ਹੋ। ਕਿਤੇ ਤੁਸੀਂ ਵੀਣਾਂ ਦੇ ਵਜਾਉਣ ਵਾਲੇ ਹੋ, ਕਿਤੇ ਗਊਆਂ ਚਾਰਨ ਵਾਲੇ ਕ੍ਰਿਸ਼ਨ ਰੂਪ ਹੋ। ਕਿਤੇ ਮੱਖਣ ਦੇ ਲੈਣ ਵਾਲੇ ਹੋ ਤੇ ਕਿਤੇ ਬੜੇ ਸਰੂਪ ਵਾਲੇ ਰਾਜਕੁਮਾਰ ਹੋ। ਤੁਸੀਂ ਪਵਿੱਤ੍ਰਤਾ ਦੀ ਸ਼ੋਭਾ ਹੋ, ਜਾਂ ਸੰਤ ਜਨਾਂ ਦੇ ਪ੍ਰਾਣ ਹੋ, ਜਾਂ ਮਹਾਂਦਾਨੀ ਦਾਤੇ ਹੋ, ਜਾਂ ਦੋਸ਼ ਰਹਿਤ ਤੇ ਨਿਰਾਕਾਰ ਅਕਾਰ ਰਹਿਤ ਹੋ ?॥੮॥੧੮।

ਨਿਰਜੁਰ ਨਿਰੂਪ ਹੋ ਕਿ ਸੁੰਦਰ ਸਰੂਪ ਹੋ
ਕਿ ਭੂਪਨ ਕੇ ਭੂਪ ਹੋ ਕਿ ਦਾਤਾ ਮਹਾਂਦਾਨ ਹੋ॥
ਪ੍ਰਾਨ ਕੇ ਬਚੱਯਾ ਦੂਧ ਪੂਤ ਕੇ ਦਿਵੱਯਾ
ਰੋਗ ਸੋਗ ਕੇ ਮਿਟੱਯਾ ਕਿਧੌਂ ਮਾਨੀ ਮਹਾ ਮਾਨ ਹੋ॥
ਬਿਦਯਾ ਕੇ ਬਿਚਾਰ ਹੋ ਕਿ ਅੱਦ੍ਵੈ ਅਵਤਾਰ ਹੋ
ਕਿ ਸਿੱਧਤਾ ਕੀ ਸੂਰਤ ਹੋ ਸੁੱਧਤਾ ਕੀ ਸਾਨ ਹੋ॥
ਜੋਬਨ ਕੇ ਜਾਲ ਹੋ ਕਿ ਕਾਲ ਹੂੰ ਕੇ ਕਾਲ ਹੋ
ਕਿ ਸ਼ੱਤ੍ਰਨ ਕੇ ਸੂਲ ਹੋ ਕਿ ਮਿੱਤ੍ਰਨ ਕੇ ਪ੍ਰਾਨ ਹੋ॥੯॥੧੯॥

ਹੇ ਅਕਾਲ ਪੁਰਖ ! ਤੁਸੀਂ ਜੁਰ ਭਾਵ ਤਾਪ ਰਹਿਤ ਹੋ ਜਾਂ ਰੂਪ ਰਹਿਤ ਹੋ ਜਾਂ ਅਤਿ ਸੁੰਦਰ ਸਰੂਪ ਵਾਲੇ ਹੋ ? ਜਾਂ ਰਾਜਿਆਂ ਦੇ ਵਡੇ ਰਾਜੇ ਹੋ ਜਾਂ ਦਾਤਾਂ ਦੇਣ ਵਾਲੇ ਦਾਤਾ ਹੋ ਜਾਂ ਮਹਾਦਾਨੀ ਹੋ ? ਤੁਸੀਂ ਪ੍ਰਾਣਾਂ ਦੇ ਬਚਾਉਣ ਵਾਲੇ ਹੋ, ਲੋੜਵੰਦਾਂ ਨੂੰ ਦੁੱਧ ਪੁੱਤ ਦੀਆਂ ਦਾਤਾਂ ਦੇਣ ਵਾਲੇ

ਹੋ, ਸਭ ਜੀਵਾਂ ਦੇ ਰੋਗਾਂ ਤੇ ਸੋਗਾਂ ਦੇ ਨਾਸ ਕਰਨ ਵਾਲੇ ਭਾਵ ਬੜੇ ਮਾਨ ਵਾਲੇ ਮਾਨੀ ਹੋ। ਤੁਸੀਂ ਵਿਦਿਆ ਦੇ ਵਿਚਾਰਨ ਵਾਲੇ ਹੋ ਜਾਂ ਦ੍ਵੈਤ ਰਹਿਤ ਅਵਤਾਰ ਹੋ, ਜਾਂ ਸਿੱਧੀ ਦੀ ਮੂਰਤ ਹੋ ਜਾਂ ਪਵਿੱਤ੍ਰਤਾ ਦੀ ਸ਼ੋਭਾ ਹੋ ? ਤੁਸੀਂ ਜਵਾਨੀ ਦੇ ਝਰੋਖੇ ਹੋ ਜਾਂ ਕਾਲ ਤੋਂ ਵੀ ਵਡੇ ਕਾਲ ਹੋ, ਜਾਂ ਦੁਸ਼ਮਨਾਂ ਲਈ ਸੂਲ ਨੇਜ਼ਾ ਰੂਪ ਹੋ ਜਾਂ ਸੱਜਣਾਂ ਮਿੱਤਰਾਂ ਦੇ ਪ੍ਰਾਣ-ਰੂਪ ਹੋ ?॥੯॥੧੯॥

**ਕਹੂੰ ਬ੍ਰਹਮ ਬਾਦ ਕਹੂੰ ਬਿਦਯਾ ਕੋ ਬਿਖਾਦ**
**ਕਹੂੰ ਨਾਦ ਕੋ ਨਨਾਦ ਕਹੂੰ ਪੂਰਨ ਭਗਤ ਹੋ॥**
**ਕਹੂੰ ਬੇਦ ਰੀਤ ਕਹੂੰ ਬਿਦਜਾ ਕੀ ਪ੍ਰਤੀਤ**
**ਕਹੂੰ ਨੀਤ ਅਉ ਅਨੀਤ ਕਹੂੰ ਜ੍ਵਾਲਾ ਸੀ ਜਗਤ ਹੋ॥**
**ਪੂਰਨ ਪ੍ਰਤਾਪ ਕਹੂੰ ਇਕਾਂਤੀ ਕੋ ਜਾਪ ਕਹੂੰ**
**ਤਾਪ ਕੋ ਅਤਾਪ ਕਹੂੰ ਜੋਗ ਤੇ ਡਿਗਤ ਹੋ॥**
**ਕਹੂੰ ਬਰ ਦੇਤ ਕਹੂੰ ਛਲ ਸੋਂ ਛਿਨਾਇ ਲੇਤ**
**ਸਰਬ ਕਾਲ ਸਰਬ ਠੌਰ ਏਕ ਸੇ ਲਗਤ ਹੋ॥੧੦॥੨੦॥**

ਪਦ ਅਰਥ - ਬਿਖਾਦ=ਝਗੜੇ। ਨਾਦ=ਸ਼ਬਦ। ਨਨਾਦ=ਆਵਾਜ਼। ਜ੍ਵਾਲਾ=ਅਗਨੀ। ਜਗਤ=ਜਗਮਗ। ਤਾਪ=ਗਰਮ। ਅਤਾਪ=ਸੀਤਲ।

ਹੇ ਪਰਮੇਸ਼੍ਵਰ ! ਆਪ ਕਿਤੇ ਆਤਮ ਚਰਚਾ ਕਰ ਰਹੇ ਹੋ, ਕਿਤੇ ਵਿਦਿਆ ਦੇ ਝਗੜੇ ਝਾਂਜੇ ਕਰ ਰਹੇ ਹੋ, ਕਿਤੇ ਸ਼ਬਦ ਦੀ ਧੁਨ ਕਰ ਰਹੇ ਹੋ ਤੇ ਕਿਤੇ ਭਗਤੀ ਕਰਦੇ ਹੋਏ ਪੂਰਨ ਭਗਤ ਹੋ। ਕਿਤੇ ਆਪ ਵੇਦਾਂ ਦੀ ਮਰਿਆਦਾ ਅਨੁਸਾਰ ਚਲ ਰਹੇ ਹੋ, ਕਿਤੇ ਵਿਦਿਆ ਦੀ ਪ੍ਰਤੀਤੀ ਵਾਲੇ ਹੋ, ਕਿਤੇ ਰਾਜਨੀਤੀ ਵਿਚ ਨਿਪੁੰਨ ਹੋ, ਕਿਤੇ ਨੀਤੀ ਤੋਂ ਉਲਟ ਚਲਣ ਵਾਲੇ ਹੋ ਤੇ ਕਿਤੇ ਅਗਨੀ ਵਾਂਗੂੰ ਜਗਮਗ ਕਰ ਰਹੇ ਹੋ। ਕਿਤੇ ਆਪ ਪੂਰਨ ਪ੍ਰਤਾਪ ਵਾਲੇ ਪ੍ਰਤਾਪੀ ਹੋ, ਕਿਤੇ ਇਕਾਂਤ ਵਿਚ ਬੈਠ ਕੇ ਜਾਪ ਕਰਦੇ ਹੋ, ਕਿਤੇ ਤੇਜ ਰੂਪ ਹੋ ਕੇ ਵਿਚਰਦੇ ਹੋ, ਕਿਤੇ ਸੀਤਲ ਸ਼ਾਂਤ-ਸਰੂਪ ਹੋ ਤੇ ਕਿਤੇ ਜੋਗ ਦੀ ਸਾਧਨਾਂ ਕਰਦਿਆਂ ਸਾਧਨਾਂ ਤੋਂ ਡਿੱਗ ਰਹੇ ਹੋ। ਕਿਤੇ ਲੋੜਵੰਦਾਂ ਨੂੰ ਵਰ ਦੇਂਦੇ ਹੋ, ਕਿਤੇ ਛਲ ਕਰਕੇ ਜੀਵਾਂ ਤੋਂ ਸਭ ਕੁਝ ਖੋਹ ਲੈਂਦੇ ਹੋ। ਹੇ ਪ੍ਰਭੂ ! ਆਪ ਮੈਨੂੰ ਹਰ ਸਮੇਂ ਤੇ ਹਰ ਥਾਂ ਤੇ ਇਕੋ ਜਿਹੇ ਪ੍ਰਤੀਤ ਹੁੰਦੇ ਹੋ ਭਾਵ ਅਨੇਕਾਂ ਰੂਪਾਂ ਵਿਚ ਹੁੰਦਿਆਂ ਵੀ ਆਪ ਸਦਾ ਇਕ ਰਸ ਤੇ ਨਿਰਲੇਪ ਰਹਿੰਦੇ ਹੋ॥੧੦॥੨੦॥

## ਤ੍ਵਪ੍ਰਸਾਦਿ ॥ ਸੁਧਾ ਸਵੈਯੇ ॥

ਇਹ ਦਸ ਸਵੈਯੇ ਅੰਮ੍ਰਿਤ ਤਿਆਰ ਕਰਨ ਸਮੇਂ ਪੜ੍ਹੇ ਜਾਂਦੇ ਹਨ। ਇਸ ਤੋਂ ਉਪਰੰਤ ਇਹ ਨਿਤ ਨੇਮ ਦੀਆਂ ਬਾਣੀਆਂ ਵਿਚ ਵੀ ਸ਼ਾਮਲ ਹਨ ਅਤੇ ਅੰਮ੍ਰਿਤ ਵੇਲੇ ਪੜ੍ਹੇ ਜਾਂਦੇ ਹਨ।

**ਸ੍ਰਾਵਗ ਸੁੱਧ ਸਮੂਹ ਸਿਧਾਨ ਕੇ ਦੇਖਿ ਫਿਰਿਓ ਘਰ ਜੋਗ ਜਤੀ ਕੇ॥**
**ਸੂਰ ਸੁਰਾਰਦਨ ਸੁੱਧ ਸੁਧਾਦਿਕ ਸੰਤ ਸਮੂਹ ਅਨੇਕ ਮਤੀ ਕੇ॥**
**ਸਾਰੇ ਹੀ ਦੇਸ ਕੋ ਦੇਖਿ ਰਹਿਓ ਮਤ ਕੋਊ ਨ ਦੇਖੀਅਤ ਪ੍ਰਾਨਪਤੀ ਕੇ॥**
**ਸ੍ਰੀ ਭਗਵਾਨ ਕੀ ਭਾਇ ਕ੍ਰਿਪਾ ਹੂੰ ਤੇ ਏਕ ਰਤੀ ਬਿਨੁ ਏਕ ਰਤੀ ਕੇ॥ ੧॥ ੨੧॥**

ਪਦ ਅਰਥ - ਸ੍ਰਾਵਗ=ਸਰੇਵੜੇ, ਬੋਧੀ ਭਿਖਸ਼ੂ। ਸੁੱਧ=ਕਰਮਕਾਂਡੀ। ਸਮੂਹ=ਇਕੱਠ। ਸਿਧਾਨ=ਪੂਰਨ ਜੋਗੀ, ਸਿੱਧ ਪੁਰਸ਼। ਘਰ=ਡੇਰੇ। ਜਤੀ=ਬ੍ਰਹਮਚਾਰੀ। ਸੂਰ=ਸੂਰਮੇ, ਜੋਧੇ। ਸੁਰਾਰਦਾਨ=ਦੈਂਤ। ਸ਼ੁੱਧ=ਪਵਿੱਤ੍ਰ। ਸੁਧਾਦਿਕ= ਬਿਬੇਕੀ, ਦੇਵਤੇ। ਮਤ=ਧਰਮ। ਪ੍ਰਾਨਪਤੀ=ਪ੍ਰਾਣਾਂ ਦਾ ਮਾਲਕ ਪ੍ਰਭੂ। ਭਾਇ=ਸ਼ਰਧਾ, ਭਾਵਨਾ। ਰਤੀ=ਪ੍ਰੇਮ। ਰਤੀ=ਰੱਤੀ ਭਰ ਮੁੱਲ ਦੇ।

ਮੈਂ ਸਰੇਵੜਿਆਂ ਬੋਧੀ ਭਿਖਸ਼ੂਆਂ , ਕਰਮਕਾਂਡੀਆਂ, ਪੂਰਨ ਸਿੱਧਾਂ ਦੇ ਇਕੱਠਾਂ, ਟੋਲਿਆਂ ਜੋਗੀਆਂ ਤੇ ਜਤੀਆਂ ਬ੍ਰਹਮਚਾਰੀਆਂ ਦੇ ਡੇਰਿਆਂ ਵਿਚ ਫਿਰ ਫਿਰਕੇ ਵੇਖਿਆ ਹੈ। ਮੈਂ ਬੜੇ ਬੜੇ ਸੂਰਮਿਆਂ, ਦੈਂਤਾਂ, ਪਵਿੱਤਰ ਰਹਿਣ ਵਾਲੇ ਬਿਬੇਕੀਆਂ ਅਥਵਾ ਦੇਵਤਿਆਂ ਤੇ ਅਨੇਕ ਮਤਾਂ ਧਰਮਾਂ ਦੇ ਸਾਰੇ ਸੰਤਾਂ ਨੂੰ ਵੇਖਿਆ ਹੈ। ਮੈਂ ਸਾਰੇ ਦੇਸ ਦੇ ਮਤਾਂ ਧਰਮਾਂ ਨੂੰ ਬੜੇ ਗੌਹ ਨਾਲ ਵੇਖਿਆ ਹੈ। ਇਨ੍ਹਾਂ ਵਿਚੋਂ ਮੈਨੂੰ ਕੋਈ ਵੀ ਐਸਾ ਧਰਮ ਨਹੀਂ ਦਿਸਿਆ, ਜੋ ਪ੍ਰਾਣਾਂ ਦੇ ਮਾਲਕ ਪ੍ਰਭੂ ਦੇ ਮਿਲਣ ਦੀ ਜੁਗਤੀ ਦੱਸਣ ਵਾਲਾ ਹੋਵੇ ਜਾਂ ਪ੍ਰਭੂ ਨਾਲ ਸੱਚਾ ਪਿਆਰ ਕਰਨ ਵਾਲਾ ਹੋਵੇ। ਸ਼ੋਭਨੀਕ ਪ੍ਰਭੂ ਦੀ ਸ਼ਰਧਾ ਭਾਵਨਾ, ਕਿਰਪਾ ਤੇ ਪ੍ਰੇਮ ਤੋਂ ਹੀਣੇ ਇਨ੍ਹਾਂ ਸਾਰੇ ਧਰਮਾਂ ਦਾ ਮੁੱਲ ਇਕ ਰੱਤੀ ਜਿੰਨਾਂ ਜਾਣੋ ਭਾਵ ਸਾਰੇ ਧਰਮਾਂ ਦੇ ਕਰਮ ਕਾਂਡ ਪ੍ਰਭੂ ਨਾਲ ਪਿਆਰ ਤੋਂ ਰਹਿਤ ਹੋਣ ਕਰਕੇ ਕਿਸੇ ਮੁੱਲ ਦੇ ਨਹੀਂ ॥੧॥੨੧॥

**ਮਾਤੇ ਮਤੰਗ ਜਰੇ ਜਰ ਸੰਗਿ ਅਨੂਪ ਉਤੰਗ ਸੁਰੰਗ ਸਵਾਰੇ॥**
**ਕੋਟ ਤੁਰੰਗ ਕੁਰੰਗ ਸੇ ਕੂਦਤ ਪਉਨ ਕੇ ਗਉਨ ਕਉ ਜਾਤ ਨਿਵਾਰੇ॥**
**ਭਾਰੀ ਭੁਜਾਨ ਕੇ ਭੂਪ ਭਲੀ ਬਿਧਿ ਨਿਯਾਵਤ ਸੀਸ ਨ ਜਾਤ ਬਿਚਾਰੇ॥**
**ਏਤੇ ਭਏ ਤੋ ਕਹਾ ਭਏ ਭੂਪਤਿ ਅੰਤ ਕੋ ਨਾਂਗੇ ਹੀ ਪਾਇ ਪਧਾਰੇ॥ ੨॥ ੨੨॥**

ਪਦ ਅਰਥ - ਮਾਤੇ=ਮਸਤ। ਮਤੰਗ=ਹਾਥੀ। ਜਰੇ=ਜੜੇ ਹੋਏ। ਜ਼ਰ=ਸੋਨਾ। ਅਨੂਪ=ਬਹੁਤ

ਸੁੰਦਰ। ਉਤੰਗ=ਉੱਚੇ। ਸੁਰੰਗ=ਰੰਗ। ਕੋਟ=ਕਰੋੜਾਂ। ਤੁਰੰਗ=ਘੋੜੇ। ਕੁਰੰਗ=ਹਿਰਨ। ਪਉਨ=ਹਵਾ। ਗਉਨ=ਚਾਲ। ਪਦ ਅਰਥ - ਭਾਰੀ ਭੁਜਾਨ=ਬਲਵਾਨ ਬਾਂਹਾਂ। ਭੂਪ=ਰਾਜੇ। ਨ ਜਾਤ ਬਿਚਾਰੇ=ਗਿਣੇ ਨਹੀਂ ਜਾਂਦੇ।

ਜੇ ਸੋਨੇ ਦੇ ਸਾਜਾਂ ਨਾਲ ਸ਼ਿੰਗਾਰੇ ਹੋਏ ਬਹੁਤ ਸੁੰਦਰ ਤੇ ਉੱਚੇ ਉੱਚੇ ਕੱਦਾਂ ਵਾਲੇ, ਸੰਧੂਰ ਨਾਲ ਸਵਾਰੇ ਮਸਤ ਹਾਥੀ ਹੋਣ। ਜੇ ਕਰੋੜਾਂ ਘੋੜੇ ਹਿਰਨਾਂ ਵਾਂਗੂੰ ਕੁਦਣ ਵਾਲੇ ਤੇ ਏਨੇ ਤੇਜ਼ ਚਲਣ ਵਾਲੇ ਹੋਣ ਕਿ ਹਵਾ ਦੀ ਰਫਤਾਰ ਨੂੰ ਵੀ ਪਿਛੇ ਛੱਡ ਜਾਣ। ਜੇ ਵੱਡੀਆਂ ਵੱਡੀਆਂ ਬਲਵਾਨ ਬਾਂਹਾਂ ਵਾਲੇ ਰਾਜੇ, ਜਿੰਨ੍ਹਾਂ ਦੀ ਗਿਣਤੀ ਨਾ ਹੋ ਸਕਦੀ ਹੋਵੇ, ਆ ਆ ਕੇ ਸਤਕਾਰ ਨਾਲ ਨਮਸ਼ਕਾਰਾਂ ਕਰਦੇ ਹੋਣ। ਜੇ ਏਡੇ ਵਡੇ ਪ੍ਰਤਾਪ ਵਾਲੇ ਤੇ ਐਸ਼੍ਵਰਜ ਵਾਲੇ ਰਾਜੇ ਬਣ ਗਏ ਤਾਂ ਕੀ ਹੋਇਆ ? ਕਿਉਂਕਿ ਅੰਤ ਸਮੇਂ ਤਾਂ ਇਹ ਮਹਾਨ ਰਾਜੇ ਮਹਾਰਾਜੇ ਨੰਗੇ ਪੈਰੀਂ ਤੇ ਖਾਲੀ ਹਥੀਂ ਹੀ ਇਸ ਸੰਸਾਰ ਤੋਂ ਤੁਰ ਜਾਂਦੇ ਹਨ॥ ੨॥ ੨੨॥

**ਜੀਤ ਫਿਰੈ ਸਭ ਦੇਸ ਦਿਸਾਨ ਕੋ ਬਾਜਤ ਢੋਲ ਮ੍ਰਿਦੰਗ ਨਗਾਰੇ॥**
**ਗੁੰਜਤ ਗੂੜ੍ਹ ਗਜਾਨ ਕੇ ਸੁੰਦਰ ਹਿੰਸਤ ਹੀ ਹਯਰਾਜ ਹਜ਼ਾਰੇ॥**
**ਭੂਤ ਭਵਿੱਖ ਭਵਾਨ ਕੇ ਭੂਪਤ ਕਉਨੁ ਗਨੈ ਨਹੀ ਜਾਤਿ ਬਿਚਾਰੇ॥**
**ਸ੍ਰੀ ਪਤਿ ਸ੍ਰੀ ਭਗਵਾਨ ਭਜੇ ਬਿਨੁ ਅੰਤ ਕੋ ਅੰਤ ਕੇ ਧਾਮ ਸਿਧਾਰੇ॥ ੩॥ ੨੩॥**

ਪਦ ਅਰਥ - ਦੇਸ ਦਿਸਾਨ=ਹੋਰ ਦੇਸ਼ਾਂ ਨੂੰ। ਨਗਾਰੇ=ਧੌਂਸੇ। ਗੁੰਜਤ=ਝੂਲਦੇ। ਗੂੜ੍ਹ=ਝੁੰਡ। ਗਜਾਨ=ਹਾਥੀ। ਹੰਸਤ=ਹਿਣਕਦੇ। ਹਯਰਾਜ=ਦਰਿਆਈ ਘੋੜੇ। ਸ੍ਰੀ ਪਤਿ=ਮਾਇਆ ਦਾ ਸੁਆਮੀ ਭਾਵ ਪ੍ਰਭੂ । ਅੰਤ=ਕਾਲ।

ਜੇ ਕੋਈ ਰਾਜਾ ਦੇਸ ਦੇਸਾਂਤਰਾਂ ਨੂੰ ਜਿੱਤਦਾ ਫਿਰੇ ਤੇ ਉਸ ਦੇ ਮਹੱਲਾਂ ਅਗੇ ਖ਼ੁਸ਼ੀ ਦੇ ਢੋਲ, ਮ੍ਰਿੰਦੰਗ ਤੇ ਧੌਂਸੇ ਵੱਜਦੇ ਹੋਣ। ਉਸ ਦੇ ਮਹਿਲਾਂ ਅਗੇ ਜੇ ਬੜੇ ਬੜੇ ਸੁੰਦਰ ਹਾਥੀਆਂ ਦੇ ਝੁੰਡ ਝੂਲਦੇ ਹੋਣ ਤੇ ਹਜ਼ਾਰਾਂ ਦਰਿਆਈ ਨਸਲ ਦੇ ਘੋੜੇ ਹਿਣਕਦੇ ਹੋਣ। ਬੀਤ ਚੁਕੇ, ਵਰਤਮਾਨ ਤੇ ਆਉਣ ਵਾਲੇ ਸਮੇਂ ਵਿਚ ਇਹੋ ਜਿਹੇ ਪ੍ਰਤਾਪ ਵਾਲੇ ਅਨੇਕਾਂ ਰਾਜੇ ਹੋ ਗੁਜ਼ਰੇ ਹਨ ਜਿੰਨ੍ਹਾਂ ਦੀ ਗਿਣਤੀ ਕੌਣ ਕਰੇ ? ਉਹਨਾਂ ਦੀ ਗਿਣਤੀ ਕਿਸੇ ਤੋਂ ਵੀ ਨਹੀਂ ਹੋ ਸਕਦੀ। ਏਨਾ ਪਸਾਰਾ ਹੋਣ ਤੇ ਵੀ ਮਾਇਆ ਦੇ ਸੁਆਮੀ ਪ੍ਰਭੂ ਦੇ ਸਿਮਰਨ ਤੋਂ ਬਿਨਾਂ ਸਾਰੇ ਰਾਜੇ ਤੇ ਮਹਾਰਾਜੇ ਅੰਤ ਨੂੰ ਜਮ ਕਾਲ ਦੇ ਘਰ ਨੂੰ ਚਲੇ ਜਾਂਦੇ ਹਨ। ਉਹਨਾਂ ਦਾ ਰਾਜ ਭਾਗ ਤੇ ਸਾਜੋ ਸਮਾਨ ਇਸ ਸੰਸਾਰ ਵਿਚ ਧਰਿਆ ਧਰਾਇਆ ਰਹਿ ਜਾਂਦਾ ਹੈ॥ ੩॥ ੨੩॥

**ਤੀਰਥ ਨ੍ਹਾਨ ਦਇਆ ਦਮ ਦਾਨ ਸੁ ਸੰਜਮ ਨੇਮ ਅਨੇਕ ਬਿਸੇਖੈ॥**
**ਬੇਦ ਪੁਰਾਨ ਕਤੇਬ ਕੁਰਾਨ ਜ਼ਿਮੀਨ ਜ਼ਮਾਨ ਸਬਾਨ ਕੇ ਪੇਖੈ॥**

**ਪਉਨ ਅਹਾਰ ਜਤੀ ਜਤ ਧਾਰ ਸਬੈ ਸੁ ਬਿਚਾਰ ਹਜ਼ਾਰਕ ਦੇਖੈ॥**
**ਸ੍ਰੀ ਭਗਵਾਨ ਭਜੇ ਬਿਨੁ ਭੂਪਤਿ ਏਕ ਰਤੀ ਬਿਨੁ ਏਕ ਨ ਲੇਖੈ॥ ੪ ॥ ੨੪॥**

ਪਦ ਅਰਥ - ਤੀਰਥ ਨ੍ਹਾਨ=ਤੀਰਥਾਂ ਦਾ ਇਸ਼ਨਾਨ। ਦਮ=ਮਨ ਨੂੰ ਵਿਸ਼ੇ ਵਿਕਾਰਾਂ ਵਲੋਂ ਰੋਕਣਾ। ਸੰਜਮ=ਮਨ ਦੀ ਇਕਾਗਰਤਾ। ਨੇਮ=ਸਾਧਨ। ਬਿਸੇਖੈ=ਖਾਸ। ਬੇਦ=ਚਾਰ ਵੇਦ। ਪੁਰਾਨ=ਅਠਾਰਾਂ ਪੁਰਾਣ। ਕਤੇਬ ਕੁਰਾਨ=ਚੌਦਾਂ ਪੱਛਮੀ ਮਤਾਂ ਦੀਆਂ ਧਾਰਮਕ ਪੁਸਤਕਾਂ ਕੁਰਾਨ ਆਦਿਕ। ਜ਼ਿਮਾਨ=ਅਕਾਸ਼। ਪਉਨ ਅਹਾਰ=ਹਵਾ ਦੇ ਆਸਰੇ ਜੀਉਣ ਵਾਲਾ। ਜਤੀ=ਬ੍ਰਹਮਚਾਰੀ।

ਜੇ ਕੋਈ ਪੁਰਸ਼ ਤੀਰਥਾਂ ਦੇ ਇਸ਼ਨਾਨ, ਲੋੜਵੰਦਾਂ ਤੇ ਤਰਸ, ਮਨ ਨੂੰ ਵਿਕਾਰਾਂ ਵਲੋਂ ਰੋਕਣ ਦੇ ਸਾਧਨ, ਦਾਨ ਪੁੰਨ ਤੇ ਮਨ ਦੀ ਇਕਾਗਰਤਾ ਦੇ ਅਨੇਕਾਂ ਚੰਗੇ ਵਿਸ਼ੇਸ਼ ਕਰਮ ਤੇ ਨੇਮਾਂ ਦੇ ਕਰਨ ਵਾਲਾ ਹੋਵੇ। ਵੇਦਾਂ, ਪੁਰਾਣਾਂ, ਕਤੇਬਾਂ ਤੇ ਕੁਰਾਨ ਆਦਿ ਦਾ ਪਾਠੀ ਹੋਵੇ ਅਤੇ ਧਰਤੀ ਤੇ ਅਕਾਸ਼ ਦੇ ਸਾਰੇ ਕੌਤਕ ਵੇਖਦਾ ਹੋਵੇ। ਪਉਨ ਅਹਾਰੀ ਹੋਵੇ, ਜਤ ਦੇ ਧਾਰਨ ਵਾਲਾ ਬ੍ਰਹਮਚਾਰੀ ਹੋਵੇ ਤੇ ਸ਼ੁਭ ਵਿਚਾਰ ਵਾਲਾ ਹੋਵੇ। ਇਸਤਰ੍ਹਾਂ ਦੇ ਹਜ਼ਾਰਾਂ ਪੁਰਸ਼ ਚੰਗੀ ਤਰ੍ਹਾਂ ਵਿਚਾਰ ਕਰਕੇ ਵੇਖੇ ਹਨ। ਏਨਾ ਕੁਛ ਹੋਣ ਤੇ ਵੀ ਜੇ ਉਹ ਮਨੁੱਖ ਪ੍ਰਭੂ ਦਾ ਸਿਮਰਨ ਨਹੀਂ ਕਰਦਾ ਤੇ ਉਸ ਅਕਾਲ ਪੁਰਖ ਨਾਲ ਪ੍ਰੇਮ ਨਹੀਂ ਕਰਦਾ ਤਾਂ ਉਸ ਦੇ ਕੀਤੇ ਹੋਏ ਸਭ ਪੁੰਨ ਦਾਨ ਤੇ ਹੋਰ ਕਰਮ ਕਿਸੇ ਲੇਖੇ ਵਿਚ ਨਹੀਂ ਭਾਵ ਪ੍ਰਭੂ-ਪ੍ਰੇਮ ਤੋ ਬਿਨਾਂ ਸਭ ਕਰਮ ਧਰਮ ਬਿਅਰਥ ਹਨ ॥੪॥੨੪॥

**ਸ਼ੁੱਧ ਸਿਪਾਹ ਦੁਰੰਤ ਦੁਬਾਹ ਸੁਸਾਜਿ ਸਨਾਹ ਦੁਰਜਾਨ ਦਲੈਂਗੇ॥**
**ਭਾਰੀ ਗੁਮਾਨ ਭਰੇ ਮਨ ਮੈ ਕਰ ਪਰਬਤ ਪੰਖ ਹਲੇ ਨ ਹਲੈਂਗੇ॥**
**ਤੋਰਿ ਅਰੀਨ ਮਰੋਰ ਮਵਾਸਨ ਮਾਤੇ ਮਤੰਗਨ ਮਾਨ ਮਲੈਂਗੇ॥**
**ਸ੍ਰੀਪਤਿ ਸ੍ਰੀ ਭਗਵਾਨ ਕ੍ਰਿਪਾ ਬਿਨੁ ਤਿਆਗ ਜਹਾਨੁ ਨਿਦਾਨ ਚਲੈਂਗੇ॥ ੫ ॥ ੨੫॥**

ਪਦ ਅਰਥ - ਸ਼ੁਧ=ਨਿਪੁੰਨ, ਵਧੀਆ। ਸਿਪਾਹ=ਸੈਨਾ, ਫੋਜ। ਦੁਰੰਤ=ਅਜਿੱਤ। ਦੁਬਾਹ=ਜਿਨ੍ਹਾਂ ਦੀ ਝਾਲ ਝੱਲੀ ਨਾ ਜਾ ਸਕੇ। ਸਾਜਿ= ਪਹਿਨਕੇ। ਸਨਾਹ=ਸੰਜੋਅ। ਗੁਮਾਨ=ਮਾਣ। ਪੰਖ=ਖੰਭ। ਅਰੀਨ=ਦੁਸ਼ਮਨਾਂ ਨੂੰ। ਮਵਾਸਨ=ਆਕੀ। ਮਾਤੇ ਮਤੰਗਨ=ਮਸਤ ਹਾਥੀ। ਮਲੈਂਗੇ=ਤੋੜ ਦੇਣ। ਨਿਦਾਨ=ਅੰਤ ਨੂੰ ।

ਉਹ ਸੂਰਮੇ, ਜੋ ਫੌਜੀ ਕਰਤਬਾਂ ਵਿਚ ਪੂਰੇ ਨਿਪੰਨ ਹੋਣ, ਅਜਿੱਤ ਹੋਣ ਤੇ ਜਿੰਨਾਂ ਦੇ ਹੱਲੇ ਨੂੰ ਕੋਈ ਰੋਕ ਨਾ ਸਕੇ, ਜੋ ਪੂਰੀ ਤਰ੍ਹਾਂ ਸ਼ਸਤਰਾਂ ਨਾਲ ਸੱਜਕੇ, ਜ਼ਿਰਹ ਬਕਤਰ ਪਹਿਨ ਕੇ ਮੈਦਾਨ ਵਿਚ ਲੜ ਕੇ ਦੁਸ਼ਮਨਾਂ ਨੂੰ ਨਾਸ ਕਰ ਦੇਂਦੇ ਹਨ। ਜਿੰਨ੍ਹਾਂ ਦੇ ਮਨਾਂ ਵਿਚ ਇਹ ਮਾਣ ਹੈ ਕਿ ਭਾਵੇਂ ਪਰਬਤ ਵੀ ਖੰਭ ਲਾ ਕੇ ਆਪਣੇ ਟਿਕਾਣਿਆਂ ਤੋਂ ਉੱਡ ਜਾਣ, ਪਰ ਅਸੀਂ ਰਣਭੂਮੀ ਵਿਚੋਂ ਪਿਛਾਂਹ ਨਹੀਂ ਹਟਾਂਗੇ। ਜਿਹੜੇ ਸੂਰਮੇ ਆਪਣੇ ਵੈਰੀਆਂ ਨੂੰ ਪਛਾੜ ਕੇ, ਵਡੇ ਵਡੇ ਆਕੀਆਂ ਦੀਆਂ ਧੌਣਾਂ ਨੂੰ ਮਰੋੜ ਕੇ ਤੇ ਮਸਤ ਹਾਥੀਆਂ ਦੇ ਮਾਣ ਨੂੰ ਤੋੜ ਦੇਂਦੇ ਹਨ। ਇਹੋ ਜਿਹੇ ਮਹਾਨ ਯੋਧੇ ਪਰਮਾਤਮਾ

ਦੀ ਕਿਰਪਾ ਪ੍ਰਾਪਤ ਕੀਤੇ ਬਿਨਾਂ ਅੰਤ ਸਮੇਂ ਸਭ ਕੁਛ ਇਥੇ ਹੀ ਛੱਡਕੇ ਚਲੇ ਜਾਂਦੇ ਹਨ ਭਾਵ ਉਹਨਾਂ ਦੀ ਬਹਾਦਰੀ, ਰਾਜ ਭਾਗ ਤੇ ਹੋਰ ਸਾਜੋ ਸਮਾਨ ਉਨ੍ਹਾਂ ਦੇ ਨਾਲ ਨਹੀਂ ਜਾਂਦਾ॥ ੫॥ ੨੫॥

**ਬੀਰ ਅਪਾਰ ਬਡੇ ਬਰਿਆਰ ਅਬਿਚਾਰਹਿ ਸਾਰ ਕੀ ਧਾਰ ਭਛੱਯਾ॥**
**ਤੋਰਤ ਦੇਸ ਮਲਿੰਦ ਮਵਾਸਨ ਮਾਤੇ ਗਜਾਨ ਕੇ ਮਾਨ ਮਲੱਯਾ॥**
**ਗਾੜ੍ਹੇ ਗੜ੍ਹਾਨ ਕੇ ਤੋੜਨਹਾਰ ਸੁ ਬਾਤਨ ਹੀ ਚਕ ਚਾਰ ਲਵੱਯਾ॥**
**ਸਾਹਿਬੁ ਸ੍ਰੀ ਸਭ ਕੋ ਸਿਰ ਨਾਇਕ ਜਾਚਿਕ ਅਨੇਕ ਸੁ ਏਕ ਦਿਵੱਯਾ॥ ੬॥ ੨੬॥**

ਪਦ ਅਰਥ - ਬੀਰ=ਸੂਰਮੇ। ਅਪਾਰ=ਬੇਅੰਤ। ਬਰਿਅਰ=ਬਲਵਾਨ। ਅਬਿਚਾਰਹਿ=ਬੇਪ੍ਰਵਾਹ ਹੋ ਕੇ। ਸਾਰ=ਲੋਹਾ, ਸ਼ਸਤਰ। ਭਛੱਯਾ=ਸਹਿੰਦੇ ਹਨ। ਤੋਰਤ=ਜਿੱਤਣ ਵਾਲੇ। ਮਲਿੰਦ=ਮਲਣ ਵਾਲੇ। ਗਾੜ੍ਹ-ਮਜ਼ਬੂਤ। ਗੜ੍ਹਾਨ=ਕਿਲ੍ਹੇ। ਬਾਤਨ ਹੀ=ਗੱਲਾਂ ਬਾਤਾਂ ਨਾਲ ਹੀ। ਚੱਕ ਚਾਰ=ਸਾਰੀ ਧਰਤੀ। ਲਵੱਯਾ=ਕਬਜ਼ਾ ਕਰ ਲੈਣ ਵਾਲੇ। ਸਾਹਿਬ ਸ੍ਰੀ=ਲਛਮੀ ਦਾ ਪਤੀ, ਪ੍ਰਭੂ । ਨਾਇਕ=ਮਾਲਕ। ਜਾਚਕ=ਮੰਗਤੇ।

ਬੜੇ ਬਲਵਾਨ ਸੂਰਮੇ, ਜੋ ਨਿਝੱਕ ਹੋ ਕੇ ਬੜੀ ਬੇਪਰਵਾਹੀ ਨਾਲ ਮੈਦਾਨਿ ਜੰਗ ਵਿਚ ਸ਼ਸਤਰਾਂ ਦੀਆਂ ਚੋਟਾਂ ਸਹਿੰਦੇ ਹਨ। ਜੋ ਸੂਰਮੇ ਕਈ ਦੇਸਾਂ ਨੂੰ ਫ਼ਤਹਿ ਕਰਕੇ ਬੜੇ ਬੜੇ ਆਕੀਆਂ ਨੂੰ ਜਿੱਤ ਕੇ ਆਪਣੇ ਅਧੀਨ ਕਰ ਲੈਂਦੇ ਹਨ ਤੇ ਮਸਤ ਹਾਥੀਆਂ ਦੇ ਮਾਣ ਨੂੰ ਤੋੜਨ ਵਾਲੇ ਹਨ। ਜੋ ਬੜੇ ਬੜੇ ਮਜ਼ਬੂਤ ਕਿਲ੍ਹਿਆਂ ਨੂੰ ਸਰ ਕਰਨ ਵਾਲੇ ਹਨ ਤੇ ਗੱਲਾਂ ਬਾਤਾਂ ਨਾਲ ਧਰਤੀ ਦੇ ਰਾਜ ਨੂੰ ਜਿੱਤ ਲੈਂਦੇ ਹਨ ਭਾਵ ਸਾਰੀ ਧਰਤੀ ਨੂੰ ਆਪਣੇ ਅਧੀਨ ਕਰਨਾ ਜਿਨ੍ਹਾਂ ਲਈ ਕੋਈ ਔਖੀ ਗੱਲ ਨਹੀਂ। ਮਾਇਆ ਦਾ ਪਤੀ ਪ੍ਰਭੂ ਸਭ ਜੀਵਾਂ ਦੇ ਸਿਰ ਦਾ ਮਾਲਕ ਹੈ। ਇਹੋ ਜਿਹੇ ਅਨੇਕਾਂ ਸੂਰਮੇ ਉਸ ਪ੍ਰਭੂ ਦੇ ਦਰ ਦੇ ਮੰਗਤੇ ਹਨ ਤੇ ਉਹ ਇਕ ਪਰਮਾਤਮਾ ਸਭ ਨੂੰ ਦਾਤਾਂ ਦੇਣ ਵਾਲਾ ਹੈ॥ ੬॥ ੨੬॥

**ਦਾਨਵ ਦੇਵ ਫਨਿੰਦ ਨਿਸਾਚਰ ਭੂਤ ਭਵਿਖ ਭਵਾਨ ਜਪੈਂਗੇ॥**
**ਜੀਵ ਜਿਤੇ ਜਲ ਮੈ ਥਲ ਮੈ ਪਲ ਹੀ ਪਲ ਮੈ ਸਭ ਥਾਪ ਥਪੈਂਗੇ॥**
**ਪੁੰਨ ਪ੍ਰਤਾਪਨ ਬਾਢਤ ਜੈ ਧੁਨ ਪਾਪਨ ਕੇ ਬਹੁ ਪੁੰਜ ਖਪੈਂਗੇ॥**
**ਸਾਧ ਸਮੂਹ ਪ੍ਰਸੰਨ ਫਿਰੈ ਜਗ ਸ਼ੱਤ੍ਰ ਸਭੈ ਅਵਲੋਕ ਚਪੈਂਗੇ॥ ੭॥ ੨੭॥**

ਪਦ ਅਰਥ - ਦਾਨਵ=ਦੈਂਤ। ਦੇਵ=ਦੇਵਤੇ। ਫਨਿੰਦ=ਸ਼ੇਸ਼ਨਾਗ। ਨਿਸਾਚਰ=ਰਾਤ ਨੂੰ ਫਿਰਨ ਤੁਰਨ ਵਾਲੇ ਭੂਤ, ਪ੍ਰੇਤ ਆਦਿ। ਜਿਤੇ=ਜਿਤਨੇ। ਪਲ ਹੀ ਪਲ ਮੈਂ=ਬਹੁਤ ਛੇਤੀ, ਝਟ ਪਟ। ਥਪੈਂਗੇ=ਰਚ ਦੇਂਦਾ ਹੈ। ਪੁੰਨ=ਸ਼ੁਭ ਕਰਮ। ਪ੍ਰਤਾਪਨ=ਤੇਜ਼। ਬਾਢਤ=ਵਧਦਾ ਹੈ। ਜੈ ਧੁਨਿ= ਜੈ ਜੈ ਕਾਰ ਦੀ ਆਵਾਜ਼। ਪੁੰਜ=ਸਮੂਹ। ਸਾਧ=ਭਲੇ ਪੁਰਸ਼। ਸ਼ੱਤ੍ਰ=ਦੁਸ਼ਮਨ। ਅਵਲੋਕਿ=ਵੇਖਕੇ। ਚਪੈਂਗੇ=ਦਬ ਜਾਂਦੇ ਹਨ।

ਦੈਂਤ, ਦੇਵਤੇ, ਸ਼ੇਸ਼ਨਾਗ ਤੇ ਭੂਤ ਪ੍ਰੇਤ ਤਿੰਨਾਂ ਕਾਲਾਂ ਵਿਚ ਉਸ ਪ੍ਰਭੂ ਦਾ ਸਿਮਰਨ ਕਰਦੇ

ਹਨ। ਉਹ ਅਕਾਲ ਪੁਰਖ, ਜਲ ਵਿਚ ਤੇ ਥਲ ਵਿਚ ਜਿੰਨੇ ਵੀ ਜੀਵ ਹਨ, ਉਹਨਾਂ ਸਾਰਿਆ ਨੂੰ ਉਹ ਇਕ ਪਲ ਵਿਚ ਰਚ ਦੇਂਦਾ ਹੈ। ਪ੍ਰਭੂ ਦੇ ਸਿਮਰਨ ਕਰਕੇ ਸ਼ੁਭ ਕਰਮਾਂ ਦਾ ਤੇਜ਼ ਵੱਧਦਾ ਹੈ ਤੇ ਜੈਜੈਕਾਰ ਦੀ ਧੁਨ ਹੁੰਦੀ ਹੈ ਤੇ ਅਨੇਕਾਂ ਪਾਪ ਨਾਸ ਹੋ ਜਾਂਦੇ ਹਨ। ਪਰਮਾਤਮਾ ਦੀ ਬੰਦਗੀ ਕਰਨ ਵਾਲੇ ਭਲੇ ਪੁਰਸ਼ ਸੰਸਾਰ ਵਿਚ ਬੜੀ ਪ੍ਰਸੰਨਤਾਂ ਨਾਲ ਫਿਰਦੇ ਹਨ ਤੇ ਉਹਨਾਂ ਦਾ ਵਿਰੋਧ ਕਰਨ ਵਾਲੇ ਵੈਰੀ ਨਾਸ ਹੋ ਜਾਂਦੇ ਹਨ॥੭॥੨੭॥

**ਮਾਨਵ ਇੰਦ੍ਰ ਗਜਿੰਦ੍ਰ ਨਰਾਧਿਪ ਜੌਨ ਤ੍ਰਿਲੋਕ ਕੋ ਰਾਜ ਕਰੈਂਗੇ॥**
**ਕੋਟਿ ਸਨਾਨ ਗਜਾਦਿਕ ਦਾਨ ਅਨੇਕ ਸੁਅੰਬਰ ਸਾਜ ਬਰੈਂਗੇ॥**
**ਬ੍ਰਹਮ ਮਹੇਸ਼ ਬਿਸ਼ਨ ਸਚੀਪਤਿ ਅੰਤ ਫਸੇ ਜਮ ਫਾਸ ਪਰੈਂਗੇ॥**
**ਜੇ ਨਰ ਸ੍ਰੀ ਪਤਿ ਕੇ ਪ੍ਰਸ ਹੈਂ ਪਗ ਤੇ ਨਰ੍ਹ ਫੇਰ ਨ ਦੇਹ ਧਰੈਂਗੇ॥੮॥੨੮॥**

ਪਦ ਅਰਥ - ਮਾਨਵ ਇੰਦ੍ਰ= ਮਨੁੱਖਾਂ ਦਾ ਰਾਜਾ। ਗਜਿੰਦ੍ਰ=ਇੰਦਰ ਰਾਜਾ। ਨਰਾਧਿਪ=ਕੁਬੇਰ। ਕੋਟਿ ਸਨਾਨ=ਕਰੋੜਾਂ ਤੀਰਥਾਂ ਦਾ ਇਸ਼ਨਾਨ। ਗਜਾਦਿਕਦਾਨ=ਹਾਥੀ ਆਦਿਕਾਂ ਦਾ ਦਾਨ। ਸੁਅੰਬਰ=ਆਪਣਾ ਵਰ ਆਪ ਚੁਣਨ ਦੀ ਰਸਮ। ਸਾਜਿ=ਸਾਜ ਕੇ। ਬਰੈਂਗੇ=ਵਰਦੇ ਹਨ।

ਰਾਜੇ, ਇੰਦ੍ਰ, ਕੁਬੇਰ ਤੇ ਹੋਰ ਤਿੰਨਾਂ ਲੋਕਾਂ ਵਿਚ ਜਿਹੜੇ ਰਾਜ ਕਰਦੇ ਹਨ। ਜਿਹੜੇ ਪੁਰਸ਼ ਕਰੋੜਾਂ ਤੀਰਥਾਂ ਤੇ ਜਾ ਕੇ ਇਸ਼ਨਾਨ ਕਰਦੇ ਹਨ ਤੇ ਹਾਥੀ, ਘੋੜੇ ਤੇ ਗਊਆਂ ਆਦਿ ਬ੍ਰਾਹਮਣਾਂ ਨੂੰ ਦਾਨ ਕਰਦੇ ਹਨ ਤੇ ਅਨੇਕਾਂ ਸੁਅੰਬਰ ਰਚਕੇ ਸੁੰਦਰ ਇਸਤ੍ਰੀਆਂ ਨੂੰ ਵਰਦੇ ਹਨ। ਬ੍ਰਹਮਾ, ਸ਼ਿਵ ਜੀ, ਵਿਸ਼ਨੂੰ ਤੇ ਇੰਦਰ ਆਦਿ ਵਡੇ ਵਡੇ ਦੇਵਤੇ ਵੀ ਅੰਤ ਸਮੇਂ ਜਮ ਦੀ ਫਾਹੀ ਵਿਚ ਫਸਦੇ ਹਨ। ਜਿਹੜੇ ਪੁਰਸ਼ ਪ੍ਰਭੂ ਦੇ ਚਰਨਾਂ ਨੂੰ ਪਰਸਦੇ ਹਨ, ਉਹ ਫਿਰ ਮੁੜਕੇ ਦੇਹ ਨਹੀਂ ਧਾਰਨਗੇ ਭਾਵ ਉਹ ਜਨਮ ਮਰਨ ਤੋਂ ਰਹਿਤ ਹੋ ਕੇ ਮੁਕਤ ਹੋ ਜਾਣਗੇ॥੮॥੨੮॥

**ਕਹਾ ਭਯੋ ਜੋ ਦੋਊ ਲੋਚਨ ਮੂੰਦਕੈ ਬੈਠਿ ਰਹਿਓ ਬਕ ਧਿਆਨ ਲਗਾਇਓ॥**
**ਨ੍ਹਾਤ ਫਿਰਿਓ ਲੀਏ ਸਾਤ ਸਮੁੰਦ੍ਰਨ ਲੋਕ ਗਇਓ ਪਰਲੋਕ ਗਵਾਇਓ॥**
**ਬਾਸੁ ਕੀਓ ਬਿਖਿਆਨ ਸੋ ਬੈਠ ਕੈ ਐਸੇ ਹੀ ਐਸ ਸੁ ਬੈਸ ਬਿਤਾਇਓ॥**
**ਸਾਚੁ ਕਹੌ ਸੁਨ ਲੇਹੁ ਸਭੈ ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭੁ ਪਾਇਓ॥੯॥੨੯॥**

ਜੇ ਕੋਈ ਪੁਰਸ਼ ਅੱਖਾਂ ਮੀਟਕੇ ਬਗਲੇ ਵਾਂਗੂੰ ਸਮਾਧੀ ਲਾ ਕੇ ਬੈਠਾ ਰਹੇ ਤਾਂ ਫਿਰ ਕੀ ਹੋਇਆ? ਜੇ ਕੋਈ ਮਨੁੱਖ ਸੱਤਾਂ ਸਮੁੰਦ੍ਰਾਂ ਭਾਵ ਸਾਰੇ ਤੀਰਥਾਂ ਤੇ ਇਸ਼ਨਾਨ ਕਰਦਾ ਫਿਰੇ ਤਾਂ ਇਸ ਦਾ ਕੋਈ ਲਾਭ ਨਹੀਂ, ਉਸ ਨੇ ਆਪਣਾ ਇਹ ਲੋਕ ਵੀ ਵਿਅਰਥ ਗੁਆ ਲਿਆ ਤੇ ਪਰਲੋਕ ਵੀ ਗੁਆ ਲਿਆ ਭਾਵ ਪ੍ਰਭੂ ਦੇ ਸਿਮਰਨ ਤੋਂ ਬਿਨਾਂ ਤੀਰਥਾਂ ਦੇ ਇਸ਼ਨਾਨ ਨਾਲ ਮੁਕਤੀ ਨਹੀਂ ਮਿਲਦੀ। ਜਿਸ ਪੁਰਸ਼ ਨੇ ਪ੍ਰਭੂ-ਭਗਤੀ ਤਿਆਗਕੇ ਵਿਸ਼ਿਆਂ ਵਿਕਾਰਾਂ ਵਿਚ ਖਜਤ ਹੋ ਕੇ ਆਪਣਾ ਸਮਾਂ ਬਿਤਾਇਆ ਹੈ

ਉਸ ਨੇ ਆਪਣੀ ਉਮਰ ਵਿਅਰਥ ਗੁਆ ਲਈ ਹੈ। ਹੇ ਪਿਆਰਿਓ ! ਮੈਂ ਸੱਚ ਕਹਿੰਦਾ ਹਾਂ, ਬੜੇ ਧਿਆਨ ਨਾਲ ਸੁਣ ਲਵੋ ਕਿ ਫੋਕਟ ਕਰਮ ਕਰਨ ਨਾਲ ਜਾਂ ਸੰਸਾਰਕ ਰਸਾਂ ਵਿਚ ਮਸਤ ਰਹਿਣ ਨਾਲ ਪ੍ਰਭੂ ਦੀ ਪ੍ਰਾਪਤੀ ਨਹੀਂ ਹੁੰਦੀ। ਪ੍ਰਭੂ ਦੀ ਪ੍ਰਾਪਤੀ ਉਸ ਨੂੰ ਹੁੰਦੀ ਹੈ, ਜਿਹੜਾ ਅਕਾਲ ਪੁਰਖ ਅਤੇ ਉਸਦੇ ਸਾਜੇ ਜੀਵਾਂ ਨਾਲ ਪ੍ਰੇਮ ਕਰਦਾ ਹੈ॥੯॥੨੯॥

**ਕਾਹੂ ਲੈ ਪਾਹਨ ਪੂਜ ਧਰੋ ਸਿਰ ਕਾਹੂ ਲੈ ਲਿੰਗੁ ਗਰੇ ਲਟਕਾਇਓ ॥**
**ਕਾਹੂ ਲਖਿਓ ਹਰਿ ਅਵਾਚੀ ਦਿਸ਼ਾ ਮਹਿ ਕਾਹੂ ਪਛਾਹ ਕੋ ਸੀਸ ਨਿਵਾਇਓ ॥**
**ਕੋਊ ਬੁਤਾਨ ਕੌ ਪੂਜਤ ਹੈ ਪਸੁ ਕੋਊ ਮ੍ਰਿਤਾਨ ਕੋ ਪੂਜਨ ਧਾਇਓ ॥**
**ਕੂਰ ਕ੍ਰਿਆ ਉਰਝਿਓ ਸਭ ਹੀ ਜਗ ਸ੍ਰੀ ਭਗਵਾਨ ਕੋ ਭੇਦੁ ਨ ਪਾਇਓ ॥ ੧੦ ॥ ੩੦ ॥**

ਪਦ ਅਰਥ - ਪਾਹਨ= ਪੱਥਰ ਦਾ ਸਾਲਗ੍ਰਾਮ। ਲਿੰਗ= ਸ਼ਿਵਲਿੰਗ। ਅਵਾਚੀ ਦਿਸ਼ਾ= ਦੱਖਣ ਦਿਸ਼ਾ। ਪ ਛਾਹ=ਪੱਛਮ। ਬੁਤਾਨ=ਬੁਤ, ਪੱਥਰ ਜਾਂ ਮਿੱਟੀ ਦੀਆਂ ਬਣੀਆਂ ਮੂਰਤਾ। ਪਸੁ=ਪਸ਼ੂ ਭਾਵ ਮੂਰਖ । ਮ੍ਰਿਤਾਨ=ਮੁਰਦਿਆਂ ਨੂੰ ਭਾਵ ਮੜ੍ਹੀਆਂ ਤੇ ਕਬਰਾਂ । ਕੂਰ=ਝੂਠੀ। ਕ੍ਰਿਆ=ਰਸਮ ਉਰਝਿਓ=ਲੱਗਾ ਹੋਇਆ ਹੈ।

ਕਿਸੇ ਮਨੁੱਖ ਨੇ ਪੱਥਰ ਦਾ ਬਣਿਆ ਸਾਲਗ੍ਰਾਮ ਲੈ ਕੇ, ਉਸਦੀ ਪੂਜਾ ਕਰਕੇ ਉਸਨੂੰ ਸਿਰ ਤੇ ਧਾਰਨ ਕੀਤਾ ਹੈ ਭਾਵ ਉਸ ਪੱਥਰ ਨੂੰ ਹੀ ਆਪਣਾ ਇਸ਼ਟ ਬਣਾਇਆ ਹੋਇਆਂ ਹੈ ਤੇ ਕਿਸੇ ਨੇ ਸ਼ਿਵਲਿੰਗ ਲੈ ਕੇ ਆਪਣੇ ਗਲ ਵਿਚ ਲਟਕਾਇਆ ਹੋਇਆ ਹੈ ਤੇ ਉਸੇ ਦੀ ਪੂਜਾ ਕਰ ਰਿਹਾ ਹੈ। ਕਿਸੇ ਹਿੰਦੂ ਪੁਰਸ਼ ਨੇ ਪਰਮਾਤਮਾ ਨੂੰ ਦੱਖਣ ਦਿਸ਼ਾ ਵਲ ਹੀ ਵਸਦਾ ਜਾਣਿਆ ਹੈ ਤੇ ਕਿਸੇ ਮੁਸਲਮਾਨ ਨੇ ਖੁਦਾ ਦਾ ਨਿਵਾਸ ਪੱਛਮ ਦਿਸ਼ਾ ਵਲ ਬਣੇ ਕਾਅਬੇ ਵਿਚ ਮੰਨਿਆ ਹੈ ਤੇ ਉਹ ਪਛਮੀ ਦਿਸ਼ਾਂ ਵਲ ਹੀ ਸਿਜਦਾ ਕਰਦਾ ਹੈ। ਕੋਈ ਮੂਰਖ ਆਦਮੀ ਪੱਥਰ ਜਾਂ ਮਿੱਟੀ ਦੀਆਂ ਬਣੀਆਂ ਦੇਵਤਿਆਂ ਦੀਆਂ ਮੂਰਤਿਆਂ ਨੂੰ ਪੂਜਦਾ ਹੈ ਤੇ ਕੋਈ ਮਰ ਚੁਕੇ ਪੀਰਾਂ ਫ਼ਕੀਰਾ ਦੀਆਂ ਕਬਰਾਂ ਤੇ ਮੜ੍ਹੀਆਂ ਨੂੰ ਪੂਜਣ ਲਈ ਭੱਜਾ ਫਿਰਦਾ ਹੈ। ਇਸ ਤਰ੍ਹਾਂ ਸਾਰੇ ਸੰਸਾਰ ਦੇ ਜੀਵ ਝੂਠੀਆਂ ਰਸਮਾਂ ਤੇ ਕਰਮ ਕਾਂਡਾਂ ਵਿਚ ਰੁੱਝੇ ਹੋਏ ਹਨ ਤੇ ਇਸ ਜਗਤ ਦੇ ਰਚਨਹਾਰ ਪ੍ਰਭੂ ਦੇ ਭੇਦ ਨੂੰ ਕਿਸੇ ਨੇ ਵੀ ਨਹੀਂ ਜਾਣਿਆਂ।

ਭਾਵਾਰਥ-ਪ੍ਰਭੂ ਦੀ ਭਗਤੀ ਤੇ ਸ਼ੁਭ ਕਰਮਾਂ ਨੂੰ ਤਿਆਗ ਕੇ ਸੰਸਾਰ ਦੇ ਸਾਰੇ ਲੋਕ ਫੋਕਟ ਕਰਮਾਂ ਵਿਚ ਲਗੇ ਹੋਏ ਹਨ ਤੇ ਅਸਲ ਤੱਤ ਵਸਤੂ ਗਿਆਨ ਦੀ ਸੋਝੀ ਕਿਸੇ ਨੂੰ ਨਹੀਂ ਹੋਈ। ਸਾਰਾ ਜਗਤ ਅਗਿਆਨ ਦੀ ਨੀਂਦ ਵਿਚ ਸੁੱਤਾ ਹੋਇਆ ਹੈ। ਕੋਈ ਵਿਰਲਾ ਹੀ ਜਾਗਦਾ ਹੈ। ਜਿਸ ਭਾਗਾਂ ਵਾਲੇ ਪੁਰਸ਼ ਨੂੰ ਅਸਲ ਵਸਤੂ ਦਾ ਗਿਆਨ ਹੋ ਜਾਂਦਾ ਹੈ, ਉਹ ਫਿਰ ਵਾਧੂ ਕਰਮਾਂ ਵਿਚ ਸਮਾਂ ਨਸ਼ਟ ਨਹੀਂ ਕਰਦਾ। ਉਹ ਪ੍ਰਭੂ ਤੇ ਪ੍ਰਭੂ ਦੀ ਰਚੀ ਹੋਈ ਸ੍ਰਿਸ਼ਟੀ ਦੇ ਹਰ ਇਕ ਜੀਵ ਨਾਲ ਪਿਆਰ ਕਰਕੇ ਅਕਾਲ ਪੁਰਖ ਦੀ ਸੱਚੀ ਦਰਗਾਹ ਵਿਚ ਉੱਜਲ ਮੁਖ ਹੋ ਕੇ ਜਾਂਦਾਂ ਹੈਂ ਤੇ ਜਨਮ ਮਰਨ ਦੇ ਗੇੜ ਵਿਚੋਂ ਨਿਕਲ ਕੇ ਮੁਕਤ ਹੋ ਜਾਂਦਾ ਹੈ॥੧੦॥੩੦॥

## ਤ੍ਵਪ੍ਰਸਾਦਿ ॥ ਤੋਮਰ ਛੰਦ ॥

**ਹਰਿ ਜਨਮ ਮਰਨ ਬਿਹੀਨ ॥ ਦਸ ਚਾਰ ਚਾਰ ਪ੍ਰਬੀਨ ॥**
**ਅਕਲੰਕ ਰੂਪ ਅਪਾਰ ॥ ਅਨਛਿੱਜ ਤੇਜ ਉਦਾਰ ॥ ੧ ॥ ੩੧ ॥**

ਪਦ ਅਰਥ - ਬਿਹੀਨ=ਰਹਿਤ। ਦਸ ਚਾਰ ਚਾਰ=ਅਠਾਰਾਂ ਵਿਦਿਆ। ਪ੍ਰਬੀਨ=ਚਤੁਰ। ਉਦਾਰ=ਸਖੀ।

ਪ੍ਰਭੂ ਜਨਮ ਮਰਨ ਤੋਂ ਰਹਿਤ ਹੈ, ਉਹ ਅਠਾਰਾਂ ਪ੍ਰਕਾਰ ਦੀ ਵਿਦਿਆ ਵਿਚ ਨਿਪੁੰਨ ਹੈ, ਉਸ ਦਾ ਰੂਪ ਕਲੰਕ ਰਹਿਤ ਤੇ ਅਪਾਰ ਹੈ, ਉਹ ਨਾ ਨਾਸ ਹੋਣ ਵਾਲੇ ਤੇਜ ਪ੍ਰਕਾਸ਼ ਵਾਲਾ ਦਿਆਲੂ ਹੈ॥ ੧ ॥ ੩੧ ॥

**ਅਨਭਿੱਜ ਰੂਪ ਦੁਰੰਤ ॥ ਸਭ ਜਗਤ ਭਗਤ ਮਹੰਤ ॥**
**ਜਸ ਤਿਲਕ ਭੂ ਭ੍ਰਿਤ ਭਾਨ ॥ ਦਸ ਚਾਰ ਚਾਰ ਨਿਧਾਨ ॥ ੨ ॥ ੩੨ ॥**

ਪਦ ਅਰਥ - ਦਰੁੰਤ=ਔਖਾ ਹੈ। ਮਹੰਤ=ਬਜ਼ੁਰਗ। ਭੂ ਭ੍ਰਿਤ=ਧਰਤੀ ਦਾ ਆਸਰਾ। ਭਾਨ=ਪ੍ਰਕਾਸ਼। ਦਸ ਚਾਰ ਚਾਰ=ਅਠਾਰਾਂ ਸਿੱਧੀਆਂ।

ਉਸ ਪ੍ਰਭੂ ਦਾ ਅੰਤ ਪਾਉਣਾ ਬੜਾ ਔਖਾ ਹੈ। ਉਹ ਕਿਸੇ ਨਾਲ ਭਿਜਦਾ ਨਹੀਂ। ਉਹ ਸਾਰੇ ਜਗਤ ਦੇ ਭਗਤਾਂ ਦਾ ਸ਼ਰੋਮਣੀ ਬਜ਼ੁਰਗ ਹੈ। ਉਹ ਜਸ ਦਾ ਤਿਲਕ ਹੈ, ਧਰਤੀ ਦਾ ਆਸਰਾ ਹੈ ਤੇ ਪ੍ਰਕਾਸ਼ ਸਰੂਪ ਹੈ। ਉਹ ਅਠਾਰਾਂ ਸਿੱਧੀਆਂ ਦਾ ਖਜ਼ਾਨਾ ਹੈ॥ ੨ ॥ ੩੨ ॥

**ਅਕਲੰਕ ਰੂਪ ਅਪਾਰ ॥ ਸਭ ਲੋਕ ਸ਼ੋਕ ਬਿਦਾਰ ॥**
**ਕਲ ਕਾਲ ਕਰਮ ਬਿਹੀਨ ॥ ਸਭ ਕਰਮ ਧਰਮ ਪ੍ਰਬੀਨ ॥ ੩ ॥ ੩੩ ॥**

ਪਦ ਅਰਥ - ਬਿਦਾਰ=ਨਾਸ ਕਰਨ ਵਾਲਾ।

ਉਹ ਪਰਮਾਤਮਾ ਕਲੰਕ ਤੋਂ ਰਹਿਤ ਰੂਪ ਵਾਲਾ ਤੇ ਅਪਾਰ ਬੇਅੰਤ ਹੈ। ਸਾਰੇ ਜਗਤ ਦੇ ਜੀਵਾਂ ਦੇ ਸ਼ੋਕ ,ਨੂੰ ਨਵਿਰਤ ਕਰਨ ਵਾਲਾ ਹੈ। ਕਲਪਣਾ ਤੇ ਕਾਲ ਦੇ ਕਰਮਾਂ ਤੋਂ ਰਹਿਤ ਹੈ ਤੇ ਧਰਮ ਦੇ ਹਰ ਤਰ੍ਹਾਂ ਦੇ ਕਰਮਾਂ ਵਿਚ ਨਿਪੁੰਨ ਹੈ॥ ੩ ॥ ੩੩ ॥

**ਅਨਖੰਡ ਅਤੁਲ ਪ੍ਰਤਾਪ ॥ ਸਭ ਥਾਪਿਓ ਜਿਹ ਥਾਪ ॥**
**ਅਨਖੇਦ ਭੇਦ ਅਛੇਦ ॥ ਮੁਖ ਚਾਰ ਗਾਵਤ ਬੇਦ ॥ ੪ ॥ ੩੪ ॥**

ਪਦ ਅਰਥ - ਅਤੁਲ=ਤੋਲ ਰਹਿਤ। ਥਾਪ=ਰਚਨਾ। ਮੁਖ ਚਾਰ=ਬ੍ਰਹਮਾ।

ਉਹ ਅਕਾਲ ਪੁਰਖ ਅਖੰਡ ਹੈ, ਉਸਨੂੰ ਕੋਈ ਖੰਡ ਟੁਕੜੇ ਨਹੀਂ ਕਰ ਸਕਦਾ। ਉਸਦਾ ਤੇਜ

ਪ੍ਰਤਾਪ ਤੋਲ ਰਹਿਤ ਹੈ। ਉਸ ਨੂੰ ਕੋਈ ਖੇਦ ਨਹੀਂ, ਉਹ ਭੇਦ ਰਹਿਤ ਹੈ ਤੇ ਉਸ ਨੂੰ ਕੋਈ ਛੇਦ ਨਹੀਂ ਸਕਦਾ। ਉਸ ਦੇ ਜਸ ਨੂੰ ਬ੍ਰਹਮਾ ਚਾਰ ਵੇਦਾਂ ਦੀ ਰਚਨਾ ਦਵਾਰਾ ਗਾ ਰਿਹਾ ਹੈ॥ ੪ ॥ ੩੪ ॥

**ਜਿਹ ਨੇਤ ਨਿਗਮ ਕਹੰਤ॥ ਮੁਖਚਾਰ ਬਕਤ ਬਿਅੰਤ॥**
**ਅਨਭਿੱਜ ਅਤੁਲ ਪ੍ਰਤਾਪ॥ ਅਨਖੰਡ ਅਮਿਤ ਅਥਾਪ॥ ੫ ॥ ੩੫ ॥**

ਪਦ ਅਰਥ - ਨਿਗਮ=ਵੇਦ। ਨੇਤ=ਬੇਅੰਤ। ਬਕਤ=ਕਹਿੰਦਾ ਹੈ।

ਜਿਸ ਨੂੰ ਵੇਦ ਬੇਅੰਤ ਬੇਅੰਤ ਕਹਿੰਦੇ ਹਨ, ਜਿਸ ਨੂੰ ਬ੍ਰਹਮਾ ਵੀ ਬੇਅੰਤ ਬੇਅੰਤ ਕਹਿ ਰਿਹਾ ਹੈ, ਉਹ ਅਨਭਿੱਜ ਹੈ ਤੇ ਉਸ ਦੇ ਪ੍ਰਤਾਪ ਨੂੰ ਕੋਈ ਤੋਲ ਨਹੀਂ ਸਕਦਾ। ਉਹ ਨਾ ਖੰਡੇ ਜਾਣ ਵਾਲਾ ਹੈ, ਉਸ ਦੀ ਗਤ ਮਿਤ ਕੋਈ ਨਹੀਂ ਜਾਣ ਸਕਦਾ ਤੇ ਨਾ ਹੀ ਉਸ ਨੂੰ ਥਾਪ ਸਕਦਾ ਹੈ॥ ੫ ॥ ੩੫ ॥

**ਜਿਹ ਕੀਨ ਜਗਤ ਪਸਾਰ॥ ਰਚਿਓ ਬਿਚਾਰ ਬਿਚਾਰ॥**
**ਅਨੰਤ ਰੂਪ ਅਖੰਡ॥ ਅਤੁਲ ਪ੍ਰਤਾਪ ਪ੍ਰਚੰਡ॥ ੬ ॥ ੩੬ ॥**

ਜਿਸ ਨੇ ਇਸ ਸ੍ਰਿਸ਼ਟੀ ਦਾ ਪਸਾਰ ਪਸਾਰਿਆ ਹੈ ਤੇ ਹਰ ਇਕ ਦੀ ਰਚਨਾ ਬੜੀ ਸੋਚ ਵਿਚਾਰ ਨਾਲ ਕੀਤੀ ਹੈ, ਉਸ ਦਾ ਅੰਤ ਕੋਈ ਨਹੀਂ ਪਾ ਸਕਦਾ, ਉਹ ਨਾ ਖੰਡੇ ਜਾਣ ਵਾਲੇ ਰੂਪ ਵਾਲਾ ਹੈ। ਉਸਦਾ ਪ੍ਰਤਾਪ ਬੜਾ ਪ੍ਰਚੰਡ ਤੇ ਤੋਲ ਰਹਿਤ ਹੈ॥ ੬ ॥ ੩੬ ॥

**ਜਿਹ ਅੰਡ ਤੇ ਬ੍ਰਹਮੰਡ॥ ਕੀਨੇ ਸੁ ਚੌਦਹ ਖੰਡ॥**
**ਸਭ ਕੀਨ ਜਗਤ ਪਸਾਰ॥ ਅਬਿਯਕਤ ਰੂਪ ਉਦਾਰ॥ ੭ ॥ ੩੭ ॥**

ਉਸ ਪਰਮਾਤਮਾ ਨੇ ਇਕ ਆਂਡੇ ਤੋਂ ਬ੍ਰਹਿਮੰਡ ਦੀ ਰਚਨਾ ਕੀਤੀ ਹੈ ਤੇ ਇਸ ਬ੍ਰਹਿਮੰਡ ਵਿਚ ਚੌਦਾਂ ਖੰਡ ਭਾਵ ਹਿੱਸੇ ਬਣਾਏ ਹਨ। ਉਸ ਨੇ ਸਾਰੀ ਸ੍ਰਿਸ਼ਟੀ ਦਾ ਪਸਾਰਾ ਪਸਾਰਿਆ ਹੈ ਤੇ ਉਹ ਦੇਹ ਤੋਂ ਰਹਿਤ ਤੇ ਦਿਆਲੂ ਹੈ॥ ੭ ॥ ੩੭ ॥

**ਜਿਹ ਕੋਟਿ ਇੰਦ੍ਰ ਨ੍ਰਿਪਾਰ॥ ਕਈ ਬ੍ਰਹਮ ਬਿਸ਼ਨ ਬਿਚਾਰ॥**
**ਕਈ ਰਾਮ ਕ੍ਰਿਸ਼ਨ ਰਸੂਲ॥ ਬਿਨੁ ਭਗਤ ਕੋ ਨ ਕਬੂਲ॥ ੮ ॥ ੩੮ ॥**

ਉਸ ਨੇ ਕ੍ਰੋੜਾਂ ਇੰਦਰ ਰਾਜੇ ਬਣਾਏ ਹਨ ਤੇ ਕਈ ਬ੍ਰਹਮਾਂ ਤੇ ਵਿਸ਼ਨੂੰ ਰਚੇ ਹਨ। ਕਈ ਰਾਮ ਕ੍ਰਿਸ਼ਨ ਤੇ ਰਸੂਲ ਮਹੁੰਮਦ ਸਾਜੇ ਹਨ। ਪਰ ਭਗਤੀ ਤੋਂ ਬਿਨਾਂ ਉਸ ਪ੍ਰਭੂ ਦੀ ਦਰਗਾਹ ਵਿਚ ਕੋਈ ਵੀ ਪ੍ਰਵਾਨ ਨਹੀਂ ਹੁੰਦਾ॥ ੮ ॥ ੩੮ ॥

**ਕਈ ਸਿੰਧ ਬਿੰਧ ਨਗਿੰਦ੍ਰ॥ ਕਈ ਮੱਛ ਕੱਛ ਫਨਿੰਦ੍ਰ॥**
**ਕਈ ਦੇਵ ਆਦਿ ਕੁਮਾਰ॥ ਕਈ ਕ੍ਰਿਸ਼ਨ ਬਿਸ਼ਨ ਅਵਤਾਰ॥ ੯ ॥ ੩੯ ॥**

ਪਦ ਅਰਥ - ਸਿੰਧ=ਸਮੁੰਦਰ। ਬਿੰਧ=ਪਹਾੜ। ਨਗਿੰਦ੍ਰ=ਸੁਮੇਰ ਪਰਬਤ। ਆਦਿ ਕੁਮਾਰ=ਬ੍ਰਹਮਾ ਦੇ ਪੁੱਤਰ।

ਉਸ ਪ੍ਰਭੂ ਨੇ ਕਈ ਸਮੁੰਦਰ ਪਹਾੜ ਤੇ ਸੁਮੇਰ ਪਰਬਤ ਰਚੇ ਹਨ। ਕਈ ਮੱਛ ਕੱਛ ਤੇ ਸ਼ੇਸ਼ਨਾਗ ਆਦਿ ਦੀ ਰਚਨਾ ਕੀਤੀ ਹੈ। ਕਈ ਦੇਵੀਆਂ, ਦੇਵਤੇ ਤੇ ਬ੍ਰਹਮਾ ਦੇ ਪੁੱਤਰ ਸਨਕ, ਸਨਕਾਦਿਕ ਬਣਾਏ ਹਨ ਤੇ ਕਿੰਨੇ ਹੀ ਵਿਸ਼ਨੂੰ ਦੇ ਅਵਤਾਰ ਕ੍ਰਿਸ਼ਨ ਆਦਿਕ ਸਾਜੇ ਹਨ॥ ੯॥ ੩੯॥

**ਕਈ ਇੰਦ੍ਰ ਬਾਰ ਬੁਹਾਰ॥ ਕਈ ਬੇਦ ਅਉ ਮੁਖ ਚਾਰ॥**
**ਕਈ ਰੁੱਦ੍ਰ ਛੁੱਦ੍ਰ ਸਰੂਪ॥ ਕਈ ਰਾਮ ਕ੍ਰਿਸ਼ਨ ਅਨੂਪ॥ ੧੦॥ ੪੦॥**

ਕਈ ਇੰਦਰ ਆਦਿ ਦੇਵਤੇ ਉਸ ਦੇ ਦਰ ਤੇ ਝਾੜੂ ਦੀ ਸੇਵਾ ਕਰਦੇ ਹਨ.।ਉਸ ਦੇ ਰਚੇ ਹੋਏ ਕਈ ਵੇਦ ਤੇ ਬ੍ਰਹਮਾ ਹਨ। ਕਈ ਤੁਛ ਹਸਤੀ ਵਾਲੇ ਸ਼ਿਵ ਜੀ ਹਨ ਤੇ ਕਿੰਨੇ ਹੀ ਬੜੇ ਸੁੰਦਰ ਸਰੂਪ ਵਾਲੇ ਰਾਮ ਤੇ ਕ੍ਰਿਸ਼ਨ ਆਦਿ ਹਨ॥ ੧੦॥ ੪੦॥

**ਕਈ ਕੋਕ ਕਾਬ ਭਣੰਤ॥ ਕਈ ਬੇਦ ਭੇਦ ਕਹੰਤ॥**
**ਕਈ ਸ਼ਾਸਤ੍ਰ ਸਿੰਮ੍ਰਿਤਿ ਬਖਾਨ॥ ਕਹੂੰ ਕਥਤ ਹੀ ਸੁ ਪੁਰਾਨ॥ ੧੧॥ ੪੧॥**

ਉਸ ਪ੍ਰਭੂ ਦੇ ਰਚੇ ਹੋਏ ਕਈ ਪੁਰਸ਼ ਕੋਕ ਦੀ ਰਚਨਾ ਕੋਕ ਸ਼ਾਸਤਰ ਤੇ ਕਈ ਕਾਵਿ ਪੜ੍ਹਦੇ ਹਨ। ਕਈ ਬੇਦਾਂ ਦੇ ਭੇਦਾਂ ਨੂੰ ਕਥਤ ਕਰਦੇ ਹਨ। ਕਈ ਸ਼ਾਸਤਰਾਂ ਤੇ ਸਿੰਮ੍ਰਤੀਆਂ ਦਾ ਵਿਖਿਆਨ ਕਰਦੇ ਹਨ ਤੇ ਕਈ ਪੁਰਾਣਾਂ ਦੀ ਕਥਾ ਕਰਦੇ ਹਨ॥ ੧੧॥ ੪੧॥

**ਕਈ ਅਗਨ ਹੋਤ੍ਰ ਕਰੰਤ॥ ਕਈ ਉਰਧ ਤਾਪ ਦੁਰੰਤ॥**
**ਕਈ ਉਰਧ ਬਾਹੁ ਸੰਨਜਾਸ॥ ਕਹੂੰ ਜੋਗ ਭੇਸ ਉਦਾਸ॥ ੧੨॥ ੪੨॥**

ਪਦ ਅਰਥ - ਅਗਨ ਹੋਤ੍ਰ=ਹੋਮ। ਦੁਰੰਤ=ਔਖਾ।

ਪ੍ਰਭੂ ਦੀ ਰਚੀ ਸ੍ਰਿਸ਼ਟੀ ਵਿਚ ਕਈ ਹੋਮ ਕਰਦੇ ਹਨ। ਕਈ ਖੜੇ ਹੋ ਕੇ ਬੜੀ ਕਠਨ ਤਪੱਸਿਆ ਕਰਦੇ ਹਨ। ਕਈ ਉਰਧ ਬਾਹੁ ਤੇ ਕਈ ਸੰਨਿਆਸ ਨੂੰ ਧਾਰਨ ਵਾਲੇ ਸੰਨਿਆਸੀ ਹਨ। ਕਈ ਜੋਗੀਆਂ ਦੇ ਭੇਸ ਵਿਚ ਹਨ ਤੇ ਕਈ ਉਦਾਸ ਭੇਸ ਧਾਰਨ ਕਰੀ ਬੈਠੇ ਹਨ॥ ੧੨॥ ੪੨॥

**ਕਹੂੰ ਨਿਵਲੀ ਕਰਮ ਕਰੰਤ॥ ਕਹੂੰ ਪਉਨ ਅਹਾਰ ਦੁਰੰਤ॥**
**ਕਹੂੰ ਤੀਰਥ ਦਾਨ ਅਪਾਰ॥ ਕਹੂੰ ਜੱਗ ਕਰਮ ਉਦਾਰ॥ ੧੩॥ ੪੩॥**

ਪਦ ਅਰਥ - ਨਿਵਲੀ ਕਰਮ=ਯੋਗ ਮਤ ਦੀ ਇਕ ਸਰੀਰਕ ਕਿਰਿਆ।

ਕਿਤੇ ਕੋਈ ਯੋਗੀ ਨਿਉਲੀ ਕਰਮ ਕਰ ਰਿਹਾ ਹੈ। ਕਿਤੇ ਕੋਈ ਪਉਨ ਅਹਾਰੀ ਹੈ। ਕਈ ਤੀਰਥਾਂ ਤੇ ਜਾ ਜਾ ਕੇ ਬੇਅੰਤ ਧਨ ਆਦਿ ਪਦਾਰਥ ਦਾਨ ਕਰਦੇ ਹਨ ਤੇ ਕਈ ਜੱਗ ਆਦਿ ਕਰਮਾਂ

ਨੂੰ ਬੜੀ ਉਦਾਰਤਾ ਨਾਲ ਕਰ ਰਹੇ ਹਨ॥੧੩॥੪੩॥

**ਕਹੂੰ ਅਗਨਿ ਹੋਤ੍ਰ ਅਨੂਪ॥ ਕਹੂੰ ਨਿਆਇ ਰਾਜ ਬਿਭੂਤ॥**
**ਕਹੂੰ ਸ਼ਾਸਤ੍ਰ ਸਿੰਮ੍ਰਿਤਿ ਰੀਤ॥ ਕਹੂੰ ਬੇਦ ਸਿਉ ਬਿਪ੍ਰੀਤ॥੧੪॥੪੪**

ਕਿਤੇ ਬੜੇ ਸੁੰਦਰ ਹੋਮ ਹੋ ਰਹੇ ਹਨ। ਕਿਤੇ ਰਾਜੇ ਰਾਜ ਭਾਗ ਦੀ ਬਿਭੂਤੀ ਪ੍ਰਾਪਤ ਕਰਕੇ ਨਿਆਂ ਕਰ ਰਹੇ ਹਨ। ਕਿਤੇ ਸ਼ਾਸਤਰਾਂ ਤੇ ਸਿੰਮ੍ਰਿਤੀਆਂ ਦੀ ਦੱਸੀ ਮਰਯਾਦਾ ਹੋ ਰਹੀ ਹੈ ਤੇ ਕਿਤੇ ਵੇਦਾਂ ਦੇ ਉਲਟ ਹੋ ਰਿਹਾ ਹੈ॥੧੪॥੪੪॥

**ਕਈ ਦੇਸ ਦੇਸ ਫਿਰੰਤ॥ ਕਈ ਏਕ ਠੌਰ ਸਿਥੰਤ॥**
**ਕਹੂੰ ਕਰਤ ਜਲ ਮਹਿ ਜਾਪ॥ ਕਹੂੰ ਸਹਤ ਤਨ ਪਰ ਤਾਪ॥੧੫॥੪੫॥**

ਪ੍ਰਭੂ ਦੀ ਰਚਨਾ ਬੇਅੰਤ ਹੈ, ਇਸ ਵਿਚ ਭਾਂਤ ਭਾਂਤ ਦੇ ਜੀਵ ਹਨ, ਇਹਨਾਂ ਜੀਵਾਂ ਵਿਚੋਂ ਕਈ ਪੁਰਸ਼ ਦੇਸ਼ ਦੇਸ਼ਾਂਤਰਾਂ ਵਿਚ ਹਰ ਵੇਲੇ ਫਿਰਦੇ ਰਹਿੰਦੇ ਹਨ। ਕਈ ਇਕੋ ਜਗ੍ਹਾਂ ਟਿਕਾਣਾ ਬਣਾਈ ਟਿਕੇ ਹੋਏ ਹਨ। ਕਈ ਜਲ ਵਿਚ ਖੜੇ ਹੋ ਕੇ ਜਾਪ ਕਰਦੇ ਹਨ ਤੇ ਕਈ ਆਪਣੇ ਸਰੀਰ ਤੇ ਅਗਨੀ ਜਾਂ ਸੂਰਜ ਦਾ ਤਾਪ ਸਹਿੰਦੇ ਹਨ॥੧੫॥੪੫॥

**ਕਹੂੰ ਬਾਸ ਬਨਹਿ ਕਰੰਤ॥ ਕਹੂੰ ਤਾਪ ਤਨਹਿ ਸਹੰਤ॥**
**ਕਹੂੰ ਗ੍ਰਿਹਸਤ ਧਰਮ ਅਪਾਰ॥ ਕਹੂੰ ਰਾਜ ਨੀਤ ਉਦਾਰ॥੧੬॥੪੬॥**

ਕਿਤੇ ਕੋਈ ਘਰ ਤੋਂ ਉਦਾਸ ਹੋਇਆ ਤਪ ਕਰਨ ਲਈ ਵਣਾਂ ਵਿਚ ਨਿਵਾਸ ਕਰ ਰਿਹਾ ਹੈ। ਕਿਤੇ ਕੋਈ ਅਗਨੀ ਤੇ ਸੂਰਜ ਦੀ ਤੱਪਸ਼ ਆਪਣੇ ਤਨ ਤੇ ਸਹਿ ਰਿਹਾ ਹੈ। ਅਨੇਕਾਂ ਆਦਮੀ ਗ੍ਰਹਿਸਤ ਧਰਮ ਦੀ ਪਾਲਣਾ ਕਰ ਰਹੇ ਹਨ ਤੇ ਕਈ ਪੁਰਸ਼ ਰਾਜਨੀਤੀ ਦੇ ਧਨੀ ਮਾਹਰ ਹਨ॥੧੬॥੪੬॥

**ਕਹੂੰ ਰੋਗ ਰਹਤ ਅਭਰਮ॥ ਕਹੂੰ ਕਰਮ ਕਰਮ ਅਕਰਮ॥**
**ਕਹੂੰ ਸੇਖ ਬ੍ਰਹਮ ਸਰੂਪ॥ ਕਹੂੰ ਨੀਤ ਰਾਜ ਅਨੂਪ॥੧੭॥੪੭॥**

ਕਿਤੇ ਕੋਈ ਰੋਗ ਰਹਿਤ ਹੈ ਤੇ ਕਿਤੇ ਕੋਈ ਭਰਮਾਂ ਤੋਂ ਮੁਕਤ ਹੈ। ਕਿਤੇ ਕੋਈ ਅਕਰਮ ਭਾਵ ਖੋਟੇ ਕਰਮ ਕਰ ਰਿਹਾ ਹੈ। ਕਿਤੇ ਕੋਈ ਸ਼ੇਖ ਹੈ ਤੇ ਕਿਤੇ ਕੋਈ ਬ੍ਰਾਹਮਣ ਦਾ ਰੂਪ ਹੈ। ਕਿਤੇ ਮਹਾਨ ਸੁੰਦਰ ਰਾਜਨੀਤੀ ਵਰਤ ਰਹੀ ਹੈ॥੧੭॥੪੭॥

**ਕਹੂੰ ਰੋਗ ਸੋਗ ਬਿਹੀਨ॥ ਕਹੂੰ ਏਕ ਭਗਤ ਅਧੀਨ॥**
**ਕਹੂੰ ਰੰਕ ਰਾਜ ਕੁਮਾਰ॥ ਕਹੂੰ ਬੇਦ ਬਯਾਸ ਵਤਾਰ॥੧੮॥੪੮॥**

ਕਿਤੇ ਕੋਈ ਰੋਗਾਂ ਸੋਗਾਂ ਤੋਂ ਰਹਿਤ ਹੋ ਕੇ ਵਿਚਰ ਰਿਹਾ ਹੈ। ਕਿਤੇ ਕੋਈ ਭਗਤੀ ਦੇ ਅਧੀਨ ਹੈ। ਕਿਤੇ ਕੋਈ ਕੰਗਾਲ ਹੈ ਤੇ ਕਿਤੇ ਕੋਈ ਰਾਜਕੁਮਾਰ ਹੈ। ਕਿਤੇ ਕੋਈ ਵੇਦ ਵਿਆਸ ਦਾ

ਅਵਤਾਰ ਹੈ॥੧੮॥੪੮॥

**ਕਈ ਬ੍ਰਹਮ ਬੇਦ ਰਟੰਤ॥ ਕਈ ਸੇਖ ਨਾਮ ਉਚਰੰਤ॥**
**ਬੈਰਾਗ ਕਹੂੰ ਸਨਿਆਸ॥ ਕਹੂੰ ਫਿਰਤ ਰੂਪ ਉਦਾਸ॥੧੯॥੪੯॥**

ਕਈ ਬ੍ਰਾਹਮਣ ਵੇਦਾਂ ਦਾ ਰਟਨ ਕਰ ਰਹੇ ਹਨ। ਕਈ ਸ਼ੇਖ ਅੱਲਾ ਅੱਲਾ ਜਪ ਰਹੇ ਹਨ। ਕਿਤੇ ਕੋਈ ਬੈਰਾਗੀ ਹੈ ਤੇ ਕਿਤੇ ਕੋਈ ਸੰਨਿਆਸ ਧਾਰਨ ਕਰਕੇ ਸੰਨਿਆਸੀ ਬਣਿਆ ਹੋਇਆ ਹੈ ਅਤੇ ਕਿਤੇ ਕੋਈ ਉਦਾਸ ਰੂਪ ਧਾਰ ਕੇ ਫਿਰ ਰਿਹਾ ਹੈ॥੧੯॥੪੯॥

**ਸਭ ਕਰਮ ਫੋਕਟ ਜਾਨ॥ ਸਭ ਧਰਮ ਨਿਹਫਲ ਮਾਨ॥**
**ਬਿਨ ਏਕ ਨਾਮ ਅਧਾਰ॥ ਸਭ ਕਰਮ ਭਰਮ ਬਿਚਾਰ॥੨੦॥੫੦॥**

ਸਾਰੇ ਕਰਮਾਂ ਨੂੰ ਫੋਕਟ ਬਿਅਰਥ ਜਾਣੋ। ਸਭ ਧਰਮਾਂ ਮਤਾਂ ਨੂੰ ਫਲ ਹੀਣ ਮੰਨੋ। ਇਕ ਪ੍ਰਭੂ ਦੇ ਸੱਚੇ ਨਾਮ ਦੇ ਆਸਰੇ ਤੋਂ ਬਿਨਾਂ ਸਭ ਕਰਮਾਂ ਤੇ ਧਰਮਾਂ ਨੂੰ ਭਰਮ ਰੂਪ ਸਮਝੋ। ਭਾਵ ਪ੍ਰਭੂ ਦਾ ਨਾਮ ਹੀ ਮੁਕਤੀ ਦਾਤਾ ਹੈ, ਬਾਕੀ ਕਰਮਕਾਂਡ ਕਰਨੇ ਐਵੇਂ ਸਮਾਂ ਵਿਅਰਥ ਗਵਾਉਣਾ ਹੈ ॥੨੦॥੫੦॥

## *ਤ੍ਵਪ੍ਰਸਾਦਿ॥ ਲਘੁ ਨਿਰਾਜ ਛੰਦ॥*

**ਜਲੇ ਹਰੀ॥ ਥਲੇ ਹਰੀ॥ ਉਰੇ ਹਰੀ॥ ਬਨੇ ਹਰੀ॥੧॥੫੧॥**

ਜਲ ਵਿਚ ਤੇ ਥਲ ਧਰਤੀ ਵਿਚ ਹਰੀ ਦਾ ਨਿਵਾਸ ਹੈ। ਹਰ ਹਿਰਦੇ ਵਿਚ ਹਰੀ ਵਸਦਾ ਹੈ ਤੇ ਜੰਗਲਾਂ ਵਿਚ ਵੀ ਹਰੀ ਦਾ ਨਿਵਾਸ ਹੈ॥੧॥੫੧॥

**ਗਿਰੇ ਹਰੀ॥ ਗੁਫੇ ਹਰੀ॥ ਛਿਤੇ ਹਰੀ॥ ਨਭੇ ਹਰੀ॥੨॥੫੨॥**

ਪਰਬਤਾਂ ਵਿਚ ਹਰੀ ਹੈ। ਪਹਾੜਾਂ ਦੀਆਂ ਗੁਫਾਂ ਵਿਚ ਹਰੀ ਹੈ। ਧਰਤੀ ਤੇ ਹਰੀ ਹੈ ਤੇ ਅਕਾਸ਼ ਵਿਚ ਹਰੀ ਦਾ ਨਿਵਾਸ ਹੈ॥੨॥੫੨॥

**ਈਹਾਂ ਹਰੀ॥ ਊਹਾਂ ਹਰੀ॥ ਜਿਮੀ ਹਰੀ॥ ਜਮਾ ਹਰੀ॥੩॥੫੩॥**

ਇਸ ਲੋਕ ਵਿਚ ਹਰੀ ਹੈ ਪਰਲੋਕ ਵਿਚ ਵੀ ਹਰੀ ਹੈ। ਧਰਤੀ ਉੱਤੇ ਹਰੀ ਹੈ ਅਤੇ ਅਕਾਸ਼ ਵਿਚ ਵੀ ਹਰੀ ਦਾ ਵਾਸਾ ਹੈ॥੩॥੫੩॥

**ਅਲੇਖ ਹਰੀ॥ ਅਭੇਖ ਹਰੀ॥ ਅਦੋਖ ਹਰੀ॥ ਅਦ੍ਵੈਖ ਹਰੀ॥੪॥੫੪**

ਪ੍ਰਭੂ ਲੇਖ ਰਹਿਤ ਹੈ ਅਤੇ ਭੇਖ ਰਹਿਤ ਹੈ। ਹਰੀ ਦੋਸ਼ਾਂ ਤੋਂ ਰਹਿਤ ਹੈ ਤੇ ਹਰੀ ਦ੍ਵੈਤ ਹੀਨ ਹੈ॥੪॥੫੪॥

**ਅਕਾਲ ਹਰੀ॥ ਅਪਾਲ ਹਰੀ॥ ਅਛੇਦ ਹਰੀ॥ ਅਭੇਦ ਹਰੀ॥੫॥੫੫॥**

ਹਰੀ ਮਰਦਾ ਨਹੀਂ ਅਤੇ ਹਰੀ ਕਿਸੇ ਦੀ ਪਾਲਣਾ ਦਾ ਮੁਥਾਜ ਨਹੀਂ। ਹਰੀ ਨੂੰ ਕੋਈ ਛੇਦ

ਨਹੀਂ ਸਕਦਾ ਤੇ ਨਾ ਹੀ ਹਰੀ ਦਾ ਕੋਈ ਭੇਦ ਪਾ ਸਕਦਾ ਹੈ॥੫॥੫੫॥

**ਅਜੰਤ੍ਰ ਹਰੀ॥ ਅਮੰਤ੍ਰ ਹਰੀ॥ ਸੁਤੇਜ ਹਰੀ॥ ਅਤੰਤ੍ਰ ਹਰੀ॥ ੬॥ ੫੬॥**

ਪਰਮਾਤਮਾ ਜੰਤ੍ਰ ਰਹਿਤ ਅਤੇ ਮੰਤ੍ਰਾਂ ਤੋਂ ਬਾਹਰ ਹੈ। ਹਰੀ ਮਹਾਨ ਤੇਜ ਪ੍ਰਕਾਸ਼ ਵਾਲਾ ਹੈ। ਹਰੀ ਤੰਤ੍ਰ ਰਹਿਤ ਹੈ ਭਾਵ ਹਰੀ ਇਹੋ ਜਿਹੇ ਮਹਾਨ ਤੇਜ ਵਾਲਾ ਹੈ, ਜਿਸ ਤੇ ਕੋਈ ਜੰਤ੍ਰ ਮੰਤ੍ਰ ਅਤੇ ਤੰਤ੍ਰ ਦਾ ਪ੍ਰਭਾਵ ਨਹੀਂ ਪੈ ਸਕਦਾ ॥੬॥੫੬॥

**ਅਜਾਤ ਹਰੀ॥ ਅਪਾਤ ਹਰੀ॥ ਅਮਿਤ ਹਰੀ॥ ਅਮਾਤ ਹਰੀ॥ ੭॥ ੫੭॥**

ਹਰੀ ਦੀ ਕੋਈ ਜਾਤ ਨਹੀਂ ਤੇ ਨਾ ਹੀ ਹਰੀ ਦੀ ਕੋਈ ਕੁਲ ਹੈ। ਹਰੀ ਮੌਤ ਰਹਿਤ ਹੈ ਅਤੇ ਉਸਦੀ ਕੋਈ ਮਾਤਾ ਨਹੀਂ॥੭॥੫੭॥

**ਅਰੋਗ ਹਰੀ॥ ਅਸ਼ੋਕ ਹਰੀ॥ ਅਭਰਮ ਹਰੀ॥ ਅਕਰਮ ਹਰੀ॥੮॥ ੫੮॥**

ਹਰੀ ਰੋਗ ਤੇ ਸ਼ੋਕ ਰਹਿਤ ਹੈ। ਹਰੀ ਨੂੰ ਕਿਸੇ ਪ੍ਰਕਾਰ ਦਾ ਭਰਮ ਨਹੀਂ ਤੇ ਨਾ ਹੀ ਹਰੀ ਕਿਸੇ ਕਰਮ ਦੇ ਬੰਧਨ ਵਿਚ ਬੱਝਦਾ ਹੈ॥੮॥੫੮॥

**ਅਜੈ ਹਰੀ॥ ਅਭੈ ਹਰੀ॥ ਅਭੇਦ ਹਰੀ॥ ਅਛੇਦ ਹਰੀ॥ ੯॥ ੫੯॥**

ਹਰੀ ਨੂੰ ਕੋਈ ਜਿੱਤ ਨਹੀਂ ਸਕਦਾ ਹਰੀ ਨੂੰ ਕਿਸੇ ਦਾ ਭੈ ਨਹੀਂ। ਹਰੀ ਦੇ ਭੇਦ ਨੂੰ ਕੋਈ ਨਹੀਂ ਜਾਣ ਸਕਦਾ ਅਤੇ ਉਹ ਨਾਸ ਰਹਿਤ ਹੈ॥੯॥੫੯॥

**ਅਖੰਡ ਹਰੀ॥ ਅਭੰਡ ਹਰੀ॥ ਅਡੰਡ ਹਰੀ॥ ਪ੍ਰਚੰਡ ਹਰੀ॥ ੧੦॥ ੬੦॥**

ਹਰੀ ਦੇ ਕੋਈ ਖੰਡ ਟੁਕੜੇ ਨਹੀਂ ਕਰ ਸਕਦਾ ਅਤੇ ਹਰੀ ਨੂੰ ਕੋਈ ਭੰਡ ਨਿੰਦ ਨਹੀਂ ਸਕਦਾ। ਹਰੀ ਨੂੰ ਕੋਈ ਦੰਡ ਸਜ਼ਾ ਨਹੀਂ ਦੇ ਸਕਦਾ ਅਤੇ ਹਰੀ ਬੜੇ ਪ੍ਰਚੰਡ ਤੇਜ਼ ਰੂਪ ਵਾਲਾ ਹੈ॥੧੦॥੬੦॥

**ਅਤੇਵ ਹਰੀ॥ ਅਭੇਵ ਹਰੀ॥ ਅਜੇਵ ਹਰੀ॥ ਅਛੇਵ ਹਰੀ॥ ੧੧॥ ੬੧॥**

ਹਰੀ ਬਹੁਤ ਵੱਡਾ ਹੈ ਅਤੇ ਹਰੀ ਦਾ ਕੋਈ ਭੇਦ ਨਹੀਂ ਜਾਣ ਸਕਦਾ। ਹਰੀ ਦਾ ਕੋਈ ਭੋਜਨ ਨਹੀਂ ਅਤੇ ਹਰੀ ਨੂੰ ਕੋਈ ਛੇਦ ਨਹੀਂ ਸਕਦਾ॥੧੧॥੬੧॥

**ਭਜੋ ਹਰੀ॥ ਥਪੋ ਹਰੀ॥ ਤਪੋ ਹਰੀ॥ ਜਪੋ ਹਰੀ॥ ੧੨॥ ੬੨॥**

ਹੇ ਪਿਆਰਿਓ ! ਹਰੀ ਦਾ ਸਿਮਰਨ ਕਰੋ। ਹਰੀ ਦੀ ਪੂਜਾ ਕਰੋ। ਹਰੀ ਦੀ ਪ੍ਰਾਪਤੀ ਵਾਸਤੇ ਤਪ ਕਰੋ ਅਤੇ ਹਰੀ ਨਾਮ ਦਾ ਜਾਪ ਕਰੋ॥੧੨॥੬੨॥

**ਜਲਸ ਤੁਹੀ॥ ਥਲਸ ਤੁਹੀ॥ ਨਦਿਸ ਤੁਹੀ॥ ਨਦਸ ਤੁਹੀ॥ ੧੩॥ ੬੩॥**

ਪਦ ਅਰਥ - ਨਦਿਸ=ਨਦੀ। ਨਦਸ=ਸਮੁੰਦਰ।

ਹੇ ਪ੍ਰਭੂ ! ਜਲ ਵਿਚ ਵੀ ਤੂੰ ਹੈਂ ਤੇ ਥਲ ਵਿਚ ਵੀ ਤੂੰ ਹੈਂ। ਨਦੀ ਵੀ ਤੂੰ ਹੈਂ ਤੇ ਸਮੁੰਦਰ

ਵੀ ਤੂੰ ਹੈਂ॥੧੩॥੬੩॥

**ਬ੍ਰਿਛਸ ਤੁਹੀ॥ ਪਤਸ ਤੁਹੀ॥ ਛਿਤਸ ਤੁਹੀ॥ ਉਰਧਸ ਤੁਹੀ॥ ੧੪॥ ੬੪॥**

ਪਦ ਅਰਥ - ਉਰਧਸ=ਅਕਾਸ਼।

ਹੇ ਹਰੀ ! ਬ੍ਰਿਛ ਵੀ ਤੂੰ ਹੈਂ ਤੇ ਪੱਤਰ ਵੀ ਤੂੰ ਹੈਂ। ਧਰਤੀ ਤੇ ਅਕਾਸ਼ ਵੀ ਤੂੰ ਹੈਂ॥੧੪॥੬੪॥

**ਭੁਜਸ ਤੁਅੰ॥ ਭਜਸ ਤੁਅੰ॥ ਰਟਸ ਤੁਅੰ॥ ਠਟਸ ਤੁਅੰ॥ ੧੫॥ ੬੫॥**

ਹੇ ਪ੍ਰਭੂ ! ਮੈਂ ਤੇਰਾ ਨਾਂ ਭਜਦਾ ਹਾਂ, ਮੈਂ ਤੈਨੂੰ ਸਿਮਰਦਾ ਹਾਂ, ਮੈਂ ਤੈਨੂੰ ਜਪਦਾ ਹਾਂ ਤੇ ਮੈਂ ਤੈਨੂੰ ਪੂਜਦਾ ਹਾਂ॥੧੫॥੬੫॥

**ਜ਼ਿਮੀ ਤੁਹੀ॥ ਜ਼ਮਾ ਤੁਹੀ॥ ਮਕੀ ਤੁਹੀ॥ ਮਕਾ ਤੁਹੀ॥ ੧੬॥ ੬੬॥**

ਪਦ ਅਰਥ - ਮਕੀ=ਮਕਾਨ ਵਾਲਾ। ਮਕਾ=ਮਕਾਨ।

ਹੇ ਪਰਮਾਤਮਾ ਜ਼ਮੀਨ ਤੂੰ ਹੈਂ, ਅਕਾਸ਼ ਤੂੰ ਹੈਂ ਮਕਾਨ ਵਾਲਾ ਤੂੰ ਹੈਂ ਤੇ ਮਕਾਨ ਵੀ ਤੂੰ ਹੈਂ॥੧੬॥੬੬॥

**ਅਭੂ ਤੁਹੀ॥ ਅਭੈ ਤੁਹੀ॥ ਅਛੂ ਤੁਹੀ॥ ਅੱਛੈ ਤੁਹੀ॥ ੧੭॥ ੬੭॥**

ਹੇ ਅਕਾਲ ਪੁਰਖ ! ਤੂੰ ਜਨਮ ਰਹਿਤ ਹੈਂ, ਤੂੰ ਨਿਰਭੈ ਹੈਂ, ਤੂੰ ਛੁਹ ਸਪਰਸ਼ ਰਹਿਤ ਹੈ ਤੇ ਤੂੰ ਨਾਸ ਰਹਿਤ ਹੈ॥੧੭॥੬੭॥

**ਜਤਸ ਤੁਹੀ॥ ਬ੍ਰਤਸ ਤੁਹੀ॥ ਗਤਸ ਤੁਹੀ॥ ਮਤਸ ਤੁਹੀ॥ ੧੮॥ ੬੮॥**

ਪਦ ਅਰਥ - ਗਤਸ=ਗਤੀ। ਮਤ=ਮੁਕਤੀ।

ਹੇ ਕਰਤਾ ਪੁਰਖ ! ਜਤ ਤੂੰ ਹੈਂ, ਬ੍ਰਤ ਤੂੰ ਹੈਂ, ਗਤੀ ਤੂੰ ਹੈਂ ਤੇ ਮੁਕਤੀ ਤੂੰ ਹੈਂ॥ ੧੮॥੬੮॥

**ਤੁਹੀ ਤੁਹੀ॥ ਤੁਹੀ ਤੁਹੀ॥ ਤੁਹੀ ਤੁਹੀ॥ ਤੁਹੀ ਤੁਹੀ॥ ੧੯॥ ੬੯॥**

ਹੇ ਵਾਹਿਗੁਰੂ ! ਤੂੰ ਹੀ ਤੂੰ ਹੈ, ਤੂੰ ਹੀ ਤੂੰ ਹੈ॥੧੯॥੬੯॥

**ਤੁਹੀ ਤੁਹੀ॥ ਤੁਹੀ ਤੁਹੀ॥ ਤੁਹੀ ਤੁਹੀ॥ ਤੁਹੀ ਤੁਹੀ॥ ੨੦॥ ੭੦॥**

ਹੇ ਪ੍ਰਭੂ ! ਤੂੰ ਹੀ ਤੂੰ ਹੈਂ। ਤੂੰ ਹੀ ਤੂੰ ਹੈਂ॥੨੦॥੭੦॥

ਭਾਵਾਰਥ :- ਸ੍ਰੀ ਸਤਿਗੁਰੂ ਜੀ ਪਰਮੇਸ਼ਰ ਦੀ ਉਸਤਤੀ ਲਿਖਦਿਆਂ ਲਿਖਦਿਆਂ ਐਸੇ ਮਹਾਂ ਅਨੰਦ ਵਿਚ ਮਗਨ ਹੋਏ ਕਿ ਆਪ ਦੀ ਲੇਖਣੀ ਸੋਲਾਂ ਵਾਰੀ ਤੁਹੀ ਤੁਹੀ ਲਿਖੀ ਗਈ। ਇਸ ਦਾ ਭਾਵ ਇਹ ਹੈ ਕਿ ਹੇ ਪ੍ਰਭੂ ! ਹਰ ਪ੍ਰਾਣੀ ਵਿਚ, ਜਲ ਵਿਚ, ਥਲ ਵਿਚ, ਧਰਤੀ ਤੇ ਅਕਾਸ਼ ਵਿਚ, ਖੰਡਾਂ ਤੇ ਬ੍ਰਹਿਮੰਡਾਂ ਵਿਚ, ਖਾਣੀਆਂ ਵਿਚ, ਤੇ ਬਾਣੀਆਂ ਵਿਚ, ਬ੍ਰਿਛਾਂ, ਬੂਟਿਆਂ, ਵਣਾਂ ਤੇ ਪਰਬਤਾਂ

ਵਿਚ ਤੇਰਾ ਹੀ ਨਿਵਾਸ ਹੈ। ਜੋ ਕੁਛ ਦਿੱਸਦਾ ਹੈ, ਇਹ ਸਭ ਤੇਰਾ ਹੀ ਰੂਪ ਹੈ। ਤੂੰ ਘਟ ਘਟ ਵਿਚ ਵੱਸਦਾ ਹੈਂ। ਤੂੰ ਸਰਬ ਵਿਆਪਕ ਹੈਂ। ਕੋਈ ਜਗ੍ਹਾ ਤੇਰੇ ਤੋਂ ਖਾਲੀ ਨਹੀਂ॥

## ਤ੍ਵਪ੍ਰਸਾਦਿ॥ ਕਬਿੱਤ॥

ਖੂਕ ਮਲਹਾਰੀ ਗਜ ਗਦਹਾ ਬਿਭੂਤ ਧਾਰੀ
ਗਿਦੂਆ ਮਸਾਨ ਬਾਸ ਕਰਿਓਈ ਕਰਤ ਹੈ॥
ਘੁਘੂ ਮਟ ਬਾਸੀ ਲਗੇ ਡੋਲਤ ਉਦਾਸੀ ਮ੍ਰਿਗ
ਤਰਵਰ ਸਦੀਵ ਮੋਨ ਸਾਧੇ ਈ ਮਰਤ ਹੈ॥
ਬਿੰਦ ਕੇ ਸਧੱਯਾ ਤਾਹਿ ਹੀਜ ਕੀ ਬਡੱਯਾ ਦੇਤ
ਬੰਦਰਾ ਸਦੀਵ ਪਾਇ ਨਾਗੇ ਹੀ ਫਿਰਤ ਹੈ॥
ਅੰਗਨਾ ਅਧੀਨ ਕਾਮ ਕ੍ਰੋਧ ਮੈ ਪ੍ਰਬੀਨ
ਏਕ ਗਜਾਨ ਕੇ ਬਿਹੀਨ ਛੀਨ ਕੈਸੇ ਕੇ ਤਰਤ ਹੈ॥੧॥੭੧॥

ਪਦ ਅਰਥ - ਖੂਕ=ਸੂਰ। ਮਲਹਾਰੀ=ਮਲ ਖਾਣ ਵਾਲੇ, ਅਘੋਰੀ। ਗਜ=ਹਾਥੀ। ਗਦਹਾ=ਖੋਤਾ। ਗਿਦੂਆ=ਬਿੱਜੂ। ਘੁਘੂ=ਉੱਲੂ। ਤਰਵਰ=ਬ੍ਰਿਛ। ਬਿੰਦ=ਵੀਰਜ। ਸਧੱਯਾ=ਰੋਕਣ ਨਾਲ। ਹੀਜ=ਹੀਜੜਾ, ਖੁਸਰਾ। ਬੰਦਰਾ=ਬਾਂਦਰ। ਅੰਗਨਾ=ਇਸਤਰੀ। ਬਿਹੀਨ=ਰਹਿਤ।

ਜੇ ਸਾਧੂ ਬਣਕੇ ਗੰਦਗੀ ਖਾਣ ਨਾਲ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੋਵੇ ਤਾਂ ਸੂਰ ਹਰ ਵੇਲੇ ਗੰਦਗੀ ਹੀ ਖਾਂਦਾ ਹੈ। ਜੇ ਸਰੀਰ ਤੇ ਸੁਆਹ ਜਾਂ ਖੇਹ ਮਲਿਆਂ ਪ੍ਰਭੂ ਮਿਲਦਾ ਹੋਵੇ ਤਾਂ ਹਾਥੀ ਤੇ ਖੋਤਾ ਸਦਾ ਖੇਹ ਵਿਚ ਹੀ ਲੇਟਦੇ ਹਨ। ਜੇ ਮੜ੍ਹੀਆਂ ਮਸਾਣਾਂ ਵਿਚ ਰਹਿਆਂ ਪਰਮਾਤਮਾ ਦਾ ਮਿਲਾਪ ਹੁੰਦਾ ਹੋਵੇ ਤਾਂ ਬਿੱਜੂ ਸਦਾ ਮਸਾਣਾਂ ਵਿਚ ਹੀ ਰਹਿੰਦਾ ਹੈ। ਜੇ ਮਠਾਂ ਵਿਚ ਵਸਿਆਂ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੋਵੇ ਤਾਂ ਉੱਲੂ ਸਦਾ ਮਠਾਂ ਵਿਚ ਹੀ ਰਹਿੰਦੇ ਹਨ। ਉਦਾਸ ਰਹਿਣ ਨਾਲ ਜੇ ਪਰਮਾਤਮਾ ਮਿਲਦਾ ਹੋਵੇ ਤਾਂ ਹਿਰਨ ਸਦਾ ਉਦਾਸੀ ਵਿਚ ਹੀ ਭਟਕਦੇ ਫਿਰਦੇ ਹਨ। ਜੇ ਮੋਨ ਚੁਪ ਧਾਰਨ ਨਾਲ ਪਰਮੇਸ਼ਰ ਦਾ ਮੇਲ ਹੁੰਦਾ ਹੋਵੇ ਤਾਂ ਬ੍ਰਿਛ ਸਦਾ ਚੁਪ ਧਾਰਨ ਕੀਤਿਆਂ ਹੀ ਨਾਸ ਹੋ ਜਾਂਦੇ ਹਨ। ਜੇ ਵੀਰਜ ਦੇ ਰੋਕਣ ਨਾਲ ਭਾਵ ਜਤੀ ਰਹਿਣ ਨਾਲ ਪ੍ਰਭੂ ਮਿਲਦਾ ਹੋਵੇ ਤਾਂ ਇਹ ਵਡਿਆਈ ਖੁਸਰੇ ਨੂੰ ਮਿਲਣੀ ਚਾਹੀਦੀ ਹੈ। ਜੇ ਨੰਗੇ ਪੈਰੀ ਫਿਰਿਆਂ ਪਰਮਾਤਮਾ ਦੀ ਪ੍ਰਾਪਤੀ ਹੁੰਦੀ ਹੋਵੇ ਤਾਂ ਬਾਂਦਰਾਂ ਦੇ ਝੁੰਡਾਂ ਦੇ ਝੁੰਡ ਸਦਾ ਵਣਾਂ ਵਿਚ ਨੰਗੇ ਪੈਰੀਂ ਫਿਰਦੇ ਹਨ। ਫਿਰ ਤਾਂ ਸਭ ਤੋਂ ਪਹਿਲਾਂ ਖੁਸਰਿਆਂ ਤੇ ਬਾਂਦਰਾਂ ਨੂੰ ਪ੍ਰਭੂ ਮਿਲਣਾ ਚਾਹੀਦਾ ਹੈ। ਜਿਹੜੇ ਕਾਮੀ ਪੁਰਸ਼ ਇਸਤ੍ਰੀ ਦੇ ਗੁਲਾਮ ਹਨ ਤੇ ਹਰ ਸਮੇਂ ਕ੍ਰੋਧੀ ਰਹਿੰਦੇ ਹਨ, ਉਹ ਗਿਆਨ ਤੋਂ ਰਹਿਤ ਨੀਵੇਂ ਪੁਰਸ਼ ਕਿਵੇਂ ਤਰ ਸਕਦੇ ਹਨ ? ਭਾਵ ਅਗਿਆਨੀ ਪੁਰਸ਼ ਕੈਸੇ ਜਨਮਾਂ ਵਿਚ ਲੱਗਕੇ ਮੁਕਤੀ ਪ੍ਰਾਪਤ ਨਹੀਂ ਕਰ ਸੱਕਦੇ ॥੧॥੭੧॥

**ਭੂਤ ਬਨਚਾਰੀ ਛਿਤ ਛਉਨਾ ਸਭੈ ਦੂਧਾਧਾਰੀ**
**ਪਉਨਕੇ ਅਹਾਰੀ ਸੁ ਭੁਜੰਗ ਜਾਨੀਅਤੁ ਹੈ॥**
**ਤ੍ਰਿਣ ਕੇ ਭਛੱਯਾ ਧਨ ਲੋਭ ਕੇ ਤਜੱਯਾ**
**ਤੇਤੋ ਗਊਅਨ ਕੇ ਜੱਯਾ ਬ੍ਰਿਖ ਭੱਯਾ ਮਾਨੀਅਤ ਹੈ॥**
**ਨਭ ਕੇ ਉਡੱਯਾ ਤਾਹਿ ਪੰਛੀ ਕੀ ਬੱਡਯਾ ਦੇਤ**
**ਬਗੁਲਾ ਬਿੜਾਲ ਬ੍ਰਿਕ ਧਿਆਨੀ ਠਾਨੀਅਤੁ ਹੈ॥**
**ਜੇਤੋ ਬਡੇ ਗਿਆਨੀ ਤਿਨੋ ਜਾਨੀ ਪੈ ਬਖਾਨੀ ਨਾਹਿ**
**ਐਸੇ ਨ ਪ੍ਰਪੰਚ ਮਨ ਭੂਲ ਆਨੀਅਤੁ ਹੈ॥੨॥੭੨॥**

ਪਦ ਅਰਥ - ਛਿਤ ਛਉਨਾ=ਛੋਟ ਬੱਚੇ। ਭੁਜੰਗ=ਸੱਪ। ਤ੍ਰਿਣ=ਘਾਹ ਫੂਸ। ਭਛੱਯਾ=ਖਾਣ ਵਾਲੇ। ਜੱਯਾ=ਬੱਚੇ। ਬ੍ਰਿਖਭਯਾ=ਬਲਦ। ਨਭ=ਆਕਾਸ਼। ਬਿੜਾਲ=ਬਿੱਲਾ। ਬ੍ਰਿਕ=ਬਘਿਆੜ। ਪ੍ਰਪੰਚ=ਪਖੰਡ।

ਵਨਾਂ ਵਿਚ ਰਹਿਣ ਵਾਲਾ ਭੂਤਾਂ ਦੇ ਸਮਾਨ ਹੁੰਦਾ ਹੈ। ਦੁਧ ਦਾ ਅਹਾਰ ਕਰਨ ਵਾਲੇ ਛੋਟੇ ਬੱਚਿਆਂ ਵਰਗਾ ਜਾਣੋ ਤੇ ਪਉਨ ਆਹਾਰੀਆਂ ਨੂੰ ਸੱਪਾਂ ਵਰਗਾ ਸਮਝੋ ਭਾਵ ਜੇ ਵਨਾਂ ਵਿਚ ਰਹਿਣ ਕਰਕੇ ਪ੍ਰਭੂ ਮਿਲਦਾ ਹੋਵੇ ਤਾਂ ਭੂਤਾਂ ਨੂੰ ਮਿਲੇ, ਦੁਧ ਪੀਕੇ ਗੁਜ਼ਰਾਨ ਕੀਤਿਆਂ ਪਰਮਾਤਮਾ ਦੀ ਪਮਾਪਤੀ ਹੁੰਦੀ ਹੋਵੇ ਤਾਂ ਛੋਟੇ ਬੱਚਿਆਂ ਨੂੰ ਮਿਲੇ ਤੇ ਪਉਨ ਆਸਰੇ ਜੀਵਨ ਬਤੀਤ ਕਰਨ ਵਾਲੇ ਸੱਪਾਂ ਨੂੰ ਪ੍ਰਭੂ ਮਿਲਣਾ ਚਾਹੀਦਾ ਹੈ। ਜਿਹੜੇ ਪੁਰਸ਼ ਤ੍ਰਿਣ ਸਾਗ ਪਾਤ ਖਾਂਦੇ ਹਨ ਤੇ ਧਨ ਦਾ ਲਾਲਚ ਨਹੀਂ ਕਰਦੇ ਉਹਨਾਂ ਨੂੰ ਗਊਆਂ ਦੇ ਜਾਏ ਬੱਚੇ ਬਲਦ ਹੀ ਸਮਝਣਾ ਚਾਹੀਦਾ ਹੈ। ਬਲਦ ਘਾਹ ਪੱਠੇ ਆਦਿ ਖਾਂਦੇ ਹਨ ਤੇ ਬੜੇ ਸਬਰ ਸੰਤੋਖ ਨਾਲ ਮਨੁੱਖਾਂ ਦੇ ਕੰਮ ਕਰਦੇ ਹਨ ਤੇ ਹੋਰ ਕਿਸੇ ਚੀਜ਼ ਦੀ ਇੱਛਾ ਨਹੀਂ ਕਰਦੇ। ਜੋਗ ਸਿਧੀ ਦੇ ਆਸਰੇ ਜਿਹੜੇ ਪੁਰਸ਼ ਅਸਮਾਨ ਵਿਚ ਉਡਦੇ ਫਿਰਦੇ ਹਨ, ਉਹਨਾਂ ਨੂੰ ਪੰਛੀਆਂ ਤੁਲ ਜਾਣੋ ਤੇ ਜਿਹੜੇ ਮਨੁੱਖ ਅੱਖਾਂ ਮੀਟਕੇ ਬੜੇ ਧਿਆਨੀ ਬਣ ਕੇ ਬੈਠਦੇ ਹਨ, ਉਹਨਾਂ ਨੂੰ ਬਗਲਾ, ਬਿੱਲਾ ਜਾਂ ਬਘਿਆੜ ਵਰਗੇ ਸਮਝੋ ਕਿਉਂਕਿ ਸ਼ਿਕਾਰ ਦੀ ਖਾਤਰ ਬਗਲਾ, ਬਿੱਲਾ ਤੇ ਬਘਿਆੜ ਬੜੇ ਧਿਆਨੀ ਬਣ ਕੇ ਘਾਤ ਲਾ ਕੇ ਬੈਠਦੇ ਹਨ। ਜਿੰਨੇ ਵਡੇ ਵਡੇ ਮਹਾਂ ਪੁਰਸ਼, ਬ੍ਰਹਮ ਗਿਆਨੀ ਹੋਏ ਹਨ, ਉਹਨਾਂ ਨੇ ਦੰਭੀਆਂ ਦੀਆਂ ਕੁਰੀਤੀਆਂ ਨੂੰ ਜਾਣ ਤਾਂ ਲਿਆ, ਪਰ ਉਹਨਾਂ ਬਾਰੇ ਕਿਹਾ ਕੁਝ ਨਹੀਂ। ਹੇ ਗੁਰਸਿੱਖੋ ਅਸੀਂ ਤੁਹਾਡੀ ਭਲਾਈ ਲਈ ਇਹ ਬਚਨ ਕਹਿੰਦੇ ਹਾਂ ਕਿ ਤੁਸੀਂ ਇਹਨਾਂ ਪਖੰਡਾਂ ਨੂੰ ਆਪਣੇ ਹਿਰਦੇ ਵਿਚ ਭੁਲ ਕੇ ਵੀ ਨਾ ਲਿਆਉਣਾ॥੨॥੭੨॥

**ਭੂਮ ਕੇ ਬਸੱਯਾ ਤਾਹਿ ਭੂਚਰੀ ਕੇ ਜੱਯਾ ਕਹੈ**
**ਨਭ ਕੇ ਉਡੱਯਾ ਸੋ ਚਰੱਯਾ ਕੈ ਬਖਾਨੀਐ॥**

ਫਲ ਕੇ ਭਛੱਯਾ ਤਾਹਿ ਬਾਂਦਰੀ ਕੇ ਜੱਯਾ ਕਹੈ
ਆਦਿਸ ਫਿਰੱਯਾ ਤੇਤੋ ਭੂਤ ਕੇ ਪਛਾਨੀਐ॥
ਜਲ ਕੇ ਤਰੱਯਾ ਕੋ ਗੰਗੇਰੀ ਸੀ ਕਹਤ ਜਗ
ਆਗ ਕੇ ਭੱਛਯਾ ਸੋ ਚਕੋਰ ਸਮ ਮਾਨੀਐ॥
ਸੂਰਜ ਸਿੱਵਯਾ ਤਾਹਿ ਕਉਲ ਕੀ ਬੱਡਯਾ ਦੇਤ
ਚੰਦ੍ਰਮਾ ਸਿਵੱਯਾ ਕੌ ਕਵੀ ਕੈ ਪਹਿਚਾਨੀਐ॥ ੩ ॥ ੭੩ ॥

ਪਦ ਅਰਥ - ਭੂਚਰੀ=ਘੀਸ। ਨਭ=ਅਕਾਸ਼। ਚਰੱਯਾ=ਚਿੜੀ। ਆਦਿਸ=ਛਿਪ ਕੇ, ਗੁਪਤ ਹੋ ਕੇ।

ਧਰਤੀ ਵਿਚ ਭੋਰਾ ਬਣਾ ਕੇ ਵਸਣ ਵਾਲੇ ਪੁਰਸ਼ ਨੂੰ ਘੀਸ ਦਾ ਬੱਚਾ ਕਹੋ ਤੇ ਅਕਾਸ਼ ਵਿਚ ਉਡਾਰੀ ਲਾਣ ਵਾਲਿਆਂ ਨੂੰ ਚਿੜੀਆਂ ਕਹਿਣਾ ਚਾਹੀਦਾ ਹੈ। ਜਿਹੜੇ ਪੁਰਸ਼ ਫਲਾਹਾਰੀ ਭਾਵ ਫਲ ਖਾਣ ਵਾਲੇ ਹਨ, ਉਹਨਾਂ ਨੂੰ ਬਾਂਦਰੀ ਦੇ ਬੱਚੇ ਕਹਿਣਾ ਠੀਕ ਹੈ ਤੇ ਜਿਹੜੇ ਲੁਕ ਛਿਪਕੇ ਗੁਪਤ ਹੋ ਕੇ ਫਿਰਦੇ ਹਨ, ਉਹਨਾਂ ਨੂੰ ਭੂਤ ਕਰਕੇ ਜਾਣੋ। ਦੁਨੀਆਂ ਦੇ ਲੋਕ ਜਲ ਉਤੇ ਤਰਨ ਵਾਲੇ ਮਨੁੱਖ ਨੂੰ ਜਲ-ਜੁਲਾਹੇ ਵਰਗਾ ਕਹਿੰਦੇ ਹਨ ਤੇ ਅੱਗ ਦੇ ਖਾਣ ਵਾਲੇ ਨੂੰ ਚਕੋਰ ਵਰਗਾ ਜਾਣਨਾ ਚਾਹੀਦਾ ਹੈ। ਜਿਹੜਾ ਪੁਰਸ਼ ਸੂਰਜ ਦੀ ਉਪਾਸ਼ਨਾਂ ਕਰਦਾ ਹੈ, ਉਸ ਦੀ ਤੁਲਨਾ ਕਉਲ ਫੁਲ ਨਾਲ ਕਰਨੀ ਚਾਹੀਦੀ ਹੈ ਤੇ ਜਿਹੜਾ ਚੰਦ੍ਰਮਾਂ ਦੀ ਪੂਜਾ ਕਰਦਾ ਹੈ, ਉਸ ਨੂੰ ਨੀਲੋਫਰ ਦਾ ਫੁੱਲ ਜਾਣਨਾ ਚਾਹੀਦਾ ਹੈ। ਕਉਲ ਫੁਲ ਸੂਰਜ ਨੂੰ ਵੇਖਕੇ ਖਿੜਦਾ ਹੈ ਤੇ ਨੀਲੋਫਰ ਦਾ ਫੁਲ ਚੰਦ੍ਰਮਾਂ ਨੂੰ ਵੇਖਕੇ ਖਿੜਦਾ ਹੈ ॥੩॥੭੩॥

ਨਾਰਾਇਣ ਕੱਛ ਮੱਛ ਤਿੰਦੂਆ ਕਹਤ ਸਭ
ਕਉਲ ਨਾਭ ਕਉਲ ਜਿਹ ਤਾਲ ਮੈ ਰਹਤੁ ਹੈ॥
ਗੋਪੀ ਨਾਥ ਗੂਜਰ ਗੁਪਾਲ ਸਭੈ ਧੇਨਚਾਰੀ
ਰਿਖੀਕੇਸ ਨਾਮ ਕੈ ਮਹੰਤ ਲਹੀਅਤੁ ਹੈ॥
ਮਾਧਵ ਭਵਰ ਔ ਅਟੇਰੂ ਕੌ ਕੱਨ੍ਹਯਾ ਨਾਮ
ਕੰਸ ਕੋ ਬਧੱਯਾ ਜਮਦੂਤ ਕਹੀਅਤੁ ਹੈ॥
ਮੂੜ ਰੂੜ ਪੀਟਤ ਨ ਗੂੜਤਾ ਕੌ ਭੇਦ ਪਾਵੈ
ਪੂਜਤ ਨ ਤਾਹਿ ਜਾਕੇ ਰਾਖੇ ਰਹੀਅਤੁ ਹੈ॥ ੪ ॥ ੭੪ ॥

ਪਦ ਅਰਥ - ਗੁਪਾਲ=ਵਾਗੀ। ਧੇਨਚਾਰੀ=ਗਊਆਂ ਚਾਰਨ ਵਾਲਾ।

ਪ੍ਰਭੂ ਦਾ ਨਾਂ ਨਾਰਾਇਣ ਕਿਹਾ ਜਾਂਦਾ ਹੈ ਭ੍ਰਾਵ ਜਲ ਵਿਚ ਜਿਸਦਾ ਘਰ ਹੈ, ਉਹ ਨਾਰਾਇਣ ਹੈ। ਇਸ ਲੇਖੇ ਕੱਛ, ਮੱਛ ਤੇ ਤੰਦੂਏ ਆਦਿ ਸਾਰੇ ਜਲ-ਜੀਵਾਂ ਨੂੰ ਨਾਰਾਇਣ ਕਿਹਾ ਜਾਏਗਾ ਅਤੇ ਜੇ ਪਰਮੇਸ਼ਰ ਦਾ ਨਾਂ 'ਕਉਲ ਨਾਭ' ਹੈ ਤਾਂ ਜਿਸ ਤਲਾ ਵਿਚ ਕੌਲ ਫੁਲ ਪੈਦਾ ਹੁੰਦੇ ਹਨ, ਉਸਨੂੰ ਵੀ 'ਕਉਲ ਨਾਭ' ਕਹਿਣਾ ਚਾਹੀਦਾ ਹੈ। ਜੇ ਪ੍ਰਭੂ ਦਾ ਨਾਂ ਗੋਪੀ ਨਾਥ ਕਿਹਾ ਜਾਏ ਤਾਂ ਗੋਪੀ ਦਾ ਮਾਲਕ ਗੁਜਰ ਹੁੰਦਾ ਹੈ। ਜੇ ਪਰਮਾਤਮਾ ਦਾ ਨਾਂ ਧੇਨਚਾਰੀ ਹੈ ਤਾਂ ਸਾਰੇ ਗੁਆਲੇ ਵਾਗੀ ਧੇਨਚਾਰੀ ਹੁੰਦੇ ਹਨ ਤੇ ਜੇ ਉਸ ਪ੍ਰਭੂ ਨੂੰ ਰਿਖੀਕੇਸ ਕਹੀਏ ਤਾਂ ਕਈ ਡੇਰਿਆਂ ਦੇ ਮਹੰਤ ਇਸ ਰਿਖੀਕੇਸ ਨਾਂ ਦੇ ਵੇਖਣ ਵਿਚ ਆਉਂਦੇ ਹਨ। ਜੇ ਪ੍ਰਭੂ ਦਾ ਨਾਂ ਮਾਧਵ ਲਿਆ ਜਾਵੇ ਤਾਂ ਮਾਧਵ ਭੌਰੇ ਨੂੰ ਕਿਹਾ ਜਾਂਦਾ ਹੈ। ਜੇ ਉਸ ਦਾ ਨਾਂ ਕਨ੍ਹੱਯਾ ਰਖੀਏ ਤਾਂ ਲੰਮੀਆਂ ਟੰਗਾਂ ਵਾਲੀ ਮਕੜੀ ਕਹਣੇ ਨੂੰ ਵੀ ਕਨ੍ਹੱਯਾ ਕਹਿੰਦੇ ਹਨ ਤੇ ਜੇ ਉਸ ਕੰਸ ਬਧੱਯਾ ਕੰਸ ਨੂੰ ਮਾਰਨ ਵਾਲਾ ਕਹਿੰਦੇ ਹਾਂ ਤਾਂ ਕੰਸ ਨੂੰ ਜਮਦੂਤ ਨੇ ਮਾਰਿਆ ਸੀ, ਇਸ ਲਈ ਜਮਦੂਤ ਨੂੰ 'ਕੰਸ ਬਧੱਯਾ' ਕਿਹਾ ਜਾ ਸਕਦਾ ਹੈ। ਮੂਰਖ ਲੋਕ 'ਗੂੜ' ਸ਼ਬਦ ਨੂੰ ਪਿੱਟਦੇ ਹਨ ਪਰ ਅਸਲੀ ਗੂੜ੍ਹ ਭਾਵ ਨੂੰ ਨਹੀਂ ਜਾਣਦੇ। ਜਿਸ ਪ੍ਰਭੂ ਦੇ ਰਖਵਾਲੀ ਹੇਠ ਸਾਰੇ ਜੀਵ ਰਹਿੰਦੇ ਹਨ, ਉਸ ਨੂੰ ਮੂਰਖ ਨਹੀਂ ਪੂਜਦੇ॥ ੪॥ ੭੪॥

**ਬਿਸ੍ਵਪਾਲ ਜਗਤਕਾਲ ਦੀਨਦਯਾਲ ਬੈਰੀ ਸਾਲ**
**ਸਦਾ ਪ੍ਰਤਿਪਾਲ ਜਮ ਜਾਲ ਤੇ ਰਹਤ ਹੈ॥**
**ਜੋਗੀ ਜਟਾ ਧਾਰੀ ਸਤੀ ਸਾਚੇ ਬਡੇ ਬ੍ਰਹਮਚਾਰੀ**
**ਧਯਾਨ ਕਾਜ ਭੂਖ ਪਯਾਸ ਦੇਹ ਪੈ ਸਹਤ ਹੈ॥**
**ਨਿਉਲੀ ਕਰਮ ਜਲ ਹੋਮ ਪਾਵਕ ਪਵਨ ਹੋਮ**
**ਅਧੋ ਮੁਖ ਏਕ ਪਾਇ ਠਾਢੇ ਨ ਬਹਤ ਹੈ॥**
**ਮਾਨਵ ਫਨਿੰਦ ਦੇਵ ਦਾਨਵ ਨ ਪਾਵੈ ਭੇਵ**
**ਬੇਦ ਔ ਕਤੇਬ ਨੇਤਿ ਨੇਤਿ ਕੈ ਕਹਤ ਹੈ॥ ੫॥ ੭੫॥**

ਪਦ ਅਰਥ - ਬਿਸ੍ਵ=ਸੰਸਾਰ। ਸਾਲ=ਦੁਖ ਦੇਣ ਵਾਲਾ। ਜਾਲ=ਦੁਖ।

ਜਿਹੜਾ ਪ੍ਰਭੂ ਸੰਸਾਰ ਦੀ ਪਾਲਣਾ ਕਰਦਾ ਹੈ ਤੇ ਸੰਸਾਰ ਨੂੰ ਨਾਸ ਕਰਦਾ ਹੈ, ਦੀਨ ਪੁਰਸ਼ਾਂ ਤੇ ਦਇਆ ਕਰਦਾ ਹੈ ਤੇ ਦੁਸ਼ਟਾਂ ਨੂੰ ਦੁਖ ਦੇਂਦਾ ਹੈ, ਸਭ ਜੀਵਾਂ ਦੀ ਪਾਲਣਾ ਕਰਦਾ ਹੈ ਤੇ ਜਮ ਦੇ ਦੁਖ ਤੋਂ ਰਹਿਤ ਹੈ ਭਾਵ ਜਿਸ ਨੂੰ ਕਾਲ ਨਹੀਂ ਪੋਂਹਦਾ। ਉਸ ਪ੍ਰਭੂ ਦੇ ਦਰਸ਼ਨਾਂ ਵਾਸਤੇ ਕਈ ਜੋਗੀ, ਜਟਾਂ ਧਾਰਨ ਵਾਲੇ, ਸਤੀ, ਸਚਿਆਰ ਤੇ ਵਡੇ ਬ੍ਰਹਮਚਾਰੀ ਆਪਣੇ ਸਰੀਰ ਉਤੇ ਭੁਖ ਤੇ ਪਿਆਸ ਦਾ ਕਸ਼ਟ ਸਹਾਰਦੇ ਹਨ। ਉਸ ਅਕਾਲ ਪੁਰਖ ਦੇ ਦਰਸ਼ਨਾ ਵਾਸਤੇ ਕਈ ਪੁਰਸ਼ ਨਿਉਲੀ ਕਰਮ ਕਰਦੇ ਹਨ, ਕਈ ਜਲ, ਅਗਨੀ ਤੇ ਪਵਨ ਨੂੰ ਭੇਟਾ ਦੇਂਦੇ ਹਨ, ਕਈ ਮੂਧੇ ਮੂੰਹ ਪੁੱਠੇ ਲਟਕ

ਕੇ ਤਪ ਕਰਦੇ ਹਨ ਤੇ ਕਈ ਇਕ ਪੈਰ ਤੇ ਖੜੇ ਰਹਿਕੇ ਜੀਵਨ ਬਤੀਤ ਕਰਦੇ ਹਨ। ਉਸ ਪ੍ਰਭੂ ਦੇ ਭੇਦ ਨੂੰ ਮਨੁੱਖ, ਸ਼ੇਸ਼ਨਾਗ, ਦੇਵਤੇ ਤੇ ਦੈਂਤ ਨਹੀਂ ਪਾ ਸਕੇ। ਵੇਦ ਤੇ ਕਤੇਬ ਉਸ ਪਰਮਾਤਮਾ ਨੂੰ ਨੇਤ ਨੇਤ ਭਾਵ ਬੇਅੰਤ ਬੇਅੰਤੁ ਕਹਿੰਦੇ ਹਨ॥ ੫॥ ੭੫॥

**ਨਾਚਤ ਫਿਰਤ ਮੋਰ ਬਾਦਰ ਕਰਤ ਘੋਰ**
**ਦਾਮਨੀ ਅਨੇਕ ਭਾਉ ਕਰਿਓ ਈ ਕਰਤ ਹੈ॥**
**ਚੰਦ੍ਰਮਾ ਤੇ ਸੀਤਲ ਨ ਸੂਰਜ ਤੇ ਤਪਤ ਤੇਜ**
**ਇੰਦ੍ਰ ਸੋ ਨ ਰਾਜਾ ਭਵ ਭੂਮ ਕੋ ਭਰਤ ਹੈ॥**
**ਸ਼ਿਵ ਸੇ ਤਪੱਸੀ ਆਦਿ ਬ੍ਰਹਮਾ ਸੇ ਨ ਬੇਦਚਾਰੀ**
**ਸਨਤ ਕੁਮਾਰ ਸੀ ਤਪੱਸਿਆ ਨ ਅਨਤ ਹੈ॥**
**ਗਿਆਨ ਕੇ ਬਿਹੀਨ ਕਾਲ ਫਾਸ ਕੇ ਅਧੀਨ ਸਦਾ**
**ਜੁੱਗਨ ਕੀ ਚਉਕਰੀ ਫਿਰਾਏ ਈ ਫਿਰਤ ਹੈ॥ ੬॥ ੭੬॥**

ਪਦ ਅਰਥ - ਤਪਸੀ=ਤਪ ਕਰਨ ਵਾਲਾ। ਬੇਦਚਾਰੀ=ਵੇਦ ਉਚਾਰਨ ਵਾਲਾ। ਅਨਤ=ਹੋਰ।

ਜੇ ਪ੍ਰਭੂ ਨਾਚ ਕਰਕੇ ਭਗਤੀ ਕਰਨ ਨਾਲ ਮਿਲਦਾ ਹੋਵੇ ਤਾਂ ਬੱਦਲਾਂ ਦੇ ਗਰਜਨ ਨਾਲ ਮੋਰ ਮਸਤ ਹੋ ਕੇ ਨਚਦੇ ਫਿਰਦੇ ਹਨ ਤੇ ਜੇ ਪ੍ਰਭੂ ਭਗਤਾਂ ਦੇ ਹਾਵ ਭਾਵ ਨੂੰ ਵੇਖਕੇ ਪ੍ਰਸੰਨ ਹੁੰਦਾ ਹੋਵੇ ਤਾਂ ਬੱਦਲਾਂ ਵਿਚ ਬਿਜਲੀ ਲਿਸ਼ਕਾਰੇ ਮਾਰਕੇ ਕਈ ਤਰ੍ਹਾਂ ਦੇ ਹਾਵ ਭਾਵ ਕਰਦੀ ਹੈ ਇਸ ਲਈ ਪ੍ਰਭੂ ਇਹਨਾਂ ਨੂੰ ਮਿਲਣਾ ਚਾਹੀਦਾ ਹੈ। ਜੇ ਪ੍ਰਭੂ ਸ਼ਾਂਤੀ ਧਾਰਨ ਨਾਲ ਮਿਲਦਾ ਹੋਵੇ ਤਾਂ ਚੰਦ੍ਰਮਾ ਨਾਲੋਂ ਸੀਤਲ ਹੋਰ ਕੋਈ ਨਹੀਂ; ਜੇ ਗਰਮੀ ਤਪਸ਼ ਸਹਿਣ ਨਾਲ ਪਰਮਾਤਮਾ ਦੀ ਪ੍ਰਾਪਤੀ ਹੁੰਦੀ ਹੋਵੇ ਤਾਂ ਸੂਰਜ ਨਾਲੋਂ ਗਰਮ ਕੋਈ ਨਹੀਂ। ਜੇ ਲੋਕਾਂ ਦੇ ਘਰ ਪਦਾਰਥਾਂ ਨਾਲ ਭਰ ਦੇਣ ਨਾਲ ਪਰਮੇਸ਼ਰ ਦਾ ਮੇਲ ਹੁੰਦਾ ਹੋਵੇ ਤਾਂ ਇੰਦਰ ਵਰਗਾ ਹੋਰ ਕੋਈ ਰਾਜਾ ਨਹੀਂ, ਜੋ ਸੰਸਾਰ ਤੇ ਧਰਤੀ ਨੂੰ ਮੀਂਹ ਵਰਸਾਕੇ ਭਰ ਦੇਂਦਾ ਹੈ। ਮੀਂਹ ਵੱਸਣ ਨਾਲ ਧਰਤੀ ਤੇ ਪੈਦਾਵਾਰ ਹੁੰਦੀ ਹੈ ਤੇ ਲੋਕ ਅੰਨ ਪ੍ਰਾਪਤ ਕਰਕੇ ਪ੍ਰਸੰਨ ਹੁੰਦੇ ਹਨ ।

ਜੇ ਪ੍ਰਭੂ ਘੋਰ ਤਪੱਸਿਆ ਕਰਨ ਨਾਲ ਮਿਲਦਾ ਹੋਵੇ ਤਾਂ ਸ਼ਿਵ ਜੀ ਵਰਗਾ ਘੋਰ ਤਪੱਸਿਆ ਕਰਨ ਵਾਲਾ ਹੋਰ ਨਹੀਂ। ਜੇ ਵੇਦਾਂ ਦੀ ਵਿਚਾਰ ਕਰਨ ਨਾਲ ਭਾਵ ਵੇਦਾਂ ਦੇ ਪੜ੍ਹਨ ਨਾਲ ਪਰਮਾਤਮਾ ਦੀ ਪ੍ਰਾਪਤੀ ਹੁੰਦੀ ਹੋਵੇ ਤਾਂ ਬ੍ਰਹਮਾ ਵਰਗਾ ਵੇਦਾਂ ਦੀ ਵਿਚਾਰ ਕਰਨ ਵਾਲਾ ਹੋਰ ਦੂਸਰਾ ਕੋਈ ਨਹੀਂ। ਬ੍ਰਹਮਾ ਦੇ ਪੁੱਤਰ ਸਨਤ ਕੁਮਾਰ ਵਰਗੀ ਤਪੱਸਿਆ ਵੀ ਕਿਸੇ ਹੋਰ ਤੋਂ ਨਹੀਂ ਹੋ ਸਕਣੀ। ਗਿਆਨ ਤੋਂ ਹੀਣੇ ਅਗਿਆਨੀ ਪੁਰਸ਼ ਕਾਲ ਦੇ ਫੰਧੇ ਵਿਚ ਫਸਕੇ, ਸਦਾ ਜੁਗਾਂ ਦੀ ਚੋਕੜੀ ਦੇ ਫਿਰਾਏ ਹੋਏ ਸੰਸਾਰ ਵਿਚ ਭਟਕਦੇ ਫਿਰਦੇ ਹਨ॥ ੬॥ ੭੬॥

ਏਕ ਸ਼ਿਵ ਭਏ ਏਕ ਗਏ ਏਕ ਫੇਰ ਭਏ
ਰਾਮਚੰਦ੍ਰ ਕ੍ਰਿਸ਼ਨ ਕੇ ਅਵਤਾਰ ਭੀ ਅਨੇਕ ਹੈਂ॥
ਬ੍ਰਹਮਾ ਅਰੁ ਬਿਸ਼ਨ ਕੇਤੇ ਬੇਦ ਔ ਪੁਰਾਨ ਕੇਤੇ
ਸਿੰਮ੍ਰਿਤਿ ਸਮੂਹਨ ਕੈ ਹੁਇ ਹੁਇ ਬਿਤਏ ਹੈਂ॥
ਮੋਨਦੀ ਮਦਾਰ ਕੇਤੇ ਅਸੁਨੀ ਕੁਮਾਰ ਕੇਤੇ
ਅੰਸਾ ਅਵਤਾਰ ਕੇਤੇ ਕਾਲ ਬਸ ਭਏ ਹੈਂ॥
ਪੀਰ ਔ ਪਿਕਾਂਬਰ ਕੇਤੇ ਗਨੇ ਨ ਪਰਤ ਏਤੇ
ਭੂਮ ਹੀ ਤੇ ਹੁਇ ਕੈ ਫੇਰਿ ਭੂਮ ਹੀ ਮਿਲਏ ਹੈਂ॥੭॥੭੭॥

ਪਦ ਅਰਥ - ਮੋਨਦੀ=ਦੀਨ ਦਾ ਸਹਾਇਕ। ਮਦਾਰ=ਕੁਲ ਦੇ ਸ਼੍ਰੋਮਣੀ। ਅਸੁਨੀ ਕੁਮਾਰ=ਦੇਵਤਿਆਂ ਦੇ ਵੈਦ। ਅੰਸਾ ਅਵਤਾਰ=ਕਿਸੇ ਦੇਵਤੇ ਦੀ ਸ਼ਕਤੀ ਦੇ ਕੁਝ ਅੰਸਾਂ ਤੋਂ ਪੈਦਾ ਹੋਇਆ ਅਵਤਾਰ।

ਇਕ ਸ਼ਿਵਜੀ ਹੋਇਆ, ਉਹ ਚਲਾ ਗਿਆ, ਇਕ ਹੋਰ ਹੋਇਆ, ਉਹ ਵੀ ਚਲਾ ਗਿਆ, ਇਸ ਤਰ੍ਹਾਂ ਕਈ ਸ਼ਿਵ ਪੈਦਾ ਹੋਏ ਤੇ ਨਾਸ ਹੋ ਗਏ। ਇਸੇ ਤਰ੍ਹਾਂ ਰਾਮਚੰਦ੍ਰ ਤੇ ਕ੍ਰਿਸ਼ਨ ਵੀ ਕਈ ਵਾਰ ਅਵਤਾਰ ਧਾਰਕੇ ਆਏ ਤੇ ਚਲੇ ਗਏ। ਕਈ ਬ੍ਰਹਮਾ ਤੇ ਕਈ ਵਿਸ਼ਨੂੰ ਪੈਦਾ ਹੋ ਕੇ ਚਲੇ ਗਏ। ਵੇਦ, ਪੁਰਾਣ ਵੀ ਕਈ ਹੋ ਕੇ ਨਾਸ ਹੋ ਗਏ। ਸਮੂਹ ਸਿੰਮ੍ਰਤੀਆਂ ਦੇ ਰਚਨਹਾਰ ਵੀ ਕਈ ਹੋਏ ਤੇ ਚਲੇ ਗਏ। ਇਸ ਸੰਸਾਰ ਵਿਚ ਕਈ ਮੋਨਦੀ, ਕਈ ਮਦਾਰ ਤੇ ਕਈ ਅਸੁਨੀ ਕੁਮਾਰ ਹੋਏ ਹਨ ਤੇ ਕਈ ਅੰਸਾ ਅਵਤਾਰ ਰਾਮਚੰਦ੍ਰ ਤੇ ਕ੍ਰਿਸ਼ਨ ਜੀ ਵਰਗੇ ਹੋ ਕੇ ਅੰਤ ਨੂੰ ਕਾਲ ਦੇ ਵਸ ਵਿਚ ਪੈ ਕੇ ਖਤਮ ਹੋ ਗਏ ਹਨ। ਕਿੰਨੇ ਪੀਰ ਤੇ ਪੈਗੰਬਰ ਹੋਏ ਹਨ, ਜਿੰਨ੍ਹਾਂ ਦੀ ਗਿਣਤੀ ਨਹੀਂ ਹੋ ਸਕਦੀ। ਇਹ ਸਾਰੇ ਵਡੇ ਵਡੇ ਦੇਵੀ, ਦੇਵਤੇ, ਪੀਰ ਤੇ ਪੈਗੰਬਰ ਇਸ ਧਰਤੀ ਤੇ ਉਤਪੰਨ ਹੋ ਕੇ ਫੇਰ ਇਸੇ ਧਰਤੀ ਵਿਚ ਹੀ ਮਿਲ ਗਏ ਹਨ॥੭॥੭੭॥

ਜੋਗੀ ਜਤੀ ਬ੍ਰਹਮਾਚਾਰੀ ਬਡੇ ਬਡੇ ਛਤ੍ਰਧਾਰੀ
ਛਤ੍ਰ ਹੀ ਕੀ ਛਾਇਆ ਕਈ ਕੋਸ ਲੌ ਚਲਤੁ ਹੈਂ॥
ਬਡੇ ਬਡੇ ਰਾਜਨ ਕੇ ਦਾਬਤਿ ਫਿਰਤਿ ਦੇਸ
ਬਡੇ ਬਡੇ ਰਾਜਨ ਕੇ ਦ੍ਰਪ ਕੋ ਦਲਤ ਹੈ॥
ਮਾਨ ਸੇ ਮਹੀਪ ਔ ਦਿਲੀਪ ਕੈਸੇ ਛੱਤ੍ਰਧਾਰੀ

**ਬਡੋ ਅਭਿਮਾਨ ਭੁਜ ਦੰਡ ਕੋ ਕਰਤ ਹੈ॥**
**ਦਾਰਾ ਸੇ ਦਿਲੀਸਰ ਦ੍ਰਯੋਧਨ ਸੇ ਮਾਨ ਧਾਰੀ**
**ਭੋਗ ਭੋਗ ਭੂੰਮ ਅੰਤ ਭੂੰਮ ਮੈ ਮਿਲਤ ਹੈ॥੮॥੭੮॥**

ਪਦ ਅਰਥ - ਦ੍ਰਪ=ਹੰਕਾਰ।

ਕਈ ਜੋਗੀ, ਜਤੀ ਤੇ ਬ੍ਰਹਮਚਾਰੀ ਹੋਏ ਹਨ। ਕਈ ਵਡੇ ਵਡੇ ਛੱਤ੍ਰਧਾਰੀ ਰਾਜੇ ਮਹਾਰਾਜੇ ਹੋਏ ਹਨ, ਜਿਹੜੇ ਕਈ ਕੋਹਾਂ ਤਕ ਛੱਤ੍ਰ ਦੀ ਛਾਇਆ ਹੇਠ ਹੀ ਚਲਦੇ ਸਨ। ਜੋ ਵੱਡੇ ਰਾਜਿਆਂ ਨੂੰ ਹਰਾਕੇ ਉਹਨਾਂ ਦੇਸਾਂ ਨੂੰ ਆਪਣੇ ਅਧੀਨ ਕਰ ਲੈਂਦੇ ਸਨ ਤੇ ਵਡੇ ਵਡੇ ਬਲਵਾਨ ਰਾਜਿਆਂ ਦੇ ਘੁਮੰਡ ਨਾਸ ਕਰ ਦੇਂਦੇ ਸਨ। ਮਾਨਧਾਤਾ ਵਰਗੇ ਮਹਾਰਾਜੇ ਤੇ ਦਲੀਪ ਵਰਗੇ ਵਡੇ ਵਡੇ ਛਤ੍ਰਧਾਰੀ, ਜੋ ਆਪਣੀਆਂ ਮਜ਼ਬੂਤ ਬਾਂਹਾਂ ਦਾ ਬੜਾ ਅਹੰਕਾਰ ਕਰਦੇ ਸਨ। ਦਾਰਾ ਵਰਗੇ ਕਈ ਰਾਜੇ ਤੇ ਦੁਰਯੋਧਨ ਵਰਗੇ ਕਈ ਅਭਿਮਾਨੀ ਇਸ ਪ੍ਰਿਥਵੀ ਦਾ ਰਾਜ ਭੋਗਕੇ ਅਖੀਰ ਨੂੰ ਇਸੇ ਧਰਤੀ ਵਿਚ ਹੀ ਸਮਾ ਗਏ ਹਨ॥੮॥੭੮॥

ਭਾਵਾਰਥ-ਕਾਲ ਭਗਵਾਨ ਐਸਾ ਬਲਵਾਨ ਹੈ, ਜਿਸ ਨੇ ਵਡੇ ਵਡੇ ਰਾਜਿਆਂ, ਮਹਾਰਾਜਿਆਂ, ਅਵਤਾਰ, ਪੀਰਾਂ ਤੇ ਪੈਗੰਬਰਾਂ ਨੂੰ ਆਪਣੀ ਫਾਹੀ ਵਿਚ ਫਸਾਕੇ ਨਾਸ ਕਰ ਦਿੱਤਾ ਹੈ।

**ਸਿਜਦੇ ਕਰੇ ਅਨੇਕ ਤੋਪਚੀ ਕਪਟ ਭੇਸ**
**ਪੋਸਤੀ ਅਨੇਕ ਦਾ ਨਿਵਾਵਤ ਹੈ ਸੀਸ ਕੋ॥**
**ਕਹਾ ਭਇਓ ਮੱਲ ਜੌ ਪੈ ਕਾਢਤ ਅਨੇਕ ਡੰਡ**
**ਸੋ ਤੌ ਨ ਡੰਡੌਤ ਅਸ਼ਟਾਂਗ ਅਥਤੀਸ ਕੋ॥**
**ਕਹਾ ਭਇਓ ਰੋਗੀ ਜੋ ਪੈ ਡਾਰਜੋ ਰਹਜੋ ਉਰਧ ਮੁਖ**
**ਮਨ ਤੇ ਨ ਮੂੰਡ ਨਿਹਰਾਯੋ ਆਦ ਈਸ ਕੋ॥**
**ਕਾਮਨਾ ਅਧੀਨ ਸਦਾ ਦਾਮਨਾ ਪ੍ਰਬੀਨ ਏਕ**
**ਭਾਵਨਾ ਬਿਹੀਨ ਕੈਸੇ ਪਾਵੈ ਜਗਦੀਸ ਕੌ॥੯॥੭੯॥**

ਪਦ ਅਰਥ - ਤੋਪਚੀ=ਤੋਪ ਚਲਾਉਣ ਵਾਲਾ। ਮੱਲ=ਪਹਿਲਵਾਨ। ਅਸਤੀਥ=ਪ੍ਰਭੂ। ਕਾਮਨਾ=ਇੱਛਾ। ਦਾਮਨਾ= ਮਾਲਾ।

ਜੇ ਪ੍ਰਭੂ ਸਿਜਦੇ ਕਰਨ ਨਾਲ ਭਾਵ ਕੇਵਲ ਸੀਸ ਨਿਵਾਉਣ ਨਾਲ ਮਿਲਦਾ ਹੋਵੇ ਤਾਂ ਕਪਟ-ਭੇਸੀ ਤੋਪ ਚਲਾਉਣ ਵਾਲਾ ਤੋਪਚੀ ਕਈ ਵਾਰੀ ਝੁਕ ਝੁਕਕੇ ਤੋਪ ਨੂੰ ਪਲੀਤਾ ਲਾਉਂਦਾ ਹੈ ਤੇ ਪੋਸਤੀ

ਅਨੇਕਾਂ ਵਾਰੀ ਅਮਲ ਦੇ ਜ਼ੋਰ ਨਾਲ ਝੋਕਾਂ ਖਾਂਦਾ ਹੋਇਆ ਸਿਰ ਨਿਵਾਉਂਦਾ ਹੈ। ਜੇ ਕੋਈ ਪਹਿਲਵਾਨ ਕਈ ਢੰਗਾਂ ਨਾਲ ਡੰਡ ਕਢਦਾ ਹੈ ਤਾਂ ਕੀ ਹੋ ਗਿਆ। ਉਸ ਦਾ ਇਸ ਤਰ੍ਹਾਂ ਡੰਡ ਕਢਣੇ ਪ੍ਰਭੂ ਅਗੇ ਅਸ਼ਟਾਂਗ ਡੰਡਉਤ ਨਹੀਂ। ਭਾਵ-ਨਿਰੀਆਂ ਡੰਡਉਤਾਂ ਕਰਨ ਨਾਲ ਪ੍ਰਭੂ ਪ੍ਰਸੰਨ ਨਹੀਂ ਹੁੰਦਾ । ਜੇ ਕੋਈ ਪੁਰਸ਼ ਮੂੰਹ ਉਤਾਂਹ ਕਰਕੇ ਪਿਆ ਰਹੇ ਤਦ ਕੀ ਹੋਇਆ, ਕਿਉਂਕਿ ਰੋਗੀ ਮਨੁੱਖ ਵੀ ਮੂੰਹ ਉਤਾਂਹ ਕਰਕੇ ਪਿਆ ਰਹਿੰਦਾ ਹੈ। ਜੇ ਆਦਿ ਪੁਰਖ ਪ੍ਰਭੂ ਨੂੰ ਮਨ ਕਰਕੇ ਸਿਰ ਨਹੀਂ ਨਿਵਾਇਆ ਤਦ ਕੋਈ ਲਾਭ ਨਹੀਂ। ਜੇ ਕੋਈ ਪੁਰਸ਼ ਕਾਮਨਾਵਾਂ ਦੇ ਅਧੀਨ ਹੋ ਕੇ ਮਾਲਾ ਫੇਰਦਾ ਹੈ, ਪਰ ਉਸਦੇ ਹਿਰਦੇ ਵਿਚ ਪਰਮਾਤਮਾ ਲਈ ਸੱਚੀ ਸ਼ਰਧਾ ਨਹੀਂ ਤਾਂ ਉਹ ਪ੍ਰਭੂ ਨੂੰ ਕਿਵੇਂ ਪ੍ਰਾਪਤ ਕਰ ਸਕੇਗਾ ?॥ ੯॥ ੭੯॥

**ਸੀਸ ਪਟਕਤ ਜਾਕੇ ਕਾਨ ਮੈ ਖਜੂਰਾ ਧਸੈ**
**ਮੂੰਡ ਛਟਕਤ ਮਿਤ੍ਰ ਪੁਤ੍ਰ ਹੂੰ ਕੇ ਸੋਕ ਸੌਂ॥**
**ਆਕ ਕੋ ਚਰੱਯਾ ਫਲਫੂਲ ਕੋ ਭਛੱਯਾ ਸਦਾ**
**ਬਨ ਕੋ ਭ੍ਰਮੱਯਾ ਅਉਰ ਦੂਸਰੋ ਨ ਬੋਕ ਸੌ॥**
**ਕਹਾ ਭਯੋ ਭੇਡ ਜੌ ਘਸਤ ਸੀਸ ਬ੍ਰਿੱਛਨ ਸੋ**
**ਮਾਟੀ ਕੋ ਭਛੱਯਾ ਬੋਲ ਪੂਛ ਲੀਜੈ ਜੋਕ ਸੌ॥**
**ਕਾਮਨਾ ਅਧੀਨ ਕਾਮ ਕ੍ਰੋਧ ਮੈ ਪ੍ਰਬੀਨ**
**ਏਕ ਭਾਵਨਾ ਬਿਹੀਨ ਕੈਸੇ ਭੇਟੈ ਪਰਲੋਕ ਸੌ॥੧੦॥੮੦॥**

ਪਦ ਅਰਥ - ਖਜੂਰਾ=ਕੰਨ ਖਜੂਰਾ। ਬੋਕ=ਬੱਕਰਾ। ਪਰਲੋਕ=ਪਾਰਬ੍ਰਹਮ।

ਪ੍ਰਭੂ ਦੀ ਪ੍ਰਾਪਤੀ ਜੇ ਸਿਰ ਪਟਕਾਉਣ ਨਾਲ ਹੁੰਦੀ ਹੋਵੇ ਤਾਂ ਜਿਸ ਦੇ ਕੰਨ ਵਿਚ ਕੰਨ ਖਜੂਰਾ ਵੜ ਜਾਂਦਾ ਹੈ, ਉਹ ਸਿਰ ਪਟਕਾਉਂਦਾ ਹੈ। ਜੇ ਸਿਰ ਪਿੱਟਣ ਨਾਲ ਪਰਮਾਤਮਾ ਮਿਲਦਾ ਹੋਵੇ ਤਾਂ ਅਨੇਕਾਂ ਪੁਰਸ਼ ਮਿੱਤਰ ਜਾਂ ਪੁੱਤਰ ਦੇ ਸੋਗ ਕਰਕੇ ਸਿਰ ਪਿੱਟਦੇ ਹਨ, ਫਿਰ ਇਹਨਾਂ ਨੂੰ ਪ੍ਰਭੂ ਮਿਲਣਾ ਚਾਹੀਦਾ ਹੈ। ਅੱਕ ਦੇ ਚਰਨ ਨਾਲ, ਫਲ ਫੁਲ ਖਾਣ ਨਾਲ, ਵਨਾਂ ਵਿਚ ਫਿਰਨ ਨਾਲ ਜੇ ਪ੍ਰਭੂ ਮਿਲਦਾ ਹੋਵੇ ਤਾਂ ਇਹ ਸਾਰੇ ਕੰਮ ਬੱਕਰਾ ਕਰਦਾ ਹੈ, ਫਿਰ ਤਾਂ ਪ੍ਰਭੂ ਉਸ ਨੂੰ ਮਿਲਣਾ ਚਾਹੀਦਾ ਹੈ। ਨੀਂਦ ਤੋਂ ਬਚਣ ਲਈ ਬ੍ਰਿਛਾਂ ਨਾਲ ਸਿਰ ਘਸਾਉਣ ਨਾਲ ਜੇ ਪ੍ਰਭੂ ਮਿਲਦਾ ਹੋਵੇ ਤਾਂ ਭੇਡ ਹਮੇਸ਼ਾਂ ਬ੍ਰਿਛਾਂ ਨਾਲ ਸਿਰ ਘਸਾਉਂਦੀ ਹੈ। ਜੇ ਕੋਈ ਪੁਰਸ਼ ਇਹ ਕਰਮ ਕਰਦਾ ਹੈ ਤਾਂ ਕੀ ਹੋਇਆ। ਮਿੱਟੀ ਦਾ ਅਹਾਰ ਕਰਨ ਨਾਲ ਜੇ ਪਰਮੇਸ਼ਰ ਮਿਲਦਾ ਹੋਵੇ ਤਾਂ ਮਿੱਟੀ ਖਾਣ ਵਾਲੀ ਜੋਕ ਨੂੰ ਪੁਛ ਲਵੋ ਕਿ ਤੈਨੂੰ ਪਰਮੇਸ਼ਰ ਮਿਲਿਆ ਹੈ ਕਿ ਨਹੀਂ ? ਜਿਹੜਾ ਪੁਰਸ਼ ਕਾਮਨਾਵਾਂ ਦੇ ਅਧੀਨ ਹੈ ਤੇ ਕਾਮ ਕ੍ਰੋਧ ਵਿਚ ਚਤਰ ਹੈ ਭਾਵ ਹਰ ਵੇਲੇ ਕਾਮ ਤੇ ਕ੍ਰੋਧ ਵਿਚ ਗ੍ਰਸਿਆ ਰਹਿੰਦਾ ਹੈ ਉਹ ਸ਼ਰਧਾ ਤੋਂ ਰਹਿਤ ਪੁਰਸ਼ ਪ੍ਰਭੂ ਨੂੰ ਕਿਸ ਪ੍ਰਕਾਰ ਮਿਲੇਗਾ॥ ੧੦॥ ੮੦॥

ਨਾਚਿਓ ਈ ਕਰਤ ਮੋਰ ਦਾਦਰ ਕਰਤ ਸ਼ੋਰ
ਸਦਾ ਘਨਘੋਰ ਘਨ ਕਰਿਓ ਈ ਕਰਤ ਹੈ॥
ਏਕ ਪਾਇ ਠਾਢੇ ਸਦਾ ਬਨ ਮੈ ਰਹਤ ਬ੍ਰਿਛ
ਫੂਕ ਫੂਕ ਪਾਵ ਭੂਮ ਸ੍ਰਾਵਗ ਧਰਤ ਹੈ॥
ਪਾਹਨ ਅਨੇਕ ਜੁਗ ਏਕ ਠਉਰ ਬਾਸੁ ਕਰੈ
ਕਾਗ ਅਉਰ ਚੀਲ ਦੇਸ ਦੇਸ ਬਿਚਰਤ ਹੈ॥
ਗਜਾਨ ਕੇ ਬਿਹੀਨ ਮਹਾ ਦਾਨ ਮੈ ਨ ਹੂਜੈ ਲੀਨ
ਭਾਵਨਾ ਬਿਹੀਨ ਦੀਨ ਕੈਸੇ ਕੇ ਤਰਤ ਹੈ॥੧੧॥੮੧॥

ਪਦ ਅਰਥ - ਦਾਦਰ=ਡੱਡੂ। ਘਨ=ਬੱਦਲ। ਪਾਹਨ=ਪੱਥਰ। ਮਹਾ ਦਾਨ=ਅਕਾਲ ਪੁਰਖ।

ਮੰਦਰਾਂ ਵਿਚ ਢੋਲਕੀਆਂ ਛੈਣੇ ਵਜਾਕੇ ਨ੍ਰਿਤ ਕਰਨ ਤੇ ਰੋਲਾ ਗੋਲਾ ਪਾਉਣ ਨਾਲ ਜੇ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੋਵੇ ਤਾਂ ਵਣਾਂ ਵਿਚ ਮੋਰ ਨੱਚਦੇ ਹਨ, ਛਪੜਾਂ ਦੇ ਕੰਢਿਆਂ ਤੇ ਡੱਡੂ ਰੋਲਾ ਪਾਉਂਦੇ ਹਨ ਤੇ ਬੱਦਲ ਗੱਜਦੇ ਹਨ। ਜੇ ਇਕ ਪੈਰ ਦੇ ਭਾਰ ਖੜੇ ਹੋ ਕੇ ਤਪੱਸਿਆ ਕੀਤਿਆਂ ਪਰਮਾਤਮਾ ਮਿਲਦਾ ਹੋਵੇ ਤਾਂ ਵਣਾਂ ਦੇ ਸਾਰੇ ਬ੍ਰਿਛ ਹਮੇਸ਼ਾਂ ਇਕ ਪੈਰ ਦੇ ਭਾਰ ਹੀ ਖੜੇ ਰਹਿੰਦੇ ਹਨ। ਜੇ ਇਹ ਖਿਆਲ ਹੋਵੇ ਕਿ ਜੀਵਾਂ ਦੀ ਰੱਖਿਆ ਕਰਨ ਨਾਲ ਪ੍ਰਭੂ ਪ੍ਰਸੰਨ ਹੋ ਕੇ ਮਿਲਦਾ ਹੈ ਤਾਂ ਜੈਨੀ ਸਰੇਵੜੇ ਸਦਾ ਜ਼ਮੀਨ ਨੂੰ ਹੂੰਝ ਹੂੰਝ ਕੇ ਚਲਦੇ ਹਨ ਕਿ ਪੈਰਾ ਹੇਠਾਂ ਆ ਕੇ ਕੋਈ ਜੀਵ ਮਰ ਨਾ ਜਾਏ। ਜੇ ਸਦਾ ਇਕੋ ਜਗ੍ਹਾ ਤੇ ਨਿਵਾਸ ਕੀਤਿਆਂ ਪਰਮਾਤਮਾ ਮਿਲਦਾ ਹੈ ਤਾਂ ਪੱਥਰ ਕਈ ਜੁਗਾਂ ਤਕ ਇਕੋ ਜਗ੍ਹਾ ਹੀ ਟਿਕੇ ਰਹਿੰਦੇ ਹਨ ਤੇ ਜੇ ਦੇਸਾਂ ਦੇਸਾਂਤਰਾਂ ਵਿਚ ਫਿਰਨ ਨਾਲ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੋਵੇ ਤਾਂ ਕਾਂ ਤੇ ਇੱਲਾਂ ਕਈ ਦੇਸਾਂ ਦਾ ਚੱਕਰ ਕਟਦੇ ਰਹਿੰਦੇ ਹਨ। ਅਗਿਆਨੀ ਪੁਰਸ਼ ਅਕਾਲ ਪੁਰਖ ਵਿਚ ਲੀਨ ਨਹੀਂ ਹੋ ਸਕਦੇ। ਸ਼ਰਧਾ ਤੇ ਸਿਦਕ ਤੋਂ ਵਿਹੂਣੇ ਪੁਰਸ਼ ਕਿਵੇਂ ਤਰਨਗੇ ?॥੧੧॥੮੧॥

ਜੈਸੇ ਏਕ ਸ੍ਵਾਂਗੀ ਕਹੂੰ ਜੋਗੀਆ ਬੈਰਾਗੀ ਬਨ
ਕਬਹੂੰ ਸੰਨਜਾਸ ਭੇਸ ਬਨ ਕੈ ਦਿਖਾਵਈ॥
ਕਹੂੰ ਪਉਨਹਾਰੀ ਕਹੂੰ ਬੈਠੇ ਲਾਇ ਤਾਰੀ
ਕਹੂੰ ਲੋਭ ਕੀ ਖੁਮਾਰੀ ਸੌ ਅਨੇਕ ਗੁਨ ਗਵਾਈ॥
ਕਹੂੰ ਬ੍ਰਹਮਚਾਰੀ ਕਹੂੰ ਹਾਥ ਪੈ ਲਗਾਵੈ ਬਾਰੀ
ਕਹੂੰ ਡੰਡਧਾਰੀ ਹੁਇਕੈ ਲੋਗਨ ਭ੍ਰਮਾਵਈ॥

**ਕਾਮਨਾ ਅਧੀਨ ਪਰਿਓ ਨਾਚਤ ਹੈ ਨਾਚਨ ਸੋ ਗਿਆਨ ਕੇ ਬਿਹੀਨ ਕੈਸੇ ਬ੍ਰਹਮ ਲੋਕ ਪਾਵਈ॥੧੨॥੮੨॥**

ਇਕ ਸ੍ਵਾਂਗਧਾਰੀ ਭਾਵ ਬਹੁਰੂਪੀਆ ਕਦੀ ਜੋਗੀ, ਕਦੀ ਬੈਰਾਗੀ ਬਣਦਾ ਹੈ ਅਤੇ ਕਦੀ ਸੰਨਿਆਸੀ ਦਾ ਭੇਸ ਬਣਾਕੇ ਦਿਖਾਉਂਦਾ ਹੈ। ਉਹ ਬਹੁਰੂਪੀਆ ਕਦੀ ਪਉਨਅਹਾਰੀ ਬਣਦਾ ਹੈ ਤੇ ਕਦੀ ਸਮਾਧੀ ਲਾ ਕੇ ਬੈਠਣ ਵਾਲਾ ਜੋਗੀ ਬਣ ਬੈਠਦਾ ਹੈ। ਕਦੀ ਲਾਲਚੀ ਬਣਕੇ ਮਸਤੀ ਨਾਲ ਕਈ ਤਰ੍ਹਾਂ ਦੇ ਗੁਣ ਗਾਇਨ ਕਰਦਾ ਹੈ। ਬਹੁਰੂਪੀਆ ਕਦੀ ਬ੍ਰਹਮਚਾਰੀ ਬਣਦਾ ਹੈ ਤੇ ਕਦੀ ਹਥ ਤੇ ਖੇਤੀ ਉਗਾਕੇ ਲੋਕਾਂ ਨੂੰ ਵਿਖਾਉਂਦਾ ਹੈ। ਕਦੀ ਡੰਡ ਧਾਰੀ ਸਾਧੂ ਬਣਕੇ ਦੁਨੀਆਂ ਨੂੰ ਭਰਮਾਉਂਦਾ ਹੈ। ਬਹੁਰੂਪੀਏ ਵਾਂਗੂੰ ਇੱਛਾਵਾਂ ਦੇ ਅਧੀਨ ਹੋਇਆ ਪੁਰਸ਼ ਨਚਾਰਾਂ ਵਾਗੂੰ ਨੱਚਦਾ ਫਿਰਦਾ ਹੈ। ਗਿਆਨ ਤੋਂ ਵਿਹੂਣਾ ਉਹ ਪੁਰਸ਼ ਪ੍ਰਭੂ ਦੀ ਸੱਚੀ ਦਰਗਾਹ ਵਿਚ ਕਿਵੇਂ ਜਾ ਸਕਦਾ ਹੈ॥੧੨॥੮੨॥

**ਪੰਚ ਬਾਰ ਗੀਦਰ ਪੁਕਾਰੇ ਪਰੇ ਸੀਤ ਕਾਲ ਕੁੰਚਰ ਔ ਗਦਹਾ ਅਨੇਕ ਦਾ ਪੁਕਾਰਹੀਂ॥**
**ਕਹਾ ਭਯੋ ਜੋ ਪੈ ਕਲਵੱਤ੍ਰ ਲੀਓ ਕਾਂਸੀ ਬੀਚ ਚੀਰ ਚੀਰ ਚੋਰਟਾ ਕੁਠਾਰਨ ਸੋਂ ਮਾਰਹੀਂ॥**
**ਕਹਾ ਭਇਓ ਫਾਸੀ ਡਾਰ ਬੂਡਿਓ ਜੜ ਗੰਗਧਾਰ ਡਾਰ ਡਾਰ ਫਾਸ ਠਗ ਮਾਰ ਮਾਰ ਡਾਰਹੀਂ॥**
**ਡੂਬੇ ਨਰਕ ਧਾਰ ਮੂੜ ਗਿਆਨ ਕੇ ਬਿਨਾ ਬਿਚਾਰ ਭਾਵਨਾ ਬਿਹੀਨ ਕੈਸੇ ਗਜਾਨ ਕੋ ਬਿਚਾਰਹੀਂ॥੧੩॥੮੩॥**

ਪਦ ਅਰਥ - ਕਲਵਤ੍ਰ= ਕਾਂਸ਼ੀ ਦਾ ਆਰਾ। ਚੋਰਟਾ=ਚੋਰ। ਕੁਠਾਰਨ ਸੋਂ=ਕੁਹਾੜਿਆਂ ਨਾਲ।

ਜੇ ਬਹੁਤਾ ਉੱਚੀ ਉੱਚੀ ਬੋਲਣ ਨਾਲ ਪ੍ਰਭੂ ਮਿਲਦਾ ਹੋਵੇ ਤਾਂ ਠੰਢ ਲਗਣ ਨਾਲ ਗਿੱਦੜ ਬਾਰ ਬਾਰ ਬੋਲਦਾ ਹੈ ਤੇ ਹਾਥੀ ਤੇ ਖੋਤਾ ਵੀ ਅਨੇਕਾਂ ਵਾਰੀ ਬੋਲਦਾ ਹੈ। ਜੇ ਕਿਸੇ ਪੁਰਸ਼ ਨੇ ਪ੍ਰਭੂ ਦੀ ਪ੍ਰਾਪਤੀ ਵਾਸਤੇ ਕਾਂਸ਼ੀ ਵਿਚ ਜਾ ਕੇ ਆਪਣੇ ਸਰੀਰ ਨੂੰ ਕਲਵਤ੍ਰ ਆਰੇ ਨਾਲ ਚਿਰਾ ਲਿਆ ਤਾਂ ਕੀ ਹੋਇਆ ਕਿਉਂਕਿ ਚੋਰ ਨੂੰ ਵੀ ਫੜ ਕੇ ਲੋਕੀਂ ਕੁਹਾੜਿਆਂ ਨਾਲ ਚੀਰ ਕੇ ਮਾਰ ਦੇਂਦੇ ਹਨ। ਜੇ ਕੋਈ ਪੁਰਸ਼ ਆਪਣੇ ਗਲ ਵਿਚ ਰੱਸੇ ਦੀ ਫਾਹੀ ਪਾ ਕੇ ਗੰਗਾ ਵਿਚ ਡੁਬ ਕੇ ਮਰ ਗਿਆ ਹੈ ਤਾਂ ਕੀ ਹੋਇਆ ? ਕਿਉਂਕਿ ਠੱਗ ਵੀ ਰਾਹੀਆਂ ਨੂੰ ਫੜਕੇ ਉਹਨਾਂ ਦੇ ਗਲਾਂ ਵਿਚ ਫਾਹੀਆਂ ਪਾ ਕੇ ਮਾਰ ਦੇਂਦੇ ਹਨ। ਗਿਆਨ ਦੀ ਵਿਚਾਰ ਤੋਂ ਖਾਲੀ ਅਗਿਆਨੀ ਪੁਰਸ਼ ਨਰਕ ਦੀ ਧਾਰ ਵਿਚ ਡੁੱਬੇ ਜਾਂਦੇ ਹਨ। ਸ਼ਰਧਾ ਤੇ ਸਿਦਕ ਤੋਂ ਖਾਲੀ ਪੁਰਸ਼ਾਂ ਨੂੰ ਗਿਆਨ ਦੀ ਵੀਚਾਰ ਕਿਵੇਂ ਹੋ ਸਕਦੀ ਹੈ॥੧੩॥੮੩॥

ਤਾਪ ਕੇ ਸਹੇ ਤੇ ਜੋ ਪੈ ਪਾਇਐ ਅਤਾਪ ਨਾਥ
ਤਾਪਨਾ ਅਨੇਕ ਤਨ ਘਾਇਲ ਸਹਤ ਹੈ॥
ਜਾਪ ਕੇ ਕੀਏ ਤੇ ਜੌ ਪੈ ਪਾਯਤ ਅਜਾਪ ਦੇਵ
ਪੂਦਨਾ ਸਦੀਵ ਤੂਹੀ ਤੂਹੀ ਉਚਰਤ ਹੈ॥
ਨਭ ਕੇ ਉਡੇ ਤੇ ਜੌ ਪੈ ਨਾਰਾਇਣ ਪਾਯਤ
ਅਨਲ ਅਕਾਸ਼ ਪੰਛੀ ਡੋਲਬੋ ਕਰਤ ਹੈ॥
ਆਗ ਮੈ ਜਰੇ ਤੇ ਗਤ ਰਾਂਡ ਕੀ ਪਰਤ ਕਰ
ਪਤਾਲ ਕੇ ਬਾਸੀ ਕਿਉ ਭੁਜੰਗ ਨ ਤਰਤ ਹੈ॥੧੪॥੮੪॥

ਪਦ ਅਰਥ - ਤਾਪ=ਦੁਖ। ਅਤਾਪ=ਦੁਖਾਂ ਤੋਂ ਰਹਿਤ। ਘਾਇਲ=ਜ਼ਖਮੀ। ਪੂਦਨਾ=ਇਕ ਤਰ੍ਹਾਂ ਦਾ ਪੰਛੀ, ਇਸ ਦੀ ਬੋਲੀ 'ਤੂਹੀ ਤੂਹੀ' ਪ੍ਰਤੀਤ ਹੁੰਦੀ ਹੈ। ਅਨਲ=ਇਕ ਤਰ੍ਹਾਂ ਦਾ ਪੰਛੀ, ਜੋ ਸਦਾ ਅਕਾਸ਼ ਵਿਚ ਹੀ ਉੱਡਦਾ ਰਹਿੰਦਾ ਹੈ। ਕਰ=ਹੱਥ। ਗਤਿ=ਮੁਕਤੀ। ਭੁੰਜਗ=ਸੱਪ।

ਜੇਕਰ ਸਰੀਰ ਤੇ ਦੁਖ ਸਹਿਣ ਨਾਲ ਦੁਖਾਂ ਤੋਂ ਰਹਿਤ ਪ੍ਰਭੂ ਮਿਲਦਾ ਹੋਵੇ ਤਾਂ ਜ਼ਖਮੀ ਪੁਰਸ਼ ਆਪਣੇ ਸਰੀਰ ਤੇ ਅਨੇਕ ਤਰ੍ਹਾਂ ਦੇ ਦੁਖ ਸਹਿੰਦਾ ਹੈ। ਇਸ ਲਈ ਪ੍ਰਭੂ ਉਸਨੂੰ ਮਿਲਣਾ ਚਾਹੀਦਾ ਹੈ। ਜੇਕਰ ਕਿਸੇ ਖਾਸ ਮੰਤ੍ਰ ਦੇ ਜਾਪ ਕਰਨ ਨਾਲ ਨਾ ਜਪਿਆ ਜਾਣ ਵਾਲਾ ਪਰਮਾਤਮਾ ਮਿਲ ਸਕਦਾ ਹੋਵੇ ਤਾਂ ਪੂਦਨਾ ਪੰਛੀ ਹਰ ਵੇਲੇ ਤੂਹੀ ਤੂਹੀ ਕਹਿੰਦਾ ਰਹਿੰਦਾ ਹੈ। ਜੇ ਅਕਾਸ਼ ਵਿਚ ਉਡਾਰੀਆਂ ਲਾਣ ਨਾਲ ਪਰਮਾਤਮਾ ਪ੍ਰਾਪਤ ਹੁੰਦਾ ਹੋਵੇ ਤਾਂ ਅਨਲ ਪੰਛੀ ਹਮੇਸ਼ਾਂ ਅਕਾਸ਼ ਵਿਚ ਹਰ ਵੇਲੇ ਉੱਡਦਾ ਰਹਿੰਦਾ ਹੈ। ਅੱਗ ਵਿਚ ਸੜਨ ਨਾਲ ਜੇ ਮੁਕਤੀ ਪ੍ਰਾਪਤ ਹੁੰਦੀ ਹੋਵੇ ਤਾਂ ਪਤੀ ਨਾਲ ਸਤੀ ਹੋਣ ਵਾਲੀ ਵਿਧਵਾ ਦੇ ਹੱਥ ਮੁਕਤੀ ਆਉਣੀ ਚਾਹੀਦੀ ਹੈ ਤੇ ਜੇ ਧਰਤੀ ਵਿਚ ਗੁਫਾ ਬਣਾ ਕੇ ਰਹਿਣ ਨਾਲ ਮੁਕਤੀ ਮਿਲਦੀ ਹੈ ਤਾਂ ਪਤਾਲ ਵਿਚ ਵਸਣ ਵਾਲੇ ਸੱਪ ਕਿਉਂ ਨਹੀਂ ਤਰ ਜਾਂਦੇ ?॥੧੪॥੮੪॥

ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ
ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ॥
ਹਿੰਦੂ ਤੁਰਕ ਕੋਊ ਰਾਫਜ਼ੀ ਇਮਾਮ ਸਾਫੀ
ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ॥
ਕਰਤਾ ਕਰੀਮ ਸੋਈ ਰਾਜ਼ਕ ਰਹੀਮ ਓਈ
ਦੂਸਰੋ ਨਾ ਭੇਦ ਕੋਈ ਭੂਲ ਭ੍ਰਮ ਮਾਨਬੋ॥

**ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ**
**ਏਕ ਹੀ ਸਰੂਪ ਸਭੈ ਏਕੈ ਜੋਤ ਜਾਨਬੋ॥੧੫॥੮੫॥**

ਪਦ ਅਰਥ - ਮੁੰਡੀਆ=ਬੈਰਾਗੀ। ਅਨੁਮਾਨਬੋ=ਵੇਖਿਆ ਜਾਂਦਾ ਹੈ। ਰਾਫਜ਼ੀ=ਸ਼ੀਆ ਸ਼੍ਰੇਣੀ ਦਾ ਮੁਸਲਮਾਨ। ਇਮਾਮ ਸਾਫੀ=ਸੁੰਨੀ ਸ਼੍ਰੇਣੀ ਦਾ ਮੁਸਲਮਾਨ। ਇਸਲਾਮ ਦੇ ਸ਼ੀਆਂ ਤੇ ਸੁੰਨੀ ਦੋ ਫਿਰਕੇ ਹਨ। ਕਰਤਾ=ਰਚਨਹਾਰ। ਕਰੀਮ=ਕ੍ਰਿਪਾਲੂ। ਰਹੀਮ=ਦਿਆਲੂ।

ਇਸ ਸੰਸਾਰ ਵਿਚ ਅਨੇਕ ਤਰਾਂ ਦੇ ਭੇਖਾਂ ਵਿਚ ਪੁਰਸ਼ ਵਿਚਰਦੇ ਹਨ ਕੋਈ ਤਾਂ ਰਾਮਾਨੰਦ ਦਾ ਚੇਲਾ ਬਣ ਕੇ ਬੈਰਾਗੀ ਬਣਿਆਂ ਫਿਰਦਾ ਹੈ, ਕਈ ਸੰਨਿਆਸੀ ਤੇ ਕੋਈ ਜੋਗੀ ਬਣਿਆਂ ਬੈਠਾ ਹੈ। ਕੋਈ ਬ੍ਰਹਮਚਾਰੀ ਹੈ ਤੇ ਕੋਈ ਜਤੀ ਦੇ ਰੂਪ ਵਿਚ ਵਖਿਆ ਜਾਂਦਾ ਹੈ। ਕੋਈ ਪੁਰਸ਼ ਹਿੰਦੂ ਮਤ ਦਾ ਹੈ ਤੇ ਕੋਈ ਮੁਸਲਮਾਨ। ਕੋਈ ਸ਼ੀਆ ਮੁਸਲਮਾਨ ਹੈ ਤੇ ਕੋਈ ਸੁੰਨੀ ਮੁਸਲਮਾਨ ਹੈ। ਪਰ ਸਾਡੀ ਨਜ਼ਰ ਵਿਚ ਸਾਰੇ ਮਨੁੱਖਾਂ ਦੀ ਇਕੋ ਜਾਤ ਹੈ ਭਾਵ ਸਾਰੀ ਮਨੁੱਖ ਜਾਤੀ ਇਕੋ ਨੂਰ ਤੋ ਪੈਦਾ ਹੁੰਦੀ ਹੈ। ਸਭ ਸੰਸਾਰ ਦੇ ਪ੍ਰਾਣੀਆਂ ਦਾ ਰਚਨਹਾਰ ਕ੍ਰਿਪਾਲੂ ਪ੍ਰਭੂ ਹੈ ਤੇ ਸਭ ਨੂੰ ਰੋਜ਼ੀ ਦੇਣ ਵਾਲਾ ਦਿਆਲੂ ਵੀ ਓਹੀ ਹੈ। ਉਸ ਤੋਂ ਬਿਨਾਂ ਹੋਰ ਕੋਈ ਨਹੀਂ। ਇਹ ਜਿਹੜੇ ਮਨੁੱਖ ਅੱਡ ਅੱਡ ਫਿਰਕੇ ਬਣਾ ਕੇ ਝਗੜੇ ਝਾਂਜੇ ਕਰਦੇ ਹਨ, ਇਹ ਸਭ ਭਰਮ ਭੁਲੇਖਿਆਂ ਵਿਚ ਪਏ ਹੋਏ ਹਨ। ਹੇ ਪਿਆਰਿਓ ! ਭਰਮ ਰਹਿਤ ਹੋ ਕੇ ਸਭ ਸੰਸਾਰ ਦੇ ਪ੍ਰਾਣੀਆਂ ਦਾ ਜੋ ਇਕੋ ਵੱਡਾ ਪ੍ਰਕਾਸ਼ਕ ਹੈ, ਉਸੇ ਦੀ ਸੇਵਾ ਕਰੋ। ਇਹ ਸਾਰਾ ਸੰਸਾਰ ਉਸ ਇਕੋ ਪ੍ਰਭੂ ਦਾ ਰੂਪ ਹੈ ਤੇ ਸਭ ਵਿਚ ਉਸ ਦੀ ਜੋਤ ਪ੍ਰਕਾਸ਼ ਕਰ ਰਹੀ ਹੈ॥੧੫॥੮੫॥

**ਦੇਹੁਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ**
**ਮਾਨਸ ਸਭੈ ਏਕ ਪੈ ਅਨੇਕ ਕੋ ਭ੍ਰਮਾਉ ਹੈ॥**
**ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ**
**ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ॥**
**ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ**
**ਖਾਕ ਬਾਦ ਆਤਸ਼ ਔ ਆਬ ਕੋ ਰਲਾਉ ਹੈ॥**
**ਅਲਹ ਅਭੇਖ ਸੋਈ ਪੁਰਾਨ ਔ ਕੁਰਾਨ ਓਈ**
**ਏਕ ਹੀ ਸਰੂਪ ਸਭੈ ਏਕ ਹੀ ਬਨਾਉ ਹੈ॥੧੬॥੮੬॥**

ਪਦ ਅਰਥ - ਦੇਹੁਰਾ=ਮੰਦਰ। ਮਾਨਸ=ਮਨੁੱਖ। ਬਾਨ=ਬਣਾਵਟ। ਖਾਕ=ਮਿੱਟੀ। ਬਾਦ=ਪੌਣ। ਆਤਸ=ਅੱਗ। ਆਬ=ਪਾਣੀ।

ਮੰਦਰ ਤੇ ਮਸੀਤ ਇਕੋ ਪ੍ਰਭੂ ਦੇ ਘਰ ਹਨ, ਪੂਜਾ ਤੇ ਨਮਾਜ਼ ਵੀ ਓਹੋ ਹੈ। ਸਾਰੇ ਮਨੁੱਖ ਇਕੋ ਜਿਹੇ ਹਨ, ਪਰ ਭਰਮ ਭੁਲੇਖੇ ਕਰਕੇ ਅਨੇਕ ਤਰ੍ਹਾਂ ਦੀ ਪ੍ਰਤੀਤੀ ਹੋ ਰਹੀ ਹੈ। ਦੇਵਤੇ, ਦੈਤ, ਜੱਛ, ਗੰਧਰਬ, ਮੁਸਲਮਾਨ ਤੇ ਹਿੰਦੂ ਆਦਿ ਜੋ ਅੱਡ ਅੱਡ ਨਜ਼ਰ ਆ ਰਹੇ ਹਨ, ਇਹ ਸਭ ਵਖੋ ਵਖਰੇ ਦੇਸਾਂ ਤੇ ਭੇਸਾਂ ਪਹਿਰਾਵਿਆਂ ਦੇ ਪ੍ਰਭਾਵ ਕਰਕੇ ਅੱਡ ਅੱਡ ਦਿੱਸ ਰਹੇ ਹਨ। ਸਾਰੇ ਸੰਸਾਰ ਦੇ ਜੀਵਾਂ ਦੀ ਬਣਾਵਟ ਇਕੋ ਤਰੀਕੇ ਨਾਲ ਹੁੰਦੀ ਹੈ। ਸਾਰਿਆਂ ਦੀਆਂ ਅੱਖਾਂ ਇਕੋ ਜਿਹੀਆਂ ਦੋ ਦੋ ਹਨ, ਸਭ ਦੇ ਕੰਨ ਇਕੋ ਜਿਹੇ ਦੋ ਦੋ ਹਨ, ਇਕੋ ਜਿਹੇ ਸਰੀਰ ਹਨ। ਇਹ ਸਭ ਰਚਨਾ ਪੰਜਾਂ ਤੱਤਾਂ ਦੇ ਮੇਲ ਤੋਂ ਬਣੀ ਹੈ। ਉਹ ਅਲਹ ਅਕਾਲ ਪੁਰਖ ਭੇਖ ਰਹਿਤ ਹੈ, ਪੁਰਾਨ ਤੇ ਕੁਰਾਨ ਓਸੇ ਪ੍ਰਭੂ ਦੇ ਗੁਣ ਗਾਇਨ ਕਰਦੇ ਹਨ, ਸਾਰੇ ਸੰਸਾਰ ਦੇ ਪ੍ਰਾਣੀ ਇਕੋ ਪਰਮਾਤਮਾ ਦਾ ਰੂਪ ਹਨ ਤੇ ਇਹ ਸਾਰੀ ਰਚਨਾ ਇਕੋ ਪ੍ਰਭੂ ਦੀ ਰਚੀ ਹੋਈ ਹੈ॥੧੬॥੮੬॥

**ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ**
**ਨਿਆਰੇ ਨਿਆਰੇ ਹੁਇਕੈ ਫੇਰਿ ਆਗ ਮੈਂ ਮਿਲਾਹਿੰਗੇ॥**
**ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈ**
**ਧੂਰ ਕੇ ਕਨੂਕਾ ਫੇਰ ਧੂਰ ਹੀ ਸਮਾਹਿੰਗੇ॥**
**ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈ**
**ਪਾਨ ਕੇ ਤਰੰਗ ਸਬੈ ਪਾਨ ਹੀ ਕਹਾਹਿੰਗੇ॥**
**ਤੈਸੇ ਬਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹੋਇ**
**ਤਾਹੀ ਤੇ ਉਪਜ ਸਬੈ ਤਾਹੀ ਮੈਂ ਸਮਾਹਿੰਗੇ॥੧੭॥੮੭॥**

ਪਦ ਅਰਥ - ਕਨੂਕਾ=ਚਿੰਨਗ। ਨਿਆਰੇ ਨਿਆਰੇ=ਵੱਖ ਵਖ। ਕਨੂਕਾ=ਜ਼ੱਰੇ। ਨਦ=ਸਾਗਰ। ਤੁਰੰਗ=ਲਹਿਰਾਂ। ਪਾਨ=ਪਾਣੀ। ਬਿਸ੍ਵ ਰੂਪ=ਪ੍ਰਭੂ ਦਾ ਵਿਸਥਾਰ ਵਾਲਾ ਰੂਪ। ਅਭੂਤ=ਜੜ੍ਹ। ਭੂਤ=ਚੇਤਨ।

ਜਿਵੇਂ ਇਕ ਅੱਗ ਤੋਂ ਕਰੋੜਾਂ ਚਿੰਨਗਾਂ ਉੱਠਦੀਆਂ ਹਨ ਤੇ ਅੱਡ ਅੱਡ ਹੋ ਕੇ ਉਹ ਚਿੰਨਗਾਂ ਫਿਰ ਅੱਗ ਵਿਚ ਹੀ ਮਿਲ ਜਾਂਦੀਆਂ ਹਨ। ਜਿਸ ਤਰ੍ਹਾਂ ਇਕ ਮਿੱਟੀ ਤੋਂ ਅਨੇਕ ਮਿੱਟੀ ਦੇ ਜ਼ੱਰੇ ਪੈਦਾ ਹੋ ਜਾਂਦੇ ਹਨ, ਫਿਰ ਉਹ ਮਿੱਟੀ ਦੇ ਜ਼ੱਰੇ ਉਸ ਮਿੱਟੀ ਵਿਚ ਹੀ ਸਮਾ ਜਾਂਦੇ ਹਨ। ਜਿਸ ਤਰ੍ਹਾਂ ਇਕ ਸਮੁੰਦਰ ਵਿਚ ਜਲ ਦੀਆਂ ਕਰੋੜਾਂ ਲਹਿਰਾਂ ਉਤਪੰਨ ਹੁੰਦੀਆਂ ਹਨ। ਪਰ ਉਹ ਪਾਣੀ ਦੀਆਂ ਲਹਿਰਾਂ ਅੰਤ ਨੂੰ ਪਾਣੀ ਹੀ ਕਹੀਆਂ ਜਾਂਦੀਆਂ ਹਨ। ਏਸੇ ਤਰ੍ਹਾਂ ਪ੍ਰਭੂ ਦੇ ਵੈਰਾਟ ਰੂਪ ਵਿਸਥਾਰ ਵਾਲੇ ਰੂਪ ਤੋਂ ਸਭ ਜੜ੍ਹ ਤੇ ਚੇਤਨ ਰਚਨਾ ਉਤਪੰਨ ਹੋਈ ਹੈ, ਉਸ ਰੂਪ ਤੋਂ ਪੈਦਾ ਹੋਈ ਸਾਰੀ ਰਚਨਾ ਅੰਤ ਨੂੰ ਉਸੇ ਵਿਚ ਲੀਨ ਹੋ ਜਾਏਗੀ॥੧੭॥੮੭॥

**ਕੇਤੇ ਕੱਛ ਮੱਛ ਕੇਤੇ ਉਨ ਕਉ ਕਰਤ ਭੱਛ**
**ਕੇਤੇ ਅੱਛ ਵੱਛ ਹੁਇ ਸਪੱਛ ਉੱਡ ਜਾਹਿੰਗੇ॥**
**ਕੇਤੇ ਨਭ ਬੀਚ ਅੱਛ ਪੱਛ ਕਉ ਕਰੈਂਗੇ ਭੱਛ**
**ਕੇਤਕ ਪ੍ਰਤੱਛ ਹੁਇ ਪਚਾਇ ਖਾਇ ਜਾਹਿੰਗੇ॥**
**ਜਲ ਕਹਾ ਥਲ ਕਹਾ ਗਗਨ ਕੇ ਗਉਨ ਕਹਾ**
**ਕਾਲ ਕੇ ਬਨਾਏ ਸਭੈ ਕਾਲ ਹੀ ਚਬਾਹਿੰਗੇ॥**
**ਤੇਜ ਜਿਉ ਅਤੇਜ ਮੈ ਅਤੇਜ ਜੈਸੇ ਤੇਜ ਲੀਨ**
**ਤਾਹੀ ਤੇ ਉਪਜ ਸਭੈ ਤਾਹੀ ਮੈਂ ਸਮਾਹਿੰਗੇ॥੧੮॥੮੮॥**

ਪਦ ਅਰਥ - ਨਭ=ਅਕਾਸ਼। ਅੱਛ=ਅਨਲ ਪੰਛੀ। ਤੇਜ=ਪ੍ਰਕਾਸ਼ ਚਾਨਣਾ । ਅਤੇਜ=ਅੰਧਕਾਰ ਹਨੇਰਾ।

ਇਸ ਸ੍ਰਿਸ਼ਟੀ ਵਿਚ ਕਿੰਨੇ ਹੀ ਕੱਛੂ ਤੇ ਵੱਡੇ ਵੱਡੇ ਮੱਛ ਹਨ ਤੇ ਕਿੰਨੇ ਹੀ ਅਗੋਂ ਉਹਨਾਂ ਨੂੰ ਖਾਣ ਵਾਲੇ ਜੀਵ ਹਨ। ਕਿੰਨੇ ਹੀ ਪੰਛੀ ਹਨ, ਜੋ ਖੰਭਾਂ ਵਾਲੇ ਪੈਦਾ ਹੋ ਕੇ ਸਦਾ ਅਕਾਸ਼ ਵਿਚ ਉੱਡਦੇ ਰਹਿੰਦੇ ਹਨ। ਕਿੰਨੇ ਹੀ ਅਕਾਸ਼ ਵਿਚ ਉੱਡਦੇ ਅਨਲ ਪੰਛੀਆਂ ਨੂੰ ਖਾ ਜਾਣ ਵਾਲੇ ਹੋਰ ਜੀਵ ਪੈਦਾ ਹੁੰਦੇ ਹਨ। ਤੇ ਫਿਰ ਉਹਨਾਂ ਪੈਦਾ ਹੋਏ ਜੀਵਾਂ ਨੂੰ ਖਾ ਕੇ ਪਚਾ ਜਾਣ ਵਾਲੇ ਹੋਰ ਜੀਵ ਉਤਪੰਨ ਹੋ ਜਾਂਦੇ ਹਨ। ਕਿੱਥੇ ਹਨ ਜਲ ਵਾਸੀ ਮੱਛ ਆਦਿ ਜੀਵ ? ਕਿੱਥੇ ਹਨ ਥਲ ਵਿਚ ਵਸਣ ਵਾਲੇ ਪ੍ਰਾਣੀ ? ਤੇ ਕਿੱਥੇ ਹਨ ਅਕਾਸ਼ ਵਿਚ ਉੱਡਣ ਵਾਲੇ ਪੰਛੀ ? ਇਹ ਸਾਰੇ ਜਲ, ਥਲ ਤੇ ਅਕਾਸ਼ ਵਾਸੀ ਜੀਵ ਕਾਲ ਨੇ ਹੀ ਬਣਾਏ ਹਨ ਤੇ ਕਾਲ ਹੀ ਇਹਨਾਂ ਨੂੰ ਖਾ ਜਾਵੇਗਾ ਭਾਵ ਕਾਲ ਹੀ ਇਹਨਾਂ ਨੂੰ ਖਾ ਜਾਂਦਾ ਹੈ। ਜਿਵੇਂ ਪ੍ਰਕਾਸ਼ ਅੰਧਕਾਰ ਵਿਚ ਤੇ ਅੰਧਕਾਰ ਪ੍ਰਕਾਸ਼ ਵਿਚ ਲੀਨ ਹੋ ਜਾਂਦਾ ਹੈ, ਇਸੇ ਤਰ੍ਹਾਂ ਇਹ ਜੀਵ ਜੰਤੂ ਉਸ ਪ੍ਰਭੂ ਦੇ ਪ੍ਰਕਾਸ਼ ਤੋਂ ਪੈਦਾ ਹੁੰਦੇ ਹਨ ਤੇ ਫਿਰ ਉਸੇ ਨੂਰ ਵਿਚ ਹੀ ਸਮਾ ਜਾਣਗੇ ਅਥਵਾ ਸਮਾ ਜਾਂਦੇ ਹਨ॥੧੮॥੮੮॥

ਭਾਵਾਰਥ-ਇਹ ਜੋ ਸਾਰਾ ਸੰਸਾਰ ਦਿੱਸਦਾ ਹੈ, ਇਸ ਦਾ ਹਰ ਪ੍ਰਾਣੀ ਤੇ ਇਸ ਦੀ ਹਰ ਸ਼ੈ, ਜਲ, ਥਲ, ਬ੍ਰਿਛ, ਵਣ, ਪਰਬਤ, ਨਦੀਆਂ, ਨਾਲੇ ਤੇ ਸਮੁੰਦਰ ਆਦਿ ਸਭ ਪ੍ਰਭੂ ਨੇ ਆਪਣੇ ਸਰੂਪ ਵਿਚੋਂ ਹੀ ਰੂਪਮਾਨ ਕੀਤੇ ਹਨ। ਫਿਰ ਜਦੋਂ ਉਹ ਚਾਹੁੰਦਾ ਹੈ, ਇਸ ਸਾਰੀ ਰਚਨਾ ਨੂੰ ਸਮੇਟਕੇ ਆਪਣੇ ਵਿਚ ਹੀ ਲੀਨ ਕਰ ਲੈਂਦਾ ਹੈ।

**ਕੂਕਤ ਫਿਰਤ ਕੇਤੇ ਰੋਵਤ ਮਰਤ ਕੇਤੇ**
**ਜਲ ਮੈ ਡੂਬਤ ਕੇਤੇ ਆਗ ਮੈ ਜਰਤ ਹੈਂ॥**

ਕੇਤੇ ਗੰਗ ਬਾਸੀ ਕੇਤੇ ਮਦੀਨਾ ਮਕਾ ਨਿਵਾਸੀ
ਕੇਤਕ ਉਦਾਸੀ ਕੇ ਭ੍ਰਮਾਏ ਈ ਫਿਰਤ ਹੈਂ॥
ਕਰਵਤ ਸਹਤ ਕੇਤੇ ਭੂਮ ਮੈ ਗਡਤ ਕੇਤੇ
ਸੂਆ ਪੈ ਚੜ੍ਹਤ ਕੇਤੇ ਦੂਖ ਕਉ ਭਰਤ ਹੈਂ॥
ਗੈਨ ਮੈ ਉਡਤ ਕੇਤੇ ਜਲ ਮੈ ਰਹਤ ਕੇਤੇ
ਗਿਆਨ ਕੇ ਬਿਹੀਨ ਜਕ ਜਾਰੇ ਈ ਮਰਤ ਹੈਂ॥੧੯॥੮੯॥

ਪਦ ਅਰਥ - ਸੂਆ=ਸੂਲੀ। ਗੈਨ=ਆਕਾਸ਼। ਜਕ=ਲਟ ਲਟ ਮਚਦੀ ਅੱਗ।

ਕਿੰਨੇ ਹੀ ਜੀਵ ਕੂਕਦੇ ਫਿਰਦੇ ਹਨ, ਕਿੰਨੇ ਹੀ ਦੁਖਾਂ ਵਿਚ ਗ੍ਰੱਸੇ ਰੋਂਦੇ ਧੋਂਦੇ ਮਰ ਜਾਂਦੇ ਹਨ, ਕਿੰਨੇ ਹੀ ਪ੍ਰਾਣੀ ਪਾਣੀ ਵਿਚ ਪ੍ਰਾਣ ਤਿਆਗਦੇ ਹਨ ਤੇ ਕਿੰਨੇ ਹੀ ਅੱਗ ਵਿਚ ਸੜ ਕੇ ਮਰ ਜਾਂਦੇ ਹਨ। ਕਿੰਨੇ ਹਿੰਦੂ ਗੰਗਾ ਤੀਰਥ ਤੇ ਨਿਵਾਸ ਕਰਦੇ ਹਨ, ਕਿੰਨੇ ਮੁਸਲਮਾਨ ਮੱਕੇ ਤੇ ਮਦੀਨੇ ਵਿਚ ਜਾ ਕੇ ਵਸਦੇ ਹਨ। ਕਿੰਨੇ ਪੁਰਸ਼ ਉਦਾਸੀ ਮਤ ਧਾਰ ਕੇ ਭੌਂਦੇ ਫਿਰਦੇ ਹਨ। ਕਈ ਪੁਰਸ਼ ਬਨਾਰਸ ਵਿਚ ਜਾ ਕੇ ਕਰਵਤ੍ਰ ਆਰੇ ਨਾਲ ਆਪਣੇ ਸਰੀਰ ਨੂੰ ਚਿਰਵਾਉਂਦੇ ਹਨ, ਕਈ ਧਰਤੀ ਵਿਚ ਦੱਬੇ ਜਾਂਦੇ ਹਨ। ਕਈ ਸੂਲੀ ਉਤੇ ਚੜ੍ਹਦੇ ਹਨ ਤੇ ਕਈ ਅਨੇਕ ਪ੍ਰਕਾਰ ਦੇ ਕਸ਼ਟ ਸਹਿੰਦੇ ਹਨ। ਕਈ ਜੋਗੀ ਜੋਗ ਸਾਧਨਾ ਨਾਲ ਅਕਾਸ਼ ਵਿਚ ਉੱਡਦੇ ਹਨ, ਕਈ ਤਪੱਸਿਆ ਕਰਨ ਲਈ ਜਲ ਵਿਚ ਖੜੇ ਰਹਿੰਦੇ ਹਨ। ਕਈ ਗਿਆਨ ਹੀਨ ਲਟ ਲਟ ਕਰਦੀ ਅੱਗ ਵਿਚ ਸੜ ਕੇ ਮਰਦੇ ਹਨ॥੧੯॥੮੯॥

ਸੋਧ ਹਾਰੇ ਦੇਵਤਾ ਬਿਰੋਧ ਹਾਰੇ ਦਾਨੋ ਬਡੇ
ਬੋਧ ਹਾਰੇ ਬੋਧਕ ਪ੍ਰਬੋਧ ਹਾਰੇ ਜਾਪਸੀ॥
ਘਸ ਹਾਰੇ ਚੰਦਨ ਲਗਾਇ ਹਾਰੇ ਚੋਆਚਾਰ
ਪੂਜ ਹਾਰੇ ਪਾਹਨ ਚੜ੍ਹਾਏ ਹਾਰੇ ਲਾਪਸੀ॥
ਗਾਹ ਹਾਰੇ ਗੋਰਨ ਮਨਾਇ ਹਾਰੇ ਮੜ੍ਹੀ ਮੱਟ
ਲੀਪ ਹਾਰੇ ਭੀਤਨ ਲਗਾਇ ਹਾਰ ਛਾਪਸੀ॥
ਗਾਇ ਹਾਰੇ ਗੰਧ੍ਰਬ ਬਜਾਇ ਹਾਰੇ ਕਿੰਨਰ ਸਭ
ਪਚ ਹਾਰੇ ਪੰਡਤ ਤਪੰਤ ਹਾਰੇ ਤਾਪਸੀ॥੨੦॥੯੦॥

ਪਦ ਅਰਥ - ਸੋਧ=ਸੁੰਗਧੀ। ਬੋਧ=ਗਿਆਨ। ਜਾਪਸੀ=ਜਪੀ। ਚੋਆਚਾਰੁ=ਸੁੰਦਰ ਅਤਰ।

ਲਾਪਸੀ=ਲੇਟੀ। ਗੋਰਨ=ਕਬਰਾਂ। ਭੀਤਨ=ਕੰਧਾਂ। ਛਾਪਸੀ=ਛਾਪੇ।

ਦੇਵਤੇ, ਜੋ ਸੁਗੰਧੀਆਂ ਚੜ੍ਹਾਉਣ ਵਾਲੇ ਹਨ, ਉਹ ਹਾਰ ਗਏ ਹਨ। ਵਿਰੋਧਤਾ ਅਤੇ ਦੁਸ਼ਮਣੀ ਕਰਨ ਵਾਲੇ ਦੈਂਤ ਵੀ ਹਾਰ ਗਏ ਹਨ। ਵੱਡੇ ਵੱਡੇ ਗਿਆਨ ਕਰਨ ਵਾਲੇ ਗਿਆਨੀ ਹਾਰ ਗਏ ਹਨ ਤੇ ਉੱਤਮ ਬੁਧੀ ਵਾਲੇ ਜਪੀ ਵੀ ਹਾਰ ਗਏ ਹਨ। ਚੰਦਨ ਘਸਾ ਘਸਾ ਕੇ ਲਾਉਣ ਵਾਲੇ ਹਾਰ ਗਏ ਹਨ, ਬੜੇ ਬੜੇ ਸੁੰਦਰ ਅਤਰ ਲਾਉਣ ਵਾਲੇ ਹਾਰ ਗਏ ਹਨ। ਪੱਥਰ ਦੀਆਂ ਬਣੀਆਂ ਮੂਰਤਾਂ ਨੂੰ ਪੂਜਣ ਵਾਲੇ ਹਾਰ ਗਏ ਹਨ ਤੇ ਠਾਕੁਰ ਦੀਆਂ ਮੂਰਤੀਆਂ ਅੱਗੇ ਲਾਪਸੀ ਬਣਾ ਕੇ ਭੇਟਾ ਕਰਨ ਵਾਲੇ ਹਾਰ ਗਏ ਹਨ। ਕਬਰਾਂ ਦੀ ਪੂਜਾ ਕਰਨ ਲਈ ਫਿਰਦੇ ਪੁਰਸ਼ ਹਾਰ ਗਏ ਹਨ, ਮੜ੍ਹੀਆਂ ਤੇ ਮੱਠਾਂ ਨੂੰ ਮੰਨਣ ਵਾਲੇ ਹਾਰ ਗਏ ਹਨ, ਹਨੂੰਮਾਨ ਤੇ ਹੋਰ ਦੇਵਤਿਆਂ ਦੀਆਂ ਮੂਰਤੀਆਂ ਨੂੰ ਸੰਧੂਰ ਲਾਉਣ ਵਾਲੇ ਤੇ ਘਿਉ ਨਾਲ ਇਸ਼ਨਾਨ ਕਰਾਉਣ ਵਾਲੇ ਹਾਰ ਗਏ ਹਨ ਅਤੇ ਛਾਪੇ ਲੁਆਉਣ ਵਾਲੇ ਵੀ ਹਾਰ ਗਏ ਹਨ। ਦੇਵਤਿਆਂ ਦੀ ਸਭਾ ਵਿਚ ਗਾਉਣ ਵਾਲੇ ਗੰਧਰਬ ਰਾਗ ਗਾ ਗਾ ਕੇ ਹਾਰ ਗਏ ਹਨ, ਗੰਧਰਬਾਂ ਨਾਲ ਸਾਜ ਵਜਾਉਣ ਵਾਲੇ ਕਿੰਨਰ ਹਾਰ ਗਏ ਹਨ, ਬੜੇ ਬੜੇ ਪੰਡਤ ਵਿਦਿਆ ਦੇ ਅਭਿਮਾਨ ਕਰਕੇ ਹਾਰ ਗਏ ਹਨ ਤੇ ਤਪ ਕਰਨ ਵਾਲੇ ਤਪੱਸਵੀ ਹਾਰ ਗਏ ਹਨ ਪਰ ਪ੍ਰਭੂ ਦੀ ਲੀਲ੍ਹਾ ਦਾ ਭੇਦ ਕੋਈ ਨਹੀਂ ਜਾਣ ਸਕਿਆ ॥੨੦॥੯੦॥

ਭਾਵਾਰਥ- ਸੰਸਾਰ ਦੇ ਬੜੇ ਬੜੇ ਜੋਗੀ, ਜਤੀ, ਬ੍ਰਹਮਚਾਰੀ, ਪੰਡਤ, ਤਪੱਸਵੀ, ਦੇਵੀ, ਦੇਵਤੇ ਆਦਿ ਆਪਣਾ ਸਾਰਾ ਜ਼ੋਰ ਲਾ ਥਕੇ ਹਨ, ਪਰ ਪਰਮਾਤਮਾ ਦੀ ਅਪਾਰ ਰਚਨਾ ਤੇ ਉਸ ਦੇ ਚੋਜਾਂ ਦਾ ਅੰਤ ਕੋਈ ਨਹੀਂ ਪਾ ਸਕਿਆ। ਉਹ ਬੇਅੰਤ ਬੇਅੰਤ ਹੈ।

## ਤ੍ਵਪ੍ਰਸਾਦਿ ॥ ਭੁਜੰਗ ਪ੍ਰਯਾਤ ਛੰਦ ॥

**ਨ ਰਾਗੰ ਨ ਰੰਗੰ ਨ ਰੂਪੰ ਨ ਰੇਖੰ ॥ ਨ ਮੋਹੰ ਨ ਕ੍ਰੋਹੰ ਨ ਦ੍ਰੋਹੰ ਨ ਦ੍ਵੈਖੰ ॥**
**ਨ ਕਰਮੰ ਨ ਭਰਮੰ ਨ ਜਨਮੰ ਨ ਜਾਤੰ ॥ ਨ ਮਿੱਤ੍ਰੰ ਨ ਸ਼ੱਤ੍ਰੰ ਨ ਪਿੱਤ੍ਰੰ ਨ ਮਾਤੰ ॥ ੧ ॥ ੯੧ ॥**

ਉਸ ਅਕਾਲ ਪੁਰਖ ਦਾ ਨਾ ਕਿਸੇ ਨਾਲ ਰਾਗ ਮੋਹ-ਪਿਆਰ ਹੈ, ਨਾ ਉਸ ਦਾ ਕੋਈ ਰੰਗ ਹੈ, ਨਾ ਕੋਈ ਰੂਪ ਹੈ ਤੇ ਨਾ ਹੀ ਕੋਈ ਰੇਖ ਹੈ। ਨਾ ਉਸਦਾ ਕਿਸੇ ਨਾਲ ਮੋਹ ਹੈ, ਨਾ ਕਿਸੇ ਨਾਲ ਉਸ ਨੂੰ ਕ੍ਰੋਧ ਗੁੱਸਾ ਹੈ, ਨਾ ਉਹ ਕਿਸੇ ਨਾਲ ਧ੍ਰੋਹ ਕਰਦਾ ਹੈ ਤੇ ਨਾ ਕਿਸੇ ਨਾਲ ਉਸਨੂੰ ਦ੍ਵੈਸ਼ ਹੈ। ਉਸ ਲਈ ਕੋਈ ਕਰਮ ਨਹੀਂ, ਨਾ ਉਸ ਨੂੰ ਕੋਈ ਭਰਮ ਹੈ, ਨਾ ਉਸ ਦਾ ਜਨਮ ਹੁੰਦਾ ਹੈ ਤੇ ਨਾ ਉਸਦੀ ਕੋਈ ਜਾਤ ਹੈ। ਉਸ ਪ੍ਰਭੂ ਦਾ ਨਾ ਕੋਈ ਮਿੱਤ੍ਰ ਹੈ ਨਾ ਕੋਈ ਦੁਸ਼ਮਨ ਹੈ, ਨਾ ਉਸਦਾ ਕੋਈ ਪਿਤਾ ਹੈ ਤੇ ਨਾ ਉਸਦੀ ਕੋਈ ਮਾਤਾ ਹੈ॥੧॥੯੧॥

**ਨ ਨੇਹੰ ਨ ਗੇਹੰ ਨ ਕਾਮੰ ਨ ਧਾਮੰ ॥ ਨ ਪੁੱਤ੍ਰੰ ਨ ਮਿੱਤ੍ਰੰ ਨ ਸ਼ੱਤ੍ਰੰ ਨ ਭਾਮੰ ॥**
**ਅਲੇਖੰ ਅਭੇਖੰ ਅਜੋਨੀ ਸਰੂਪੰ ॥ ਸਦਾ ਸਿੱਧ ਦਾ ਬੁੱਧ ਦਾ ਬ੍ਰਿੱਧ ਰੂਪੰ ॥ ੨ ॥ ੯੨ ॥**

ਪਦ ਅਰਥ - ਗੇਹੰ=ਘਰ। ਭਾਮੰ=ਇਸਤਰੀ। ਬੁੱਧਿਦਾ=ਗਿਆਨ। ਬ੍ਰਿੱਧ=ਮਹਾਨ।

ਉਸ ਪ੍ਰਭੂ ਦਾ ਨਾ ਕਿਸੇ ਨਾਲ ਪ੍ਰੇਮ ਹੈ, ਨਾ ਉਸ ਦਾ ਕੋਈ ਘਰ ਹੈ, ਨਾ ਉਸਦਾ ਕੋਈ ਕੰਮ ਹੈ ਤੇ ਨਾ ਉਸ ਦਾ ਕੋਈ ਟਿਕਾਣਾ ਹੈ। ਉਸ ਦਾ ਨਾ ਕੋਈ ਪੁੱਤਰ ਹੈ, ਨਾ ਮਿੱਤਰ ਹੈ, ਨਾ ਦੁਸ਼ਮਨ ਹੈ ਤੇ ਨਾ ਹੀ ਉਸਦੀ ਕੋਈ ਇਸਤਰੀ ਹੈ। ਉਸ ਦਾ ਸਰੂਪ ਲੇਖੇ ਤੋਂ ਰਹਿਤ ਹੈ, ਉਸ ਦਾ ਕੋਈ ਭੇਖ ਪਹਿਰਾਵਾ ਨਹੀਂ ਤੇ ਉਹ ਜੂਨਾਂ ਤੋਂ ਰਹਿਤ ਸਰੂਪ ਵਾਲਾ ਹੈ। ਉਹ ਸਦਾ ਸਿੱਧੀਆਂ ਦਾ ਦਾਤਾ ਹੈ, ਗਿਆਨ ਬਖਸ਼ਣ ਵਾਲਾ ਹੈ ਅਤੇ ਸਭ ਤੋਂ ਮਹਾਨ ਰੂਪ ਵਾਲਾ ਹੈ॥ ੨॥ ੯੨॥

**ਨਹੀ ਜਾਨ ਜਾਈ ਕਛੂ ਰੂਪ ਰੇਖੰ॥ ਕਹਾ ਬਾਸ ਤਾਂਕੋ ਫਿਰੈ ਕਉਨ ਭੇਖੰ॥**
**ਕਹਾ ਨਾਮ ਤਾਕੋ ਕਹਾ ਕੈ ਕਹਾਵੈ॥ ਕਹਾ ਕੈ ਬਖਾਨੋ ਕਹੈ ਮੋ ਨ ਆਵੈ॥ ੩॥ ੯੩॥**

ਉਸ ਪਰਮਾਤਮਾ ਦਾ ਕੁਛ ਰੂਪ ਰੇਖ ਨਹੀਂ ਜਾਣਿਆਂ ਜਾਂਦਾ, ਨਾ ਇਹ ਪਤਾ ਲਗਦਾ ਹੈ ਕਿ ਉਸ ਦਾ ਨਿਵਾਸ ਕਿਥੇ ਹੈ ਤੇ ਉਸ ਦਾ ਭੇਸ ਕੀ ਹੈ ? ਉਸ ਦੇ ਨਾਂ ਦੀ ਵੀ ਕੋਈ ਸੋਝੀ ਨਹੀਂ ਪੈਂਦੀ ਤੇ ਨਾ ਹੀ ਇਹ ਜਾਣਿਆਂ ਜਾ ਸਕਦਾ ਹੈ ਕਿ ਉਹ ਆਪਣੇ ਆਪ ਨੂੰ ਕੀ ਕਹਿ ਕੇ ਕਹਾਉਂਦਾ ਹੈ ? ਮੈਂ ਉਸ ਬਾਰੇ ਕੀ ਵਰਣਨ ਕਰਾਂ ? ਕਿਉਂਕਿ ਉਹ ਕਹਿਣ ਸੁਣਨ ਵਿਚ ਨਹੀਂ ਆ ਸਕਦਾ॥ ੩॥ ੯੩॥

**ਨ ਰੋਗੰ ਨ ਸੋਗੰ ਨ ਮੋਹੰ ਨ ਮਾਤੰ॥ ਨ ਕਰਮੰ ਨ ਭਰਮੰ ਨ ਜਨਮੰ ਨ ਜਾਤੰ॥**
**ਅਦ੍ਵੈਖ ਅਭੇਖੰ ਅਜੋਨੀ ਸਰੂਪੇ॥ ਨਮੋ ਏਕ ਰੂਪੇ ਨਮੋ ਏਕ ਰੂਪੇ॥ ੪॥ ੯੪॥**

ਉਸ ਕਰਤਾ ਪੁਰਖ ਨੂੰ ਨਾ ਕੋਈ ਰੋਗ ਹੈ, ਨਾ ਕੋਈ ਸੋਗ ਹੈ, ਨਾ ਮੋਹ ਹੈ ਤੇ ਨਾ ਹੀ ਕੋਈ ਮਸਤੀ ਹੈ। ਉਸ ਨੂੰ ਨਾ ਕੋਈ ਕਰਮ ਭਾਵ ਕੰਮ ਹੈ, ਨਾ ਭਰਮ ਹੈ, ਨਾ ਉਹ ਜਨਮ ਵਿਚ ਆਉਂਦਾ ਹੈ ਤੇ ਨਾ ਉਸਦੀ ਕੋਈ ਜਾਤ ਹੈ। ਉਹ ਦ੍ਵੈਤ ਤੋਂ ਰਹਿਤ ਹੈ, ਉਸ ਦਾ ਕੋਈ ਖਾਸ ਭੇਸ ਨਹੀਂ। ਉਹ ਜੂਨੀਆਂ ਤੋਂ ਰਹਿਤ ਸਰੂਪ ਵਾਲਾ ਹੈ। ਮੇਰੀ ਉਸ ਇਕ ਰੂਪ ਵਾਲੇ ਨੂੰ ਨਮਸ਼ਕਾਰ ਹੈ, ਮੇਰੀ ਉਸ ਇਕ ਸਰੂਪ ਵਾਲੇ ਪ੍ਰਭੂ ਨੂੰ ਨਮਸ਼ਕਾਰ ਹੈ॥ ੪॥ ੯੪॥

**ਪਰੇਅੰ ਪਰਾ ਪਰਮ ਪ੍ਰਗਿਆ ਪ੍ਰਕਾਸੀ॥ ਅਛੇਦੰ ਅਛੈ ਆਦਿ ਅਦ੍ਵੈ ਅਬਿਨਾਸੀ॥**
**ਨ ਜਾਤੰ ਨ ਪਾਤੰ ਨ ਰੂਪੰ ਨ ਰੰਗੇ॥ ਨਮੋ ਆਦ ਅਭੰਗੇ ਨਮੋ ਆਦ ਅਭੰਗੇ॥ ੫॥ ੯੫॥**

ਪਦ ਅਰਥ - ਪਰੇਅੰ ਪਰਾ=ਪਰੇ ਤੋਂ ਪਰੇ, ਪ੍ਰਗਿਆ=ਬੁੱਧੀ।

ਹੇ ਪਰਮਾਤਮਾ ! ਤੂੰ ਪਰੇ ਤੋਂ ਪਰੇ ਹੈਂ ਤੇ ਬੁਧੀ ਨੂੰ ਪ੍ਰਕਾਸ਼ ਦੇਣ ਵਾਲਾ ਹੈਂ॥ ਤੂੰ ਛੇਦਨ ਤੋਂ ਰਹਿਤ ਹੈਂ, ਤੂੰ ਨਾਸ ਰਹਿਤ ਹੈਂ, ਤੂੰ ਆਦਿ ਕਾਲ ਤੋਂ ਦ੍ਵੈਤ ਰਹਿਤ ਹੈਂ ਤੇ ਕਦੀ ਵੀ ਨਾਸ ਹੋਣ ਵਾਲਾ ਨਹੀਂ। ਤੇਰੀ ਕੋਈ ਜਾਤ ਨਹੀਂ, ਕੋਈ ਕੁਲ ਨਹੀਂ, ਕੋਈ ਰੂਪ ਨਹੀਂ ਤੇ ਨਾ ਹੀ ਕੋਈ ਰੰਗ ਹੈ। ਸਭ ਦੇ ਮੂਲ ਤੇ ਨਾਸ ਰਹਿਤ ਪਰਮੇਸ਼ਰ ਨੂੰ ਮੇਰੀ ਨਮਸ਼ਕਾਰ ਹੈ। ਸਾਰਿਆਂ ਦੇ ਮੁੱਢ ਰੂਪ ਤੇ ਨਾ ਨਾਸ ਹੋਣ ਵਾਲੇ ਪ੍ਰਭੂ ਨੂੰ ਮੇਰੀ ਨਮਸ਼ਕਾਰ ਹੈ॥ ੫॥ ੯੫॥

**ਕਿਤੇ ਕ੍ਰਿਸ਼ਨ ਸੇ ਕੀਟ ਕੋਟੈ ਉਪਾਏ ॥ ਉਸਾਰੇ ਗੜ੍ਹੇ ਫੇਰਿ ਮੇਟੇ ਬਨਾਏ ॥**
**ਅਗਾਧੇ ਅਭੈ ਆਦਿ ਅਦ੍ਵੈ ਅਬਿਨਾਸੀ ॥ ਪਰੇਅੰ ਪਰਾ ਪਰਮ ਪੂਰਨ ਪ੍ਰਕਾਸੀ ॥ ੬ ॥ ੯੬ ॥**

ਪਦ ਅਰਥ - ਕੀਟ=ਕੀੜੇ। ਗੜ੍ਹੇ=ਘੜੇ।

ਉਸ ਸਮਰਥਾਵਾਨ ਪਰਮੇਸ਼ਰ ਨੇ ਕ੍ਰਿਸ਼ਨ ਵਰਗੇ ਕਰੋੜਾਂ ਕੀੜੇ ਪੈਦਾ ਕੀਤੇ ਹਨ ਪਹਿਲਾਂ ਉਸ ਨੇ ਉਹਨਾਂ ਨੂੰ ਉਸਾਰਿਆ, ਘੜਿਆ, ਫੇਰ ਨਾਸ ਕਰ ਦਿੱਤਾ ਤੇ ਫੇਰ ਬਣਾਇਆ। ਪ੍ਰਭੂ ਬਹੁਤ ਡੂੰਘਾ ਗਹਿਰਾ ਹੈ, ਬੇਡਰ ਹੈ, ਸਭ ਦਾ ਮੁੱਢ ਹੈ, ਦ੍ਵੈਤ ਤੋਂ ਰਹਿਤ ਹੈ ਤੇ ਨਾਸ ਨਹੀਂ ਹੁੰਦਾ। ਓਹ ਪਰੇ ਪਰੇ ਹੈ, ਮਹਾਨ ਹੈ ਤੇ ਪੂਰਨ ਪ੍ਰਕਾਸ਼ ਰੂਪ ਹੈ॥ ੬ ॥ ੯੬ ॥

**ਨ ਆਧੰ ਨ ਬਿਆਧੰ ਅਗਾਧੰ ਸਰੂਪੇ ॥ ਅਖੰਡਤ ਪ੍ਰਤਾਪ ਆਦਿ ਅੱਛੈ ਬਿਭੂਤੇ ॥**
**ਨ ਜਨਮੰ ਨ ਮਰਨੰ ਨ ਬਰਨੰ ਨ ਬਿਆਧੇ ॥ ਅਖੰਡੇ ਪ੍ਰਚੰਡੇ ਅਦੰਡੇ ਅਸਾਧੇ ॥੭ ॥ ੯੭ ॥**

ਉਸ ਪ੍ਰਭੂ ਨੂੰ ਨਾ ਕੋਈ ਦੁਖ ਹੈ ਤੇ ਨਾ ਕੋਈ ਰੋਗ ਹੈ। ਉਸ ਦਾ ਸਰੂਪ ਬੜੀ ਡੂੰਘਾਈ ਵਾਲਾ ਹੈ। ਉਸਦਾ ਪ੍ਰਤਾਪ ਕਦੀ ਖੰਡਿਤ ਨਹੀਂ ਹੁੰਦਾ। ਉਹ ਸਭ ਦਾ ਮੁੱਢ ਹੈ ਤੇ ਨਾ ਨਾਸ ਹੋਣ ਵਾਲੀ ਸੰਪਦਾ ਦਾ ਸੁਆਮੀ ਹੈ। ਨਾ ਉਹ ਜੰਮਦਾ ਹੈ ਤੇ ਨਾ ਮਰਦਾ ਹੈ। ਨਾ ਉਸ ਦਾ ਕੋਈ ਵਰਨ ਹੈ ਤੇ ਨਾ ਉਸ ਨੂੰ ਕੋਈ ਰੋਗ ਵਿਆਪਦਾ ਹੈ। ਉਸ ਦਾ ਖੰਡਨ ਨਹੀਂ ਕੀਤਾ ਜਾ ਸਕਦਾ, ਬੜੇ ਤੇਜ਼ ਵਾਲਾ ਹੈ, ਦੰਡ ਰਹਿਤ ਹੈ ਤੇ ਉਸ ਨੂੰ ਕੋਈ ਸਾਧ ਵੀ ਨਹੀਂ ਸਕਦਾ॥ ੭ ॥ ੯੭ ॥

**ਨ ਨੇਹੰ ਨ ਗੇਹੰ ਸਨੇਹੰ ਨ ਸਾਥੇ ॥ ਉਦੰਡੇ ਅਮੰਡੇ ਪ੍ਰਚੰਡੇ ਪ੍ਰਮਾਥੇ ॥**
**ਨ ਜਾਤੇ ਨ ਪਾਤੇ ਨ ਸ਼ੱਤ੍ਰੇ ਨ ਮਿੱਤ੍ਰੇ ॥ ਸੁ ਭੂਤੇ ਭਵਿੱਖੇ ਭਵਾਨੇ ਅਚਿੱਤ੍ਰੇ ॥ ੮ ॥ ੯੮ ॥**

ਪਦ ਅਰਥ - ਸਨੇਹੰ=ਪ੍ਰੇਮ। ਪ੍ਰਮਾਥੇ=ਪਵਿੱਤ੍ਰ ਸਿਧਾਂਤ। ਅਚਿੱਤ੍ਰੇ=ਮੂਰਤੀ ਰਹਿਤ।

ਉਸ ਅਕਾਲ ਪੁਰਖ ਨੂੰ ਕਿਸੇ ਨਾਲ ਕੋਈ ਮੋਹ ਨਹੀਂ, ਉਸ ਦਾ ਕੋਈ ਘਰ ਨਹੀਂ, ਪਵਿੱਤ੍ਰਤਾ ਨਾਲ ਉਸ ਦਾ ਪ੍ਰੇਮ ਹੈ। ਉਹ ਦੰਡ ਰਹਿਤ ਹੈ, ਉਹ ਮੰਡ ਕਰਨ ਰਹਿਤ ਹੈ, ਬੜੇ ਤੇਜ਼ ਵਾਲਾ ਤੇ ਪਵਿੱਤ੍ਰ ਸਿਧਾਂਤ ਵਾਲਾ ਹੈ। ਉਸ ਦੀ ਕੋਈ ਜਾਤ ਨਹੀਂ, ਕੋਈ ਕੁਲ ਬਰਾਦਰੀ ਨਹੀਂ, ਕੋਈ ਦੁਸ਼ਮਨ ਨਹੀਂ, ਕੋਈ ਮਿੱਤਰ ਨਹੀਂ। ਉਹ ਭੂਤ, ਭਵਿਖ ਅਤੇ ਵਰਤਮਾਨ ਵਿਚ ਵੀ ਉਹੋ ਹੈ। ਉਸ ਦੀ ਕੋਈ ਸ਼ਕਲ ਨਹੀਂ॥ ੮ ॥ ੯੮ ॥

**ਨ ਰਾਯੰ ਨ ਰੰਕੰ ਨੇ ਰੂਪ ਨ ਰੇਖੰ ॥ ਨ ਲੋਭੰ ਨ ਚੋਭੰ ਅਭੂਤੰ ਅਭੇਖੰ ॥**
**ਨ ਸ਼ੱਤ੍ਰੰ ਨ ਮਿੱਤ੍ਰੰ ਨ ਨੇਹੰ ਨ ਗੇਹੰ ॥ ਸਦੈਵੰ ਸਦਾ ਸਰਬ ਸਰਬੱਤ੍ਰ ਸਨੇਹੰ ॥ ੯ ॥ ੯੯ ॥**

ਉਹ ਪ੍ਰਭੂ ਨਾ ਰਾਜਾ ਹੈ, ਨਾ ਗਰੀਬ ਹੈ, ਨਾ ਉਸਦਾ ਕੋਈ ਰੂਪ ਹੈ ਤੇ ਨਾ ਕੋਈ ਚਿਹਨ ਚੱਕ੍ਰ ਹੈ। ਨਾ ਉਸ ਨੂੰ ਕੋਈ ਲੋਭ ਹੈ ਤੇ ਨਾ ਉਸ ਨੂੰ ਕਿਸੇ ਨਾਲ ਈਰਖਾ ਹੈ। ਨਾ ਉਸ ਦਾ ਕੋਈ

ਸਰੀਰ ਹੈ ਤੇ ਨਾ ਕੋਈ ਭੇਸ ਹੈ। ਉਸ ਪ੍ਰਭੂ ਦਾ ਨਾ ਕੋਈ ਵੈਰੀ ਹੈ, ਨਾ ਕੋਈ ਮਿੱਤਰ ਹੈ। ਨਾ ਉਸ ਦਾ ਕਿਸੇ ਨਾਲ ਪਿਆਰ ਹੈ ਤੇ ਨਾ ਉਸ ਦਾ ਕੋਈ ਖਾਸ ਘਰ ਹੈ। ਉਹ ਸਦਾ ਸਦੀਵ ਕਾਇਮ ਰਹਿਣ ਵਾਲਾ ਹੈ ਤੇ ਸਭ ਜੀਵਾਂ ਨਾਲ ਪ੍ਰੇਮ ਰਖਦਾ ਹੈ॥ ੯॥ ੯੯॥

**ਨ ਕਾਮੰ ਨ ਕ੍ਰੋਧੰ ਨ ਲੋਭੰ ਨ ਮੋਹੰ॥ ਅਜੋਨੀ ਅੱਛੈ ਆਦਿ ਅਦ੍ਵੈ ਅਜੋਹੰ॥**
**ਨ ਜਨਮੰ ਨ ਮਰਨੰ ਨ ਬਰਨੰ ਨ ਬਜਾਧੰ॥ ਨ ਰੋਗੰ ਨ ਸੋਗੰ ਅਭੈ ਨਿਰਬਿਖਾਧੰ॥ ੧੦॥ ੧੦੦॥**

ਪਦ ਅਰਥ - ਜੋਹ=ਦਿੱਸਣਾ। ਬਿਯਾਧ=ਕਲੰਕ। ਬਿਖਾਧੰ=ਝਗੜਾ।

ਉਸ ਪਰਮਾਤਮਾ ਨੂੰ ਨਾ ਕਾਮ ਹੈ, ਨਾ ਕ੍ਰੋਧ ਹੈ, ਨਾ ਲੋਭ ਹੈ ਤੇ ਨਾ ਉਸ ਦਾ ਕਿਸੇ ਨਾਲ ਮੋਹ ਹੈ। ਉਹ ਜੂਨਾਂ ਤੋਂ ਰਹਿਤ ਹੈ, ਨਾਸ ਨਹੀਂ ਹੁੰਦਾ, ਸਭ ਦਾ ਮੁੱਢ ਹੈ, ਦ੍ਵੈਤ ਰਹਿਤ ਹੈ ਤੇ ਅਦ੍ਰਿਸ਼ ਭਾਵ ਨਾ ਦਿਖਾਈ ਦੇਣ ਵਾਲਾ ਹੈ। ਨਾ ਉਹ ਜੰਮਦਾ ਹੈ ਤੇ ਨਾ ਮਰਦਾ ਹੈ। ਨਾ ਉਸ ਦਾ ਕੋਈ ਵਰਨ ਹੈ ਤੇ ਨਾ ਉਸ ਨੂੰ ਕਲੰਕ ਹੈ, ਉਸ ਨੂੰ ਨਾ ਕੋਈ ਰੋਗ ਹੈ, ਨਾ ਕੋਈ ਸੋਗ ਹੈ, ਨਾ ਕਿਸੇ ਦਾ ਡਰ ਹੈ ਤੇ ਨਾ ਉਹ ਕਿਸੇ ਝਗੜੇ ਵਿਚ ਪੈਂਦਾ ਹੈ॥ ੧੦॥ ੧੦੦॥

**ਅਛੇਦੰ ਅਭੇਦੰ ਅਕਰਮੰ ਅਕਾਲੰ॥ ਅਖੰਡੰ ਅਭੰਡੰ ਪ੍ਰਚੰਡੰ ਅਪਾਲੰ॥**
**ਨ ਤਾਤੰ ਨ ਮਾਤੰ ਨ ਜਾਤੰ ਨ ਕਾਯੰ॥ ਨ ਨੇਹੰ ਨ ਗੇਹੰ ਨ ਭਰਮੰ ਨ ਭਾਯੰ॥ ੧੧॥ ੧੦੧॥**

ਉਹ ਅਕਾਲ ਪੁਰਖ ਕੱਟਿਆ ਨਹੀਂ ਜਾਂਦਾ, ਪਾੜਿਆ ਨਹੀਂ ਜਾਂਦਾ, ਉਹ ਕਰਮ ਰਹਿਤ ਤੇ ਕਾਲ ਰਹਿਤ ਹੈ। ਉਸ ਨੂੰ ਕੋਈ ਟੁਕੜੇ ਟੁਕੜੇ ਨਹੀਂ ਕਰ ਸਕਦਾ, ਉਸ ਨੂੰ ਕੋਈ ਭੰਡ ਨਹੀਂ ਸਕਦਾ। ਉਹ ਵਡੇ ਤੇਜ਼ ਵਾਲਾ ਤੇ ਪਾਲਣਾ ਤੋਂ ਰਹਿਤ ਹੈ। ਉਸ ਪ੍ਰਭੂ ਦਾ ਨਾ ਕੋਈ ਪਿਤਾ ਹੈ ਤੇ ਨਾ ਕੋਈ ਮਾਤਾ ਹੈ। ਨਾ ਉਸਦੀ ਕੋਈ ਜਾਤ ਹੈ ਤੇ ਨਾ ਉਸ ਦੀ ਕੋਈ ਦੇਹ ਹੈ। ਨਾ ਉਸ ਦਾ ਕਿਸੇ ਨਾਲ ਪ੍ਰੇਮ ਹੈ, ਨਾ ਉਸ ਦਾ ਕੋਈ ਘਰ ਹੈ। ਨਾ ਉਸ ਨੂੰ ਕੋਈ ਭਰਮ ਹੈ ਤੇ ਨਾ ਉਸ ਨੂੰ ਕੁਝ ਭਾਉਂਦਾ ਹੈ॥ ੧੧॥ ੧੦੧॥

**ਨ ਰੂਪੰ ਨ ਭੂਪੰ ਨ ਕਾਯੰ ਨ ਕਰਮੰ॥ ਨ ਤ੍ਰਾਸੰ ਨ ਪ੍ਰਾਸੰ ਨ ਭੇਦੰ ਨ ਭਰਮੰ॥**
**ਸਦੇਵੰ ਸਦਾ ਸਿੱਧ ਬ੍ਰਿਧੰ ਸਰੂਪੇ॥ ਨਮੋ ਏਕ ਰੂਪੇ ਨਮੋ ਏਕ ਰੂਪੇ॥ ੧੨॥ ੧੦੨॥**

ਉਸ ਅਕਾਲ ਪੁਰਖ ਦਾ ਨਾ ਕੋਈ ਰੂਪ ਹੈ, ਨਾ ਉਹ ਰਾਜਾ ਹੈ, ਨਾ ਉਹ ਸਰੀਰ ਧਾਰੀ ਹੈ, ਨਾ ਕਰਮ ਹੈ। ਉਸ ਨੂੰ ਕਿਸੇ ਦਾ ਡਰ ਨਹੀਂ, ਉਹ ਝਗੜਾ ਬਖੇੜਾ ਵੀ ਨਹੀਂ, ਨਾ ਉਸ ਵਿਚ ਕੋਈ ਭੇਦ ਹੈ ਤੇ ਨਾ ਉਸ ਵਿਚ ਕੋਈ ਭਰਮ ਹੈ। ਉਹ ਸਦਾ ਕਾਇਮ ਰਹਿਣ ਵਾਲੀ ਹਸਤੀ ਹੈ। ਸਦਾ ਸਿੱਧ ਤੇ ਬ੍ਰਿਧ ਸਰੂਪ ਹੈ। ਉਸ ਇਕੋ ਰੂਪ ਵਾਲੇ ਪਰਮਾਤਮਾ ਨੂੰ ਮੇਰੀ ਨਮਸ਼ਕਾਰ ਹੈ। ਉਸ ਇਕ ਸਰੂਪ ਵਾਲੇ ਪਰਮੇਸ਼ਰ ਨੂੰ ਮੇਰੀ ਨਮਸ਼ਕਾਰ ਹੈ। ੧੨॥ ੧੦੨॥

**ਨ੍ਰਿਉਕਤੰ ਪ੍ਰਭਾ ਆਦਿ ਅਨੁਕਤੰ ਪ੍ਰਤਾਪੇ॥ ਅਜੁਗਤੰ ਅਛੈ ਆਦਿ ਅਵਿਕਤੇ ਅਥਾਪੇ॥**

**ਬਿਭੁਗਤੰ ਅਛੈ ਆਦਿ ਅੱਛੈ ਸਰੂਪੇ ॥ ਨਮੋ ਏਕ ਰੂਪੇ ਨਮੋ ਏਕ ਰੂਪੇ ॥ ੧੩ ॥ ੧੦੩ ॥**

ਪਦ ਅਰਥ - ਤ੍ਰਿਉਕਤੰ=ਅਸਚਰਜ। ਅਨੁਕਤੰ=ਨਾ ਕਥਨ ਕੀਤੇ ਜਾਣ ਵਾਲਾ। ਅਵਿਕਤੇ=ਸਰੀਰ ਰਹਿਤ।

ਉਹ ਪਰਮਾਤਮਾ ਅਸਚਰਜ ਪ੍ਰਭਾ ਵਾਲਾ ਹੈ, ਸਭ ਦਾ ਮੁੱਢ ਹੈ, ਨਾ ਵਰਣਨ ਕੀਤੇ ਜਾਣ ਵਾਲੇ ਪ੍ਰਤਾਪ ਵਾਲਾ ਹੈ। ਮੇਲ ਮਿਲਾਪ ਤੋਂ ਰਹਿਤ ਹੈ, ਨਾਸ ਹੋਣ ਵਾਲਾ ਨਹੀਂ, ਆਦਿ ਕਾਲ ਤੋਂ ਹੀ ਸਰੀਰ ਨਾ ਨਾਸ ਹੋਣ ਵਾਲੇ ਸਰੂਪ ਵਾਲਾ ਹੈ। ਉਸ ਇਕ ਰੂਪ ਵਾਲੇ ਅਕਾਲ ਪੁਰਖ ਨੂੰ ਮੇਰੀ ਨਮਸ਼ਕਾਰ ਹੈ, ਉਸ ਇਕੋ ਸਰੂਪ ਵਾਲੇ ਪ੍ਰਭੂ ਨੂੰ ਮੈਂ ਨਮਸ਼ਕਾਰ ਕਰਦਾ ਹਾਂ॥ ੧੩ ॥ ੧੦੩ ॥

**ਨ ਨੇਹੰ ਨ ਗੇਹੰ ਨ ਸੋਕੰ ਨ ਸਾਕੰ ॥ ਪਰੇਅੰ ਪਵਿਤ੍ਰੰ ਪੁਨੀਤੰ ਅਤਾਕੰ ॥**
**ਨ ਜਾਤੰ ਨ ਪਾਤੰ ਨ ਮਿੱਤ੍ਰੰ ਨ ਮੰਤ੍ਰੇ ॥ ਨਮੋ ਏਕ ਤੰਤ੍ਰੇ ਨਮੋ ਏਕ ਤੰਤ੍ਰੇ ॥ ੧੪ ॥ ੧੦੪ ॥**

ਪਦ ਅਰਥ - ਗੇਹ=ਘਰ ਵਾਲਾ ਗ੍ਰਿਹਸਤੀ । ਅਤਾਕੰ=ਸੁਤੰਤਰ। ਮੰਤ੍ਰੇ=ਵਜ਼ੀਰ। ਤੰਤ੍ਰੇ=ਅਨੰਦ ਰੂਪ, ਕਾਰਣ ਰੂਪ।

ਉਸ ਪਰਮੇਸ਼ਰ ਦਾ ਕਿਸੇ ਨਾਲ ਮੋਹ ਨਹੀਂ, ਨਾ ਉਹ ਘਰ ਬਾਰੀ ਗ੍ਰਿਹਸਤੀ ਹੈ, ਨਾ ਉਸ ਨੂੰ ਕੋਈ ਸ਼ੋਕ ਹੈ ਤੇ ਨਾ ਉਸ ਦਾ ਕੋਈ ਰਿਸ਼ਤੇਦਾਰ ਹੈ। ਉਹ ਸਭ ਤੋਂ ਪਰੇ ਰਹਿਣ ਵਾਲਾ ਪਵਿੱਤ੍ਰ ਤੋਂ ਪਵਿੱਤ੍ਰ ਤੇ ਸੁਤੰਤਰ ਹੈ। ਉਸ ਦੀ ਨਾ ਕੋਈ ਜਾਤ ਹੈ, ਨਾ ਕੋਈ ਬਰਾਦਰੀ ਹੈ, ਨਾ ਕੋਈ ਮਿੱਤਰ ਹੈ ਤੇ ਨਾ ਉਸ ਨੂੰ ਕੋਈ ਸਲਾਹ ਦੇਣ ਵਾਲਾ ਵਜ਼ੀਰ ਹੈ। ਉਸ ਇਕ ਅਨੰਦ ਸਰੂਪ ਵਾਹਿਗੁਰੂ ਨੂੰ ਮੇਰੀ ਨਮਸ਼ਕਾਰ ਹੈ। ਉਸ ਇਕ ਕਾਰਣ ਰੂਪ ਪ੍ਰਭੂ ਨੂੰ ਮੈਂ ਨਮਸ਼ਕਾਰ ਕਰਦਾ ਹਾਂ॥ ੧੪ ॥ ੧੦੪ ॥

**ਨ ਧਰਮੰ ਨ ਭਰਮੰ ਨ ਸਰਮੰ ਨ ਸਾਕੇ ॥ ਨ ਬਰਮੰ ਨ ਚਰਮੰ ਨ ਕਰਮੰ ਨ ਬਾਕੇ ॥**
**ਨ ਸ਼ੱਤ੍ਰੰ ਨ ਮਿਤ੍ਰੰ ਨ ਪੁੱਤ੍ਰੰ ਸਰੂਪੇ ॥ ਨਮੋ ਆਦਿ ਰੂਪੇ ਨਮੋ ਆਦਿ ਰੂਪੇ ॥ ੧੫ ॥ ੧੦੫ ॥**

ਉਹ ਅਕਾਲ ਪੁਰਖ ਕਿਸੇ ਖਾਸ ਧਰਮ ਦੇ ਬੰਧਨ ਵਿਚ ਨਹੀਂ, ਨਾ ਉਸ ਨੂੰ ਕੋਈ ਭਰਮ ਹੈ, ਨਾ ਉਸ ਨੂੰ ਕਿਸੇ ਦੀ ਕੋਈ ਸ਼ਰਮ ਹੈ, ਨਾ ਉਸਦਾ ਕੋਈ ਸਾਕ ਸੰਬੰਧੀ ਹੈ। ਉਸ ਨੇ ਨਾ ਕੋਈ ਸੰਜੋਅ ਧਾਰਨ ਕੀਤੀ ਹੈ ਤੇ ਨਾ ਉਸ ਕੋਲ ਕੋਈ ਢਾਲ ਹੈ। ਉਹ ਕਿਸੇ ਕਰਮ-ਬੰਧਨ ਵਿਚ ਨਹੀਂ ਬੱਝਾ ਹੋਇਆ ਤੇ ਨਾ ਹੀ ਉਹ ਬਾਣੀ ਰੂਪ ਹੈ। ਨਾ ਉਹ ਵੈਰੀ, ਨਾ ਮਿੱਤਰ, ਨਾ ਪੁੱਤਰ ਸਰੂਪ ਵਾਲਾ ਹੈ। ਉਸ ਆਦਿ ਮੁੱਢ ਰੂਪ ਪਰਮਾਤਮਾ ਨੂੰ ਮੇਰੀ ਨਮਸ਼ਕਾਰ ਹੈ। ਉਸ ਸਭ ਦੇ ਮੁੱਢ ਰੂਪ ਪ੍ਰਭੂ ਨੂੰ ਮੈਂ ਨਮਸ਼ਕਾਰ ਕਰਦਾ ਹਾਂ॥ ੧੫ ॥ ੧੦੫ ॥

**ਕਹੂੰ ਕੰਜ ਕੇ ਮੰਜ ਕੇ ਭਰਮ ਭੂਲੇ ॥ ਕਹੂੰ ਰੰਕ ਕੇ ਰਾਜ ਕੇ ਧਰਮ ਅਲੂਲੇ ॥**
**ਕਹੂੰ ਦੇਸ ਕੇ ਭੇਸ ਕੇ ਧਰਮ ਧਾਮੇ ॥ ਕਹੂੰ ਰਾਜ ਕੇ ਸਾਜ ਕੇ ਬਾਜ ਤਾਮੇ ॥ ੧੬ ॥ ੧੦੬**

ਪਦ ਅਰਥ - ਕੰਜ=ਕੌਲ ਫੁਲ। ਮੰਜ=ਵਾਸ਼ਨਾ। ਭਰਮ=ਭੌਰਾ। ਅਲੂਲੇ=ਸਥਿਰ, ਟਿਕਿਆ। ਤਾਮੇ=ਖਾਣਾ।

ਉਹ ਪ੍ਰਭੂ ਕਿਤੇ ਕੌਲ ਫੁਲ ਵਿਚ ਸੁਗੰਧੀ ਹੋ ਕੇ ਰਮ ਰਿਹਾ ਹੈ, ਕਿਤੇ ਭੌਰਾ ਬਣਕੇ ਉਸ ਸੁਗੰਧੀ ਦਾ ਰਸ ਲੈ ਰਿਹਾ ਹੈ। ਕਿਤੇ ਉਹ ਕੰਗਾਲ ਦੇ ਸੁਭਾਅ ਵਿਚ ਸਥਿਰ ਹੈ ਤੇ ਕਿਤੇ ਰਾਜ ਦੇ ਧਰਮ ਰਾਜਨੀਤੀ ਵਿਚ ਟਿਕ ਰਿਹਾ ਹੈ। ਕਿਤੇ ਦੇਸ ਦੇ ਧਰਮ ਦਾ ਧਾਮ . ਹੈ, ਕਿਤੇ ਭੇਸ ਦੇ ਫਰਜ਼ ਦਾ ਘਰ ਹੈ। ਕਿਤੇ ਉਹ ਰਾਜ ਦਾ ਸਾਜ ਬਣ ਰਿਹਾ ਹੈ ਤੇ ਕਿਤੇ ਬਾਜ ਹੈ ਤੇ ਕਿਤੇ ਬਾਜ ਦਾ ਖਾਣਾ ਬਣ ਰਿਹਾ ਹੈ॥ ੧੬ ॥ ੧੦੬ ॥

**ਕਹੂੰ ਅੱਛ੍ਰ ਕੇ ਪੱਛ੍ਰ ਕੇ ਸਿੱਧ ਸਾਧੇ॥ ਕਹੂੰ ਸਿੱਧ ਕੇ ਬੁਧਿੱ ਕੇ ਬ੍ਰਿੱਧ ਲਾਧੇ॥**
**ਕਹੂੰ ਅੰਗ ਕੇ ਰੰਗ ਕੇ ਸੰਗ ਦੇਖੇ॥ ਕਹੂੰ ਜੰਗ ਕੇ ਰੰਗ ਕੇ ਰੰਗ ਪੇਖੇ॥ ੧੭ ॥ ੧੦੭**

ਹੇ ਪ੍ਰਭੂ ! ਕਿਤੇ ਆਪ ਏਥੇ ਤੇ ਕਿਤੇ ਆਪ ਓਥੇ ਦੀਆਂ ਸਿੱਧੀਆਂ ਵਾਲੇ ਹੋ ਭਾਵ ਲੋਕ ਪਰਲੋਕ ਦੀਆਂ ਸਿੱਧੀਆਂ ਦੇ ਮਾਲਕ ਹੋ ਤੇ ਕਿਤੇ ਸਾਧਨਾ ਰੂਪ ਹੋ। ਕਿਤੇ ਆਪ ਸਿੱਧੀ ਰੂਪ ਹੋ, ਕਿਤੇ ਬੁੱਧੀ ਰੂਪ ਹੋ ਅਤੇ ਕਿਤੇ ਬੁਧੀ ਨੂੰ ਪ੍ਰਾਪਤ ਕਰਨ ਵਾਲੇ ਬੁਧੀਮਾਨ ਹੋ। ਕਿਤੇ ਆਪ ਅੰਗ ਇਸਤ੍ਰੀ ਦੇ ਪ੍ਰੇਮ ਵਿਚ ਰੰਗੇ ਹੋਏ ਉਸ ਨਾਲ ਸੰਗ ਕਰ ਰਹੇ ਦਿੱਸ ਰਹੇ ਹੋ। ਕਿਤੇ ਆਪ ਜੰਗ ਦੇ ਰੰਗ ਵਿਚ ਹੋ ਤੇ ਕਿਤੇ ਆਪ ਜੰਗ ਦੇ ਰੰਗ ਨੂ ਬੜੀ ਮੌਜ ਨਾਲ ਬੈਠੇ ਵੇਖ ਰਹੇ ਹੋ॥ ੧੭ ॥ ੧੦੭ ॥

**ਕਹੂੰ ਧਰਮ ਕੇ ਕਰਮ ਕੇ ਹਰਮ ਜਾਨੇ॥ ਕਹੂੰ ਧਰਮ ਕੇ ਕਰਮ ਭਰਮ ਮਾਨੇ॥**
**ਕਹੂੰ ਚਾਰ ਚੇਸ਼ਟਾ ਕਹੂੰ ਚਿੱਤ੍ਰ ਰੂਪੰ॥ ਕਹੂੰ ਪਰਮ ਪ੍ਰੱਗਜਾ ਕਹੂੰ ਸਰਬ ਭੂਪੰ॥ ੧੮ ॥ ੧੦੮ ॥**

ਹੇ ਪਰਮਾਤਮਾ ! ਕਿਤੇ ਆਪ ਧਰਮ ਦੇ ਕਰਮਾਂ ਦਾ ਆਸਰਾ ਜਾਣੇ ਜਾਂਦੇ ਹੋ। ਕਿਤੇ ਆਪ ਧਰਮ ਦੇ ਕਰਮਾਂ ਵਿਚ ਭਰਮ ਰੂਪ ਕਰਕੇ ਮੰਨੇ ਜਾਂਦੇ ਹੋ। ਕਿਤੇ ਆਪ ਸੁੰਦਰ ਚੇਸ਼ਟਾ ਵਿਚ ਪਰਵਿਰਤਾ ਹੋ ਤੇ ਕਿਤੇ ਚਿੱਤਰ ਰੂਪ ਹੋ। ਕਿਤੇ ਆਪ ਉੱਚੀ ਬੁੱਧੀ ਵਾਲੇ ਹੋ ਤੇ ਕਿਤੇ ਸਭ ਦੇ ਰਾਜੇ ਹੋ॥ ੧੮ ॥ ੧੦੮ ॥

**ਕਹੂੰ ਨੇਹ ਗ੍ਰੇਹੰ ਦੇਹੰ ਦੋਖੰ॥ ਕਹੂੰ ਅਉਖਧੀ ਰੋਗ ਕੇ ਸ਼ੋਕ ਸੋਖੰ॥**
**ਕਹੂੰ ਦੇਵ ਬਿਦੱਜਾ ਕਹੂੰ ਦੈਤ ਬਾਨੀ॥ ਕਹੂੰ ਜੱਛ ਗੰਧ੍ਰਬ ਕਿੰਨਰ ਕਹਾਨੀ॥ ੧੯ ॥ ੧੦੯ ॥**

ਹੇ ਪ੍ਰਭੂ ! ਕਿਤੇ ਆਪ ਪ੍ਰੇਮ ਨੂੰ ਗ੍ਰਹਿਣ ਕਰਨ ਵਾਲੇ ਹੋ ਭਾਵ ਪ੍ਰੇਮ-ਰੂਪ ਹੋ ਕਿਤੇ ਸਰੀਰ ਵਿਚ ਰੋਗ ਰੂਪ ਹੋ। ਕਿਤੇ ਦਵਾਈ ਬਣਕੇ ਰੋਗਾਂ ਦੇ ਸ਼ੋਕ ਦੂਰ ਕਰ ਰਹੇ ਹੋ। ਕਿਤੇ ਆਪ ਦੇਵਤਿਆਂ ਦੀ ਵਿਦਿਆ ਹੋ ਤੇ ਕਿਤੇ ਦੈਂਤਾਂ ਦੀ ਬਾਣੀ ਬੋਲੀ ਹੋ। ਕਿਤੇ ਤੁਸੀਂ ਜੱਛਾਂ, ਗੰਧਰਬਾਂ ਤੇ ਕਿੰਨਰਾਂ ਦੀ ਕਥਾ ਹੋ॥ ੧੯ ॥ ੧੦੯ ॥

**ਕਹੂੰ ਰਾਜਸੀ ਸਾਤਕੀ ਤਾਮਸੀ ਹੋ॥ ਕਹੂੰ ਜੋਗ ਬਿਦੱਜਾ ਧਰੇ ਤਾਪਸੀ ਹੋ॥**
**ਕਹੂੰ ਰੋਗ ਹਰਤਾ ਕਹੂੰ ਜੋਗ ਜੁਗਤੰ॥ ਕਹੂੰ ਭੂਮ ਕੀ ਭੁਗਤ ਮੈ ਭਰਮ ਭੁਗਤੰ॥ ੨੦ ॥ ੧੧੦ ॥**

ਹੇ ਅਕਾਲ ਪੁਰਖ ! ਕਿਤੇ ਆਪ ਰਜੋ ਗੁਣ ਵਾਲੇ ਹੋ, ਕਿਤੇ ਸਤੋ ਗੁਣ ਵਾਲੇ ਤੇ ਕਿਤੇ ਤਮੋ ਗੁਣ ਵਾਲੇ ਹੋ। ਕਿਤੇ ਤੁਸੀਂ ਜੋਗ ਵਿਦਿਆ ਦੇ ਧਾਰਨ ਵਾਲੇ ਹੋ ਤੇ ਕਿਤੇ ਆਪ ਤਪੱਸਿਆ

ਕਰਨ ਵਾਲੇ ਤਪੀ ਹੋ। ਕਿਤੇ ਆਪ ਰੋਗਾਂ ਦੇ ਨਾਸ ਕਰਨ ਵਾਲੇ ਹੋ ਤੇ ਕਿਤੇ ਆਪ ਜੋਗ ਦੀ ਜੁਗਤੀ ਵਾਲੇ ਹੋ ਅਥਵਾ ਜੋਗ ਨਾਲ ਜੁੜੇ ਹੋਏ ਹੋ। ਕਿਤੇ ਆਪ ਧਰਤੀ ਦੇ ਪਦਾਰਥਾਂ ਦੇ ਭੁਗਤਾ ਭੋਗਣ ਵਾਲੇ ਹੋ ਅਤੇ ਕਿਤੇ ਭੋਗਾਂ ਦੇ ਭਰਮ ਵਿਚ ਭੁਲੇ ਹੋਏ ਹੋ॥ ੨੦॥ ੧੧੦॥

**ਕਹੂੰ ਦੇਵ ਕੰਨਿਆ ਕਹੂੰ ਦਾਨਵੀ ਹੋ॥ ਕਹੂੰ ਜੱਛ ਬਿਦਜਾ ਧਰੇ ਮਾਨਵੀ ਹੋ॥**
**ਕਹੂੰ ਰਾਜਸੀ ਹੋ ਕਹੂੰ ਰਾਜ ਕੰਨਿਆ॥ ਕਹੂੰ ਸ੍ਰਿਸ਼ਟਿ ਕੀ ਪ੍ਰਿਸ਼ਟਕੀ ਰਿਸ਼ਟ ਪੁੰਨਿਆ॥ ੨੧॥ ੧੧੧॥**

ਪਦ ਅਰਥ - ਰਾਜਸੀ=ਪਟਰਾਣੀ। ਪ੍ਰਿਸ਼ਟ=ਪਤਾਲ। ਰਿਸ਼ਟ=ਉਤਮ।

ਹੇ ਪ੍ਰਭੂ ! ਕਿਤੇ ਆਪ ਦੇਵ-ਪੁੱਤਰੀ ਹੋ, ਕਿਤੇ ਦੈਂਤਾਂ ਦੀ ਪੁੱਤਰੀ ਹੋ, ਕਿਤੇ ਜੱਛਾਂ ਦੀ ਪੁੱਤਰੀ ਹੋ, ਕਿਤੇ ਵਿਦਆਧਾਰੀ ਹੋ ਤੇ ਕਿਤੇ ਮਾਨਵ ਪੁੱਤਰੀ ਹੋ। ਕਿਤੇ ਆਪ ਰਾਜੇ ਦੀ ਪਟਰਾਣੀ ਹੋ ਤੇ ਕਿਤੇ ਰਾਜੇ ਦੀ ਪੁੱਤਰੀ ਹੋ। ਕਿਤੇ ਤੁਸੀਂ ਪਤਾਲ ਵਾਸੀ ਨਾਗਾਂ ਦੀ ਉਤਮ ਨਾਗ ਪੁੱਤਰੀ ਹੋ॥ ੨੧॥ ੧੧੧॥

**ਕਹੂੰ ਬੇਦ ਬਿਦੱਜਾ ਕਹੂੰ ਬਜੋਮ ਬਾਨੀ॥ ਕਹੂੰ ਕੋਕ ਕੀ ਕਾਬ ਕੱਥੈ ਕਹਾਨੀ॥**
**ਕਹੂੰ ਅੱਦ੍ਰ ਸਾਰੰ ਕਹੂੰ ਭੱਦ੍ਰ ਰੂਪੰ॥ ਕਹੂੰ ਮੱਦ੍ਰਬਾਨੀ ਕਹੂੰ ਛਿੱਦ੍ਰ ਰੂਪੰ॥ ੨੨॥ ੧੧੨**

ਪਦ ਅਰਥ - ਬਿਯੋਮ=ਅਕਾਸ਼। ਅਦ੍ਰਸਾਰੰ=ਲੋਹਾ। ਭਦ੍ਰ ਰੂਪ=ਸੋਨਾ।

ਹੇ ਪਰਮੇਸ਼ਰ ! ਕਿਤੇ ਆਪ ਵੇਦ ਦੀ ਵਿਦਿਆ ਹੋ ਤੇ ਕਿਤੇ ਅਕਾਸ਼ ਬਾਣੀ ਹੋ। ਕਿਤੇ ਆਪ ਕੋਕ ਦੀ ਕਹਾਣੀ ਹੋ ਤੇ ਕਿਤੇ ਆਪ ਕਵਿਤਾ ਦੀ ਕਥਾ ਹੋ। ਕਿਤੇ ਤੁਸੀਂ ਲੋਹਾ ਹੋ ਤੇ ਕਿਤੇ ਸੋਨਾ ਹੋ। ਕਿਤੇ ਆਪ ਮੰਗਲਮਈ ਬਾਣੀ ਹੋ ਤੇ ਕਿਤੇ ਕਲੰਕ ਸਰੂਪ ਹੋ॥ ੨੨॥ ੧੧੨॥

**ਕਹੂੰ ਬੇਦ ਬਿੱਦਜਾ ਕਹੂੰ ਕਾਬ ਰੂਪੰ॥ ਕਹੂੰ ਚੇਸ਼ਟਾ ਚਾਰ ਚਿੱਤ੍ਰੰ ਸਰੂਪੰ॥**
**ਕਹੂੰ ਪਰਮ ਪੁਰਾਨ ਕੋ ਪਾਰ ਪਾਵੈ॥ ਕਹੂੰ ਬੈਠ ਕੁਰਾਨ ਕੇ ਗੀਤ ਗਾਵੈ॥ ੨੩॥ ੧੧੩॥**

ਪਦ ਅਰਥ - ਕਾਬ ਰੂਪੰ=ਕਾਵਜ। ਚੇਸ਼ਟਾ=ਹਰਕਤ।

ਹੇ ਅਕਾਲ ਪੁਰਖ ! ਕਿਤੇ ਆਪ ਵੇਦ ਵਿਦਿਆ ਹੋ ਤੇ ਕਿਤੇ ਕਵਿਤਾ ਦਾ ਰੂਪ ਹੋ। ਕਿਤੇ ਤੁਸੀਂ ਚੇਸ਼ਟਾ ਹਰਕਤ ਕਰਨ ਵਾਲੇ ਹੋ ਤੇ ਕਿਤੇ ਤਸਵੀਰ ਰੂਪ ਹੋ ਭਾਵ ਚੇਸ਼ਟਾ ਰਹਿਤ ਅਵਸਥਾ ਵਿਚ ਰਹਿੰਦੇ ਹੋ ਕਿਤੇ ਆਪ ਪਵਿੱਤ੍ਰ ਪੁਰਾਣ ਦੇ ਸਿੱਧਾਂਤ ਨੂੰ ਪ੍ਰਾਪਤ ਕਰਦੇ ਹੋ ਤੇ ਕਿਤੇ ਆਪ ਮੁੱਲਾਂ ਬਣਕੇ ਕੁਰਾਨ ਦਾ ਉਚਾਰਨ ਕਰ ਰਹੇ ਹੋ॥ ੨੩॥ ੧੧੩॥

**ਕਹੂੰ ਸੁੱਧ ਸੇਖੰ ਕਹੂੰ ਬ੍ਰਹਮ ਧਰਮੰ॥ ਕਹੂੰ ਬ੍ਰਿਧ ਅਵਸਥਾ ਕਹੂੰ ਬਾਲ ਕਰਮੰ॥**
**ਕਹੂੰ ਜੁਆ ਸਰੂਪੰ ਜਰਾ ਰਹਤ ਦੇਹੰ॥ ਕਹੂੰ ਨੇਹੰ ਦੇਹੰ ਕਹੂੰ ਤਜਾਗ ਗ੍ਰੇਹੰ॥ ੨੪॥ ੧੧੪॥**

ਹੇ ਕਰਤਾ ਪੁਰਖ ! ਕਿਤੇ ਆਪ ਪੱਕੇ ਮੁਸਲਮਾਨ ਹੋ ਤੇ ਕਿਤੇ ਬ੍ਰਾਹਮਣਾਂ ਦੇ ਧਰਮ ਕਰਮ ਕਰਨ ਵਾਲੇ ਹੋ। ਕਿਤੇ ਤੁਸੀਂ ਵਡੇਰੀ ਉਮਰ ਵਾਲੇ ਹੋ ਤੇ ਕਿਤੇ ਬੱਚਿਆਂ ਵਰਗੇ ਕੰਮ ਕਰਦੇ ਹੋ।

ਕਿਤੇ ਆਪ ਜਵਾਨ ਸਰੂਪ ਵਾਲੇ ਹੋ ਤੇ ਕਿਤੇ ਬੁਢੇਪੇ ਤੋਂ ਬਿਨਾਂ ਸਰੀਰ ਵਾਲੇ ਹੋ। ਕਿਤੇ ਤੁਸੀਂ ਇਸ ਸਰੀਰ ਦੇ ਮੋਹ ਵਿਚ ਗ੍ਰਿੱਸੇ ਹੋਏ ਹੋ ਤੇ ਕਿਤੇ ਘਰ ਬਾਰ ਦੇ ਤਿਆਗੀ ਹੋ॥੨੪॥੧੧੪॥

**ਕਹੂੰ ਜੋਗ ਭੋਗੰ ਕਹੂੰ ਰੋਗ ਰਾਗੰ ॥ ਕਹੂੰ ਰੋਗ ਹਰਤਾ ਕਹੂੰ ਭੋਗ ਤਿਆਗੰ ॥**
**ਕਹੂੰ ਰਾਜ ਸਾਜੰ ਕਹੂੰ ਰਾਜ ਰੀਤੰ ॥ ਕਹੂ ਪੂਰਣ ਪ੍ਰੱਗਿਆ ਕਹੂੰ ਪਰਮ ਪ੍ਰੀਤੰ ॥ ੨੫ ॥ ੧੧੫**

ਹੇ ਵਾਹਿਗੁਰੂ ! ਕਿਤੇ ਆਪ ਜੋਗ ਨੂੰ ਭੋਗ ਰਹੇ ਹੋ, ਕਿਤੇ ਆਪ ਦਾ ਰੋਗਾਂ ਨਾਲ ਪ੍ਰੇਮ ਹੈ। ਕਿਤੇ ਆਪ ਰੋਗਾਂ ਦੇ ਨਾਸ ਕਰਨ ਵਾਲੇ ਹੋ ਤੇ ਕਿਤੇ ਭੋਗਾਂ ਦੇ ਤਿਆਗੀ ਹੋ। ਕਿਤੇ ਆਪ ਰਾਜ ਦੇ ਸਾਜੋ ਸਮਾਨ ਹੋ ਤੇ ਕਿਤੇ ਰਾਜ ਦੀ ਮਰਿਆਦਾ ਹੋ। ਕਿਤੇ ਆਪ ਪੂਰਨ ਬੁੱਧੀ ਵਾਲੇ ਹੋ ਤੇ ਕਿਤੇ ਸਭ ਨਾਲ ਪਿਆਰ ਕਰਨ ਵਾਲੇ ਹੋ॥੨੫॥੧੧੫॥

**ਕਹੂੰ ਆਰਬੀ ਤੋਰਕੀ ਪਾਰਸੀ ਹੋ ॥ ਕਹੂੰ ਪਹਲਵੀ ਪਸਤਵੀ ਸੰਸਕ੍ਰਿਤੀ ਹੋ ॥**
**ਕਹੂੰ ਦੇਸ ਭਾਖਿਆ ਕਹੂੰ ਦੇਵ ਬਾਨੀ ॥ ਕਹੂੰ ਰਾਜ ਬਿਦਜਾ ਕਹੂੰ ਰਾਜਧਾਨੀ ॥ ੨੬ ॥ ੧੧੬ ॥**

ਪਦ ਅਰਥ - ਆਰਬੀ=ਅਰਬੀ ਬੋਲੀ। ਤੋਰਕੀ=ਤੁਰਕੀ ਬੋਲੀ। ਪਾਰਸੀ= ਪਾਰਸੀ ਬੋਲੀ। ਪਹਿਲਵੀ=ਈਰਾਨੀ ਬੋਲੀ। ਪਸ਼ਤਵੀ=ਅਫਗਾਨੀ ਬੋਲੀ, ਪਸ਼ਤੋ।

ਹੇ ਪ੍ਰਭੂ ! ਆਪ ਸੰਸਾਰ ਦੀਆਂ ਸਭ ਬੋਲੀਆਂ ਦਾ ਰੂਪ ਹੋ ਕਿਤੇ ਅਰਬੀ ਬੋਲੀ ਹੋ, ਕਿਤੇ ਤੁਰਕੀ ਬੋਲੀ ਹੋ ਤੇ ਕਿਤੇ ਫਾਰਸੀ ਬੋਲੀ ਹੋ। ਕਿਤੇ ਆਪ ਈਰਾਨੀ, ਅਫਗਾਨੀ ਤੇ ਸੰਸਕ੍ਰਿਤ ਬੋਲੀ ਹੋ। ਕਿਤੇ ਆਪ ਦੇਸ ਭਾਸ਼ਾ ਹੋ ਤੇ ਕਿਤੇ ਦੇਵ ਬਾਨੀ ਸੰਸਕ੍ਰਿਤ ਹੋ। ਕਿਤੇ ਆਪ ਰਾਜ ਵਿਦਿਆ ਤੇ ਕਿਤੇ ਰਾਜਧਾਨੀ ਹੋ॥੨੬॥੧੧੬॥

**ਕਹੂੰ ਮੰਤ੍ਰ ਬਿਦਜਾ ਕਹੂੰ ਤੰਤ੍ਰ ਸਾਰੰ ॥ ਕਹੂੰ ਜੰਤ੍ਰ ਰੀਤੰ ਕਹੂੰ ਸ਼ਸਤ੍ਰ ਧਾਰੰ ॥**
**ਕਹੂੰ ਹੋਮ ਪੂਜਾ ਕਹੂੰ ਦੇਵ ਅਰਚਾ ॥ ਕਹੂੰ ਪਿੰਗੁਲਾ ਚਾਰਣੀ ਗੀਤ ਚਰਚਾ ॥ ੨੭ ॥ ੧੧੭ ॥**

ਹੇ ਪਰਮਾਤਮਾ ! ਕਿਤੇ ਆਪ ਮੰਤ੍ਰਾਂ ਦੀ ਵਿਦਿਆ ਹੋ ਤੇ ਕਿਤੇ ਤੰਤ੍ਰ ਸਾਰ ਹੋ। ਕਿਤੇ ਆਪ ਜੰਤ੍ਰ ਦੀ ਵਿਧੀ ਦੱਸਣ ਵਾਲੇ ਹੋ ਤੇ ਕਿਤੇ ਸ਼ਸਤ੍ਰ ਵਿਦਿਆ ਦੇ ਧਾਰਨ ਕਰਨ ਵਾਲੇ ਹੋ। ਕਿਤੇ ਤੁਸੀਂ ਹੋਮ ਤੇ ਪੂਜਾ ਦੀ ਵਿਦਿਆ ਦੇਣ ਵਾਲੇ ਹੋ ਤੇ ਕਿਤੇ ਦੇਵਤਿਆਂ ਦੀ ਪੂਜਾ ਦਾ ਢੰਗ ਦੱਸਣ ਵਾਲੇ ਹੋ ! ਕਿਤੇ ਆਪ ਪਿੰਗੁਲਾਚਾਰਯ ਹੋ ਤੇ ਕਿਤੇ ਸੰਗੀਤ ਦੀ ਚਰਚਾ ਕਰਨ ਵਾਲੇ ਹੋ॥੨੭॥੧੧੭॥

**ਕਹੂੰ ਬੀਨ ਬਿਦਆ ਕਹੂੰ ਗਾਨ ਗੀਤੰ ॥ ਕਹੂੰ ਮਲੇਛ ਭਾਖਿਆ ਕਹੂੰ ਬੇਦ ਰੀਤੰ ॥**
**ਕਹੂੰ ਨ੍ਰਿਤ ਬਿਦਆ ਕਹੂੰ ਨਾਗ ਬਾਨੀ ॥ ਕਹੂੰ ਗਾਰੜੂ ਗੂੜ੍ਹ ਕਥੈ ਕਹਾਨੀ ॥ ੨੮ ॥ ੧੧੮ ॥**

ਪਦ ਅਰਥ - ਮਲੇਛ ਭਾਖਿਆ=ਮੁਸਲਮਾਨਾਂ ਦੀ ਬੋਲੀ। ਗਾਰੜੂ=ਸੱਪ ਦੀ ਜ਼ਹਿਰ ਦੂਰ ਕਰਨ ਵਾਲਾ ਗਾਰੜੂ ਮੰਤ੍ਰ।

ਹੇ ਕਰਤਾਰ ! ਕਿਤੇ ਆਪ ਬੀਨ ਵਿਦਿਆ ਹੋ ਤੇ ਕਿਤੇ ਗਾਉਣ ਵਾਲੇ ਗੀਤ ਰੂਪ ਹੋ। ਕਿਤੇ ਤੁਸੀਂ ਮਲੇਛ ਭਾਸ਼ਾ ਹੋ ਤੇ ਕਿਤੇ ਵੇਦ ਦੀ ਮਰਯਾਦਾ ਹੋ। ਕਿਤੇ ਆਪ ਨਾਚ-ਵਿਦਿਆ ਹੋ ਤੇ ਕਿਤੇ ਆਪ ਪਤਾਲ ਵਾਸੀ ਨਾਗਾਂ ਦੀ ਨਾਗ ਬੋਲੀ ਹੈ। ਕਿਤੇ ਆਪ ਸੱਪ ਦੀ ਜ਼ਹਿਰ ਦੂਰ ਕਰਨ ਵਾਲੇ ਗਾਰੜੂ-ਮੰਤ੍ਰ ਹੋ ਅਤੇ ਕਿਤੇ ਗੁਪਤ ਵਿਦਿਆ ਹੋ॥ ੨੮॥੧੧੮॥

**ਕਹੂੰ ਅਛੱਰਾ ਪੱਛਰਾ ਮੱਛਰਾ ਹੋ॥ ਕਹੂ ਬੀਰ ਬਿਦਆ ਅਭੂਤੰ ਪ੍ਰਭਾ ਹੋ॥**
**ਕਹੂੰ ਛੈਲ ਛਾਲਾ ਧਰੇ ਛਤ੍ਰ ਧਾਰੀ॥ ਕਹੂੰ ਰਾਜ ਸਾਜੰ ਧਿਰਾਜਾਧਿਕਾਰੀ॥ ੨੯॥ ੧੧੯॥**

ਪਦ ਅਰਥ - ਅਛੱਰਾ=ਮਾਤਲੋਕ। ਪੱਛਰਾ=ਸੁਰਗ। ਮੱਛਰਾ=ਪਤਾਲ।

ਹੇ ਅਕਾਲ ਪੁਰਖ ! ਕਿਤੇ ਤੁਸੀਂ ਮਾਤਲੋਕ, ਸੁਰਗ ਲੋਕ ਤੇ ਪਤਾਲ ਲੋਕ ਦੀ ਸੁੰਦਰੀ ਹੋ। ਕਿਤੇ ਸ਼ਸਤ੍ਰ ਵਿਦਿਆ ਹੋ ਤੇ ਕਿਤੇ ਤੱਤਾਂ ਰਹਿਤ ਸੁੰਦਰਤਾ ਵਾਲੇ ਹੋ। ਕਿਤੇ ਬੜੇ ਸੁੰਦਰ ਤੇ ਬਾਂਕੇ ਜਵਾਨ ਹੋ। ਕਿਤੇ ਮ੍ਰਿਗਸ਼ਾਲਾ ਧਾਰਨ ਵਾਲੇ ਮਹਾਤਮਾਂ ਹੋ ਤੇ ਕਿਤੇ ਛੱਤ੍ਰਧਾਰੀ ਰਾਜੇ ਹੋ। ਕਿਤੇ ਆਪ ਰਾਜ ਦੇ ਸਾਜੋ ਸਮਾਨ ਹੋ ਤੇ ਕਿਤੇ ਰਾਜਿਆਂ ਦੇ ਮਹਾਰਾਜਾ ਹੋ ਅਥਵਾ ਰਾਜ ਦੇ ਅਧਿਕਾਰੀ ਯੁਵਰਾਜ ਹੋ॥ ੨੯॥੧੧੯॥

**ਨਮੋ ਨਾਥ ਪੂਰੇ ਸਦਾ ਸਿੱਧ ਦਾਤਾ॥ ਅਛੇਦੀ ਅੱਛੈ ਆਦਿ ਅਦ੍ਵੈ ਬਿਧਾਤਾ॥**
**ਨ ਤ੍ਰਸਤੰ ਨ ਗ੍ਰਸਤੰ ਸਮਸਤੰ ਸਰੂਪੇ॥ ਨਮਸਤੰ ਨਮਸਤੰ ਤੁਅਸੰਤੰ ਅਭੂਤੇ॥ ੩੦॥ ੧੨੦॥**

ਹੇ ਪੂਰਨ ਸੁਆਮੀ ! ਹੇ ਸਿੱਧੀਆਂ ਦੇ ਦੇਣ ਵਾਲੇ ਦਾਤਾ ! ਤੈਨੂੰ ਮੇਰੀ ਨਮਸ਼ਕਾਰ ਹੈ। ਤੈਨੂੰ ਕੋਈ ਛੇਦ ਨਹੀਂ ਸਕਦਾ, ਤੂੰ ਨਾਸ ਰਹਿਤ ਹੈਂ, ਤੂੰ ਸਭ ਦਾ ਮੁੱਢ ਮੂਲ ਹੈ, ਤੂੰ ਦ੍ਵੈਤ ਰਹਿਤ ਸੰਸਾਰ ਦਾ ਰਚਨਹਾਰ ਹੈ। ਤੈਨੂੰ ਸਾਰੇ ਸੰਸਾਰ ਦੇ ਕਿਸੇ ਪ੍ਰਾਣੀ ਦਾ ਡਰ ਨਹੀਂ, ਨਾ ਤੈਨੂੰ ਕਿਸੇ ਦੀ ਪਕੜ ਹੈ। ਤੂੰ ਸਰਬ ਰੂਪਾਂ ਵਿਚ ਵਿਆਪਕ ਹੈ। ਹੇ ਅਸਚਰਜ ਰੂਪ ਵਾਲੇ ਪ੍ਰਭੂ ! ਤੈਨੂੰ ਨਮਸ਼ਕਾਰ ਹੈ, ਮੇਰੀ ਤੈਨੂੰ ਨਮਸ਼ਕਾਰ ਹੈ ॥ ੩੦॥੧੨੦॥

## *ਤ੍ਵਪ੍ਰਸਾਦਿ॥ ਪਾਧੜੀ ਛੰਦ॥*

**ਅਬਜਕਤ ਤੇਜ ਅਨਭਉ ਪ੍ਰਕਾਸ॥ ਅੱਛੈ ਸਰੂਪ ਅਦ੍ਵੈ ਅਨਾਸ॥**
**ਅਨਤੁੱਟ ਤੇਜ ਅਨਖੁਟ ਭੰਡਾਰ॥ ਦਾਤਾ ਦੁਰੰਤ ਸਰਬੰ ਪ੍ਰਕਾਰ॥ ੧॥ ੧੨੧॥**

ਉਹ ਪ੍ਰਭੂ ਸਰੀਰ ਤੋਂ ਰਹਿਤ ਬੜੇ ਤੇਜ਼ ਸਰੂਪ ਵਾਲਾ ਹੈ। ਉਹ ਗਿਆਨ ਦਾ ਪ੍ਰਕਾਸ਼ ਹੈ। ਉਸ ਦਾ ਸਰੂਪ ਨਾਸ ਰਹਿਤ ਹੈ। ਦ੍ਵੈਤ ਤੋਂ ਰਹਿਤ ਹੈ ਤੇ ਆਸ ਤੋਂ ਬਿਨਾਂ ਹੈ। ਉਸ ਦਾ ਤੇਜ ਅਖੰਡ ਰਹਿੰਦਾ ਹੈ, ਕਦੇ ਟੁਟਦਾ ਨਹੀਂ। ਉਸ ਦਾ ਭੰਡਾਰਾ ਖਜ਼ਾਨਾ ਕਦੇ ਮੁਕਦਾ ਨਹੀਂ। ਉਹ ਸਰਬ ਪ੍ਰਕਾਰ ਦੀਆਂ ਦਾਤਾਂ ਦੇਣ ਵਾਲਾ ਬੇਅੰਤ ਹੈ॥੧॥੧੨੧॥

**ਅਨਭੂਤ ਤੇਜ ਅਨਛਿੱਜ ਗਾਤ॥ ਕਰਤਾ ਸਦੀਵ ਹਰਤਾ ਸਨਾਤ॥**
**ਅਸਾਨ ਅਡੋਲ ਅਨਭੂਤ ਕਰਮ॥ ਦਾਤਾ ਦਇਆਲ ਅਨਭੂਤ ਧਰਮ॥ ੨॥ ੧੨੨॥**

ਉਸ ਅਕਾਲ ਪੁਰਖ ਦਾ ਤੇਜ ਬੜਾ ਅਸਚਰਜ ਰੂਪ ਵਾਲਾ ਹੈ ਤੇ ਉਸ ਦਾ ਸਰੀਰ ਨਾ ਛਿੱਜਣ ਵਾਲਾ ਹੈ। ਉਹ ਸਦੀਵ ਕਾਲ ਸਭ ਸੰਸਾਰ ਦੀ ਰਚਨਾ ਕਰਦਾ ਰਹਿੰਦਾ ਹੈ ਅਤੇ ਨੀਚਤਾ ਨੂੰ ਨਾਸ ਕਰਦਾ ਹੈ। ਉਸ ਦਾ ਆਸਨ ਅਡੋਲ ਹੈ ਤੇ ਕਰਮ ਉਸ ਦੇ ਅਸਚਰਜ ਹਨ। ਉਹ ਸਭ ਦਾ ਦਾਤਾ ਤੇ ਦਿਆਲੂ ਹੈ। ਉਸ ਦਾ ਧਰਮ ਅਸਚਰਜ ਕਰਨ ਵਾਲਾ ਹੈ॥ ੨॥ ੧੨੨॥

**ਜਿਹ ਸ਼ੱਤ੍ਰ ਮਿੱਤ੍ਰ ਨਹੀ ਜਨਮ ਜਾਤ॥ ਜਿਹ ਪੁੱਤ੍ਰ ਭ੍ਰਾਤ ਨਹੀ ਮਿੱਤ੍ਰ ਮਾਤ॥**
**ਜਿਹ ਕਰਮ ਭਰਮ ਨਹੀ ਧਰਮ ਧਯਾਨ॥ ਜਿਹ ਨੇਹ ਗੇਹ ਨਹੀ ਬਯੋਤ ਬਾਨ॥ ੩॥ ੧੨੩॥**

ਪਦ ਅਰਥ - ਬਿਓਤ=ਜੁਗਤੀ। ਬਾਨ=ਸੁਭਾਅ।

ਉਸ ਪ੍ਰਭੂ ਦਾ ਕੋਈ ਦੁਸ਼ਮਨ, ਮਿੱਤਰ ਜਨਮ ਤੇ ਜਾਤ ਨਹੀਂ। ਉਸ ਦਾ ਕੋਈ ਕਰਮ, ਭਰਮ, ਧਰਮ ਤੇ ਧਿਆਨ ਨਹੀਂ। ਉਸ ਨੂੰ ਕਿਸੇ ਦਾ ਮੋਹ ਤੇ ਪਕੜ ਨਹੀਂ ਤੇ ਉਸ ਵਿਚ ਜੁਗਤੀਆਂ ਬਨਾਉਨ ਦਾ ਸੁਭਾਅ ਨਹੀਂ॥ ੩॥ ੧੨੩॥

**ਜਿਹ ਜਾਤ ਪਾਤ ਨਹੀ ਸ਼ੱਤ੍ਰ ਮਿੱਤ੍ਰ॥ ਜਿਹ ਨੇਕ ਗੇਹ ਨਹੀ ਚਿਹਨ ਚਿੱਤ੍ਰ॥**
**ਜਿਹ ਰੰਗ ਰੂਪ ਨਹੀ ਰਾਗ ਰੇਖ॥ ਜਿਹ ਜਨਮ ਜਾਤ ਨਹੀ ਭਰਮ ਭੇਖ॥ ੪॥ ੧੨੪॥**

ਜਿਸ ਅਕਾਲ ਪੁਰਖ ਦੀ ਕੋਈ ਜਾਤ, ਬਰਾਦਰੀ, ਦੁਸ਼ਮਨ ਤੇ ਮਿੱਤਰ ਨਹੀਂ। ਜਿਸ ਨੂੰ ਕੋਈ ਮੋਹ ਤੇ ਕਿਸੇ ਦੀ ਪਕੜ ਨਹੀਂ। ਜਿਸ ਦਾ ਕੋਈ ਚਿੰਨ੍ਹ ਦੇ ਤਸਵੀਰ ਨਹੀਂ। ਜਿਸ ਦਾ ਕੋਈ ਰੰਗ ਨਹੀਂ, ਰੂਪ ਨਹੀਂ, ਕਿਸੇ ਨਾਲ ਪ੍ਰੇਮ ਨਹੀਂ ਤੇ ਨਾ ਹੀ ਕਿਸੇ ਨਾਲ ਗੁੱਸਾ ਹੈ। ਜਿਸ ਦਾ ਜਨਮ ਨਹੀਂ, ਜਾਤ ਨਹੀਂ, ਭਰਮ ਨਹੀਂ ਤੇ ਕੋਈ ਭੇਸ ਪਹਿਰਾਵਾ ਨਹੀਂ॥ ੪॥ ੧੨੪॥

**ਜਿਹ ਕਰਮ ਭਰਮ ਨਹੀ ਜਾਤ ਪਾਤ॥ ਨਹੀ ਨੇਹ ਗੇਹ ਨਹੀ ਪਿੱਤ੍ਰ ਮਾਤ॥**
**ਜਿਹ ਨਾਮ ਥਾਮ ਨਹੀ ਬਰਗ ਬਿਆਧ॥ ਜਿਹ ਰੋਗ ਸੋਗ ਨਹੀ ਸ਼ੱਤ੍ਰ ਸਾਧ॥ ੫॥ ੧੨੫॥**

ਜਿਸ ਪ੍ਰਭੂ ਵਿਚ ਕੋਈ ਭਰਮ ਨਹੀਂ, ਜਿਸ ਦੀ ਕੋਈ ਜਾਤ ਤੇ ਕੁਲ ਨਹੀਂ। ਜਿਸ ਨੂੰ ਕੋਈ ਮੋਹ ਤੇ ਲਗਾਓ ਨਹੀਂ। ਜਿਸ ਦਾ ਕੋਈ ਪਿਤਾ ਤੇ ਮਾਤਾ ਨਹੀਂ। ਜਿਸ ਦਾ ਕੋਈ ਨਾਂ ਤੇ ਥਾਂ ਨਹੀਂ ਤੇ ਨਾ ਕੋਈ ਦੁਖ ਸੰਤਾਪ ਹੈ। ਜਿਸ ਨੂੰ ਕੋਈ ਰੋਗ ਸੋਗ ਨਹੀਂ ਤੇ ਨਾ ਹੀ ਜਿਸ ਦਾ ਕੋਈ ਵੈਰੀ ਤੇ ਮਿੱਤਰ ਹੈ॥ ੫॥ ੧੨੫॥

**ਜਿਹ ਤ੍ਰਾਸ ਵਾਸ ਨਹੀ ਦੇਹ ਨਾਸ॥ ਜਿਹ ਆਦਿ ਅੰਤ ਨਹੀ ਰੂਪ ਰਾਸ॥**
**ਜਿਹ ਰੋਗ ਸੋਗ ਨਹੀ ਜੋਗ ਜੁਗਤਿ॥ ਜਿਹ ਤ੍ਰਾਸ ਆਸ ਨਹੀ ਭੂਮ ਭੁਗਤਿ॥ ੬॥ ੧੨੬॥**

ਜਿਸ ਦਾ ਡਰ ਵਿਚ ਵਾਸਾ ਨਹੀਂ ਤੇ ਨਾ ਹੀ ਜਿਸ ਦੇ ਸਰੀਰ (ਸਰੂਪ) ਦਾ ਨਾਸ ਹੁੰਦਾ ਹੈ। ਜਿਸਦਾ ਕੋਈ ਆਦਿ ਮੁੱਢ ਨਹੀਂ ਤੇ ਨਾ ਹੀ ਕੋਈ ਅੰਤ (ਅਖੀਰ) ਹੈ। ਜਿਸ ਦਾ ਕੋਈ ਰੂਪ ਤੇ ਰਾਸ ਪੂੰਜੀ ਵੀ ਨਹੀਂ। ਜਿਸ ਨੂੰ ਕੋਈ ਰੋਗ ਸੋਗ ਨਹੀਂ ਤੇ ਨਾ ਹੀ ਜਿਹੜਾ ਜੋਗ ਵਿਚ ਜੁੜਦਾ ਹੈ। ਜਿਸ ਨੂੰ ਕੋਈ ਡਰ ਨਹੀਂ ਤੇ ਨਾ ਹੀ ਜਿਹੜਾ ਧਰਤੀ ਤੇ ਭੋਗਾਂ ਨੂੰ ਭੋਗਣ ਦੀ ਆਸ ਰਖਦਾ ਹੈ॥ ੬॥ ੧੨੬॥

**ਜਿਹ ਕਾਲ ਬਿਆਲ ਕਟਿਓ ਨ ਅੰਗ॥ ਅੱਛੈ ਸਰੂਪ ਅਖੈ ਅਭੰਗ॥**
**ਜਿਹ ਨੇਤਿ ਨੇਤਿ ਉਚਰੰਤ ਬੇਦ॥ ਜਿਹ ਅਲਖ ਰੂਪ ਕੱਥਤ ਕਤੇਬ॥ ੭॥ ੧੨੭॥**

ਜਿਸ ਪਰਮੇਸ਼ਰ ਦੇ ਸਰੀਰ ਨੂੰ ਕਾਲ ਰੂਪ ਸੱਪ ਕਦੇ ਵੀ ਨਹੀਂ ਕੱਟਦਾ। ਜੋ ਸੁੰਦਰ ਸਰੂਪ ਵਾਲਾ, ਨਾਸ ਰਹਿਤ ਤੇ ਬਿਘਨ ਤੋਂ ਬਿਨਾਂ ਹੈ। ਜਿਸ ਨੂੰ ਵੇਦ ਬੇਅੰਤ ਬੇਅੰਤ ਕਰਕੇ ਉਚਾਰਦੇ ਹਨ। ਜਿਸ ਨੂੰ ਕੁਰਾਨ ਆਦਿ ਕਤੇਬਾਂ ਵੀ ਅਲਖ ਰੂਪ ਕਹਿਕੇ ਵਰਣਨ ਕਰਦੀਆਂ ਹਨ॥ ੭॥ ੧੨੭॥

**ਜਿਹ ਅਲਖ ਰੂਪ ਆਸਨ ਅਡੋਲ॥ ਜਿਹ ਅਮਿਤ ਤੇਜ ਅੱਛੈ ਅਤੋਲ॥**
**ਜਿਹ ਧਿਆਨ ਕਾਜ ਮੁਨ ਜਨ ਅਨੰਤ॥ ਕਈ ਕਲਪ ਜੋਗ ਸਾਧਤ ਦੁਰੰਤ॥ ੮॥ ੧੨੮॥**

ਪਦ ਅਰਥ - ਕਲਪ=ਬ੍ਰਹਮਾ ਦੇ ਇਕ ਦਿਨ ਨੂੰ ਕਲਪ ਕਹਿੰਦੇ ਹਨ।

ਜਿਸ ਦਾ ਰੂਪ ਲਖਿਆ ਨਹੀਂ ਜਾਂਦਾ ਤੇ ਜਿਸ ਦਾ ਆਸਣ ਕਦੇ ਡੋਲਦਾ ਨਹੀਂ। ਜਿਸ ਦਾ ਤੇਜ ਅਮਿਤ ਮਿਣਤੀ ਰਹਿਤ, ਨਾਸ ਰਹਿਤ ਤੇ ਅਤੋਲ ਹੈ। ਜਿਸ ਦੇ ਦਰਸ਼ਨ ਕਰਨ ਲਈ ਅਨੇਕਾਂ ਰਿਸ਼ੀ ਮੁਨੀ ਕਈ ਕਲਪ ਤਕ ਬੜੀ ਕਠਨ ਜੋਗ ਸਾਧਨਾ ਸਾਧਦੇ ਹਨ॥ ੮॥ ੧੨੮॥

**ਤਨ ਸੀਤ ਘਾਮ ਬਰਖਾ ਸਹੰਤ॥ ਕਈ ਕਲਪ ਏਕ ਆਸਨ ਬਿਤੰਤ॥**
**ਕਈ ਜਤਨ ਜੋਗ ਬਿੱਦਜਾ ਬਿਚਾਰ॥ ਸਾਧੰਤ ਤਦਪਿ ਪਾਵਤ ਨ ਪਾਰ॥ ੯॥ ੧੨੯॥**

ਰਿਸ਼ੀ ਮੁਨੀ ਪ੍ਰਭੂ ਦੇ ਦਰਸ਼ਨਾਂ ਲਈ ਆਪਣੇ ਸਰੀਰਾਂ ਤੇ ਸਰਦੀ, ਗਰਮੀ ਤੇ ਵਰਖਾ ਸਹਾਰਦੇ ਹਨ, ਕਈ ਇਕੋ ਆਸਣ ਤੇ ਬੈਠ ਕੇ ਕਈ ਕਲਪ ਦਾ ਸਮਾਂ ਬਿਤਾ ਦੇਂਦੇ ਹਨ, ਕਈ ਅਨੇਕ ਤਰ੍ਹਾਂ ਦੇ ਯਤਨ ਕਰਦੇ ਹਨ ਤੇ ਕਈ ਪ੍ਰਕਾਰ ਦੇ ਵਦਿਆ ਦੇ ਵਿਚਾਰ ਵਿਚ ਲਗੇ ਰਹਿੰਦੇ ਹਨ। ਏਨੇ ਸਾਧਨ ਕਰਨ ਦੇ ਬਾਵਜੂਦ ਵੀ ਉਸ ਪ੍ਰਭੂ ਦਾ ਕੋਈ ਅੰਤ ਨਹੀਂ ਪਾ ਸਕਦਾ॥ ੯॥ ੧੨੯॥

**ਕਈ ਉਰਧ ਬਾਹ ਦੇਸਨ ਭ੍ਰਮੰਤ॥ ਕਈ ਉਰਧ ਮੱਧ ਪਾਵਕ ਝੁਲੰਤ॥**
**ਕਈ ਸਿਮ੍ਰਿਤਿ ਸ਼ਾਸਤ੍ਰ ਉਚਰੰਤ ਬੇਦ॥ ਕਈ ਕੋਕ ਕਾਬ ਕੱਥਤ ਕਤੇਬ॥ ੧੦॥ ੧੩੦॥**

ਅਕਾਲ ਪੁਰਖ ਦੀ ਪ੍ਰਾਪਤੀ ਲਈ ਕਈ ਬਾਂਹਾਂ ਖੜੀਆਂ ਕਰਕੇ ਤਪੱਸਿਆ ਕਰਦੇ ਹਨ ਤੇ ਕਈ ਦੇਸ ਦੇਸਾਂਤਰਾਂ ਵਿਚ ਭਰਮਦੇ ਫਿਰਦੇ ਹਨ। ਕਈ ਮੂਧੇ ਮੂੰਹ ਅੱਗ ਵਿਚ ਲਟਕਦੇ ਹਨ। ਕਈ ਸਿੰਮ੍ਰਿਤੀਆਂ, ਸ਼ਾਸਤ੍ਰਾਂ ਤੇ ਵੇਦਾਂ ਦਾ ਪਾਠ ਕਰਦੇ ਹਨ। ਕਈ ਕੋਕ ਸ਼ਾਸਤ੍ਰ, ਕਾਵਿ ਤੇ ਕੁਰਾਨ ਆਦਿ

ਕਤੇਬਾਂ ਪੜ੍ਹਦੇ ਹਨ॥੧੦॥੧੩੦॥

**ਕਈ ਅਗਨ ਹੋਤ੍ਰ ਕਈ ਪਉਨ ਅਹਾਰ॥ ਕਈ ਕਰਤ ਕੋਟ ਮ੍ਰਿਤਿ ਕੋ ਅਹਾਰ॥**
**ਕਈ ਕਰਤ ਸਾਕ ਪੈ ਪੱਤ੍ਰ ਭੱਛ॥ ਨਹੀ ਤਦਪਿ ਦੇਵ ਹੋਵਤ ਪ੍ਰਤੱਛ॥੧੧॥੧੩੧॥**

ਕਈ ਅਗਨ ਹੋਤ੍ਰ ਕਰਦੇ ਹਨ ਤੇ ਕਈ ਪਉਨ ਅਹਾਰੀ ਹਨ। ਕਈ ਕਰੋੜਾਂ ਪੁਰਸ਼ ਮਿੱਟੀ ਦਾ ਭੋਜਨ ਹੀ ਕਰਦੇ ਹਨ। ਕਈ ਸਾਗ ਆਦਿ ਪੱਤਰਾਂ ਨੂੰ ਖਾਂਦੇ ਹਨ। ਏਨਾਂ ਕੁਛ ਕਰਨ ਦੇ ਬਾਵਜੂਦ ਵੀ ਉਨ੍ਹਾਂ ਦੇ ਸਾਹਮਣੇ ਪ੍ਰਤਖ ਹੋ ਕੇ ਪ੍ਰਭੂ ਨਹੀਂ ਆਉਂਦਾ॥੧੧॥੧੩੧॥

**ਕਈ ਗੀਤ ਗਾਨ ਗੰਧਰਬ ਰੀਤ॥ ਕਈ ਬੇਦ ਸ਼ਾਸਤ੍ਰ ਬਿੱਦਜਾ ਪ੍ਰਤੀਤ॥**
**ਕਹੂ ਬੇਦ ਰੀਤ ਜਗਿ ਆਦਿ ਕਰਮ॥ ਕਹੂੰ ਅਗਨ ਹੋਤ੍ਰ ਕਹੂੰ ਤੀਰਥ ਧਰਮ॥੧੨॥੧੩੨॥**

ਕਈ ਗੰਧਰਬਾਂ ਦੀ ਰੀਤ ਮਰਯਾਦਾ ਅਨੁਸਾਰ ਪ੍ਰਭੂ ਦੇ ਗੁਣਾਂ ਨੂੰ ਗਾਇਨ ਕਰਦੇ ਹਨ। ਕਈ ਵੇਦਾਂ ਸ਼ਾਸਤਰਾਂ ਦੀ ਵਿਦਿਆ (ਗਿਆਨ) ਉਤੇ ਨਿਸਚਾ ਰਖਦੇ ਹਨ। ਕਈ ਵੇਦਾਂ ਦੀ ਦੱਸੀ ਮਰਯਾਦਾ ਅਨੁਸਾਰ ਜੱਗ ਆਦਿ ਕਰਮ ਕਰਦੇ ਹਨ। ਕਈ ਅਗਨ ਹੋਤ੍ਰ ਕਰਦੇ ਹਨ ਤੇ ਕਈ ਤੀਰਥਾਂ ਤੇ ਜਾ ਕੇ ਧਾਰਮਕ ਕਰਮ ਕਰਦੇ ਹਨ॥੧੨॥੧੩੨॥

**ਕਈ ਦੇਸ ਦੇਸ ਭਾਖਾ ਰਟੰਤ॥ ਕਈ ਦੇਸ ਦੇਸ ਬਿੱਦਜਾ ਪੜ੍ਹੰਤ॥**
**ਕਈ ਕਰਤ ਭਾਂਤ ਭਾਂਤਨ ਬਿਚਾਰ॥ ਨਹੀ ਨੈਕ ਤਾਸ ਪਾਯਤ ਨ ਪਾਰ॥੧੩॥੧੩੩॥**

ਕਈ ਦੇਸਾਂ ਦੇਸਾਂਤਰਾਂ ਦੀਆਂ ਭਾਂਤ ਭਾਂਤ ਦੀਆਂ ਬੋਲੀਆਂ ਬੋਲਦੇ ਹਨ। ਕਈ ਬਾਹਰਲੇ ਦੇਸਾਂ ਵਿਚ ਜਾ ਕੇ ਉਥੋਂ ਦੀ ਵਿਦਿਆ ਪੜ੍ਹਦੇ ਹਨ। ਕਈ ਅਨੇਕਾਂ ਤਰ੍ਹਾਂ ਦੀਆਂ ਵਿਚਾਰਾਂ ਕਰਨ ਵਿਚ ਲਗੇ ਰਹਿੰਦੇ ਹਨ। ਏਨੇ ਕਰਮ ਕਰਨ ਤੇ ਵੀ ਉਹ ਪਰਮਾਤਮਾ ਦਾ ਜ਼ਰਾ ਜਿੰਨਾ ਅੰਤ ਵੀ ਨਹੀਂ ਪਾ ਸਕੇ॥੧੩॥੧੩੩॥

**ਕਈ ਤੀਰਥ ਤੀਰਥ ਭਰਮਤ ਸੁ ਭਰਮ॥ ਕਈ ਅਗਨ ਹੋਤ੍ਰ ਕਈ ਦੇਵ ਕਰਮ॥**
**ਕਈ ਕਰਤ ਬੀਰ ਬਿੱਦਜਾ ਬਿਚਾਰ॥ ਨਹੀਂ ਤਦਪਿ ਤਾਸ ਪਾਯਤ ਨ ਪਾਰ॥੧੪॥੧੩੪॥**

ਕਈ ਅਨੇਕਾਂ ਤੀਰਥਾਂ ਤੇ ਭੌਂਦੇ ਫਿਰਦੇ ਹਨ। ਕਈ ਅਗਨ ਹੋਤ੍ਰ ਕਰਦੇ ਹਨ ਤੇ ਕਈ ਦੇਵ ਕਰਮ ਭਾਵ ਸ਼ੁਭ ਕਰਮ ਕਰਦੇ ਹਨ। ਕਈ ਬੀਰ ਵਿਦਿਆ ਭਾਵ ਸ਼ਾਸਤ੍ਰ ਵਿਦਿਆ ਦਾ ਵਿਚਾਰ ਅਭਿਆਸ ਕਰਦੇ ਹਨ। ਤਦ ਵੀ ਉਸ ਅਕਾਲ ਪੁਰਖ ਦਾ ਉਹ ਪਾਰਾਵਾਰ ਨਹੀਂ ਪਾ ਸਕਦੇ॥੧੪॥੧੩੪॥

**ਕਹੂੰ ਰਾਜ ਰੀਤ ਕਹੂੰ ਜੋਗ ਧਰਮ॥ ਕਈ ਸਿੰਮ੍ਰਿਤ ਸ਼ਾਸਤ੍ਰ ਉਚਰਤ ਸੁ ਕਰਮ॥**
**ਨਿਉਲੀ ਆਦਿ ਕਰਮ ਕਹੂੰ ਹਸਤ ਦਾਨ॥ ਕਹੂੰ ਅਸ੍ਵਮੇਧ ਮਖ ਕੋ ਬਖਾਨ॥੧੫॥੧੩੫॥**

ਪਦ ਅਰਥ - ਹਸਤ=ਹਾਥੀ। ਅਸ਼ੁਮੇਧ ਮਖ=ਘੋੜੇ ਦੀ ਬਲੀ ਦੇ ਕੇ ਕੀਤਾ ਯੱਗ।

ਕਿਤੇ ਕਈ ਪੁਰਸ਼ ਰਾਜਨੀਤੀ ਵਰਤ ਰਹੇ ਹਨ ਤੇ ਕਿਤੇ ਕਈ ਜੋਗ ਦਾ ਧਰਮ ਧਾਰਨ ਕਰ ਰਹੇ ਹਨ, ਕਈ ਵੇਦਾਂ, ਸਿੰਮ੍ਰਤੀਆਂ ਤੇ ਸ਼ਾਸਤ੍ਰਾਂ ਦੇ ਦਸੇ ਸ਼ੁਭ ਕਰਮ ਕਰ ਰਹੇ ਹਨ, ਕਈ ਯੋਗ ਮਾਰਗ ਦੇ ਨਿਉਲੀ ਆਦਿ ਕਰਮ ਕਰਦੇ ਹਨ। ਕਈ ਬੜੇ ਬੜੇ ਦਾਨੀ ਹਾਥੀਆਂ ਦਾ ਦਾਨ ਕਰਦੇ ਹਨ। ਕਈ ਅਸ੍ਵਮੇਧ ਯੱਗ ਕਰਨ ਦੀਆਂ ਵਿਚਾਰਾਂ ਕਰਦੇ ਹਨ॥੧੫॥੧੩੫॥

**ਕਹੂੰ ਕਰਤ ਬ੍ਰਹਮ ਬਿੱਦਆ ਬਿਚਾਰ॥ ਕਹੂੰ ਜੋਗ ਰੀਤ ਕਹੂੰ ਬਿਰਧ ਚਾਰ॥**
**ਕਹੂੰ ਕਰਤ ਜੱਛ ਗੰਧਰਬ ਗਾਨ॥ ਕਹੂੰ ਧੂਪ ਦੀਪ ਕਹੂੰ ਅਰਘ ਦਾਨ॥ ੧੬॥ ੧੩੬॥**

ਕਿਤੇ ਕੋਈ ਪੁਰਸ਼ ਬ੍ਰਹਮ ਵਿਦਿਆ ਦੀ ਵਿਚਾਰ ਕਰਨ ਵਿਚ ਲੱਗਾ ਹੋਇਆ ਹੈ। ਕਿਤੇ ਕੋਈ ਯੋਗ ਦੀ ਰੀਤੀ ਕਰ ਰਿਹਾ ਹੈ ਤੇ ਕਿਤੇ ਕੋਈ ਉੱਚ ਕਰਨੀਆਂ ਕਰਨ ਵਿਚ ਮਗਨ ਹੈ। ਕਿਤੇ ਕੋਈ ਜੱਛਾਂ ਤੇ ਗੰਧਰਬਾਂ ਵਾਂਗੂੰ ਪ੍ਰਭੂ ਦੇ ਗੀਤ ਗਾਇਨ ਕਰ ਰਿਹਾ ਹੈ। ਕਿਤੇ ਕੋਈ ਧੂਪ ਤੇ ਦੀਵੇ ਜਗਾ ਕੇ ਪ੍ਰਭੂ ਦੀ ਆਰਤੀ ਕਰ ਰਹਾ ਹੈ ਤੇ ਕਿਤੇ ਕੋਈ ਅਰਘ ਦਾਨ ਕਰ ਰਿਹਾ ਹੈ॥੧੬॥੧੩੬॥

**ਕਹੂੰ ਪਿੱਤ੍ਰ ਕਰਮ ਕਹੂੰ ਬੇਦ ਰੀਤ॥ ਕਹੂੰ ਨ੍ਰਿੱਤ ਨਾਚ ਕਹੂੰ ਗਾਨ ਗੀਤ॥**
**ਕਹੂੰ ਕਰਤ ਸ਼ਾਸਤ੍ਰ ਸਿੰਮ੍ਰਿਤਿ ਉਚਾਰ॥ ਕਈ ਭਜਤ ਏਕ ਪਗ ਨਿਰਾਧਾਰ॥ ੧੭॥ ੧੩੭॥**

ਕਿਤੇ ਕੋਈ ਪਿਤਰਾਂ ਦੀ ਗਤੀ ਵਾਸਤੇ ਪਿਤਰ ਕਰਮ ਕਰਦਾ ਹੈ। ਕਿਤੇ ਕੋਈ ਵੇਦਾਂ ਦੀ ਮਰਯਾਦਾ ਅਨੁਸਾਰ ਚਲ ਰਿਹਾ ਹੈ। ਕਿਤੇ ਕੋਈ ਨ੍ਰਿਤ ਨਾਚ ਕਰ ਰਿਹਾ ਹੈ। ਕਿਤੇ ਕੋਈ ਗੀਤ ਗਾ ਰਿਹਾ ਹੈ। ਕਿਤੇ ਕੋਈ ਸ਼ਾਸਤਰਾਂ ਤੇ ਸਿੰਮ੍ਰਤੀਆਂ ਦੇ ਮੰਤ੍ਰ ਉਚਾਰ ਰਿਹਾ ਹੈ। ਕਿਤੇ ਕੋਈ ਇਕ ਪੈਰ ਆਸਰੇ ਖੜਾ ਹੋ ਕੇ ਤਪੱਸਿਆ ਕਰ ਰਿਹਾ ਹੈ॥੧੭॥੧੩੭॥

**ਕਈ ਨੇਹ ਦੇਹ ਕਈ ਗੇਹ ਵਾਸ॥ ਕਈ ਭ੍ਰਮਤ ਦੇਸ ਦੇਸਨ ਉਦਾਸ॥**
**ਕਈ ਜਲ ਨਿਵਾਸ ਕਈ ਅਗਨ ਤਾਪ॥ ਕਈ ਜਪਤ ਉਰਧ ਲਟਕੰਤ ਜਾਪ॥ ੧੮॥ ੧੩੮॥**

ਕਈ ਆਪਣੀ ਦੇਹ ਨਾਲ ਪ੍ਰੀਤ ਕਰਦੇ ਹਨ। ਕਈ ਗ੍ਰਹਿਸਥੀ ਬਣ ਕੇ ਘਰ ਵਿਚ ਹੀ ਨਿਵਾਸ ਕਰਦੇ ਹਨ। ਕਈ ਉਦਾਸ ਹੋ ਕੇ ਦੇਸ ਦੇਸਾਂਤਰਾਂ ਵਿਚ ਹੀ ਫਿਰਦੇ ਹਨ ਕਈ ਜਲ ਵਿਚ ਨਿਵਾਸ ਕਰਦੇ ਹਨ ਭਾਵ ਜਲ ਵਿਚ ਖੜੇ ਹੋ ਕੇ ਤਪ ਕਰਦੇ ਹਨ। ਕਈ ਪੰਜ ਅਗਨੀਆਂ ਤਪਦੇ ਹਨ। ਕਈ ਸਿਰ ਪਰਨੇ ਲਟਕ ਕੇ ਪ੍ਰਭੂ ਦਾ ਜਾਪ ਕਰਦੇ ਹਨ॥੧੮॥੧੩੮॥

**ਕਈ ਕਰਤ ਜੋਗ ਕਲਪੰ ਪ੍ਰਜੰਤ॥ ਨਹੀ ਤਦਪਿ ਤਾਸ ਪਾਯਤ ਨ ਅੰਤ॥**
**ਕਈ ਕਰਤ ਕੋਟਿ ਬਿੱਦਆ ਬਿਚਾਰ॥ ਨਹੀ ਤਦਪਿ ਦ੍ਰਿਸ਼ਟ ਦੇਖੇ ਮੁਰਾਰ॥ ੧੯॥ ੧੩੯॥**

ਕਈ ਪੁਰਸ਼ ਕਿੰਨੇ ਕਲਪਾਂ ਤਕ ਜੋਗ ਧਾਰਨ ਕਰਕੇ ਸਿਮਰਨ ਕਰਦੇ ਹਨ, ਪਰ ਉਸ ਪ੍ਰਭੂ ਦਾ ਉਹ ਫਿਰ ਵੀ ਅੰਤ ਨਹੀਂ ਪਾ ਸਕਦੇ। ਕਈ ਕਰੋੜਾਂ ਪੁਰਸ਼ ਕਈ ਤਰ੍ਹਾਂ ਦੀਆਂ ਵਿਦਿਆਵਾਂ ਦਾ ਵਿਚਾਰ ਕਰਦੇ ਹਨ, ਪਰ ਉਹਨਾਂ ਨੂੰ ਫਿਰ ਵੀ ਉਸ ਅਕਾਲ ਪੁਰਖ ਦੇ ਦਰਸ਼ਨ ਨਹੀਂ ਹੁੰਦੇ॥੧੯॥੧੩੯॥

**ਬਿਨ ਭਗਤਿ ਸਕਤਿ ਨਹੀ ਪਰਤ ਪਾਨ॥ ਬਹੁ ਕਰਤ ਹੋਮ ਅਰ ਜੱਗ ਦਾਨ॥**
**ਬਿਨ ਏਕ ਨਾਮ ਇਕ ਚਿੱਤ ਲੀਨ॥ ਫੋਕਟੋ ਸਰਬ ਧਰਮਾ ਬਿਹੀਨ॥ ੨੦॥ ੧੪੦॥**

ਭਗਤੀ ਦੀ ਸ਼ਕਤੀ ਤੋਂ ਬਿਨਾਂ ਉਹ ਪ੍ਰਭੂ ਕਿਸੇ ਦੇ ਹੱਥ ਨਹੀਂ ਆਉਂਦਾ। ਉਸ ਦੀ ਪ੍ਰਾਪਤੀ ਵਾਸਤੇ ਭਾਵੇਂ ਬਥੇਰੇ ਹੋਮ ਤੇ ਜੱਗ ਕੀਤੇ ਜਾਣ ਜਾਂ ਦਾਨ ਦਿੱਤੇ ਜਾਣ। ਇਕ ਪਰਮੇਸ਼ਰ ਦੇ ਨਾਮ ਵਿਚ ਮਨ ਲੀਨ ਹੋਣ ਤੋਂ ਬਿਨਾਂ ਹੋਰ ਜਿੰਨੇ ਵੀ ਕਰਮ ਧਰਮ ਹਨ, ਉਹ ਸਾਰੇ, ਫੋਕਟ ਤੇ ਨਿਕੰਮੇ ਹਨ॥ ੨੦॥ ੧੪੦॥

## *ਤ੍ਵਪ੍ਰਸਾਦਿ॥ ਤੋਟਕ ਛੰਦ॥*

**ਜੈ ਜੰਪਹੁ ਜੁੱਗਣ ਜੂਹ ਜੁਅੰ॥ ਭੈ ਕੰਪਹੁ ਮੇਰ ਪਯਾਲ ਭੁਅੰ॥**
**ਤਪ ਤਾਪਸ ਸਰਬ ਜਲੇਰੁ ਥਲੰ॥ ਧਨ ਉਚਰਤ ਇੰਦ੍ਰ ਕੁਬੇਰ ਬਲੰ॥ ੧॥ ੧੪੧॥**

ਪਦ ਅਰਥ - ਜੂਹ=ਸਾਰੇ। ਜੁਅੰ=ਮਿਲਕੇ। ਭੁਅੰ=ਧਰਤੀ। ਧਨ=ਧੰਨ ਧੰਨ।

ਬਹੁਤ ਸਾਰੇ ਪੁਰਸ਼ ਆਪੋ ਵਿਚ ਮਿਲਕੇ ਭਾਵ ਸੰਗਤ ਬਣਾਕੇ ਪ੍ਰਭੂ ਦੀ ਜੈ ਜੈ ਕਾਰ ਕਰਦੇ ਹਨ, ਉਸ ਦੇ ਡਰ ਕਰਕੇ ਸੁਮੇਰ ਪਰਬਤ, ਪਤਾਲ ਤੇ ਧਰਤੀ ਕੰਬਦੇ ਹਨ। ਉਸ ਦੀ ਪ੍ਰਾਪਤੀ ਲਈ ਬਹੁਤ ਸਾਰੇ ਜਲਾਂ ਥਲਾਂ ਦੇ ਵਾਸੀ ਤਪ ਕਰਦੇ ਹਨ। ਉਸ ਨੂੰ ਇੰਦਰ, ਕੁਬੇਰ ਤੇ ਬਲੀ ਰਾਜਾ ਧੰਨ ਧੰਨ ਕਹਿੰਦੇ ਹਨ॥੧॥ ੧੪੧॥

**ਅਨਖੇਦ ਸਰੂਪ ਅਭੇਦ ਅਭਿਅੰ॥ ਅਨਖੰਡ ਅਭੂਤ ਅਛੇਦ ਅਛਿਅੰ॥**
**ਅਨਕਾਲ ਅਪਾਲ ਦਿਆਲ ਅਸੁਅੰ॥ ਜਿਹ ਠਟੀਅੰ ਮੇਰ ਅਕਾਸ ਭੁਅੰ॥ ੨॥ ੧੪੨॥**

ਉਸ ਦਾ ਸਰੂਪ ਖੇਦ ਰਹਿਤ, ਭੇਦ ਰਹਿਤ ਤੇ ਭੈ ਰਹਿਤ ਹੈ। ਜਿਸ ਨੂੰ ਖੰਡ ਟੁਕੜੇ ਨਹੀਂ ਕੀਤਾ ਜਾ ਸਕਦਾ, ਜੋ ਤੱਤਾਂ ਤੋਂ ਬਿਨਾਂ ਹੈ, ਜਿਸ ਨੂੰ ਛੇਦਿਆ ਨਹੀਂ ਜਾ ਸਕਦਾ ਤੇ ਜੋ ਸੁਤੇ ਸਰੂਪ ਤੇ ਦਿਆਲੂ ਹੈ। ਉਸ ਨੇ ਸੁਮੇਰ ਪਰਬਤ ਅਕਾਸ਼ ਤੇ ਧਰਤੀ ਨੂੰ ਰਚਿਆ ਹੈ ਭਾਵ ਕਾਇਮ ਕੀਤਾ ਹੋਇਆ ਹੈ॥ ੨॥ ੧੪੨॥

**ਅਨਖੰਡ ਅਮੰਡ ਪ੍ਰਚੰਡ ਨਰੰ॥ ਜਿਹ ਰਚੀਅੰ ਦੇਵ ਅਦੇਵ ਬਰੰ॥**
**ਸਭ ਕੀਨੀ ਦੀਨ ਜ਼ਿਮੀਨ ਜ਼ਮਾ॥ ਜਿਹ ਰਚੀਅੰ ਸਰਬ ਮਕੀਨ ਮਕਾ॥ ੩॥ ੧੪੩॥**

ਉਹ ਖੰਡਣ ਹੋਣ ਵਾਲਾ ਨਹੀਂ ਅਤੇ ਕਿਸੇ ਦਾ ਸਥਿਰ ਕੀਤਾ ਹੋਇਆ ਨਹੀ, ਉਹ ਬੜੇ ਤੇਜ ਪ੍ਰਤਾਪ ਵਾਲਾ ਪੁਰਖ ਹੈ। ਉਸ ਨੇ ਦੇਵਤੇ ਤੇ ਦੈਂਤ ਰਚੇ ਹਨ। ਉਸ ਨੇ ਜ਼ਮੀਨ ਤੇ ਅਕਾਸ਼ ਦੀ ਰਚਨਾ ਕੀਤੀ ਹੈ ਅਤੇ ਸਾਰੇ ਮਕਾਨਾਂ ਵਾਲੇ ਬਣਾਏ ਹਨ॥ ੩॥ ੧੪੩॥

**ਜਿਹ ਰਾਗ ਨ ਰੂਪ ਨ ਰੇਖ ਰੁਖੰ॥ ਜਿਹ ਤਾਪ ਨ ਸ੍ਰਾਪ ਨ ਸੋਕ ਸੁਖੰ॥**
**ਜਿਹ ਰੋਗ ਨ ਸੋਗ ਨ ਭੋਗ ਭੁਯੰ॥ ਜਿਹ ਖੇਦ ਨ ਭੇਦ ਨ ਛੇਦ ਛਯੰ॥ ੪ ॥ ੧੪੪॥**

ਜਿਸ ਦਾ ਕਿਸੇ ਨਾਲ ਮੋਹ ਨਹੀਂ, ਜਿਸ ਦਾ ਕੋਈ ਰੂਪ, ਚਿੰਨ੍ਹ ਜਾਂ ਚਿਹਰਾ ਨਹੀਂ। ਜਿਸ ਨੂੰ ਕੋਈ ਤਾਪ ਸਰਾਪ ਨਹੀਂ ਤੇ ਨਾ ਹੀ ਜਿਸ ਨੂੰ ਕੋਈ ਸੁਖ ਦੁਖ ਹੈ। ਜਿਸ ਨੂੰ ਕੋਈ ਰੋਗ ਸੋਗ ਨਹੀਂ ਤੇ ਨਾ ਕੋਈ ਭੋਗ ਹੈ ਤੇ ਨਾ ਹੀ ਕਿਸੇ ਦਾ ਡਰ ਹੈ। ਜਿਸ ਨੂੰ ਕੋਈ ਖੇਦ ਕਸ਼ਟ ਨਹੀਂ, ਜੋ ਅਭੇਦ ਹੈ, ਜੋ ਈਰਖਾ ਰਹਿਤ ਹੈ॥ ੪ ॥ ੧੪੪ ॥

**ਜਿਹ ਜਾਤ ਨ ਪਾਤ ਨ ਮਾਤ ਪਿਤੰ॥ ਜਿਹ ਰਚੀਅੰ ਛੱਤ੍ਰੀ ਛੱਤ੍ਰ ਛਿਤੰ॥**
**ਜਿਹ ਰਾਗ ਨ ਰੇਖ ਨ ਰੋਗ ਭਣੰ॥ ਜਿਹ ਦ੍ਵੈਖ ਨ ਦਾਗ ਨ ਦੋਖ ਗਣੰ॥ ੫ ॥ ੧੪੫॥**

ਉਸ ਪ੍ਰਭੂ ਦੀ ਕੋਈ ਜਾਤ ਨਹੀਂ, ਬਿਰਾਦਰੀ ਨਹੀਂ, ਮਾਤਾ ਤੇ ਪਿਤਾ ਨਹੀਂ। ਉਸ ਨੇ ਇਸ ਪ੍ਰਿਥਵੀ ਤੇ ਛੱਤਰ ਧਾਰਨ ਵਾਲੇ ਬੜੇ ਬੜੇ ਛੱਤ੍ਰੀ ਰਾਜੇ ਬਣਾਏ ਹਨ। ਉਸ ਨੂੰ ਕੋਈ ਮੋਹ ਨਹੀਂ, ਕੋਈ ਦਾਗ ਕਲੰਕ ਨਹੀਂ ਤੇ ਨਾ ਹੀ ਉਸ ਵਿਚ ਕੋਈ ਦੋਸ਼ ਜਾਣਿਆ ਜਾਂਦਾ ਹੈ॥ ੫ ॥ ੧੪੫ ॥

**ਜਿਹ ਅੰਡਹ ਤੇ ਬ੍ਰਹਮੰਡ ਰਚਿਓ॥ ਦਸ ਚਾਰ ਕਰੀ ਨਵ ਖੰਡ ਸਚਿਓ॥**
**ਰਜ ਤਾਮਸ ਤੇਜ ਅਤੇਜ ਕੀਓ॥ ਅਨਭਉ ਪਦ ਆਪ ਪ੍ਰਚੰਡ ਲੀਓ॥ ੬ ॥ ੧੪੬॥**

ਪਦ ਅਰਥ - ਅੰਡਹ=ਆਂਡਾ। ਸਚਿਓ=ਸਾਜਿਆ। ਤੇਜ=ਚਾਨਣਾ। ਅਤੇਜ=ਅੰਧਕਾਰ।

ਜਿਸ ਪ੍ਰਭੂ ਨੇ ਪਹਿਲੇ ਆਂਡਾ ਬਣਾਇਆ ਤੇ ਫਿਰ ਉਸ ਆਂਡੇ ਤੋਂ ਸਾਰਾ ਬ੍ਰਹਿਮੰਡ ਬਣਾ ਦਿੱਤਾ ਹੈ। ਜਿਸ ਨੇ ਚੌਦਾਂ ਲੋਕ ਤੇ ਨੌਂ ਖੰਡ ਪ੍ਰਿਥਵੀ ਨੂੰ ਸਾਜਿਆ ਹੈ। ਜਿਸ ਨੇ ਰਜੋ ਤਮੋ ਗੁਣ ਤੇ ਚਾਨਣਾ ਦਿਨ ਤੇ ਅੰਧਕਾਰ ਰਾਤ ਬਣਾਇਆ ਹੈ। ਉਸ ਪ੍ਰਭੂ ਨੇ ਆਪਣੇ ਆਪ ਤੋਂ ਹੀ ਆਪਣਾ ਤੇਜਮਈ ਪ੍ਰਕਾਸ਼ ਸਰੂਪ ਬਾਇਆ ਹੈ॥ ੬ ॥ ੧੪੬ ॥

**ਸ੍ਰਿਅ ਸਿੰਧਰ ਬਿੰਧ ਨਗਿੰਧ ਨਗੰ॥ ਸ੍ਰਿਅ ਜੱਛ ਗੰਧ੍ਰਬ ਫਣਿੰਦ ਭੁਜੰ॥**
**ਰਚ ਦੇਵ ਅਦੇਵ ਅਭੇਵ ਨਰੰ॥ ਨਰਪਾਲ ਅਪਾਲ ਕਰਾਲ ਤ੍ਰਿਗੰ॥ ੭ ॥ ੧੪੭॥**

ਪਦ ਅਰਥ - ਸ੍ਰਿਅ=ਰਚਿਆ ਹੈ। ਸਿੰਧੁਰ=ਸਮੁੰਦਰ। ਬਿੰਧ=ਪਹਾੜ। ਨਗਿੰਦ=ਸੁਮੇਰ। ਅਭੇਵ ਨਰੰ=ਬ੍ਰਹਮਾ ਤੇ ਵਿਸ਼ਨੂੰ।

ਉਸ ਅਕਾਲ ਪੁਰਖ ਨੇ ਸਮੁੰਦਰ, ਪਹਾੜ, ਸੁਮੇਰ ਪਰਬਤ ਤੇ ਨਾਗਾਂ ਨੂੰ ਸਿਰਜਿਆ ਹੈ। ਉਸ ਨੇ ਜੱਛ ਗੰਧਰਬ, ਸ਼ੇਸ਼ਨਾਗ ਤੇ ਸੱਪਾਂ ਨੂੰ ਬਣਾਇਆ ਹੈ। ਉਸ ਨੇ ਦੇਵਤੇ, ਦੈਂਤ ਤੇ ਬ੍ਰਹਮਾ, ਵਿਸ਼ਨੂੰ ਨੂੰ ਰਚਿਆ ਹੈ। ਉਹ ਰਾਜਿਆਂ ਨੂੰ ਰਚਦਾ ਹੈ ਤੇ ਟੇਢੀ ਗਤੀ ਨਾਲ ਚਲਣ ਵਾਲੇ ਭਿਆਨਕ ਜੀਵਾਂ ਨੂੰ ਪਾਲਦਾ ਹੈ॥ ੭ ॥ ੧੪੭ ॥

**ਕੀਏ ਕੀਟ ਪਤੰਗ ਭੁਜੰਗ ਨਰੰ॥ ਰਚਿ ਅੰਡਜ ਸੇਤਜ ਉੱਤਭੁਜੰ॥**
**ਕੀਏ ਦੇਵ ਅਦੇਵ ਸਰਾਧ ਪਿਤੰ॥ ਅਨਖੰਡ ਪ੍ਰਤਾਪ ਪ੍ਰਚੰਡ ਗਤੰ॥ ੮॥ ੧੪੮॥**

ਉਸ ਕਰਤਾਰ ਨੇ ਕਰੋੜਾਂ ਕੀੜੇ, ਪੰਤਗੇ, ਸੱਪ ਤੇ ਮਨੁੱਖ ਬਣਾਏ ਹਨ। ਉਸ ਨੇ ਅਡੰਜ, ਜੇਰਜ, ਸੇਤਜ ਤੇ ਉਤਭੁਜ ਚੌਹਾਂ ਖਾਣੀਆਂ ਦੇ ਜੀਵ ਰਚੇ ਹਨ। ਉਸ ਨੇ ਦੇਵ ਭਲੇ ਪੁਰਸ਼, ਅਦੇਵ ਬੁਰੇ ਮਨੁੱਖ, ਸਰਾਧ ਤੇ ਪਿਤਰ ਬਣਾਏ ਹਨ। ਉਸ ਦਾ ਪ੍ਰਤਾਪ ਕਦੀ ਖੰਡਨ ਨਹੀਂ ਹੁੰਦਾ ਤੇ ਉਸ ਦੀ ਚਾਲ ਬਹੁਤ ਤੇਜ ਹੈ॥ ੮॥ ੧੪੮॥

**ਪ੍ਰਭ ਜਾਤ ਨ ਪਾਤ ਨ ਜੋਤ ਜੁਤੰ॥ ਜਿਹ ਤਾਤ ਨ ਮਾਤ ਨ ਭ੍ਰਾਤ ਸੁਤੰ॥**
**ਜਿਹ ਰੋਗ ਨ ਸੋਗ ਨ ਭੋਗ ਭੁਅੰ॥ ਜਿਹ ਜੰਪਹਿ ਕਿੰਨਰ ਜੱਛ ਜੁਅੰ॥ ੯॥ ੧੪੯॥**

ਉਸ ਪ੍ਰਭੂ ਦੀ ਕੋਈ ਜਾਤ ਤੇ ਬਰਾਦਰੀ ਨਹੀਂ, ਤੇ ਨਾ ਹੀ ਉਹ ਕਿਸੇ ਜੋਤੀ ਵਿਚ ਜੁੜਿਆ ਹੋਇਆ ਹੈ। ਉਸ ਦਾ ਪਿਤਾ ਨਹੀਂ, ਮਾਤਾ ਨਹੀਂ, ਭਰਾ ਨਹੀਂ ਤੇ ਨਾ ਹੀ ਕੋਈ ਪੁੱਤਰ ਹੈ। ਜਿਸ ਨੂੰ ਕੋਈ ਰੋਗ ਨਹੀਂ, ਸੋਗ ਨਹੀਂ ਤੇ ਨਾ ਹੀ ਉਹ ਕੋਈ ਭੋਗ ਭੋਗਦਾ ਹੈ। ਉਸ ਨੂੰ ਕਿੰਨਰ ਤੇ ਜੱਛ ਮਿਲ ਕੇ ਸਿਮਰਦੇ ਹਨ॥ ੯॥ ੧੪੯॥

**ਨਰ ਨਾਰ ਨਪੁੰਸਕ ਜਾਹਿ ਕੀਏ॥ ਗਣ ਕਿੰਨਰ ਜੱਛ ਭੁਜੰਗ ਦੀਏ॥**
**ਗਜ ਬਾਜ ਰਥਾਦਿਕ ਪਾਂਤ ਗਨੰ॥ ਭਵ ਭੂਤ ਭਵਿੱਖ ਭਵਾਨ ਤੁਅੰ॥ ੧੦॥ ੧੫੦॥**

ਉਸ ਅਕਾਲ ਪੁਰਖ ਨੇ ਪੁਰਸ਼, ਇਸਤ੍ਰੀਆਂ ਤੇ ਹੀਜੜੇ ਬਣਾਏ ਹਨ। ਉਸ ਨੇ ਗਣ, ਕਿੰਨਰ, ਜੱਛ ਤੇ ਸੱਪ ਉਤਪੰਨ ਕੀਤੇ ਹਨ। ਉਸ ਨੇ ਹਾਥੀ, ਘੋੜੇ, ਰਥ ਤੇ ਪੈਦਲਾਂ ਦੇ ਝੁੰਡ ਬਣਾਏ ਹਨ। ਉਸ ਨੇ ਬੀਤ ਚੁਕੇ ਸਮੇਂ, ਆਉਣ ਵਾਲੇ ਸਮੇਂ ਤੇ ਵਰਤਮਾਨ ਸਮੇਂ ਨੂੰ ਪੈਦਾ ਕੀਤਾ ਹੈ॥ ੧੦॥ ੧੫੦॥

**ਜਿਹ ਅੰਡਜ ਸੇਤਜ ਜੇਰ ਰਜੰ॥ ਰਚਿ ਭੂਮ ਅਕਾਸ ਪਤਾਲ ਜਲੰ॥**
**ਰਚਿ ਪਾਵਕ ਪਉਣ ਪ੍ਰਚੰਡ ਬਲੀ॥ ਬਨ ਜਾਸੁ ਕੀਓ ਫਲ ਫੂਲ ਕਲੀ॥ ੧੧॥ ੧੫੧॥**

ਜਿਸ ਪਰਮੇਸ਼ਰ ਨੇ ਅਡੰਜ, ਜੇਰਜ, ਸੇਤਜ ਤੇ ਉਤਭੁਜ ਚੋਹਾਂ ਖਾਣੀਆਂ ਨੂੰ ਰਚਿਆ ਹੈ। ਜਿਸ ਨੇ ਪ੍ਰਿਥਵੀ, ਅਕਾਸ਼, ਪਤਾਲ ਤੇ ਜਲ ਦੀ ਰਚਨਾ ਰਚੀ ਹੈ। ਜਿਸ ਨੇ ਵੱਡੇ ਤੇਜ ਵਾਲੀ ਅਗਨੀ ਤੇ ਬੜੇ ਬਲ ਵਾਲੀ ਹਵਾ ਬਣਾਈ ਹੈ। ਜਿਸ ਨੇ ਜੰਗਲ, ਫਲ, ਫੁਲ ਤੇ ਕਲੀਆਂ ਬਣਾਈਆਂ ਹਨ॥ ੧੧॥ ੧੫੧॥

**ਭੂਅ ਮੇਰ ਅਕਾਸ ਨਿਵਾਸ ਛਿਤੰ॥ ਰਚਿ ਰੋਜ ਇਕਾਦਸ ਚੰਦ੍ਰ ਬ੍ਰਿਤੰ॥**
**ਦੁਤ ਚੰਦ ਦਿਨੀਸਹ ਦੀਪ ਦਈ॥ ਜਿਹ ਪਾਵਕ ਪਉਨ ਪ੍ਰਚੰਡ ਮਈ॥ ੧੨॥ ੧੫੨॥**

ਪਦ ਅਰਥ - ਦਿਨੀਸਹਿ=ਸੂਰਜ।

ਉਸ ਪ੍ਰਭੂ ਨੇ ਪ੍ਰਿਥਵੀ, ਸੁਮੇਰ ਪਰਬਤ ਤੇ ਅਕਾਸ਼ ਨੂੰ ਬਣਾਇਆ ਹੈ ਤੇ ਧਰਤੀ ਨੂੰ ਜੀਵਾਂ

ਦੇ ਵਸਣ ਲਈ ਰਚਿਆ ਹੈ। ਉਸ ਪ੍ਰਭੂ ਨੇ ਰੋਜ਼ੇ, ਇਕਾਦਸ਼ੀ ਚੰਦਰ ਵਰਤ ਦੇ ਵਰਤਾਂ ਨੂੰ ਸਾਜਿਆ ਹੈ। ਉਸ ਨੇ ਚੰਦਰਮਾ ਨੂੰ ਪ੍ਰਕਾਸ਼ ਤੇ ਸੂਰਜ ਨੂੰ ਤੇਜ ਰੋਸ਼ਨੀ ਦਿੱਤੀ ਹੈ ਅਤੇ ਉਸੇ ਨੇ ਵੱਡੇ ਤੇਜ਼ ਵਾਲੀ ਅੱਗ ਤੇ ਬੜੇ ਵੇਗ ਨਾਲ ਚਲਣ ਵਾਲੀ ਪੌਣ ਬਣਾਈ ਹੈ॥੧੨॥੧੫੨॥

**ਜਿਹ ਖੰਡ ਅਖੰਡ ਪ੍ਰਚੰਡ ਕੀਏ॥ ਜਿਹ ਛਤ੍ਰ ਉਪਾਇ ਛਿਪਾਇ ਦੀਏ॥**
**ਜਿਹ ਲੋਕ ਚਤਰਦਸ ਚਾਰ ਰਚੇ॥ ਗਣ ਗੰਧ੍ਰਬ ਦੇਵ ਅਦੇਵ ਸਚੇ॥੧੩॥੧੫੩॥**

ਪਦ ਅਰਥ - ਖੰਡ ਅਖੰਡ=ਅਕਾਸ਼। ਛੱਤ੍ਰ=ਤਾਰੇ।

ਉਸ ਅਕਾਲ ਪੁਰਖ ਨੇ ਅਕਾਸ਼ ਵਿਚ ਬੜੇ ਤੇਜ ਵਾਲਾ ਸੂਰਜ ਬਣਾਇਆ ਹੈ ਅਤੇ ਤਾਰੇ ਪੈਦਾ ਕਰਕੇ ਸੂਰਜ ਦੇ ਪ੍ਰਕਾਸ਼ ਵਿਚ ਛੁਪਾ ਦਿੱਤੇ ਹਨ। ਉਸ ਬੜੇ ਸੁੰਦਰ ਚੌਦਾਂ ਲੋਕ ਰਚੇ ਹਨ ਤੇ ਗਣ, ਗੰਧਰਬ, ਦੇਵਤੇ ਤੇ ਦੈਂਤ ਸਾਜੇ ਹਨ॥੧੩॥੧੫੩॥

**ਅਨਧੂਤ ਅਭੂਤ ਅਛੂਤ ਮਤੰ॥ ਅਨਗਾਧ ਅਬਜਾਧ ਅਨਾਦਿ ਗਤੰ॥**
**ਅਨਖੇਦ ਅਭੇਦ ਅਛੇਦ ਨਰੰ॥ ਜਿਹ ਚਾਰ ਚਤਰ ਦਿਸ ਚੱਕ੍ਰ ਫਿਰੰ॥੧੪॥੧੫੪॥**

ਉਹ ਪ੍ਰਭੂ ਨਿਰੋਲ ਸੁੱਧ ਸਰੂਪ ਵਾਲਾ ਹੈ, ਤੱਤਾਂ ਤੋਂ ਰਹਿਤ ਬੁੱਧੀ ਵਾਲਾ ਹੈ। ਉਹ ਪਰਮਾਤਮਾ ਬਹੁਤ ਡੂੰਘਾ ਹੈ, ਉਸ ਨੂੰ ਕੋਈ ਦੁਖ ਨਹੀਂ ਵਿਆਪਦਾ, ਉਹ ਆਦਿ ਕਾਲ ਤੋਂ ਹੀ ਗਤੀ ਰਹਿਤ ਹੈ। ਉਸ ਨੂੰ ਕੋਈ ਕਸ਼ਟ ਨਹੀਂ, ਉਸ ਦਾ ਭੇਦ ਕੋਈ ਨਹੀਂ ਜਾਣਦਾ। ਉਹ ਕਿਸੇ ਕੋਲੋਂ ਕਟਿਆ ਨਹੀਂ ਜਾਂਦਾ ਤੇ ਉਸ ਦਾ ਸਰੂਪ ਨਰ ਵਾਲਾ ਹੈ। ਉਸ ਦੇ ਹੁਕਮ ਦਾ ਚੱਕਰ ਚੌਦਾਂ ਲੋਕਾਂ ਵਿਚ ਫਿਰਦਾ ਹੈ ਭਾਵ ਸਭ ਸ੍ਰਿਸ਼ਟੀ ਵਿਚ ਉਸਦਾ ਹੁਕਮ ਵਰਤ ਰਿਹਾ ਹੈ॥੧੪॥੧੫੪॥

**ਜਿਹ ਰਾਗ ਨ ਰੰਗ ਨ ਰੇਖ ਰੁਗੰ॥ ਜਿਹ ਸੋਗ ਨ ਭੋਗ ਨ ਜੋਗ ਜੁਗੰ॥**
**ਭੂਅ ਭੰਜਨ ਗੰਜਨ ਆਦਿ ਸਿਰੰ॥ ਜਿਹ ਬੰਦਤ ਦੇਵ ਅਦੇਵ ਨਰੰ॥੧੫॥੧੫੫॥**

ਪਦ ਅਰਥ - ਭੂਅ ਭੰਜਨ=ਦੈਂਤ।

ਉਸ ਪਰਮਾਤਮਾ ਨੂੰ ਕੋਈ ਮੋਹ ਨਹੀਂ, ਕੋਈ ਰੰਗ ਨਹੀਂ, ਕੋਈ ਨਿਸ਼ਾਨ ਨਹੀਂ ਅਤੇ ਕੋਈ ਰੋਗ ਨਹੀਂ। ਉਸ ਨੂੰ ਕੋਈ ਸੋਗ ਨਹੀਂ, ਕਿਸੇ ਭੋਗ ਦਾ ਇੱਛਾਵਾਨ ਨਹੀਂ ਤੇ ਨਾ ਹੀ ਉਹ ਜ਼ੋਰ ਨਾਲ ਜੁੜਿਆ ਹੋਇਆ ਹੈ। ਉਹ ਸ੍ਰਿਸ਼ਟੀ ਨੂੰ ਦੁਖ ਦੇਣ ਵਾਲੇ ਦੈਂਤਾਂ ਨੂੰ ਨਾਸ ਕਰਦਾ ਹੈ ਤੇ ਮੁੱਢ ਤੋਂ ਹੀ ਸਭ ਦਾ ਸਿਰਜਨਹਾਰ ਹੈ ਅਤੇ ਦੇਵਤੇ, ਦੈਂਤ ਤੇ ਮਨੁੱਖ ਉਸਨੂੰ ਬੰਦਨਾਂ ਕਰਦੇ ਹਨ॥੧੫॥੧੫੫॥

**ਗਣ ਕਿੰਨਰ ਜੱਛ ਭੁਜੰਗ ਰਚੇ॥ ਮਣਿ ਮਾਣਕ ਮੋਤੀ ਲਾਲ ਸੁਚੇ॥**
**ਅਨਭੰਜ ਪ੍ਰਭਾ ਅਨਗੰਜ ਬ੍ਰਿਤੰ॥ ਜਿਹ ਪਾਰ ਨ ਪਾਵਤ ਪੂਰ ਮਤੰ॥੧੬॥੧੫੬॥**

ਉਸ ਵਾਹਿਗੁਰੂ ਨੇ ਗਣ, ਕਿੰਨਰ, ਜੱਛ ਤੇ ਸੱਪ ਰਚੇ ਹਨ। ਉਸ ਨੇ ਮਣੀਆਂ, ਮਾਣਕ, ਮੋਤੀ

ਤੇ ਬੜੇ ਕੀਮਤੀ ਲਾਲ ਬਣਾਏ ਹਨ। ਉਹ ਨਾਸ ਰਹਿਤ ਸ਼ੋਭਾ ਵਾਲਾ ਤੇ ਖੰਡ ਰਹਿਤ ਬ੍ਰਿਤੀ ਵਾਲਾ ਹੈ। ਬੜੇ ਬੜੇ ਪੂਰਨ ਬੁੱਧੀ ਵਾਲੇ ਪੁਰਸ਼ ਉਸ ਦਾ ਪਾਰਾਵਾਰ ਨਹੀਂ ਪਾ ਸਕਦੇ॥੧੬॥੧੫੬॥

**ਅਨਖੰਡ ਸਰੂਪ ਅਡੰਡ ਪ੍ਰਭਾ॥ ਜੈ ਜੰਪਤ ਬੇਦ ਪੁਰਾਨ ਸਭਾ॥**
**ਜਿਹ ਬੇਦ ਕਤੇਬ ਅਨੰਤ ਕਹੈ॥ ਜਿਹ ਭੂਤ ਅਭੂਤ ਨ ਭੇਦ ਲਹੈ॥੧੭॥੧੫੭॥**

ਉਸ ਪ੍ਰਭੂ ਦਾ ਸਰੂਪ ਅਖੰਡ ਭਾਵ ਨਾ ਖੰਡਣ ਯੋਗ ਹੈ ਤੇ ਉਸ ਦੀ ਪ੍ਰਭਾ ਨਾ ਡੰਨੇ ਜਾਣ ਵਾਲੀ ਹੈ। ਸਾਰੇ ਵੇਦ ਤੇ ਪੁਰਾਨ ਉਸ ਨੂੰ ਜੈ ਜੈ ਕਰਕੇ ਜਪਦੇ ਹਨ ਅਤੇ ਵੇਦ ਤੇ ਕਤੇਬ ਬੇਅੰਤ ਬੇਅੰਤ ਕਹਿੰਦੇ ਹਨ। ਉਸ ਦਾ ਭੇਦ ਸਥੂਲ ਤੇ ਸੂਖਮ ਸਰੀਰਾਂ ਵਾਲੇ ਵੀ ਨਹੀਂ ਜਾਣ ਸਕਦੇ॥੧੭॥੧੫੭॥

**ਜਿਹ ਬੇਦ ਪੁਰਾਨ ਕਤੇਬ ਜਪੈ॥ ਸੁਤ ਸਿੰਧ ਅਧੋ ਮੁਖ ਤਾਪ ਤਪੈ॥**
**ਕਈ ਕਲਪਨ ਲੌ ਤਪ ਤਾਪ ਕਰੈ॥ ਨਹੀ ਨੈਕ ਕ੍ਰਿਪਾਨਿਧ ਪਾਨ ਪਰੈ॥੧੮॥੧੫੮॥**

ਪਦ ਅਰਥ - ਸੁਤ ਸਿੰਧ=ਚੰਦਰਮਾ। ਨੈਕ=ਥੋੜਾ ਜਿੰਨਾ।

ਉਸ ਵਾਹਿਗੁਰੂ ਨੂੰ ਵੇਦ, ਪੁਰਾਨ ਤੇ ਕਤੇਬਾਂ ਜਪਦੀਆਂ ਹਨ, ਉਸ ਦੀ ਪ੍ਰਾਪਤੀ ਵਾਸਤੇ ਚੰਦਰਮਾ ਨੀਵਾਂ ਮੂੰਹ ਕਰਕੇ ਤਪੱਸਿਆ ਕਰ ਰਿਹਾ ਹੈ ਅਤੇ ਕਈ ਕਲਪਾਂ ਤੋਂ ਇਸ ਤਪ ਨੂੰ ਤਾਪ ਰਿਹਾ ਹੈ। ਉਹ ਚੰਦਰਮਾ ਉਸ ਕਿਰਪਾ ਨਿਧਾਨ ਪ੍ਰਭੂ ਨੂੰ ਜ਼ਰਾ ਜਿੰਨਾ ਵੀ ਪ੍ਰਾਪਤ ਨਹੀਂ ਕਰ ਸਕਿਆ॥੧੮॥੧੫੮॥

**ਜਿਹ ਫੋਕਟ ਧਰਮ ਸਭੈ ਤਜਿ ਹੈ॥ ਇਕ ਚਿਤ ਕ੍ਰਿਪਾਨਿਧ ਕੋ ਭਜਿ ਹੈ॥**
**ਤੇਊ ਯਾ ਭਵਸਾਗਰ ਕੋ ਤਰ ਹੈ॥ ਭਵ ਭੂਲ ਨ ਦੇਹ ਪੁਨਰ ਧਰ ਹੈ॥੧੯॥੧੫੯॥**

ਜਿਹੜੇ ਪੁਰਸ਼ ਸਾਰੇ ਫੋਕਟ ਨਿਕੰਮੇ ਧਰਮਾਂ ਨੂੰ ਤਿਆਗ ਦੇਂਦੇ ਹਨ ਤੇ ਮਨ ਇਕਾਗਰ ਕਰਕੇ ਉਸ ਪਰਮਾਤਮਾ ਨੂੰ ਸਿਮਰਦੇ ਹਨ, ਉਹ ਇਸ ਸੰਸਾਰ ਸਾਗਰ ਤੋਂ ਤਰ ਜਾਂਦੇ ਹਨ ਤੇ ਭੁਲਕੇ ਵੀ ਮੁੜਕੇ ਇਸ ਸ੍ਰਿਸ਼ਟੀ ਵਿਚ ਜਨਮ ਨਹੀਂ ਲੈਂਦੇ॥੧੯॥੧੫੯॥

**ਇਕ ਨਾਮ ਬਿਨਾ ਨਹੀ ਕੋਟ ਬ੍ਰਿਤੀ॥ ਇਮ ਬੇਦ ਉਚਾਰਤ ਸਾਰਸੁਤੀ॥**
**ਜੋਊ ਵਾ ਰਸ ਕੇ ਚਸ ਕੇ ਰਸ ਹੈ॥ ਤੇਊ ਭੂਲ ਨ ਕਾਲ ਫਧਾ ਫਸ ਹੈ॥੨੦॥੧੬੦॥**

ਇਕ ਅਕਾਲ ਪੁਰਖ ਦੇ ਨਾਮ ਤੋਂ ਬਿਨਾਂ ਭਾਵੇਂ ਕਰੋੜਾਂ ਵਰਤ ਰਖੇ ਜਾਣ ਕਦੀ ਮੁਕਤੀ ਨਹੀਂ ਹੁੰਦੀ। ਇਹ ਸਿਖਿਆ ਵੇਦਾਂ ਦੀਆਂ ਸ੍ਰੁਤੀਆਂ ਉਚਾਰਦੀਆਂ ਹਨ। ਜਿਹੜਾ ਪੁਰਸ਼ ਪਰਮਾਤਮਾ ਦੇ ਨਾਮ ਰਸ ਦੇ ਸੁਆਦ ਵਿਚ ਮਿਲਿਆ ਰਹਿੰਦਾ ਹੈ, ਉਹ ਭੁਲ ਕੇ ਵੀ ਕਾਲ ਦੀ ਫਾਹੀ ਵਿਚ ਨਹੀਂ ਫਸਦਾ॥੨੦॥੧੬੦॥

## ਤ੍ਵਪ੍ਰਸਾਦਿ॥ ਨਰਾਜ ਛੰਦ॥

**ਅਗੰਜ ਆਦਿ ਦੇਵ ਹੈ ਅਭੰਜ ਭੰਜ ਜਾਨੀਐ॥**
**ਅਭੂਤ ਭੂਤ ਹੈ ਸਦਾ ਅਗੰਜ ਗੰਜ ਮਾਨੀਐ॥**
**ਅਦੇਵ ਦੇਵ ਹੈ ਸਦਾ ਅਭੇਵ ਭੇਵ ਨਾਥ ਹੈ॥**
**ਸਮੱਸਤ ਸਿੱਧ ਬ੍ਰਿੱਧਦਾ ਸਦੀਵ ਸਰਬ ਸਾਥ ਹੈ॥੧॥੧੬੧॥**

ਉਹ ਪਰਮਾਤਮਾ ਆਦਿ ਕਾਲ ਮੁੱਢ ਤੋਂ ਹੀ ਨਾ ਟੁੱਟਣ ਵਾਲ ਪ੍ਰਕਾਸ਼ ਰੂਪ ਹੈ। ਉਹ ਨਾ ਭੱਜਣ ਵਾਲਿਆਂ ਨੂੰ ਭੰਨਣ ਤੋੜਨ ਵਾਲਾ ਜਾਣਿਆਂ ਜਾਂਦਾ ਹੈ। ਉਹ ਪ੍ਰਭੂ ਸੂਖਮ ਤੇ ਸਥੂਲ ਰੂਪ ਵਾਲਾ ਹੈ ਤੇ ਨਿਤ ਕਾਇਮ ਰਹਿਣ ਵਾਲਾ ਹੈ। ਉਹ ਨਾ ਨਾਸ ਹੋਣ ਵਾਲਿਆਂ ਨੂੰ ਨਾਸ ਕਰਨ ਵਾਲਾ ਮੰਨਿਆਂ ਜਾਂਦਾ ਹੈ। ਉਹ ਸਦਾ ਦੇਵਤਾ ਤੇ ਦੈਂਤ ਰੂਪ ਵਾਲਾ ਹੈ ਤੇ ਗੁਪਤ ਪ੍ਰਗਟ ਸ਼ਕਤੀਆਂ ਦਾ ਮਾਲਕ ਹੈ। ਉਹ ਸਾਰੀਆਂ ਸਿੱਧੀਆਂ ਤੇ ਵਾਧੇ ਦੇਣ ਵਾਲਾ ਹੈ ਤੇ ਸਰਬ ਜੀਵਾਂ ਦੇ ਨਾਲ ਰਹਿਣ ਵਾਲਾ ਸਾਥੀ ਹੈ॥੧॥੧੬੧॥

**ਅਨਾਥ ਨਾਥ ਨਾਥ ਹੈ ਅਭੰਜ ਭੰਜ ਹੈ ਸਦਾ॥**
**ਅਗੰਜ ਗੰਜ ਗੰਜ ਹੈ ਸਦੀਵ ਸਿੱਧ ਬ੍ਰਿੱਧਦਾ॥**
**ਅਨੂਪ ਰੂਪ ਸਰੂਪ ਹੈ ਅਛਿੱਜ ਤੇਜ ਮਾਨੀਐ॥**
**ਸਦੀਵ ਸਿੱਧ ਸੁੱਧ ਦਾ ਪ੍ਰਤਾਪ ਪਤ੍ਰ ਜਾਨੀਐ॥੨॥੧੬੨॥**

ਉਹ ਪ੍ਰਭੂ ਜਿਹੜਾ ਅਨਾਥਾਂ ਦਾ ਨਾਥ ਹੈ, ਉਸ ਦਾ ਵੀ ਸੁਆਮੀ ਹੈ। ਜੋ ਕਦੀ ਵੀ ਨਹੀਂ ਭੱਜਣ ਵਾਲੇ, ਉਹ ਉਹਨਾਂ ਨੂੰ ਵੀ ਭੰਨਣ ਵਾਲਾ ਹੈ। ਜਿਹੜੇ ਪੁਰਸ਼ ਧਨ ਦੇ ਖਜ਼ਾਨਿਆਂ ਤੋਂ ਖਾਲੀ ਹਨ, ਉਹਨਾਂ ਨੂੰ ਉਹ ਬੇਅੰਤ ਦੌਲਤ ਦੇ ਖਜ਼ਾਨੇ ਬਖਸ਼ਦਾ ਹੈ ਤੇ ਸਦਾ ਸਿੱਧੀਆਂ ਤੇ ਬ੍ਰਿਧੀਆਂ ਦੇਂਦਾ ਹੈ। ਉਸ ਦਾ ਰੂਪ ਐਸਾ ਸੁੰਦਰ ਹੈ, ਜਿਸ ਦੀ ਉਪਮਾ ਨਹੀਂ ਹੋ ਸਕਦੀ ਤੇ ਉਸ ਦਾ ਤੇਜ ਪ੍ਰਕਾਸ਼ ਕਦੀ ਵੀ ਨਾਸ ਹੋਣ ਵਾਲਾ ਨਹੀਂ। ਉਹ ਹਮੇਸ਼ਾਂ ਸਿੱਧੀ ਅਤੇ ਸ਼ੁੱਧੀ ਦਾ ਪ੍ਰਤਾਪ ਪੱਤਰ ਜਾਣਿਆ ਜਾਂਦਾ ਹੈ॥੨॥੧੬੨॥

**ਨ ਰਾਗ ਰੰਗ ਰੂਪ ਹੈ ਨ ਰੋਗ ਰਾਗ ਰੇਖ ਹੈ॥**
**ਅਦੋਖ ਅਦਾਗ ਅਦੱਖ ਹੈ ਅਭੂਤ ਅਭ੍ਰਮ ਅਭੇਖ ਹੈ॥**
**ਨ ਤਾਤ ਮਾਤ ਜਾਤ ਹੈ ਨ ਪਾਤ ਚਿਹਨ ਬਰਨ ਹੈ॥**
**ਅਦੇਖ ਅਸੇਖ ਅਭੇਖ ਹੈ ਸਦੀਵ ਬਿੱਸ੍ਵ ਭਰਨ ਹੈ॥੩॥੧੬੩॥**

ਪਦ ਅਰਥ - ਬਿੱਸ੍ਰ=ਸੰਸਾਰ। ਭਰਨ=ਪਾਲਣਾ।

ਉਸ ਅਕਾਲ ਪੁਰਖ ਨੂੰ ਕੋਈ ਮੋਹ ਨਹੀਂ, ਉਸ ਦਾ ਕੋਈ ਰੂਪ ਨਹੀਂ, ਉਸ ਨੂੰ ਕੋਈ ਰੋਗ ਤੇ ਰਾਗ ਦਾ ਨਿਸ਼ਾਨ ਵੀ ਨਹੀਂ। ਉਹ ਦੋਸ਼ ਰਹਿਤ, ਦਾਗ ਰਹਿਤ ਤੇ ਦੱਖ ਤੋਂ ਬਿਨਾਂ ਹੈ। ਉਹ ਤੱਤਾਂ ਦੀ ਰਚਨਾ ਤੋਂ ਬਿਨਾਂ ਤੇ ਭਰਮ ਰਹਿਤ ਹੈ। ਉਸ ਦਾ ਕੋਈ ਭੇਸ ਨਹੀਂ। ਉਸ ਦਾ ਨਾ ਪਿਤਾ ਹੈ, ਨਾ ਮਾਤਾ ਹੈ ਤੇ ਨਾ ਕੋਈ ਜਾਤ, ਬਰਾਦਰੀ, ਚਿੰਨ੍ਹ ਜਾਂ ਵਰਨ ਹੈ। ਉਹ ਅਦ੍ਰਿਸ਼, ਪੂਰਨ ਤੇ ਭੇਸ ਰਹਿਤ ਹੈ। ਉਹ ਸਦਾ ਸਾਰੇ ਸੰਸਾਰ ਦੀ ਪਾਲਣਾ ਕਰਦਾ ਹੈ॥ ੩ ॥ ੧੬੩ ॥

**ਬਿਸ੍ਵੰਭਰ ਬਿਸ੍ਵਨਾਥ ਹੈ ਬਿਸੇਖ ਬਿਸ੍ਵ ਭਰਨ ਹੈ॥**
**ਜ਼ਮੀ ਜ਼ਮਾਨ ਕੇ ਬਿਖੈ ਸਦੀਵ ਕਰਮ ਭਰਮ ਹੈ॥**
**ਅਦ੍ਵੈਖ ਹੈ ਅਭੇਖ ਹੈ ਅਲੇਖ ਨਾਥ ਜਾਨੀਐ॥**
**ਸਦੀਵ ਸਰਬ ਠਉਰ ਮੈ ਬਿਸੇਖ ਆਨ ਮਾਨੀਐ॥ ੪ ॥ ੧੬੪ ॥**

ਉਹ ਪਰਮਾਤਮਾ ਸੰਸਾਰ ਨੂੰ ਪੈਦਾ ਕਰਨ ਵਾਲਾ ਤੇ ਸ੍ਰਿਸ਼ਟੀ ਦਾ ਮਾਲਕ ਹੈ। ਉਹ ਵਿਸ਼ੇਸ਼ ਤੌਰ ਤੇ ਸੰਸਾਰ ਦੀ ਪਾਲਣਾ ਕਰਦਾ ਹੈ। ਉਹ ਧਰਤੀ ਤੇ ਅਕਾਸ਼ ਵਿਚ ਹਮੇਸ਼ਾਂ ਸਭ ਕਰਮਾਂ ਨੂੰ ਸਫਲ ਕਰਨ ਵਾਲਾ ਹੈ। ਉਹ ਦ੍ਵੈਸ਼ ਰਹਿਤ, ਭੇਸ ਰਹਿਤ ਤੇ ਕਿਸੇ ਲੇਖੇ ਤੋਂ ਰਹਿਤ ਸੁਆਮੀ ਜਾਣਿਆ ਜਾਂਦਾ ਹੈ। ਉਹ ਸਭ ਥਾਵਾਂ ਤੇ ਹਰ ਸਮੇਂ ਵਿਆਪਕ ਹੈ। ਇਹ ਉਸ ਦਾ ਵਿਸ਼ੇਸ਼ ਅਨੁਮਾਨ ਮੰਨਿਆਂ ਜਾਂਦਾ ਹੈ॥ ੪ ॥ ੧੬੪ ॥

**ਨ ਜੰਤ੍ਰ ਮੈ ਨ ਤੰਤ੍ਰ ਮੈ ਨ ਮੰਤ੍ਰ ਬਸਿ੍ ਆਵਈ॥**
**ਪੁਰਾਨ ਔ ਕੁਰਾਨ ਨੇਤਿ ਨੇਤਿ ਕੈ ਬਤਾਵਈ॥**
**ਨ ਕਰਮ ਮੈ ਨ ਧਰਮ ਮੈ ਨ ਭਰਮ ਮੈ ਬਤਾਈਐ॥**
**ਅਗੰਜ ਆਦਿ ਦੇਵ ਹੈ ਕਹੋ ਸੁ ਕੈਸਿ ਪਾਈਐ॥ ੫ ॥ ੧੬੫ ॥**

ਉਹ ਪ੍ਰਭੂ ਨਾ ਕਿਸੇ ਜੰਤ੍ਰ ਤੇ ਨਾ ਕਿਸੇ ਤੰਤ੍ਰ ਦੇ ਅਧੀਨ ਹੈ ਤੇ ਨਾ ਹੀ ਉਹ ਕਿਸੇ ਮੰਤ੍ਰ ਦੇ ਜਪਣ ਨਾਲ ਵੱਸ ਵਿਚ ਆਉਂਦਾ ਹੈ। ਪੁਰਾਨ ਤੇ ਕੁਰਾਨ ਉਸ ਵਾਹਿਗੁਰੂ ਨੂੰ ਬੇਅੰਤ ਬੇਅੰਤ ਕਹਿੰਦੇ ਹਨ। ਉਹ ਅਕਾਲ ਪੁਰਖ ਨਾ ਕਿਸੇ ਕਰਮ ਦੇ ਬੰਧਨ ਵਿਚ ਹੈ, ਨਾ ਕਿਸੇ ਧਰਮ ਵਿਚ ਬੱਝਾ ਹੈ ਤੇ ਨਾ ਹੀ ਉਸ ਨੂੰ ਕਿਸੇ ਪ੍ਰਕਾਰ ਦਾ ਭਰਮ ਹੈ। ਉਹ ਆਦਿ ਦੇਵ ਪਰਮੇਸ਼ਰ ਨਾਸ ਰਹਿਤ ਹੈ। ਇਹ ਦੱਸੋ ਕਿ ਉਸ ਨੂੰ ਕਿਸੇ ਜੁਗਤੀ ਨਾਲ ਪ੍ਰਾਪਤ ਕੀਤਾ ਜਾ ਸਕਦਾ ਹੈ ?॥ ੫ ॥ ੧੬੫ ॥

**ਜ਼ਿਮੀ ਜ਼ਮਾਨ ਕੇ ਬਿਖੈ ਸਮੱਸਤ ਏਕ ਜੋਤ ਹੈ॥**
**ਨ ਘਾਟ ਹੈ ਨ ਬਾਢ ਹੈ ਨ ਘਾਟ ਬਾਢ ਹੋਤ ਹੈ॥**

**ਨ ਹਾਨ ਹੈ ਨ ਬਾਨ ਹੈ ਸਮਾਨ ਰੂਪ ਜਾਨੀਐ॥**
**ਮਕੀਨ ਔ ਮਕਾਨ ਅਪ੍ਰਮਾਨ ਤੇਜ ਮਾਨੀਐ॥ ੬ ॥ ੧੬੬॥**

ਜ਼ਮੀਨ ਤੇ ਅਕਾਸ਼ ਦੇ ਸਾਰੇ ਜੀਵਾਂ ਵਿਚ ਉਸ ਪ੍ਰਭੂ ਦੀ ਇਕੋ ਜੋਤ ਪ੍ਰਕਾਸ਼ ਕਰ ਰਹੀ ਹੈ। ਉਸ ਜੋਤ ਦਾ ਪ੍ਰਕਾਸ਼ ਨਾ ਘਟਦਾ ਹੈ, ਨਾ ਵਧਦਾ ਹੈ। ਉਹ ਪ੍ਰਕਾਸ਼ ਸਦਾ ਇਕ ਰਸ ਰਹਿੰਦਾ ਹੈ, ਘਟਦਾ ਵਧਦਾ ਨਹੀਂ। ਉਸ ਪ੍ਰਕਾਸ਼ ਦੀ ਨਾ ਹਾਨੀ ਹੁੰਦੀ ਹੈ, ਨਾ ਉਸ ਵਿਚ ਕੋਈ ਘਾਟ ਹੁੰਦੀ ਹੈ। ਹਰ ਸਥਾਨ ਵਿਚ ਸਮਾਨ ਰੂਪ ਜਾਣਿਆ ਜਾਂਦਾ ਹੈ ਅਤੇ ਉਸ ਦੇ ਪ੍ਰਕਾਸ਼ ਦਾ ਅਪਾਰ ਤੇਜ ਮੰਨਿਆ ਜਾਂਦਾ ਹੈ॥ ੬ ॥ ੧੬੬ ॥

**ਨ ਦੇਹ ਹੈ ਨ ਗੇਹ ਹੈ ਨ ਜਾਤ ਹੈ ਨ ਪਾਤ ਹੈ॥**
**ਨ ਮੰਤ੍ਰ ਹੈ ਨ ਮਿੱਤ੍ਰ ਹੈ ਨ ਤਾਤ ਹੈ ਨ ਮਾਤ ਹੈ॥**
**ਨ ਅੰਗ ਹੈ ਨ ਰੰਗ ਹੈ ਨ ਸੰਗ ਸਾਥ ਨੇਹ ਹੈ॥**
**ਨ ਦੋਖ ਹੈ ਨ ਦਾਗ ਹੈ ਨ ਦ੍ਵੈਖ ਹੈ ਨ ਦੇਹ ਹੈ॥ ੭ ॥ ੧੬੭॥**

ਉਸ ਪ੍ਰਭੂ ਦਾ ਨਾ ਕੋਈ ਸਰੀਰ ਹੈ, ਨਾ ਘਰ, ਨਾ ਜਾਤ ਤੇ ਨਾ ਬਰਾਦਰੀ ਹੈ। ਉਸ ਦਾ ਨਾ ਕੋਈ ਵਜ਼ੀਰ ਹੈ, ਨਾ ਮਿੱਤਰ ਹੈ, ਨਾ ਪਿਤਾ ਤੇ ਨਾ ਹੀ ਮਾਤਾ ਹੈ। ਉਸ ਦਾ ਨਾ ਕੋਈ ਅੰਗ ਹੈ, ਨਾ ਰੰਗ ਹੈ, ਨਾ ਹੀ ਉਸ ਦਾ ਕੋਈ ਸੰਗੀ ਸਾਥੀ ਹੈ ਤੇ ਨਾ ਹੀ ਉਸ ਦਾ ਕਿਸੇ ਨਾਲ ਪ੍ਰੇਮ ਹੈ। ਉਸ ਨੂੰ ਨਾ ਕਲੰਕ ਹੈ, ਨਾ ਦਾਗ ਹੈ, ਨਾ ਦ੍ਵੈਖ ਹੈ ਤੇ ਨਾ ਕੋਈ ਉਸ ਦੀ ਦੇਹ ਹੈ॥ ੭॥ ੧੬੭॥

**ਨ ਸਿੰਘ ਹੈ ਨ ਸਜਾਰ ਹੈ ਨ ਰਾਉ ਹੈ ਨ ਰੰਕ ਹੈ॥**
**ਨ ਮਾਨ ਹੈ ਨ ਮਉਤ ਹੈ ਨ ਸਾਕ ਹੈ ਨ ਸੰਕ ਹੈ॥**
**ਨ ਜੱਛ ਹੈ ਨ ਗੰਧ੍ਰਬ ਹੈ ਨ ਨਰੁ ਹੈ ਨ ਨਾਰ ਹੈ॥**
**ਨ ਚੋਰ ਹੈ ਨ ਸ਼ਾਹ ਹੈ ਨ ਸ਼ਾਹ ਕੋ ਕੁਮਾਰ ਹੈ॥ ੮ ॥ ੧੬੮॥**

ਉਹ ਅਕਾਲ ਪੁਰਖ ਨਾ ਸ਼ੇਰ ਹੈ, ਨਾ ਗਿੱਦੜ ਹੈ, ਨਾ ਰਾਜਾ ਹੈ ਤੇ ਨਾ ਹੀ ਗਰੀਬ ਹੈ। ਉਸ ਨੂੰ ਨਾ ਅਭਿਮਾਨ ਹੈ, ਨਾ ਮੌਤ ਕਾਲ ਹੈ, ਨਾ ਉਸ ਦਾ ਕੋਈ ਸਾਕ ਹੈ ਤੇ ਨਾ ਹੀ ਉਸ ਨੂੰ ਕਿਸੇ ਪ੍ਰਕਾਰ ਦਾ ਸ਼ੰਕਾ ਹੈ। ਨਾ ਉਹ ਜੱਛ ਹੈ, ਨਾ ਗੰਧਰਬ ਹੈ, ਨਾ ਮਨੁੱਖ ਹੈ ਤੇ ਨਾ ਇਸਤਰੀ ਹੈ। ਨਾ ਉਹ ਚੋਰ ਹੈ, ਨਾ ਸ਼ਾਹ ਹੈ ਤੇ ਨਾ ਹੀ ਕਿਸੇ ਸ਼ਾਹ ਦਾ ਪੁੱਤਰ ਹੈ॥ ੮॥ ੧੬੮॥

**ਨ ਨੇਹ ਹੈ ਨ ਗੇਹ ਹੈ ਨ ਦੇਹ ਨ ਦੇਹ ਕੋ ਬਨਾਉ ਹੈ॥**
**ਨ ਛਲ ਹੈ ਨ ਛਿੱਦ੍ਰ ਹੈ ਨ ਛਲਕੋ ਮਿਲਾਉ ਹੈ॥**

**ਨ ਜੰਤ੍ਰ ਹੈ ਨ ਮੰਤ੍ਰ ਹੈ ਨ ਤੰਤ੍ਰ ਕੋ ਸਰੂਪ ਹੈ॥**
**ਨ ਰਾਗ ਹੈ ਨ ਰੰਗ ਹੈ ਨ ਰੇਖ ਹੈ ਨ ਰੂਪ ਹੈ॥ ੯॥੧੬੯॥**

ਉਸ ਪਰਮੇਸ਼ਰ ਨੂੰ ਨਾ ਕਿਸੇ ਨਾਲ ਮੋਹ ਹੈ, ਨਾ ਉਹ ਕਿਸੇ ਦੀ ਪਕੜ ਵਿਚ ਹੈ ਤੇ ਨਾ ਹੀ ਉਹ ਕਿਸੇ ਸਰੀਰ ਦੀ ਬਨਾਵਟ ਵਿਚ ਹੈ। ਨਾ ਉਹ ਵਲਛਲ ਹੈ, ਨਾ ਉਸ ਵਿਚ ਕੋਈ ਦੂਸ਼ਨ ਹੈ ਤੇ ਨਾ ਹੀ ਕਿਸੇ ਛਲ ਦਾ ਉਸ ਵਿਚ ਮੇਲ ਹੈ। ਨਾ ਉਹ ਕਿਸੇ ਤੰਤ੍ਰ, ਮੰਤ੍ਰ ਜਾਂ ਜੰਤ੍ਰ ਦਾ ਸਰੂਪ ਹੈ। ਨਾ ਉਸ ਨੂੰ ਮੋਹ ਹੈ, ਨਾ ਉਸ ਦਾ ਕੋਈ ਰੰਗ, ਰੇਖ ਤੇ ਰੂਪ ਹੈ॥੯॥੧੬੯॥

**ਨ ਜੰਤ੍ਰ ਹੈ ਨ ਮੰਤ੍ਰ ਹੈ ਨ ਤੰਤ੍ਰ ਕੋ ਬਨਾਉ ਹੈ॥**
**ਨ ਛਲ ਹੈ ਨ ਛਿੱਦ੍ਰ ਹੈ ਨ ਛਾਇਆ ਕੋ ਮਿਲਾਉ ਹੈ॥**
**ਨ ਰਾਗ ਹੈ ਨ ਰੰਗ ਹੈ ਨ ਰੂਪ ਹੈ ਨ ਰੇਖ ਹੈ॥**
**ਨ ਕਰਮ ਹੈ ਨ ਧਰਮ ਹੈ ਅਜਨਮ ਹੈ ਅਭੇਖ ਹੈ॥ ੧੦॥ ੧੭੦॥**

ਉਹ ਕਰਤਾ ਪੁਰਖ ਨਾ ਜੰਤਰਾਂ ਕਰਕੇ ਤੇ ਨਾ ਮੰਤਰਾਂ ਕਰਕੇ ਵਸ ਵਿਚ ਆਉਂਦਾ ਹੈ ਤੇ ਨਾ ਉਸ ਤੇ ਕਿਸੇ ਤੰਤਰ ਦਾ ਜ਼ੋਰ ਚਲਦਾ ਹੈ। ਉਸ ਵਿਚ ਨਾ ਕੋਈ ਵਲ ਛਲ ਹੈ, ਨਾ ਕੋਈ ਔਗੁਣ ਹੈ ਤੇ ਨਾ ਉਸ ਵਿਚ ਅਵਿਦਿਆ ਦੀ ਮਿਲਾਵਟ ਹੈ। ਉਸ ਨੂੰ ਨਾ ਕਿਸੇ ਨਾਲ ਰਾਗ ਭਾਵ ਮੋਹ ਹੈ, ਨਾ ਉਸ ਦਾ ਕੋਈ ਰੰਗ ਹੈ, ਨਾ ਰੂਪ ਹੈ ਤੇ ਨਾ ਹੀ ਕੋਈ ਰੇਖ ਹੈ। ਉਹ ਨਾ ਕਿਸੇ ਕਰਮ-ਬੰਧਨ ਵਿਚ ਬੱਝਾ ਹੈ? ਨਾ ਉਹ ਕਿਸੇ ਧਰਮ ਦਾ ਧਾਰਨ ਵਾਲਾ ਹੈ, ਨਾ ਉਸ ਦਾ ਜਨਮ ਹੁੰਦਾ ਹੈ ਤੇ ਨਾ ਉਸ ਦਾ ਕੋਈ ਪਹਿਰਾਵਾ ਹੈ॥੧੦॥੧੭੦॥

**ਨ ਤਾਤ ਹੈ ਨ ਮਾਤ ਹੈ ਅਖਜਾਲ ਅਖੰਡ ਰੂਪ ਹੈ॥**
**ਅਛੇਦ ਹੈ ਅਭੇਦ ਹੈ ਨ ਰੰਕ ਹੈ ਨ ਭੂਪ ਹੈ॥**
**ਪਰੇਯ ਹੈ ਪਵਿੱਤ੍ਰ ਹੈ ਪੁਨੀਤ ਹੈ ਪੁਰਾਨ ਹੈ॥**
**ਅਗੰਜ ਹੈ ਅਭੰਜ ਹੈ ਕਰੀਮ ਹੈ ਕੁਰਾਨ ਹੈ॥ ੧੧॥ ੧੭੧॥**

ਉਸ ਪ੍ਰਭੂ ਦਾ ਨਾ ਕੋਈ ਪਿਤਾ ਹੈ, ਨਾ ਮਾਤਾ ਹੈ, ਉਸ ਦਾ ਅਚਿੰਤ ਤੇ ਅਖੰਡ ਸਰੂਪ ਹੈ। ਉਸ ਨੂੰ ਕੋਈ ਛੇਦ ਤੇ ਭੇਦ ਨਹੀਂ ਸਕਦਾ, ਨਾ ਉਹ ਗਰੀਬ ਹੈ ਤੇ ਨਾ ਹੀ ਰਾਜਾ ਹੈ। ਉਹ ਪਰੇ ਤੋਂ ਪਰੇ ਹੈ, ਅਤਿ ਪਵਿੱਤ੍ਰ ਹੈ ਤੇ ਪ੍ਰਾਚੀਨ ਹੈ। ਉਸ ਨੂੰ ਕੋਈ ਰੋਗ ਨਹੀਂ, ਉਸ ਨੂੰ ਕੋਈ ਭੰਨ ਨਹੀਂ ਸਕਦਾ, ਉਹ ਕਿਰਪਾ ਕਰਨ ਵਾਲਾ ਹੈ ਤੇ ਦੁਸ਼ਟਾਂ ਨੂੰ ਨਾਸ ਕਰਨ ਵਾਲਾ ਹੈ ਅਥਵਾ ਸ੍ਰਿਸ਼ਟੀ ਦਾ ਰਾਜਾ ਹੈ॥੧੧॥੧੭੧॥

**ਅਕਾਲ ਹੈ ਅਪਾਲ ਹੈ ਖਿਆਲ ਹੈ ਅਖੰਡ ਹੈ॥**

**ਨ ਰੋਗ ਹੈ ਨ ਸੋਗ ਹੈ ਨ ਭੇਦ ਹੈ ਨ ਭੰਡ ਹੈ॥**
**ਨ ਅੰਗ ਹੈ ਨ ਰੰਗ ਹੈ ਨ ਸੰਗ ਹੈ ਨ ਸਾਥ ਹੈ॥**
**ਪ੍ਰਿਯਾ ਹੈ ਪਵਿੱਤ੍ਰ ਹੈ ਪੁਨੀਤ ਹੈ ਪ੍ਰਮਾਥ ਹੈ॥ ੧੨ ॥ ੧੭੨॥**

ਉਹ ਅਕਾਲ ਪੁਰਖ ਕਾਲ ਰਹਿਤ ਹੈ, ਪਾਲਣਾ ਰਹਿਤ ਹੈ, ਧੇਯ ਰੂਪ ਹੈ ਤੇ ਅਖੰਡ ਹਸਤੀ ਵਾਲਾ ਹੈ। ਉਸ ਨੂੰ ਨਾ ਕੋਈ ਰੋਗ ਹੈ, ਨਾ ਸੋਗ ਹੈ, ਉਸ ਦਾ ਭੇਦ ਨਹੀਂ ਪਾਇਆ ਜਾ ਸਕਦਾ ਤੇ ਨਾ ਹੀ ਉਸ ਨੂੰ ਕੋਈ ਬਦਨਾਮ ਕਰ ਸਕਦਾ ਹੈ। ਉਸ ਦਾ ਕੋਈ ਅੰਗ ਭਾਵ ਸਰੀਰ ਨਹੀਂ, ਕੋਈ ਰੰਗ ਨਹੀਂ, ਨਾ ਉਸ ਦਾ ਕੋਈ ਸੰਗੀ ਹੈ ਤੇ ਨਾ ਹੀ ਕੋਈ ਸਾਥੀ ਹੈ। ਉਹ ਪਿਆਰ ਸਰੂਪ ਹੈ, ਅਤਿ ਪਵਿੱਤਰ ਅਤੇ ਸਭ ਦਾ ਸ਼੍ਰੋਮਣੀ ਹੈ॥ ੧੨ ॥ ੧੭੨ ॥

**ਨ ਸੀਤ ਹੈ ਨ ਸ਼ੋਕ ਹੈ ਨ ਘ੍ਰਾਮ ਹੈ ਨ ਘਾਮ ਹੈ॥**
**ਨ ਲੋਭ ਹੈ ਨ ਮੋਹ ਹੈ ਨ ਕ੍ਰੋਧ ਹੈ ਨ ਕਾਮ ਹੈ॥**
**ਨ ਦੇਵ ਹੈ ਨ ਦੈਤ ਹੈ ਨ ਨਰ ਕੋ ਸਰੂਪ ਹੈ॥**
**ਨ ਛਲ ਹੈ ਨ ਛਿੱਦ੍ਰ ਹੈ ਨ ਛਿੱਦ੍ਰ ਕੀ ਬਿਭੂਤ ਹੈ॥ ੧੩ ॥ ੧੭੩॥**

ਪਦ ਅਰਥ - ਘ੍ਰਾਮ=ਗਰਮੀ। ਘਾਮ=ਧੁਪ।

ਉਸ ਪ੍ਰਭੂ ਨੂੰ ਨਾ ਠੰਢ ਹੈ, ਨਾ ਸ਼ੋਕ ਹੈ, ਨਾਂ ਗਰਮੀ ਹੈ ਤੇ ਨਾ ਹੀ ਧੁੱਪ ਦਾ ਕਸ਼ਟ ਹੈ। ਉਸ ਵਿਚ ਨਾ ਲੋਭ ਹੈ, ਨਾ ਮੋਹ ਹੈ, ਨਾ ਗੁੱਸਾ ਹੈ ਤੇ ਨਾ ਹੀ ਕਾਮ ਵਾਸ਼ਨਾ ਹੈ। ਉਹ ਨਾ ਦੇਵਤਾ ਹੈ, ਨਾ ਦੈਂਤ ਹੈ ਤੇ ਨਾ ਉਸ ਦਾ ਸਰੂਪ ਪੁਰਸ਼ਾਂ ਵਰਗਾ ਹੈ। ਉਸ ਵਿਚ ਨਾ ਕੋਈ ਛਲ ਫਰੇਬ ਹੈ, ਨਾ ਕੋਈ ਔਗਣ ਹੈ ਤੇ ਨਾ ਹੀ ਉਹ ਔਗੁਣਾਂ ਦੀ ਸਾਮਗਰੀ ਵਾਲਾ ਹੈ॥ ੧੩ ॥ ੧੭੩ ॥

**ਨਾ ਕਾਮ ਹੈ ਨ ਕ੍ਰੋਧ ਹੈ ਨ ਲੋਭ ਹੈ ਨ ਮੋਹ ਹੈ॥**
**ਨ ਦ੍ਵੈਖ ਹੈ ਨ ਭੇਖ ਹੈ ਨ ਦੂਈ ਹੈ ਨ ਦ੍ਰੋਹ ਹੈ॥**
**ਨ ਕਾਲ ਹੈ ਨ ਬਾਲ ਹੈ ਸਦੀਵ ਦਇਆਲ ਰੂਪ ਹੈ॥**
**ਅਗੰਜ ਹੈ ਅਭੰਜ ਹੈ ਅਭਰਮ ਹੈ ਅਭੂਤ ਹੈ॥ ੧੪ ॥ ੧੭੪॥**

ਉਸ ਕਰਤਾ ਪੁਰਖ ਵਿਚ ਨਾ ਕਾਮ ਵਾਸ਼ਨਾ ਹੈ, ਨਾ ਗੁੱਸਾ ਹੈ, ਨਾ ਲਾਲਚ ਹੈ, ਨਾ ਮੋਹ ਹੈ। ਉਸ ਵਿਚ ਨਾ ਕੋਈ ਦ੍ਵੈਤ ਭਾਵ ਹੈ, ਨਾ ਉਸ ਦਾ ਕੋਈ ਭੇਖ ਹੈ, ਨਾ ਦੂਜੈਗੀ ਹੈ ਤੇ ਨਾ ਕੋਈ ਦਗਾ ਫਰੇਬ ਹੈ। ਨਾ ਉਸ ਨੂੰ ਕਾਲ ਪੋਂਹਦਾ ਹੈ, ਨਾ ਉਹ ਬਾਲਕ ਦਾ ਰੂਪ ਹੈ, ਉਸ ਦਾ ਸਰੂਪ ਸਦਾ ਦਿਆਲਤਾ ਵਾਲਾ ਹੈ। ਉਹ ਅਜਿੱਤ ਹੈ, ਕਿਸੇ ਕੋਲੋਂ ਭਜਦਾ ਨਹੀਂ, ਉਸ ਨੂੰ ਕੋਈ ਭਰਮ ਨਹੀਂ ਤੇ ਪੰਜਾਂ ਤੱਤਾਂ ਤੋਂ ਰਹਿਤ ਸੂਖਮ ਰੂਪ ਵਾਲਾ ਹੈ॥ ੧੪ ॥ ੧੭੪ ॥

**ਅਛੇਦ ਛੇਦ ਹੈ ਸਦਾ ਅਗੰਜ ਗੰਜ ਗੰਜ ਹੈ॥**
**ਅਭੂਤ ਭੇਖ ਹੈ ਬਲੀ ਅਨੂਪ ਰਾਗ ਰੰਗ ਹੈ॥**
**ਨ ਦ੍ਵੈਖ ਹੈ ਨ ਭੇਖ ਹੈ ਨ ਕਾਮ ਕ੍ਰੋਧ ਕਰਮ ਹੈ॥**
**ਨ ਜਾਤ ਹੈ ਨ ਪਾਤ ਹੈ ਨ ਚਿੱਤ੍ਰ ਚਿਹਨ ਬਰਨ ਹੈ॥ ੧੫॥ ੧੭੫॥**

ਉਹ ਪਰਮਾਤਮਾ ਜੋ ਨਾ ਛੇਦੇ ਜਾਣ ਵਾਲੇ ਪੁਰਸ਼ ਹਨ, ਉਨ੍ਹਾਂ ਨੂੰ ਛੇਦਣ ਵਾਲਾ ਹੈ, ਨਾ ਜਿੱਤੇ ਜਾਣ ਵਾਲਿਆਂ ਨੂੰ ਫ਼ਤਹਿ ਕਰਨ ਵਾਲਾ ਹੈ। ਉਸ ਦਾ ਭੇਖ ਤੱਤਾਂ ਤੋਂ ਬਿਨਾਂ ਬੜਾ ਬਲਵਾਨ ਹੈ ਤੇ ਉਸਦਾ ਰਾਗ ਰੰਗ ਉਪਮਾਂ ਤੋਂ ਰਹਿਤ ਹੈ। ਉਸ ਵਿਚ ਕੋਈ ਦ੍ਵੈਸ਼ ਭਾਵ ਨਹੀਂ, ਨਾ ਉਸ ਦਾ ਕੋਈ ਭੇਖ ਲਿਬਾਸ ਹੈ ਤੇ ਨਾ ਹੀ ਉਸ ਦੇ ਕਰਮ ਕਾਮੀਆਂ ਤੇ ਕ੍ਰੋਧੀਆਂ ਵਾਲੇ ਹਨ। ਉਸ ਦੀ ਕੋਈ ਜਾਤ ਬਜਾਦਰੀ ਨਹੀਂ, ਨਾ ਹੀ ਉਸ ਦਾ ਕੋਈ ਚਿੱਤ੍ਰ ਤਸਵੀਰ, ਨਿਸ਼ਾਨ ਜਾਂ ਵਰਨ ਹੈ॥ ੧੫॥ ੧੭੫॥

**ਬੇਅੰਤ ਹੈ ਅਨੰਤ ਹੈ ਅਨੰਤ ਤੇਜ ਜਾਨੀਐ॥**
**ਅਭੂਮ ਅਭਿੱਜ ਹੈ ਸਦਾ ਅਛਿੱਜ ਤੇਜ ਮਾਨੀਐ॥**
**ਨ ਆਧ ਹੈ ਨ ਬਯਾਧ ਹੈ ਅਗਾਧ ਰੂਪ ਲੇਖੀਐ॥**
**ਅਦੋਖ ਹੈ ਅਦਾਗ ਹੈ ਅੱਛੈ ਪ੍ਰਤਾਪ ਪੇਖੀਐ॥ ੧੬॥ ੧੭੬॥**

ਉਹ ਵਾਹਿਗੁਰੂ ਬੇਅੰਤ ਹੈ, ਉਸ ਦਾ ਕੋਈ ਅੰਤ ਨਹੀਂ, ਉਸ ਨੂੰ ਬੇਅੰਤ ਤੇਜ ਵਾਲਾ ਜਾਣਿਆਂ ਜਾਂਦਾ ਹੈ। ਉਹ ਭੂਮੀ ਰਹਿਤ ਹੈ, ਉਹ ਕਿਸੇ ਨਾਲ ਭਿੱਜਦਾ ਨਹੀਂ, ਉਸ ਦੇ ਤੇਜ ਨੂੰ ਨਾਸ ਰਹਿਤ ਮੰਨਿਆ ਜਾਂਦਾ ਹੈ। ਉਸ ਨੂੰ ਨਾ ਕੋਈ ਆਧੀ ਹੈ, ਨਾ ਬਿਆਧੀ ਹੈ। ਉਸ ਦਾ ਸਰੂਪ ਬੜਾ ਗਹਿਰਾ ਗਿਣਿਆ ਜਾਂਦਾ ਹੈ। ਉਹ ਦੋਸ਼ ਰਹਿਤ ਤੇ ਦਾਗ ਕਲੰਕ ਰਹਿਤ ਹੈ। ਉਸ ਦਾ ਪ੍ਰਤਾਪ ਨਾਸ ਰਹਿਤ ਦੇਖਿਆ ਜਾਂਦਾ ਹੈ॥ ੧੬॥ ੧੭੬॥

**ਨ ਕਰਮ ਹੈ ਨ ਭਰਮ ਹੈ ਨ ਧਰਮ ਕੋ ਪ੍ਰਭਾਉ ਹੈ॥**
**ਨ ਜੰਤ੍ਰ ਹੈ ਨ ਤੰਤ੍ਰ ਹੈ ਨ ਮੰਤ੍ਰ ਕੋ ਰਲਾਉ ਹੈ॥**
**ਨ ਛਲ ਹੈ ਨ ਛਿੱਦ੍ਰ ਹੈ ਨ ਛਿੱਦ੍ਰ ਕੋ ਸਰੂਪ ਹੈ॥**
**ਅਭੰਗ ਹੈ ਅਨੰਗ ਹੈ ਅਗੰਜ ਸੀ ਬਿਭੂਤ ਹੈ॥ ੧੭॥ ੧੭੭॥**

ਉਸ ਪਰਮਾਤਮਾ ਵਿਚ ਨਾ ਕੋਈ ਕਿਰਿਆ ਹੈ, ਨਾ ਉਸ ਨੂੰ ਕੋਈ ਭਰਮ ਹੈ, ਨਾ ਹੀ ਉਸ ਤੇ ਕਿਸੇ ਧਰਮ ਮਤ ਦਾ ਪ੍ਰਭਾਵ ਅਤੇ ਅਸਰ ਹੈ। ਉਹ ਨਾ ਜੰਤਰਾਂ ਵਿਚ, ਨਾ ਤੰਤਰਾਂ ਵਿਚ ਤੇ

ਨਾ ਹੀ ਮੰਤਰਾਂ ਵਿਚ ਰਲਦਾ ਹੈ। ਉਸ ਵਿਚ ਕੋਈ ਛਲ ਫਰੇਬ ਨਹੀਂ, ਨਾ ਕੋਈ ਔਗੁਣ ਹੈ ਤੇ ਨਾ ਹੀ ਉਹ ਔਗੁਣਾਂ ਦਾ ਸਰੂਪ ਹੈ। ਉਹ ਨਾਸ ਰਹਿਤ ਤੇ ਅੰਗ ਭਾਵ ਸਰੀਰ ਰਹਿਤ ਹੈ। ਉਸ ਦੀ ਸੰਪਦਾ ਕਦੀ ਨਾਸ ਨਹੀਂ ਹੁੰਦੀ॥੧੭॥੧੭੭॥

**ਨ ਕਾਮ ਹੈ ਨ ਕ੍ਰੋਧ ਹੈ ਨ ਲੋਭ ਮੋਹ ਕਾਰ ਹੈ॥**
**ਨ ਆਧ ਹੈ ਨ ਗਾਧ ਹੈ ਨ ਬਿਯਾਧ ਕੋ ਬਿਚਾਰ ਹੈ॥**
**ਨ ਰੰਗ ਰਾਗ ਰੂਪ ਹੈ ਨ ਰੂਪ ਰੇਖ ਕਾਰ ਹੈ॥**
**ਨ ਹਾਉ ਹੈ ਨ ਭਾਉ ਹੈ ਨ ਦਾਉ ਕੋ ਪ੍ਰਕਾਰ ਹੈ॥੧੮॥੧੭੮॥**

ਉਹ ਪਰਮੇਸ਼ਰ ਨੂੰ ਨਾ ਕਾਮ ਵਾਸ਼ਨਾ ਹੈ, ਨਾ ਕ੍ਰੋਧ ਭਾਵ ਗੁੱਸਾ ਹੈ ਤੇ ਨਾ ਹੀ ਉਸ ਵਿਚ ਲੋਭ ਤੇ ਮੋਹ ਦੀ ਕੋਈ ਕਾਰ ਰੇਖਾ ਹੈ। ਨਾ ਉਸ ਵਿਚ ਕੋਈ ਆਧੀ ਹੈ, ਨਾ ਉਹ ਗਾਹਿਆ ਜਾਂਦਾ ਹੈ ਨਾ ਹੀ ਉਸ ਨੂੰ ਕਿਸੇ ਬਿਆਧੀ ਦਾ ਵਿਚਾਰ ਹੈ। ਉਸ ਦਾ ਨਾ ਕੋਈ ਰੰਗ ਹੈ, ਨਾ ਰਾਗ ਹੈ ਤੇ ਨਾ ਹੀ ਕੋਈ ਰੂਪ ਹੈ। ਉਸ ਨੂੰ ਕਿਸੇ ਰੂਪ ਰੇਖ ਦਾ ਝਗੜਾ ਨਹੀਂ। ਉਸ ਵਿਚ ਨਾ ਹਉਮੇ ਹੈ ਨਾ ਪਿਆਰ ਹੈ ਤੇ ਨਾ ਕਿਸੇ ਪ੍ਰਕਾਰ ਦਾ ਦਾਅ ਪੇਚ ਹੈ॥੧੮॥੧੭੮॥

**ਗਜਾਧਪੀ ਨਰਾਧਪੀ ਕਰੰਤ ਸੇਵ ਹੈ ਸਦਾ॥**
**ਸਿਤਸਪਤੀ ਤਪਸਪਤੀ ਬਨਸਪਤੀ ਜਪਸ ਸਦਾ॥**
**ਅਗਸਤ ਆਦਿ ਜੇ ਬਡੇ ਤਪਸਪਤੀ ਬਿਸੇਖੀਐ॥**
**ਬਿਯੰਤ ਬਿਯੰਤ ਬਿਯੰਤ ਕੋ ਕਰੰਤ ਪਾਠ ਪੇਖੀਐ॥੧੯॥੧੭੯॥**

ਪਦ ਅਰਥ - ਗਜਾਧਪੀ=ਇੰਦਰ। ਨਰਾਧਪੀ=ਕੁਬੇਰ। ਸਿਤਸਪਤੀ=ਚੰਦ੍ਰਮਾਂ। ਤਪਸਪਤੀ=ਸੂਰਜ। ਤਪਸਪਤੀ=ਸ਼ਿਵ ਜੀ। ਬਨਸਪਤੀ=ਵਰਣ।

ਉਸ ਅਕਾਲ ਪੁਰਖ ਦੀ ਇੰਦਰ ਤੇ ਕੁਬੇਰ ਸਦਾ ਸੇਵਾ ਕਰਦੇ ਹਨ, ਚੰਦ੍ਰਮਾਂ, ਸੂਰਜ, ਵਰਣ ਦੇਵਤਾ ਉਸ ਦੇ ਨਾਮ ਦਾ ਸਦਾ ਜਾਪ ਕਰਦੇ ਹਨ। ਅਗਸਤ ਆਦਿ ਰਿਸ਼ੀ ਮੁਨੀ ਤੇ ਮਹਾਨ ਤਪੱਸਵੀ ਸ਼ਿਵ ਆਦਿ ਜੋ ਹਨ, ਉਹ ਸਾਰੇ ਪ੍ਰਭੂ ਨੂੰ ਬੇਅੰਤ ਹੈ, ਬੇਅੰਤ ਹੈ, ਬੇਅੰਤ ਹੈ ਕਹਿੰਦੇ ਵਿਖਾਈ ਦੇਂਦੇ ਹਨ॥੧੯॥੧੭੯॥

**ਅਗਾਧ ਆਦ ਦੇਵ ਕੀ ਅਨਾਦ ਬਾਤ ਮਾਨੀਐ॥**
**ਨ ਜਾਤ ਪਾਤ ਮੰਤ੍ਰ ਮਿੱਤ੍ਰ ਸ਼ੱਤ੍ਰ ਸਨੇਹ ਜਾਨੀਐ॥**
**ਸਦੀਵ ਸਰਬ ਲੋਕ ਕੇ ਕ੍ਰਿਪਾਲ ਖਿਆਲ ਮੈ ਰਹੈ॥**

**ਤੁਰੰਤ ਦ੍ਰੋਹ ਦੇਹ ਕੇ ਅਨੰਤ ਭਾਂਤ ਸੋ ਦਹੈ ॥ ੨੦ ॥ ੧੮੦ ॥**

ਉਸ ਅਨਾਦ ਆਦਿ ਰਹਿਤ ਪ੍ਰਭੂ ਦੀ ਇਹ ਸਿਫਤ ਮੰਨੀ ਜਾਂਦੀ ਹੈ ਕਿ ਉਹ ਮਹਾਨ ਡੂੰਘਾ ਤੇ ਮੁੱਢ ਤੋਂ ਰਹਿਤ ਹੈ। ਉਸ ਦੀ ਨਾ ਜਾਤ ਹੈ ਤੇ ਨਾ ਬਰਾਦਰੀ ਹੈ। ਉਹ ਕਿਸੇ ਮੰਤ੍ਰ, ਮਿੱਤਰ ਸ਼ੱਤਰੂ ਤੇ ਸਨੇਹ ਵਿਚ ਨਹੀਂ ਜਾਣਿਆਂ ਜਾਂਦਾ। ਸਭ ਲੋਕ ਸਦਾ ਹੀ ਉਸ ਕ੍ਰਿਪਾਲੂ ਪਰਮਾਤਮਾ ਦੇ ਧਿਆਨ ਸਿਮਰਨ ਵਿਚ ਲੀਨ ਰਹਿੰਦੇ ਹਨ। ਇਸ ਲਈ ਉਹ ਲੋਕ ਆਪਣੇ ਸਰੀਰ ਦੇ ਪਾਪਾਂ ਨੂੰ ਅਨੇਕਾਂ ਢੰਗਾਂ ਨਾਲ ਸਾੜ ਲੈਂਦੇ ਹਨ ॥ ੨੦ ॥ ੧੮੦ ॥

## *ਤ੍ਵਪ੍ਰਸਾਦਿ ॥ ਰੂਆਮਲ ਛੰਦ ॥*

**ਰੂਪ ਰਾਗ ਨ ਰੇਖ ਰੰਗ ਨ ਜਨਮ ਮਰਨ ਬਿਹੀਨ ॥**
**ਆਦਿ ਨਾਥ ਅਗਾਧ ਪੁਰਖ ਸੁ ਧਰਮ ਕਰਮ ਪ੍ਰਬੀਨ ॥**
**ਜੰਤ੍ਰ ਮੰਤ੍ਰ ਨ ਤੰਤ੍ਰ ਜਾਕੋ ਆਦਿ ਪੁਰਖ ਅਪਾਰ ॥**
**ਹਸਤ ਕੀਟ ਬਿਖੈ ਬਸੈ ਸਭ ਠਉਰ ਮੈ ਨਿਰਧਾਰ ॥ ੧ ॥ ੧੮੧ ॥**

ਉਹ ਅਕਾਲ ਪੁਰਖ ਰੂਪ, ਰਾਗ, ਰੇਖ, ਰੰਗ ਤੇ ਜਨਮ ਮਰਨ ਤੋਂ ਰਹਿਤ ਹੈ। ਉਹ ਸਭ ਦਾ ਮੁੱਢ ਮੂਲ ਹੈ, ਸਭ ਦਾ ਮਾਲਕ ਹੈ, ਅਥਾਹ ਹੈ, ਤੇ ਧਰਮ ਕਰਮ ਵਿਚ ਨਿਪੁੰਨ ਹੈ। ਉਸ ਨੂੰ ਵਸ ਵਿਚ ਕਰਨ ਲਈ ਕੋਈ ਜੰਤ੍ਰ, ਮੰਤ੍ਰ ਤੇ ਤੰਤਰ ਨਹੀਂ ਚਲਦਾ। ਉਸ ਆਦਿ ਪੁਰਖ ਪਰਮਾਤਮਾ ਦਾ ਕੋਈ ਪਾਰਾਵਾਰ ਨਹੀਂ। ਉਹ ਪ੍ਰਭੂ ਹਾਥੀ ਤੋਂ ਲੈ ਕੇ ਕੀੜੀ ਤਕ ਤੇ ਸਭ ਥਾਵਾਂ ਵਿਚ ਵੱਸ ਰਿਹਾ ਹੈ ॥ ੧ ॥ ੧੮੧ ॥

**ਜਾਤਿ ਪਾਤਿ ਨ ਤਾਤ ਜਾਕੋ ਮੰਤ੍ਰ ਮਾਤ੍ਰਿ ਨ ਮਿੱਤ੍ਰ ॥**
**ਸਰਬ ਠਉਰ ਬਿਖੈ ਰਮਿਓ ਜਿਹ ਚੱਕ੍ਰ ਚਿਹਨ ਨ ਚਿੱਤ੍ਰ ॥**
**ਆਦਿ ਦੇਵ ਉਦਾਰ ਮੂਰਤਿ ਅਗਾਧ ਨਾਥ ਅਨੰਤ ॥**
**ਆਦਿ ਅੰਤਿ ਨ ਜਾਨੀਐ ਅਬਿਖਾਦ ਦੇਵ ਦੁਰੰਤ ॥ ੨ ॥ ੧੮੨ ॥**

ਉਸ ਪ੍ਰਭੂ ਦੀ ਜਾਤ, ਬਰਾਦਰੀ, ਪਿਤਾ, ਵਜ਼ੀਰ, ਮਾਤਾ ਤੇ ਮਿੱਤਰ ਆਦਿ ਕੁਝ ਵੀ ਨਹੀਂ। ਉਸ ਦਾ ਕੋਈ ਚੱਕ੍ਰ, ਚਿੰਨ੍ਹ ਤੇ ਤਸਵੀਰ ਨਹੀਂ, ਉਹ ਸਭ ਅਸਥਾਨਾਂ ਵਿਚ ਵਿਆਪਕ ਹੋ ਕੇ ਵਸ ਰਿਹਾ ਹੈ। ਉਹ ਸਭ ਦਾ ਮੂਲ ਦੇਵ ਹੈ, ਉਦਾਰਤਾ ਦੀ ਮੂਰਤੀ ਹੈ, ਡੂੰਘਾ ਤੇ ਅੰਤ ਰਹਿਤ ਮਾਲਕ ਹੈ। ਉਸ ਪਰਮਾਤਮਾ ਦਾ ਆਦਿ ਤੇ ਅੰਤ ਨਹੀਂ ਜਾਣਿਆਂ ਜਾਂਦਾ, ਉਹ ਬੇਅੰਤ ਪ੍ਰਭੂ ਸਭ ਝਗੜਿਆਂ ਤੋਂ ਰਹਿਤ ਹੈ ॥ ੨ ॥ ੧੮੨ ॥

**ਦੇਵ ਭੇਵ ਨ ਜਾਨਹੀ ਜਿਹ ਮਰਮ ਬੇਦ ਕਤੇਬ॥**
**ਸਨਕ ਅਉ ਸਨਕੇਸ ਨੰਦਨ ਪਾਵਹੀ ਨ ਹਿਸੇਬ॥**
**ਜੱਛ ਕਿੰਨਰ ਮੱਛ ਮਾਨਸ ਮੁਰਗ ਉਰਗ ਅਪਾਰ॥**
**ਨੇਤਿ ਨੇਤਿ ਪੁਕਾਰਹੀ ਸ਼ਿਵ ਸੱਕ੍ਰ ਔ ਮੁਖ ਚਾਰ॥ ੩ ॥ ੧੯੩॥**

ਪਦ ਅਰਥ - ਸਨਕ=ਸ਼ੌਨਕ ਰਿਸ਼ੀ। ਸਨਕੇਸ ਨੰਦਨ=ਬ੍ਰਹਮਾ ਦੇ ਪੁੱਤਰ-ਨਾਰਦ, ਸਨਕ, ਸਨੰਦਨ ਆਦਿ। ਉਰਗ=ਸੱਪ। ਸੱਕ੍ਰ=ਇੰਦਰ।

ਉਸ ਅਕਾਲ ਪੁਰਖ ਦੇ ਭੇਦ ਨੂੰ ਦੇਵਤੇ ਵੀ ਨਹੀਂ ਜਾਣਦੇ ਤੇ ਵੇਦ ਤੇ ਕਤੇਬ ਵੀ ਉਸ ਦੇ ਰਹਿਸ ਨੂੰ ਨਹੀਂ ਪਾ ਸਕਦੇ। ਸ਼ੌਨਕ ਰਿਸ਼ੀ ਤੇ ਬ੍ਰਹਮਾ ਦੇ ਪੁੱਤਰ ਨਾਰਦ ਆਦਿ ਵੀ ਉਸ ਦੇ ਹਿਸਾਬ ਲੇਖੇ ਨੂੰ ਪ੍ਰਾਪਤ ਨਹੀਂ ਕਰ ਸਕਦੇ। ਜੱਛ, ਕਿੰਨਰ, ਮੱਛ, ਮਨੁੱਖ, ਪਤਾਲ ਵਾਸੀ ਸੱਪ, ਸ਼ਿਵ ਜੀ, ਇੰਦਰ ਤੇ ਬ੍ਰਹਮਾ ਆਦਿਕ ਉਸ ਨੂੰ ਬੇਅੰਤ ਬੇਅੰਤ ਕਹਿੰਦੇ ਹਨ॥ ੩ ॥ ੧੯੩ ॥

**ਸਰਬ ਸਪਤ ਪਤਾਰ ਕੇ ਤਰ ਜਾਪ ਹੀ ਜਿਹ ਜਾਪ॥**
**ਆਦਿ ਦੇਵ ਅਗਾਧਿ ਤੇਜ ਅਨਾਦਿ ਮੂਰਤਿ ਅਤਾਪ॥**
**ਜੰਤ੍ਰ ਮੰਤ੍ਰ ਨ ਆਵਈ ਕਰ ਤੰਤ੍ਰ ਮੰਤ੍ਰ ਨ ਕੀਨ॥**
**ਸਰਬ ਠਉਰ ਰਹਿਓ ਬਿਰਾਜ ਧਿਰਾਜ ਰਾਜ ਪ੍ਰਬੀਨ॥ ੪ ॥ ੧੯੪॥**

ਉਸ ਪਰਮਾਤਮਾ ਦਾ ਸੱਤਾਂ ਪਤਾਲਾਂ ਦੇ ਹੇਠਾਂ ਵਸਣ ਵਾਲੇ ਜੀਵ ਜਾਪ ਕਰਦੇ ਹਨ। ਉਹ ਪ੍ਰਭੂ ਸਭ ਦਾ ਮੁੱਢ ਹੈ ਤੇ ਬੇਅੰਤ ਤੇਜ ਪ੍ਰਕਾਸ਼ ਵਾਲਾ ਹੈ। ਉਹ ਆਦਿ ਤੋਂ ਰਹਿਤ ਤੇ ਦੁਖ ਰਹਿਤ ਸਰੂਪ ਵਾਲਾ ਹੈ। ਉਹ ਪ੍ਰਭੂ ਜੰਤਰਾਂ ਮੰਤਰਾਂ ਕਰਕੇ ਹੱਥ ਨਹੀਂ ਆਉਂਦਾ ਤੇ ਨਾ ਹੀ ਤੰਤ੍ਰਾਂ ਮੰਤ੍ਰਾਂ ਕੀਤਿਆਂ ਵੱਸ ਵਿਚ ਆਉਂਦਾ ਹੈ। ਉਹ ਪਰਮਾਤਮਾ ਸਭ ਥਾਵਾਂ ਵਿਚ ਵਸ ਰਿਹਾ ਹੈ। ਉਹ ਰਾਜਿਆਂ ਦਾ ਰਾਜਾ ਹੈ ਤੇ ਹਰ ਥਾਂ ਬਿਰਾਜ ਰਿਹਾ ਹੈ॥ ੪ ॥ ੧੯੪ ॥

**ਜੱਛ ਗੰਧ੍ਰਬ ਦੇਵ ਦਾਨੋ ਨ ਬ੍ਰਹਮ ਛਤ੍ਰੀਅਨ ਮਾਹਿ॥**
**ਬੈਸਨੰ ਕੇ ਬਿਖੈ ਬਿਰਾਜੈ ਸੂਦ੍ਰ ਭੀ ਵਹ ਨਾਹਿ॥**
**ਗੂੜ ਗਉਡ ਨ ਭੀਲ ਭੀਕਰ ਬ੍ਰਹਮ ਸੇਖ ਸਰੂਪ॥**
**ਰਾਤ ਦਿਵਸ ਨ ਮੱਧ ਉਰਧ ਨ ਭੂਮ ਅਕਾਸ਼ ਅਨੂਪ॥ ੫ ॥ ੧੯੫॥**

ਉਹ ਅਕਾਲ ਪੁਰਖ ਜੱਛ, ਗੰਧਰਬ, ਦੇਵਤੇ, ਦੈਂਤ, ਬ੍ਰਾਹਮਣਾਂ ਤੇ ਖੱਤਰੀਆਂ ਵਿਚੋਂ ਕਿਸੇ ਜਾਤ ਨਾਲ ਸਬੰਧਤ ਨਹੀਂ ਉਸ ਦਾ ਨਿਵਾਸ ਵੈਸ਼ਾਂ ਤੇ ਸੂਦਰਾਂ ਵਿਚ ਵੀ ਨਹੀਂ। ਉਹ ਗੂੜ੍ਹ, ਗੌਂਡ, ਭਿਆਨਕ

ਭੀਲ, ਬ੍ਰਾਹਮਣ ਤੇ ਸ਼ੇਖ ਸਰੂਪ ਵੀ ਨਹੀਂ। ਉਹ ਪਰਮਾਤਮਾ ਰਾਤ ਤੇ ਦਿਨ ਵਿਚ ਵੀ ਨਹੀਂ ਤੇ ਨਾ ਹੀ ਉਹ ਸੁੰਦਰ ਰੂਪ ਵਾਲਾ ਪਤਾਲ, ਧਰਤੀ ਤੇ ਅਕਾਸ਼ ਵਿਚ ਵਸਦਾ ਹੈ॥ ੫॥ ੧੯੫॥

**ਜਾਤ ਜਨਮ ਨ ਕਾਲ ਕਰਮ ਨ ਧਰਮ ਕਰਮ ਬਿਹੀਨ॥**
**ਤੀਰਥ ਜਾਤ੍ਰ ਨ ਦੇਵ ਪੂਜਾ ਗੋਰ ਕੇ ਨ ਅਧੀਨ॥**
**ਸਰਬ ਸਪਤ ਪਤਾਰ ਕੇ ਤਰ ਜਾਨੀਐ ਜਿਹ ਜੋਤ॥**
**ਸ਼ੇਸ਼ ਨਾਮ ਸਹੰਸ ਫਨ ਨਹਿ ਨੇਤ ਪੂਰਨ ਹੋਤ॥ ੬॥ ੧੯੬॥**

ਉਸ ਪਰਮੇਸਰ ਦੀ ਕੋਈ ਜਾਤ, ਜਨਮ ਤੇ ਕਾਲ ਨਹੀਂ। ਉਹ ਕਰਮਾਂ ਦੇ ਬੰਧਨ ਵਿਚ ਨਹੀਂ ਤੇ ਧਰਮਾਂ ਦੇ ਕਰਮਾਂ ਤੋਂ ਰਹਿਤ ਹੈ। ਉਸ ਦੀ ਪ੍ਰਾਪਤੀ ਤੀਰਥਾਂ ਦੀ ਯਾਤਰਾ ਕਰਨ ਤੇ ਦੇਵਤਿਆਂ ਦੀ ਪੂਜਾ ਕਰਨ ਨਾਲ ਹੀ ਹੁੰਦੀ ਤੇ ਨਾ ਹੀ ਉਹ ਕਬਰਾਂ ਦੇ ਅਧੀਨ ਹੈ। ਉਸ ਦੀ ਜੋਤ ਸਾਰੇ ਸੱਤਾਂ ਪਤਾਲਾਂ ਦੇ ਹੇਠਾਂ ਜਾਣੀ ਜਾਂਦੀ ਹੈ। ਹਜ਼ਾਰ ਫਨ ਵਾਲਾ ਸ਼ੇਸ਼ਨਾਗ ਵੀ ਉਸ ਪ੍ਰਭੂ ਦੇ ਜਸ ਨੂੰ ਪੂਰਨ ਤੌਰ ਤੇ ਵਰਣਨ ਨਹੀਂ ਕਰ ਸਕਿਆ ਤੇ ਉਹ ਵੀ ਬੇਅੰਤ ਬੇਅੰਤ ਕਹਿੰਦਾ ਹੈ॥ ੬॥ ੧੯੬॥

**ਸੋਧ ਸੋਧ ਹਟੇ ਸਭੈ ਸੁਰ ਬਿਰੋਧ ਦਾਨਵ ਸਰਬ॥**
**ਗਾਇ ਗਾਇ ਹਟੇ ਗੰਧਰਬ ਗਵਾਇ ਕਿੰਨਰ ਗਰਬ॥**
**ਪੜ੍ਹਤ ਪੜ੍ਹਤ ਥਕੇ ਮਹਾ ਕਬਿ ਗੜ੍ਹਤ ਗਾੜ੍ਹ ਅਨੰਤ॥**
**ਹਾਰ ਹਾਰ ਕਹਿਓ ਸਭੂ ਮਿਲ ਨਾਮ ਨਾਮ ਦੁਰੰਤ॥ ੭॥ ੧੯੭॥**

ਉਸ ਪਰਮਾਤਮਾ ਨੂੰ ਸਾਰੇ ਦੇਵੀ ਦੇਵਤੇ ਢੂੰਡ ਢੂੰਡ ਕੇ ਥੱਕ ਗਏ ਹਨ ਤੇ ਵਿਰੋਧ ਕਰਦੇ ਕਰਦੇ ਦੈਂਤ ਵੀ ਹਾਰ ਗਏ ਹਨ। ਉਸ ਦੇ ਜਸ ਨੂੰ ਗੰਧਰਬ ਵੀ ਗਾ ਗਾ ਕੇ ਥੱਕ ਗਏ ਹਨ ਤੇ ਸਾਜ਼ ਵਜਾ ਵਜਾ ਕੇ ਕਿੰਨਰਾਂ ਦਾ ਮਾਣ ਵੀ ਟੁੱਟ ਗਿਆ ਹੈ। ਪੰਡਤ ਧਾਰਮਕ ਪੁਸਤਕਾਂ ਪੜ੍ਹ ਪੜ੍ਹ ਕੇ ਥੱਕ ਗਏ ਹਨ ਤੇ ਮਹਾਨ ਕਵੀ ਕਈ ਤਰ੍ਹਾਂ ਦੀਆਂ ਘਾੜਤਾਂ ਘੜਦੇ ਘੜਦੇ ਭਾਵ ਕਵਿਤਾਵਾਂ ਰਚਦੇ ਰਚਦੇ ਥੱਕ ਗਏ ਹਨ। ਸਭ ਨੇ ਹਾਰ ਕੇ ਅੰਤ ਨੂੰ ਇਹੋ ਕਿਹਾ ਹੈ ਕਿ ਉਸ ਨਾਮੀ ਦੇ ਨਾਮਾਂ ਦਾ ਅੰਤ ਪਾਉਣਾਂ ਅਤਿ ਕਠਨ ਹੈ॥ ੭॥ ੧੯੭॥

**ਬੇਦ ਭੇਦ ਨ ਪਾਇਓ ਲਖਿਓ ਨ ਸੇਬ ਕਤੇਬ॥**
**ਦੇਵ ਦਾਨੋ ਮੂੜ ਮਾਨੋ ਜੱਛ ਨ ਜਾਨੈ ਜੇਬ॥**
**ਭੂਤ ਭੱਬ ਭਵਾਨ ਭੂਪਤਿ ਆਦਿ ਨਾਥ ਅਨਾਥ॥**
**ਅਗਨ ਬਾਇ ਜਲੇ ਥਲੇ ਮਹਿ ਸਰਬ ਠਉਰ ਨਿਵਾਸ॥ ੮॥ ੧੯੮॥**

ਵੇਦ ਵੀ ਉਸ ਪ੍ਰਭੂ ਦੇ ਭੇਦ ਨੂੰ ਨਹੀਂ ਪਾ ਸਕੇ ਅਤੇ ਕਤੇਬ ਵੀ ਉਸ ਦੀ ਸੇਵਾ ਨੂੰ ਨਹੀਂ ਵੇਖ ਸਕੇ। ਉਸ ਦੀ ਸ਼ੋਭਾ ਨੂੰ ਦੇਵਤੇ, ਦੈਂਤ ਤੇ ਜੱਛ ਨਹੀਂ ਜਾਣ ਸਕੇ ਤੇ ਉਹ ਮੂੜ ਡੋਰ ਭੋਰੇ ਹੋ ਰਹੇ ਹਨ। ਉਹ ਭੂਤ, ਭਵਿੱਖ ਤੇ ਵਰਤਮਾਨ ਤਿੰਨਾਂ ਕਾਲਾਂ ਦਾ ਰਾਜਾ ਹੈ, ਸਭ ਦਾ ਮੂਲ ਮੁੱਢ ਸੁਆਮੀ ਹੈ ਤੇ ਨਾਸ਼ ਰਹਿਤ ਹੈ। ਉਹ ਅਗਨੀ, ਪੌਣ, ਜਲ ਤੇ ਥਲ ਆਦਿ ਸਭ ਥਾਵਾਂ ਵਿਚ ਨਿਵਾਸ ਕਰ ਰਿਹਾ ਹੈ॥ ੮॥੧੮੮॥

**ਦੇਹ ਗੇਹ ਨ ਨੇਹ ਸਨੇਹ ਅਬੇਹ ਨਾਥ ਅਜੀਤ॥**
**ਸਰਬ ਗੰਜਨ ਸਰਬ ਭੰਜਨ ਸਰਬ ਤੇ ਅਨਭੀਤ॥**
**ਸਰਬ ਕਰਤਾ ਸਰਬ ਹਰਤਾ ਸਰਬ ਦਯਾਲ ਅਦ੍ਵੈਖ॥**
**ਚੱਕ੍ਰ ਚਿਹਨ ਨ ਬਰਨ ਜਾਕੋ ਜਾਤ ਪਾਤ ਨ ਭੇਖ॥ ੯॥੧੮੯॥**

ਉਸ ਪ੍ਰਭੂ ਨੂੰ ਨਾ ਸਰੀਰ ਦਾ ਮੋਹ ਹੈ ਤੇ ਨਾ ਹੀ ਕਿਸੇ ਘਰ ਨਾਲ ਸਨੇਹ ਪਿਆਰ ਹੈ। ਉਹ ਸੁਆਮੀ ਨਾ ਵਿੰਨ੍ਹੇ ਜਾਣ ਵਾਲਾ ਤੇ ਅਜਿੱਤ ਹੈ। ਉਹ ਸਭ ਨੂੰ ਨਾਸ ਕਰਨ ਵਾਲ ਤੇ ਸਭ ਨੂੰ ਭੰਨਣ ਵਾਲਾ ਹੈ। ਉਹ ਸਭਨਾਂ ਡਰਾਂ ਤੋਂ ਰਹਿਤ ਹੈ। ਉਹ ਸਭ ਦਾ ਕਰਨਹਾਰ ਤੇ ਸਭ ਦਾ ਨਾਸ ਕਰਨ ਵਾਲਾ ਹੈ। ਉਹ ਸਭ ਤੇ ਦਇਆ ਕਰਨ ਵਾਲਾ ਤੇ ਦ੍ਵੈਸ਼ ਰਹਿਤ ਹੈ। ਉਸ ਦਾ ਕੋਈ ਚਿੰਨ੍ਹ ਚੱਕ੍ਰ ਵਰਨ, ਜਾਤ ਬਰਾਦਰੀ ਤੇ ਭੇਖ ਨਹੀਂ ਹੈ॥ ੯॥੧੮੯॥

**ਰੂਪ ਰੇਖ ਨ ਰੰਗ ਜਾਕੋ ਰਾਗ ਰੂਪ ਨ ਰੰਗ॥**
**ਸਰਬ ਲਾਇਕ ਸਰਬ ਘਾਇਕ ਸਰਬ ਤੇ ਅਨਭੰਗ॥**
**ਸਰਬ ਦਾਤਾ ਸਰਬ ਗਜਾਤਾ ਸਰਬ ਕੋ ਪ੍ਰਤਿਪਾਲ॥**
**ਦੀਨ ਬੰਧੁ ਦਯਾਲ ਸੁਆਮੀ ਆਦਿ ਦੇਵ ਅਪਾਲ॥ ੧੦॥੧੯੦॥**

ਅਕਾਲ ਪੁਰਖ ਦਾ ਕੋਈ ਰੂਪ, ਰੇਖ ਤੇ ਰੰਗ ਨਹੀਂ, ਉਸ ਨੂੰ ਕਿਸੇ ਰੂਪ ਤੇ ਰੰਗ ਦਾ ਮੋਹ ਨਹੀਂ। ਉਹ ਸਭਨਾਂ ਗੱਲਾਂ ਵਿਚ ਲਾਇਕ ਅਤੇ ਯੋਗ ਹੈ, ਸਭ ਨੂੰ ਮਾਰਨ ਵਾਲਾ ਤੇ ਸਭ ਅਪਰਾਧਾਂ ਦੋਸ਼ਾਂ ਤੋਂ ਰਹਿਤ ਹੈ। ਉਹ ਸਭ ਪ੍ਰਕਾਰ ਦੀਆਂ ਦਾਤਾਂ ਦੇਣ ਵਾਲਾ ਤੇ ਸਭ ਦੇ ਮਨਾਂ ਦੀਆਂ ਜਾਣਨ ਵਾਲਾ ਅਤੇ ਸਭ ਦੀ ਪਾਲਣਾ ਕਰਨ ਵਾਲਾ ਹੈ। ਉਹ ਦੀਨਾਂ ਦੁਖੀਆਂ ਦਾ ਬੰਧੂ ਹੈ ਤੇ ਦਿਆਲੂ ਸੁਆਮੀ ਹੈ। ਉਹ ਆਰੰਭ ਤੋਂ ਹੀ ਦੇਵਤਾ ਰੂਪ ਅਤੇ ਪਾਲਣਾ ਤੋਂ ਰਹਿਤ ਹੈ॥ ੧੦॥੧੯੦॥

**ਦੀਨ ਬੰਧੁ ਪ੍ਰਬੀਨ ਸ੍ਰੀ ਪਤਿ ਸਰਬ ਕੋ ਕਰਤਾਰ॥**
**ਬਰਨ ਚਿਹਨ ਨ ਚੱਕ੍ਰ ਜਾਕੋ ਚੱਕ੍ਰ ਚਿਹਨ ਅਕਾਰ॥**
**ਜਾਤਿ ਪਾਤਿ ਨ ਗੋਤ੍ਰ ਗਾਥਾ ਰੂਪ ਰੇਖ ਨ ਬਰਨ॥**

**ਸਰਬ ਦਾਤਾ ਸਰਬ ਗਜਾਤਾ ਸਰਬ ਭੂਅ ਕੋ ਭਰਨ ॥ ੧੧ ॥ ੧੯੧ ॥**

ਉਹ ਅਕਾਲ ਪੁਰਖ ਦੀਨਾਂ ਦੁਖੀਆਂ ਦਾ ਬੰਧੂ ਮਿੱਤਰ ਹੈ, ਬੜਾ ਚਤੁਰ ਤੇ ਮਾਇਆ ਦਾ ਸੁਆਮੀ ਹੈ। ਸਭ ਸ੍ਰਿਸ਼ਟੀ ਦਾ ਕਰਤਾ ਹੈ। ਉਸ ਦਾ ਕੋਈ ਵਰਨ, ਚਿੰਨ੍ਹ ਤੇ ਚੱਕਰ ਨਹੀਂ। ਉਸ ਦੇ ਚਿੰਨ੍ਹ ਚੱਕਰ ਅਪਾਰ ਹਨ। ਉਸ ਦੀ ਕੋਈ ਜਾਤ, ਬਰਾਦਰੀ ਤੇ ਗੋਤ ਆਦਿ ਨਹੀਂ ਤੇ ਨਾ ਹੀ ਰੂਪ, ਰੇਖ ਤੇ ਵਰਨ ਹੈ। ਉਹ ਸਭ ਦਾ ਦਾਤਾ ਹੈ ਤੇ ਸਰਬ ਕਲਾ ਦਾ ਗਿਆਤਾ ਹੈ। ਸਭ ਸੰਸਾਰ ਦੇ ਜੀਆਂ ਦੀ ਪਾਲਣਾ ਕਰਨ ਵਾਲਾ ਹੈ॥ ੧੧ ॥ ੧੯੧ ॥

**ਦੁਸ਼ਟ ਗੰਜਨ ਸ਼ੱਤ੍ਰੂ ਭੰਜਨ ਪਰਮ ਪੁਰਖ ਪ੍ਰਮਾਥ ॥**
**ਦੁਸ਼ਟ ਹਰਤਾ ਸ੍ਰਿਸ਼ਟ ਕਰਤਾ ਜਗਤ ਮੈ ਜਿਹ ਗਾਥ ॥**
**ਭੂਤ ਭੱਬ ਭਵਿੱਖ ਭਵਾਨ ਪ੍ਰਮਾਨ ਦੇਵ ਅਗੰਜ ॥**
**ਆਦਿ ਅੰਤ ਅਨਾਦਿ ਸ੍ਰੀ ਪਤਿ ਪਰਮ ਪੁਰਖ ਅਭੰਜ ॥ ੧੨ ॥ ੧੯੨ ॥**

ਪਦ ਅਰਥ - ਪ੍ਰਮਾਥ=ਬਿਲਕੁਲ ਨਾਸ ਕਰਨ ਵਾਲਾ। ਭੱਬ=ਸੁੰਦਰ। ਪ੍ਰਮਾਨ=ਇਕੋ ਜਿਹਾ।

ਉਹ ਪ੍ਰਭੂ ਦੁਸ਼ਟਾਂ ਨੂੰ ਨਾਸ ਕਰਨ ਵਾਲਾ ਤੇ ਵੈਰੀਆਂ ਨੂੰ ਟੋਟੇ ਟੋਟੇ ਕਰਨ ਵਾਲਾ ਹੈ। ਸ੍ਰਿਸ਼ਟੀ ਦੇ ਵਡੇ ਵਡੇ ਪੁਰਸ਼ਾਂ ਨੂੰ ਬਿਲਕੁਲ ਮਿਲੀਆ ਮੇਟ ਕਰਨ ਵਾਲਾ ਹੈ। ਉਹ ਪ੍ਰਭੂ ਦੁਸ਼ਟਾਂ ਨੂੰ ਨਾਸ ਕਰਦਾ ਹੈ ਤੇ ਸ੍ਰਿਸ਼ਟੀ ਦਾ ਰਚਨਹਾਰ ਹੈ। ਸਾਰੇ ਸੰਸਾਰ ਵਿਚ ਉਸ ਦੀ ਇਹ ਕਥਾ ਪ੍ਰਸਿੱਧ ਹੈ। ਉਹ ਅਜਿੱਤ ਤੇ ਸੁੰਦਰ ਪਰਮਾਤਮਾ ਤਿੰਨਾਂ ਕਾਲਾਂ ਵਿਚ ਇਕੋ ਜਿਹਾ ਰਹਿੰਦਾ ਹੈ। ਉਹ ਮਾਇਆ ਦਾ ਪਤੀ ਪ੍ਰਭੂ ਆਦਿ ਤੋਂ ਅੰਤ ਤਕ ਅਨਾਦੀ ਹੈ। ਉਹ ਮਹਾਨ ਵਿਆਪਕ ਪ੍ਰਭੂ ਨਾਸ ਰਹਿਤ ਹੈ॥ ੧੨ ॥ ੧੯੨ ॥

**ਧਰਮ ਕੇ ਅਨ ਕਰਮ ਜੇਤਕ ਕੀਨ ਤਉਨ ਪਸਾਰ ॥**
**ਦੇਵ ਅਦੇਵ ਗੰਧਰਬ ਕਿੰਨਰ ਮੱਛ ਕੱਛ ਅਪਾਰ ॥**
**ਭੂਮ ਅਕਾਸ਼ ਜਲੇ ਥਲੇ ਮਹਿ ਮਾਨੀਐ ਜਿਹ ਨਾਮ ॥**
**ਦੁਸ਼ਟ ਹਰਤਾ ਪੁਸ਼ਟ ਕਰਤਾ ਸ੍ਰਿਸ਼ਟਿ ਹਰਤਾ ਕਾਮ ॥ ੧੩ ॥ ੧੯੩ ॥**

ਉਸ ਪਰਮਾਤਮਾ ਨੇ, ਧਰਮ ਦੇ ਕਰਮ ਤੇ ਹੋਰ ਜਿੰਨੇ ਕਰਮ ਹਨ, ਸਭ ਦਾ ਪਸਾਰਾ ਕੀਤਾ ਹੈ। ਉਸ ਨੇ ਅਨੇਕਾਂ ਦੇਵਤੇ, ਦੈਂਤ, ਗੰਧਰਬ, ਕਿੰਨਰ, ਮੱਛ ਤੇ ਕੱਛ ਪੈਦਾ ਕੀਤੇ। ਹਨ। ਉਸ ਦਾ ਨਾਮ ਧਰਤੀ, ਅਕਾਸ਼,, ਜਲ ਤੇ ਥਲ ਵਿਚ ਮੰਨਿਆਂ ਜਾਂਦਾ ਹੈ। ਉਹ ਪ੍ਰਭੂ ਦੁਸ਼ਟਾਂ ਦੋਖੀਆਂ ਨੂੰ ਨਾਸ ਕਰਦਾ ਹੈ ਤੇ ਭਲੇ ਪੁਰਸ਼ਾਂ ਨੂੰ ਬਲਵਾਨ ਕਰਦਾ ਹੈ। ਸ੍ਰਿਸ਼ਟੀ ਨੂੰ ਨਾਸ ਕਰਨਾ ਹੀ ਉਸ ਦਾ ਕੰਮ ਹੈ॥ ੧੩ ॥ ੧੯੩ ॥

**ਦੁਸ਼ਟ ਹਰਨਾ ਸ੍ਰਿਸ਼ਟ ਕਰਨਾ ਦਿਆਲ ਲਾਲ ਗੋਬਿੰਦ ॥**

**ਮਿੱਤ੍ਰ ਪਾਲਕ ਸ਼ੱਤ੍ਰ ਘਾਲਕ ਦੀਨ ਦਜਾਲ ਮੁਕੰਦ॥**
**ਅਘੌ ਡੰਡਣ ਦੂਸ਼ਟ ਖੰਡਣ ਕਾਲਹੂੰ ਕੇ ਕਾਲ॥**
**ਦੁਸ਼ਟ ਹਰਣੰ ਪੁਸ਼ਟ ਕਰਣੰ ਸਰਬ ਕੇ ਪ੍ਰਤਿਪਾਲ॥ ੧੪॥ ੧੯੪॥**

ਉਹ ਅਕਾਲ ਪੁਰਖ ਦੁਸ਼ਟਾਂ ਨੂੰ ਨਾਸ ਕਰਦਾ ਹੈ, ਸ੍ਰਿਸ਼ਟੀ ਦਾ ਰਚਨਹਾਰ ਹੈ, ਉਹ ਪਿਆਰਾ ਦਿਆਲੂ ਤੇ ਪ੍ਰਿਥਵੀ ਦਾ ਪਾਲਕ ਹੈ। ਉਹ ਮਿੱਤਰਾਂ ਦੀ ਪਾਲਨਾ ਕਰਨ ਵਾਲਾ ਤੇ ਵੈਰੀਆਂ ਨੂੰ ਨਾਸ ਕਰਨ ਵਾਲਾ ਹੈ। ਦੀਨਾਂ ਦੁਖੀਆਂ ਤੇ ਦਇਆ ਕਰਦਾ ਹੈ ਤੇ ਮੁਕਤੀ ਦਾਤਾ ਹੈ। ਪਾਪੀਆਂ ਨੂੰ ਦੰਡ ਦੇਂਦਾ ਹੈ ਤੇ ਦੁਸ਼ਟਾਂ ਨੂੰ ਨਾਸ ਕਰਦਾ ਹੈ। ਉਹ ਕਾਲ ਦਾ ਵੀ ਕਾਲ ਹੈ। ਉਹ ਦੁਸ਼ਟਾਂ ਦੋਖੀਆਂ ਨੂੰ ਨਾਸ ਕਰਨ ਵਾਲਾ ਹੈ ਤੇ ਭਲਿਆਂ ਨੂੰ ਬਲਵਾਨ ਕਰਨ ਵਾਲਾ ਹੈ ਤੇ ਸਭ ਸੰਸਾਰ ਦੇ ਜੀਵਾਂ ਦੀ ਪਾਲਣਾ ਕਰਨ ਵਾਲਾ ਹੈ॥ ੧੪॥ ੧੯੪॥

**ਸਰਬ ਕਰਤਾ ਸਰਬ ਹਰਤਾ ਸਰਬ ਕੇ ਅਨਕਾਮ॥**
**ਸਰਬ ਖੰਡਣ ਸਰਬ ਦੰਡਣ ਸਰਬ ਕੇ ਨਿਜ ਭਾਮ॥**
**ਸਰਬ ਭੁਗਤਾ ਸਰਬ ਜੁਗਤਾ ਸਰਬ ਕਰਮ ਪ੍ਰਬੀਨ॥**
**ਸਰਬ ਖੰਡਣ ਸਰਬ ਦੰਡਣ ਸਰਬ ਧਰਮ ਅਧੀਨ॥ ੧੫॥ ੧੯੫॥**

ਉਹ ਅਕਾਲ ਪੁਰਖ ਸਭ ਦਾ ਕਰਤਾ ਹੈ, ਸਭ ਦਾ ਹਰਤਾ ਭਾਵ ਨਾਸ ਕਰਨ ਵਾਲਾ ਹੈ ਤੇ ਸਭ ਦੀਆਂ ਮਨੋਕਾਮਨਾ ਪੂਰਨ ਕਰਨ ਵਾਲਾ ਹੈ। ਉਹ ਸਭ ਨੂੰ ਖੰਡਣ ਨਾਸ ਕਰਨ ਵਾਲਾ ਤੇ ਸਭ ਦੁਸ਼ਟਾਂ ਨੂੰ ਦੰਡ ਦੇਣ ਵਾਲਾ ਹੈ। ਸਾਰਿਆਂ ਜੀਵਾਂ ਦਾ ਆਪਣਾ :ਅਸਥਾਨ ਹੈ। ਉਹ ਸਭ ਭੋਗਾਂ ਨੂੰ ਭੋਗਦਾ ਹੈ, ਸਭ ਸ੍ਰਿਸ਼ਟੀ ਨਾਲ ਜੁੜਿਆ ਹੋਇਆ ਹੈ ਤੇ ਸਭ ਕੰਮਾਂ ਵਿਚ ਨਿਪੁੰਨ ਹੈ। ਸਭ ਨੂੰ ਖੰਡਨ ਕਰਦਾ ਹੈ, ਸਭ ਦੋਖੀਆਂ ਨੂੰ ਦੰਡ ਦੇਂਦਾ ਹੈ ਤੇ ਸਭ ਸੰਸਾਰ ਦੇ ਧਰਮ ਉਸ ਦੇ ਅਧੀਨ ਆਸਰੇ ਹਨ॥ ੧੫॥ ੧੯੫॥

**ਸਰਬ ਸਿੰਮ੍ਰਿਤਨ ਸਰਬ ਸ਼ਾਸਤ੍ਰਨ ਸਰਬ ਬੇਦ ਬਿਚਾਰ॥**
**ਦੁਸ਼ਟ ਹਰਤਾ ਬਿਸ੍ਵ ਭਰਤਾ ਆਦਿ ਰੂਪ ਅਪਾਰ॥**
**ਦੁਸ਼ਟ ਦੰਡਣ ਪੁਸ਼ਟ ਖੰਡਣ ਆਦਿ ਦੇਵ ਅਖੰਡ॥**
**ਭੂਮ ਅਕਾਸ਼ ਜਲੇ ਥਲੇ ਮਹਿ ਜਪਤ ਜਾਪ ਅਮੰਡ॥ ੧੬॥ ੧੯੬॥**

ਉਹ ਕਰਤਾ ਪੁਰਖ ਸਾਰੀਆਂ ਸਿੰਮ੍ਰਿਤੀਆਂ, ਸਾਰਿਆਂ ਸ਼ਾਸਤ੍ਰਾਂ ਤੇ ਸਾਰੇ ਵੇਦਾਂ ਦਾ ਵਿਚਾਰ ਹੈ। ਉਹ ਦੁਸ਼ਟਾਂ ਦੋਖੀਆਂ ਨੂੰ ਨਾਸ ਕਰਦਾ ਹੈ, ਸਾਰੇ ਸੰਸਾਰ ਦੀ ਪਾਲਣਾ ਕਰਦਾ ਹੈ। ਉਸ ਆਦਿ ਰੂਪ ਸਭ ਦੇ ਮੁੱਢ ਪਰਮਾਤਮਾ ਦਾ ਕੋਈ ਪਾਰਾਵਾਰ ਨਹੀਂ। ਉਹ ਦੁਸ਼ਟਾਂ ਅਤੇ ਬੁਰੇ ਪੁਰਸ਼ਾਂ ਨੂੰ

ਦੰਡ ਦੇਂਦਾ ਹੈ ਤੇ ਬੜੇ ਬੜੇ ਬਲਵਾਨਾਂ ਨੂੰ ਖੰਡ ਖੰਡ ਕਰਦਾ ਹੈ। ਉਹ ਸਭ ਤੋਂ ਪਹਿਲਾ ਦੇਵ ਹੈ ਜੋ ਨਾਸ ਰਹਿਤ ਹੈ। ਪ੍ਰਿਥਵੀ, ਅਕਾਸ਼, ਜਲ ਤੇ ਥਲ ਵਿਚ ਜਿਹੜੇ ਪੁਰਸ਼ ਉਸ ਪ੍ਰਭੂ ਦੇ ਨਾਮ ਦਾ ਸਿਮਰਨ ਕਰਦੇ ਹਨ ਉਹ ਸਦਾ ਸਥਿਰ ਰਹਿੰਦੇ ਹਨ॥੧੬॥੧੯੬॥

**ਸ੍ਰਿਸ਼ਟਚਾਰ ਬਿਚਾਰ ਜੇਤੇ ਜਾਨੀਐ ਸਬਿਚਾਰ॥**
**ਆਦਿ ਦੇਵ ਅਪਾਰ ਸ੍ਰੀਪਤਿ ਦੁਸ਼ਟ ਪੁਸ਼ਟ ਪ੍ਰਹਾਰ॥**
**ਅੰਨ ਦਾਤਾ ਗਜਾਨ ਗਜਾਤਾ ਸਰਬ ਮਾਨ ਮਹਿੰਦ੍ਰ॥**
**ਬੇਦ ਬਜਾਸ ਕਰੇ ਕਈ ਦਿਨ ਕੋਟਿ ਇੰਦ੍ਰ ਉਪਇੰਦ੍ਰ॥੧੭॥੧੯੭॥**

ਪਦ ਅਰਥ - ਸ੍ਰਿਸ਼ਟਾਚਾਰ=ਸ਼ੁਭ ਕਰਮ। ਪ੍ਰਹਾਰ=ਨਾਸ ਕਰਨ ਵਾਲਾ। ਮਹਿੰਦ੍ਰ=ਰਾਜੇ। ਉਪਿੰਦ੍ਰ=ਇੰਦਰ ਦਾ ਭਰਾ।

ਜਿੰਨੇ ਵੀ ਸ਼ੁਭ ਕਰਮ ਤੇ ਵਿਚਾਰ ਹਨ, ਉਹਨਾਂ ਸਾਰੇ ਸ਼ੁਭ ਕੰਮਾਂ ਨੂੰ ਉਹ ਜਾਣਦਾ ਹੈ। ਉਹ ਪਾਰ ਤੋਂ ਰਹਿਤ ਪਹਿਲਾ ਦੇਵਤਾ ਹੈ, ਮਾਇਆ ਦਾ ਸੁਆਮੀ ਹੈ ਤੇ ਬੜੇ ਬੜੇ ਬਲਵਾਨ ਦੁਸ਼ਟਾਂ ਨੂੰ ਨਾਸ ਕਰਨ ਵਾਲਾ ਹੈ। ਉਹ ਸਭ ਸੰਸਾਰ ਦਾ ਅੰਨ ਦਾਤਾ ਤੇ ਗਿਆਨ ਦਾਤਾ ਹੈ। ਸਭ ਵੱਡੇ ਵੱਡੇ ਰਾਜੇ ਉਸ ਪ੍ਰਭੂ ਦਾ ਮਾਨ ਸਤਕਾਰ ਕਰਦੇ ਹਨ। ਉਸ ਨੇ ਕਈ ਵੇਦ ਵਿਆਸ ਵਰਗੇ ਰਿਸ਼ੀ ਮੁਨੀ ਤੇ ਕਰੋੜਾਂ ਰਾਜੇ ਇੰਦਰ ਤੇ ਉਪਿੰਦਰ ਬਾਵਨ ਅਵਤਾਰ ਪੈਦਾ ਕੀਤੇ ਹਨ॥੧੭॥੧੯੭॥

**ਜਨਮ ਜਾਤਾ ਕਰਮ ਗਿਆਤਾ ਧਰਮ ਚਾਰ ਬਿਚਾਰ॥**
**ਬੇਦ ਭੇਵ ਨ ਪਾਵਈ ਸ਼ਿਵਰੁਦ੍ਰ ਅਉ ਮੁਖਚਾਰ॥**
**ਕੋਟ ਇੰਦ੍ਰ ਉਪਿੰਦ੍ਰ ਬਿਆਸਕ ਸਨਕ ਸਨਤ ਕੁਮਾਰ॥**
**ਗਾਇ ਗਾਇ ਥਕੇ ਸਭੈ ਗੁਨ ਚਕ੍ਰਤ ਭੇ ਮੁਖਚਾਰ॥੧੮॥੧੯੮॥**

ਪਦ ਅਰਥ - ਜਨਮ ਜਾਤਾ=ਜੋਤਸ਼ੀ। ਕਰਮ ਗਿਆਤਾ=ਕਰਮ ਕਾਂਡੀ।

ਜੋਤਸ਼ੀ, ਕਰਮਕਾਂਡੀ ਤੇ ਧਰਮ ਤੇ ਵਿਚਾਰ ਕਰਨ ਵਾਲੇ ਧਰਮ ਗ੍ਰੰਥ, ਵੇਦ, ਸ਼ਿਵ ਜੀ ਤੇ ਬ੍ਰਹਮਾ ਉਸ ਪ੍ਰਭੂ ਦਾ ਭੇਦ ਨਹੀਂ ਜਾਣ ਸਕੇ। ਕਰੋੜਾਂ ਇੰਦ੍ਰ, ਉਪਿੰਦ੍ਰ, ਬਿਆਸ, ਸਨਕ ਤੇ ਸਨਕ ਕੁਮਾਰ ਆਦਿ ਉਸ ਅਕਾਲ ਪੁਰਖ ਦਾ ਜਸ ਗਾ ਗਾ ਕੇ ਥਕ ਗਏ ਹਨ ਤੇ ਬ੍ਰਹਮਾ ਪ੍ਰਭੂ ਦੀ ਕੁਦਰਤ ਨੂੰ ਵੇਖ ਕੇ ਹੈਰਾਨ ਹੋ ਰਿਹਾ ਹੈ॥੧੮॥੧੯੮॥

**ਆਦਿ ਅੰਤਿ ਨ ਮੱਧ ਜਾ ਕੋ ਭੂਤ ਭੱਬ ਭਵਾਨ॥**
**ਸਤ ਦੁਆਪਰ ਤ੍ਰਿਤੀਆ ਕਲਜੁਗ ਚਤ੍ਰ ਕਾਲ ਪ੍ਰਧਾਨ॥**

**ਧਿਆਇ ਧਿਆਇ ਥਕੇ ਮਹਾਮੁਨਿ ਗਾਇ ਗੰਧ੍ਰਬ ਅਪਾਰ॥**
**ਹਾਰ ਹਾਰ ਥਕੇ ਸਭੈ ਨਹੀ ਪਾਈਐ ਤਿਹ ਪਾਰ॥੧੯॥੧੯੯॥**

ਉਸ ਪਰਮਾਤਮਾ ਦਾ ਤਿੰਨਾਂ ਕਾਲਾਂ ਵਿਚ ਆਦਿ, ਮੱਧ ਤੇ ਅੰਤ ਦਾ ਕੋਈ ਪਤਾ ਨਹੀਂ ਲਗਦਾ। ਉਹ ਸਤਿਜੁਗ, ਦੁਆਪਰ, ਤਰੇਤਾ ਤੇ ਕਲਿਜੁਗ ਚੌਂਹਾਂ ਜੁਗਾਂ ਦੇ ਚੌਂਹਾ ਕਾਲਾਂ ਵਿਚ ਵੱਡਾ ਹੈ। ਉਸ ਦੇ ਨਾਮ ਨੂੰ ਸਿਮਰ ਸਿਮਰ ਕੇ ਰਿਸ਼ੀ ਮੁਨੀ ਥੱਕ ਗਏ ਅਤੇ ਗੰਧਰਬ ਵੀ ਉਸ ਪਾਰ ਰਹਿਤ ਪਾਰਬ੍ਰਹਮ ਨੂੰ ਗਾ ਗਾ ਕੇ ਹਾਰ ਗਏ ਹਨ, ਪਰ ਕਿਸੇ ਨੇ ਵੀ ਉਸ ਦਾ ਅੰਤ ਨਹੀਂ ਪਾਇਆ॥੧੯॥੧੯੯॥

**ਨਾਰਦਾਦਿਕ ਬੇਦ ਬਿਆਸਕ ਮੁਨਿ ਮਹਾਨ ਅਨੰਤ॥**
**ਧਿਆਇ ਧਿਆਇ ਥਕੇ ਸਭੈ ਕਰ ਕੋਟ ਕਸ਼ਟ ਦੁਰੰਤ॥**
**ਗਾਇ ਗਾਇ ਥਕੇ ਗੰਧ੍ਰਬ ਨਾਚ ਅਪੱਛ੍ਰ ਅਪਾਰ॥**
**ਸੋਧ ਸੋਧ ਥਕੇ ਮਹਾਸੁਰ ਪਾਇਓ ਨਹਿ ਪਾਰ॥੨੦॥੨੦੦॥**

ਨਾਰਦ ਤੇ ਬੇਦ ਬਿਆਸ ਆਦਿ ਜੋ ਬੇਅੰਤ ਮਹਾਨ ਰਿਸ਼ੀ ਮੁਨੀ ਹੋਏ ਹਨ, ਉਹ ਸਾਰੇ ਉਸ ਪ੍ਰਭੂ ਨੂੰ ਧਿਆ ਧਿਆ ਕੇ ਥੱਕ ਗਏ ਹਨ ਤੇ ਕਰੋੜਾਂ ਤਪੱਸਵੀ ਬੜੇ ਭਾਰੀ ਕਸ਼ਟ ਸਹਿ ਸਹਿ ਕੇ ਹਾਰ ਗਏ ਹਨ, ਗੰਧਰਬ ਗਾ ਗਾ ਕੇ ਤੇ ਬੇਅੰਤ ਅਪੱਛਰਾ ਨੱਚ ਨੱਚ ਕੇ ਥੱਕ ਗਈਆਂ ਹਨ। ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਜੀ ਆਦਿ ਵਡੇ ਵਡੇ ਦੇਵਤੇ ਉਸ ਪ੍ਰਭੂ ਨੂੰ ਢੂੰਡ ਢੂੰਡ ਕੇ ਥੱਕ ਗਏ ਹਨ, ਪਰ ਕੋਈ ਵੀ ਉਸ ਦਾ ਅੰਤ ਨਹੀਂ ਪਾ ਸਕਿਆ॥੨੦॥੨੦੦॥

## ਤ੍ਵਪ੍ਰਸਾਦਿ॥ ਦੋਹਰੇ॥

**ਏਕ ਸਮੈ ਸ੍ਰੀ ਆਤਮਾ ਉਚਰਿਓ ਮਤ ਸਿਉ ਬੈਨ॥**
**ਸਭ ਪ੍ਰਤਾਪ ਜਗਦੀਸ਼ ਕੋ ਕਹੋ ਸਕਲ ਬਿਧ ਤੈਨ॥੧॥੨੦੧॥**

ਪਦ ਅਰਥ - ਮਤਿ=ਬੁੱਧੀ। ਜਗਦੀਸ=ਪ੍ਰਭੂ।

ਇਕ ਵਾਰ ਆਤਮਾ ਨੇ ਬੁੱਧੀ ਨੂੰ ਕਿਹਾ ਕਿ ਉਸ ਪ੍ਰਭੂ ਦੇ ਪ੍ਰਤਾਪ ਦਾ ਹਰ ਪ੍ਰਕਾਰ ਨਾਲ ਵਰਣਨ ਕਰੋ॥੧॥੨੦੧॥

ਇਸ ਤੋਂ ਅਗੇ ਨੌਂ ਦੋਹਰੇ ਹਨ, ਹਰ ਇਕ ਦੋਹਰੇ ਵਿਚ ਚਾਰ ਚਾਰ ਪੰਜ ਪੰਜ ਜਾਂ ਛੇ ਛੇ ਪ੍ਰਸ਼ਨ ਕੀਤੇ ਗਏ ਹਨ, ਪਰ ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਦੇਣ ਵਾਲੇ ਛੰਦ ਇਸ ਬਾਣੀ ਵਿਚ ਨਹੀਂ ਮਿਲਦੇ। ਕਈ ਵਿਦਵਾਨਾਂ ਨੇ ਇਹਨਾਂ ਦੋਹਰਿਆਂ ਵਿਚੋਂ ਹੀ ਇਹਨਾਂ ਪ੍ਰਸ਼ਨਾਂ ਦੇ ਉੱਤਰ ਬਣਾਕੇ ਲਿਖੇ ਹਨ, ਪਰ ਵਾਸਤਵ ਵਿਚ ਇਹ ਉੱਤਰ ਖਿੱਚ ਧੂਹ ਨਾਲ ਬਣਾ ਕੇ ਪ੍ਰਗਟ ਕਰਨ ਦਾ ਯਤਨ ਹੈ, ਉਨ੍ਹਾਂ ਨੂੰ ਸਹੀ ਰੂਪ ਵਿਚ ਗੁਰੂ ਸਾਹਿਬ ਦਾ ਵਿਚਾਰ ਨਹੀਂ ਮੰਨਿਆ ਜਾ ਸਕਦਾ।

ਕੋ ਆਤਮਾ ਸਰੂਪ ਹੈ, ਕਹਾ ਸ੍ਰਿਸ਼ਟ ਕੋ ਬਿਚਾਰ॥
ਕਉਨ ਧਰਮ ਕੋ ਕਰਮ ਹੈ ਕਹੋ ਸਕਲ ਬਿਸਥਾਰ॥੨॥੨੦੨॥

ਆਤਮਾ ਦਾ ਕੀ ਯਥਾਰਥ ਸਰੂਪ ਕੀ ਹੈ? ਸ੍ਰਿਸ਼ਟੀ ਦਾ ਕੀ ਵਿਚਾਰ ਹੈ? ਧਰਮ ਦਾ ਕਿਹੜਾ ਕਰਮ ਹੈ? ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਵਿਸਥਾਰ ਨਾਲ ਦੱਸੋ॥੨॥੨੦੨॥

ਕਹ ਜੀਤਬ ਕਹ ਮਰਨ ਹੈ ਕਵਨ ਸੁਰਗ ਕਹ ਨਰਕ॥
ਕੋ ਸੁਘੜਾ ਕੋ ਮੂੜਤਾ ਕਹਾ ਤਰਕ ਅਵਤਰਕ॥੩॥੨੦੩॥

ਜੀਉਣਾ ਮਰਨਾ ਕੀ ਹੈ? ਸਵਰਗ ਨਰਕ ਕੀ ਹੈ?ਸਿਆਣੇ ਮੂਰਖ ਕੌਣ ਹਨ? ਵਿਚਾਰ ਅਤੇ ਵਿਚਾਰ ਰੀਹਤ ਕੀ ਹਨ?॥੩॥੨੦੩॥

ਕੋ ਨਿੰਦਾ ਜਸ ਹੈ ਕਵਨ ਕਵਨ ਪਾਪ ਕਹ ਧਰਮ॥
ਕਵਨ ਜੋਗ ਕੋ ਭੋਗ ਹੈ ਕਵਨ ਕਰਮ ਅਪਕਰਮ॥੪॥੨੦੪॥

ਨਿੰਦਾ ਅਤੇ ਜਸ ਕੀ ਹੈ? ਪਾਪ ਅਤੇ ਧਰਮ ਕੀ ਹੈ? ਜੋਗ ਅਤੇ ਭੋਗ ਕੀ ਹਨ? ਕਰਮ ਅਤੇ ਅਪਕਰਮ ਕੀ ਹਨ? ਵਿਸਥਾਰ ਨਾਲ ਦੱਸੋ?॥੪॥੨੦੪॥

ਕਹੋ ਸੁ ਸਮ ਕਾਸੋ ਕਹੈ ਦਮ ਕੋ ਕਹਾ ਕਹੰਤ॥
ਕੋ ਸੂਰਾ ਦਾਤਾ ਕਵਨ ਕਹੋ ਤੰਤ ਕੋ ਮੰਤ॥੫॥੨੦੫॥

ਮਿਹਨਤ ਅਤੇ ਆਰਾਮ ਕਿਸਨੂੰ ਕਹਿੰਦੇ ਹਨ? ਸੂਰਮਾ ਅਤੇ ਦਾਤਾ ਕੌਣ ਹੈ ਅਤੇ ਤੰਤਰ ਮੰਤਰ ਕੀ ਹਨ? ਵਿਸਥਾਰ ਨਾਲ ਸਮਝਾਓ?॥੫॥੨੦੫॥

ਕਹਾ ਰੰਕ ਰਾਜਾ ਕਵਨ ਹਰਖ ਸੋਗ ਹੈ ਕਵਨ॥
ਕੋ ਰੋਗੀ ਰਾਗੀ ਕਵਨ ਕਹੋ ਤੱਤ ਮੁਹਿ ਤਵਨ॥੬॥੨੦੬॥

ਕੰਗਾਲ ਕੌਣ ਹੈ ਅਤੇ ਰਾਜਾ ਕੌਣ ਹੈ? ਖੁਸ਼ੀ ਗ਼ਮੀ ਕੀ ਹੈ? ਰੋਗੀ ਤੇ ਰਾਗੀ ਕੌਣ ਹੈ? ਅਸਲ ਸਿਧਾਂਤ ਨੂੰ ਵਿਸਥਾਰ ਨਾਲ ਦੱਸੋ॥੬॥੨੦੬॥

ਕਵਨ ਰਿਸ਼ਟ ਕੋ ਪੁਸ਼ਟ ਹੈ ਕਹਾ ਸ੍ਰਿਸ਼ਟ ਕੋ ਬਿਚਾਰ॥
ਕਵਨ ਧ੍ਰਿਸ਼ਟ ਕੋ ਭ੍ਰਿਸ਼ਟ ਹੈ ਕਹੋ ਸਕਲ ਬਿਸਥਾਰ॥੭॥੨੦੭॥

ਰਜਿਆ ਹੋਇਆ ਅਤੇ ਬਲਵਾਨ ਕੌਣ ਹੈ? ਇਸ ਸ੍ਰਿਸਟੀ ਦਾ ਵਿਚਾਰ ਕੀ ਹੈ? ਸ੍ਰੇਸ਼ਟ ਕੌਣ ਹੈ ਅਤੇ ਭ੍ਰਿਸ਼ਟ ਭਾਵ ਨੀਚ ਕੌਣ ਹੈ? ਇੰਨ੍ਹਾਂ ਸਾਰੇ ਪ੍ਰਸ਼ਨਾਂ ਦਾ ਉੱਤਰ ਵਿਸਥਾਰ ਨਾਲ ਦੇਵੋ ?॥੭॥੨੦੭॥

**ਕਹਾ ਕਰਮ ਕੋ ਕਰਮ ਹੈ ਕਹਾ ਭਰਮ ਕੋ ਨਾਸ॥**
**ਕਹਾ ਚਿਤਨ ਕੀ ਚੇਸ਼ਟਾ ਕਹਾ ਅਚੇਤ ਪ੍ਰਕਾਸ॥੮॥੨੦੮॥**

ਕਰਮਤਾ ਦਾ ਕਰਮ ਕਿਹੜਾ ਹੈ? ਭਰਮ ਦਾ ਨਾਸ ਕਿਵੇਂ ਹੁੰਦਾ ਹੈ? ਚਿੱਤ ਦੀਆਂ ਚੇਸ਼ਟਾਵਾਂ ਕੀ ਹਨ? ਅਚੇਤਨਾ ਦਾ ਪ੍ਰਕਾਸ਼ ਕੀ ਹੈ, ਵਿਸਥਾਰ ਨਾਲ ਦੱਸੋ? ੮॥੨੦੮॥

**ਕਹਾ ਨੇਮ ਸੰਜਮ ਕਹਾ ਕਹਾ ਗਿਆਨ ਅਗਿਆਨ॥**
**ਕੋ ਰੋਗੀ ਸੋਗੀ ਕਵਨ ਕਹਾ ਧਰਮ ਕੀ ਹਾਨ॥੯॥੨੦੯॥**

ਨੇਮ ਭਾਵ ਨਿਯਮ ਅਤੇ ਸੰਜਮ ਕੀ ਹਨ? ਗਿਆਨ ਅਤੇ ਅਗਿਆਨ ਕੀ ਹਨ? ਰੋਗੀ ਅਤੇ ਸੋਗੀ ਕੌਣ ਹਨ ਅਤੇ ਧਰਮ ਦੀ ਹਾਨੀ ਕਿੱਥੇ ਹੁੰਦੀ ਹੈ? ਵਿਸਥਾਰ ਨਾਲ ਸਮਝਾਓ?॥੯॥੨੦੯॥

**ਕੋ ਸੂਰਾ ਸੁੰਦਰ ਕਵਨ ਕਹਾ ਜੋਗ ਕੋ ਸਾਰ॥**
**ਕੋ ਦਾਤਾ ਗਜਾਨੀ ਕਵਨ ਕਹੋ ਬਿਚਾਰ ਅਬਿਚਾਰ॥੧੦॥੨੧੦॥**

ਸੂਰਮਾ ਅਤੇ ਸੁੰਦਰ ਕੌਣ ਹੈ? ਜੋਗ ਦਾ ਸਾਰ ਕੀ ਹੈ? ਦਾਤਾ ਅਤੇ ਗਿਆਨੀ ਕੌਣ ਹੈ? ਵਿਚਾਰ ਅਤੇ ਅਵਿਚਾਰ ਕੀ ਹਨ? ਸਪੱਸ਼ਟ ਕਰੋ?॥੧੦॥੨੧੦॥

ਭਾਵਰਥ-ਉਪਰ ਲਿਖੇ ਦਸ ਦੋਹਰਿਆਂ ਵਿਚ ਜੋ ਪ੍ਰਸ਼ਨ ਕੀਤੇ ਗਏ ਹਨ, ਇਹਨਾਂ ਦੇ ਉੱਤਰ ਇਸ 'ਅਕਾਲ ਉਸਤਤਿ' ਬਾਣੀ ਵਿਚ ਸਤਿਗੁਰਾਂ ਦੇ ਉਚਾਰੇ ਹੋਏ ਨਹੀਂ ਮਿਲਦੇ। ਕਈ ਲਿਖਾਰੀਆਂ ਨੇ ਆਪਣੇ ਹੀ ਅਨੁਮਾਨਾਂ ਅਤੇ ਅੰਦਾਜਿਆਂ ਅਨੁਸਾਰ ਉੱਤਰ ਦਿੱਤੇ ਹਨ ਜੋ ਕਿ ਉੱਚਤ ਨਹੀਂ ਹਨ।

# ਭਗਉਤੀ ਉਸਤਤਿ

## ਤ੍ਵਪ੍ਰਸਾਦਿ॥ ਦੀਰਘ ਤ੍ਰਿਭੰਗੀ ਛੰਦ॥

**ਦੁਰਜਨ ਦਲ ਦੰਡਣ ਅਸੁਰ ਬਿਹੰਡਣ ਦੁਸ਼ਟ ਨਿਕੰਦਣ ਆਦਿ ਬ੍ਰਿਤੇ॥**
**ਚਛਰਾਸੁਰ ਮਾਰਣ ਪਤਿਤ ਉਧਾਰਣ ਨਰਕ ਨਿਵਾਰਣ ਗੂੜ ਗਤੇ॥**

**ਅੱਛੈ ਅਖੰਡੇ ਤੇਜ ਪ੍ਰਚੰਡੇ ਖੰਡ ਉਦੰਡੇ ਅਲਖ ਮਤੇ॥**
**ਜੈ ਜੈ ਹੋਸੀ ਮਹਖਾਸੁਰ ਮਰਦਨ ਰੰਮ ਕਪਰਦਨ ਛਤ੍ਰ ਛਿਤੇ॥੧॥੨੧੧॥**

ਪਦ ਅਰਥ - ਮਹਿਖਾਸੁਰ=ਇਕ ਦੈਂਤ ਦਾ ਨਾਂ ਹੈ, ਜੋ ਦੁਰਗਾ ਦੇ ਹਥੋਂ ਮਾਰਿਆ ਗਿਆ ਸੀ। ਮਰਦਨ=ਮਾਰਨ ਵਾਲੀ। ਰੰਮ=ਸੁੰਦਰ। ਕਪਰਦਨ=ਕੇਸਾਂ ਦਾ ਜੂੜਾ ਕਰਨ ਵਾਲੀ।

ਪ੍ਰਭੂ ਦੀ ਸ਼ਕਤੀ ਦਾ ਖੋਟੇ ਪੁਰਸ਼ਾਂ ਦੇ ਦਲਾਂ ਨੂੰ ਦੰਡ ਦੇਣਾ, ਦੈਂਤਾਂ ਦਾ ਨਾਸ ਕਰਨਾ ਤੇ ਦੁਸ਼ਟਾ ਨੂੰ ਮਾਰਨਾਂ, ਇਹ ਸੁਭਾਅ ਆਦਿ ਕਾਲ ਤੋਂ ਹੀ ਹੈ। ਉਹ ਸ਼ਕਤੀ ਚਛਰ ਦੈਂਤ ਨੂੰ ਮਾਰਨ ਵਾਲੀ ਹੈ, ਮਹਾਂ ਪਾਪੀਆਂ ਨੂੰ ਤਾਰਨ ਵਾਲੀ ਹੈ ਨਰਕਾਂ ਦੇ ਕਸ਼ਟ ਨਿਵਾਰਨ ਵਾਲੀ ਹੈ ਤੇ ਉਸਦੀ ਗਤੀ ਬੜੀ ਗੂੜ੍ਹ ਹੈ। ਉਸ ਦਾ ਪ੍ਰਕਾਸ਼ ਬੜਾ ਸੁੰਦਰ, ਤੇਜ ਤੇ ਨਾਸ ਰਹਿਤ ਹੈ। ਉਹ ਕਿਸੇ ਦੇ ਦੰਡ ਹੇਠ ਨਾ ਆਉਣ ਵਾਲੇ ਵੱਡੇ ਵੱਡੇ ਸੂਰਮਿਆਂ ਨੂੰ ਖੰਡਨ ਕਰਨ ਵਾਲੀ ਹੈ ਤੇ ਉਸਦੀ ਮਸਤੀ ਅਲਖ ਹੈ ਭਾਵ ਉਸ ਦੀ ਮਸਤੀ ਨੂੰ ਕੋਈ ਜਾਣ ਨਹੀਂ ਸਕਦਾ ਕਿ ਕੈਸੀ ਹੈ। ਹੇ ਮਹਿਖਾਸੁਰ ਦੈਂਤ ਨੂੰ ਮਾਰਨ ਵਾਲੀ ! ਸਿਰ ਤੇ ਸੁੰਦਰ ਕੇਸਾਂ ਦਾ ਜੂੜਾ ਧਾਰਨ ਕਰਨ ਵਾਲੀ ! ਤੇ ਇਸ ਧਰਤੀ ਤੇ ਛੱਤ੍ਰ ਰੂਪ ਸ਼ਕਤੀ ! ਤੇਰੀ ਜੈ ਹੋਵੈ, ਤੇਰੀ ਜੈ ਹੋਵੇ॥੧॥੨੧੧॥

**ਆਸੁਰੀ ਬਿਹੰਡਣਿ ਦੁਸ਼ਟ ਨਿਕੰਦਣਿ ਪੁਸ਼ਟ ਉਦੰਡਣਿ ਰੂਪ ਅਤੇ॥**
**ਚੰਡਾਸੁਰ ਚੰਡਣ ਮੁੰਡ ਬਿਹੰਡਣਿ ਧੂਮ੍ਰ ਬਿਧੁੰਸਣਿ ਮਹਖ ਮਤੇ॥**
**ਦਾਨਵ ਪ੍ਰਹਾਰਨ ਨਰਕ ਨਿਵਾਰਨ ਅਧਮ ਉਧਾਰਨ ਉਰਧ ਅਧੇ॥**
**ਜੈ ਜੈ ਹੋਸੀ ਮਹਖਾਸੁਰ ਮਰਦਨ ਰੰਮ ਕਪਰਦਨ ਆਦਿ ਬ੍ਰਿਤੇ॥੨॥੨੧੨॥**

ਪਦ ਅਰਥ - ਚੰਡਾਸੁਰ=ਚੰਡ ਦੈਂਤ। ਮੁੰਡ=ਚੰਡ ਦਾ ਵਡਾ ਭਰਾ। ਇਹ ਦੋਵੇਂ ਭਰਾ ਸੁੰਭ ਦੈਂਤ ਦੇ ਸੈਨਾਪਤੀ ਸਨ। ਧੂਮ੍ਰ=ਧੂਮਰ ਲੋਚਨ ਦੈਂਤ। ਮਹਿਖ=ਮਹਿਖਾਸੁਰ ਦੈਂਤ।

ਹੇ ਦੈਂਤਾਂ ਨੂੰ ਨਾਸ ਕਰਨ ਵਾਲੀ, ਦੁਸ਼ਟ ਦੋਖੀਆਂ ਨੂੰ ਮਾਰਨ ਵਾਲੀ, ਬੜੇ ਬੜੇ ਬਲਵਾਨ ਯੋਧਿਆਂ ਨੂੰ ਦੰਡਣ ਵਾਲੀ ਤੇ ਅਤਿਅੰਤ ਸੁੰਦਰ ਰੂਪ ਵਾਲੀ ਭਗਉਤੀ! ਤੂੰ ਚੰਡ ਦੈਂਤ ਨੂੰ ਚੰਡਣ ਵਾਲੀ ਹੈ, ਮੁੰਡ ਦੈਂਤ ਨੂੰ ਨਾਸ ਕਰਨ ਵਾਲੀ ਹੈ, ਧੂਮਰਲੋਚਨ ਦੈਂਤ ਨੂੰ ਖਤਮ ਕਰਨ ਵਾਲੀ ਤੇ ਮਹਿਖਾਸੁਰ ਦੈਂਤ ਨੂੰ ਮਾਰਨ ਵਾਲੀ ਹੈ। ਤੂੰ ਦੈਂਤਾਂ ਦਾ ਨਾਸ ਕਰਨ ਵਾਲੀ ਤੇ ਨਰਕਾਂ ਤੋਂ ਰਖਿਆ ਕਰਨ ਵਾਲੀ ਹੈਂ। ਪਾਪੀਆਂ ਦਾ ਉਧਾਰ ਕਰਨ ਵਾਲੀ ਤੇ ਅਕਾਸ਼ ਤੇ ਪਤਾਲ ਵਿਚ ਵਿਆਪਕ ਹੈਂ। ਹੇ ਮਹਿਖਾਸੁਰ ਦੈਂਤ ਮਾਰਨ ਵਾਲੀ! ਸਿਰ ਤੇ ਸੁੰਦਰ ਕੇਸਾਂ ਦਾ ਜੂੜਾਂ ਕਰਨ ਵਾਲੀ ਆਦਿ ਸ਼ਕਤੀ ਦੁਰਗਾ ! ਤੇਰੀ ਜੈ ਹੋਵੇ॥੨॥੨੧੨॥

**ਡਾਵਰੂ ਡਵੰਕੈ ਬਬਰ ਬਵੰਕੈ ਭੁਜਾ ਫਰੰਕੈ ਤੇਜ ਬਰੰ॥**
**ਲੰਕੁੜੀਆ ਫਾਧੈ ਆਯੁਧ ਬਾਧੈ ਸੈਨ ਬਿਮਰਦਨ ਕਾਲ ਅਸੁਰੰ॥**

**ਅਸ਼ਟਾਇਧ ਚਮਕੈ ਭੂਖਣ ਦਮਕੈ ਅਤਿ ਸਿਤ ਝਮਕੈ ਫੁੰਕ ਫਨੰ॥**
**ਜੈ ਜੈ ਹੋਸੀ ਮਹਖਾਸੁਰ ਮਰਦਨ ਰੰਮ ਕਪਰਦਨ ਦੈਤ ਜਿਣੰ॥ ੩ ॥ ੨੧੩ ॥**

ਹੇ ਆਦਿ ਸ਼ਕਤੀ! ਤੇਰੇ ਹੱਥ ਵਿਚ ਫੜਿਆ ਡੌਰੂ ਇਉਂ ਡੁਗ ਡੁਗ ਕਰਦਾ ਹੈ, ਜਿਵੇ ਸ਼ੇਰ ਗਰਜਦਾ ਹੈ। ਤੇਰੇ ਬਲ ਦੇ ਤੇਜ਼ ਨਾਲ ਤੇਰੀਆਂ ਬਾਂਹਾਂ ਫਰਕਦੀਆਂ ਹਨ। ਸ਼ਸਤਰ ਸਜਾਕੇ ਲੰਕੁੜਾਂ ਤੇਰੀ ਸਵਾਰੀ ਦੇ ਅਗੇ ਟਪੋਸੀਆਂ ਮਾਰ ਮਾਰ ਕੇ ਨੱਚ ਰਿਹਾ ਹੈ। ਉਹ ਦੈਂਤਾਂ ਦੀ ਸੈਨਾ ਨੂੰ ਨਾਸ ਕਰਨ ਲਈ ਕਾਲ ਰੂਪ ਬਣਿਆਂ ਹੋਇਆ ਹੈ। ਤੇਰੇ ਹੱਥਾਂ ਵਿਚ ਧਾਰਨ ਕੀਤੇ ਅੱਠ ਪ੍ਰਕਾਰ ਦੇ ਸ਼ਸਤਰ ਚਮਕ ਰਹੇ ਹਨ ਤੇ ਤੇਰੇ ਸਰੀਰ ਤੇ ਧਾਰਨ ਕੀਤੇ ਗਹਿਣੇ ਦਮਕ ਰਹੇ ਹਨ। ਤੇਰੇ ਗਲ ਵਿਚ ਪਏ ਚਿੱਟੇ ਸੱਪ ਦੁਸ਼ਮਨਾਂ ਨੂੰ ਡਸਣ ਲਈ ਫੂੰਕਾਰੇ ਮਾਰ ਰਹੇ ਹਨ। ਹੇ ਮਹਿਖਾਸੁਰ ਦੈਂਤ ਦਾ ਮਰਦਨ ਕਰਨ ਵਾਲੀ! ਹੇ ਸੀਸ ਤੇ ਸੁੰਦਰ ਕੇਸਾਂ ਦਾ ਜੂੜਾ ਕਰਨ ਵਾਲੀ! ਹੇ ਦੈਂਤਾਂ ਨੂੰ ਫ਼ਤਹਿ ਕਰਨ ਵਾਲੀ ਆਦਿ ਸ਼ਕਤੀ ! ਤੇਰੀ ਜੈ ਜੈਕਾਰ ਹੋਵੇ॥ ੩ ॥ ੨੧੩ ॥

**ਚੰਡਾਸੁਰ ਚੰਡਣ ਮੁੰਡ ਬਿਮੁੰਡਣ ਖੰਡ ਅਖੰਡਣ ਖੂਨ ਖਿਤੇ॥**
**ਦਾਮਨੀ ਦਮੰਕਣ ਧੁਜਾ ਫਰੰਕਣ ਫਣੀ ਫੁਕਾਰਨ ਜੋਧ ਜਿਤੇ॥**
**ਸਰ ਧਾਰ ਬਿਬਰਖਣਿ ਦੁਸ਼ਟ ਪ੍ਰਕਰਖਣਿ ਪੁਸ਼ਟ ਪ੍ਰਹਰਖਣ ਦੁਸ਼ਟ ਮਥੇ॥**
**ਜੈ ਜੈ ਹੋਸੀ ਮਹਖਾਸੁਰ ਮਰਦਨ ਭੂਮ ਅਕਾਸ਼ ਤਲ ਉਰਧ ਅਧੇ॥ ੪ ॥ ੨੧੪ ॥**

ਹੇ ਮੈਦਾਨਿ-ਜੰਗ ਵਿਚ ਚੰਡ ਦੈਂਤ ਨੂੰ ਨਾਸ ਕਰਨ ਵਾਲੀ, ਹੇ ਮੁੰਡ ਦੈਂਤ ਨੂੰ ਨਸ਼ਟ ਕਰਨ ਵਾਲੀ ਤੇ ਹੇ ਖੰਡ ਟੋਟੇ ਨਾ ਹੋਣ ਵਾਲਿਆਂ ਸੂਰਮਿਆਂ ਨੂੰ ਖੰਡਣ ਵਾਲੀ! ਹੇ ਅਕਾਸ਼ ਦੀ ਬਿਜਲੀ ਵਾਂਗੂੰ ਦਮਕਣ ਵਾਲੀ! ਹਰ ਪਾਸੇ ਤੇਰੀ ਜਿੱਤ ਦੇ ਝੰਡੇ ਝੂਲਦੇ ਹਨ ਤੇ ਤੇਰੇ ਗਲ ਵਿਚ ਪਏ ਸੱਪ ਫੁੰਕਾਰੇ ਮਾਰਦੇ ਹਨ। ਤੂੰ ਬੜੇ ਬੜੇ ਯੋਧਿਆਂ ਨੂੰ ਜਿੱਤਣ ਵਾਲੀ ਹੈਂ। ਤੂੰ ਮੀਂਹ ਵਾਗੂੰ ਤੀਰ ਵਰਸਾਉਣ ਵਾਲੀ ਹੈਂ, ਦੁਸ਼ਟਾਂ ਨੂੰ ਨਾਸ ਕਰਨ ਵਾਲੀ ਹੈਂ, ਪੁਸ਼ਿਟ ਯੋਗਣੀ ਨੂੰ ਖੁਸ਼ੀਆਂ ਬਖਸ਼ਣ ਵਾਲੀ ਤੇ ਦੁਸ਼ਟਾਂ ਨੂੰ ਮਥਨ ਭਾਵ ਮਾਰਨ ਵਾਲੀ ਹੈ। ਹੇ ਮਹਿਖਾਸੁਰ ਦੈਂਤ ਨੂੰ ਮਾਰਨ ਵਾਲੀ ਸ਼ਕਤੀ! ਤੇਰੀ ਜੈ ਜੈਕਾਰ ਹੋਵੇ। ਤੂੰ ਪ੍ਰਿਥਵੀ, ਪਤਾਲ ਤੇ ਅਕਾਸ਼ ਵਿਚ ਪਰੀ ਪੂਰਨ ਹੈਂ॥ ੪ ॥ ੨੧੪ ॥

**ਦਾਮਨੀ ਪ੍ਰਹਾਸਨਿ ਸੁ ਛਬ ਨਿਵਾਸਨਿ ਸ੍ਰਿਸ਼ਟ ਪ੍ਰਕਾਸ਼ਨਿ ਗੂੜ ਗਤੇ॥**
**ਰਕਤਾਸੁਰ ਆਚਨ ਜੁੱਧ ਪ੍ਰਮਾਚਨ ਨ੍ਰਿਦੈ ਨ ਰਾਚਨ ਧਰਮ ਬ੍ਰਿਤੇ॥**
**ਸ੍ਰੋਣੰਤ ਅਚਿੰਤੀ ਅਨਲ ਬਿਵੰਤੀ ਜੋਗ ਜਯੰਤੀ ਖੜਗ ਧਰੇ॥**
**ਜੈਜੈ ਹੋਸੀ ਮਹਖਾਸੁਰ ਮਰਦਨ ਪਾਪ ਬਿਨਾਸਨ ਧਰਮ ਕਰੇ॥ ੫ ॥ ੨੧੫ ॥**

ਪਦ ਅਰਥ - ਆਚਨ=ਖਾਣ ਵਾਲੀ। ਪ੍ਰਮਾਚਨ=ਬੜੇ ਉਤਸ਼ਾਹ ਵਾਲੀ। ਨਰਾਚਨ=ਫਿਰਨ

ਵਾਲੀ। ਬ੍ਰਿਤੇ=ਸੁਭਾਵ। ਸ੍ਰੋਣੰਤ ਅਚਿੰਤੀ=ਲਹੂ ਪੀਣ ਵਾਲੀ। ਅਨਲ=ਅੱਗ। ਬਿਵੰਤੀ=ਉਗਲੱਛਣਾ।

ਹੇ ਆਦਿ ਸ਼ਕਤੀ! ਤੇਰਾ ਹਾਸਾ ਬਿੱਜਲੀ ਵਾਗੂੰ ਲਿਸ਼ਕਾਰੇ ਮਾਰਦਾ ਹੈ, ਤੇਰੇ ਵਿਚ ਸੁੰਦਰਤਾ ਨਿਵ੍ਾਸ ਕਰਦੀ ਹੈ, ਤੇਰਾ ਪ੍ਰਕਾਸ਼ ਸਾਰੇ ਸੰਸਾਰ ਵਿਚ ਫੈਲ ਰਿਹਾ ਹੈ ਤੇ ਤੇਰੀ ਗਤੀ ਬੜੀ ਗੂੜ੍ਹ ਹੈ। ਤੂੰ ਰਕਤਾਸੁਰ ਰਕਤਬੀਜ ਦੈਂਤ ਨੂੰ ਖਾਣ ਵਾਲੀ ਹੈ, ਬੜੇ ਉਤਸ਼ਾਹ ਨਾਲ ਜੁੱਧ ਕਰਨ ਵਾਲੀ ਹੈਂ, ਨਿਰਭੈ ਹੋ ਕੇ ਫਿਰਨ ਵਾਲੀ ਹੈਂ ਤੇ ਤੇਰਾ ਸੁਭਾਵ ਧਰਮ ਵਾਲਾ ਹੈਂ। ਤੂੰ ਦੁਸ਼ਮਨਾਂ ਦਾ ਲਹੂ ਪੀਣ ਵਾਲੀ ਹੈ, ਤੂੰ ਆਪਣੇ ਮੂੰਹ ਵਿਚੋਂ ਅੱਗ ਉਗਲੱਛਣ ਵਾਲੀ ਹੈ ਜੰਗ ਨੂੰ ਜਿੱਤਣ ਵਾਲੀ ਤੇ ਖੜਗ ਤਲਵਾਰ ਧਾਰਨ ਵਾਲੀ ਹੈਂ। ਹੇ ਮਹਿਖਾਸੁਰ ਦੈਂਤ ਨੂੰ ਮਾਰਨ ਵਾਲੀ! ਹੇ ਪਾਪਾਂ ਦੇ ਨਾਸ ਕਰਨ ਵਾਲੀ, ਹੇ ਧਰਮ ਦਾ ਪ੍ਰਕਾਸ਼ ਕਰਨ ਵਾਲੀ ਆਦਿ ਸ਼ਕਤੀ! ਤੇਰੀ ਜੈਜੈਕਾਰ ਹੋਵੇ॥੫॥੨੧੫॥

**ਅਘ ਓਘ ਨਿਵਾਰਣਿ ਦੁਸ਼ਟ ਪ੍ਰਜਾਰਨ ਸ੍ਰਿਸ਼ਟਿ ਉਬਾਰਣਿ ਸੁੱਧ ਮਤੇ ॥**
**ਫਣੀਅਰ ਫੁੰਕਾਰਣਿ ਬਾਘ ਬਕਾਰਣਿ ਸ਼ਸਤ੍ਰ ਪ੍ਰਹਾਰਣ ਸਾਧ ਮਤੇ ॥**
**ਸੈਹਥੀ ਸਨਾਹਨ ਅਸ਼ਟ ਪ੍ਰਬਾਹਨਿ ਬੋਲ ਨਿਬਾਹਨ ਤੇਜ ਅਤੁਲੰ ॥**
**ਜੈ ਜੈ ਹੋਸੀ ਮਹਖਾਸੁਰ ਮਰਦਨ ਭੂਮ ਅਕਾਸ਼ ਪਤਾਲ ਜਲੰ ॥ ੬ ॥ ੨੧੬ ॥**

ਉਹ ਆਦਿ ਸ਼ਕਤੀ ਸਮੂਹ ਪਾਪਾਂ ਨੂੰ ਨਵਿਰਤ ਕਰਨ ਵਾਲੀ ਹੈ, ਦੁਸ਼ਟਾਂ ਦੋਖੀਆਂ ਨੂੰ ਸਾੜ ਕੇ ਭਸਮ ਕਰਨ ਵਾਲੀ ਹੈ, ਜਗਤ ਦਾ ਕਲਿਆਣ ਕਰਨ ਵਾਲੀ ਹੈ ਤੇ ਸ਼ੁਭ ਮਤ ਦੀ ਦਾਤੀ ਹੈ। ਉਸ ਸ਼ਕਤੀ ਦੇ ਗਲ ਵਿਚ ਪਏ ਸੱਪ ਫੁੰਕਾਰੇ ਮਾਰਦੇ ਹਨ, ਓਸ ਦਾ ਸ਼ੇਰ ਗਰਜਦਾ ਹੈ। ਉਹ ਸ਼ਸਤ੍ਰਾਂ ਨੂੰ ਚਲਾਉਣ ਵਾਲੀ ਹੈ ਤੇ ਸਾਧੂ ਮਤ ਭਾਵ ਚੰਗੇ ਸੁਭਾਅ ਵਾਲੀ ਹੈ। ਉਸ ਦੇ ਅੱਠਾਂ ਹੱਥਾਂ ਵਿਚ ਸੈਹਥੀ ਤੇ ਤਲਵਾਰ ਆਦਿ ਸ਼ਸਤ੍ਰ ਹਨ ਤੇ ਉਸਨੇ ਸਰੀਰ ਤੇ ਸੰਜੋਅ ਪਹਿਨੀ ਹੋਈ ਹੈ। ਉਹ ਆਪਣੇ ਬੋਲ ਬਚਨ ਪੂਰੇ ਕਰਨ ਵਾਲੀ ਹੈ ਤੇ ਉਸ ਦਾ ਤੇਜ ਪ੍ਰਕਾਸ਼ ਅਤੁਲ ਤੋਲ ਰਹਿਤ ਹੈ। ਹੇ ਮਹਿਖਾਸੁਰ ਦੈਂਤ ਨੂੰ ਮਾਰਨ ਵਾਲੀ ਆਦਿ ਸ਼ਕਤੀ! ਤੇਰੀ ਜੈਜੈਕਾਰ ਹੋਵੇ। ਪ੍ਰਿਥਵੀ ਅਕਾਸ਼ ਤੇ ਪਤਾਲ ਵਿਚ ਤੇਰਾ ਹੀ ਜਲਵਾ ਪ੍ਰਕਾਸ਼ਮਾਨ ਹੈ॥੬॥੨੧੬॥

**ਚਾਚਰ ਚਮਕਾਰਨ ਚਿੱਛੁਰ ਹਾਰਨ ਧੂਮ ਧੁਕਾਰਨ ਦ੍ਰੱਪ ਮਥੇ॥**
**ਦਾੜਵੀ ਪ੍ਰਦੰਤੇ ਜੋਗ ਜਯੰਤੇ ਮਨੁਜ ਮਥੰਤੇ ਗੂੜ੍ਹ ਕਥੇ॥**
**ਕਰਮ ਪ੍ਰਣਾਸਨ ਚੰਦ ਪ੍ਰਕਾਸ਼ਨ ਸੂਰਜ ਪ੍ਰਤੇਜਣਿ ਅਸ਼ਟ ਭੁਜੇ॥**
**ਜੈ ਜੈ ਹੋਸੀ ਮਹਖਾਸੁਰ ਮਰਦਨ ਭਰਮ ਬਿਨਾਸਨ ਧਰਮ ਧੁਜੇ॥ ੭ ॥ ੨੧੭ ॥**

ਪਦ ਅਰਥ - ਚਾਚਰ=ਤਲਵਾਰ। ਦ੍ਰਪ=ਅੰਹਕਾਰ।

ਹੇ ਆਦਿ ਸ਼ਕਤੀ! ਤੂੰ ਜੁਧ ਵਿਚ ਤਲਵਾਰ ਚਮਕਾਉਣ ਵਾਲੀ ਹੈਂ, ਚਿਛੁਰ ਦੈਂਤ ਨੂੰ ਫਤਹਿ ਕਰਨ ਵਾਲੀ ਹੈਂ, ਧੂਮਰਲੋਚਨ ਦੈਂਤ ਨੂੰ ਨਾਸ ਕਰਨ ਵਾਲੀ ਤੇ ਅੰਹਕਾਰੀਆਂ ਦੇ ਅੰਹਕਾਰ ਨੂੰ ਨਸ਼ਟ

ਕਰਨ ਵਾਲੀ ਹੈਂ। ਤੂੰ ਅਨਾਰ ਦੇ ਦਾਣਿਆਂ ਵਰਗੇ ਸੋਹਣੇ ਦੰਦਾਂ ਵਾਲੀ ਹੈਂ, ਜੋਗ ਵਿਚ ਜੁੜਨ ਵਾਲੀ ਹੈਂ, ਦੁਸ਼ਟ ਮਨੁੱਖਾਂ ਦਾ ਮਥਨ ਕਰਨ ਵਾਲੀ ਹੈਂ। ਤੇਰੀ ਕਥਾ ਬੜੀ ਗੂੜ੍ਹ ਹੈਂ। ਹੇ ਅਸ਼ਟਭੁਜੀ ਆਦਿ ਸ਼ਕਤੀ! ਤੂੰ ਬੁਰੇ ਕਰਮਾਂ ਦੇ ਨਾਸ ਕਰਨ ਵਾਲੀ ਹੈਂ, ਤੇਰਾ ਪ੍ਰਕਾਸ਼ ਚੰਦ੍ਰਮਾਂ ਨਾਲੋਂ ਉਜਲਾ ਤੇ ਸੀਤਲ ਹੈ। ਤੂੰ ਸੂਰਜ ਨਾਲੋਂ ਕਈ ਗੁਣਾਂ ਤੇਜ ਵਾਲੀ ਹੈਂ। ਹੇ ਮਹਿਖਾਸੁਰ ਦੈਂਤ ਨੂੰ ਨਾਸ ਕਰਨ ਵਾਲੀ ਆਦਿ ਸ਼ਕਤੀ! ਤੂੰ ਸਭ ਭਗਤਾਂ ਦੇ ਭਰਮ ਨਵਿਰਤ ਕਰਨ ਵਾਲੀ ਤੇ ਧਰਮ ਦੀ ਧੁਜਾ ਹੈਂ। ਤੇਰੀ ਜੈ ਜੈ ਕਾਰ ਹੋਵੇ॥੭॥੨੧੭॥

**ਘੁੰਘਰੂ ਘਮੰਕਣ ਸ਼ਸਤ੍ਰ ਝਮੰਕਣਿ ਫਣੀਅਰ ਫੁੰਕਾਰਣਿ ਧਰਮ ਧੁਜੇ॥**
**ਅਸ਼ਟਾਟ ਪ੍ਰਹਾਸਨ ਸ੍ਰਿਸ਼ਟ ਨਿਵਾਸਨ ਦੁਸ਼ਟ ਪ੍ਰਣਾਸਨ ਚੱਕ੍ਰ ਗਤੇ॥**
**ਕੇਸਰੀ ਪ੍ਰਵਾਹੇ ਸੁੱਧ ਸਨਾਹੇ ਅਗਮ ਅਥਾਹੇ ਏਕ ਬ੍ਰਿਤੇ॥**
**ਜੈ ਜੈ ਹੋਸੀ ਮਹਿਖਾਸੁਰ ਮਰਦਨ ਆਦਿ ਕੁਮਾਰਿ ਅਗਾਧ ਬ੍ਰਿਤੇ॥੮॥੨੧੮॥**

ਹੇ ਧਰਮ-ਧੁਜਾ ਆਦਿ ਸ਼ਕਤੀ! ਤੇਰੇ ਪੈਰਾਂ ਵਿਚ ਪਏ ਘੁੰਘਰੂ ਛਣਕਦੇ ਹਨ, ਤੇਰੇ ਹੱਥਾਂ ਵਿਚ ਫੜੇ ਸ਼ਸਤਰ ਚਮਕਦੇ ਹਨ ਤੇ ਤੇਰੇ ਗਲ ਵਿਚ ਪਏ ਸੱਪ ਫੁੰਕਾਰੇ ਮਾਰਦੇ ਹਨ। ਤੂੰ ਖਿੜ ਖਿੜ ਕਰਕੇ ਹਸਣ ਵਾਲੀ ਹੈਂ, ਤੇਰਾ ਸਾਰੇ ਸੰਸਾਰ ਦੇ ਜੀਵਾਂ ਵਿਚ ਨਿਵਾਸ ਹੈ ਤੇ ਤੂੰ ਚੱਕ੍ਰ ਵਾਂਗੂ ਫਿਰਕੇ ਦੁਸ਼ਟਾਂ ਦਾ ਨਾਸ ਕਰਨ ਵਾਲੀ ਹੈਂ। ਤੂੰ ਸਰੀਰ ਤੇ ਸੰਜੋਅ ਪਹਿਨਕੇ ਸ਼ੇਰ ਦੀ ਸਵਾਰੀ ਕਰਨ ਵਾਲੀ ਹੈਂ, ਤੂੰ ਅਗਮ, ਅਥਾਹ ਤੇ ਇਕ ਅਕਾਲ ਪੁਰਖ ਦੀ ਸ਼ਕਤੀ ਹੈਂ। ਹੇ ਆਦਿ ਕੁਮਾਰੀ, ਅਗਾਧ ਬ੍ਰਿਤੀ ਵਾਲੀ ਤੇ ਮਹਿਖਾਸੁਰ ਦੈਂਤ ਨੂੰ ਮਾਰਨ ਵਾਲੀ ਆਦਿ ਸ਼ਕਤੀ! ਤੇਰੀ ਜੈ ਜੈ ਕਾਰ ਹੋਵੇ॥੮॥੨੧੮॥

**ਸੁਰ ਨਰ ਮੁਨ ਬੰਦਨ ਦੁਸ਼ਟ ਨਿਕੰਦਨ ਭ੍ਰਿਤ ਬਿਨਾਸਨ ਮ੍ਰਿਤ ਮਥੇ॥**
**ਕਾਵਰੂ ਕੁਮਾਰੇ ਅਧਮ ਉਧਾਰੇ ਨਰਕ ਨਿਵਾਰੇ ਆਦਿ ਕਥੇ॥**
**ਕਿੰਕਣੀ ਪ੍ਰਸੋਹਣ ਸੁਰਨਰ ਮੋਹਣ ਸਿੰਘਾ ਰੋਹਣ ਬਿਤਲ ਤਲੇ॥**
**ਜੈ ਜੈ ਹੋਸੀ ਸਭ ਠਉਰ ਨਿਵਾਸਨ ਬਾਇ ਪਤਾਲ ਅਕਾਸ਼ ਅਨਲੇ॥੯॥੨੧੯॥**

ਪਦ ਅਰਥ - ਕਾਵਰੂ ਕੁਮਾਰੇ=ਕਾਮੱਖਯਾ ਦੇਵੀ। ਕੰਕਣੀ=ਤੜਾਗੀ। ਸਿੰਘਾਰੋਹਣਿ=ਸ਼ੇਰ ਤੇ ਸਵਾਰ।

ਹੇ ਆਦਿ ਸ਼ਕਤੀ! ਤੈਨੂੰ ਦੇਵਤੇ, ਮਨੁੱਖ ਤੇ ਮੁਨੀ ਨਮਸ਼ਕਾਰਾਂ ਕਰਦੇ ਹਨ। ਤੂੰ ਦੁਸ਼ਟ ਦੋਖੀਆਂ ਨੂੰ ਖਤਮ ਕਰਨ ਵਾਲੀ ਤੇ ਭ੍ਰਿਸ਼ਟ ਬੁਧੀ ਮਨੁੱਖਾਂ ਨੂੰ ਨਾਸ ਕਰਨ ਵਾਲੀ ਹੈਂ। ਤੂੰ ਮੌਤ ਨੂੰ ਵੀ ਨਸ਼ਟ ਕਰਨ ਵਾਲੀ ਹੈਂ। ਹੇ ਅਸਾਮ ਦੇਸ਼ ਵਿਚ ਨਿਵਾਸ ਕਰਨ ਵਾਲੀ ਕਾਮੱਖਯਾ ਦੇਵੀ! ਤੂੰ ਪਾਪੀਆ ਦਾ ਉਧਾਰ ਕਰਨ ਵਾਲੀ ਹੈਂ, ਨਰਕਾਂ ਵਿਚ ਜਾਣ ਤੋਂ ਬਚਾਉਣ ਵਾਲੀ ਹੈਂ। ਤੇਰੀ ਇਹ ਕਥਾ ਆਦਿ ਕਾਲ ਤੋਂ ਐਸੀ ਚਲੀ ਆ ਰੀ ਹੈ। ਹੇ ਸ਼ਕਤੀ! ਤੇਰੀ ਤੜਾਗੀ ਬਹੁਤ ਸੋਹਣੀ ਹੈ, ਜੋ ਦੇਵਤਿਆਂ

ਤੇ ਮਨੁੱਖਾਂ ਦਾ ਮਨ ਮੋਹ ਰਹੀ ਹੈ। ਤੂੰ ਸ਼ੇਰ ਦੀ ਅਸਵਾਰੀ ਕਰਦੀ ਹੈਂ ਤੇ ਪਤਾਲ ਦੇ ਹੇਠਾਂ ਤਕ ਪੂਰਨ ਹੈਂ। ਹੇ ਹਵਾ, ਪਤਾਲ, ਅਕਾਸ਼ ਤੇ ਅਗਨੀ ਆਦਿਕ ਸਭ ਥਾਵਾਂ ਵਿਚ ਨਿਵਾਸ ਕਰਨ ਵਾਲੀ ਸ਼ਕਤੀ! ਤੇਰੀ ਜੈਜੈਕਾਰ ਹੋਵੇ॥ ੯॥ ੨੧੯॥

**ਸੰਕਟੀ ਨਵਾਰਨ ਅਧਮ ਉਧਾਰਨ ਤੇਜ ਪ੍ਰਕਰਖਣ ਤੁੰਦ ਤਬੇ॥**
**ਦੂਖ ਦੋਖ ਦਹੰਤੀ ਜੁਆਲ ਜਯੰਤੀ ਆਦਿ ਅਨਾਦਿ ਅਗਾਧਿ ਅੱਛੇ॥**
**ਸੁੱਧਤਾ ਸਮਰਪਣ ਤਰਕ ਬਿਤਰਕਣ ਤਪਤ ਪ੍ਰਤਾਪਣ ਜਪਤ ਜਿਵੇ॥**
**ਜੈ ਜੈ ਹੋਸੀ ਸ਼ਸਤ੍ਰ ਪ੍ਰਕਰਖਣਿ ਆਦਿ ਅਨੀਲ ਅਗਾਧਿ ਅਭੇ॥ ੧੦॥ ੨੨੦॥**

ਪਦ ਅਰਥ - ਤੁੰਦ=ਗੁੱਸੇ ਵਾਲਾ। ਤਬੇ=ਸੁਭਾਅ। ਸਮਰਪਣ=ਬਖਸ਼ਣਾ। ਤਪਤ=ਸੂਰਜ।

ਹੇ ਆਦਿ ਸ਼ਕਤੀ! ਤੂੰ ਸੰਕਟਾਂ ਨੂੰ ਨਿਵਾਰਨ ਵਾਲੀ ਤੇ ਪਾਪੀਆਂ ਨੂੰ ਤਾਰਨ ਵਾਲੀ ਹੈਂ। ਤੇਰਾ ਤੇਜ਼ ਬਹੁਤ ਜ਼ਿਆਦਾ ਹੈ ਤੇ ਤੇਰਾ ਸੁਭਾਅ ਬਹੁਤ ਗੁੱਸੇ ਵਾਲਾ ਹੈ। ਤੂੰ ਦੁਖਾਂ ਤੇ ਦੋਸ਼ਾਂ ਨੂੰ ਭਸਮ ਕਰਨ ਵਾਲੀ ਹੈਂ ਤੇ ਅਗਨੀ ਨੂੰ ਜਿੱਤਣ ਵਾਲੀ ਹੈਂ। ਤੂੰ ਆਦਿ ਕਾਲ ਤੋਂ ਹੀ ਅਗਾਧ ਅਥਾਹ ਤੇ ਨਾਸ ਰਹਿਤ ਹੈਂ। ਤੂੰ ਸੁੱਧਤਾ ਪਵਿਤ੍ਰੱਤਾ ਬਖਸ਼ਣ ਵਾਲੀ ਹੈਂ, ਤਰਕਾਂ ਵਿਤਰਕਾਂ ਨੂੰ ਨਾਸ ਕਰਨ ਵਾਲੀ ਹੈਂ ਤੇ ਸੂਰਜ ਨੂੰ ਤੇਜ ਦੇਣ ਵਾਲੀ ਹੈਂ। ਤੈਨੂੰ ਜਿਸ ਭਾਵਨਾ ਨਾਲ ਕੋਈ ਜਪਦਾ ਹੈ, ਤੂੰ ਉਹੋ ਜਿਹਾ ਫਲ ਉਸ ਨੂੰ ਦੇਂਦੀ ਹੈਂ। ਹੇ ਜੁੱਧ ਵਿਚ ਸ਼ਸਤਰ ਚਲਾਉਣ ਵਾਲੀ, ਸਭ ਦਾ ਮੂਲ, ਆਦਿ ਰਹਿਤ, ਅਗਾਧ ਤੇ ਡਰ ਰਹਿਤ ਆਦਿ ਸ਼ਕਤੀ! ਤੇਰੀ ਜੈ ਹੋਵੇ॥ ੧੦॥ ੨੨੦॥

**ਚੰਚਲਾ ਚਖੰਗੀ ਅਲਕ ਭੁਜੰਗੀ ਤੁੰਦ ਤੁਰੰਗਣ ਤਿੱਛ ਸਰੇ॥**
**ਕਰ ਕਸਾ ਕੁਠਾਰੇ ਨਰਕ ਨਿਵਾਰੇ ਅਧਮ ਉਧਾਰੇ ਤੂਰ ਭੁਜੇ॥**
**ਦਾਮਨੀ ਦਮੰਕੇ ਕੇਹਰ ਲੰਕੇ ਆਦਿ ਅਤੰਕੇ ਕ੍ਰੂਰ ਕਥੇ॥**
**ਜੈ ਜੈ ਹੋਸੀ ਰਕਤਾਸੁਰ ਖੰਡਣਿ ਸੁੰਭ ਚਕ੍ਰੱਤ ਨਸੁੰਭ ਮਥੇ॥ ੧੧॥ ੨੨੧॥**

ਪਦ ਅਰਥ - ਕਰ=ਹੱਥ। ਕੁਠਾਰੇ=ਕੁਹਾੜਾ।

ਤੇਰੇ ਨੇਤ੍ਰ ਤੀਰਾਂ ਨਾਲੋਂ ਵੀ ਤਿੱਖੇ ਤੇ ਅਤਿ ਚੰਚਲ ਹਨ। ਤੇਰੀਆਂ ਲਿਟਾਂ ਇਉਂ ਹਰਕਤ ਕਰਦੀਆਂ ਹਨ, ਜਿਵੇਂ ਤੇਜ ਚਾਲ ਵਾਲੀ ਘੋੜੀ ਚਲਦੀ ਹੈ। ਤੂੰ ਹੱਥ ਵਿਚ ਵੈਰੀਆਂ ਨੂੰ ਨਾਸ ਕਰਨ ਲਈ ਕੁਹਾੜਾ ਫੜਿਆ ਹੋਇਆ ਹੈ, ਤੂੰ ਨਰਕਾਂ ਦੀ ਬਿਪਤਾ ਨਾਸ ਕਰਨ ਵਾਲੀ ਹੈਂ ਤੇ ਪਾਪੀ ਮਨੁੱਖਾਂ ਦਾ ਉਧਾਰ ਕਰਨ ਵਾਲੀ ਹੈਂ। ਤੇਰੀਆਂ ਬਾਂਹਾਂ ਲੰਮੀਆਂ ਹਨ। ਤੇਰੀ ਚਮਕ ਦਮਕ ਬਿਜਲੀ ਵਰਗੀ ਹੈ, ਤੇਰਾ ਲੱਕ ਸ਼ੇਰ ਦੇ ਲੱਕ ਵਰਗਾ ਪਤਲਾ ਹੈ। ਤੂੰ ਆਦਿ ਕਾਲ ਤੋਂ ਹੀ ਅੰਤਕ ਕਰ ਦੇਣ ਵਾਲੀ ਹੈਂ ਤੇ ਤੈਨੂੰ ਅਤਿ ਭਿਆਨਕ ਕਿਹਾ ਜਾਂਦਾ ਹੈ। ਹੇ ਰਕਤਬੀਜ ਨੂੰ ਟੁਕੜੇ ਟੁਕੜੇ ਕਰਨ ਵਾਲੀ, ਸੁੰਭ ਨੂੰ ਚੀਰਨ ਵਾਲੀ ਤੇ ਨਿਸੁੰਭ ਨੂੰ ਨਾਸ ਕਰਨ ਵਾਲੀ ਆਦਿ ਸ਼ਕਤੀ! ਤੇਰੀ ਜੈ ਜੈ ਕਾਰ

ਹੋਵੇ॥੧੧॥੨੨੧॥

**ਬਾਰਜ ਬਿਲੋਚਨਿ ਬ੍ਰਿਤਨ ਬਿਮੋਚਨਿ ਸੋਚ ਬਿਸੋਚਨ ਕਉਚ ਕਸੇ॥**
**ਦਾਮਨੀ ਪ੍ਰਹਾਸੇ ਸੁਕ ਸਰ ਨਾਸੇ ਸੁਬ੍ਰਿਤ ਸੁਬਾਸੇ ਦੁਸ਼ਟ ਗ੍ਰਸੇ॥**
**ਚੰਚਲਾ ਪ੍ਰਅੰਗੀ ਬੇਦ ਪ੍ਰਸੰਗੀ ਤੇਜ ਤੁਰੰਗੀ ਖੰਡ ਅਸੁਰੰ॥**
**ਜੈ ਜੈ ਹੋਸੀ ਮਹਿਖਾਸੁਰ ਮਰਦਨ ਆਦਿ ਅਨਾਦਿ ਅਗਾਧਿ ਉਰਧੰ॥੧੨॥੨੨੨॥**

ਪਦ ਅਰਥ - ਬਾਰਜ=ਕੌਲ ਫੁਲ। ਬ੍ਰਿਤ=ਉਦਾਸੀ।

ਹੇ ਆਦਿ ਸ਼ਕਤੀ! ਤੇਰੇ ਨੇਤ੍ਰ ਕੌਲ ਫੁਲ ਵਰਗੇ ਸੁੰਦਰ ਹਨ। ਤੂੰ ਉਦਾਸੀ ਨੂੰ ਦੂਰ ਕਰਨ ਵਾਲੀ ਹੈਂ ਤੇ ਸੋਚਾਂ ਫਿਕਰਾਂ ਨੂੰ ਨਵਿਰਤ ਕਰਨ ਵਾਲੀ ਹੈਂ। ਤੂੰ ਆਪਣੇ ਸਰੀਰ ਤੇ ਕਵਚ ਸੰਜੋਅ ਕਸਿਆ ਹੋਇਆ ਹੈ। ਤੇਰਾ ਹਾਸਾ ਬਿਜਲੀ ਵਰਗਾ ਹੈ, ਤੇਰੀਆਂ ਨਾਸਾਂ ਤੋਤੇ ਵਰਗੀਆਂ ਹਨ, ਤੇਰਾ ਆਚਾਰ ਤੇ ਲਿਬਾਸ ਅਤਿ ਸੁੰਦਰ ਹੈ। ਤੂੰ ਦੁਸ਼ਟਾਂ ਦੋਖੀਆਂ ਨੂੰ ਗ੍ਰਸਣ ਵਾਲੀ ਹੈਂ। ਤੇਰਾ ਸਰੀਰ ਬਿਜਲੀ ਵਰਗਾ ਸੁੰਦਰ ਹੈ, ਤੂੰ ਵੇਦਾਂ ਦੇ ਸਬੰਧ ਵਾਲੀ ਹੈਂ, ਤੇਰੀ ਚਾਲ ਬੜੀ ਤੇਜ ਹੈ ਤੇ ਤੂੰ ਦੈਂਤਾਂ ਨੂੰ ਨਸ਼ਟ ਕਰਨ ਵਾਲੀ ਹੈਂ। ਹੇ ਮਹਿਖਾਸੁਰ ਦੈਂਤ ਨੂੰ ਮਾਰਨ ਵਾਲੀ ਦੁਰਗਾ ! ਤੇਰੀ ਜੈ ਜੈਕਾਰ ਹੋਵੇ। ਭਗਤਾਂ ਨੇ ਤੈਨੂੰ ਆਦਿ ਕਾਲ ਤੋਂ ਅਨਾਦੀ ਤੇ ਅਥਾਹ ਜਾਣਕੇ ਆਪਣਿਆਂ ਹਿਰਦਿਆਂ ਵਿਚ ਵਸਾਇਆ ਹੋਇਆ ਹੈ॥੧੨॥੨੨੨॥

**ਘੰਟਕਾ ਬਿਰਾਜੈ ਰੁਣਝੁਣ ਬਾਜੈ ਭ੍ਰਮ ਭੈ ਭਾਜੈ ਸੁਨਤ ਸੁਰੰ॥**
**ਕੋਕਲ ਸੁਨ ਲਾਜੈ ਕਿਲਬਿਖ ਭਾਜੈ ਸੁਖ ਉਪਰਾਜੈ ਮੱਧ ਉਰੰ॥**
**ਦੁਰਜਨ ਦਲ ਦੱਝੈ ਮਨ ਤਨ ਰਿੱਝੈ ਸਭੈ ਨ ਭੱਜੈ ਰੋਹ ਰਣੰ॥**
**ਜੈ ਜੈ ਹੋਸੀ ਮਹਿਖਾਸੁਰ ਮਰਦਨ ਚੰਡ ਚੱਕ੍ਰਤਨ ਆਦਿ ਗੁਰੰ॥੧੩॥੨੨੩॥**

ਹੇ ਸ੍ਰੀ ਭਗਉਤੀ! ਤੇਰੇ ਲੱਕ ਵਿਚ ਜੋ ਘੰਟੀ ਬੱਝੀ ਹੋਈ ਹੈ, ਉਹ ਰੁਣਝੁਣ ਕਰਕੇ ਵੱਜਦੀ ਹੈ। ਉਸਦੀ ਸੁਰ ਭਾਵ ਸ਼ਬਦ ਸੁਣ ਕੇ ਭਰਮ ਤੇ ਡਰ ਨਾਸ ਹੋ ਜਾਂਦਾ ਹੈ। ਤੇਰੀ ਘੰਟੀ ਦਾ ਸ਼ਬਦ ਸੁਣਕੇ ਕੋਇਲ ਸ਼ਰਮਿੰਦੀ ਹੁੰਦੀ ਹੈ, ਪਾਪ ਭੱਜ ਜਾਂਦੇ ਹਨ ਤੇ ਮਨ ਵਿਚ ਸੁਖ ਉਤਪੰਨ ਹੁੰਦਾ ਹੈ। ਤੂੰ ਦੁਸ਼ਮਨਾਂ ਦੀ ਫੌਜ ਨੂੰ ਸਾੜਦੀ ਹੈਂ, ਤੇਰੇ ਅਗੇ ਉਹਨਾਂ ਦੀ ਕੋਈ ਪੇਸ਼ ਨਹੀਂ ਚਲਦੀ ਇਸ ਕਰਕੇ ਉਹ ਮਨ ਤਨ ਵਿਚ ਕ੍ਰਿਝਦੇ ਹਨ। ਜਦੋਂ ਤੂੰ ਗੁੱਸੇ ਨਾਲ ਜੰਗ ਵਿਚ ਲੜਦੀ ਹੈਂ ਤਾਂ ਕਿਸੇ ਦੇ ਡਰ ਕਰਕੇ ਮੈਦਾਨ ਵਿਚੋਂ ਭੱਜਦੇ ਨਹੀਂ। ਹੇ ਮਹਿਖਾਸੁਰ ਦੈਂਤ ਨੂੰ ਮਾਰਨ ਵਾਲੀ, ਚੰਡ ਦੈਂਤ ਨੂੰ ਚੀਰਨ ਵਾਲੀ ਆਦਿ ਕਾਲ ਤੋਂ ਪੂਜਨੀਕ ਆਦਿ ਸ਼ਕਤੀ। ਤੇਰੀ ਜੈ ਹੋਵੇ, ਤੇਰੀ ਜੈ ਹੋਵੇ॥੧੩॥੨੨੩॥

ਚਾਚਰੀ ਪ੍ਰਜੋਧਨ ਦੁਸ਼ਟ ਬਿਰੋਧਨ ਰੋਸ ਅਰੋਧਨ ਕ੍ਰੂਰ ਬ੍ਰਿਤੇ॥
ਧੂਮ੍ਰਾਛ ਬਿਧੁੰਸਨ ਪ੍ਰਲੈ ਪ੍ਰਜੁੰਸਨ ਜੱਗ ਬਿਧੁੰਸਨ ਸੁੱਧ ਮਤੇ॥
ਜਾਲਪਾ ਜਯੰਤੀ ਸ਼ੱਤ੍ਰ ਮਥੰਤੀ ਦੁਸ਼ਟ ਪ੍ਰਦਾਹਨਿ ਗਾੜ੍ਹ ਮਤੇ॥
ਜੈ ਜੈ ਹੋਸੀ ਮਹਖਾਸੁਰ ਮਰਦਨ ਆਦਿ ਜੁਗਾਦਿ ਅਗਾਧਿ ਗਤੇ॥ ੧੪॥ ੨੨੪॥

ਪਦ ਅਰਥ - ਜਾਲਪਾ=ਜਾਲਪੇਸ਼ਵਰੀ ਦੇਵੀ।

ਹੇ ਆਦਿ ਸ਼ਕਤੀ! ਤੂੰ ਤਲਵਾਰ ਆਦਿ ਜੁੱਧ ਦੀ ਸਾਰੀ ਸਾਮੱਗਰੀ ਧਾਰਨ ਕਰਨ ਵਾਲੀ ਹੈ, ਦੁਸ਼ਟਾਂ ਦਾ ਵਿਰੋਧ ਕਰਨ ਵਾਲੀ ਹੈ, ਗੁੱਸੇ ਵਿਚ ਆ ਕੇ ਨਾ ਰੁਕਣ ਵਾਲੀ ਤੇ ਭਿਆਨਕ ਸੁਭਾਅ ਵਾਲੀ ਹੈਂ। ਤੂੰ ਧੂਮਰਲੋਚਨ ਦੈਂਤ ਨੂੰ ਨਾਸ ਕਰਨ ਵਾਲੀ ਹੈਂ, ਪਰਲੈ ਕਾਲ ਸਮੇਂ ਲੋਕਾਂ ਨੂੰ ਖਾਣ ਵਾਲੀ ਹੈਂ, ਪਰਜਾ-ਪਤੀ ਦੇ ਜਗ ਨੂੰ ਨਾਸ ਕਰਨ ਵਾਲੀ ਹੈਂ। ਤੇਰੀ ਮਤ ਬੜੀ ਸ਼ੁਭ ਹੈ। ਤੂੰ ਜਾਲਪੇਸ਼ਵਰੀ ਦੇਵੀ ਹੈਂ, ਤੂੰ ਵੈਰੀਆਂ ਨੂੰ ਨਾਸ ਕਰਨ ਵਾਲੀ ਤੇ ਦੁਸ਼ਟਾਂ ਨੂੰ ਭਸਮ ਕਰਨ ਵਾਲੀ ਹੈਂ। ਤੇਰੀ ਮਤ ਬੜੀ ਗੂੜ੍ਹ ਹੈਂ। ਹੇ ਮਹਿਖਾਸੁਰ ਦੈਂਤ ਨੂੰ ਮਾਰਨ ਵਾਲੀ ! ਹੇ ਆਦਿ ਜੁਗਾਦਿ ਤੋਂ ਹੀ ਅਥਾਹ ਗਤੀ ਵਾਲੀ ਤੇਰੀ ਜੈ ਜੈ ਕਾਰ ਹੋਵੇ॥ ੧੪॥ ੧੨੪॥

ਖਤ੍ਰੀਆਣ ਖਤੰਗੀ ਅਭੈ ਅਭੰਗੀ ਆਦਿ ਅਨੰਗੀ ਅਗਾਧਿ ਗਤੇ॥
ਬ੍ਰਿੜਲਾਛ ਬਿਹੰਡਣਿ ਚੱਛਰ ਦੰਡਣਿ ਤੇਜ ਪ੍ਰਚੰਡਣ ਆਦਿ ਬ੍ਰਿਤੇ॥
ਸੁਰ ਨਰ ਪ੍ਰਤਿਪਾਰਣਿ ਪਤਿਤ ਉਧਾਰਣਿ ਦੁਸ਼ਟ ਨਿਵਾਰਨ ਦੋਖ ਹਰੇ॥
ਜੈ ਜੈ ਹੋਸੀ ਮਹਿਖਾਸੁਰ ਮਰਦਨਿ ਬਿਸ੍ਵ ਬਿਧੁੰਸਨ ਸ੍ਰਿਸ਼ਟ ਕਰੇ॥ ੧੫॥ ੨੨੫॥

ਉਹ ਆਦਿ ਸ਼ਕਤੀ ਛੱਤਰੀ ਸੂਰਮਿਆਂ ਵਾਂਗੂੰ ਆਣ ਅਣਖ ਵਾਲੀ ਹੈ, ਤੀਰਾਂ ਵਾਲੀ ਹੈ ਨਿਡਰ ਤੇ ਨਾਸ ਰਹਿਤ ਹੈ ਅਤੇ ਆਦਿ ਕਾਲ ਤੋਂ ਹੀ ਸਰੀਰ ਰਹਿਤ ਹੈ। ਉਸ ਦੀ ਗਤੀ ਅਥਾਹ ਹੈ। ਉਹ ਸ਼ਕਤੀ ਬ੍ਰਿੜਾਲ ਦੈਂਤ ਨੂੰ ਨਾਸ ਕਰਨ ਵਾਲੀ ਤੇ ਚਿੱਛਰ ਦੈਂਤ ਨੂੰ ਦੰਡ ਦੇਣ ਵਾਲੀ ਹੈ। ਬੜੇ ਪ੍ਰਚੰਡ ਤੇਜ ਵਾਲੀ ਹੈ। ਉਸਦਾ ਆਦਿ ਕਾਲ ਤੋਂ ਹੀ ਇਹ ਸੁਭਾਅ ਹੈ। ਉਹ ਦੇਵਤਿਆਂ ਤੇ ਮਨੁੱਖਾਂ ਦੀ ਪਾਲਨਾ ਕਰਨ ਵਾਲੀ ਹੈ, ਪਾਪੀਆਂ ਦਾ ਉਧਾਰ ਕਰਨ ਵਾਲੀ ਹੈ, ਦੁਸ਼ਟਾਂ ਦੋਖੀਆਂ ਨੂੰ ਖਤਮ ਕਰਨ ਵਾਲੀ ਤੇ ਦੋਸ਼ਾਂ ਨੂੰ ਦੂਰ ਕਰਨ ਵਾਲੀ ਹੈ। ਹੇ ਮਹਿਖਾਸੁਰ ਦੈਂਤ ਨੂੰ ਮਾਰਨ ਵਾਲੀ ਸੰਸਾਰ ਨੂੰ ਨਾਸ ਕਰਨ ਵਾਲੀ ਆਦਿ ਸ਼ਕਤੀ! ਤੇਰੀ ਜੈ ਜੈਕਾਰ ਹੋਵੇ॥ ੧੫॥ ੨੨੫॥

ਦਾਮਨੀ ਪ੍ਰਕਾਸੇ ਉਨ ਤਨ ਨਾਸੇ ਜੋਤਿ ਪ੍ਰਕਾਸੇ ਅਤੁਲ ਬਲੇ॥
ਦਾਨਵੀ ਪ੍ਰਕਰਖਣਿ ਸਰਵਰ ਵਰਖਣਿ ਦੁਸ਼ਟ ਪ੍ਰਧਰਖਣਿ ਬਿਤਲ ਤਲੇ॥

**ਅਸ਼ਟਾਇਧ ਬਾਹਣਿ ਬੋਲ ਨਿਬਾਹਣਿ ਸੰਤ ਪਨਾਹਣਿ ਗੂੜ੍ਹ ਗਤੇ॥**
**ਜੈ ਜੈ ਹੋਸੀ ਮਹਿਖਾਸੁਰ ਮਰਦਨਿ ਆਦਿ ਅਨਾਦਿ ਅਗਾਧਿ ਬ੍ਰਿਤੇ॥ ੧੬॥ ੨੨੬॥**

ਪਦ ਅਰਥ - ਸਰਵਰ=ਤਿੱਖੇ ਤੀਰ। ਪਨਾਹਣਿ=ਆਸਰਾ।

ਹੇ ਸ਼ਕਤੀ! ਤੇਰਾ ਪ੍ਰਕਾਸ਼ ਬਿਜਲੀ ਵਾਂਗੂੰ ਲਿਸ਼ਕਾਰੇ ਮਾਰਦਾ ਹੈ, ਤੇਰੀਆਂ ਨਾਸਾਂ ਉੱਚੀਆਂ ਤੇ ਲੰਮੀਆਂ ਹਨ, ਤੇਰੇ ਸੁੰਦਰ ਚਿਹਰੇ ਦੀ ਆਭਾ ਬੜੀ ਪ੍ਰਕਾਸ਼ਮਈ ਹੈ ਤੇ ਤੂੰ ਅਤੁਲ ਬਲ ਵਾਲੀ ਹੈਂ। ਹੇ ਸ਼ਕਤੀ ! ਤੂੰ ਦੈਂਤਾਂ ਨੂੰ ਜੰਗ ਵਿਚ ਨਾਸ ਕਰਨ ਵਾਲੀ ਹੈਂ, ਤੂੰ ਦੁਸ਼ਮਨਾਂ ਤੇ ਤਿਖੇ ਤੀਰਾਂ ਦੀ ਵਰਖਾ ਕਰਨ ਵਾਲੀ ਹੈਂ ਤੇ ਦੁਸ਼ਟਾਂ ਦੋਖੀਆਂ ਦੇ ਮਨਾਂ ਨੂੰ ਧੜਕਾਉਣ ਵਾਲੀ ਹੈਂ। ਤੂੰ ਪਤਾਲ ਦੇ ਹੇਠਾਂ ਤਕ ਵਿਆਪਕ ਹੈਂ। ਤੂੰ ਅੱਠ ਪ੍ਰਕਾਰ ਦੇ ਸ਼ਸਤਰਾਂ ਨੂੰ ਚਲਾਉਣ ਵਾਲੀ ਹੈਂ, ਤੂੰ ਕੀਤੇ ਬਚਨਾਂ ਨੂੰ ਨਿਬਾਹੁਣ ਭਾਵ ਪੂਰਾ ਕਰਨ ਵਾਲੀ ਹੈਂ। ਤੂੰ ਸੰਤਾਂ ਤੇ ਭਗਤਾਂ ਦਾ ਆਸਰਾ ਹੈਂ ਤੇਰੀ ਗਤੀ ਬੜੀ ਗੂੜ੍ਹ ਹੈ। ਹੇ ਆਦਿ ਅਨਾਦਿ ਤੋਂ ਅਥਾਹ ਬ੍ਰਿਤੀ ਵਾਲੀ ਤੇ ਮਹਿਖਾਸੁਰ ਦੈਂਤ ਨੂੰ ਨਾਸ ਕਰਨ ਵਾਲੀ ! ਤੇਰੀ ਜੈ ਹੋਵੇ। ਤੇਰੀ ਜੈ ਹੋਵੇ॥ ੧੬॥ ੨੨੬॥

**ਦੁਖ ਦੋਖ ਪ੍ਰਭੱਛਣਿ ਸੇਵਕ ਰੱਛਣਿ ਸੰਤ ਪ੍ਰਤੱਛਣਿ ਸੁੱਧ ਸਰੇ॥**
**ਸਾਰੰਗ ਸਨਾਹੇ ਦੁਸ਼ਟ ਪ੍ਰਦਾਹੇ ਅਰ ਦਲ ਗਾਹੇ ਦੋਖ ਹਰੇ॥**
**ਗੰਜਨ ਗੁਮਾਨੇ ਅਤੁਲ ਪ੍ਰਵਾਨੇ ਸੰਤਜ ਮਾਨੇ ਆਦਿ ਅੰਤੇ॥**
**ਜੈ ਜੈ ਹੋਸੀ ਮਹਿਖਾਸੁਰ ਮਰਦਨ ਸਾਧ ਪ੍ਰਦੱਛਨ ਦੁਸ਼ਟ ਹੰਤੇ॥ ੧੭॥ ੨੨੭॥**

ਪਦ ਅਰਥ - ਪ੍ਰਵ੍ਹਾਨੇ=ਸ਼ਾਹੀ ਫੁਰਮਾਨ ਵਾਲਾ ਕਾਗਜ਼, ਪ੍ਰਵਾਨਾ।

ਹੇ ਸ਼ਕਤੀ! ਤੂੰ ਦੁਖਾਂ ਦੋਸ਼ਾਂ ਨੂੰ ਖਾਣ ਵਾਲੀ ਹੈ, ਭਗਤਾਂ ਤੇ ਸੇਵਕਾਂ ਦੀ ਰਖਿਆ ਕਰਨ ਵਾਲੀ ਹੈਂ। ਸੰਤਾਂ ਨੂੰ ਪ੍ਰਤਖ ਹੋਕੇ ਦਰਸ਼ਨ ਦੇਣ ਵਾਲੀ ਹੈਂ ਤੇ ਤਿੱਖੇ ਬਾਣਾਂ ਵਾਲੀ ਹੈਂ। ਤੂੰ ਧਨੁਖ ਤੇ ਸੰਜੋਅ ਧਾਰਨ ਕਰਨ ਵਾਲੀ ਹੈਂ, ਦੁਸ਼ਟਾਂ ਨੂੰ ਭਸਮ ਕਰਨ ਵਾਲੀ ਹੈਂ, ਦੁਸ਼ਮਨਾਂ ਦੇ ਦਲਾਂ ਨੂੰ ਗਾਹੁਣ ਵਾਲੀ ਤੇ ਦੁਖਾਂ ਨੂੰ ਨਵਿਰਤ ਕਰਨ ਵਾਲੀ ਹੈਂ। ਤੂੰ ਹੰਕਾਰੀਆਂ ਦਾ ਗਮਾਨ ਨਾਸ ਕਰਨ ਵਾਲੀ ਹੈਂ, ਤੇਰਾ ਫੁਰਮਾਨ ਅਤੁਲ ਤੋਲ ਰਹਿਤ ਹੈ, ਤੂੰ ਸੰਤਾਂ ਨੂੰ ਮਾਣ ਦੇਣ ਵਾਲੀ ਹੈਂ। ਸਭ ਸੰਸਾਰ ਦਾ ਆਰੰਭ ਤੇ ਅੰਤ ਹੈਂ। ਹੇ ਸੰਤਾਂ ਭਗਤਾਂ ਨੂੰ ਪ੍ਰਤੱਖ ਹੋ ਕੇ ਦਰਸ਼ਨ ਦੇਣ ਵਾਲੀ, ਦੁਸ਼ਟਾਂ ਦੋਖੀਆਂ ਨੂੰ ਨਾਸ ਕਰਨ ਵਾਲੀ ਤੇ ਮਹਿਖਾਸੁਰ ਦੈਂਤ ਨੂੰ ਮਾਰਨ ਵਾਲੀ ਆਦਿ ਸ਼ਕਤੀ! ਤੇਰੀ ਜੈ ਜੈਕਾਰ ਹੋਵੇ॥ ੧੭॥ ੨੨੭॥

**ਕਾਰਣ ਕਰੀਲੀ ਗਰਬ ਗਹੀਲੀ ਜੋਤ ਜਤੀਲੀ ਤੂੰਦ ਮਤੇ॥**
**ਅਸ਼ਟਾਇਧ ਚਮਕਣਿ ਸ਼ਸਤਰ ਝਮਕਣਿ ਦਾਮਨ ਦਮਕਣਿ ਆਦਿ ਬ੍ਰਿਤੇ॥**

**ਡੁਕਡੁਕੀ ਦਮੰਕੈ ਬਾਘ ਬਬੰਕੇ ਭੁਜਾ ਫਰੰਕੈ ਸੁੱਘ ਗਤੇ॥**
**ਜੈ ਜੈ ਹੋਸੀ ਮਹਿਖਾਸੁਰ ਮਰਦਨ ਆਦਿ ਜੁਗਾਦਿ ਅਨਾਦਿ ਮਤੇ॥ ੧੮॥ ੨੨੮॥**

ਹੇ ਸ਼ਕਤੀ! ਤੂੰ ਸਭ ਕਾਰਨਾਂ ਦੇ ਕਰਨ ਵਾਲੀ ਹੈਂ, ਅੰਹਕਾਰੀਆਂ ਨੂੰ ਗ੍ਰਸਣ ਵਾਲੀ ਹੈਂ, ਤੂੰ ਸੂਰਜ ਚੰਦਰਮਾਂ ਆਦਿ ਪ੍ਰਕਾਸ਼ ਕਰਨ ਵਾਲੀਆਂ ਸਭ ਸ਼ਕਤੀਆਂ ਨੂੰ ਜਿੱਤਣ ਵਾਲੀ ਹੈਂ ਤੇ ਤੇਰੀ ਮਤ ਬੜੀ ਤੀਖਣ ਹੈ। ਤੇਰੇ ਅੱਠਾਂ ਹੱਥਾਂ ਵਿਚ ਫੜੇ ਅੱਠ ਪ੍ਰਕਾਰ ਦੇ ਸ਼ਸਤਰ ਚਮਕਦੇ ਹਨ। ਉਹ ਸ਼ਸਤਰ ਬਿਜਲੀ ਵਾਂਗੂੰ ਦਮਕਾਂ ਮਾਰਦੇ ਹਨ। ਆਦਿ ਕਾਲ ਤੋਂ ਹੀ ਤੇਰਾ ਐਸਾ ਸੁਭਾਅ ਹੈ। ਤੇਰੇ ਹੱਥ ਵਿਚ ਫੜੀ ਡੁਗਡੁਗੀ ਵੱਜ ਰਹੀ ਹੈ, ਤੇਰਾ ਸ਼ੇਰ ਗਰਜ ਰਿਹਾ ਹੈ, ਜੋਸ਼ ਨਾਲ ਤੇਰੀਆਂ ਬਾਂਹਾਂ ਫਰਕ ਰਹੀਆਂ ਹਨ। ਇਸ ਪ੍ਰਕਾਰ ਦੀ ਤੇਰੀ ਪਵਿੱਤ੍ਰ ਗਤੀ ਚਾਲ ਹੈ। ਹੇ ਮਹਿਖਾਸੁਰ ਦੈਂਤ ਨੂੰ ਨਸ਼ਟ ਕਰਨ ਵਾਲੀ ਸ਼ਕਤੀ! ਤੇਰੀ ਜੈ ਜੈ ਕਾਰ ਹੋਵੇ। ਤੂੰ ਸਭ ਦਾ ਆਦਿ ਮੂਲ ਹੈਂ, ਜੁਗਾਂ ਦਾ ਆਰੰਭ ਹੈ ਤੇ ਤੇਰੇ ਆਦਿ ਦਾ ਕੋਈ ਥਹੁ ਨਹੀਂ ਮਿਲਦਾ॥ ੧੮॥ ੨੨੮॥

**ਚਛਰਾਸੁਰ ਮਾਰਣ ਨਰਕ ਨਿਵਾਰਣਿ ਪਤਿਤ ਉਧਾਰਣਿ ਏਕ ਭਟੇ॥**
**ਪਾਪਾਨ ਬਿਹੰਡਣਿ ਦੁਸ਼ਟ ਪ੍ਰਚੰਡਣਿ ਖੰਡ ਅਖੰਡਣਿ ਕਾਲ ਕਟੇ॥**
**ਚੰਦ੍ਰਾਨਨ ਚਾਰੈ ਨਰਕ ਨਿਵਾਰੈ ਪਤਿਤ ਉਧਾਰੈ ਮੁੰਡ ਮਥੇ॥**
**ਜੈ ਜੈ ਹੋਸੀ ਮਹਿਖਾਸੁਰ ਮਰਦਨ ਧੂਮ੍ਰ ਬਿਧੁੰਸਨਿ ਆਦਿ ਕਥੇ॥ ੧੯॥ ੨੨੯॥**

ਹੇ ਸ਼ਕਤੀ! ਤੂੰ ਚਿਛੁਰ ਦੈਂਤ ਨੂੰ ਮਾਰਨ ਵਾਲੀ ਹੈਂ, ਨਰਕਾਂ ਤੋਂ ਰੱਖਿਆ ਕਰਨ ਵਾਲੀ ਹੈਂ, ਪਾਪੀਆਂ ਦਾ ਉਧਾਰ ਕਰਨ ਵਾਲੀ ਹੈਂ। ਤੂੰ ਮਹਾਨ ਯੋਧਾ ਹੈਂ। ਤੂੰ ਪਾਪਾਂ ਨੂੰ ਨਸ਼ਟ ਕਰਨ ਵਾਲੀ ਹੈਂ, ਦੁਸ਼ਟਾ ਦੋਖੀਆਂ ਨੂੰ ਚੰਡਣ ਵਾਲੀ ਹੈਂ, ਨਾ ਟੋਟੇ ਹੋਣ ਵਾਲੇ ਸੂਰਮਿਆਂ ਨੂੰ ਟੋਟੇ ਟੋਟੇ ਕਰਨ ਵਾਲੀ ਹੈਂ ਤੇ ਕਾਲ ਦੀ ਫਾਹੀ ਨੂੰ ਕਟਣ ਵਾਲੀ ਹੈਂ। ਤੇਰਾ ਮੁਖੜਾ ਚੰਦ੍ਰਮਾਂ ਨਾਲੋਂ ਵੀ ਸੁੰਦਰ ਤੇ ਪ੍ਰਕਾਸ਼ਵਾਨ ਹੈਂ, ਤੂੰ ਨਰਕਾਂ ਦੇ ਕਸ਼ਟ ਨੂੰ ਨਵਿਰਤ ਕਰਨ ਵਾਲੀ ਹੈਂ, ਪਾਪੀ ਪੁਰਸ਼ਾਂ ਦਾ ਉਧਾਰ ਕਰਨ ਵਾਲੀ ਹੈਂ ਤੇ ਮੁੰਡ ਦੈਂਤ ਨੂੰ ਨਸ਼ਟ ਕਰਨ ਵਾਲੀ ਹੈਂ। ਹੇ ਮਹਿਖਾਸੁਰ ਦੈਂਤ ਨੂੰ ਮਾਰਨ ਵਾਲੀ, ਧੂਮਰ-ਲੋਚਨ ਦੈਂਤ ਨੂੰ ਭਸਮ ਕਰਨ ਵਾਲੀ ਤੇ ਸਭ ਜੀਵਾਂ ਦਾ ਮੁੱਢ ਕਹੀ ਜਾਂਦੀ ਆਦਿ ਸ਼ਕਤੀ! ਤੇਰੀ ਜੈ ਹੋਵੇ। ਤੇਰੀ ਜੈ ਹੋਵੇ॥ ੧੯॥ ੨੨੯॥

**ਰਕਤਾਸੁਰ ਮਰਦਨ ਚੰਡ ਚਕਰਦਨ ਦਾਨਵ ਅਰਦਨ ਬਿੜਾਲ ਬਧੇ॥**
**ਸਰ ਧਾਰ ਬਿਬਰਖਣ ਦੁਰਜਨ ਧਰਖਣ ਅਤੁਲ ਅਮਰਖਨ ਧਰਮ ਧੁਜੇ॥**
**ਧੂਮ੍ਰਾਛ ਬਿਧੁੰਸਨਿ ਸ੍ਰੋਣਤ ਚੁੰਸਨ ਸੁੰਭ ਨਪਾਤ ਨਿਸੁੰਭ ਮਥੇ॥**
**ਜੈ ਜੈ ਹੋਸੀ ਮਹਖਾਸੁਰ ਮਰਦਨ ਆਦਿ ਅਨੀਲ ਅਗਾਹ ਕਥੇ॥ ੨੦॥ ੨੩੦॥**

ਹੇ ਆਦਿ ਸ਼ਕਤੀ! ਤੂੰ ਰਕਤਬੀਜ ਦੈਂਤ ਨੂੰ ਮਾਰਨ ਵਾਲੀ ਹੈ। ਚੰਡ ਦੈਂਤ ਨੂੰ ਚੀਰਨ ਵਾਲੀ ਹੈਂ, ਤੂੰ ਦਾਨਵਾ ਨੂੰ ਨਾਸ ਕਰਨ ਵਾਲੀ ਹੈਂ ਤੇ ਬਿੜਾਲ ਦੈਂਤ ਦਾ ਬਧ ਕਰਨ ਵਾਲੀ ਹੈਂ। ਤੂੰ ਮੈਦਾਨਿ-ਜੰਗ ਵਿਚ ਵੈਰੀਆਂ ਤੇ ਤੀਰਾਂ ਦੀ ਵਰਖਾ ਕਰਨ ਵਾਲੀ ਹੈਂ, ਖੋਟੇ ਪੁਰਸ਼ਾਂ ਨੂੰ ਮਾਰਨ ਵਾਲੀ ਹੈਂ, ਤੂੰ ਅਤੁਲ ਰੋਹ ਵਾਲੀ ਹੈਂ ਤੇ ਧਰਮ ਦੀ ਧੁਜਾ ਰੂਪ ਹੈਂ। ਤੂੰ ਧੂਮਰਲੋਚਨ ਦੈਂਤ ਨੂੰ ਭਸਮ ਕਰਨ ਵਾਲੀ ਹੈਂ, ਵੈਰੀਆਂ ਦਾ ਲਹੂ ਪੀਣ ਵਾਲੀ ਹੈਂ, ਸੁੰਭ ਦੈਂਤ ਨੂੰ ਮਾਰਨ ਵਾਲੀ ਤੇ ਨਿਸੁੰਭ ਦੈਂਤ ਨੂੰ ਕੁਚਲਣ ਵਾਲੀ ਹੈਂ। ਹੇ ਮਹਿਖਾਸੁਰ ਦੈਂਤ ਨੂੰ ਨਾਸ ਕਰਨ ਵਾਲੀ, ਸਭ ਦਾ ਆਦਿ ਰੂਪ, ਗਿਣਤੀਆਂ ਤੋਂ ਪਰੇ ਤੇ ਅਥਾਹ ਸ਼ਕਤੀ ਵਾਲੀ ! ਤੇਰੀ ਜੈ ਜੈਕਾਰ ਹੋਵੇ॥੨੦॥੨੩੦॥

## ਤ੍ਵਪ੍ਰਸਾਦਿ ॥ਪਾਧੜੀ ਛੰਦ॥

**ਤੁਮ ਕਹੋ ਦੇਵ ਸਰਬੰ ਬਿਚਾਰ॥ ਜਿਮ ਕੀਓ ਆਪਿ ਕਰਤੇ ਪਸਾਰ॥**
**ਜੱਦਪਿ ਅਭੂਤ ਅਨਭੈ ਅਨੰਤ॥ ਤਉ ਕਹੋ ਜਥਾਮਤ ਤ੍ਰੈਣ ਤੰਤ॥੧॥੨੩੧॥**

ਮੈਂ ਤੁਹਾਨੂੰ ਉਸ ਸਭ ਦੇਵਾਂ ਦੇ ਦੇਵ ਪ੍ਰਭੂ ਦਾ ਵਿਚਾਰ ਦਸਦਾ ਹਾਂ, ਜਿਵੇਂ ਕਿ ਉਸ ਕਰਤਾ ਪੁਰਖ ਨੇ ਆਪਣੇ ਆਪ ਤੋਂ ਇਹ ਸਾਰਾ ਪਸਾਰਾ ਪਸਾਰਿਆ ਹੈ। ਭਾਵੇਂ ਉਹ ਪਰਮਾਤਮਾ ਤੱਤਾਂ ਦੀ ਰਚਨਾਂ ਤੋਂ ਨਹੀਂ ਬਣਿਆਂ, ਉਹ ਅਨੁਭਵ ਸਰੂਪ ਤੇ ਅੰਤ ਰਹਿਤ ਹੈ। ਫਿਰ ਵੀ ਜਿੰਨੀ ਕੁ ਮੇਰੀ ਬੁੱਧੀ ਹੈ, ਉਸ ਅਨੁਸਾਰ ਮੈਂ ਉਸ ਦਾ ਸਿਧਾਂਤ ਵਰਣਨ ਕਰਦਾ ਹਾਂ॥ ੧॥੨੩੧॥

**ਕਰਤਾ ਕਰੀਮ ਕਾਦਰ ਕ੍ਰਿਪਾਲ॥ ਅਦ੍ਵੈ ਅਭੂਤ ਅਨਭੈ ਦਿਆਲ॥**
**ਦਾਤਾ ਦੁਰੰਤ ਦੁਖ ਦੋਖ ਰਹਤ॥ ਜਿਹ ਨੇਤਿ ਨੇਤਿ ਸਭ ਬੇਦ ਕਹਤ॥ ੨॥ ੨੩੨॥**

ਉਹ ਅਕਾਲ ਪੁਰਖ ਸਭ ਦਾ ਕਰਨਹਾਰ, ਬਖਸ਼ਿਸ਼ਾਂ ਕਰਨ ਵਾਲਾ, ਕੁਦਰਤ ਦਾ ਕਾਦਰ ਕਰਤਾ ਤੇ ਕ੍ਰਿਪਾਲੂ ਹੈ। ਉਹ ਦ੍ਵੈਤ ਰਹਿਤ, ਤੱਤ ਰਹਿਤ, ਡਰ ਰਹਿਤ ਤੇ ਦਇਆ ਕਰਨ ਵਾਲਾ ਹੈ। ਉਹ ਬੇਅੰਤ ਦਾਤਾਂ ਦੇ ਦੇਣ ਵਾਲਾ ਤੇ ਦੁਖਾਂ ਤੋਂ ਰਹਿਤ ਹੈ। ਉਸ ਨੂੰ ਸਾਰੇ ਵੇਦ, ਸ਼ਾਸਤਰ ਆਦਿ ਧਰਮ ਗ੍ਰੰਥ ਬੇਅੰਤ ਬੇਅੰਤ ਕਹਿੰਦੇ ਹਨ॥੨॥੨੩੨॥

**ਕਈ ਊਚ ਨੀਚ ਕੀਨੋ ਬਨਾਉ॥ ਸਭ ਵਾਰ ਪਾਰ ਜਾਕੋ ਪ੍ਰਭਾਉ॥**
**ਸਭ ਜੀਵ ਜੰਤ ਜਾਨੰਤਿ ਜਾਹਿ॥ ਮਨ ਮੂੜ ਕਿਉ ਨ ਸੇਵੰਤਿ ਤਾਹਿ॥ ੩॥ ੨੩੩॥**

ਜਿਸ ਪ੍ਰਭੂ ਨੇ ਕਈ ਉਚੇ ਤੇ ਨੀਵੇਂ ਬਨਾਉ ਬਣਾਏ ਹਨ, ਜਿਸ ਦਾ ਉਰਾਰ ਤੇ ਪਾਰ੍ ਭਾਵ ਹਰ ਪਾਸੇ ਪ੍ਰਤਾਪ ਫੈਲਿਆ ਹੋਇਆ ਹੈ, ਜਿਹੜਾ ਸਾਰੇ ਸੰਸਾਰ ਦੇ ਜੀਆਂ ਜੰਤਾਂ ਦੇ ਦੁਖਾਂ ਸੁਖਾਂ ਨੂੰ ਜਾਣਦਾ ਹੈ। ਹੇ ਮੇਰੇ ਮੂਰਖ ਮਨ! ਤੂੰ ਐਸੇ ਪ੍ਰਤਾਪੀ ਪ੍ਰਭੂ ਨੂੰ ਕਿਉਂ ਨਹੀਂ ਯਾਦ ਕਰਦਾ?॥੩॥੨੩੩॥

**ਕਈ ਮੂੜ ਪਾਤ੍ਰ ਪੂਜਾ ਕਰੰਤ॥ ਕਈ ਸਿੱਧ ਸਾਧ ਸੂਰਜ ਸਿਵੰਤ॥**

**ਕਈ ਪਲਟ ਸੂਰਜ ਸਿਜਦਾ ਕਰਾਇ ॥ ਪ੍ਰਭ ਏਕ ਰੂਪ ਦ੍ਵੈ ਕੈ ਲਖਾਇ ॥ ੪ ॥ ੨੩੪ ॥**

ਪਦ ਅਰਥ - ਪਾਤ੍ਰ=ਤੁਲਸੀ ਪੱਤ੍ਰ। ਪਲਟ ਸੂਰਜ=ਪੱਛਮ ਦਿਸ਼ਾ।

ਵੇਖੋ! ਕਿਡੇ ਅਸਚਰਜ ਦੀ ਗੱਲ ਹੈ ਕਿ ਇਹੋ ਜਿਹੇ ਸਰਬ ਗੁਣ ਸੰਪਨ ਪ੍ਰਭੂ ਨੂੰ ਛੱਡਕੇ ਕਈ ਮੂਰਖ ਲੋਕ ਤੁਲਸੀ ਪੱਤਰ ਲੈ ਕੇ ਸ਼ਿਵ ਦੀ ਪੂਜਾ ਕਰਦੇ ਹਨ। ਕਈ ਸਿੱਧ ਤੇ ਸਾਧਕ ਸੂਰਜ ਦੀ ਪੂਜਾ ਕਰਦੇ ਹਨ। ਮੁਸਲਮਾਨ ਖੁਦਾ ਨੂੰ ਪੱਛਮ ਦਿਸ਼ਾ ਵਲ ਵਸਦਾ ਜਾਣਕੇ ਪੱਛਮ ਵਲ ਸਿਜਦਾ ਕਰਦੇ ਹਨ, ਉਹ ਸਰਬ ਵਿਆਪਕ ਪ੍ਰਭੂ ਤਾਂ ਇਕੋ ਹੈ, ਪਰ ਇਹ ਮੂਰਖ ਉਸ ਨੂੰ ਦੋ ਰੂਪ ਕਰਕੇ ਸਮਝਦੇ ਹਨ ॥ ੪ ॥ ੨੩੪ ॥

**ਅਨਛਿੱਜ ਤੇਜ ਅਨਭੈ ਪ੍ਰਕਾਸ ॥ ਦਾਤਾ ਦੁਰੰਤ ਅਦ੍ਵੈ ਅਨਾਸ ॥**
**ਸਭ ਰੋਗ ਸੋਗ ਤੇ ਰਹਤ ਰੂਪ ॥ ਅਨਭੈ ਅਕਾਲ ਅੱਛੈ ਸਰੂਪ ॥ ੫ ॥ ੨੩੫ ॥**

ਉਹ ਅਕਾਲ ਪੁਰਖ ਨਾਸ ਰਹਿਤ ਤੇਜ ਵਾਲਾ ਹੈ, ਡਰ ਰਹਿਤ ਤੇ ਬੜੇ ਪ੍ਰਕਾਸ਼ ਵਾਲਾ ਹੈ। ਬੇਅੰਤ ਦਾਤਾਂ ਦੇਣ ਵਾਲਾ ਦਾਤਾ ਹੈ, ਦ੍ਵੈਤ ਤੋਂ ਬਿਨਾਂ ਤੇ ਨਾਸ ਰਹਿਤ ਹੈ। ਉਸ ਦਾ ਰੂਪ ਸਭ ਰੋਗਾਂ ਸੋਗਾਂ ਤੋਂ ਰਹਿਤ ਹੈ। ਉਹ ਗਿਆਨ ਸਰੂਪ ਹੈ ਅਤੇ ਕਾਲ ਤੋਂ ਰਹਿਤ ਹੋਣ ਕਰਕੇ ਕਿਸੇ ਤਰ੍ਹਾਂ ਕਟਿਆ ਨਹੀਂ ਜਾਂਦਾ ॥ ੫ ॥ ੨੩੫ ॥

**ਕਰੁਣਾਨਿਧਾਨ ਕਾਮਲ ਕ੍ਰਿਪਾਲ ॥ ਦੁਖ ਦੋਖ ਹਰਤ ਦਾਤਾ ਦਿਆਲ ॥**
**ਅੰਜਨ ਬਿਹੀਨ ਅਨਭੰਜ ਨਾਥ ॥ ਜਲ ਥਲ ਪ੍ਰਭਾਉ ਸਰਬਤ੍ਰ ਸਾਥ ॥ ੬ ॥ ੨੩੬ ॥**

ਉਹ ਪਰਮਾਤਮਾ ਕਿਰਪਾ ਦਾ ਖਜ਼ਾਨਾ ਹੈ, ਹਰ ਕਲਾ ਵਿਚ ਪੂਰਨ ਤੇ ਕ੍ਰਿਪਾਲੂ ਹੈ। ਉਹ ਦੁਖਾਂ ਤੇ ਦੋਸ਼ਾਂ ਨੂੰ ਨਾਸ ਕਰਨ ਵਾਲਾ, ਦਾਤਾਂ ਬਖਸ਼ਣ ਵਾਲਾ ਦਾਤਾ ਤੇ ਦਿਆਲੂ ਹੈ। ਉਹ ਮਾਇਆ ਤੋਂ ਰਹਿਤ ਤੇ ਨਾਸ ਰਹਿਤ ਸਭ ਦਾ ਮਾਲਕ ਹੈ। ਜਲ ਤੇ ਥਲ ਵਿਚ ਉਸੇ ਪ੍ਰਭੂ ਦਾ ਪ੍ਰਭਾਵ ਹੈ ਤੇ ਉਹ ਹਰ ਜੀਵ ਦੇ ਅੰਗ ਸੰਗ ਰਹਿਣ ਵਾਲਾ ਸਾਥੀ ਹੈ ॥ ੬ ॥ ੨੩੬ ॥

**ਜਿਹ ਜਾਤ ਪਾਤ ਨਹੀ ਭੇਦ ਭਰਮ ॥ ਜਿਹ ਰੰਗ ਰੂਪ ਨਹੀ ਏਕ ਧਰਮ ॥**
**ਜਿਹ ਸ਼ੱਤ੍ਰ ਮਿੱਤ੍ਰ ਦੋਊ ਏਕ ਸਾਰ ॥ ਅੱਛੈ ਸਰੂਪ ਅਬਿਚਲ ਅਪਾਰ ॥ ੭ ॥ ੨੩੭ ॥**

ਉਸ ਦੀ ਕੋਈ ਜਾਤ ਤੇ ਬਰਾਦਰੀ ਨਹੀਂ, ਨਾ ਹੀ ਉਸ ਨੂੰ ਕੋਈ ਭਰਮ ਭੇਦ ਹੈ। ਉਸ ਦਾ ਕੋਈ ਰੰਗ ਰੂਪ ਨਹੀਂ, ਉਸ ਦਾ ਕੋਈ ਇਕ ਧਰਮ ਨਹੀਂ। ਉਸ ਲਈ ਵੈਰੀ ਤੇ ਮਿੱਤ੍ਰ ਦੋਵੇਂ ਇਕੋ ਜਿਹੇ ਹਨ। ਉਹ ਨਾਸ ਰਹਿਤ, ਅਬਿਚਲ ਅਚਲ ਤੇ ਪਾਰਾਵਾਰ ਰਹਿਤ ਸਰੂਪ ਵਾਲਾ ਹੈ ॥ ੭ ॥ ੨੩੭ ॥

**ਜਾਨੀ ਨ ਜਾਇ ਜਿਹ ਰੂਪ ਰੇਖ ॥ ਕਹਿ ਬਾਸ ਤਾਸ ਕਹਿ ਕਉਨ ਭੇਖ ॥**
**ਕਹਿ ਨਾਮ ਤਾਸ ਹੈ ਕਵਨ ਜਾਤ ॥ ਜਿਹ ਸ਼ੱਤ੍ਰ ਮਿੱਤ੍ਰ ਨਹੀ ਪੁੱਤ੍ਰ ਭ੍ਰਾਤ ॥ ੮ ॥ ੨੩੮ ॥**

ਉਸ ਪ੍ਰਭੂ ਦਾ ਕੋਈ ਰੂਪ ਰੇਖ ਨਹੀਂ ਜਾਣਿਆ ਜਾਂਦਾ। ਉਸ ਦਾ ਨਿਵਾਸ ਕਿਥੇ ਹੈ ਤੇ ਉਸ ਦਾ ਭੇਸ ਕੀ ਹੈ? ਉਸ ਦਾ ਨਾਮ ਕੀ ਹੈ? ਤੇ ਉਸਦੀ ਜਾਤ ਕੀ ਹੈ? ਇਸ ਬਾਰੇ ਕੋਈ ਨਹੀਂ ਜਾਣਦਾ। ਉਸ ਦਾ ਕੋਈ ਵੈਰੀ ਤੇ ਮਿੱਤਰ ਨਹੀਂ ਤੇ ਨਾ ਹੀ ਉਸਦਾ ਦਾ ਕੋਈ ਪੁੱਤਰ ਤੇ ਭਰਾ ਆਦਿ ਸਬੰਧੀ ਹੈ॥ ੮॥੨੩੮॥

**ਕਰੁਣਾਨਿਧਾਨ ਕਾਰਣ ਸਰੂਪ॥ ਜਿਹ ਚੱਕ੍ਰ ਚਿਹਨ ਨਹੀ ਰੰਗ ਰੂਪ॥**
**ਜਿਹ ਖੇਦ ਭੇਖ ਨਹੀ ਕਰਮ ਕਾਲ॥ ਸਭ ਜ਼ੀਵ ਜੰਤ ਕੀ ਕਰਤ ਪਾਲ॥ ੯॥ ੨੩੯॥**

ਉਹ ਪਰਮੇਸ਼ਰ ਕਿਰਪਾ ਦਾ ਖਜ਼ਾਨਾ ਤੇ ਸਭ ਕਾਰਨਾਂ ਦਾ ਕਰਤਾ ਸਰੂਪ ਹੈ। ਉਸ ਦਾ ਕੋਈ ਚੱਕ੍ਰ ਚਿਹਨ ਨਹੀਂ ਤੇ ਨਾ ਹੀ ਕੋਈ ਰੰਗ ਤੇ ਰੂਪ ਹੈ। ਉਸ ਨੂੰ ਕੋਈ ਖੇਦ ਭੇਦ ਨਹੀਂ ਤੇ ਨਾ ਹੀ ਉਸ ਨੂੰ ਕਾਲ ਦਾ ਕੋਈ ਕਰਮ-ਚੱਕ੍ਰ ਹੈ। ਉਹ ਸ੍ਰਿਸ਼ਟੀ ਦੇ ਸਭ ਜੀਅ ਜੰਤ ਦੀ ਪਾਲਣਾ ਕਰਦਾ ਹੈ॥ ੯॥੨੩੯॥

**ਉਰਧੰ ਬਿਰਹਤ ਸਿੱਧੰ ਸਰੂਪ॥ ਬੁੱਧੰ ਅਪਾਲ ਜੁੱਧੰ ਅਨੂਪ॥**
**ਜਿਹ ਰੂਪ ਰੇਖ ਨਹੀ ਰੰਗ ਰਾਗ॥ ਅਨਛਿੱਜ ਤੇਜ ਅਨਭਿੱਜ ਅਦਾਗ॥ ੧੦॥ ੨੪੦॥**

ਉਹ ਪ੍ਰਭੂ ਹਉਮੈ ਤੋਂ ਰਹਿਤ ਹੈ ਤੇ ਕਲਿਆਣ ਸਰੂਪ ਹੈ। ਉਸ ਦੀ ਬੁੱਧੀ ਬੜੀ ਅਪਾਰ ਹੈ ਤੇ ਉਹ ਜੁੱਧ ਕਰਨ ਵਿਚ ਬੇਮਿਸਾਲ ਜੋਧਾ ਹੈ। ਉਸਦਾ ਕੋਈ ਰੂਪ ਰੇਖ ਨਹੀਂ ਤੇ ਨਾ ਹੀ ਕੋਈ ਰੰਗ ਰਾਗ ਹੈ। ਉਸ ਦਾ ਤੇਜ ਨਾ ਛਿੱਜਣ ਵਾਲਾ ਹੈ, ਉਹ ਸਭ ਤੋਂ ਅਨਭਿੱਜ ਭਾਵ ਨਿਰਲੇਪ ਰਹਿੰਦਾ ਹੈ ਤੇ ਉਸ ਨੂੰ ਕੋਈ ਦਾਗ ਜਾਂ ਕਲੰਕ ਨਹੀਂ॥ ੧੦॥੨੪੦॥

**ਜਲ ਥਲ ਮਹੀਪ ਬਨ ਤਨ ਦੁਰੰਤ॥ ਜਿਹ ਨੇਤਿ ਨੇਤਿ ਨਿਸਦਿਨ ਉਚਰੰਤ॥**
**ਪਾਇਓ ਨ ਜਾਇ ਜਿਹ ਪੈਰ ਪਾਰ॥ ਦੀਨਾਨ ਦੋਖ ਦਹਿਤਾ ਉਦਾਰ॥ ੧੧॥ ੨੪੧॥**

ਪਦ ਅਰਥ - ਮਹੀਪ=ਰਾਜਾ। ਬਨ=ਸਮੂਹ।

ਅਕਾਲ ਪੁਰਖ ਜਲਾਂ ਥਲਾਂ ਦਾ ਰਾਜਾ ਹੈ। ਉਹ ਬੇਅੰਤ ਪ੍ਰਭੂ ਸਦਾ ਸਭ ਦੇ ਨਾਲ ਰਹਿੰਦਾ ਹੈ। ਉਸ ਨੂੰ ਸਾਰੇ ਜੀਵ ਸਦਾ ਬੇਅੰਤ ਬੇਅੰਤ ਕਹਿੰਦੇ ਹਨ। ਉਸ ਦਾ ਆਰ ਪਾਰ ਭਾਵ ਪਾਰਾਵਾਰ ਨਹੀਂ ਪਾਇਆ ਜਾ ਸਕਦਾ। ਉਹ ਦੀਨ ਦੁਖੀਆਂ ਦੇ ਦੋਸ਼ਾਂ ਨੂੰ ਸਾੜਨ ਵਾਲਾ ਹੈ ਤੇ ਉਦਾਰ-ਚਿੱਤ ਹੈ॥ ੧੧॥੨੪੧॥

**ਕਈ ਕੋਟ ਇੰਦ੍ਰ ਜਿਹ ਪਾਨਿਹਾਰ॥ ਕਈ ਕੋਟ ਰੁਦ੍ਰ ਜੁਗੀਆ ਦੁਆਰ॥**
**ਕਈ ਬੇਦ ਬਿਆਸ ਬ੍ਰਹਮਾ ਅਨੰਤ॥ ਜਿਹ ਨੇਤਿ ਨੇਤਿ ਨਿਸਦਿਨ ਉਚਰੰਤ॥ ੧੨॥ ੨੪੨॥**

ਉਸ ਪ੍ਰਭੂ ਦਾ ਕਰੋੜਾਂ ਇੰਦਰ ਪਾਣੀ ਭਰਨ ਵਾਲੇ ਹਨ। ਕਈ ਕਰੋੜਾਂ ਸ਼ਿਵ ਉਸ ਦੇ ਦੁਆਰੇ ਤੇ ਜੁੜੇ ਹੋਏ ਹਨ ਭਾਵ ਉਸ ਦੇ ਦਰਬਾਨ ਹਨ। ਕਈ ਵੇਦ ਵਿਆਸ ਤੇ ਕਈ ਬ੍ਰਹਮਾ ਉਸ ਨੂੰ

ਰਾਤ ਦਿਨ ਬੇਅੰਤ ਬੇਅੰਤ ਕਹਿੰਦੇ ਰਹਿੰਦੇ ਹਨ॥੧੨॥੨੪੨॥

## ਤ੍ਵਪ੍ਰਸਾਦਿ॥ ਸਵੈਯੇ॥

**ਦੀਨਨ ਕੀ ਪ੍ਰਤਿਪਾਲ ਕਰੈ ਨਿਤ ਸੰਤ ਉਬਾਰ ਗਨੀਮਨ ਗਾਰੈ॥**
**ਪੱਛ ਪਸੂ ਨਗ ਨਾਗ ਨਰਾਧਿਪ ਸਰਬ ਸਮੈ ਸਭ ਕੋ ਪ੍ਰਤਿਪਾਰੈ॥**
**ਪੋਖਤ ਹੈ ਜਲ ਮੈ ਥਲ ਮੈ ਪਲ ਮੈ ਕਲ ਕੇ ਨਹੀ ਕਰਮ ਬਿਚਾਰੈ॥**
**ਦੀਨ ਦਇਆਲ ਦਇਆਨਿਧਿ ਦੋਖਨ ਦੇਖਤ ਹੈ ਪਰ ਦੇਤ ਨ ਹਾਰੈ॥੧॥੨੪੩॥**

ਉਹ ਅਕਾਲ ਪੁਰਖ ਦੀਨ ਦੁਖੀਆਂ ਦੀ ਸਦਾ ਪਾਲਣਾ ਕਰਦਾ ਹੈ। ਸੰਤਾਂ ਭਗਤਾਂ ਨੂੰ ਦੁਖਾਂ ਕਸ਼ਟਾਂ ਤੋਂ ਬਚਾਉਂਦਾ ਹੈ ਅਤੇ ਭਲੇ ਪੁਰਸ਼ਾਂ ਨੂੰ ਦੁਖ ਦੇਣ ਵਾਲੇ ਦੁਸ਼ਮਣਾਂ ਨੂੰ ਗਰਕ ਕਰਦਾ ਹੈ। ਉਹ ਪੰਛੀਆਂ, ਪਸ਼ੂਆਂ, ਬ੍ਰਿਛਾਂ ਜਾਂ ਪਹਾੜਾਂ, ਸੱਪਾਂ ਤੇ ਰਾਜਿਆਂ ਆਦਿ ਸਭਨਾਂ ਦੀ ਹਰ ਸਮੇਂ ਪਾਲਣਾ ਕਰਦਾ ਹੈ। ਉਹ ਜਲ ਵਿਚ ਤੇ ਥਲ ਭਾਵ ਪ੍ਰਿਥਵੀ ਵਿਚ ਰਹਿਣ ਵਾਲੇ ਜੀਵਾਂ ਦੀ ਪਲ ਪਲ ਭਾਵ ਹਰ ਸਮੇਂ ਪਾਲਣਾ ਕਰਦਾ ਹੈ ਤੇ ਕਿਸੇ ਦੇ ਮੰਦੇ ਚੰਗੇ ਕਰਮਾਂ ਦਾ ਵਿਚਾਰ ਨਹੀਂ ਕਰਦਾ ਭਾਵ ਰੋਜ਼ੀ ਦੇਣ ਲਗਿਆਂ ਕਿਸੇ ਨਾਲ ਵਿਤਕਰਾ ਨਹੀਂ ਕਰਦਾ। ਉਹ ਦੀਨ ਦੁਖੀਆਂ ਤੇ ਦਇਆ ਕਰਨ ਵਾਲਾ ਦਇਆ ਦਾ ਸਮੁੰਦਰ ਹੈ। ਉਹ ਸਾਡੇ ਗੁਨਾਹਾਂ ਨੂੰ ਵੇਖਦਾ ਹੈ, ਪਰ ਰੋਜ਼ੀ ਦੇਣ ਤੋਂ ਹਾਰਦਾ ਨਹੀਂ ਭਾਵ ਕਿਸੇ ਦੋਸ਼ੀ ਨੂੰ ਰਿਜ਼ਕ ਦੇਣਾ ਬੰਦ ਨਹੀਂ ਕਰਦਾ॥੧॥੨੪੩॥

**ਦਾਹਤ ਹੈ ਦੁਖ ਦੋਖਨ ਕੌ ਦਲ ਦੁੱਜਨ ਕੇ ਪਲ ਮੈ ਦਲ ਡਾਰੈ॥**
**ਖੰਡ ਅਖੰਡ ਪ੍ਰਚੰਡ ਪ੍ਰਹਾਰਨਿ ਪੂਰਨ ਪ੍ਰੇਮ ਕੀ ਪ੍ਰੀਤ ਸੰਭਾਰੈ॥**
**ਪਾਰ ਨ ਪਾਇ ਸਕੈ ਪਦਮਾਪਤਿ ਬੇਦ ਕਤੇਬ ਅਭੇਦ ਉਚਾਰੈ॥**
**ਰੋਜ਼ ਹੀ ਰਾਜ ਬਿਲੋਕਤ ਰਾਜਕ ਰੋਖ ਰੂਹਾਨ ਕੀ ਰੋਜੀ ਨ ਟਾਰੈ॥੨॥੨੪੪॥**

ਪਦ ਅਰਥ - ਦੁੱਜਨ=ਬੁਰੇ ਪੁਰਸ਼। ਪਦਮਾਪਤਿ=ਮਾਇਆ ਦਾ ਪਤੀ, ਵਿਸ਼ਨੂੰ।

ਉਹ ਪਰਮਾਤਮਾ ਦੁਖਾਂ ਤੇ ਦੋਸ਼ਾਂ ਨੂੰ ਸਾੜਦਾ ਹੈ ਤੇ ਬੁਰੇ ਪੁਰਸ਼ਾਂ ਦੇ ਦਲਾਂ ਦੇ ਦਲ ਇਕ ਪਲ ਵਿਚ ਨਾਸ ਕਰ ਦੇਂਦਾ ਹੈ। ਜੋ ਨਾ ਖੰਡੇ ਜਾਣ ਵਾਲੇ ਪੁਰਸ਼ ਹਨ, ਉਹਨਾਂ ਨੂੰ ਨਾਸ ਕਰਨ ਵਿਚ ਉਹ ਬਹੁਤ ਤੇਜ਼ ਹੈ ਤੇ ਆਪਣੇ ਪੂਰਨ ਪ੍ਰੇਮੀਆਂ ਦੀ ਪ੍ਰੀਤ ਨੂੰ ਸੰਭਾਲਦਾ ਹੈ। ਉਸ ਪ੍ਰਭੂ ਦਾ ਪਾਰਾਵਾਰ ਵਿਸ਼ਨੂੰ ਵੀ ਨਹੀਂ ਪਾ ਸਕਦਾ ਤੇ ਵੇਦ ਕਤੇਬ ਵੀ ਉਸ ਨੂੰ ਅਭੇਦ ਕਹਿੰਦੇ ਹਨ ਭਾਵ ਉਸ ਦਾ ਭੇਦ ਵੇਦ ਕਤੇਬ ਵੀ ਨਹੀਂ ਪਾ ਸਕਦੇ। ਉਹ ਰਿਜ਼ਕ ਦਾਤਾ ਪ੍ਰਭੂ ਸਾਡੇ ਸਾਰੇ ਰਾਜ਼ ਅਤੇ ਗੁਪਤ ਭੇਦ ਹਰ ਰੋਜ਼ ਵੇਖਦਾ ਹੈ ਪਰ ਸਾਡੇ ਬੁਰੇ ਕਰਮਾ ਨੂੰ ਵੇਖਕੇ ਉਹ ਗੁੱਸੇ ਵਿਚ ਆ ਕੇ ਕਿਸੇ ਜੀਵ ਦੀ ਰੋਜ਼ੀ ਬੰਦ ਨਹੀਂ ਕਰਦਾ॥੨॥੨੪੪॥

**ਕੀਟ ਪਤੰਗ ਕੁਰੰਗ ਭੁਜੰਗਮ ਭੂਤ ਭਵਿੱਖ ਭਵਾਨ ਬਨਾਏ॥**
**ਦੇਵ ਅਦੇਵ ਖਪੇ ਅਹੰਮੇਵ ਨ ਭੇਵ ਲਖਿਓ ਭ੍ਰਮ ਸਿਉ ਭਰਮਾਏ॥**
**ਬੇਦ ਪੁਰਾਨ ਕਤੇਬ ਕੁਰਾਨ ਹਸੇਬ ਥਕੇ ਕਰ ਹਾਥ ਨ ਆਏ॥**
**ਪੂਰਨ ਪ੍ਰੇਮ ਪ੍ਰਭਾਉ ਬਿਨਾ ਪਤਿ ਸਿਉ ਕਿਨ ਸ੍ਰੀ ਪਦਮਾਪਤਿ ਪਾਏ॥ ੩॥ ੨੪੫॥**

ਪਦ ਅਰਥ - ਹਸੇਬ=ਹਿਸਾਬ।

ਉਹ ਪਰਮੇਸ਼ਰ ਕੀੜੇ ਪਤੰਗੇ, ਹਿਰਨ ਤੇ ਸੱਪ ਆਦਿ ਜੀਵਾਂ ਨੂੰ ਬੀਤ ਚੁਕੇ ਸਮੇਂ ਵਿਚ ਵੀ ਬਣਾਉਂਦਾ ਰਿਹਾ ਹੈ, ਅਗੋਂ ਵੀ ਬਣਾਏਗਾ ਤੇ ਵਰਤਮਾਨ ਸਮੇਂ ਵਿਚ ਵੀ ਬਣਾ ਰਿਹਾ ਹੈ। ਦੇਵਤੇ ਤੇ ਦੈਂਤ ਆਪਣੇ ਹੰਕਾਰ ਵਿਚ ਹੀ ਖਪ ਗਏ ਹਨ ਤੇ ਉਸ ਦਾ ਭੇਦ ਕਿਸੇ ਨੇ ਵੀ ਨਹੀਂ ਜਾਣਿਆ, ਪ੍ਰਭੂ ਨੇ ਸਾਰਿਆਂ ਨੂੰ ਭਰਮ ਵਿਚ ਭਰਮਾ ਰਖਿਆ ਹੈ। ਹਿੰਦੂਆ ਦੇ ਵੇਦ ਸ਼ਾਸਤਰ ਤੇ ਪੁਰਾਨ ਤੇ ਮੁਸਲਮਾਨਾਂ ਦੀਆਂ ਕਤੇਬਾਂ ਤੇ ਕੁਰਾਨ ਆਦਿ ਧਰਮ ਗ੍ਰੰਥ ਸਭ ਉਸ ਪਰਮਾਤਮਾ ਦਾ ਲੇਖਾ ਕਰ ਕਰਕੇ ਥਕ ਗਏ ਹਨ, ਪਰ ਉਸ ਦਾ ਭੇਦ ਕਿਸੇ ਦੇ ਹੱਥ ਨਹੀਂ ਆਇਆ। ਅਕਾਲ ਪੁਰਖ ਦੇ ਪੂਰਨ ਪ੍ਰੇਮ ਦੇ ਪ੍ਰਭਾਵ ਤੋਂ ਬਿਨਾਂ ਕਿਸ ਨੇ ਉਸ ਸ਼ੋਭਨੀਕ ਮਾਇਆ ਦੇ ਪਤੀ ਪ੍ਰਭੂ ਨੂੰ ਮਾਨ ਨਾਲ ਪ੍ਰਾਪਤ ਕੀਤਾ ਹੈ? ਭਾਵ ਪੂਰਨ ਪ੍ਰੇਮ ਤੋਂ ਬਿਨਾਂ ਪ੍ਰਭੂ ਦੀ ਪ੍ਰਾਪਤੀ ਨਹੀਂ ਹੋ ਸਕਦੀ॥ ੩॥ ੨੪੫॥

**ਆਦਿ ਅਨੰਤ ਅਗਾਧ ਅਦ੍ਵੈਖ ਸੁ ਭੂਤ ਭਵਿੱਖ ਭਵਾਨ ਅਭੈ ਹੈ॥**
**ਅੰਤਿ ਬਿਹੀਨ ਅਨਾਤਮ ਆਪ ਅਦਾਗ ਅਦੋਖ ਅਛਿੱਦ੍ਰ ਅੱਛੈ ਹੈ॥**
**ਲੋਗਨ ਕੇ ਕਰਤਾ ਹਰਤਾ ਜਲ ਮੈ ਥਲ ਮੈ ਭਰਤਾ ਪ੍ਰਭ ਵੈ ਹੈ॥**
**ਦੀਨ ਦਇਆਲ ਦਇਆ ਕਰ ਸ੍ਰੀ ਪਤਿ ਸੁੰਦਰ ਸ੍ਰੀ ਪਦਮਾਪਤਿ ਵੈ ਹੈ॥ ੪॥ ੨੪੬॥**

ਉਹ ਪਰਮੇਸ਼ਰ ਸਭ ਦਾ ਮੁੱਢ ਹੈ, ਬੇਅੰਤ ਹੈ, ਅਥਾਹ ਹੈ ਤੇ ਦ੍ਵੈਸ਼ ਰਹਿਤ ਹੈ। ਉਹ ਭੂਤ ਵਰਤਮਾਨ ਤੇ ਭਵਿੱਖ, ਤਿੰਨਾਂ ਕਾਲਾਂ ਵਿਚ ਡਰ ਰਹਿਤ ਹੈ। ਉਹ ਪ੍ਰਭੂ ਅੰਤ ਤੋਂ ਰਹਿਤ ਹੈ, ਉਹ ਹੋਰ ਜੀਵਾਂ ਵਾਂਗੂੰ ਦੇਹਧਾਰੀ ਜੀਵ ਨਹੀਂ ਕਿਸੇ ਕਲੰਕ ਤੇ ਦੋਸ਼ ਤੋਂ ਰਹਿਤ ਹੈ, ਉਸ ਨੂੰ ਕੋਈ ਕਲੰਕ ਜਾਂ ਐਬ ਨਹੀਂ ਤੇ ਉਸ ਦਾ ਕਦੀ ਨਾਸ ਨਹੀਂ ਹੁੰਦਾ। ਉਹ ਸੰਸਾਰ ਦੇ ਜੀਵਾਂ ਦਾ ਰਚਨਹਾਰ ਤੇ ਨਾਸ ਕਰਨ ਵਾਲਾ ਹੈ। ਉਹ ਜਲ ਵਿਚ ਤੇ ਧਰਤੀ ਦੇ ਵਸਣ ਵਾਲੇ ਜੀਵਾਂ ਦੀ ਪਾਲਣਾ ਕਰਨ ਵਾਲਾ ਪ੍ਰਭੂ ਹੈ। ਉਹ ਅਕਾਲ ਪੁਰਖ ਦੀਨਾਂ ਦੁਖੀਆਂ ਲਈ ਦਿਆਲੂ ਤੇ ਦਇਆ ਕਰਨ ਵਾਲਾ ਹੈ। ਉਹ ਜਲ ਵਿਚ ਤੇ ਧਰਤੀ ਤੇ ਵਸਣ ਵਾਲੇ ਜੀਵਾਂ ਦੀ ਪਾਲਣਾ ਕਰਨ ਵਾਲਾ ਪ੍ਰਭੂ ਹੈ॥ ੪॥ ੨੪੬॥

**ਕਾਮ ਨ ਕ੍ਰੋਧ ਨ ਲੋਭ ਨ ਮੋਹ ਨ ਰੋਗ ਨ ਸੋਗ ਨ ਭੋਗ ਨ ਭੈ ਹੈ॥**
**ਦੇਹ ਬਿਹੀਨ ਸਨੇਹ ਸਭੋ ਤਨ ਨੇਹ ਬਿਰਕਤ ਅਗੇਹ ਅੱਛੈ ਹੈ॥**

**ਜਾਨ ਕੋ ਦੇਤ ਅਜਾਨ ਕੋ ਦੇਤ ਜਮੀਨ ਦੇਤ ਜਮਾਨ ਕੋ ਦੈ ਹੈ॥**
**ਕਾਹੇ ਕੋ ਡੋਲਤ ਹੈ ਤੁਮਰੀ ਸੁਧ ਸੁੰਦਰ ਸ੍ਰੀ ਪਤਮਾਪਤਿ ਲੈ ਹੈ॥ ੫ ॥ ੨੪੭ ॥**

ਪਦ ਅਰਥ - ਜਾਨ=ਚੇਤਨ। ਅਜਾਨ=ਜੜ੍ਹ।

ਉਸ ਪ੍ਰਭੂ ਨੂੰ ਕਾਮ ਵਾਸ਼ਨਾ ਨਹੀਂ, ਗੁੱਸਾ ਨਹੀਂ, ਲਾਲਚ ਨਹੀਂ, ਮੋਹ ਨਹੀਂ। ਉਸ ਨੂੰ ਨਾ ਰੋਗ ਹੈ, ਨਾ ਸੋਗ ਹੈ, ਨਾ ਭੋਗ ਹੈ ਤੇ ਨਾ ਹੀ ਕਿਸੇ ਦਾ ਡਰ ਹੈ। ਉਹ ਪਰਮੇਸ਼ਰ ਸਰੀਰ ਤੋਂ ਰਹਿਤ ਹੈ, ਸਭ ਜੀਵਾਂ ਨਾਲ ਉਸਦਾ ਇਕੋ ਜਿਹਾ ਪ੍ਰੇਮ ਹੈ। ਉਹ ਕਿਸੇ ਦੀ ਨੇਹ ਪਕੜ ਵਿਚ ਨਹੀਂ, ਉਸ ਦਾ ਕੋਈ ਘਰ ਨਹੀਂ ਤੇ ਉਹ ਨਾਸ ਰਹਿਤ ਹੈ। ਉਹ ਪ੍ਰਭੂ ਚੇਤਨ ਪ੍ਰਾਣਧਾਰੀ ਜੀਵਾਂ ਨੂੰ ਰੋਜ਼ੀ ਦਿੰਦਾ ਹੈ ਓਥੇ ਮੂਰਖਾਂ ਨੂੰ ਵੀ ਰਿਜ਼ਕ ਦੇਂਦਾ ਹੈ, ਧਰਤੀ ਤੇ ਨਿਵਾਸ ਕਰਨ ਵਾਲੀਆਂ ਤੇ ਅਕਾਸ਼ ਵਿਚ ਰਹਿਣ ਵਾਲਿਆਂ ਜੀਵਾਂ ਨੂੰ ਵੀ ਰਿਜ਼ਕ ਦੇਂਦਾ ਹੈ। ਇਸ ਲਈ ਹੇ ਜੀਵ! ਤੂੰ ਕਿਉਂ ਡਾਵਾਂ ਡੋਲ ਹੁੰਦਾ ਹੈਂ? ਤੇਰੀ ਸੁਧ ਸਾਰ ਵੀ ਉਹ ਸੁੰਦਰ ਤੇ ਮਾਇਆ ਦਾ ਸੁਆਮੀ ਪ੍ਰਭੂ ਲਵੇਗਾ॥ ੫ ॥ ੨੪੭ ॥

**ਰੋਗਨ ਤੇ ਅਰ ਸੋਗਨ ਤੇ ਜਲ ਜੋਗਨ ਤੇ ਬਹੁ ਭਾਂਤਿ ਬਚਾਵੈ॥**
**ਸ਼ੱਤ੍ਰ ਅਨੇਕ ਚਲਾਵਤ ਘਾਵ ਤਊ ਤਨ ਏਕ ਨ ਲਾਗਨ ਪਾਵੈ॥**
**ਰਾਖਤ ਹੈ ਅਪਨੋ ਕਰ ਦੈ ਕਰ ਪਾਪ ਸੰਬੂਹ ਨ ਭੇਟਨ ਪਾਵੈ॥**
**ਔਰ ਕੀ ਬਾਤ ਕਹਾ ਕਹ ਤੋ ਸੌਂ ਸੁ ਪੇਟ ਹੀ ਕੇ ਪਟ ਬੀਚ ਬਚਾਵੈ॥ ੬ ॥ ੨੪੮**

ਉਹ ਪਰਮੇਸ਼ਰ ਸਭ ਜੀਵਾਂ ਨੂੰ ਰੋਗਾਂ, ਸੋਗਾਂ ਤੇ ਜਲ ਦੇ ਮਗਰਮੱਛ ਆਦਿ ਜੀਵਾਂ ਤੋਂ ਕਈ ਤਰੀਕਿਆਂ ਨਾਲ ਬਚਾਉਂਦਾ ਹੈ। ਦੁਸ਼ਮਨ ਕਈ ਤਰ੍ਹਾਂ ਦੇ ਦਾਵ ਘਾਵ ਚਲਾਉਂਦਾ ਹੈ, ਪਰ ਜੇ ਉਸਦੀ ਮਿਹਰ ਦੀ ਨਿਗ੍ਹਾ ਹੋਵੇ ਤਾਂ ਸਰੀਰ ਤੇ ਇਕ ਵੀ ਜ਼ਖਮ ਨਹੀਂ ਲੱਗ ਸਕਦਾ। ਉਹ ਆਪਣੇ ਸੇਵਕਾਂ ਨੂੰ ਆਪਣਾ ਮਿਹਰ ਭਰਿਆ ਹਥ ਦੇ ਕੇ ਰਖਦਾ ਹੈ। ਉਸਦੇ ਸੇਵਕ ਨੂੰ ਅਨੇਕਾਂ ਪਾਪਾਂ ਵਿਚੋਂ ਇਕ ਪਾਪ ਵੀ ਨਹੀਂ ਛੋਹ ਸਕਦਾ। ਹੋਰ ਕਿਸੇ ਦੀ ਗੱਲ ਤੁਹਾਨੂੰ ਕੀ ਦੱਸਾਂ? ਉਹ ਪ੍ਰਭੂ ਤਾਂ ਬੱਚੇ ਨੂੰ ਮਾਂ ਦੇ ਪੇਟ ਦੇ ਪੜਦੇ ਵਿਚ ਪਏ ਦੀ ਵੀ ਰਖਿਆ ਕਰਦਾ ਹੈ॥ ੬॥ ੨੪੮॥

**ਜੱਛ ਭੁਜੰਗ ਸੁ ਦਾਨਵ ਦੇਵ ਅਭੇਵ ਤੁਮੈ ਸਭ ਹੀ ਕਰ ਧਿਆਵੈਂ॥**
**ਭੂਮਿ ਅਕਾਸ ਪਤਾਲ ਰਸਾਤਲ ਜੱਛ ਭੁਜੰਗ ਸਭੈ ਸਿਰ ਨਿਆਵੈਂ॥**
**ਪਾਇ ਸਕੈ ਨਹੀ ਪਾਰ ਪ੍ਰਭਾ ਹੂ ਕੋ ਨੇਤ ਹੀ ਨੇਤਹ ਬੇਦ ਬਤਾਵੈਂ॥**
**ਖੋਜ ਥਕੇ ਸਭ ਹੀ ਖੁਜੀਆ ਸੁਰ ਹਾਰ ਪਰੇ ਹਰਿ ਹਾਥ ਨ ਆਵੈਂ॥ ੭ ॥ ੨੪੯ ॥**

ਹੇ ਅਕਾਲ ਪੁਰਖ! ਜੱਛ, ਸੱਪ, ਦੇਵਤੇ ਤੇ ਦੈਂਤ ਆਦਿ ਤੈਨੂੰ ਅਭੇਵ ਬੇਅੰਤ ਬੇਅੰਤ ਕਹਿਕੇ ਸਿਮਰਦੇ ਹਨ। ਪ੍ਰਿਥਵੀ, ਅਕਾਸ਼ ਤੇ ਪਤਾਲ ਵਿਚ ਵਸਣ ਵਾਲੇ ਜੱਛ, ਸੱਪ ਆਦਿ ਜੀਵ ਸਭ ਤੇਰੇ

ਅੱਗੇ ਸਿਰ ਨਿਵਾਕੇ ਨਮਸ਼ਕਾਰਾਂ ਕਰਦੇ ਹਨ। ਹੇ ਪ੍ਰਭੂ! ਤੇਰੀ ਪ੍ਰਭਾ ਵਡਿਆਈ ਦਾ ਕੋਈ ਅੰਤ ਨਹੀ ਪਾ ਸਕਦਾ। ਵੇਦ ਵੀ ਤੈਨੂੰ ਬੇਅੰਤ ਬੇਅੰਤ ਕਹਿੰਦੇ ਹਨ। ਸਭ ਵਡੇ ਵਡੇ ਦੇਵਤੇ ਖੋਜ ਕਰਦੇ ਕਰਦੇ ਹਾਰ ਗਏ ਹਨ, ਪਰ ਉਹ ਹਰੀ ਕਿਸੇ ਦੇ ਹਥ ਨਹੀਂ ਆਇਆ ਭਾਵ ਉਸ ਦਾ ਅੰਤ ਪਾਉਣ ਲਈ ਰਿਸ਼ੀ, ਮੁਨੀ, ਜੋਗੀ, ਦੇਵਤੇ ਤੇ ਦੈਂਤ ਆਦਿ ਯਤਨ ਕਰਕੇ ਹਾਰ ਗਏ ਹਨ, ਪਰ ਉਸ ਦਾ ਅੰਤ ਕਿਸੇ ਨੂੰ ਨਹੀਂ ਲੱਭਾ॥੭॥੨੪੯॥

**ਨਾਰਦ ਸੇ ਚਤੁਰਾਨਨ ਸੇ ਰੁਮਨਾ ਰਿਖ ਸੇ ਸਭਹੂੰ ਮਿਲਿ ਗਾਇਓ॥**
**ਬੇਦ ਕਤੇਬ ਨ ਭੇਦ ਲਖਿਓ ਸਭ ਹਾਰਿ ਪਰੇ ਹਰਿ ਹਾਥ ਨ ਆਇਓ॥**
**ਪਾਇ ਸਕੈ ਨਹੀ ਪਾਰ ਉਮਾਪਤਿ ਸਿੱਧ ਸਨਾਥ ਸਨੰਤਨ ਧਿਆਇਓ॥**
**ਧਿਆਨ ਧਰੋ ਤਿਹ ਕੋ ਮਨ ਮੈ ਜਿਹ ਕੋ ਅਮਿਤੋਜੁ ਸਭੈ ਜਗ ਛਾਇਓ॥ ੮॥ ੨੫੦॥**

ਪਦ ਅਰਥ - ਉਮਾਪਤਿ=ਪਾਰਬਤੀ ਦਾ ਸੁਆਮੀ, ਸ਼ਿਵ ਜੀ।

ਹੇ ਪਰਮ ਪੁਰਖ ਪਰਮਾਤਮਾ! ਨਾਰਦ ਵਰਗੇ ਮੁਨੀਆਂ ਨੇ, ਬ੍ਰਹਮਾ ਵਰਗੇ ਵੇਦ ਰਚਤਾ ਤੇ ਰੁਮਨਾ ਸੂਤ ਰਿਖੀ ਵਰਗਿਆਂ ਵਿਦਵਾਨਾਂ ਨੇ ਤੇਰੇ ਜਸ ਨੂੰ ਮਿਲ ਕੇ ਗਾਇਆ ਹੈ। ਵੇਦਾਂ ਕਤੇਬਾਂ ਦਾ ਪਾਠ ਕਰਨ ਵਾਲਿਆਂ ਨੇ ਪ੍ਰਭੂ ਦੇ ਭੇਦ ਨੂੰ ਨਹੀਂ ਜਾਣਿਆਂ। ਸਭ ਢੂੰਡਦੇ ਢੂੰਡਦੇ ਹਾਰ ਗਏ, ਪਰ ਉਹ ਹਰੀ ਕਿਸੇ ਦੇ ਹੱਥ ਨਹੀਂ ਆਇਆ। ਉਸ ਪ੍ਰਭੂ ਦਾ ਸ਼ਿਵ ਜੀ ਅੰਤ ਨਹੀਂ ਪਾ ਸਕਿਆ, ਸਿੱਧ, ਨਾਥ, ਬ੍ਰਹਮਾ ਤੇ ਵਿਸ਼ਨੂੰ ਵੀ ਉਸ ਪ੍ਰਭੂ ਦਾ ਸਿਮਰਨ ਕਰਦੇ ਹਨ। ਹੇ ਪਿਆਰਿਓ! ਉਸ ਪ੍ਰਭੂ ਦਾ ਧਿਆਨ ਆਪਣੇ ਹਿਰਦੇ ਵਿਚ ਧਾਰਨ ਕਰੋ, ਜਿਸ ਦਾ ਅਥਾਹ ਬਲ ਸਾਰੇ ਜਗਤ ਵਿਚ ਛਾਇਆ ਹੋਇਆ ਹੈ॥੮॥੨੫੦॥

**ਬੇਦ ਪੁਰਾਨ ਕਤੇਬ ਕੁਰਾਨ ਅਭੇਦ ਨ੍ਰਿਪਾਨ ਸਭੈ ਪਚ ਹਾਰੇ॥**
**ਭੇਦ ਨ ਪਾਇ ਸਕਿਓ ਅਨਭੇਦ ਕੋ ਖੇਦਤ ਹੈ ਅਨਛੇਦ ਪੁਕਾਰੇ॥**
**ਰਾਗ ਨ ਰੂਪ ਨ ਰੇਖ ਨ ਰੰਗ ਨ ਸਾਕ ਨ ਸੋਗ ਨ ਸੰਗਿ ਤਿਹਾਰੇ॥**
**ਆਦਿ ਅਨਾਦਿ ਅਗਾਧ ਅਭੇਖ ਅਦ੍ਵੈਖ ਜਪਿਓ ਤਿਨ ਹੀ ਕੁਲ ਤਾਰੇ॥ ੯॥ ੨੫੧॥**

ਵੇਦਾਂ ਪੁਰਾਣਾਂ ਨੂੰ ਮੰਨਣ ਵਾਲੇ ਹਿੰਦੂ, ਕਤੇਬਾਂ ਤੇ ਕੁਰਾਨ ਆਦਿ ਪੜ੍ਹਨ ਵਾਲੇ ਮੁਸਲਮਾਨ ਤੇ ਬੜੇ ਬੜੇ ਧਨਾਢ ਉਸ ਦਾ ਅੰਤ ਨਹੀਂ ਪਾ ਸਕੇ। ਸਾਰੇ ਹੀ ਉਸ ਨੂੰ ਖੋਜ ਖੋਜ ਕੇ ਹਾਰ ਗਏ ਹਨ। ਉਸ ਭੇਦ ਰਹਿਤ ਵਾਹਿਗੁਰੂ ਦੇ ਭੇਦ ਨੂੰ ਕੋਈ ਨਹੀਂ ਜਾਣ ਸਕਿਆ। ਬੜੇ ਬੜੇ ਤਪੱਸਵੀ ਕਸ਼ਟ ਸਹਿਕੇ ਉਸ ਨਾ ਛੇਦੇ ਜਾਣ ਵਾਲੇ ਈਸ਼ੁਰ ਦਾ ਜਾਪ ਕਰ ਰਹੇ ਹਨ। ਉਸ ਪਰਮੇਸ਼ਰ ਦਾ ਕਿਸੇ ਨਾਲ ਮੋਹ ਨਹੀਂ, ਉਸ ਦਾ ਕੋਈ ਰੂਪ, ਰੇਖ ਤੇ ਰੰਗ ਨਹੀਂ, ਉਸ ਦਾ ਕੋਈ ਸਾਕ ਸਬੰਧੀ ਨਹੀਂ, ਜਿਸ ਨੂੰ ਕੋਈ ਸੋਗ ਨਹੀਂ। ਹੇ ਪਿਆਰਿਓ! ਉਹ ਅਕਾਲ ਪੁਰਖ ਸਦਾ ਤੁਹਾਡੇ ਅੰਗ ਸੰਗ

ਵਸਦਾ ਹੈ। ਉਹ ਸਭ ਦਾ ਮੂਲ ਮੁੱਢ ਹੈ, ਜੋ ਅਨਾਦੀ ਹੈ ਭਾਵ ਜਿਸ ਦੇ ਅਰੰਭ ਦਾ ਕਿਸੇ ਨੂੰ ਪਤਾ ਨਹੀਂ, ਜੋ ਅਤਿ ਡੂੰਘਾ ਹੈ ਤੇ ਜਿਸ ਦਾ ਕੋਈ ਭੇਖ ਲਿਬਾਸ ਨਹੀਂ, ਉਹ ਦ੍ਵੈਤ ਰਹਿਤ ਹੈ, ਉਸ ਪ੍ਰਭੂ ਨੂੰ ਜਿਸ ਜਿਸ ਨੇ ਵੀ ਜਪਿਆ ਹੈ, ਉਹ ਆਪ ਵੀ ਤਰ ਗਿਆ ਹੈ ਤੇ ਉਸ ਨੇ ਆਪਣੀ ਕੁਲ ਦਾ ਉਧਾਰ ਵੀ ਕਰ ਦਿੱਤਾ ਹੈ॥ ੯ ॥ ੨੫੧ ॥

**ਤੀਰਥ ਕੋਟ ਕੀਏ ਇਸਨਾਨ ਦੀਏ ਬਹੁ ਦਾਨ ਮਹਾ ਬ੍ਰਤ ਧਾਰੇ॥**
**ਦੇਸ ਫਿਰਿਓ ਕਰਿ ਭੇਸ ਤਪੋ ਧਨ ਕੇਸ ਧਰੇ ਨ ਮਿਲੇ ਹਰਿ ਪਿਆਰੇ॥**
**ਆਸਨ ਕੋਟ ਕਰੇ ਅਸਟਾਂਗ ਧਰੇ ਬਹੁ ਨਿਆਸ ਕਰੇ ਮੁਖ ਕਾਰੇ॥**
**ਦੀਨ ਦਇਆਲ ਅਕਾਲ ਭਜੇ ਬਿਨੁ ਅੰਤ ਕੋ ਅੰਤ ਕੇ ਧਾਮ ਸਿਧਾਰੇ॥ ੧੦ ॥ ੨੫੨ ॥**

ਜੇ ਕੋਈ ਕਰੋੜਾਂ ਤੀਰਥਾਂ ਦੇ ਇਸ਼ਨਾਨ ਕਰੇ, ਕਈ ਤਰ੍ਹਾਂ ਦੇ ਦਾਨ ਕਰੇ ਤੇ ਵਡੇ ਵਡੇ ਬ੍ਰਤ ਰਖਦਾ ਹੋਵੇ। ਜੇ ਕੋਈ ਤਪੱਸਵੀ ਦਾ ਭੇਸ ਧਾਰਨ ਕਰਕੇ ਦੇਸਾਂ ਦੇਸਾਂਤਰਾਂ ਵਿਚ ਫਿਰਦਾ ਰਹੇ ਤੇ ਸਿਰ ਵਿਚ ਸਵਾਹ ਪਾ ਕੇ ਜੜਾਵਾਂ ਵਧਾ ਲਵੇ, ਉਹ ਇਹਨਾਂ ਕਰਮਾਂ ਦੇ ਕਰਨ ਨਾਲ ਵੀ ਉਸ ਪ੍ਰਭੂ ਨੂੰ ਨਹੀਂ ਮਿਲ ਸਕੇਗਾ। ਜੇ ਕੋਈ ਕਰੋੜਾਂ ਤਰ੍ਹਾਂ ਦੇ ਆਸਨ ਕਰੇ, ਯੋਗੀਆਂ ਦੇ ਦੱਸੇ ਯੋਗ ਦੇ ਅੱਠ ਅੰਗ ਯਮ, ਨਿਯਮ, ਆਸਨ, ਪ੍ਰਣਾਯਾਮ, ਪ੍ਰਤਜਾਹਾਰ, ਧਾਰਨਾ, ਧਿਆਨ ਤੇ ਸਮਾਧੀ ਧਾਰਨ ਕਰੇ, ਬਹੁਤ ਤਰ੍ਹਾਂ ਦਾ ਅੰਗ ਨਿਆਸ ਅਰਪਣ ਕਰੇ ਤੇ ਮਸਤਾਨਾ ਦੀਵਾਨਾ ਬਣਕੇ ਮੂੰਹ ਕਾਲਾ ਕਰਕੇ ਫਿਰੇ। ਉਨ੍ਹਾਂ ਅਨੇਕਾਂ ਕਰਮਾਂ ਦੇ ਬਾਵਜੂਦ ਦੀਨਾਂ ਦੁਖੀਆਂ ਤੇ ਦਇਆ ਕਰਨ ਵਾਲੇ ਅਕਾਲ ਪੁਰਖ ਦਾ ਸਿਮਰਨ ਕੀਤੇ ਬਿਨਾਂ ਉਹ ਅੰਤ ਨੂੰ ਜਮਰਾਜ ਦੇ ਘਰ ਵਿਚ ਜਾਵੇਗਾ ਭਾਵ ਫੋਕਟ ਕਰਮ ਕਰਨ ਨਾਲ ਮੁਕਤੀ ਪ੍ਰਾਪਤ ਨਹੀਂ ਹੁੰਦੀ, ਸਗੋਂ ਨਰਕਾਂ ਵਿਚ ਵਾਸਾ ਮਿਲਦਾ ਹੈ॥ ੧੦ ॥ ੨੫੨ ॥

## ਤ੍ਵਪ੍ਰਸਾਦਿ ॥ ਕਬਿੱਤ ॥

**ਅੱਤ੍ਰ ਕੇ ਚਲੱਯਾ ਛਿਤ ਛੱਤ੍ਰ ਕੇ ਧਰੱਯਾ**
**ਛਤ੍ਰਧਾਰੀਓਂ ਕੋ ਛਲੱਯਾ ਮਹਾਂ ਸ਼ੱਤ੍ਰਨ ਕੇ ਸਾਲ ਹੈਂ॥**
**ਦਾਨ ਕੇ ਦਿਵੱਯਾ ਮਹਾ ਮਾਨ ਕੇ ਬਢੱਯਾ**
**ਅਵਸਾਨ ਕੇ ਦਿਵੱਯਾ ਹੈਂ ਕਟੱਯਾ ਜਮਜਾਲ ਹੈਂ॥**
**ਜੁੱਧ ਕੇ ਜਿਤੱਯਾ ਔ ਬਿਰੁੱਧ ਕੇ ਮਿਟੱਯਾ**
**ਮਹਾਂ ਬੁੱਧ ਕੇ ਦਿਵੱਯਾ ਮਹਾਂ ਮਾਨ ਹੂੰ ਕੇ ਮਾਨ ਹੈਂ॥**
**ਗਿਆਨ ਹੂੰ ਕੇ ਗਿਆਤਾ ਮਹਾਂ ਬੁੱਧਤਾ ਕੇ ਦਾਤਾ ਦੇਵ**

**ਕਾਲ ਹੂੰ ਕੇ ਕਾਲ ਮਹਾਂ ਕਾਲ ਹੂੰ ਕੇ ਕਾਲ ਹੈਂ॥੧॥੨੫੩॥**

ਪਦ ਅਰਥ - ਮਹਾਂ ਕਾਲ=ਸ਼ਿਵ ਜੀ

ਉਹ ਪ੍ਰਭੂ ਸ਼ਸਤਰਾਂ ਦੇ ਚਲਾਉਣ ਵਾਲਾ ਹੈ, ਇਸ ਪ੍ਰਿਥਵੀ ਤੇ ਵਡੇ ਵਡੇ ਛੱਤ੍ਰ ਧਾਰਨ ਵਾਲੇ ਛੱਤ੍ਰੀ ਰਾਜਿਆਂ ਨੂੰ ਛਲਣ ਵਾਲਾ ਹੈ ਤੇ ਮਹਾਨ ਵੈਰੀਆਂ ਨੂੰ ਨਾਸ ਕਰਨ ਵਾਲਾ ਹੈ। ਉਹ ਅਕਾਲ ਪੁਰਖ ਲੋੜਵੰਦਾਂ ਨੂੰ ਦਾਨ ਦੇਣ ਵਾਲਾ, ਬਹੁਤ ਮਾਨ ਸਤਕਾਰ ਵਧਾਉਂਣ ਵਾਲਾ ਤੇ ਉਦਮ ਬਖਸ਼ਣ ਵਾਲਾ ਹੈ। ਉਹ ਜਮਾਂ ਦੇ ਜਾਲ ਨੂੰ ਕੱਟਣ ਵਾਲਾ ਹੈ। ਉਹ ਪਰਮਾਤਮਾ ਜੁੱਧਾਂ ਨੂੰ ਜਿੱਤਣ ਵਾਲਾ, ਵਿਰੋਧਤਾ ਖਤਮ ਕਰਨ ਵਾਲਾ, ਉਤਮ ਬੁੱਧੀ ਬਖਸ਼ਣ ਵਾਲਾ ਤੇ ਮਹਾਂ ਮਾਨੀਆਂ ਦਾ ਮਾਨ ਹੈ। ਉਹ ਈਸ਼੍ਵਰ ਸਭ ਤਰ੍ਹਾਂ ਦੇ ਗਿਆਨ ਦਾ ਗਿਆਤਾ ਭਾਵ ਜਾਣਨ ਵਾਲਾ ਹੈ, ਉੱਚੀ ਬੁੱਧ ਦਾ ਦਾਤਾ ਹੈ। ਕਾਲ ਨੂੰ ਨਸ਼ਟ ਕਰਨ ਵਾਲਾ ਹੈ ਤੇ ਮਹਾਂ ਕਾਲ ਦਾ ਵੀ ਕਾਲ ਹੈ॥੧॥੨੫੩॥

**ਪੂਰਬੀ ਨ ਪਾਰ ਪਾਵੈ ਹਿੰਗੁਲਾ ਹਿਮਾਲੈ ਧਿਆਵੈ**
**ਗੋਰ ਗਰਦੇਜੀ ਗੁਨ ਗਾਵੈ ਤੇਰੇ ਨਾਮ ਹੈਂ॥**
**ਜੋਗੀ ਜੋਗ ਸਾਧੈ ਪਉਨ ਸਾਧਨਾ ਕਿਤੇਕ ਬਾਧੈ**
**ਆਰਬ ਕੇ ਆਰਬੀ ਅਰਾਧੈ ਤੇਰੇ ਨਾਮ ਹੈਂ॥**
**ਫਰਾ ਕੇ ਫਿਰੰਗੀ ਮਾਨੈ ਕੰਧਾਰੀ ਕੁਰੈਸੀ ਜਾਨੈ**
**ਪੱਛਮ ਕੇ ਪੱਛਮੀ ਪਛਾਨੈ ਨਿਜ ਕਾਮ ਹੈਂ॥**
**ਮਰਹਟਾ ਮਘੇਲੇ ਤੇਰੀ ਮਨ ਸੋਂ ਤਪਸਿਆ ਕਰੈ**
**ਦ੍ਰਿੜਵੈ ਤਿਲੰਗੀ ਪਹਚਾਨੈ ਧਰਮ ਧਾਮ ਹੈਂ॥੨॥੨੫੪॥**

ਹੇ ਅਕਾਲ ਪੁਰਖ ! ਪੂਰਬ ਦੇਸ਼ ਦੇ ਵਸਨੀਕ ਪੂਰਬੀ ਲੋਕ ਤੇਰਾ ਅੰਤ ਨਹੀਂ ਪਾ ਸਕੇ। ਹਿੰਗਲ ਦੇਸ ਵਾਲੇ ਤੇ ਹਿਮਾਲਾ ਪਰਬਤ ਵਿਚ ਵੱਸਣ ਵਾਲੇ ਤੇਰੇ ਜਸ ਦੇ ਗੀਤ ਗਾਉਂਦੇ ਹਨ। ਗੋਰ ਗਰਦੇਸ਼ ਵਾਸੀ ਵੀ ਤੇਰੇ ਨਾਮ ਦੇ ਗੁਣ ਗਾਉਂਦੇ ਹਨ। ਜੋਗੀ ਤੈਨੂੰ ਪ੍ਰਾਪਤ ਕਰਨ ਵਾਸਤੇ ਯੋਗ ਸਾਧਨਾ ਕਰਦੇ ਹਨ ਅਤੇ ਕਈ ਯੋਗੀ ਪ੍ਰਾਣਾਯਾਮ ਕਰਨ ਵਿਚ ਲੱਗੇ ਹੋਏ ਹਨ। ਅਰਬ ਦੇਸ ਦੇ ਵਾਸੀ ਅਰਬੀ ਤੇਰੇ ਨਾਮ ਦੀ ਆਰਧਨਾ ਕਰਦੇ ਹਨ। ਫਰਾਂਸ ਦੇ ਵਾਸੀ ਫਰੰਗੀ ਤੈਨੂੰ ਮੰਨਦੇ ਹਨ, ਕੰਧਾਰ ਦੇਸ਼ ਦੇ ਵਸਨੀਕ ਕੁਰੈਸ਼ੀ ਕੁਲ ਦੇ ਲੋਕ ਤੈਨੂੰ ਸਿਮਰਦੇ ਹਨ। ਪੱਛਮ ਦਿਸ਼ਾ ਵਲ ਰਹਿਣ ਵਾਲੇ ਪੱਛਮੀ ਲੋਕ ਵੀ ਤੇਰੇ ਸਿਮਰਨ ਨੂੰ ਆਪਣਾ ਨਿਜੀ ਕੰਮ ਫਰਜ਼ ਸਮਝਦੇ ਹਨ। ਮਹਾਂਰਾਸ਼ਟਰ ਦੇਸ਼ ਦੇ ਮਰਹੱਟੇ ਤੇ ਮਘਰ ਦੇਸ਼ ਦੇ ਵਸਨੀਕ ਮਘੇਲੇ ਇਕ ਮਨ ਹੋ ਕੇ ਤੇਰੀ ਤਪੱਸਿਆ ਕਰਦੇ ਹਨ। ਦ੍ਰਾਵੜ ਦੇਸ਼ ਤੇ ਤਿਲੰਗ ਦੇਸ਼ ਦੇ ਵਾਸੀ ਤੈਨੂੰ ਧਰਮ ਦਾ ਧਾਮ ਅਸਥਾਨ ਜਾਣਦੇ ਹਨ॥੨॥੨੫੪॥

ਬੰਗ ਕੇ ਬੰਗਾਲੀ ਫਿਰਹੰਗ ਕੇ ਫਿਰੰਗਾ ਵਾਲੀ
ਦਿੱਲੀ ਕੇ ਦਿਲਵਾਲੀ ਤੇਰੀ ਆਗਜਾ ਮੈ ਚਲਤ ਹੈਂ॥
ਰੋਹ ਕੇ ਰੁਹੇਲੇ ਮਾਘੰ ਦੇਸ ਕੇ ਮਘੇਲੇ ਬੀਰ
ਬੰਗਸੀ ਬੁੰਦੇਲੇ ਪਾਪ ਪੁੰਜ ਕੋ ਮਲਤ ਹੈਂ॥
ਗੋਖਾ ਗੁਨ ਗਾਵੈ ਚੀਨ ਮਚੀਨ ਕੇ ਸੀਸ ਨਯਾਵੈ
ਤਿਬਤੀ ਧਿਆਇ ਦੋਖ ਦੇਹ ਕੇ ਦਲਤ ਹੈਂ॥
ਜਿਨੈ ਤੋਹਿ ਧਿਆਇਓ ਤਿਨੈ ਪੂਰਨ ਪ੍ਰਤਾਪ ਪਾਇਓ
ਸਰਬ ਧਨ ਧਾਮ ਫਲ ਫੂਲ ਸੋਂ ਫਲਤ ਹੈਂ॥ ੩ ॥ ੨੫੫ ॥

ਹੇ ਪਰਮ ਪੁਰਖ ਪ੍ਰਭੂ ! ਬੰਗਾਲ ਦੇਸ਼ ਦੇ ਬੰਗਾਲੀ, ਫਿਰੰਗਸਤਾਨ ਦੇ ਫਿਰੰਗੀ ਤੇ ਦਿੱਲੀ ਦੇ ਵਾਸੀ ਦਿਲਵਾਲੀ ਸਭ ਤੇਰੇ ਹੁਕਮ ਵਿਚ ਚਲਦੇ ਹਨ। ਰੁਹੇਲ ਖੰਡ ਦੇ ਰੁਹੇਲੇ, ਮਾਗਧ ਦੇਸ਼ ਦੇ ਬਹਾਦਰ ਮਘੇਲੇ, ਬੰਗਲ ਦੇਸ਼ ਦੇ ਬੰਗਸੀ ਤੇ ਬੁੰਦੇਲ ਖੰਡ ਦੇ ਬੁੰਦੇਲੇ ਤੇਰੇ ਨਾਮ ਦਾ ਸਿਮਰਨ ਕਰਕੇ ਆਪਣੇ ਸਮੂਹ ਪਾਪਾਂ ਨੂੰ ਨਾਸ ਕਰਦੇ ਹਨ। ਨੈਪਾਲ ਦੇਸ਼ ਦੇ ਗੋਰਖੇ, ਚੀਨ ਦੇਸ਼ ਦੇ ਚੀਨੀ ਤੇ ਮਾਨਚਰੀਆ ਦੇਸ਼ ਦੇ ਵਾਸੀ ਤੇਰੇ ਅਗੇ ਸੀਸ ਨਿਵਾਉਂਦੇ ਹਨ। ਤਿੱਬਤ ਦੇ ਵਾਸੀ ਵੀ ਤੈਨੂੰ ਸਿਮਰਕੇ ਆਪਣੇ ਤਨ ਮਨ ਦੇ ਦੋਸ਼ਾਂ ਨੂੰ ਨਵਿਰਤ ਕਰਦੇ ਹਨ। ਹੇ ਪ੍ਰਭੂ ਜਿਸ ਪੁਰਸ਼ ਨੇ ਵੀ ਤੈਨੂੰ ਸਿਮਰਿਆ ਹੈ, ਉਸ ਨੇ ਹੀ ਪੂਰਨ ਪ੍ਰਤਾਪ ਵਡਿਆਈ ਪ੍ਰਾਪਤ ਕੀਤੀ ਹੈ। ਉਸ ਦਾ ਘਰ ਹਰ ਤਰ੍ਹਾਂ ਦੀ ਸੰਪਤੀ ਤੇ ਫਲ ਫੁਲ ਨਾਲ ਭਰਪੂਰ ਹੋ ਜਾਂਦਾ ਹੈ॥ ੩ ॥ ੨੫੫ ॥

ਦੇਵ ਦੇਵਤਾਨ ਕੌ ਸੁਰੇਸ ਦਾਨਵਾਨ ਕੌ
ਮਹੇਸ ਗੰਗਧਾਨ ਕੌ ਅਭੇਸ ਕਹੀਅਤੁ ਹੈਂ॥
ਰੰਗ ਮੈ ਰੰਗੀਨ ਰਾਗ ਰੂਪ ਮੈ ਪ੍ਰਬੀਨ
ਔਰ ਕਾਹੂ ਪੈ ਨ ਦੀਨ ਸਾਧ ਅਧੀਨ ਕਹੀਅਤੁ ਹੈਂ॥
ਪਾਈਐ ਨ ਪਾਰ ਤੇਜ ਪੁੰਜ ਮੈ ਅਪਾਰ
ਸਰਬ ਬਿਦਜਾ ਕੇ ਉਦਾਰ ਹੈਂ ਅਪਾਰ ਕਹੀਅਤੁ ਹੈਂ॥
ਹਾਥੀ ਕੀ ਚਿੰਘਾਰ ਪਲ ਪਾਛੈ ਪਹੁਚਤ ਤਾਹਿ
ਚੀਟੀ ਕੀ ਪੁਕਾਰ ਪਹਿਲੇ ਹੀ ਸੁਨੀਅਤੁ ਹੈ॥ ੪ ॥ ੨੫੬ ॥

ਪਦ ਅਰਥ - ਦੇਵਤਾਰ-ਬ੍ਰਹਸਪਤਿ, ਦੇਵਤਿਆਂ ਦਾ ਗੁਰੁ।

ਉਹ ਪ੍ਰਭੂ ਦੇਵਤਿਆਂ ਨੂੰ ਸਿਖਿਆ ਦੇਣ ਲਈ ਬ੍ਰਹਸਪਤਿ ਹੈ, ਦੈਂਤਾਂ ਨੂੰ ਮਾਰਨ ਲਈ ਇੰਦਰ ਹੈ, ਸੁਰਗ ਤੋਂ ਉਤਰਦੀ ਗੰਗਾ ਨੂੰ ਧਾਰਨ ਲਈ ਸ਼ਿਵ ਜੀ ਹੈ, ਉਸ ਪਰਮਾਤਮਾ ਨੂੰ ਅਭੇਸ ਭੇਸ ਰਹਿਤ ਕਿਹਾ ਜਾਂਦਾ ਹੈ। ਪ੍ਰਭੂ ਸਦਾ ਆਪਣੇ ਰੰਗ ਵਿਚ ਰੰਗਿਆ ਰਹਿੰਦਾ ਹੈ, ਉਹ ਰਾਗ ਰੂਪ ਵਿਚ ਬੜਾ ਨਿਪੁੰਨ ਹੈ, ਉਹ ਹੋਰ ਕਿਸੇ ਦੇ ਅਧੀਨ ਨਹੀਂ ਹੁੰਦਾ, ਉਹ ਕੇਵਲ ਸੰਤਾਂ ਭਗਤਾਂ ਦੇ ਪ੍ਰੇਮ ਵਿਚ ਬੱਝਾ ਉਹਨਾਂ ਦੇ ਅਧੀਨ ਹੁੰਦਾ ਹੈ। ਜਿਸ ਦਾ ਪਾਰਾਵਾਰ ਨਹੀਂ ਪਾਇਆ ਜਾ ਸਕਦਾ, ਜੋ ਅਪਾਰ ਤੇਜ਼ ਦਾ ਪੁੰਜ ਸਮੂਹ ਹੈ, ਜੋ ਸਭ ਪ੍ਰਕਾਰ ਦੀ ਵਿਦਿਆ ਦਾ ਦਾਤਾ ਹੈ, ਉਸ ਪਰਮੇਸ਼ਰ ਨੂੰ ਅਪਾਰ ਕਿਹਾ ਜਾਂਦਾ ਹੈ। ਉਸ ਪ੍ਰਭੂ ਕੋਲ ਹਾਥੀ ਦੀ ਚੀਕ ਪੁਕਾਰ ਮਗਰੋਂ ਪੁੱਜਦੀ ਹੈ, ਪਰ ਉਹ ਕੀੜੀ ਦੀ ਪੁਕਾਰ ਫਰਿਆਦ ਪਹਿਲਾਂ ਹੀ ਸੁਣ ਲੈਂਦਾ ਹੈ॥੪॥੨੫੬॥

**ਕੇਤੇ ਇੰਦ੍ਰ ਦੁਆਰ ਕੇਤੇ ਬ੍ਰਹਮਾ ਮੁਖ ਚਾਰ**<br>
**ਕੇਤੇ ਕ੍ਰਿਸ਼ਨਾਵਤਾਰ ਕੇਤੇ ਰਾਮ ਕਹੀਅਤੁ ਹੈਂ॥**<br>
**ਕੇਤੇ ਸਸ ਰਾਸੀ ਕੇਤੇ ਸੂਰਜ ਪ੍ਰਕਾਸੀ**<br>
**ਕੇਤੇ ਮੁੰਡੀਆ ਉਦਾਸੀ ਜੋਗ ਦੁਆਰ ਦਹੀਅਤੁ ਹੈਂ॥**<br>
**ਕੇਤੇ ਮਹਾਂਦੀਨ ਕੇਤੇ ਬਿਆਸ ਸੇ ਪ੍ਰਬੀਨ**<br>
**ਕੇਤੇ ਕੁਮੇਰ ਕੁਲੀਨ ਕੇਤੇ ਜੱਛ ਕਹੀਅਤੁ ਹੈਂ॥**<br>
**ਕਰਤ ਹੈਂ ਬਿਚਾਰ ਪੈ ਨ ਪੂਰਨ ਕੋ ਪਾਵੈਂ ਪਾਰ**<br>
**ਤਾਹੀ ਤੇ ਅਪਾਰ ਨਿਰਾਧਾਰ ਲਹੀਅਤੁ ਹੈਂ॥੫॥੨੫੭॥**

ਪਦ ਅਰਥ - ਮਹਾਦੀਨ=ਮੁਹੰਮਦ।

ਉਸ ਅਕਾਲ ਪੁਰਖ ਦੇ ਦਰ ਤੇ ਅਨੇਕਾਂ ਇੰਦਰ, ਕਈ ਚੌਂਹ ਮੂੰਹ ਵਾਲੇ ਬ੍ਰਹਮਾ, ਕਈ ਕ੍ਰਿਸ਼ਨ ਅਵਤਾਰ ਤੇ ਕਈ ਰਾਮ ਅਵਤਾਰ ਕਹੇ ਜਾਂਦੇ ਹਨ। ਉਸ ਦੇ ਦਰ ਤੇ ਕਿੰਨੇ ਹੀ ਚੰਦ੍ਰਮਾਂ ਤੇ ਰਾਸ਼ੀਆਂ ਹਨ, ਕਿੰਨੇ ਹੀ ਪ੍ਰਕਾਸ਼ ਕਰਨ ਵਾਲੇ ਸੂਰਜ ਹਨ, ਕਿੰਨੇ ਸੰਨਿਆਸੀ ਤੇ ਉਦਾਸੀ ਹਨ। ਕਿੰਨੇ ਹੀ ਯੋਗੀ ਹਨ, ਜੋ ਯੋਗ ਦੁਆਰਾ ਬੜੀ ਕਠਨ ਤਪੱਸਿਆ ਕਰਕੇ ਆਪਣੇ ਸਰੀਰਾਂ ਨੂੰ ਸਾੜ ਰਹੇ ਹਨ। ਕਿੰਨੇ ਮੁਹੰਮਦ, ਕਿੰਨੇ ਵੇਦ ਵਿਆਸ ਵਰਗੇ ਮਹਾਨ ਵਿਦਵਾਨ, ਅਨੇਕਾਂ ਕੁਬੇਰ, ਕਈ ਉਚੀਆਂ ਕੁਲਾਂ ਵਾਲੇ ਤੇ ਕਿੰਨੇ ਹੀ ਜੱਛ, ਗੰਧਰਬ ਆਦਿ ਉਸ ਦੇ ਦਰ ਤੇ ਖੜੇ ਕਹੇ ਜਾਂਦੇ ਹਨ। ਉਪਰ ਵਰਣਨ ਕੀਤੇ ਸਾਰੇ ਉਸ ਪ੍ਰਭੂ ਬਾਰੇ ਵਿਚਾਰਾਂ ਤਾਂ ਕਰਦੇ ਹਨ। ਪਰ ਉਸ ਪੂਰਨ ਪੁਰਖ ਦਾ ਅੰਤ ਨਹੀਂ ਪਾ ਸਕਦੇ। ਇਸੇ ਕਰਕੇ ਉਸ ਅਪਾਰ ਈਸ਼੍ਵਰ ਨੂੰ ਸਾਰਿਆਂ ਨੇ ਕਿਸੇ ਦੇ ਆਸਰੇ ਤੋਂ ਬਿਨਾਂ ਜਾਣ ਲਿਆ ਹੈ॥੫॥੨੫੭॥

ਪੂਰਨ ਅਵਤਾਰ ਨਿਰਾਧਾਰ ਹੈਂ ਨ ਪਾਰਾਵਾਰ
ਪਾਈਐ ਨ ਪਾਰ ਪੈ ਅਪਾਰ ਕੈ ਬਖਾਨੀਐ ॥
ਅਦ੍ਵੈ ਅਬਿਨਾਸੀ ਪਰਮ ਪੂਰਨ ਪ੍ਰਕਾਸੀ
ਮਹਾ ਰੂਪ ਹੂੰ ਕੇ ਰਾਸੀ ਹੈਂ ਅਨਾਸੀ ਕੈ ਕੈ ਮਾਨੀਐ ॥
ਜੰਤ੍ਰ ਹੂੰ ਨ ਜਾਤ ਜਾਕੀ ਬਾਪ ਹੂੰ ਨ ਮਾਇ ਤਾਕੀ
ਪੂਰਨ ਪ੍ਰਭਾ ਕੀ ਸੁ ਛਟਾ ਕੈ ਅਨਮਾਨੀਐ ॥
ਤੇਜ ਹੂੰ ਕੋ ਤੰਤ੍ਰ ਹੈਂ ਕਿ ਰਾਜਸੀ ਕੋ ਜੰਤ੍ਰ ਹੈਂ
ਕਿ ਮੋਹਨੀ ਕੋ ਮੰਤ੍ਰ ਹੈਂ ਨਿਜੰਤ੍ਰ ਕੈਕੈ ਜਾਨੀਐ ॥ ੬ ॥ ੨੫੮ ॥

ਪਦ ਅਰਥ - ਅਨਾਸੀ=ਇੱਛਾ ਰਹਿਤ।

ਉਹ ਅਕਾਲ ਪੁਰਖ ਪੂਰਨਤਾ ਦਾ ਅਵਤਾਰ ਹੈ, ਉਹ ਕਿਸੇ ਦੇ ਆਸਰੇ ਤੋਂ ਰਹਿਤ ਹੈ, ਉਸਦਾ ਪਾਰਾਵਾਰ ਨਹੀਂ ਪਾਇਆ ਜਾਂਦਾ, ਇਸ ਕਰਕੇ ਉਸ ਨੂੰ ਅਪਾਰ ਹੀ ਕਿਹਾ ਜਾਂਦਾ ਹੈ। ਉਹ ਈਸ਼੍ਵਰ ਦੂਈ ਦ੍ਵੈਤ ਤੇ ਨਾਸ ਤੋਂ ਰਹਿਤ ਹੈ, ਮਹਾਨ ਤੇ ਪੂਰਨ ਪ੍ਰਕਾਸ਼ ਵਾਲਾ ਹੈ। ਮਹਾਂ ਰੂਪ ਦੀ ਰਾਸ਼ੀ ਪੂੰਜੀ ਹੈ ਤੇ ਇੱਛਾ ਰਹਿਤ ਹੈ। ਉਸ ਦੇ ਇਹ ਗੁਣ ਮੰਨੇ ਜਾਂਦੇ ਹਨ। ਜਿਸ ਦਾ ਕੋਈ ਸਰੀਰ ਨਹੀਂ, ਕੋਈ ਜਾਤ ਨਹੀਂ, ਨਾ ਹੀ ਜਿਸ ਦਾ ਕੋਈ ਪਿਤਾ ਜਾਂ ਮਾਂ ਹੈ। ਉਸ ਨੂੰ ਪੂਰਨ ਸੁੰਦਰਤਾ ਦੀ ਬਿਜਲੀ ਕਰਕੇ ਅਨੁਭਵ ਕੀਤਾ ਜਾਂਦਾ ਹੈ। ਹੇ ਅਕਾਲ ਪੁਰਖ ! ਤੂੰ ਤੇਜ ਪ੍ਰਕਾਸ਼ ਦਾ ਘਰ ਹੈਂ, ਜਾਂ ਰਾਜਨੀਤੀ ਦੀ ਮਸ਼ੀਨ ਹੈਂ, ਜਾਂ ਮੋਹਨੀ ਸ਼ਕਤੀ ਦਾ ਮੰਤਰ ਹੈ, ਜਾਂ ਜੀਵਾਂ ਨੂੰ ਪ੍ਰੇਰਨਾ ਦੇਣ ਵਾਲਾ ਨਿਜੰਤ੍ਰ ਜਾਣਿਆਂ ਜਾਂਦਾ ਹੈ ? ॥ ੬ ॥ ੨੫੮ ॥

ਤੇਜ ਹੂੰ ਕੋ ਤਰੁ ਹੈਂ ਕਿ ਰਾਜਸੀ ਕੋ ਸਰੁ ਹੈਂ
ਕਿ ਸੁੱਧਤਾ ਕੋ ਘਰੁ ਹੈਂ ਕਿ ਸਿੱਧਤਾ ਕੀ ਸਾਰ ਹੈਂ ॥
ਕਾਮਨਾ ਕੀ ਖਾਨ ਹੈਂ ਕਿ ਸਾਧਨਾ ਕੀ ਸਾਨ ਹੈਂ
ਬਿਰਕਤਤਾ ਕੀ ਬਾਨ ਹੈਂ ਕਿ ਬੁੱਧ ਕੋ ਉਦਾਰੁ ਹੈਂ ॥
ਸੁੰਦਰ ਸਰੂਪ ਹੈਂ ਕਿ ਭੂਪਨ ਕੋ ਭੂਪ ਹੈਂ
ਕਿ ਰੂਪ ਹੂੰ ਕੋ ਰੂਪ ਹੈਂ ਕੁਮੱਤ ਕੋ ਪ੍ਰਹਾਰੁ ਹੈ ॥
ਦੀਨਨ ਕੋ ਦਾਤਾ ਹੈਂ ਗਨੀਮਨ ਕੋ ਗਾਰਕ ਹੈਂ

**ਸਾਧਨ ਕੋ ਰੱਛਕ ਹੈਂ ਗੁਨਨ ਕੋ ਪਹਾਰੁ ਹੈਂ॥੭॥੨੫੯॥**

ਕੀ ਤੂੰ ਤੇਜ ਦਾ ਬ੍ਰਿਛ ਹੈਂ ? ਜਾਂ ਰਾਜਨੀਤੀ ਦਾ ਸਰੋਵਰ ਹੈਂ ? ਜਾਂ ਪਵਿੱਤ੍ਰਤਾ ਦਾ ਘਰ ਹੈਂ ? ਜਾਂ ਮੁਕਤੀ ਦਾ ਬੱਦਲ ਹੈਂ ? ਭਾਵ ਜਿਵੇਂ ਸੰਸਾਰ ਨੂੰ ਬੱਦਲ ਤੋਂ ਪਾਣੀ ਮਿਲਦਾ ਹੈ, ਇਸੇ ਤਰ੍ਹਾਂ ਪ੍ਰਭੂ ਤੋਂ ਮੁਕਤੀ ਪ੍ਰਾਪਤ ਹੁੰਦੀ ਹੈ। ਹੇ ਪ੍ਰਭੂ ਤੂੰ ਸੰਸਾਰ ਦੇ ਜੀਵਾਂ ਦੀਆਂ ਇੱਛਾਵਾਂ ਪੂਰੀਆਂ ਕਰਨ ਵਾਲੀ ਖਾਣ ਹੈਂ ? ਜਾਂ ਸਾਧਨਾ ਦੀ ਸ਼ੋਭਾ ਹੈਂ ? ਜਾਂ ਵਿਰਕਤਤਾ ਭਾਵ ਤਿਆਗ ਹੀ ਤੇਰੀ ਆਦਤ ਹੈ ? ਜਾਂ ਤੂੰ ਬੁੱਧੀ ਕਰਕੇ ਬੜਾ ਉਦਾਰ ਭਾਵ ਸਖੀ ਹੈ। ਤੂੰ ਅਤਿ ਸੁੰਦਰ ਰੂਪ ਵਾਲਾ ਹੈਂ ਅਤੇ ਰਾਜਿਆਂ ਦਾ ਮਹਾਰਾਜਾ ਹੈਂ । ਤੂੰ ਰੂਪ ਦਾ ਵੀ ਰੂਪ ਹੈਂ ਅਤੇ ਖੋਟੀ ਮਤ ਨੂੰ ਨਾਸ ਕਰਨ ਵਾਲਾ ਹੈਂ। ਤੂੰ ਗਰੀਬਾਂ ਲਈ ਦਾਤਾ ਹੈਂ ਅਤੇ ਦੁਸ਼ਮਨਾਂ ਨੂੰ ਗਰਕ ਕਰਨ ਵਾਲਾ ਹੈਂ । ਤੂੰ ਸਾਧੂ ਜਨਾਂ ਦੀ ਰਖਿਆ ਕਰਨ ਵਾਲ ਹੈਂ ਅਤੇ ਸ਼ੁਭ ਗੁਣਾਂ ਦਾ ਪਰਬਤ ਹੈਂ ?॥੭॥੨੫੯॥

**ਸਿੱਧ ਕੋ ਸਰੂਪ ਹੈਂ ਕਿ ਬੁਧ ਕੋ ਬਿਭੂਤ ਹੈਂ**
**ਕਿ ਕ੍ਰੁੱਧ ਕੋ ਅਭੂਤ ਹੈਂ ਕਿ ਅੱਛੈ ਅਬਿਨਾਸੀ ਹੈਂ॥**
**ਕਾਮ ਕੋ ਕੁਨਿੰਦਾ ਹੈਂ ਕਿ ਖੂਬੀ ਕੋ ਦਹਿੰਦਾ ਹੈਂ**
**ਗਨੀਮਨ ਕੋ ਗਰਿੰਦਾ ਹੈਂ ਕਿ ਤੇਜ ਕੋ ਪ੍ਰਕਾਸੀ ਹੈਂ॥**
**ਕਾਲ ਹੂੰ ਕੇ ਕਾਲ ਹੈਂ ਕਿ ਸ਼ੱਤ੍ਰਨ ਕੇ ਸਾਲ ਹੈਂ**
**ਕਿ ਮਿੱਤ੍ਰਨ ਕੋ ਪੋਖਤ ਹੈਂ ਕਿ ਬ੍ਰਿੱਧਤਾ ਕੇ ਬਾਸੀ ਹੈਂ॥**
**ਜੋਗ ਹੂੰ ਕੋ ਜੰਤ੍ਰ ਹੈਂ ਕਿ ਤੇਜ ਹੂੰ ਕੋ ਤੰਤ੍ਰ ਹੈਂ**
**ਕਿ ਮੋਹਨੀ ਕੋ ਮੰਤ੍ਰ ਹੈਂ ਕਿ ਪੂਰਨ ਪ੍ਰਕਾਸੀ ਹੈਂ॥੮॥੨੬੦॥**

ਹੇ ਈਸ਼ੁਰ ! ਤੂੰ ਮੁਕਤੀ ਦਾ ਸਰੂਪ ਹੈਂ ਅਤੇ ਬੁੱਧੀ ਦਾ ਭੰਡਾਰ ਹੈਂ । ਤੂੰ ਕਰੋਧ ਨੂੰ ਨਾਸ਼ ਕਰਨ ਵਾਲਾ ਹੈਂ ਅਤੇ ਆਪ ਨਾਸ ਰਹਿਤ ਹੈਂ । ਹੇ ਪ੍ਰਭੂ ! ਤੂੰ ਸਭ ਕੰਮਾਂ ਦੇ ਕਰਨ ਵਾਲਾ ਹੈਂ ਅਤੇ ਨੇਕੀ ਦਾ ਦਾਤਾ ਹੈਂ । ਦੁਸ਼ਮਨਾਂ ਨੂੰ ਗਰਕ ਕਰਨ ਵਾਲਾ ਹੈ ਅਤੇ ਅਗਨੀ ਨੂੰ ਪ੍ਰਕਾਸ਼ ਕਰਨ ਵਾਲਾ ਹੈਂ ? ਤੂੰ ਕਾਲ ਦਾ ਕਾਲ ਭਾਵ ਨਾਸ ਕਰਨ ਵਾਲਾ ਹੈਂ ਅਤੇ ਵੈਰੀਆਂ ਨੂੰ ਦੁੱਖ ਕਸ਼ਟ ਦੇਣ ਵਾਲਾ ਹੈਂ । ਮਿੱਤਰਾਂ ਨੂੰ ਪਾਲਣ ਵਾਲਾ ਹੈਂ ਅਤੇ ਵਡਿਆਈ ਨੂੰ ਅਧੀਨ ਕਰਨ ਵਾਲਾ ਹੈਂ? ਹੇ ਪਰਮਾਤਮਾ ! ਤੂੰ ਜੋਗ ਨੂੰ ਨਾਸ ਕਰਨ ਵਾਲਾ ਜੰਤ੍ਰ ਹੈਂ ਅਤੇ ਤੇਜ ਪ੍ਰਕਾਸ਼ ਨੂੰ ਅਧੀਨ ਕਰਨ ਵਾਲਾ ਤੰਤ੍ਰ ਹੈਂ ? ਤੂੰ ਸਭ ਜੀਵਾਂ ਨੂੰ ਮੋਹ ਲੈਣ ਵਾਲਾ ਮੋਹਨੀ ਮੰਤ੍ਰ ਹੈਂ ਅਤੇ ਪੂਰਨ ਪ੍ਰਕਾਸ਼ ਸਰੂਪ ਹੈਂ ?॥੮॥੨੬੦॥

**ਰੂਪ ਕੋ ਨਿਵਾਸ ਹੈਂ ਕਿ ਬੁੱਧ ਕੋ ਪ੍ਰਕਾਸ ਹੈਂ**

ਕਿ ਸਿੱਧਤਾ ਕੋ ਬਾਸ ਹੈਂ ਕਿ ਬੁੱਧ ਹੂੰ ਕੋ ਘਰੁ ਹੈਂ॥
ਦੇਵਨ ਕੋ ਦੇਵ ਹੈਂ ਨਿਰੰਜਨ ਅਭੇਵ ਹੈਂ
ਅਦੇਵਨ ਕੋ ਦੇਵ ਹੈਂ ਕਿ ਸੁੱਧਤਾ ਕੋ ਸਰੁ ਹੈਂ॥
ਜਾਨ ਕੋ ਬਚੱਯਾ ਹੈਂ ਈਮਾਨ ਕੋ ਦਿਵੱਯਾ ਹੈਂ
ਜਮਜਾਲ ਕੋ ਕਟੱਯਾ ਹੈਂ ਕਿ ਕਾਮਨਾ ਕੋ ਕਰ ਹੈਂ॥
ਤੇਜ ਕੋ ਪ੍ਰਚੰਡ ਹੈਂ ਅਖੰਡਣ ਕੋ ਖੰਡ ਹੈਂ
ਮਹੀਪਨ ਕੋ ਮੰਡ ਹੈਂ ਕਿ ਇਸਤ੍ਰੀ ਹੈਂ ਨ ਨਰੁ ਹੈਂ॥ ੯ ॥ ੨੬੧ ॥

ਹੇ ਪ੍ਰਭੂ ! ਤੂੰ ਰੂਪ ਸੁੰਦਰਤਾ ਦਾ ਘਰ ਹੈਂ ਅਤੇ ਬੁੱਧੀ ਨੂੰ ਪ੍ਰਕਾਸ਼ ਕਰਨ ਵਾਲਾ ਹੈਂ । ਮੁਕਤੀ ਦਾ ਅਸਥਾਨ ਹੈਂ ਅਤੇ ਬੁੱਧੀ ਦਾ ਟਿਕਾਣਾ ਹੈ ? ਹੇ ਪ੍ਰਭੂ ਤੂੰ ਦੇਵਤਿਆਂ ਦਾ ਮਹਾਨ ਦੇਵਤਾ ਹੈਂ ਅਤੇ ਮਾਇਆ ਤੋਂ ਰਹਿਤ ਹੈਂ। ਤੂੰ ਦੈਂਤਾਂ ਨੂੰ ਪ੍ਰਗਟ ਕਰਨ ਵਾਲਾ ਹੈਂ, ਅਤੇ ਪਵਿੱਤ੍ਰਤਾ ਦਾ ਸਰੋਵਰ ਹੈਂ। ਤੂੰ ਜੀਵਾਂ ਦਾ ਜਾਨ ਦੀ ਰਖਿਆ ਕਰਨ ਵਾਲਾ ਹੈਂ ਅਤੇ ਧਰਮ ਦਾ ਦਾਤਾ ਹੈਂ। ਜਮਰਾਜ ਦੇ ਜਾਲ ਨੂੰ ਕੱਟਣ ਵਾਲਾ ਹੈਂ ਅਤੇ ਮਨੋਕਾਮਨਾ ਪੂਰੀਆਂ ਕਰਨ ਵਾਲਾ ਹੈਂ। ਹੇ ਪ੍ਰਭੂ ਤੂੰ ਤੇਜਵਾਨਾਂ ਲਈ ਤੀਖਣ ਤੇਜ ਹੈਂ ਅਤੇ ਨਾ ਖੰਡਨ ਹੋਣ ਵਾਲਿਆਂ ਨੂੰ ਖੰਡ ਖੰਡ ਭਾਵ ਟੁਕੜੇ ਟੁਕੜ ਕਰਨ ਵਾਲਾ ਹੈਂ। ਰਾਜਿਆਂ ਨੂੰ ਥਾਪਣ ਵਾਲਾ ਹੈਂ ਅਤੇ ਇਸ ਤੱਥ ਨੂੰ ਕੋਈ ਨਹੀਂ ਜਾਣਦਾ ਕਿ ਤੂੰ ਪੁਰਸ਼ ਹੈ ਜਾਂ ਇਸਤਰੀ ਹੈ॥ ੯ ॥ ੨੬੧ ॥

ਬਿਸ੍ਵ ਕੋ ਭਰਨ ਹੈਂ ਕਿ ਅਪਦਾ ਕੋ ਹਰਨ ਹੈਂ
ਕਿ ਸੁਖ ਕੋ ਕਰਨ ਹੈਂ ਕਿ ਤੇਜ ਕੋ ਪ੍ਰਕਾਸ ਹੈਂ॥
ਪਾਈਐ ਨ ਪਾਰ ਪਾਰਾਵਾਰ ਹੂੰ ਕੋ ਪਾਰ ਜਾਂਕੋ
ਕੀਜਤ ਬਿਚਾਰ ਸੁ ਬਿਚਾਰ ਕੋ ਨਿਵਾਸ ਹੈਂ॥
ਹਿੰਗਲਾ ਹਿਮਾਲੈ ਗਾਵੈ ਹਬਸ਼ੀ ਹਲੱਬੀ ਧਜਾਵੈ
ਪੂਰਬੀ ਨ ਪਾਰ ਪਾਵੈ ਆਸਾ ਤੇ ਅਨਾਸ ਹੈਂ॥
ਦੇਵਨ ਕੋ ਦੇਵ ਮਹਾਦੇਵ ਹੂੰ ਕੇ ਦੇਵ ਹੈਂ
ਨਿਰੰਜਨ ਅਭੇਵ ਨਾਥ ਅਦ੍ਵੈ ਅਬਿਨਾਸ ਹੈਂ॥ ੧੦ ॥ ੨੬੨ ॥

ਹੇ ਪਰਮਾਤਮਾ ! ਤੂੰ ਸੰਸਾਰ ਨੂੰ ਭਰਪੂਰ ਕਰਨ ਵਾਲਾ ਹੈਂ ਅਤੇ ਦੁੱਖਾਂ ਤਕਲੀਫਾਂ ਨੂੰ ਨਾਸ

ਕਰਨ ਵਾਲਾ ਹੈਂ। ਜੀਵਾਂ ਨੂੰ ਸੁੱਖ ਦੇਣ ਵਾਲਾ ਹੈਂ ਅਤੇ ਅਗਨੀ ਦਾ ਪ੍ਰਕਾਸ਼ ਹੈਂ। ਉਸ ਅਪਾਰ ਪ੍ਰਭੂ ਦਾ ਕੋਈ ਪਾਰਾਵਾਰ ਨਹੀਂ ਪਾਇਆ ਜਾਂਦਾ। ਜੇ ਕੁਛ ਵੀਚਾਰ ਕਰੀਏ ਵੀ ਤਾਂ ਇਹੋ ਪ੍ਰਤੀਤ ਹੁੰਦਾ ਹੈ ਕਿ ਉਹ ਵੀਚਾਰ ਦਾ ਘਰ ਹੈ। ਹਿੰਗੁਲਾ ਤੇ ਹਿਮਾਲਾ ਪਰਬਤ ਦੇ ਵਾਸੀ ਤੇਰੇ ਜਸ ਨੂੰ ਗਾਉਂਦੇ ਹਨ। ਹਬਸ਼ੀ ਤੇ ਹਲਬੀ ਸ਼ਹਿਰ ਦੇ ਵੰਸਨੀਕ ਤੈਨੂੰ ਸਿਮਰਦੇ ਹਨ। ਪੂਰਬ ਦੇਸ਼ ਦੇ ਵਾਸੀ ਵੀ ਤੇਰਾ ਅੰਤ ਨਹੀਂ ਪਾ ਸਕੇ। ਤੂੰ ਆਸਾ ਤੇ ਇੱਛਾ ਤੋਂ ਰਹਿਤ ਹੈਂ। ਹੇ ਪ੍ਰਭੂ ਤੂੰ ਦੇਵਤਿਆਂ ਲਈ ਪੂਜਣ ਯੋਗ ਵੱਡਾ ਦੇਵਤਾ ਹੈਂ, ਬ੍ਰਹਮਾ, ਵਿਸ਼ਨੂੰ ਤੇ ਸ਼ਿਵਜੀ ਆਦਿ ਵੱਡੇ ਵੱਡੇ ਦੇਵਤਿਆਂ ਦਾ ਪ੍ਰਕਾਸ਼ਕ ਹੈਂ। ਤੂੰ ਮਾਇਆ ਤੋਂ ਨਿਰਲੇਪ ਤੇ ਭੇਦ ਰਹਿਤ ਸੁਆਮੀ ਹੈਂ। ਤੂੰ ਦੂਈ ਦ੍ਵੈਤ ਤੋਂ ਬਿਨਾਂ ਹੈਂ ਤੇ ਨਾਸ ਰਹਿਤ ਹੈਂ॥੧੦॥੨੬੨॥

**ਅੰਜਨ ਬਿਹੀਨ ਹੈਂ ਨਿਰੰਜਨ ਪ੍ਰਬੀਨ ਹੈਂ**
**ਕਿ ਸੇਵਕ ਅਧੀਨ ਹੈਂ ਕਟੱਯਾ ਜਮਜਾਲ ਕੇ॥**
**ਦੇਵਨ ਕੇ ਦੇਵ ਮਹਾਦੇਵ ਹੂੰ ਕੇ ਦੇਵਨਾਥ**
**ਭੂਮ ਕੇ ਭੁਜੱਯਾ ਹੈਂ ਮੁਹੱਯਾ ਮਹਾ ਬਾਲ ਕੇ॥**
**ਰਾਜਨ ਕੇ ਰਾਜਾ ਮਹਾ ਸਾਜ ਹੂੰ ਕੇ ਸਾਜਾ**
**ਮਹਾ ਜੋਗ ਹੂੰ ਕੇ ਜੋਗ ਹੈਂ ਧਰੱਯਾ ਦ੍ਰੁਮ ਛਾਲ ਕੇ॥**
**ਕਾਮਨਾ ਕੋ ਕਰੁ ਹੈਂ ਕੁਬੁੱਧਤਾ ਕੋ ਹਰ ਹੈਂ**
**ਕਿ ਸਿੱਧਤਾ ਕੇ ਸਾਥੀ ਹੈਂ ਕਿ ਕਾਲ ਹੈਂ ਕੁਚਾਲ ਕੇ॥੧੧॥੨੬੩॥**

ਹੇ ਅਕਾਲ ਪੁਰਖ ! ਤੂੰ ਮਾਇਆ ਤੋਂ ਰਹਿਤ ਹੈਂ ਅਤੇ ਦੋਸ਼ਾਂ ਤੋਂ ਰਹਿਤ ਤੇ ਚਤੁਰ ਹੈਂ। ਤੂੰ ਸੇਵਕਾਂ ਭਗਤਾਂ ਦੀ ਭਗਤੀ ਦੇ ਅਧੀਨ ਹੈਂ ਅਤੇ ਜਮ ਦੀ ਫਾਹੀ ਕਟਣ ਵਾਲਾ ਹੈ। ਹੇ ਪਰਮਾਤਮਾ! ਤੁਸੀਂ ਦੇਵਤਿਆਂ ਦੇ ਮਹਾਨ ਦੇਵਤਾ ਹੋ, ਵੱਡੇ ਵੱਡੇ ਦੇਵਤਿਆਂ ਦੀ ਰਚਨਾ ਕਰਨ ਵਾਲੇ ਹੋ, ਇਸ ਪ੍ਰਿਥਵੀ ਦੇ ਸੁਆਮੀ ਬਣ ਕੇ ਇਸ ਨੂੰ ਭੋਗਣ ਵਾਲੇ ਹੋ, ਮਹਾਂਬਲੀ ਅਤੇ ਮਾਇਆ ਮੋਹਨ ਛੱਲਣ ਵਾਲੇ ਹੋ। ਤੁਸੀਂ ਰਾਜਿਆਂ ਦੇ ਮਹਾਰਾਜਾ ਹੋ, ਹਰ ਤਰ੍ਹਾਂ ਦੇ ਸਾਜਾਂ ਵਿਚ ਸਾਜ ਰੂਪ ਹੋ, ਮਹਾਂ ਜੋਗੀਆਂ ਤੋਂ ਵੱਡੇ ਜੋਗੀ ਹੋ ਤੇ ਤਿਆਗੀਆਂ ਵਿਚ ਵੱਡੇ ਤਿਆਗੀ ਬਣਕੇ ਸਰੀਰ ਤੇ ਬ੍ਰਿਛਾਂ ਦੀ ਛਿੱਲ ਪਹਿਨਣ ਵਾਲੇ ਹੋ। ਹੇ ਪ੍ਰਭੂ ! ਤੂੰ ਸਭ ਦੀਆਂ ਕਾਮਨਾ ਪੂਰੀਆਂ ਕਰਨ ਵਾਲਾ ਹੈਂ ਅਤੇ ਖੋਟੀ ਬੁੱਧੀ ਨੂੰ ਨਾਸ ਕਰਨ ਵਾਲਾ ਹੈਂ। ਤੂੰ ਸਿੱਧਤਾ ਦਾ ਸਾਥੀ ਹੈਂ ਅਤੇ ਖੋਟੀ ਚਾਲ ਨੂੰ ਨਾਸ ਕਰਨ ਵਾਲਾ ਹੈਂ॥੧੧॥੨੬੩॥

**ਛੀਰ ਕੈ ਸੀ ਛੀਰਾਵਧ ਛਾਛ ਕੈ ਸੀ ਛੱਤ੍ਰਾਨੇਰ**

ਛਪਾਕਰ ਕੈ ਸੀ ਛਬ ਕਲਿੰਦ੍ਰੀ ਕੇ ਕੂਲ ਕੈ॥
ਹੰਸਨੀ ਸੀ ਸੀਹਾ ਰੂਮ ਹੀਰਾ ਸੀ ਹੁਸੈਨਾਬਾਦ
ਗੰਗਾ ਕੈ ਸੀ ਧਾਰ ਚਲੀ ਸਾਤੋਸਿੰਧ ਰੂਲ ਕੈ॥
ਪਾਰਾ ਸੀ ਪਲਾਊ ਗਢ ਰੂਪਾ ਕੈਸੀ ਰਾਮਪੁਰ
ਸੋਰਾ ਸੀ ਸੁਰੰਗਾਬਾਦ ਨੀਕੇ ਰਹੀ ਝੂਲ ਕੈ॥
ਚੰਪਾਸੀ ਚੰਦੇਰੀ ਕੋਟ ਚਾਂਦਨੀ ਸੀ ਚਾਂਦਾਗੜਿ
ਕੀਰਤਿ ਤਿਹਾਰੀ ਰਹੀ ਮਾਲਤੀ ਸੀ ਫੂਲ ਕੈ॥ ੧੨ ॥ ੨੬੪ ॥

ਪਦ ਅਰਥ - ਛੀਰ=ਦੁਧ। ਛੀਰਾਵਧ=ਖੀਰ ਸਮੁੰਦਰ। ਛੱਤ੍ਰਾਨੇਰ=ਇਕ ਨਗਰ ਦਾ ਨਾਂ ਹੈ ਛੱਤ੍ਰਪੁਰ। ਛਪਾਕਰ=ਚੰਦਰਮਾਂ। ਕਾਲਿੰਦ੍ਰੀ=ਜਮਨਾ। ਸੀਹਾ=ਸੁਗੰਧੀ। ਰੂਲਕੈ=ਰੁਲਦਾ।

ਹੇ ਪ੍ਰਭੂ ! ਆਪ ਦੀ ਕੀਰਤੀ ਖੀਰ ਸਮੁੰਦਰ ਵਿਚ ਦੁੱਧ ਵਾਂਗ, ਛੱਤ੍ਰਪੁਰ ਵਿਚ ਛਾਛ ਲਸੀ ਵਾਂਗ, ਜਮਨਾ ਦੇ ਕਿਨਾਰੇ ਉਤੇ ਚੰਦਰਮਾਂ ਦੀ ਸੁੰਦਰਤਾ ਵਾਂਗ ਚਾਰ ਚਫੇਰੇ ਫੈਲ ਰਹੀ ਹੈ। ਹੇ ਪ੍ਰਭੂ ਤੇਰੀ ਸੁਗੰਧੀ ਰੂਮ ਦੇਸ਼ ਵਿਚ ਹੰਸਨੀ ਵਰਗੀ, ਤੇਰੀ ਚਮਕ ਦਮਕ ਹੁਸੈਨਾਬਾਦ ਨਗਰ ਵਿਚ ਹੀਰੇ ਵਾਂਗ ਅਤੇ ਤੇਰੀ ਕੀਰਤੀ ਗੰਗਾ ਦੀ ਧਾਰ ਵਾਂਗੂੰ ਸੱਤਾਂ ਸਮੁੰਦਰਾਂ ਵਿਚ ਮਿਲਕੇ ਲੀਨ ਹੋ ਰਹੀ ਹੈ। ਤੇਰੀ ਕੀਰਤੀ ਪਲਾਉਮ ਨਗਰ ਵਿਚ ਪਾਰੇ ਵਾਂਗ, ਰਾਮਪੁਰ ਵਿਚ ਚਾਂਦੀ ਵਾਂਗ ਅਤੇ ਸੁਰੰਗਾਬਾਦ ਵਿਚ ਸ਼ੋਰੇ ਵਾਂਗੂੰ ਫੱਬ ਰਹੀ ਹੈ। ਤੇਰੀ ਕੀਰਤੀ ਕੋਟ ਚੰਦੇਰੀ ਵਿਚ ਚੰਬੇ ਦੇ ਫੁੱਲ ਵਰਗੀ, ਚਾਂਦਾਗੜ੍ਹ ਵਿਚ ਚੰਦਰਮਾਂ ਦੀ ਸਤੀਲ ਚਾਂਦਨੀ ਵਰਗੀ ਤੇ ਮਾਲਤੀ ਦੇ ਫੁੱਲ ਵਾਂਗੂੰ ਹਰ ਪਾਸੇ ਮਹਿਕ ਰਹੀ ਹੈ॥ ੧੨ ॥ ੨੬੪ ॥

ਫਟਕ ਸੀ ਕੈਲਾਸ ਕਮਾਊ ਗੜ੍ਹ ਕਾਂਸ਼ੀ ਪੁਰ
ਸੀਸਾ ਸੀ ਸੁਰੰਗਾਬਾਦ ਨੀਕੈ ਸੋਹੀਅਤੁ ਹੈ॥
ਹਿੱਮਾ ਸੀ ਹਿਮਾਲੈ ਹਰ ਹਾਰ ਸੀ ਹਲੱਬਾਨੇਰ
ਹੰਸ ਕੈ ਸੀ ਹਾਜੀਪੁਰ ਦੇਖੇ ਮੋਹੀਅਤੁ ਹੈ॥
ਚੰਦਨ ਸੀ ਚੰਪਾਵਤੀ ਚੰਦ੍ਰਮਾ ਸੀ ਚੰਦ੍ਰਾਗਿਰ
ਚਾਂਦਨੀ ਸੀ ਚਾਂਦਾਗੜ੍ਹ ਜੋਨ ਜੋਹੀਅਤੁ ਹੈ॥
ਗੰਗਾ ਸਮ ਗੰਗਧਾਰ ਬਕਾਨ ਸੀ ਬਲਿੰਦਾਵਾਦ

**ਕੀਰਤਿ ਤਿਹਾਰੀ ਕੀ ਉਜਿਆਰੀ ਸੋਹੀਅਤੁ ਹੈ॥ ੧੩ ॥ ੨੬੫॥**

ਪਦ ਅਰਥ - ਫਟਕ=ਸਫਟਿਕ ਮਣੀ। ਹਰ ਹਾਰ=ਸ਼ਿਵ ਜੀ ਦੇ ਗਲ ਵਿਚ ਪਾਇਆ ਚਿੱਟੇ ਸੱਪ ਦਾ ਹਾਰ। ਹਿਮਾ=ਬਰਫ। ਬਕਾਨ=ਬਗਲੇ

ਹੇ ਅਕਾਲ ਪੁਰਖ ! ਆਪ ਦੀ ਕੀਰਤੀ ਕੈਲਾਸ਼ ਪਰਬਤ ਤੇ ਕਮਾਊ ਗੜ੍ਹ ਵਿਚ ਸਫਟਿਕ ਮਣੀ ਵਾਂਗ, ਕਾਂਸੀ ਪੁਰ ਤੇ ਸੁਰੰਗਬਾਦ ਵਿਚ ਸ਼ੀਸ਼ੇ ਵਾਂਗ ਬਹੁਤ ਸੋਹਣੀ ਤਰ੍ਹਾਂ ਸੋਭ ਰਹੀ ਹੈ। ਬਰਫ ਦੇ ਪਰਬਤ ਹਿਮਾਲੇ ਵਿਚ ਬਰਫ ਵਾਂਗ, ਹਲਬ ਨਗਰ ਵਿਚ ਸ਼ਿਵ ਜੀ ਦੇ ਗਲ ਵਿਚ ਪਏ ਚਿੱਟੇ ਸੱਪ ਵਾਂਗ ਤੇ ਹਾਜੀਪੁਰ ਵਿਚ ਹੰਸ ਵਾਂਗ ਉੱਜਲ ਤੇ ਚਿੱਟੀ, ਜਿਸ ਨੂੰ ਵੇਖਕੇ ਮਨ ਮੋਹਿਤ ਹੋ ਜਾਂਦਾ ਹੈ। ਚੰਪਾਵਤੀ ਨਗਰ ਵਿਚ ਚੰਦਨ ਵਰਗੀ ਸੁਗੰਧੀ ਵਾਲੀ, ਚੰਦ੍ਰਾਗਿਰਿ ਪਹਾੜ ਵਿਚ ਚੰਦ੍ਰਮਾਂ ਵਾਂਗੂ ਸੁੰਦਰ ਤੇ ਚਾਂਦ ਗੜ੍ਹ ਵਿਚ ਚਾਂਦਨੀ ਵਰਗੀ ਸ਼ੋਭਾ ਵੇਖੀ ਜਾਂਦੀ ਹੈ। ਗੰਗਾਧਰ ਗੰਗੋਤਰੀ ਵਿਚ ਗੰਗਾ ਵਰਗੀ ਪਵਿੱਤਰ, ਬਲਿੰਦਾਵਾਦ ਬੁਲੰਦ ਸ਼ਹਿਰ ਵਿਚ ਬਗਲਿਆਂ ਵਰਗੀ ਸਫੈਦ, ਹੇ ਪ੍ਰਭੂ ! ਤੇਰੀ ਕੀਰਤੀ ਦੀ ਰੋਸ਼ਨੀ ਇਸ ਤਰ੍ਹਾਂ ਸਾਰੇ ਪਾਸੇ ਸ਼ੋਭ ਰਹੀ ਹੈ॥ ੧੩ ॥ ੨੬੫ ॥

**ਫਰਾ ਸੀ ਫਿਰੰਗੀ ਫਰਾਸੀਸ ਕੇ ਦੁਰੰਗੀ**
**ਮਕਰਾਨ ਕੇ ਮ੍ਰਿਦੰਗੀ ਤੇਰੇ ਗੀਤ ਗਾਈਅਤੁ ਹੈ॥**
**ਭਖਰੀ ਕੰਧਾਰੀ ਗੋਰ ਗਖਰੀ ਗਰਦੇਜਾ ਚਾਰੀ**
**ਪਉਨ ਕੇ ਅਹਾਰੀ ਤੇਰੋ ਨਾਮੁ ਧਜਾਈਅਤੁ ਹੈ॥**
**ਪੂਰਬ ਪਲਾਊਂ ਕਾਮਰੂਪ ਔ ਕਮਾਊਂ**
**ਸਰਬ ਠਉਰ ਮੈ ਬਿਰਾਜੈ ਜਹਾ ਜਹਾ ਜਾਈਅਤੁ ਹੈ॥**
**ਪੂਰਨ ਪ੍ਰਤਾਪੀ ਜੰਤ੍ਰ ਮੰਤ੍ਰ ਕੇ ਅਤਾਪੀ ਨਾਥ**
**ਕੀਰਤਿ ਤਿਹਾਰੀ ਕੋ ਨ ਪਾਰ ਪਾਈਅਤੁ ਹੈ॥ ੧੪ ॥ ੨੬੬ ॥**

ਪਦ ਅਰਥ - ਦੁਰੰਗੀ=ਦੁਭਾਸ਼ੀਆ।

ਪਾਰਸ ਦੇਸ਼ ਦੇ ਪਾਰਸੀ, ਫਰੰਗੀ, ਫਰਾਂਸੀਸੀ ਦੇ ਦੁਭਾਸ਼ੀਏ ਤੇ ਮਕਰਾਨ ਦੇ ਵਸਨੀਕ ਮ੍ਰਿਦੰਗੀ ਸਾਰੇ ਤੇਰੇ ਜਸ ਦੇ ਗੀਤ ਗਾਉਂਦੇ ਹਨ। ਭੱਖਰ ਦੇ ਇਲਾਕੇ ਦੇ ਵਾਸੀ ਭਖਰੀ, ਕੰਧਾਰ ਵਿਚ ਵੱਸਣ ਵਾਲੇ ਕੰਧਾਰੀ, ਗੋਰ ਦੇਸ਼ ਦੇ ਰਹਿਣ ਵਾਲੇ ਗਖੜੀ, ਗਰਦੇਜਾ ਦੇ ਲੋਕ ਤੇ ਹਵਾ ਦਾ ਭੋਜਨ ਕਰਨ ਵਾਲੇ ਜੋਗੀ, ਇਹ ਸਭ ਤੇਰੇ ਨਾਮ ਦਾ ਸਿਮਰਨ ਕਰਦੇ ਹਨ। ਪੂਰਬ ਦੇ ਦੇਸ਼ਾਂ ਵੱਲ, ਪਲਾਊਮ, ਕਾਮਰੂਪ ਤੇ ਕਮਾਊਗੜ੍ਹ ਆਦਿ ਸਭ ਥਾਵਾਂ ਵਿਚ, ਜਿੱਥੇ ਜਿਥੇ ਵੀ ਜਾਈਦਾ ਹੈ, ਤੂੰ ਹੀ ਬਿਰਾਜਮਾਨ ਹੋ ਰਿਹਾ ਹੈਂ। ਹੇ ਪੂਰਨ ਪ੍ਰਤਾਪ ਵਾਲੇ ਅਕਾਲ ਪੁਰਖ ! ਹੇ ਜੰਤ੍ਰਾਂ ਮੰਤ੍ਰਾਂ ਦੇ ਤਾਪ

ਤੋਂ ਰਹਿਤ ਜਗਤ ਦੇ ਸੁਆਮੀ ! ਤੇਰੀ ਵਡਿਆਈ ਤੇ ਜਸ ਦਾ ਕੋਈ ਅੰਤ ਨਹੀਂ ਪਾਇਆ ਜਾ ਸਕਦਾ॥ ੧੪ ॥ ੨੬੬ ॥

## ਤ੍ਵਪ੍ਰਸਾਦਿ ॥ ਪਾਧੜੀ ਛੰਦ ॥

**ਅੱਦ੍ਵੈ ਅਨਾਸ ਆਸਨ ਅਡੋਲ ॥ ਅਦ੍ਵੈ ਅਨੰਤ ਉਪਮਾ ਅਤੋਲ ॥**
**ਅੱਛੈ ਸਰੂਪ ਅਬਜਕਤ ਨਾਥ ॥ ਆਜਾਨ ਬਾਹੁ ਸਰਬਾ ਪ੍ਰਮਾਥ ॥ ੧ ॥ ੨੬੭ ॥**

ਉਹ ਪਰਮੇਸ਼ਰ ਦ੍ਵੈਤ ਰਹਿਤ ਤੇ ਨਾਸ ਰਹਿਤ ਹੈ। ਉਸ ਦਾ ਆਸਣ ਅਡੋਲ ਹੈ, ਉਹ ਕਦੀ ਡੋਲਦਾ ਨਹੀਂ। ਉਹ ਦੂਈ ਦ੍ਵੈਤ ਤੇ ਅੰਤ ਤੋਂ ਰਹਿਤ ਹੈ। ਉਸ ਦੀ ਉਪਮਾ ਦਾ ਕੋਈ ਤੋਲ ਨਹੀਂ। ਉਸ ਦਾ ਸਰੂਪ ਨਾਸ ਰਹਿਤ ਹੈ ਤੇ ਉਸ ਸੁਆਮੀ ਦਾ ਕੋਈ ਸਰੀਰ ਨਹੀਂ। ਦੇਵਤਿਆਂ ਨੂੰ ਪ੍ਰੇਰਨਾ ਦੇਣ ਵਾਲਾ ਤੇ ਸਭ ਦਾ ਸ਼ਿਰੋਮਣੀ ਹੈ॥ ੧ ॥ ੨੬੭ ॥

**ਜਹ ਤਹ ਮਹੀਪ ਬਨ ਤਨ ਪ੍ਰਫੁੱਲ ॥ ਸੋਭਾ ਬਸੰਤ ਜਹ ਤਹ ਪ੍ਰਜੁੱਲ ॥**
**ਬਨ ਤਨ ਦੁਰੰਤ ਖਗ ਮ੍ਰਿਗ ਮਹਾਨ ॥ ਜਹ ਤਹ ਪ੍ਰਫੁੱਲ ਸੁੰਦਰ ਸੁਜਾਨ ॥ ੨ ॥ ੨੬੮ ॥**

ਉਹ ਮਹਾਨ ਰਾਜਾ ਜਿੱਥੇ ਕਿੱਥੇ ਵਣਾਂ ਤੇ ਤ੍ਰਿਣਾਂ ਵਿਚ ਪ੍ਰਫੁਲਤ ਹੋ ਰਿਹਾ ਹੈ। ਉਸ ਦੀ ਸ਼ੋਭਾ ਬਸੰਤ ਦੇ ਸੁਗੰਧਤ ਫੁੱਲਾਂ ਵਾਂਗੂੰ ਚਮਕ ਰਹੀ ਹੈ। ਵਣਾਂ, ਤ੍ਰਿਣਾਂ, ਪੰਛੀਆਂ ਤੇ ਹਿਰਨ ਆਦਿਕਾਂ ਵਿਚ ਉਸੇ ਦੀ ਮਹਾਨਤਾ ਹੈ। ਉਹ ਸੁੰਦਰ ਤੇ ਚਤੁਰ ਪਰਮਾਤਮਾ ਹਰ ਪਾਸੇ ਪਰਫੁੱਲਤ ਹੋ ਕੇ ਵਸ ਰਿਹਾ ਹੈ॥ ੨ ॥ ੨੬੮ ॥

**ਫੁਲਤੰ ਪ੍ਰਫੁੱਲ ਲਹਿ ਲਹਿਤ ਮੌਰ ॥ ਸਿਰ ਢੁਰਹਿ ਜਾਨ ਮਨਮਥਹਿ ਚੌਰ ॥**
**ਕੁਦਰਤ ਕਮਾਲ ਰਾਜ਼ਕ ਰਹੀਮ ॥ ਕਰੁਣਾਨਿਧਾਨ ਕਾਮਲ ਕਰੀਮ ॥ ੩ ॥ ੨੬੯ ॥**

ਪਦ ਅਰਥ - ਢੁਰਹਿ=ਝੁਲਾ ਰਿਹਾ ਹੈ। ਮਨਮਥਹਿ=ਕਾਮਦੇਵ।

ਖਿੜੇ ਸੁੰਦਰ ਫੁੱਲਾਂ ਵਰਗਾ ਉਸ ਦੇ ਸਿਰ ਤੇ ਜਿਹੜਾ ਮੁਕਟ ਚਮਕ ਰਿਹਾ ਹੈ, ਉਹ ਇਉਂ ਪ੍ਰਤੀਤ ਹੁੰਦਾ ਹੈ, ਜਿਵੇਂ ਕਾਮਦੇਵ ਚੌਰ ਕਰ ਰਿਹਾ ਹੈ। ਉਸ ਦੀ ਕੁਦਰਤ ਸ਼ਕਤੀ ਪੂਰਨ ਹੈ, ਉਹ ਰਿਜ਼ਕ ਦਾਤਾ ਤੇ ਰਹਿਤ ਕਰਨ ਵਾਲਾ ਹੈ। ਉਹ ਕਿਰਪਾ ਦਾ ਖਜ਼ਾਨਾ ਹੈ ਤੇ ਸਭ ਤਰ੍ਹਾਂ ਦੀਆਂ ਬਖਸ਼ਿਸ਼ ਕਰਨ ਵਾਲਾ ਪੂਰਨ ਪੁਰਖ ਹੈ॥ ੩ ॥ ੨੬੯ ॥

**ਜਹ ਤਹ ਬਿਲੋਕ ਤਹ ਤਹ ਪ੍ਰਸੋਹ ॥ ਆਜਾਨ ਬਾਹੁ ਅਮਿਤੋਜ ਮੋਹ ॥**
**ਰੋਸੰ ਬਿਰਹਤ ਕਰੁਣਾਨਿਧਾਨ ॥ ਜਹ ਤਹ ਪ੍ਰਫੁੱਲ ਸੁੰਦਰ ਸੁਜਾਨ ॥ ੪ ॥ ੨੭੦ ॥**

ਜਿੱਥੇ ਜਿੱਥੇ ਵੀ ਉਸ ਪ੍ਰਭੂ ਨੂੰ ਵੇਖੀਦਾ ਹੈ, ਓਹ ਉਥੇ ਉਥੇ ਹੀ ਸ਼ੋਭਾ ਪਾ ਰਿਹਾ ਹੈ। ਉਹ ਦੇਵਤਿਆਂ ਦਾ ਪ੍ਰੇਰਕ ਹੈ, ਬੜੇ ਬੜੇ ਬਲਵਾਨਾਂ ਨੂੰ ਉਹ ਮੋਹ ਰਿਹਾ ਹੈ। ਉਹ ਗੁੱਸੇ ਤੋਂ ਰਹਿਤ ਹੈ

ਤੇ ਕਿਰਪਾ ਦਾ ਖਜ਼ਾਨਾ ਹੈ। ਉਹ ਸੁੰਦਰ ਤੇ ਸੁਘੜ ਸੁਜਾਨ ਪਰਮਾਤਮਾ ਹਰ ਥਾਂ ਤੇ ਪ੍ਰਫੁੱਲਤ ਹੋ ਰਿਹਾ ਹੈ ਭਾਵ ਉਹ ਖੇੜਾ-ਸਰੂਪ ਹੋ ਕੇ ਸਭ ਸ੍ਰਿਸ਼ਟੀ ਨੂੰ ਖਿੜਾ ਰਿਹਾ ਹੈ॥ ੪ ॥ ੨੭੦॥

**ਬਨ ਤਨ ਮਹੀਪ ਜਲ ਥਲ ਮਹਾਨ॥ ਜਹ ਤਹ ਪ੍ਰਸੋਹ ਕਰੁਣਾਨਿਧਾਨ॥**
**ਜਗਮਗਤ ਤੇਜ ਪੂਰਨ ਪ੍ਰਤਾਪ॥ ਅੰਬਰ ਜ਼ਮੀਨ ਜਿਹ ਜਪਤ ਜਾਪ॥ ੫ ॥ ੨੭੧॥**

ਉਹ ਪਰਮਾਤਮਾ ਵਣਾਂ ਤੇ ਤ੍ਰਿਣਾਂ ਦਾ ਰਾਜਾ ਹੈ, ਜਲਾਂ ਤੇ ਥਲਾਂ ਵਿਚ ਉਹੋ ਮਹਾਨ ਵੱਸ ਰਿਹਾ ਹੈ। ਉਸ ਪੂਰਨ ਪ੍ਰਤਾਪੀ ਦਾ ਤੇਜ ਪ੍ਰਕਾਸ਼ ਜਗ ਮਗ ਜਗ ਮਗ ਕਰ ਰਿਹਾ ਹੈ। ਅਕਾਸ਼ ਤੇ ਜ਼ਮੀਨ ਉੱਤੇ ਵੱਸਣ ਵਾਲੇ ਜੀਵ ਉਸ ਦੇ ਨਾਮ ਨੂੰ ਜਪਦੇ ਹਨ॥ ੫ ॥ ੨੭੧॥

**ਸਾਤੋ ਅਕਾਸ਼ ਸਾਤੋ ਪਤਾਰ॥ ਬਿਥਰਿਓ ਅਦ੍ਰਿਸ਼ਟ ਜਿਹ ਕਰਮ ਜਾਰਿ॥**

ਉਸ ਪ੍ਰਭੂ ਦਾ ਰਚਿਆ ਕਰਮ-ਜਾਲ ਗੁਪਤ ਰੂਪ ਵਿਚ ਸੱਤਾਂ ਅਕਾਸ਼ਾਂ ਤੇ ਪਤਾਲਾਂ ਵਿਚ ਤਣਿਆਂ ਹੋਇਆ ਹੈ ਭਾਵ ਸ੍ਰਿਸ਼ਟੀ ਦੇ ਸਭ ਜੀਵ ਜੰਤੂ ਪ੍ਰਭੂ ਦੇ ਬਣਾਏ ਹੋਏ ਕਰਮ-ਜਾਲ ਵਿਚ ਫਸੇ ਕਰਮ ਕਰ ਰਹੇ ਹਨ। ਉਸ ਜਾਲ ਨੂੰ ਕੋਈ ਵੇਖ ਨਹੀਂ ਸਕਦਾ।

ਇਤਿ ਅਕਾਲ ਉਸਤਤਿ ਸਟੀਕ ਸੰਪੂਰਨੰ॥ ਸਤੁ ਸੁਭਮ ਸਤੁ॥ ੨੭੧॥ ਅਫਜੂੰ॥

ਅਕਾਲ ਉਸਤਤਿ ਸਟੀਕ ਸੰਪੂਰਨ॥ ਸਤ ਸੁਭਮ ਸਤੁ॥ ੨੭੧॥ ਸਮੁੱਚਾ ਜੋੜ॥

# ਅਥ ਸ੍ਰੀ ਬਚਿੱਤ੍ਰ ਨਾਟਕ ਗ੍ਰੰਥ ਲਿਖਯਤੇ

## ਸ੍ਰੀ ਮੁਖ ਵਾਕ ਪਾਤਸ਼ਾਹੀ ੧੦

# ਅਥ ਸ੍ਰੀ ਬਚਿੱਤ੍ਰ ਨਾਟਕ ਗ੍ਰੰਥ ਲਿਖਯਤੇ

## ਸ੍ਰੀ ਮੁਖ ਵਾਕ ਪਾਤਸ਼ਾਹੀ ੧੦

ੴ ਸਤਿਗੁਰ ਪ੍ਰਸਾਦਿ ॥
ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ ॥
ਸ੍ਰੀ ਭਗਉਤੀ ਜੀ ਸਹਾਇ ॥

# ਸ੍ਰੀ ਬਚਿੱਤਰ ਨਾਟਕ ਗ੍ਰੰਥ

## ਤ੍ਵਪ੍ਰਸਾਦਿ ॥ ਸ੍ਰੀ ਮੁਖਵਾਕ ਪਾਤਿਸ਼ਾਹੀ ੧੦ ॥

**ਦੋਹਰਾ ॥ ਨਮਸ਼ਕਾਰ ਸ੍ਰੀ ਖੜਗ ਕੋ ਕਰੋ ਸੁ ਹਿਤੁ ਚਿਤੁ ਲਾਇ ॥**
**ਪੂਰਨ ਕਰੌ ਗਿਰੰਥ ਇਹ ਤੁਮ ਮੁਹਿ ਕਰਹੁ ਸਹਾਇ ॥ ੧ ॥**

ਸ੍ਰੀ ਖੜਗ ਨੂੰ ਮੈਂ ਆਪਣੇ ਮਨ ਦੇ ਪ੍ਰੇਮ ਨਾਲ ਨਮਸ਼ਕਾਰ ਕਰਦਾ ਹਾਂ। ਹੇ ਪ੍ਰਭੂ ! ਤੁਸੀਂ ਮੇਰੀ ਸਹਾਇਤਾ ਕਰੋ, ਤਾਂ ਕਿ ਮੇਰਾ ਇਹ ਗ੍ਰੰਥ ਸੰਪੂਰਨ ਹੋ ਜਾਏ॥ ੧ ॥

## ਅਧਿਆਇ ਪਹਿਲਾ

## ਸ੍ਰੀ ਕਾਲ ਜੀ ਕੀ ਉਸਤਤਿ ॥

**ਤ੍ਰਿਭੰਗੀ ਛੰਦ ॥ ਖਗ ਖੰਡ ਬਿਹੰਡੰ ਖਲ ਦਲ ਖੰਡੰ ਅਤਿ ਰਣ ਮੰਡੰ ਬਰਬੰਡੰ ॥**
**ਭੁਜ ਦੰਡ ਅਖੰਡੰ ਤੇਜ ਪ੍ਰਚੰਡੰ ਜੋਤਿ ਅਮੰਡੰ ਭਾਨ ਪ੍ਰਭੰ ॥**
**ਸੁਖ ਸੰਤਾ ਕਰਣੰ ਦੁਰਮਤਿ ਦਰਣੰ ਕਿਲਬਿਖ ਹਰਣੰ ਅਸ ਸਰਣੰ ॥**
**ਜੈ ਜੈ ਜਗ ਕਾਰਣ ਸ੍ਰਿਸ਼ਟ ਉਬਾਰਣ ਮਮ ਪ੍ਰਤਿਪਾਰਣ ਜੈ ਤੇਗੰ ॥ ੨ ॥**

ਸ੍ਰੀ ਭਗਉਤੀ ਦੁਸ਼ਟਾਂ ਦੇ ਟੋਟੇ ਕਰਨ ਦੇ ਸਮਰਥ ਹੈ, ਮੂਰਖਾਂ ਦੇ ਦਲਾਂ ਨੂੰ ਨਾਸ ਕਰਨ ਵਾਲੀ ਹੈ। ਜੰਗ ਨੂੰ ਮਚਾਉਣ ਵਾਲੀ ਹੈ, ਅਤਿ ਬਲਵਾਨ ਹੈ ਅਤੇ ਨਾਸ ਰਹਿਤ ਭੁਜਾ ਦੇ ਨਾਲ ਹੈ, ਬੜੇ ਤੇਜ਼ ਪ੍ਰਕਾਸ਼ ਵਾਲੀ ਹੈ ਤੇ ਸੂਰਜ ਵਰਗੀ ਉਸ ਦੀ ਕ੍ਰਾਂਤੀ ਹੈ। ਸੰਤਾਂ ਮਹਾਤਮਾਂ ਨੂੰ ਸੁੱਖ ਦੇਣ ਵਾਲੀ ਹੈ ਤੇ ਖੋਟੇ ਪੁਰਸ਼ਾਂ ਨੂੰ ਨਾਸ ਕਰਨ ਵਾਲੀ ਹੈ। ਪਾਪਾਂ ਨੂੰ ਦੂਰ ਕਰਦੀ ਹੈ। ਮੈਂ ਐਸੀ ਭਗਉਤੀ ਦੀ ਸ਼ਰਨ ਲਈ ਹੈ। ਹੇ ਜਗਤ ਦੇ ਰਚਨਹਾਰੀ ਸ਼ਕਤੀ ! ਤੇਰੀ ਜੈ ਹੋਵੇ, ਤੂੰ ਮੇਰੀ ਹਰ ਤਰ੍ਹਾਂ ਦੀ ਪਾਲਣਾ ਕਰਨ ਵਾਲੀ ਹੈਂ। ਹੇ ਤਲਵਾਰ! ਤੇਰੀ ਸਦਾ ਜੈ ਹੋਵੇ। ਤੇਰੀ ਸਦਾ ਹੀ ਜੈ ਹੋਵੇ॥੨॥

## ਭੁਜੰਗ ਪ੍ਰਯਾਤ ਛੰਦ ॥

**ਸਦਾ ਏਕ ਜੋਤਜੰ ਅਜੂਨੀ ਸਰੂਪੰ ॥ ਮਹਾਂਦੇਵ ਦੇਵੰ ਮਹਾਂ ਭੂਪ ਭੂਪੰ ॥**
**ਨਿਰੰਕਾਰ ਨਿੱਤਜੰ ਨਿਰੂਪੰ ਨ੍ਰਿਬਾਣੰ ॥ ਕਲੰ ਕਾਰਣੇਯੰ ਨਮੋ ਖੜਗ ਪਾਣੰ ॥ ੩ ॥**

ਪਰਮਾਤਮਾ ਸਦਾ ਇਕ ਜੋਤੀ ਸਰੂਪ ਹੈ, ਜੂਨਾਂ ਤੋਂ ਰਹਿਤ ਹੈ, ਵੱਡੇ ਦੇਵਤਿਆਂ ਤੋਂ ਵੀ ਵੱਡਾ ਹੈ ਤੇ ਰਾਜਿਆਂ ਦਾ ਵੀ ਮਹਾਰਾਜਾ ਹੈ। ਸਰੀਰ ਤੋਂ ਬਿਨਾਂ ਹੈ, ਸਦੀਵ ਕਾਲ ਰਹਿਣ ਵਾਲਾ ਹੈ, ਉਸ ਦਾ ਕੋਈ ਰੂਪ ਨਹੀਂ ਤੇ ਬਾਣ ਤੋਂ ਰਹਿਤ ਹੈ। ਜੋ ਸਭ ਸ਼ਕਤੀਆਂ ਦਾ ਕਰਤਾ ਹੈ ਤੇ ਜਿਸ ਦੇ ਹੱਥ ਵਿਚ ਖੜਗ ਹੈ, ਐਸੇ ਸ਼ਕਤੀਵਾਨ ਪ੍ਰਭੂ ਨੂੰ ਮੇਰੀ ਨਮਸ਼ਕਾਰ ਹੈ ॥ ੩ ॥

**ਨਿਰੰਕਾਰ ਨ੍ਰਿਬਿਕਾਰ ਨਿੱਤਜੰ ਨਿਰਾਲੰ ॥ ਨਾ ਬ੍ਰਿੱਧੰ ਬਿਸੇਖੰ ਨ ਤਰੁਨੰ ਨ ਬਾਲੰ ॥**
**ਨ ਰੰਕੰ ਨ ਰਾਯੰ ਨ ਰੂਪੰ ਨ ਰੇਖੰ ॥ ਨ ਰੰਗੰ ਨ ਰਾਗੰ ਅਪਾਰੰ ਅਭੇਖੰ ॥ ੪ ॥**

ਉਹ ਨਿਰੰਕਾਰ ਵਿਕਾਰਾਂ ਤੋਂ ਰਹਿਤ ਹੈ, ਸਦੀਵ ਕਾਲ ਨਿਰਾਲਾ ਹੈ, ਨਾ ਉਹ ਬੁੱਢਾ ਹੈ ਨਾ ਜਵਾਨ ਤੇ ਨਾ ਬਾਲ ਹੈ। ਨਾ ਉਹ ਗ਼ਰੀਬ ਹੈ ਤੇ ਨਾ ਹੀ ਉਹ ਧਨਾਢ ਹੈ। ਨਾ ਉਸ ਦਾ ਕੋਈ ਰੂਪ ਹੈ, ਨਾ ਹੀ ਕੋਈ ਰੇਖ ਨਿਸ਼ਾਨ ਹੈ। ਨਾ ਉਸ ਦਾ ਕੋਈ ਰੰਗ ਹੈ ਤੇ ਨਾ ਹੀ ਉਸ ਦਾ ਕਿਸੇ ਨਾਲ ਪ੍ਰੇਮ ਹੈ। ਉਹ ਬੇਅੰਤ ਹੈ ਤੇ ਬਿਨਾਂ ਕਿਸੇ ਭੇਖ ਤੋਂ ਹੈ ਐਸੇ ਪਰਮਾਤਮਾ ਨੂੰ ਮੇਰੀ ਨਮਸ਼ਕਾਰ ਹੈ ॥ ੪ ॥

**ਨ ਰੂਪੰ ਨ ਰੇਖੰ ਨ ਰੰਗੰ ਨ ਰਾਗੰ ॥ ਨ ਨਾਮੰ ਨ ਠਾਮੰ ਮਹਾਂ ਜੋਤਿ ਜਾਗੰ ॥**
**ਨ ਦ੍ਵੈਖੰ ਨ ਭੇਖੰ ਨਿਰੰਕਾਰ ਨਿੱਤਜੰ ॥ ਮਹਾਂ ਜੋਗ ਜੋਗੰ ਸੁ ਪਰਮੰ ਪਵਿਤਜੰ ॥ ੫ ॥**

ਉਸ ਦਾ ਨਾ ਕੋਈ ਰੂਪ ਹੈ, ਨਾ ਕੋਈ ਨਿਸ਼ਾਨ ਹੈ, ਨਾ ਕੋਈ ਰੰਗ ਤੇ ਨਾ ਹੀ ਉਸ ਦਾ ਕਿਸੇ ਨਾਲ ਪਿਆਰ ਹੈ। ਉਸ ਦਾ ਨਾ ਕੋਈ ਨਾਂ ਹੈ ਤੇ ਨਾ ਕੋਈ ਥਾਂ ਹੈ। ਉਹ ਮਹਾਂ ਜੋਤ ਸਰੂਪ ਵਿਚ ਪ੍ਰਕਾਸ਼ ਰਿਹਾ ਹੈ। ਉਸ ਵਿਚ ਨਾ ਕੋਈ ਦ੍ਵੈਖ ਭਾਵ ਹੈ, ਨਾ ਕੋਈ ਉਸ ਦਾ ਭੇਖ ਹੈ, ਉਹ ਅਕਾਰ ਰਹਿਤ ਹੈ ਤੇ ਸਦੀਵ ਕਾਲ ਹੈ। ਉਹ ਵੱਡੇ ਜੋਗੀਆਂ ਤੋਂ ਵੀ ਵੱਡਾ ਜੋਗੀ ਤੇ ਪਰਮ ਪਵਿੱਤਰ ਹੈ ਐਸੇ ਪਰਮਾਤਮਾ ਨੂੰ ਮੇਰੀ ਨਮਸ਼ਕਾਰ ਹੈ ॥ ੫ ॥

**ਅਜੇਯੰ ਅਭੇਯੰ ਅਨਾਮੰ ਅਠਾਮੰ ॥ ਮਹਾਂ ਜੋਗ ਜੋਗੰ ਮਹਾਂ ਕਾਮ ਕਾਮੰ ॥**
**ਅਲੇਖੰ ਅਭੇਖੰ ਅਨੀਲੰ ਅਨਾਦੰ ॥ ਪਰੇਯੰ ਪਵਿੱਤ੍ਰੰ ਸਦਾ ਨ੍ਰਿਬਿਖਾਦੰ ॥ ੬ ॥**

ਉਹ ਅਜਿਤ ਹੈ, ਉਸ ਦਾ ਭੇਦ ਕੋਈ ਨਹੀਂ ਪਾ ਸਕਦਾ, ਉਸ ਦਾ ਨਾਂ ਤੇ ਟਿਕਾਣਾ ਕੋਈ ਨਹੀਂ। ਵੱਡਿਆਂ ਜੋਗੀਆਂ ਦਾ ਜੋਗੀ ਹੈ ਤੇ ਭੋਗੀਆਂ ਵਿਚ ਵੱਡਾ ਭੋਗੀ ਹੈ। ਉਹ ਕਿਸੇ ਲੇਖੇ ਵਿਚ ਨਹੀਂ, ਭੇਖ ਰਹਿਤ ਹੈ, ਗਿਣਤੀ ਤੋਂ ਬਿਨਾਂ ਹੈ ਤੇ ਉਸ ਦਾ ਕੋਈ ਆਦਿ ਨਹੀਂ। ਸਭ ਤੋਂ ਪਰੇ ਹੈ ਤੇ ਪਵਿੱਤਰ ਹੈ। ਉਹ ਸਦਾ ਝਗੜਿਆਂ ਤੋਂ ਰਹਿਤ ਹੈ ॥ ੬ ॥

**ਸੁ ਆਦੰ ਅਨਾਦੰ ਅਨੀਲੰ ਅਨੰਤੰ ॥ ਅਦ੍ਵੈਖੰ ਅਭੇਖੰ ਮਹੇਸੰ ਮਹੰਤੰ ॥**
**ਨ ਰੋਖੰ ਨ ਸੋਖੰ ਨ ਦ੍ਰੋਹੰ ਨ ਮੋਹੰ ॥ ਨ ਕਾਮੰ ਨ ਕ੍ਰੋਧੰ ਅਜੋਨੀ ਅਜੋਹੰ ॥ ੭ ॥**

ਉਹ ਸਭਨਾਂ ਦਾ ਆਦਿ ਹੈ, ਉਸ ਦਾ ਆਪਣਾ ਕੋਈ ਆਦਿ ਨਹੀਂ, ਉਹ ਕਿਸੇ ਗਿਣਤੀ ਤੋਂ ਰਹਿਤ ਹੈ ਤੇ ਬੇਅੰਤ ਹੈ: ਉਸ ਵਿਚ ਦ੍ਵੈਖ ਨਹੀਂ, ਉਸ ਦਾ ਕੋਈ ਭੇਖ ਨਹੀਂ, ਧਰਤੀ ਦਾ ਮਾਲਕ ਹੈ ਤੇ ਮਹਾਨ ਹੈ। ਉਸ ਵਿਚ ਨਾ ਗੁੱਸਾ, ਨਾ ਸ਼ੰਕਾ ਨਾ ਦਗਾ ਤੇ ਨਾ ਹੀ ਮੋਹ ਹੈ। ਉਸ ਵਿਚ ਕਾਮ, ਕ੍ਰੋਧ ਨਹੀਂ, ਜੂਨਾਂ ਤੋਂ ਰਹਿਤ ਹੈ। ਉਹ ਕਿਸੇ ਨੂੰ ਦਿੱਸਦਾ ਵੀ ਨਹੀਂ ॥੭॥

**ਪਰੇਯੰ ਪਵਿਤ੍ਰੰ ਪੁਨੀਤੰ ਪੁਰਾਣੰ ॥ ਅਜੇਯੰ ਅਭੇਯੰ ਭਵਿੱਖਜੰ ਭਵਾਣੰ ॥**
**ਨ ਰੋਗੰ ਨ ਸੋਗੰ ਸੁ ਨਿੱਤਜੰ ਨਵੀਨੰ ॥ ਅਜਾਯੰ ਸਹਾਯੰ ਸੁ ਪਰਮੰ ਪ੍ਰਬੀਨੰ ॥ ੮ ॥**

ਉਹ ਪ੍ਰਭੂ ਮਨ ਬਾਣੀ ਤੋਂ ਪਰੇ ਹੈ, ਪਵਿੱਤਰ ਹੈ, ਸ਼ੁਧ ਹੈ, ਸਨਾਤਨ ਹੈ। ਉਹ ਅਜਿੱਤ ਹੈ, ਉਸਦਾ ਭੇਦ ਨਹੀਂ ਪਾਇਆ ਜਾ ਸਕਦਾ, ਉਹ ਤਿੰਨਾਂ ਕਾਲਾਂ ਵਿਚ ਵਿਚਰਦਾ ਹੈ। ਉਸ ਨੂੰ ਨਾ ਕੋਈ ਰੋਗ ਹੈ ਤੇ ਨਾ ਹੀ ਕੋਈ ਸੋਗ ਹੈ, ਉਹ ਸਦੀਵ ਕਾਲ ਨਵੀਨ ਹੈ। ਉਹ ਜਨਮ ਤੋਂ ਰਹਿਤ ਹੈ, ਸਭ ਦੀ ਸਹਾਇਤਾ ਕਰਦਾ ਹੈ, ਮਹਾਨ ਚਤੁੱਰ ਹੈ॥੮॥

**ਸੁ ਭੂਤੰ ਭਵਿੱਖੰ ਭਵਾਨੰ ਭਵੇਯੰ ॥ ਨਮੋ ਨ੍ਰਿਬਿਕਾਰੰ ਨਮੋ ਨ੍ਰਿਜੁਰੇਯੰ ॥**
**ਨਮੋ ਦੇਵ ਦੇਵੰ ਨਮੋ ਰਾਜ ਰਾਜੰ ॥ ਨਿਰਾਲੰਬ ਨਿੱਤਜੰ ਸੁ ਰਾਜਾ ਧਿਰਾਜੰ ॥ ੯ ॥**

ਉਹ ਪਰਮਾਤਮਾ ਤਿੰਨਾਂ ਕਾਲਾਂ ਵਿਚ ਵਿਆਪਕ ਹੈ। ਨਿਰਵਿਕਾਰ ਤੇ ਅਰੋਗ ਪ੍ਰਭੂ ਨੂੰ ਮੇਰੀ ਨਮਸ਼ਕਾਰ ਹੈ। ਦੇਵਤਿਆਂ ਦੇ ਦੇਵਤੇ ਤੇ ਰਾਜਿਆਂ ਦੇ ਵੱਡੇ ਰਾਜੇ ਨੂੰ ਨਮਸ਼ਕਾਰ ਹੈ। ਉਹ ਕਿਸੇ ਦੇ ਆਸਰੇ ਨਹੀਂ, ਸਦੀਵ ਕਾਲ ਹੈ ਤੇ ਰਾਜਿਆਂ ਦਾ ਮਹਾਰਾਜਾ ਹੈ॥੯॥

**ਅਲੇਖੰ ਅਭੇਖੰ ਅਭੂਤੰ ਅਦ੍ਵੈਖੰ ॥ ਨ ਰਾਗੰ ਨ ਰੰਗੰ ਨ ਰੂਪੰ ਨ ਰੇਖੰ ॥**
**ਮਹਾਂ ਦੇਵ ਦੇਵੰ ਮਹਾਂ ਜੋਗ ਜੋਗੰ ॥ ਮਹਾਂ ਕਾਮ ਕਾਮੰ ਮਹਾਂ ਭੋਗ ਭੋਗੰ ॥ ੧੦ ॥**

ਉਹ ਪ੍ਰਭੂ ਕਿਸੇ ਲੇਖੇ ਵਿਚ ਨਹੀਂ, ਉਸਦਾ ਕੋਈ ਭੇਖ ਨਹੀਂ, ਉਸਦਾ ਵਜੂਦ ਤੱਤਾਂ ਵਿਚ ਨਹੀਂ ਤੇ ਨਾ ਹੀ ਉਸਨੂੰ ਕਿਸੇ ਨਾਲ ਦ੍ਵੈਖ ਹੈ। ਉਹ ਕਿਸੇ ਰਾਗ, ਰੰਗ, ਰੂਪ ਜਾਂ ਰੇਖ ਵਿਚ ਨਹੀਂ। ਦੇਵਤਿਆਂ ਤੋਂ ਵੱਡਾ ਦੇਵਤਾ ਹੈ ਤੇ ਜੋਗੀਆਂ ਵਿਚ ਵੱਡਾ ਜੋਗੀ ਹੈ। ਕਾਮਨਾ ਵਿਚ ਵੱਡੀ ਕਾਮਨਾ ਹੈ ਤੇ ਭੋਗੀਆਂ ਵਿਚ ਵੱਡਾ ਭੋਗੀ ਹੈ॥੧੦॥

**ਕਹੂੰ ਰਾਜਸੰ ਤਾਮਸੰ ਸਾਤਕੇਯੰ ॥ ਕਹੂੰ ਨਾਰ ਕੋ ਰੂਪ ਧਾਰੇ ਨਰੇਯੰ ॥**
**ਕਹੂੰ ਦੇਵਿਯੰ ਦੇਵਤੰ ਦਈਤ ਰੂਪੰ ॥ ਕਹੂੰ ਰੂਪ ਅਨੇਕ ਧਾਰੇ ਅਨੂਪੰ ॥ ੧੧ ॥**

ਉਹ ਪਰਮਾਤਮਾ ਕਿਤੇ ਰਜੋ, ਤਮੋ ਤੇ ਸਤੋ ਸਰੂਪ ਹੈ। ਕਿਤੇ ਇਸਤਰੀ ਤੇ ਕਿਤੇ ਪੁਰਸ਼ ਰੂਪ

ਵਿਚ ਹੈ। ਕਿਤੇ ਦੇਵੀਆਂ, ਦੇਵਤਿਆਂ ਤੇ ਦੈਂਤਾਂ ਦੇ ਰੂਪ ਵਿਚ ਹੈ। ਕਿਤੇ ਅਨੇਕ ਰੂਪ ਧਾਰਨ ਕਰਦਾ ਹੈ ਤੇ ਕਿਤੇ ਰੂਪ ਤੋਂ ਰਹਿਤ ਹੈ॥੧੧॥

**ਕਹੂੰ ਫੂਲ ਹ੍ਵੈਕੈ ਭਲੇ ਰਾਜ ਫੂਲੇ॥ ਕਹੂੰ ਭਵਰ ਹ੍ਵੈਕੈ ਭਲੀ ਭਾਂਤਿ ਭੂਲੇ॥**
**ਕਹੂੰ ਪਵਨ ਹ੍ਵੈਕੈ ਬਹੇ ਬੇਗਿ ਐਸੇ॥ ਕਹੇ ਮੋ ਨ ਆਵੈ ਕਥੋਂ ਤਾਹਿ ਕੈਸੇ॥ ੧੨॥**

ਕਿਤੇ ਫੁੱਲਾਂ ਵਾਂਗ ਖਿੜਕੇ ਭਲੀ ਭਾਂਤ ਖਿੜ ਰਿਹਾ ਹੈ। ਕਿਤੇ ਭੌਰਾ ਬਣ ਕੇ ਫੁੱਲਾਂ ਵਿਚ ਗਵਾਚ ਰਿਹਾ ਹੈ। ਕਿਤੇ ਹਵਾ ਬਣਕੇ ਬੜੇ ਵੇਗ ਨਾਲ ਚਲ ਰਿਹਾ ਹੈ। ਉਸਦਾ ਰੂਪ ਕਹਿਣ ਤੋਂ ਬਾਹਰ ਹੈ, ਮੈਂ ਕਿਵੇਂ ਕਥਨ ਕਰਾਂ॥੧੨॥

**ਕਹੂੰ ਨਾਦ ਹ੍ਵੈਕੈ ਭਲੀ ਭਾਂਤਿ ਬਾਜੇ॥ ਕਹੂੰ ਪਾਰਧੀ ਹ੍ਵੈ ਧਰੇ ਬਾਨ ਰਾਜੇ॥**
**ਕਹੂੰ ਮ੍ਰਿਗ ਹ੍ਵੈਕੈ ਭਲੀ ਭਾਂਤਿ ਮੋਹੈ॥ ਕਹੂੰ ਕਾਮੁਕੀ ਜਿਉ ਧਰੇ ਰੂਪ ਸੋਹੈ॥ ੧੩॥**

ਕਿਤੇ ਨਾਦ ਰੂਪ ਹੋ ਭਲੀ ਪ੍ਰਕਾਰ ਵੱਜ ਰਿਹਾ ਹੈ। ਕਿਤੇ ਸ਼ਿਕਾਰੀ ਹੋ ਕੇ ਧਨੁੱਖ ਵਿਚ ਤੀਰ ਰੱਖਕੇ ਸੁਭਾਇਮਾਨ ਹੋ ਰਿਹਾ ਹੈ। ਕਿਤੇ ਹਿਰਨ ਬਣਕੇ ਚੰਗੀ ਤਰ੍ਹਾਂ ਮੋਹ ਰਿਹਾ ਹੈ। ਕਿਤੇ ਕਾਮ ਦੀ ਇਸਤ੍ਰੀ ਰਤੀ ਵਾਂਗੂ ਰੂਪ ਧਾਰਕੇ ਸ਼ੋਭ ਰਿਹਾ ਹੈ॥੧੩॥

**ਨਹੀ ਜਾਨਿ ਜਾਈ ਕਛੂ ਰੂਪ ਰੇਖੰ॥ ਕਹਾ ਬਾਸ ਤਾਕੋ ਫਿਰੈ ਕਉਨ ਭੇਖੰ॥**
**ਕਹਾ ਨਾਮ ਤਾਕੋ ਕਹਾ ਕੈ ਕਹਾਵੈ॥ ਕਹਾ ਮੈ ਬਖਾਨੋ ਕਹੇ ਮੋ ਨ ਆਵੈ॥ ੧੪॥**

ਉਸ ਪ੍ਰਭੂ ਦਾ ਕੋਈ ਰੂਪ ਜਾਂ ਨਿਸ਼ਾਨ ਨਹੀਂ ਜਾਣਿਆਂ ਜਾ ਸਕਦਾ। ਉਸਦਾ ਵਾਸਾ ਕਿਥੇ ਹੈ ਤੇ ਕਿਹੜੇ ਭੇਸ ਵਿਚ ਫਿਰਦਾ ਹੈ ? ਉਸ ਦਾ ਨਾਮ ਕੀ ਹੈ ਤੇ ਉਹ ਆਪਣੇ ਆਪ ਨੂੰ ਕੀ ਕਹਾਉਂਦਾ ਹੈ ? ਮੈਂ ਕਿਵੇਂ ਕਹਿ ਸਕਦਾ ਹਾਂ, ਕਿਉਂਕਿ ਉਹ ਕਥਨ ਤੋਂ ਬਾਹਰ ਹੈ॥ ੧੪॥

**ਨ ਤਾਕੋ ਕੋਈ ਤਾਤ ਮਾਤੰ ਨ ਭਾਯੰ॥ ਨ ਪੁੱਤ੍ਰੰ ਨ ਪੌਤ੍ਰੰ ਨ ਦਾਯਾ ਨ ਦਾਯੰ॥**
**ਨ ਨੇਹੰ ਨ ਗੇਹੰ ਨ ਸੈਨੰ ਸਾਥੰ॥ ਮਹਾਂ ਰਾਜ ਰਾਜੰ ਮਹਾਂ ਨਾਥ ਨਾਥੰ॥ ੧੫॥**

ਉਸ ਵਾਹਿਗੁਰੂ ਦਾ ਨਾਂ ਕੋਈ ਪਿਤਾ ਹੈ, ਨਾ ਮਾਤਾ ਤੇ ਨਾ ਹੀ ਕੋਈ ਭਰਾ ਹੈ। ਉਸਦਾ ਨਾਂ ਕੋਈ ਪੁੱਤਰ ਤੇ ਨਾ ਕੋਈ ਪੋਤਰਾ ਹੈ, ਨਾ ਉਸ ਨੂੰ ਖਿਡਾਣ ਵਾਲੀ ਕੋਈ ਦਾਈ ਹੈ ਤੇ ਨਾ ਹੀ ਕੋਈ ਉਸਦਾ ਖਿਡਾਵਾ ਹੈ। ਨਾ ਉਸਨੂੰ ਕਿਸੇ ਨਾਲ ਪ੍ਰੇਮ ਹੈ ਤੇ ਨਾ ਹੀ ਉਸ ਦਾ ਕੋਈ ਘਰ ਹੈ। ਨਾ ਉਸ ਦੀਆਂ ਫੌਜਾਂ ਹਨ ਤੇ ਨਾ ਹੀ ਕੋਈ ਸਾਥੀ ਹੈ। ਪਰ ਫਿਰ ਵੀ ਉਹ ਰਾਜਿਆਂ ਦਾ ਮਹਾਰਾਜਾ ਹੈ ਤੇ ਮਾਲਕਾਂ ਦਾ ਵੱਡਾ ਮਾਲਕ ਹੈ॥੧੫॥

**ਪਰੰਮੰ ਪੁਰਾਨੰ ਪਵਿੱਤ੍ਰੰ ਪਰੇਯੰ॥ ਅਨਾਦੰ ਅਨੀਲੰ ਅਸੰਭੰ ਅਜੇਯੰ॥**
**ਅਭੇਦੰ ਅਛੇਦੰ ਪਵਿੱਤ੍ਰੰ ਪ੍ਰਮਾਥੰ॥ ਮਹਾਂ ਦੀਨ ਦੀਨੰ ਮਹਾਂ ਨਾਥ ਨਾਥੰ॥ ੧੬॥**

ਉਹ ਪ੍ਰਭੂ ਮਹਾਨ ਹੈ, ਸਨਾਤਨ ਹੈ, ਪਵਿੱਤਰ ਹੈ ਤੇ ਪਰੇ ਤੋਂ ਪਰੇ ਹੈ। ਉਸ ਦਾ ਕੋਈ ਆਦਿ ਨਹੀਂ, ਉਸਦੀ ਕੋਈ ਗਿਣਤੀ ਨਹੀਂ, ਉਸ ਦੀ ਕੋਈ ਹੱਦ ਨਹੀਂ ਤੇ ਉਸਨੂੰ ਕੋਈ ਜਿੱਤ ਨਹੀਂ ਸਕਦਾ। ਭੇਦ ਤੇ ਛੇਦ ਤੋਂ ਉਪਰ ਹੈ, ਪਵਿੱਤਰ ਤੇ ਮਹਾਨ ਉੱਚਾ ਹੈ। ਧਰਮੀਆਂ ਤੋਂ ਵੱਡਾ ਧਰਮੀ ਹੈ ਤੇ ਸੁਆਮੀਆਂ ਵਿਚ ਵੱਡਾ ਸੁਆਮੀ ਹੈ॥੧੬॥

**ਅਦਾਗੰ ਅਦੱਗੰ ਅਲੇਖੰ ਅਭੇਖੰ॥ ਅਨੰਤੰ ਅਨੀਲੰ ਅਰੂਪੰ ਅਦ੍ਵੇਖੰ॥**
**ਮਹਾਂ ਤੇਜ ਤੇਜੰ ਮਹਾਂ ਜ੍ਵਾਲ ਜ੍ਵਾਲੰ॥ ਮਹਾਂ ਮੰਤ੍ਰ ਮੰਤ੍ਰੰ ਮਹਾਂ ਕਾਲ ਕਾਲੰ॥ ੧੭॥**

ਉਹ ਪਰਮਾਤਮਾ ਕਲੰਕ ਰਹਿਤ ਅਤੇ ਸਾੜੇ ਰਹਿਤ ਹੈ, ਕਿਸੇ ਲੇਖੇ ਵਿਚ ਵੀ ਨਹੀਂ ਤੇ ਨਾ ਹੀ ਉਸਦਾ ਕੋਈ ਭੇਖ ਹੈ। ਉਹ ਬੇਅੰਤ ਹੈ, ਕਿਸੇ ਗਿਣਤੀ ਵਿਚ ਨਹੀਂ, ਉਸ ਦਾ ਕੋਈ ਰੂਪ ਨਹੀਂ ਤੇ ਨਾ ਹੀ ਉਸ ਦਾ ਕਿਸੇ ਨਾਲ ਵੈਰ ਹੈ। ਤੇਜ ਵਿਚ ਉਸ ਦਾ ਵੱਡਾ ਤੇਜ ਹੈ, ਅੱਗ ਤੋਂ ਵੱਡੀ ਉਸਦੀ ਲਾਟ ਹੈ। ਮੰਤਰਾਂ ਵਿਚੋਂ ਉਹ ਵੱਡਾ ਮੰਤਰ ਹੈ। ਕਾਲ ਦਾ ਵੀ ਉਹ ਵੱਡਾ ਕਾਲ ਹੈ॥੧੭॥

**ਕਰੰ ਬਾਮ ਚਾਪਜੰ ਕ੍ਰਿਪਾਣੰ ਕਰਾਲੰ॥ ਮਹਾਂ ਤੇਜ ਤੇਜੰ ਬਿਰਾਜੈ ਬਿਸਾਲੰ॥**
**ਮਹਾਂ ਦਾੜ੍ਹ ਦਾੜ੍ਹੰ ਸੁ ਸੋਹੰ ਅਪਾਰੰ॥ ਜਿਨੈ ਚਰਬੀਯੰ ਜੀਵ ਜੱਗਜੰ ਹਜਾਰੰ॥ ੧੮॥**

ਉਸ ਪ੍ਰਭੂ ਦੇ ਖੱਬੇ ਹੱਥ ਵਿਚ ਧਨੁੱਖ ਹੈ ਤੇ ਸੱਜੇ ਹੱਥ ਵਿਚ ਭਿਆਨਕ ਤਲਵਾਰ ਹੈ। ਉਹ ਬਹੁਤ ਤੇਜ ਵਾਲਾ ਹੋ ਕੇ ਬਿਰਾਜ ਰਿਹਾ ਹੈ। ਉਹ ਵੱਡੀਆਂ ਦਾੜ੍ਹਾਂ ਵਾਲਿਆਂ ਵਿਚ ਵੱਡੀਆਂ ਦਾੜ੍ਹਾਂ ਵਾਲਾ ਹੋ ਕੇ ਸ਼ੋਭ ਰਿਹਾ ਹੈ। ਉਸ ਨੇ ਸੰਸਾਰ ਦੇ ਹਜ਼ਾਰਾਂ ਜੀਵਾਂ ਨੂੰ ਚੱਬ ਲਿਆ ਹੈ॥੧੮॥

**ਡਮਾ ਡੰਮ ਡਉਰੂ ਸਿਤਾ ਸੇਤ ਛੱਤ੍ਰੰ॥ ਹਾਹਾ ਹੂਹ ਹਾਸੰ ਝਮਾ ਝੱਮ ਅੱਤ੍ਰੰ॥**
**ਮਹਾਂ ਘੋਰ ਸਬਦੰ ਬਜੇ ਸੰਖ ਐਸੰ॥ ਪ੍ਰਲੈ ਕਾਲ ਕੇ ਕਾਲ ਕੀ ਜ੍ਵਾਲ ਜੈਸੰ॥ ੧੯॥**

ਮਹਾਂ ਕਾਲ ਦੇ ਹੱਥ ਵਿਚ ਫੜੇ ਡਉਰੂ ਦਾ ਡੰਮ ਡੰਮ ਸ਼ਬਦ ਹੋ ਰਿਹਾ ਹੈ। ਉਸ ਦੇ ਸਿਰ ਡੱਬ ਖੜੱਬਾ ਛੱਤ੍ਰ ਹੈ। ਉਹ ਮੁਖੋਂ ਹਾਹਾ ਹੂਹੂ ਕਰਕੇ ਹੱਸ ਰਿਹਾ ਹੈ ਤੇ ਉਸਦੇ ਹੱਥ ਵਿਚ ਸ਼ਸਤਰ ਚਮਕ ਰਹੇ ਹਨ। ਭਿਆਨਕ ਸ਼ਬਦ ਹੋ ਰਿਹਾ ਹੈ, ਜਿਵੇਂ ਸੰਖ ਵੱਜ ਰਿਹਾ ਹੋਵੇ ਉਹ ਪਰਲੋ ਕਾਲ ਦੀ ਮੌਤ ਦੀ ਅੱਗ ਵਾਂਗੂੰ ਚਮਕ ਰਿਹਾ ਹੈ॥੧੯॥

## ਰਸਾਵਲ ਛੰਦ॥

**ਘਣੰ ਘੰਟ ਬਾਜੰ॥ ਧੁਣੰ ਮੇਘ ਲਾਜੰ॥ ਭਯੋ ਸੱਦ ਏਵੰ॥ ਹੜਜੋ ਨੀਰਧੇਵੰ॥ ੨੦॥**

ਪ੍ਰਭੂ ਦਾ ਬੋਲ ਇਉਂ ਹੈ ਜਿਵੇਂ ਅਨੇਕਾਂ ਘੰਟਿਆਂ ਦੀ ਆਵਾਜ਼ ਹੁੰਦੀ ਹੈ, ਜਿਸ ਨੂੰ ਸੁਣਕੇ ਬੱਦਲ ਵੀ ਸ਼ਰਮਾ ਜਾਂਦੇ ਹਨ। ਇਸ ਤਰ੍ਹਾਂ ਦਾ ਸ਼ਬਦ ਹੁੰਦਾ ਹੈ ਜਿਵੇਂ ਸਮੁੰਦਰ ਉਛਾਲੇ ਮਾਰਦਾ ਹੈ॥੨੦॥

**ਘੁਰੰ ਘੁੰਘਰੇਯੰ ॥ ਧੁਣੰ ਨੇਵਰੇਯੰ ॥ ਮਹਾਂ ਨਾਦ ਨਾਦੰ ॥ ਸੁਰੰ ਨਿਰ ਬਿਖਾਦੰ ॥ ੨੧ ॥**

ਪਰਮਾਤਮਾ ਦੇ ਪੈਰਾਂ ਦੇ ਘੁੰਘਰੂ ਝਾਂਜਰਾਂ ਵਾਂਗੂੰ ਖੜਕ ਰਹੇ ਹਨ। ਬੜੀ ਉੱਚੀ ਆਵਾਜ਼ ਹੋ ਰਹੀ ਹੈ, ਜਿਸ ਦੀ ਸੁਰ ਝਗੜਿਆਂ ਤੋਂ ਰਹਿਤ ਭਾਵ ਸ਼ਾਂਤ ਕਰਨ ਵਾਲੀ ਹੈ॥ ੨੧॥

**ਸਿਰੰ ਮਾਲ ਰਾਜੰ ॥ ਲਖੇ ਰੱਦ੍ਰ ਲਾਜੰ ॥ ਸੁੰਭ ਚਾਰ ਚਿੱਤ੍ਰੰ ॥ ਪਰੱਮੰ ਪਵਿੱਤ੍ਰੰ ॥ ੨੨ ॥**

ਪ੍ਰਭੂ ਦੇ ਗਲ ਵਿਚ ਸਿਰਾਂ ਦੀ ਮਾਲਾ ਸ਼ੋਭ ਰਹੀ ਹੈ, ਜਿਸਨੂੰ ਵੇਖਕੇ ਸ਼ਿਵਜੀ ਲਜਿਆਵਾਨ ਹੋ ਰਿਹਾ ਹੈ। ਇਸ ਤਰ੍ਹਾਂ ਦੀ ਸੁੰਦਰ ਮੂਰਤ ਸ਼ੋਭ ਰਹੀ ਹੈ, ਜੋ ਅਤਿ ਪਵਿੱਤਰ ਹੈ॥ ੨੨॥

**ਮਹਾਂ ਗਰਜ ਗਰਜੰ ॥ ਸੁਣੇ ਦੂਤ ਲਰਜੰ ॥ ਸ੍ਰਵੰ ਸ੍ਰੋਣ ਸੋਹੰ ॥ ਮਹਾਂ ਮਾਨ ਮੋਹੰ ॥ ੨੩ ॥**

ਪ੍ਰਭੂ ਦੇ ਗਰਜਣ ਦੀ ਆਵਾਜ਼ ਸੁਣਕੇ ਜਮਦੂਤ ਵੀ ਕੰਬਦੇ ਹਨ। ਆਪ ਦੇ ਗਲ ਵਿਚੋਂ ਲਹੂ ਚੋ ਰਿਹਾ ਹੈ ਜੋ ਬੜੇ ਬੜੇ ਮਾਨਧਾਰੀਆਂ ਨੂੰ ਮੋਹ ਰਿਹਾ ਹੈ॥ ੨੩॥

## *ਭੁਜੰਗ ਪ੍ਰਯਾਤ ਛੰਦ ॥*

**ਸ੍ਰਿਜੇ ਸੇਤਜੰ ਜੇਰਜੰ ਉਤਭੁਜੇਵੰ ॥ ਰਚੇ ਅੰਡਜੰ ਖੰਡ ਬ੍ਰਹਮੰਡ ਏਵੰ ॥**
**ਦਿਸਾ ਬਿਦਿਸਾਯੰ ਜ਼ਿਮੀ ਆਸਮਾਣੰ ॥ ਚਤੁਰ ਬੇਦ ਕਥਯੰ ਕੁਰਾਣੰ ਪੁਰਾਣੰ ॥ ੨੪ ॥**

ਪ੍ਰਭੂ ਨੇ ਸਾਰੀ ਸ੍ਰਿਸ਼ਟੀ ਸੇਤਜ, ਜੇਰਜ ਤੇ ਉਤਭੁਜ ਰਾਹੀਂ ਪੈਦਾ ਕੀਤੀ ਹੈ। ਇਸੇ ਤਰ੍ਹਾਂ ਅੰਡਜ ਖਾਣੀ, ਖੰਡਾਂ ਤੇ ਬ੍ਰਹਮੰਡਾਂ ਦੀ ਰਚਨਾ ਕੀਤੀ ਹੈ। ਦਿਸ਼ਾ, ਜ਼ਮੀਨ ਤੇ ਅਕਾਸ਼ ਵੀ ਉਸ ਨੇਂ ਬਣਾਏ ਹਨ। ਚਾਰ ਵੇਦ, ਕੁਰਾਣ ਤੇ ਪੁਰਾਣ ਵੀ ਉਸਨੇ ਕਥਨ ਕੀਤੇ ਹਨ॥ ੨੪॥

**ਰਚੈ ਰੈਣ ਦਿਵਸੰ ਥਪੇ ਸੂਰ ਚੰਦ੍ਰੰ ॥ ਠਟੇ ਦਈਵ ਦਾਨੋ ਰਚੇ ਬੀਰ ਬਿੰਦ੍ਰੰ ॥**
**ਕਰੀ ਲੋਹ ਕਲਮੰ ਲਿਖ੍ਯੋ ਲੇਖ ਮਾਥੰ ॥ ਸਭੈ ਜੇਰ ਕੀਨੇ ਬਲੀ ਕਾਲ ਹਾਥੰ ॥ ੨੫ ॥**

ਵਾਹਿਗੁਰੂ ਨੇ ਰਾਤ ਦਿਨ ਬਣਾਏ ਹਨ ਤੇ ਸੂਰਜ ਚੰਦਰਮਾਂ ਦੀ ਰਚਨਾ ਕੀਤੀ ਹੈ। ਦੇਵਤੇ, ਦੈਂਤ ਤੇ ਹੋਰ ਬਹੁਤ ਬਹਾਦਰ ਸੂਰਮੇ ਰਚੇ ਹਨ। ਉਸ ਨੇਂ ਹੱਥ ਵਿਚ ਫੜੀ 'ਹੁਕਮ ਦੀ ਲੋਹ ਕਲਮ' ਨਾਲ ਸਭ ਦੇ ਮੱਥੇ ਤੇ ਲੇਖ ਲਿਖੇ ਹਨ। ਉਸ ਬਲੀ ਕਾਲ ਨੇ ਸਭ ਨੂੰ ਆਪਣੇ ਅਧੀਨ ਕੀਤਾ ਹੋਇਆ ਹੈ॥ ੨੫॥

**ਕਈ ਮੇਟ ਡਾਰੇ ਉਸਾਰੇ ਬਨਾਏ ॥ ਉਪਾਰੇ ਗੜੇ ਫੇਰਿ ਮੇਟੇ ਉਪਾਏ ॥**
**ਕ੍ਰਿਆ ਕਾਲ ਜੂ ਕੀ ਕਿਨੂ ਨ ਪਛਾਨੀ ॥ ਘਨਯੋ ਪੈ ਬਿਹੈਹੈ ਘਨਯੋ ਪੈ ਬਿਹਾਨੀ ॥ ੨੬ ॥**

ਉਸ ਅਕਾਲ ਪੁਰਖ ਨੇ ਕਈਆਂ ਨੂੰ ਖਤਮ ਕਰ ਦਿੱਤਾ ਹੈ ਕੇ ਕਈਆਂ ਨੂੰ ਉਸਾਰਕੇ ਬਣਾ ਦਿੱਤਾ ਹੈ। ਫੇਰ ਉਨ੍ਹਾਂ ਨੂੰ ਪੁਟ ਦਿੱਤਾ, ਫੇਰ ਘੜ ਦਿੱਤਾ, ਫੇਰ ਮੇਟ ਦਿੱਤਾ, ਫਿਰ ਪੈਦਾ ਕਰ ਦਿੱਤਾ।

ਅਕਾਲ ਪੁਰਖ ਦੀ ਇਸ ਕਿਰਿਆ ਨੂੰ ਕਿਸੇ ਵੀ ਨਹੀਂ ਪਛਾਣਿਆਂ। ਕਈਆਂ ਉਤੇ ਇਹ ਕਿਰਿਆ ਵਰਤੇਗੀ ਤੇ ਕਈਆਂ ਤੇ ਇਹ ਵਰਤ ਚੁੱਕੀ ਹੈ॥੨੬॥

**ਕਿਤੇ ਕ੍ਰਿਸ਼ਨ ਸੇ ਕੀਟ ਕੋਟੈ ਬਨਾਏ॥ ਕਿਤੇ ਰਾਮ ਸੇ ਮੇਟਿ ਡਾਰੇ ਉਪਾਏ॥**
**ਮਹਾਂਦੀਨ ਕੇਤੇ ਪ੍ਰਿਥੀ ਮਾਂਝ ਹੂਏ॥ ਸਮੈ ਆਪਨੀ ਆਪਨੀ ਅੰਤਿ ਮੂਏ॥ ੨੭॥**

ਪ੍ਰਭੂ ਨੇ ਕਰੋੜਾਂ ਕ੍ਰਿਸ਼ਨ ਵਰਗੇ ਦਾਸ ਬਣਾਏ ਹਨ, ਕਿੰਨੇ ਹੀ ਰਾਮ ਵਰਗੇ ਪੈਦਾ ਕਰ ਕੇ ਮੇਟ ਦਿੱਤੇ ਹਨ। ਕਿੰਨੇ ਹੀ ਮੁਹੰਮਦ ਇਸ ਸ੍ਰਿਸ਼ਟੀ ਵਿਚ ਹੋਏ ਹਨ। ਸਭ ਆਪੋ ਆਪਣੇ ਸਮੇਂ ਵਿਚ ਹੋ ਕੇ ਅੰਤ ਨੂੰ ਮਰ ਗਏ ਹਨ॥੨੭॥

**ਜਿਤੇ ਅਉਲੀਆ ਅੰਬੀਆ ਹੋਇ ਬੀਤੇ॥ ਤਿਤਜੋ ਕਾਲ ਜੀਤਾ ਨ ਤੇ ਕਾਲ ਜੀਤੇ॥**
**ਜਿਤੇ ਰਾਮ ਸੇ ਕ੍ਰਿਸਨ ਹੁਇ ਬਿਸਨ ਆਏ॥ ਤਿਤਿਓ ਕਾਲ ਖਾਪਿਓ ਨ ਤੇ ਕਾਲ ਘਾਏ॥ ੨੮॥**

ਜਿੰਨੇ ਵੀ ਔਲੀਏ ਅੰਬੀਏ ਆਦਿ ਧਾਰਮਿਕ ਆਗੂ ਹੋ ਗੁਜਰੇ ਹਨ, ਉਹਨਾਂ ਸਭਨਾਂ ਨੂੰ ਕਾਲ ਨੇ ਜਿੱਤਿਆ ਹੈ, ਪਰ ਉਹ ਕਾਲ ਨੂੰ ਨਹੀਂ ਜਿੱਤ ਸਕੇ। ਜਿੰਨੇ ਵੀ ਰਾਮ, ਕ੍ਰਿਸ਼ਨ ਤੇ ਬਿਸ਼ਨ ਹੋ ਕੇ ਆਏ, ਉਹਨਾਂ ਸਾਰਿਆਂ ਨੂੰ ਮੌਤ ਨੇ ਨਾਸ ਕਰ ਦਿੱਤਾ ਪਰ ਉਹ ਮੌਤ ਨੂੰ ਨਾਸ ਨਹੀਂ ਕਰ ਸਕੇ॥੨੮॥

**ਜਿਤੇ ਇੰਦ੍ਰ ਸੇ ਚੰਦ੍ਰ ਸੇ ਹੋਤ ਆਏ॥ ਤਿਤਜੋ ਕਾਲ ਖਾਪਾ ਨ ਤੇ ਕਾਲ ਘਾਏ॥**
**ਜਿਤੇ ਅਉਲੀਆ ਅੰਬੀਆ ਗਉਸ ਹ੍ਵੈ ਹੈਂ॥ ਸਭੈ ਕਾਲ ਕੇ ਅੰਤ ਦਾੜ੍ਹਾ ਤਲੈ ਹੈਂ॥ ੨੯॥**

ਜਿੰਨੇ ਵੀ ਇੰਦਰ ਤੇ ਚੰਦਰਮਾਂ ਵਰਗੇ ਹੋਏ ਹਨ, ਉਹਨਾਂ ਸਭਨਾਂ ਨੂੰ ਕਾਲ ਨੇ ਖਪਾ ਦਿੱਤਾ ਪਰ ਉਹ ਕਾਲ ਨੂੰ ਨਾਸ ਨਹੀਂ ਕਰ ਸਕੇ। ਜਿੰਨੇ ਵੀ ਔਲੀਏ, ਅੰਬੀਏ ਅਤੇ ਗੌਸ ਫਕੀਰ ਪੈਦਾ ਹੋਣਗੇ, ਉਹ ਸਾਰੇ ਅੰਤ ਨੂੰ ਕਾਲ ਦੀਆਂ ਦਾੜ੍ਹਾਂ ਹੇਠ ਆਉਣਗੇ॥੨੯॥

**ਜਿਤੇ ਮਾਨਧਾਤਾਦਿ ਰਾਜਾ ਸੁਹਾਏ॥ ਸਭੈ ਬਾਂਧਿਕੈ ਕਾਲ ਜੇਲੈ ਚਲਾਏ॥**
**ਜਿਨੈ ਨਾਮ ਤਾਕੋ ਉਚਾਰੋ ਉਬਾਰੇ॥ ਬਿਨਾ ਸਾਮ ਤਾਕੀ ਲਖੇ ਕੋਟ ਮਾਰੇ॥ ੩੦॥**

ਜਿੰਨੇ ਮਾਨਧਾਤਾ ਵਰਗੇ ਸ਼ੋਭਾ ਵਾਲੇ ਰਾਜੇ ਹੋਏ ਹਨ, ਉਹਨਾਂ ਸਾਰਿਆਂ ਨੂੰ ਬੰਨ੍ਹ ਕੇ ਕਾਲ ਨੇ ਬੰਦੀਖਾਨੇ ਵਲ ਤੋਰ ਦਿੱਤਾ ਹੈ। ਜਿਸ ਨੇ ਵਾਹਿਗੁਰੂ ਦਾ ਨਾਮ ਜਪਿਆ ਹੈ, ਉਸਨੂੰ ਪ੍ਰਭੂ ਨੇ ਬਚਾ ਲਿਆ ਹੈ। ਉਸ ਦੀ ਸ਼ਰਨ ਵਿਚ ਗਏ ਬਿਨਾਂ ਕਰੋੜਾਂ ਹੀ ਮਾਰੇ ਜਾਂਦੇ ਵੇਖੇ ਹਨ॥੩੦॥

## ਰਸਾਵਲ ਛੰਦ॥ ਤ੍ਵਪ੍ਰਸਾਦਿ॥

**ਚਮੱਕਹਿ ਕ੍ਰਿਪਾਣੰ॥ ਅਭੂਤੰ ਭਯਾਣੰ॥ ਧੁਣੰ ਨੇਵਰਾਣੰ॥ ਘੁਰੰ ਘੁੰਘਰਾਣੰ॥ ੩੧॥**

ਮਹਾਂ ਕਾਲ ਵਾਹਿਗੁਰੂ ਦੇ ਹੱਥ ਵਿਚ ਤਲਵਾਰ ਚਮਕਦੀ ਹੈ, ਜੋ ਬਹੁਤ ਅਨੋਖੀ ਤੇ ਡਰਾਉਣੀ

ਹੈ। ਜਦੋਂ ਉਹ ਚਲਦਾ ਹੈ ਤਦੋਂ ਝਾਂਜਰਾਂ ਤੇ ਘੁੰਗਰੂਆਂ ਦੀ ਆਵਾਜ਼ ਹੁੰਦੀ ਹੈ॥ ੩੧॥

**ਚਤੁਰ ਬਾਂਹ ਚਾਰੰ॥ ਨਿਜੂਟੰ ਸੁਧਾਰੰ॥ ਗਦਾ ਪਾਂਸ ਸੋਹੰ॥ ਜਮੰ ਮਾਨ ਮੋਹੰ॥ ੩੨॥**

ਪ੍ਰਭੂ ਦੀਆਂ ਚਾਰ ਬਾਹਾਂ ਬਹੁਤ ਸੁੰਦਰ ਹਨ। ਸਿਰ ਤੇ ਸੁੰਦਰ ਕੇਸਾਂ ਦਾ ਜੂੜਾ ਹੈ। ਉਸਦੇ ਕੋਲ ਗਦਾ ਤੇ ਬਰਛੀ ਸ਼ੋਭ ਰਹੀ ਹੈ ਤੇ ਜਮ ਦੇ ਮਾਨ ਨੂੰ ਨਾਸ ਕਰ ਰਹੀ ਹੈ॥ ੩੨॥

**ਸੁਭੰ ਜੀਭ ਜੁਆਲੰ॥ ਸੁ ਦਾੜ੍ਹਾ ਕਰਾਲੰ॥ ਬਜੀ ਬੰਬ ਸੰਖੰ॥ ਉਠੇ ਨਾਦ ਬੰਖੰ॥ ੩੩॥**

ਪਰਮਾਤਮਾ ਦੀ ਜੀਭ ਅਗਨੀ ਵਾਂਗ ਸ਼ੋਭ ਰਹੀ ਹੈ, ਦਾੜ੍ਹਾਂ ਬੜੀਆਂ ਭਿਆਨਕ ਹਨ। ਜੰਗ ਨੂੰ ਜਾਣ ਸਮੇਂ ਸੰਖ ਤੇ ਧੌਂਸੇ ਦੀ ਧੁਨੀ ਇਸ ਤਰ੍ਹਾਂ ਹੁੰਦੀ ਹੈ, ਜਿਵੇਂ ਸਮੁੰਦਰ ਦੀ ਗਰਜ ਹੁੰਦੀ ਹੈ॥ ੩੩॥

**ਸੁਭੰ ਰੂਪ ਸਜਾਮੰ॥ ਮਹਾ ਸੋਭ ਧਾਮੰ॥ ਛਬੇ ਚਾਰ ਚਿੱਤ੍ਰੰ॥ ਪਰੇਅੰ ਪਵਿੱਤ੍ਰੰ॥ ੩੪॥**

ਅਕਾਲ ਪੁਰਖ ਦੇ ਚਿਹਰੇ ਦਾ ਸ਼ਿਆਮ ਰੰਗ ਸੋਭ ਰਿਹਾ ਹੈ, ਜੋ ਬੜੀ ਸ਼ੋਭਾ ਦਾ ਘਰ ਹੈ। ਮੱਥੇ ਉਤੇ ਸੁੰਦਰ ਤਿਲਕ ਫੱਬ ਰਿਹਾ ਹੈ, ਜੋ ਬਹੁਤ ਸੁੰਦਰ ਤੇ ਪਵਿੱਤ੍ਰ ਹੈ॥ ੩੪॥

## ਭੁਜੰਗ ਪ੍ਰਯਾਤ ਛੰਦ॥

**ਸਿਰੰ ਸੇਤ ਛੱਤ੍ਰੰ ਸੁ ਸੁਭ੍ਰੰ ਬਿਰਾਜੰ॥ ਲਖੇ ਛੈਲ ਛਾਇਆ ਕਰੇ ਤੇਜ ਲਾਜੰ॥**
**ਬਿਸਾਲਾਲ ਨੈਨੰ ਮਹਾਰਾਜ ਸੋਹੰ॥ ਢਿਗੰ ਅੰਸੁਮਾਲੰ ਹਸੰ ਕੋਟ ਕ੍ਰੋਹੰ॥ ੩੫॥**

ਪ੍ਰਭੂ ਦੇ ਸਿਰ ਉਤੇ ਚਿੱਟਾ ਛੱਤਰ ਬਿਰਾਜ ਰਿਹਾ ਹੈ, ਜਿਸਦੀ ਸੁੰਦਰ ਛਬੀ ਨੂੰ ਵੇਖਕੇ ਤੇਜ ਵੀ ਲਜਿਆਵਾਨ ਹੁੰਦਾ ਹੈ। ਪ੍ਰਭੂ ਦੇ ਚੌੜੇ ਤੇ ਲਾਲ ਨੇਤਰ ਸੋਹਣੇ ਪ੍ਰਤੀਤ ਹੁੰਦੇ ਹਨ, ਜਿਨ੍ਹਾਂ ਦੇ ਪ੍ਰਕਾਸ਼ ਨੂੰ ਵੇਖਕੇ ਕਰੋੜਾਂ ਸੂਰਜ ਕ੍ਰਿਝਦੇ ਹਨ॥ ੩੫॥

**ਕਹੂੰ ਰੂਪ ਧਾਰੇ ਮਹਾਰਾਜ ਸੋਹੰ॥ ਕਹੂੰ ਦੇਵ ਕੰਨਿਆਨ ਕੇ ਮਾਨ ਮੋਹੰ॥**
**ਕਹੂੰ ਬੀਰ ਹ੍ਵੈਕੈ ਧਰੇ ਬਾਨ ਪਾਨੰ॥ ਕਹੂੰ ਭੂਪ ਹ੍ਵੈਕੈ ਬਜਾਏ ਨਿਸ਼ਾਨੰ॥ ੩੬॥**

ਕਿਤੇ ਪ੍ਰਭੂ ਮਹਾਰਾਜਿਆਂ ਦੇ ਰੂਪ ਵਿਚ ਸ਼ੋਭ ਰਿਹਾ ਹੈ। ਕਿਤੇ ਦੇਵਤਿਆਂ ਦੀਆਂ ਕੰਨਿਆਂ ਦੇ ਮਾਨ ਨੂੰ ਨਾਸ ਕਰ ਰਿਹਾ ਹੈ। ਕਿਤੇ ਸੂਰਬੀਰ ਹੋ ਕੇ ਹੱਥ ਵਿਚ ਤੀਰ ਫੜਿਆ ਹੋਇਆ ਹੈ। ਕਿਤੇ ਰਾਜਾ ਹੋ ਕੇ ਧੌਂਸੇ ਵੱਜਵਾ ਰਿਹਾ ਹੈ॥ ੩੬॥

## ਰਸਾਵਲ ਛੰਦ॥

**ਧਨੁਰ ਬਾਨ ਧਾਰੇ॥ ਛਕੇ ਛੈਲ ਭਾਰੇ॥ ਲਏ ਖੱਗ ਐਸੇ॥ ਮਹਾਂਬੀਰ ਜੈਸੇ॥ ੩੭॥**

ਕਿਤੇ ਪ੍ਰਭੂ ਧਨੁੱਖ ਧਾਰਕੇ ਸੂਰਬੀਰਾਂ ਵਾਂਗੂੰ ਸੱਜ ਰਿਹਾ ਹੈ। ਉਸ ਨੇ ਆਪਣੇ ਹੱਥ ਵਿਚ ਤਲਾਵਰ ਇਉਂ ਫੜੀ ਹੋਈ ਹੈ, ਜਿਵੇਂ ਮਹਾਂ ਸੂਰਬੀਰ ਹੁੰਦਾ ਹੈ॥ ੩੭॥

**ਜੁਰੇ ਜੰਗ ਜੋਰੰ ॥ ਕਰੇ ਜੁੱਧ ਘੋਰੰ ॥ ਕ੍ਰਿਪਾਨਿਧਿ ਦਿਆਲੰ ॥ ਸਦਾਯੰ ਕ੍ਰਿਪਾਲੰ ॥ ੩੮ ॥**

ਪ੍ਰਭੂ ਜੰਗ ਵਿਚ ਜੁੱਟ ਕੇ ਬੜਾ ਭਿਆਨਕ ਜੁੱਧ ਕਰਦਾ ਹੈ। ਉਹ ਪ੍ਰਭੂ ਦਿਆਲ ਹੈ ਤੇ ਕਿਰਪਾ ਦਾ ਖਜ਼ਾਨਾ ਹੈ ਤੇ ਸਦਾ ਕ੍ਰਿਪਾਲੂ ਹੈ॥ ੩੮ ॥

**ਸਦਾ ਏਕ ਰੂਪੰ ॥ ਸਭੈ ਲੋਕ ਭੂਪੰ ॥ਅਜੇਯੰ ਅਜਾਯੰ ॥ ਸਰੰਨਿਯੰ ਸਹਾਯੰ ॥ ੩੯ ॥**

ਪਰਮਾਤਮਾ ਸਭਨਾਂ ਵਿਚ ਇਕ ਰੂਪ ਹੋ ਕੇ ਵਿਚਰ ਰਿਹਾ ਹੈ। ਸਭ ਲੋਕਾਂ ਦਾ ਰਾਜਾ ਹੈ। ਉਹ ਅਜਿੱਤ ਹੈ ਤੇ ਕਿਸੇ ਜਨਮ ਵਿਚ ਨਹੀਂ ਆਉਂਦਾ। ਸ਼ਰਨ ਆਇਆਂ ਦੀ ਸਹਾਇਤਾ ਕਰਦਾ ਹੈ॥ ੩੯ ॥

**ਤਪੈ ਖੱਗ ਪਾਨੰ ॥ ਮਹਾਂ ਲੋਕ ਦਾਨੰ ॥ ਭਵਿੱਖਜੰ ਭਵੇਅੰ ॥ ਨਮੋ ਨਿਰਜੁਰੇਅੰ ॥ ੪੦ ॥**

ਪ੍ਰਭੂ ਦੇ ਹੱਥ ਵਿਚ ਖੰਡਾ ਚਮਕਦਾ ਹੈ। ਲੋਕਾਂ ਵਿਚ ਵੱਡਾ ਦਾਨੀ ਹੈ। ਅਗਲੇ ਤੇ ਹੁਣ ਦੇ ਸਮੇਂ ਵਿਚ ਸਦਾ ਹੀ ਕਾਇਮ ਹੈ। ਅਰੋਗ ਰੂਪ ਵਾਲੇ ਪ੍ਰਭੂ ਨੂੰ ਮੇਰੀ ਨਮਸ਼ਕਾਰ ਹੈ॥ ੪੦ ॥

**ਮਧੋ ਮਾਨ ਮੁੰਡੰ ॥ ਸੁਭੰ ਰੁੰਡ ਝੁੰਡੰ ॥ ਸਿਰੰ ਸੇਤ ਛੱਤ੍ਰੰ ॥ ਲਸੰ ਹਾਥ ਅੱਤ੍ਰੰ ॥ ੪੧ ॥**

ਮਧੁ ਦੈਂਤ ਵਰਗਿਆਂ ਦੇ ਸਿਰਾਂ ਦੀ ਮਾਲਾ ਜਿਸਦੇ ਗਲ ਵਿਚ ਸ਼ੋਭ ਰਹੀ ਹੈ। ਸਿਰ ਤੇ ਚਿੱਟਾ ਛੱਤਰ ਹੈ ਤੇ ਹੱਥ ਵਿਚ ਸ਼ਸਤਰ ਚਮਕ ਰਹੇ ਹਨ॥ ੪੧ ॥

**ਸੁਣੇ ਨਾਦ ਭਾਰੀ ॥ ਤ੍ਰਸੇ ਛੱਤ੍ਰਧਾਰੀ ॥ ਦਿਸ਼ਾ ਬਸਤ੍ਰ ਰਾਜੰ ॥ ਸੁਣੇ ਦੋਖ ਭਾਜੰ ॥ ੪੨ ॥**

ਉਸ ਪ੍ਰਭੂ ਦੀ ਭਿਆਨਕ ਆਵਾਜ਼ ਸੁਣ ਕੇ ਬੜੇ ਬੜੇ ਵੱਡੇ ਰਾਜੇ ਕੰਬ ਜਾਂਦੇ ਹਨ। ਉਸਦੇ ਸਰੀਰ ਉਤੇ ਦਿਸ਼ਾ ਦੇ ਹੀ ਬਸਤਰ ਹਨ। ਉਸ ਦਾ ਨਾਮ ਸੁਣਕੇ ਸਭ ਪਾਪ ਭੱਜ ਜਾਂਦੇ ਹਨ॥ ੪੨ ॥

**ਸੁਣੇ ਗੱਦ ਸੱਦੰ ॥ ਅਨੰਤੰ ਬਿਹੱਦੰ ॥ ਘਟਾ ਜਾਣੁ ਸਜਾਮੰ ॥ ਦੁਤੰ ਅਭਿਰਾਮੰ ॥ ੪੩ ॥**

ਪ੍ਰਭੂ ਦੇ ਗਦਾ ਦਾ ਸ਼ਬਦ ਸੁਣਾਈ ਦੇ ਰਿਹਾ ਹੈ, ਜੋ ਬੇਅੰਤ ਤੇ ਬੇਹੱਦ ਹੈ। ਜਿਵੇਂ ਕਾਲੀਆਂ ਘਟਾਂ ਛਾ ਰਹੀਆਂ ਹੋਣ, ਇਸ ਤਰ੍ਹਾਂ ਦਾ ਪ੍ਰਕਾਸ਼ ਬੜਾ ਸੁੰਦਰ ਪ੍ਰਤੀਤ ਹੋ ਰਿਹਾ ਹੈ॥ ੪੩ ॥

**ਚਤੁਰ ਬਾਹੁ ਚਾਰੰ ॥ ਕਰੀਟੰ ਸੁ ਧਾਰੰ ॥ ਗਦਾ ਸੰਖ ਚੱਕ੍ਰੰ ॥ ਦਿਪੈ ਕ੍ਰੂਰ ਬੱਕ੍ਰੰ ॥ ੪੪ ॥**

ਪਰਮਾਤਮਾ ਦੀਆਂ ਚਾਰ ਬਾਂਹਾਂ ਬੜੀਆਂ ਸੁੰਦਰ ਹਨ ਤੇ ਸਿਰ ਤੇ ਮੁਕਟ ਧਾਰਨ ਕੀਤਾ ਹੋਇਆ ਹੈ, ਗਦਾ, ਸੰਖ ਤੇ ਚੱਕ੍ਰ ਚਮਕ ਰਹੇ ਹਨ, ਜੋ ਬੜੇ ਭਿਆਨਕ ਤੇ ਚਮਕਦਾਰ ਹਨ॥ ੪੪ ॥

## ਨਰਾਜ ਛੰਦ ॥

**ਅਨੂਪ ਰੂਪ ਰਾਜਿਯੰ ॥ ਨਿਹਾਰ ਕਾਮ ਲਾਜਿਯੰ ॥**
**ਅਲੋਕ ਲੋਕ ਸੋਭਯੰ ॥ ਬਿਲੋਕ ਲੋਕ ਲੋਭਿਯੰ ॥ ੪੫ ॥**

ਪ੍ਰਭੂ ਦੇ ਰੂਪ ਦੀ ਐਸੀ ਸ਼ੋਭਾ ਹੈ, ਜਿਸ ਨੂੰ ਵੇਖ ਕੇ ਕਾਮਦੇਵ ਵੀ ਲਜਿਆਵਾਨ ਹੁੰਦਾ

ਹੈ। ਸਭ ਲੋਕਾਂ ਵਿਚ ਜਿਸ ਦੀ ਸ਼ੋਭਾ ਹੈ, ਜਿਸ ਨੂੰ ਵੇਖਕੇ ਲੋਕ ਮੋਹਿਤ ਹੋ ਜਾਂਦੇ ਹਨ॥ ੪੫॥

**ਚਮੱਕਿ ਚੰਦ੍ਰ ਸੀਸਿਯੰ॥ ਰਹਿਯੋ ਲਜਾਇ ਈਸਿਯੰ॥**
**ਸੁ ਸੋਭ ਨਾਗ ਭੂਖਣੰ॥ ਅਨੇਕ ਦੁਸ਼ਟ ਦੂਖਣੰ॥ ੪੬॥**

ਪਰਮਾਤਮਾ ਦੇ ਸੀਸ ਤੇ ਚੰਦਰਮਾਂ ਪ੍ਰਕਾਸ਼ ਕਰ ਰਿਹਾ ਹੈ, ਜਿਸ ਨੂੰ ਵੇਖਕੇ ਸ਼ਿਵਜੀ ਵੀ ਸ਼ਰਮਸਾਰ ਹੋ ਰਿਹਾ ਹੈ, ਉਸ ਦੇ ਗਲ ਵਿਚ ਸੱਪਾਂ ਦੇ ਗਹਿਣੇ ਸ਼ੋਭ ਰਹੇ ਹਨ ਜੋ ਅਨੇਕਾਂ ਦੁਸ਼ਟਾਂ ਨੂੰ ਮਾਰਨ ਵਾਲੇ ਹਨ॥ ੪੬॥

**ਕ੍ਰਿਪਾਣ ਪਾਣ ਧਾਰਿਯੰ॥ ਕਰੋਰ ਪਾਪ ਟਾਰਿਯੰ॥**
**ਗਦਾ ਗ੍ਰਿਸਟ ਪਾਣਿਯੰ॥ ਕਮਾਣ ਬਾਣ ਤਾਣਿਯੰ॥ ੪੭॥**

ਪਰਮਾਤਮਾ ਦੇ ਹੱਥ ਵਿਚ ਤੇਗ ਫੜੀ ਹੋਈ ਹੈ, ਜੋ ਕਰੋੜਾਂ ਪਾਪਾਂ ਨੂੰ ਨਾਸ ਕਰਦੀ ਹੈ। ਉਸ ਦੇ ਹੱਥ ਵਿਚ ਬਹੁਤ ਵੱਡੀ ਗਦਾ ਹੈ। ਉਸਨੇ ਕਮਾਨ ਵਿਚ ਤੀਰ ਚੜ੍ਹਾ ਕੇ ਤਾਣਿਆ ਹੋਇਆ ਹੈ॥ ੪੭॥

**ਸ਼ਬੱਦ ਸੰਖ ਬੱਜਿਯੰ॥ ਘਣੰਕਿ ਘੁੰਮਰ ਗੱਜਿਯੰ॥**
**ਸ਼ਰਨਿ ਨਾਥ ਤੋਰਿਯੰ॥ ਉਬਾਰ ਲਾਜ ਮੋਰਿਯੰ॥ ੪੮॥**

ਉਸਦੇ ਸੰਖ ਦੇ ਵੱਜਣ ਦਾ ਸ਼ਬਦ ਹੋ ਰਿਹਾ ਹੈ। ਉਸਦੇ ਘੁੰਘਰੂ ਦੀ ਛਣਕਾਰ ਹੋ ਰਹੀ ਹੈ। ਹੇ ਸੁਆਮੀ ! ਮੈਂ ਤੇਰੀ ਸ਼ਰਨ ਵਿਚ ਆਇਆ ਹਾਂ, ਮੇਰੀ ਲਜਿਆ ਰੱਖੋ॥ ੪੮॥

**ਅਨੇਕ ਰੂਪ ਸੋਹਿਯੰ॥ ਬਿਸੇਖ ਦੇਵ ਮੋਹਿਯੰ॥**
**ਅਦੇਵ ਦੇਵ ਦੇਵਲੰ॥ ਕ੍ਰਿਪਾ ਨਿਧਾਨ ਕੇਵਲੰ॥ ੪੯॥**

ਅਕਾਲ ਪੁਰਖ ਅਨੇਕਾਂ ਰੂਪਾਂ ਵਿਚ ਸ਼ੋਭਾ ਪਾ ਰਿਹਾ ਹੈ, ਜਿਸ ਦੇ ਸੁੰਦਰ ਸਰੂਪ ਨੂੰ ਵੇਖਕੇ ਦੇਵਤੇ ਵੀ ਮੋਹਤ ਹੋ ਜਾਂਦੇ ਹਨ। ਉਹ ਦੈਂਤਾਂ ਤੇ ਦੇਵਤਿਆਂ ਦਾ ਪੂਜਾ-ਅਸਥਾਨ ਹੈ ਅਤੇ ਉਹ ਨਿਰੋਲ ਕਿਰਪਾ ਦਾ ਖਜ਼ਾਨਾ ਹੈ॥ ੪੯॥

**ਸੁ ਆਦਿ ਅੰਤਿ ਏਕਯੰ॥ ਧਰੇ ਸਰੂਪ ਅਨੇਕਿਯੰ॥**
**ਕ੍ਰਿਪਾਣ ਪਾਣ ਰਾਜਈ॥ ਬਿਲੋਕ ਪਾਪ ਭਾਜਈ॥ ੫੦॥**

ਉਹ ਪ੍ਰਭੂ ਆਦਿ ਤੋਂ ਅੰਤ ਤੱਕ ਇਕ ਰੂਪ ਵਾਲਾ ਹੈ। ਫਿਰ ਉਸ ਨੇ ਹੀ ਅਨੇਕਾਂ ਰੂਪ ਧਾਰਨ ਕੀਤੇ ਹੋਏ ਹਨ। ਉਸ ਦੇ ਹੱਥ ਵਿਚ ਤਲਵਾਰ ਸੁਭਾਇਮਾਨ ਹੋ ਰਹੀ ਹੈ, ਜਿਸ ਨੂੰ ਵੇਖਕੇ ਪਾਪ ਨਾਸ ਹੋ ਜਾਂਦੇ ਹਨ॥ ੫੦॥

ਅਲੰਕ੍ਰਿਤੰ ਸੁ ਦੇਹਿਯੰ॥ ਤਨੋ ਮਨੋ ਕਿ ਮੋਹਿਯੰ॥
ਕਮਾਣ ਬਾਣ ਧਾਰਹੀ॥ ਅਨੇਕ ਸ਼ੱਤ੍ਰ ਟਾਰਹੀ॥ ੫੧॥

ਪ੍ਰਭੂ ਦਾ ਸਰੀਰ ਅਤੀ ਸੁੰਦਰ ਹੈ, ਜੋ ਸਭ ਲੋਕਾਂ ਦੇ ਤਨ ਤੇ ਮਨ ਨੂੰ ਮੋਹ ਰਿਹਾ ਹੈ। ਉਹ ਆਪਣੇ ਹੱਥ ਵਿਚ ਤੀਰ ਕਮਾਨ ਲੈ ਕੇ ਅਨੇਕਾਂ ਵੈਰੀਆਂ ਨੂੰ ਮਾਰਦਾ ਹੈ॥ ੫੧॥

ਘਮੱਕਿ ਘੁੰਘਰੰ ਸਰੰ॥ ਨਵੰਨ ਨਾਦ ਨੂਪਰੰ॥
ਪ੍ਰਜ੍ਵਾਲ ਬਿੱਜੁਲੰ ਜੁਲੰ॥ ਪਵਿੱਤ੍ਰ ਪਰਮ ਨਿਰਮਲੰ॥ ੫੨॥

ਉਸ ਦੇ ਘੁੰਘਰੂਆਂ ਦਾ ਸ਼ਬਦ ਹੋ ਰਿਹਾ ਹੈ। ਝਾਂਜਰਾਂ ਤੋਂ ਨਵੀਆਂ ਨਵੀਆਂ ਅਵਾਜ਼ਾਂ ਨਿਕਲ ਰਹੀਆਂ ਹਨ। ਤੇਜ ਅਗਨੀ ਤੇ ਬਿਜਲੀ ਜਿਹਾ ਪ੍ਰਕਾਸ਼ ਹੋ ਰਿਹਾ ਹੈ, ਜੋ ਪਵਿੱਤ੍ਰ ਤੇ ਉੱਜਲਾ ਹੈ॥ ੫੨॥

## ਤੋਟਕ ਛੰਦ॥ ਤ੍ਵਪ੍ਰਸਾਦਿ॥

ਨਵ ਨੇਵਰ ਨਾਦ ਸੁਰੰ ਨ੍ਰਿਮਲੰ॥ ਮੁਖ ਬਿੱਜੁਲ ਜ੍ਵਾਲ ਘਣੰ ਪ੍ਰਜੁਲੰ॥
ਮਦਰਾ ਕਰ ਮੱਤ ਮਹਾ ਭਭਕੰ॥ ਬਨ ਮੈ ਮਨੋ ਬਾਘ ਬਚਾ ਬਬਕੰ॥ ੫੩॥

ਪ੍ਰਭੂ ਦੀਆਂ ਝਾਂਜਰਾਂ ਦੀ ਨਿਰਮਲ ਸੁਰ ਨਿਕਲ ਰਹੀ ਹੈ। ਉਸ ਦਾ ਮੁੱਖ ਇਉਂ ਸ਼ੋਭਦਾ ਹੈ ਜਿਵੇਂ ਕਾਲੇ ਬੱਦਲਾਂ ਵਿਚ ਬਿਜਲੀ ਚਮਕਦੀ ਹੈ। ਉਸ ਦੀ ਚਾਲ ਸ਼ਰਾਬ ਨਾਲ ਮਸਤ ਹੋਈ ਹਾਥੀ ਦੀ ਚਾਲ ਵਰਗੀ ਹੈ। ਉਸਦੇ ਬੋਲ ਇਉਂ ਗਰਜਦੇ ਹਨ, ਜਿਵੇਂ ਵਣ ਵਿਚ ਸ਼ੇਰ ਦਾ ਬੱਚਾ ਗਰਜ ਰਿਹਾ ਹੁੰਦਾ ਹੈ॥ ੫੩॥

ਭਵ ਭੂਤ ਭਵਿੱਖ ਭਵਾਨ ਭਵੰ॥ ਕਲ ਕਾਰਣ ਉਬਾਰਣ ਏਕ ਤੁਵੰ॥
ਸਭ ਠੌਰ ਨਿਰੰਤਰ ਨਿੱਤ ਨਯੰ॥ ਮ੍ਰਿਦੁ ਮੰਗਲ ਰੂਪ ਤੁਯੰ ਸੁ ਭਯੰ॥ ੫੪॥

ਪ੍ਰਭੂ ਤਿੰਨਾਂ ਸਮਿਆਂ ਵਿਚ ਸ੍ਰਿਸ਼ਟੀ ਨੂੰ ਪੈਦਾ ਕਰਨ ਵਾਲਾ ਹੈ। ਹੇ ਅਕਾਲ ਪੁਰਖ ਅਵਿਦਿਆ ਤੋਂ ਬਚਾਉਣ ਵਾਲਾ ਇਕ ਤੂੰ ਹੀ ਹੈਂ। ਸਭ ਥਾਵਾਂ ਵਿਚ ਇਕ ਰਸ ਤੇ ਨਵੇਂ ਤੋਂ ਨਵਾਂ ਇਕ ਤੂੰ ਹੀ ਹੈਂ। ਤੂੰ ਕੋਮਲ ਤੇ ਮੰਗਲ ਰੂਪ ਹੋ ਕੇ ਸ਼ੋਭ ਰਿਹਾ ਹੈ॥ ੫੪॥

ਦ੍ਰਿੜਦਾੜ੍ਹ ਕਰਾਲ ਦ੍ਵੈ ਸੇਤ ਉਧੰ॥ ਜਿਹ ਭਾਜਤ ਦੁਸ਼ਟ ਬਿਲੋਕ ਜੁਧੰ॥
ਮਦ ਮੱਤ ਕ੍ਰਿਪਾਣ ਕਰਾਲ ਧਰੰ॥ ਜਯ ਸੱਦ ਸੁਰਾ ਸੁਰਯੰ ਉਚਰੰ॥ ੫੫॥

ਹੇ ਪ੍ਰਭੂ ! ਤੇਰੀਆਂ ਉੱਚੀਆਂ, ਚਿੱਟੀਆਂ ਤੇ ਭਿਆਨਕ ਦੋ ਦਾੜ੍ਹਾਂ ਹਨ, ਜਿਨ੍ਹਾਂ ਨੂੰ ਵੇਖਕੇ ਦੁਸ਼ਟ ਜੁੱਧ ਵਿਚੋਂ ਭੱਜ ਜਾਂਦੇ ਹਨ। ਤੂੰ ਮਦ ਕਰਕੇ ਮਸਤ ਹੈਂ ਤੇ ਤੇਰੇ ਹੱਥ ਵਿਚ ਬੜੀ ਭਿਆਨਕ ਤਲਵਾਰ ਹੈ। ਦੇਵਤੇ ਤੇ ਦੈਂਤ ਤੇਰੀ ਜੈ ਜੈ ਕਾਰ ਉਚਾਰ ਰਹੇ ਹਨ॥ ੫੫॥

**ਨਵ ਕਿੰਕਣ ਨੇਵਰ ਨਾਦ ਹੂਅੰ॥ ਚਲ ਚਾਲ ਸਭਾ ਚਲ ਕੰਪ ਭੂਅੰ॥**
**ਘਣ ਘੁੰਘਰ ਘੰਟਣ ਘੋਰ ਸੁਰੰ॥ ਚਰ ਚਾਰ ਚਰਾ ਚਰਯੰ ਹੁਹਰੰ॥ ੫੬॥**

ਜਦੋਂ ਪ੍ਰਭੂ ਦੀ ਘੰਟੀ ਤੇ ਝਾਂਜਰਾਂ ਦਾ ਸ਼ਬਦ ਹੁੰਦਾ ਹੈ, ਤਦੋਂ ਸਾਰੇ ਪਰਬਤ ਪਾਰੇ ਵਾਂਗੂੰ ਕੰਬਣ ਲੱਗ ਜਾਂਦੇ ਹਨ। ਜਦੋਂ ਘੁੰਘਰੂਆਂ ਦੇ ਖੜਕਣ ਦੀ ਆਵਾਜ਼ ਹੁੰਦੀ ਹੈ, ਤਦੋਂ ਚਹੁੰ ਦਿਸ਼ਾਂ ਦੇ ਜੜ੍ਹ ਚੇਤਨ ਹੋ ਜਾਂਦੇ ਹਨ॥ ੫੬॥

**ਚਲ ਚੌਦਹੂੰ ਚੱਕ੍ਰਨ ਚੱਕ੍ਰ ਫਿਰੰ॥ ਬਢਵੰ ਘਟਵੰ ਹਰੀਅੰ ਸੁਭਰੰ॥**
**ਜਗ ਜੀਵ ਜਿਤੇ ਜਲਯੰ ਥਲਯੰ॥ ਅਸ ਕੋ ਜੁ ਤਵਾਇਸੁਅੰ ਮਲਯੰ॥ ੫੭॥**

ਹੇ ਪ੍ਰਭੂ ! ਚੌਦਾਂ ਲੋਕਾਂ ਵਿਚ ਤੇਰੇ ਹੁਕਮ ਦਾ ਚੱਕਰ ਫਿਰ ਰਿਹਾ ਹੈ। ਤੂੰ ਵਧਿਆਂ ਹੋਇਆਂ ਨੂੰ ਘਟਾ ਦਿੰਦਾ ਹੈਂ ਤੇ ਖਾਲੀਆਂ ਨੂੰ ਭਰ ਦਿੰਦਾ ਹੈਂ। ਜਲਾਂ ਥਲਾਂ ਵਿਚ ਰਹਿਣ ਵਾਲੇ ਜਗਤ ਦੇ ਜਿੰਨੇ ਜੀਵ ਹਨ, ਉਹਨਾਂ ਵਿਚੋਂ ਕੌਣ ਐਸਾ ਹੈ, ਜੋ ਤੇਰੀ ਆਗਿਆ ਨੂੰ ਮੋੜ ਸਕੇ॥ ੫੭॥

**ਘਟ ਭਾਦਵ ਮਾਸ ਕੀ ਜਾਣ ਸੁਭੰ॥ ਤਨ ਸਾਵਰੇ ਰਾਵਰੀਅੰ ਹੁਲਸੰ॥**
**ਰਦ ਪੰਕਤ ਦਾਮਨੀਅੰ ਦਮਕੰ॥ ਘਨ ਘੁੰਘਰ ਘੰਟ ਸੁਰੰ ਘਮਕੰ॥ ੫੮॥**

ਹੇ ਵਾਹਿਗੁਰੂ ! ਤੇਰੇ ਸਰੀਰ ਦਾ ਰੰਗ ਇਉਂ ਚਮਕਦਾ ਹੈ, ਜਿਵੇਂ ਭਾਦਰੋਂ ਦੇ ਮਹੀਨੇ ਦੀ ਕਾਲੀ ਘਟਾ ਹੁੰਦੀ ਹੈ। ਤੇਰੇ ਦੰਦਾਂ ਦੀਆਂ ਪੰਗਤੀਆਂ ਬਿਜਲੀ ਵਾਂਗ ਚਮਕਦੀਆਂ ਹਨ। ਘੁੰਘਰੂਆਂ ਤੇ ਘੰਟਿਆਂ ਦੀਆਂ ਸੁਰਾਂ ਵਰਗੇ ਤੇਰੇ ਬੋਲ ਹਨ॥ ੫੮॥

## ਭੁਜੰਗ ਪ੍ਰਯਾਤ ਛੰਦ॥

**ਘਟਾ ਸਾਵਣੰ ਜਾਨ ਸਜਾਮੰ ਸੁਹਾਯੰ॥ ਮਣੀ ਨੀਲ ਨਗਿਯੰ ਲਖੰ ਸੀਸਨਜਾਯੰ॥**
**ਮਹਾਂ ਸੁੰਦ੍ਰ ਸਜਾਮੰ ਮਹਾਂ ਅਭਿਰਾਮੰ॥ ਮਹਾਂ ਰੂਪ ਰੂਪੰ ਮਹਾਂ ਕਾਮ ਕਾਮੰ॥ ੫੯॥**

ਹੇ ਪਰਮਾਤਮਾ ! ਸਾਵਣ ਦੀਆਂ ਕਾਲੀਆਂ ਘਟਾਂ ਵਾਂਗੂੰ ਸੁੰਦਰ ਤੇਰਾ ਸਰੀਰ ਹੈ ਜਿਸ ਨੂੰ ਵੇਖ ਕੇ ਨੀਲੀਆਂ ਮਣੀਆਂ ਵਾਲੇ ਪਹਾੜ ਨੇ ਆਪਣਾ ਸਿਰ ਝੁਕਾ ਦਿੱਤਾ ਹੈ। ਤੇਰਾ ਸਿਆਮ ਰੰਗ ਬੜਾ ਮਨਮੋਹਣਾ ਹੈ। ਤੂੰ ਵੱਡੇ ਤੋਂ ਵੱਡੇ ਰੂਪ ਵਾਲਾ ਤੇ ਕਾਮ ਦਾ ਵੀ ਕਾਮ ਹੈਂ॥ ੫੯॥

**ਫਿਰੈ ਚੱਕ੍ਰ ਚਉਦਹੂੰ ਪੁਰੀਯੰ ਮਧਿਆਣੰ॥ ਇਸੋ ਕੌਨ ਬੀਯੰ ਫਿਰੈ ਆਇਸਾਣੰ॥**
**ਕਹੋ ਕੁੰਟ ਕੌਨੈ ਬਿਖੈ ਭਾਜ ਬਾਚੈ॥ ਸਭੰ ਸੀਸ ਕੇ ਸੰਗ ਸ੍ਰੀ ਕਾਲ ਨਾਚੈ॥ ੬੦॥**

ਅਕਾਲ ਪੁਰਖ ਦਾ ਹੁਕਮ ਰੂਪ ਚੱਕਰ ਚੌਦਾਂ ਲੋਕਾਂ ਵਿਚ ਫਿਰ ਰਿਹਾ ਹੈ। ਇਹੋ ਜਿਹਾ ਦੂਜਾ ਕੋਈ ਨਜ਼ਰ ਨਹੀਂ ਆਉਂਦਾ, ਜੋ ਉਸ ਦੀ ਆਗਿਅ ਨੂੰ ਮੋੜ ਸਕਦਾ ਹੋਵੇ। ਦੱਸੋ, ਉਹ ਕਿਹੜੀ

ਦਿਸ਼ਾ ਵੱਲ ਭੱਜਕੇ ਬਚ ਸਕੇਗਾ, ਜਿਸ ਦੇ ਸਿਰ ਉਤੇ ਕਾਲ ਨੱਚਦਾ ਹੈ ?॥੬੦॥

**ਕਰੇ ਕੋਟ ਕੋਊ ਧਰੇ ਕੋਟ ਓਟੰ॥ ਬਚੈਗੋ ਨ ਕਿਉ ਹੂੰ ਕਰੈ ਕਾਲ ਚੋਟੰ॥**
**ਲਿਖੰ ਜੰਤ੍ਰ ਕੇਤੇ ਪੜੰ ਮੰਤ੍ਰ ਕੋਟੰ॥ ਬਿਨਾ ਸ਼ਰਨ ਤਾ ਕੀ ਨਹੀ ਔਰ ਓਟੰ॥ ੬੧॥**

ਭਾਵੇਂ ਕੋਈ ਕਰੋੜਾਂ ਕਿਲ੍ਹੇ ਬਣਾ ਕੇ ਉਨ੍ਹਾਂ ਦੀ ਓਟ ਵਿਚ ਬੈਠ ਜਾਵੇ, ਫਿਰ ਵੀ ਕੋਈ ਮੌਤ ਦੇ ਵਾਰ ਤੋਂ ਨਹੀਂ ਬਚ ਸਕੇਗਾ। ਮੌਤ ਤੋਂ ਬਚਣ ਲਈ ਕੋਈ ਭਾਵੇਂ ਕਿੰਨੇ ਹੀ ਜੰਤਰ ਲਿਖੇ ਤੇ ਕਰੋੜਾਂ ਮੰਤਰਾਂ ਦਾ ਜਾਪ ਕਰੇ, ਪਰ ਬਿਨਾਂ ਪ੍ਰਭੂ ਦੀ ਸ਼ਰਨ ਤੋਂ ਉਸ ਲਈ ਹੋਰ ਕੋਈ ਆਸਰਾ ਨਹੀਂ॥੬੧॥

**ਲਿਖੰ ਜੰਤ੍ਰ ਥਾਕੇ ਪੜ੍ਹੰ ਮੰਤ੍ਰ ਹਾਰੇ॥ ਕਰੇ ਕਾਲ ਤੇ ਅੰਤ ਲੈ ਕੇ ਬਿਚਾਰੇ॥**
**ਕਿਤਿਓ ਤੰਤ੍ਰ ਸਾਧੈ ਜੁ ਜਨਮੰ ਬਿਤਾਇਓ॥ ਭਏ ਫੋਕਟੰ ਕਾਜ ਏਕੈ ਨ ਆਇਓ॥ ੬੨॥**

ਜੰਤਰ ਲਿਖਣ ਵਾਲੇ ਜੰਤਰ ਲਿਖ ਲਿਖਕੇ ਥੱਕ ਗਏ, ਮੰਤਰਾਂ ਦਾ ਜਾਪ ਕਰਨ ਵਾਲੇ ਮੰਤਰ ਪੜ੍ਹ ਪੜ੍ਹ ਹਾਰ ਗਏ, ਕਈ ਜਨਮ ਲੈ ਕੇ ਅੰਤ ਤਕ ਵਿਚਾਰਾਂ ਕਰਦੇ ਰਹੇ, ਕਈਆਂ ਨੇ ਤੰਤਰ ਸਾਧ ਸਾਧ ਕੇ ਸਾਰੀ ਜ਼ਿੰਦਗੀ ਬਿਤਾ ਦਿੱਤੀ, ਪਰ ਇਹੋ ਜਿਹੇ ਕਰਮ ਸਭ ਬਿਅਰਥ ਗਏ, ਕੋਈ ਵੀ ਕੰਮ ਨਾ ਆਇਆ॥ ੬੨॥

**ਕਿਤੇ ਨਾਸ ਮੂੰਦੇ ਭਏ ਬ੍ਰਹਮਚਾਰੀ॥ ਕਿਤੇ ਕੰਠ ਕੰਠੀ ਜਟਾ ਸੀਸ ਧਾਰੀ॥**
**ਕਿਤੇ ਚੀਰ ਕਾਨੰ ਜੁਗੀਸੰ ਕਹਾਯੰ॥ ਸਭੇ ਫੋਕਟੰ ਧਰਮ ਕਾਮੰ ਨ ਆਯੰ॥ ੬੩॥**

ਕਈ ਨਾਸਾਂ ਬੰਦ ਕਰਕੇ ਬ੍ਰਹਮਚਾਰੀ ਬਣੇ, ਕਈ ਬੈਰਾਗੀ ਬਣਕੇ ਗਲ ਵਿਚ ਕਾਠ ਦੀ ਮਾਲਾ ਪਾਈ ਫਿਰੇ, ਕਈਆਂ ਨੇ ਸਿਰ ਤੇ ਜਟਾਂ ਧਾਰਨ ਕੀਤੀਆਂ, ਕਈਆਂ ਨੇ ਕੰਨ ਪੜਵਾ ਕੇ ਜੋਗੀ ਕਹਾਇਆ, ਇਹ ਸਭ ਕਰਮ ਬਿਅਰਥ ਗਏ, ਅੰਤ ਸਮੇਂ ਉਨ੍ਹਾਂ ਦੇ ਕੋਈ ਵੀ ਕੰਮ ਨਾ ਆਇਆ॥੬੩॥

**ਮਧੁਕੀਟਭੰ ਰਾਛਸੇ ਸੇ ਬਲੀਅੰ॥ ਸਮੇ ਆਪਨੀ ਕਾਲ ਤੇਊ ਦਲੀਅੰ॥**
**ਭਏ ਸੁੰਭ ਨੈਸੁੰਭ ਸ੍ਰੋਣੰਤ ਬੀਜੰ॥ ਤੇਊ ਕਾਲ ਕੀਨੇ ਪੁਰੇਜੇ ਪੁਰੇਜੰ॥ ੬੪॥**

ਮਧੁ ਕੀਟਭ ਆਦਿ ਦੈਂਤ, ਰਾਖਸ਼ਾਂ ਵਿਚ ਬੜੇ ਸੂਰਬੀਰ ਹੋਏ ਹਨ, ਉਹਨਾਂ ਸਾਰਿਆਂ ਨੂੰ ਕਾਲ ਨੇ ਸਮੇਂ ਸਮੇਂ ਨਾਸ ਕਰ ਦਿੱਤਾ। ਸੁੰਭ, ਨਿਸੁੰਭ ਸਰੋਣਤ ਬੀਜ ਆਦਿ ਦੈਂਤ ਵੀ ਹੋਏ ਹਨ, ਇਹਨਾਂ ਸਾਰਿਆਂ ਨੂੰ ਮੌਤ ਨੇ ਟੋਟੇ ਟੋਟੇ ਕਰ ਦਿੱਤਾ॥ ੬੪॥

**ਬਲੀ ਪ੍ਰਿਥੀਅੰ ਮਾਨਧਾਤਾ ਮਹੀਪੰ॥ ਜਿਨੈ ਰੱਥ ਚੱਕ੍ਰੰ ਕੀਏ ਸਾਤ ਦੀਪੰ॥**
**ਭੁਜੰ ਭੀਮ ਭਰਥੰ ਜਗੰ ਜੀਤਿ ਡੰਡਜੰ॥ ਤਿਨੈ ਅੰਤ ਕੇ ਅੰਤ ਕੋ ਕਾਲ ਖੰਡਜੰ॥ ੬੫॥**

ਪ੍ਰਿਥੀ ਤੇ ਮਾਨਧਾਤਾ ਰਾਜਾ, ਜਿਨ੍ਹਾਂ ਦੇ ਰੱਥ ਦੀਆਂ ਲੀਕਾਂ ਨਾਲ ਧਰਤੀ ਤੇ ਸਤ ਦੀਪ ਬਣ ਗਏ ਸਨ, ਭੀਮ ਤੇ ਭਰਥ ਵਰਗੇ ਜੋਧਿਆਂ ਨੇ ਜਗਤ ਨੂੰ ਜਿੱਤਕੇ ਡੰਨ ਲਾਇਆ, ਉਹਨਾਂ ਸਾਰਿਆਂ

ਨੂੰ ਅੰਤ ਸਮੇਂ ਕਾਲ ਨੇ ਟੁਕੜੇ ਟੁਕੜੇ ਕਰ ਦਿੱਤਾ॥ ੬੫॥

**ਜਿਨੈ ਦੀਪ ਦੀਪੰ ਦੁਹਾਈ ਫਿਰਾਈ॥ ਭੁਜਾਦੰਡ ਦੈ ਛੋਣਿ ਛੱਤ੍ਰੰ ਛਿਨਾਈ॥**
**ਕਰੇ ਜੱਗ ਕੋਟੰ ਜਸੰ ਅਨੇਕ ਲੀਤੇ॥ ਵਹੈ ਬੀਰ ਬੰਕੇ ਬਲੀ ਕਾਲ ਜੀਤੇ॥ ੬੬॥**

ਜਿਨ੍ਹਾਂ ਸੂਰਮਿਆਂ ਨੇ ਸਤਾਂ ਦੀਪਾਂ ਵਿਚ ਆਪਣੇ ਨਾਮ ਦੀ ਦੁਹਾਈ ਫਿਰਾਈ, ਆਪਣੀਆਂ ਬਾਂਹਾਂ ਦੇ ਬਲ ਨਾਲ ਧਰਤੀ ਦੇ ਰਾਜਿਆਂ ਤੋਂ ਜ਼ਮੀਨ ਖੋਹਕੇ ਆਪਣੇ ਅਧੀਨ ਕਰ ਲਈ, ਅਨੇਕਾਂ ਜੱਗ ਕਰਕੇ ਜਸ ਖਟਿਆ, ਉਹਨਾਂ ਵੱਡੇ ਵੱਡੇ ਸੁੰਦਰ ਸੂਰਮਿਆਂ ਨੂੰ ਕਾਲ ਨੇ ਜਿੱਤ ਲਿਆ॥ ੬੬॥

**ਕਈ ਕੋਟ ਲੀਨੇ ਜਿਨੈ ਦੁਰਗ ਢਾਹੇ॥ ਕਿਤੇ ਸੂਰਬੀਰਾਨ ਕੇ ਸੈਨ ਗਾਹੇ॥**
**ਕਈ ਜੰਗ ਕੀਨੇ ਸੁ ਸਾਕੇ ਪਵਾਰੇ॥ ਵਹੈ ਦੀਨ ਦੇਖੇ ਗਿਰੇ ਕਾਲ ਮਾਰੇ॥ ੬੭॥**

ਜਿਨ੍ਹਾਂ ਨੇ ਅਨੇਕਾਂ ਕਿਲ੍ਹੇ ਜਿੱਤਕੇ ਢਹਿ ਢੇਰੀ ਕਰ ਦਿੱਤੇ, ਅਨੇਕਾਂ ਸੂਰਮਿਆਂ ਦੀ ਸੈਨਾ ਨੂੰ ਖਤਮ ਕਰ ਦਿੱਤਾ, ਕਈ ਜੰਗ ਜਿੱਤੇ ਤੇ ਕਈ ਪੁਆੜੇ ਕੀਤੇ, ਪਰ ਉਹ ਸਾਰੇ ਕਾਲ ਦੇ ਮਾਰ ਦੇ ਮਾਰੇ ਹੋਏ ਦੇਖੇ ਹਨ॥ ੬੭॥

**ਜਿਨੈ ਪਾਤਿਸ਼ਾਹੀ ਕਰੀ ਕੋਟ ਜੁੱਗਿਯੰ॥ ਰਸੰ ਆਨਰਸੰ ਭਲੀ ਭਾਂਤਿ ਭੁਗਿਯੰ॥**
**ਵਹੈ ਅੰਤ ਕੋ ਪਾਵ ਨਾਗੇ ਪਧਾਰੇ॥ ਗਿਰੇ ਦੀਨ ਦੇਖੇ ਹਠੀ ਕਾਲ ਮਾਰੇ॥ ੬੮॥**

ਜਿਨ੍ਹਾਂ ਨੇ ਕਰੋੜਾਂ ਯੁਗ ਇਸ ਧਰਤੀ ਤੇ ਪਾਤਸ਼ਾਹੀ ਕੀਤੀ, ਹਰ ਤਰ੍ਹਾਂ ਦੇ ਰਸਾਂ ਕਸਾਂ ਨੂੰ ਭੋਗਿਆ, ਉਹ ਸਾਰੇ ਅੰਤ ਨੂੰ ਇਥੋਂ ਨੰਗੇ ਪੈਰੀ ਤੁਰ ਗਏ। ਉਹ ਹਠੀ ਕਾਲ ਦੇ ਮਾਰੇ ਹੋਏ ਦੀਨ ਹੋ ਕੇ ਡਿੱਗੇ ਵੇਖੇ ਹਨ॥ ੬੮॥

**ਜਿਨੈ ਖੰਡੀਅੰ ਦੰਡ ਧਾਰੰ ਅਪਾਰੰ॥ ਕਰੇ ਚੰਦ੍ਰਮਾ ਸੂਰ ਚੇਰੇ ਦੁਆਰੰ॥**
**ਜਿਨੈ ਇੰਦ੍ਰ ਸੇ ਜੀਤ ਕੈ ਛੋਡ ਡਾਰੇ॥ ਵਹੈ ਦੀਨ ਦੇਖੇ ਗਿਰੇ ਕਾਲ ਮਾਰੇ॥ ੬੯॥**

ਜਿਨ੍ਹਾਂ ਨੇ ਅਨੇਕਾਂ ਰਾਜਿਆਂ ਨੂੰ ਨਾਸ ਕਰ ਦਿੱਤਾ, ਚੰਦਰਮਾਂ ਤੇ ਸੂਰਜ ਨੂੰ ਆਪਣੇ ਦਾਸ ਬਣਾ ਲਿਆ, ਜਿਸ ਨੇ ਇੰਦਰ ਵਰਗੇ ਜੋਧਿਆਂ ਨੂੰ ਜਿੱਤ ਕੇ ਫਿਰ ਛੱਡ ਦਿੱਤਾ, ਉਹ ਕਾਲ ਦੇ ਮਾਰੇ ਹੋਏ ਦੀਨ ਹੋਏ ਵੇਖੇ ਹਨ॥ ੬੯॥

## ਰਸਾਵਲ ਛੰਦ॥

**ਜਿਤੇ ਰਾਮ ਹੂਏ॥ ਸਭੈ ਅੰਤਿ ਮੂਏ॥ ਜਿਤੇ ਕ੍ਰਿਸ਼ਨ ਹ੍ਵੈਹੈ॥ ਸਭੈ ਅੰਤ ਜੈ ਹੈ॥ ੭੦॥**

ਜਿੰਨੇ ਰਾਮ ਹੋਏ ਹਨ, ਸਭ ਅੰਤ ਨੂੰ ਮਰ ਗਏ। ਜਿੰਨੇ ਕ੍ਰਿਸ਼ਨ ਹੋਏ ਹਨ, ਉਹ ਵੀ ਸਾਰੇ ਅੰਤ ਨੂੰ ਚਲੇ ਗਏ॥ ੭੦॥

ਜਿਤੇ ਦੇਵ ਹੋਸੀ॥ ਸਭੈ ਅੰਤ ਜਾਸੀ॥ ਜਿਤੇ ਬੋਧ ਹ੍ਵੈਹੈ॥ ਸਭੈ ਅੰਤਿ ਛੈਹੈ॥ ੭੧॥

ਅੱਗੇ ਤੋਂ ਜਿੰਨੇ ਦੇਵਤੇ ਹੋਣਗੇ, ਅੰਤ ਨੂੰ ਸਭ ਚਲੇ ਜਾਣਗੇ। ਜਿੰਨੇ ਬੋਧ ਅਵਤਾਰ ਹੋਏ ਹਨ, ਸਾਰੇ ਅੰਤ ਨੂੰ ਨਾਸ ਹੋ ਗਏ ਹਨ॥ ੭੧॥

ਜਿਤੇ ਦੇਵਰਾਯੰ॥ ਸਭੈ ਅੰਤ ਜਾਯੰ॥ ਜਿਤੇ ਦਈਤ ਏਸੰ॥ ਤਿਤਿਯੋ ਕਾਲ ਲੇਸੰ॥ ੭੨॥

ਜਿੰਨੇ ਦੇਵਤਿਆਂ ਦੇ ਰਾਜੇ ਇੰਦਰ ਆਦਿ ਹੋਏ ਹਨ, ਉਹ ਸਾਰੇ ਅੰਤ ਨੂੰ ਚਲੇ ਗਏ ਹਨ। ਜਿੰਨੇ ਦੈਂਤਾਂ ਦੇ ਰਾਜੇ ਹੋਏ ਹਨ, ਉਹ ਸਾਰੇ ਕਾਲ ਦੇ ਧਾਗੇ ਨਾਲ ਬੰਨ੍ਹੇ ਹੋਏ ਹਨ॥ ੭੨॥

ਨਰਸਿੰਘਾਵਤਾਰੰ॥ ਵਹੇ ਕਾਲ ਮਾਰੰ॥ ਬਡੋ ਦੰਡਧਾਰੀ॥ ਹਣਜੋ ਕਾਲ ਭਾਰੀ॥ ੭੩॥

ਨਰਸਿੰਘ ਅਵਤਾਰ ਨੂੰ ਵੀ ਕਾਲ ਨੇ ਮਾਰ ਦਿੱਤਾ। ਵੱਡੇ ਵੱਡੇ ਦੰਡ ਦੇਣ ਵਾਲਿਆਂ ਨੂੰ ਵੀ ਕਾਲ ਨੇ ਮਾਰ ਦਿੱਤਾ॥ ੭੩॥

ਦਿਜੰ ਬਾਵਨੇਯੰ॥ ਹਣਜੋ ਕਾਲ ਤੇਯੰ॥ ਮਹਾਂ ਮੱਛ ਮੁੰਡੰ॥ ਫਧਿਓ ਕਾਲ ਝੁੰਡੰ॥ ੭੪॥

ਜਿਹੜਾ ਬਾਵਨ ਅਵਤਾਰ ਹੋਇਆ ਹੈ, ਉਸ ਨੂੰ ਵੀ ਮੌਤ ਨੇ ਮਾਰ ਦਿੱਤਾ, ਮੱਛ ਦੇ ਮੂੰਹ ਵਾਲਾ ਮੱਛ ਅਵਤਾਰ ਵੀ ਕਾਲ ਨੇ ਖਤਮ ਕਰ ਦਿੱਤਾ॥ ੭੪॥

ਜਿਤੇ ਹੋਇ ਬੀਤੇ॥ ਤਿਤੇ ਕਾਲ ਜੀਤੇ॥ ਜਿਤੇ ਸ਼ਰਨ ਜੈਹੈ॥ ਤਿਤਿਓ ਰਾਖ ਲੈਹੈ॥ ੭੫॥

ਜਿੰਨੇ ਵੀ ਵੱਡੇ ਵੱਡੇ ਅਵਤਾਰ ਤੇ ਹੋਰ ਰਾਜੇ ਆਦਿ ਹੋ ਗੁਜ਼ਰੇ ਹਨ, ਉਹਨਾਂ ਸਾਰਿਆਂ ਨੂੰ ਕਾਲ ਨੇ ਜਿੱਤ ਲਿਆ ਹੈ। ਜਿਹੜੇ ਉਸ ਮਹਾਂ ਕਾਲ ਪ੍ਰਭੂ ਦੀ ਸ਼ਰਨ ਵਿਚ ਜਾਣਗੇ, ਉਹ ਉਨ੍ਹਾਂ ਸਭਨਾਂ ਨੂੰ ਬਚਾ ਲਏਗਾ॥ ੭੫॥

## ਭੁਜੰਗ ਪ੍ਰਯਾਤ ਛੰਦ॥

ਬਿਨਾਂ ਸ਼ਰਨ ਤਾਕੀ ਨ ਅਉਰੈ ਉਪਾਯੰ॥ ਕਹਾ ਦੇਵ ਦਈਤੰ ਕਹਾ ਰੰਕ ਰਾਯੰ॥
ਕਹਾ ਪਾਤਿਸ਼ਾਹੰ ਕਹਾ ਉਮਰਾਯੰ॥ ਬਿਨਾ ਸ਼ਰਨ ਤਾਕੀ ਨ ਕੋਟੈ ਉਪਾਯੰ॥ ੭੬॥

ਉਸ ਮਹਾਂ ਕਾਲ ਪ੍ਰਭੂ ਦੀ ਸ਼ਰਨ ਤੋਂ ਬਿਨਾਂ ਬਚਾਉ ਦਾ ਹੋਰ ਕੋਈ ਉਪਾਅ ਨਹੀਂ। ਕੀ ਦੇਵਤੇ ਕੀ ਦੈਂਤ, ਕੀ ਕੰਗਾਲ, ਕੀ ਰਾਜਾ, ਕੀ ਪਾਤਸ਼ਾਹ ਤੇ ਕੀ ਅਮੀਰ, ਸਭ ਉਸ ਦੀ ਸ਼ਰਨ ਗਏ ਤੋਂ ਬਿਨਾਂ ਨਹੀਂ ਬਚ ਸਕਦੇ, ਭਾਵੇਂ ਕਰੋੜਾਂ ਉਪਾਅ ਪਏ ਕਰਨ॥ ੭੬॥

ਜਿਤੇ ਜੀਵ ਜੰਤੰ ਸੁ ਦੁਨੀਅੰ ਉਪਾਯੰ॥ ਸਭੈ ਅੰਤਿ ਕਾਲੰ ਬਲੀ ਕਾਲ ਘਾਯੰ॥
ਬਿਨਾ ਸ਼ਰਨ ਤਾਕੀ ਨਹੀ ਔਰ ਓਟੰ॥ ਲਿਖੇ ਜੰਤ੍ਰ ਕੇਤੇ ਪੜ੍ਹੇ ਮੰਤ੍ਰ ਕੋਟੰ॥ ੭੭॥

ਜਿੰਨੇ ਸੰਸਾਰ ਵਿਚ ਜੀਵ ਜੰਤੂ ਉਤਪੰਨ ਹੋਏ ਹਨ, ਉਹ ਸਾਰੇ ਅੰਤ ਸਮੇਂ ਮੌਤ ਨੇ ਖਤਮ

ਕਰ ਦਿੱਤੇ ਹਨ। ਬਚਣ ਲਈ ਬਿਨਾਂ ਪ੍ਰਭੂ ਦੀ ਸ਼ਰਨ ਤੋਂ ਹੋਰ ਕੋਈ ਆਸਰਾ ਨਹੀਂ, ਭਾਵੇਂ ਕਿੰਨੇ ਕੋਈ ਜੰਤਰ ਲਿਖੇ ਤੇ ਕਰੋੜਾਂ ਮੰਤਰਾਂ ਦਾ ਜਾਪ ਕਰੇ॥੭੭॥

**ਨਰਾਜ ਛੰਦ॥ ਜਿਤੇਕਿ ਰਾਜ ਰੰਕਯੰ॥ ਹਨੇ ਸੁ ਕਾਲ ਬੰਕਯੰ॥ ਜਿਤੇਕਿ ਲੋਕ ਪਾਲਯੰ॥ ਨਿਦਾਨ ਕਾਲ ਦਾਲਯੰ॥੭੮॥**

ਜਿੰਨੇ ਰਾਜੇ ਤੇ ਕੰਗਾਲ ਹੋਏ ਹਨ, ਉਹਨਾਂ ਨੂੰ ਭਿਆਨਕ ਕਾਲ ਨੇ ਮਾਰ ਦਿੱਤਾ। ਜਿੰਨੇ ਵੀ ਲੋਕਪਾਲ ਹੋਏ ਹਨ ਓੜਕ ਨੂੰ ਮੌਤ ਨੇ ਉਹਨਾਂ ਨੂੰ ਦਲ ਦਿੱਤਾ ਹੈ॥੭੮॥

**ਕ੍ਰਿਪਾਣ ਪਾਣ ਜੇ ਜਪੈ॥ ਅਨੰਤ ਥਾਟ ਤੇ ਥਪੈ॥ ਜਿਤੇਕ ਕਾਲ ਧਜਾਇ ਹੈ॥ ਜਗੱਤਿ ਜੀਤ ਜਾਇ ਹੈ॥੭੯॥**

ਹੱਥ ਵਿਚ ਤਲਵਾਰ ਲਏ ਹੋਏ ਪ੍ਰਭੂ ਨੂੰ ਜਿਹੜਾ ਜਪਦਾ ਹੈ, ਉਹ ਆਪਣੇ ਉਪਾਅ ਦੇ ਅਨੇਕਾਂ ਸਾਧਨ ਬਣਾ ਲੈਂਦਾ ਹੈ। ਜਿੰਨੇ ਜੀਵ ਉਸ ਮਹਾਂ ਕਾਲ ਪ੍ਰਭੂ ਨੂੰ ਧਿਆਉਂਦੇ ਹਨ, ਉਹ ਇਸ ਸੰਸਾਰ ਵਿਚੋਂ ਜਿੱਤਕੇ ਜਾਂਦੇ ਹਨ॥੭੯॥

**ਬਚਿੱਤ੍ਰ ਚਾਰੁ ਚਿੱਤ੍ਰਯੰ॥ ਪਰਮੱਯੰ ਪਵਿੱਤ੍ਰਯੰ॥ ਅਲੋਕ ਰੂਪ ਰਾਜਿਯੰ॥ ਸੁਣੇ ਸੁ ਪਾਪ ਭਾਜਿਯੰ॥੮੦॥**

ਜਿਸ ਪ੍ਰਭੂ ਦੇ ਮਸਤਕ ਤੇ ਬਹੁਤ ਸੁੰਦਰ ਚਿੱਤ੍ਰ ਚਿਤਰੇ ਹੋਏ ਹਨ, ਉਹ ਮਹਾਨ ਤੇ ਪਵਿੱਤਰ ਹੈ। ਉਹ ਪ੍ਰਭੂ ਅਲੌਕਿਕ ਰੂਪ ਵਿਚ ਸੱਜ ਰਿਹਾ ਹੈ। ਉਸ ਦਾ ਨਾਮ ਸੁਣਦਿਆਂ ਹੀ ਸਾਰੇ ਪਾਪ ਨੱਠ ਜਾਂਦੇ ਹਨ॥੮੦॥

**ਬਿਸਾਲ ਲਾਲ ਲੋਚਨੰ॥ ਬਿਅੰਤ ਪਾਪ ਮੋਚਨੰ॥ ਚਮੱਕ ਚੰਦ੍ਰ ਚਾਰਿਯੰ॥ ਅਘੀ ਅਨੇਕ ਤਾਰਿਯੰ॥੮੧॥**

ਉਸ ਪ੍ਰਭੂ ਦੇ ਚੌੜੇ ਤੇ ਲਾਲ ਨੇਤਰ ਹਨ, ਉਹ ਬੇਅੰਤ ਪਾਪਾਂ ਨੂੰ ਨਾਸ ਕਰਦਾ ਹੈ। ਉਸਦਾ ਮੁਖ ਚੰਦਰਮਾਂ ਵਾਂਗੂੰ ਚਮਕ ਰਿਹਾ ਹੈ, ਉਸ ਦੇ ਦਰਸ਼ਨ ਕਰਨ ਨਾਲ ਅਨੇਕ ਪਾਪੀ ਤਰ ਜਾਂਦੇ ਹਨ॥੮੧॥

**ਰਸਾਵਲ ਛੰਦ॥ ਜਿਤੇ ਲੋਕ ਪਾਲੰ॥ ਤਿਤੇ ਜੇਰ ਕਾਲੰ॥ ਜਿਤੇ ਸੂਰ ਚੰਦ੍ਰੰ॥ ਕਹਾ ਇੰਦ੍ਰ ਬਿੰਦ੍ਰੰ॥੮੨॥**

ਜਿੰਨੇ ਲੋਕਪਾਲ ਹਨ, ਉਹ ਸਾਰੇ ਕਾਲ ਦੇ ਅਧੀਨ ਹਨ। ਜਿੰਨੇ ਸੂਰਜ ਚੰਦਰਮਾਂ ਤੇ ਇੰਦਰ ਬਰਿੰਦਰ ਆਦਿ ਹਨ, ਉਹ ਵੀ ਕਾਲ ਦੇ ਅਧੀਨ ਹਨ॥੮੨॥

## ਭੁਜੰਗ ਪ੍ਰਯਾਤ ਛੰਦ॥

ਫਿਰੈ ਚੌਦਹੂੰ ਲੋਕਯੰ ਕਾਲ ਚੱਕ੍ਰੰ॥ ਸਭੈ ਨਾਥ ਨਾਥੇ ਭ੍ਰਮੰ ਭਉਹ ਬੱਕ੍ਰੰ॥
ਕਹਾ ਰਾਮ ਕ੍ਰਿਸ਼ਨੰ ਕਹਾ ਚੰਦ ਸੂਰੰ॥ ਸਭੈ ਹਾਥ ਬਾਧੇ ਖਰੇ ਕਾਲ ਹਜੂਰੰ॥ ੮੩॥

ਉਸ ਵਾਹਿਗੁਰੂ ਦੇ ਹੁਕਮ ਦਾ ਚੱਕਰ ਚੌਦਾਂ ਲੋਕਾਂ ਵਿਚ ਫਿਰ ਰਿਹਾ ਹੈ, ਉਸ ਨੇ ਆਪਣੀਆਂ ਟੇਡੀਆਂ ਭੌਂਹਾਂ ਭੁਆ ਕੇ ਵੱਡੇ ਵੱਡੇ ਨਾਥਾਂ ਨੂੰ ਨਥ ਲਿਆ ਹੈ। ਕੀ ਰਾਮ, ਕ੍ਰਿਸ਼ਨ ਤੇ ਕੀ ਚੰਦਰਮਾਂ ਸੂਰਜ, ਸਭ ਹੱਥ ਜੋੜਕੇ ਕਾਲ ਦੇ ਹਜ਼ੂਰ ਖੜੇ ਹਨ॥ ੮੩॥

ਸਵੈਯਾ॥ ਕਾਲ ਹੀ ਪਾਇ ਭਯੋ ਭਗਵਾਨ ਸੁ ਜਾਗਤ ਯਾ ਜਗ ਜਾਕੀ ਕਲਾ ਹੈ॥
ਕਾਲ ਹੀ ਪਾਇ ਭਯੋ ਬ੍ਰਹਮਾ ਸ਼ਿਵ ਕਾਲ ਹੀ ਪਾਇ ਭਯੋ ਜੁਗੀਆ ਹੈ॥
ਕਾਲ ਹੀ ਪਾਇ ਸੁਰਾਸੁਰ ਗੰਧ੍ਰਬ ਜੱਛ ਭੁਜੰਗ ਦਿਸਾ ਬਿਦਿਸਾ ਹੈ॥
ਔਰ ਸੁਕਾਲ ਸਭੈ ਬਸਿ ਕਾਲ ਕੇ ਏਕ ਹੀ ਕਾਲ ਅਕਾਲ ਸਦਾ ਹੈ॥ ੮੪॥

ਇਸ ਸੰਸਾਰ ਵਿਚ ਜਿਸ ਵਿਸ਼ਨੂੰ ਦੀ ਕਲਾ ਸ਼ਕਤੀ ਵਰਤ ਰਹੀ ਹੈ, ਉਹ ਕਾਲ ਦੀ ਕਲਾ ਨਾਲ ਹੀ ਪ੍ਰਗਟ ਹੋਇਆ ਹੈ। ਕਾਲ ਦੇ ਇਸ਼ਾਰੇ ਨਾਲ ਬ੍ਰਹਮਾ ਤੇ ਸ਼ਿਵਜੀ ਹੋਏ ਹਨ ਤੇ ਕਾਲ ਦੀ ਸ਼ਕਤੀ ਨਾਲ ਹੀ ਜੋਗੀ ਹੋਏ ਹਨ। ਕਾਲ ਦੇ ਬਣਾਏ ਹੋਏ ਹੀ ਦੇਵਤੇ ਦੈਂਤ, ਗੰਧਰਬ, ਜੱਛ, ਭੁਜੰਗ, ਦਿਸ਼ਾ ਤੇ ਬਦਿਸ਼ਾ ਦੇ ਕੋਨੇ ਆਦਿ ਬਣੇ ਹਨ। ਹੋਰ ਸਾਰੇ ਇਕ ਕਾਲ ਪ੍ਰਭੂ ਦੇ ਅਧੀਨ ਹਨ, ਇਕ ਪ੍ਰਭੂ ਹੀ ਕਾਲ ਤੋਂ ਰਹਿਤ ਹੈ॥ ੮੪॥

## ਭੁਜੰਗ ਪ੍ਰਯਾਤ ਛੰਦ॥

ਨਮੋ ਦੇਵ ਦੇਵੰ ਨਮੋ ਖੜਗਧਾਰੰ॥ ਸਦਾ ਏਕ ਰੂਪੰ ਸਦਾ ਨਿਰ ਬਿਕਾਰੰ॥
ਨਮੋ ਰਾਜਸੰ ਸਾਤਕੰ ਤਾਮਸੇਅੰ॥ ਨਮੋ ਨਿਰਬਿਕਾਰੰ ਨਮੋ ਨਿਰਜੁਰੇਅੰ॥ ੮੫॥

ਹੇ ਦੇਵਤਿਆਂ ਤੋਂ ਵੀ ਵੱਡੇ ਦੇਵ ਖੜਗਧਾਰੀ ਪ੍ਰਭੂ! ਆਪ ਨੂੰ ਮੇਰੀ ਨਮਸ਼ਕਾਰ ਹੈ। ਤੂੰ ਸਦਾ ਇਕ ਰੂਪ ਤੇ ਵਿਕਾਰ ਰਹਿਤ ਹੈਂ। ਰਜੋ ਸਤੋ ਤੇ ਤਮੋ ਗੁਣ ਵਾਲੇ ਪਰਮਾਤਮਾ ਨੂੰ ਮੇਰੀ ਨਮਸ਼ਕਾਰ ਹੈ। ਵਿਕਾਰ ਰਹਿਤ ਤੇ ਨਿਰਲੇਪ ਪ੍ਰਭੂ ਨੂੰ ਮੇਰੀ ਨਮਸ਼ਕਾਰ ਹੈ॥ ੮੫॥

ਰਸਾਵਲ ਛੰਦ॥ ਨਮੋ ਬਾਣ ਪਾਣੰ॥ ਨਮੋ ਨਿਰਭਯਾਣੰ॥
ਨਮੋ ਦੇਵ ਦੇਵੰ॥ ਭਵਾਣੰ ਭਵੇਅੰ॥ ੮੬॥

ਤੀਰ ਫੜਨ ਵਾਲੇ ਤੇ ਨਿਰਭੈ ਪ੍ਰਭੂ ਨੂੰ ਮੇਰੀ ਨਮਸ਼ਕਾਰ ਹੈ। ਦੇਵਤਿਆਂ ਦੇ ਵੱਡੇ ਦੇਵਤੇ

ਨੂੰ ਨਮਸ਼ਕਾਰ ਹੈ। ਹੇ ਪ੍ਰਭੂ ! ਤੂੰ ਵਰਤਮਾਨ ਭਵਿਖ ਭਾਵ ਹਰ ਸਮੇਂ ਇਕ ਰੂਪ ਹੈ॥ ੮੬॥

## ਭੁਜੰਗ ਪ੍ਰਯਾਤ ਛੰਦ॥

**ਨਮੋ ਖੱਗ ਖੰਡੰ ਕ੍ਰਿਪਾਣੰ ਕਟਾਰੰ॥ ਸਦਾ ਏਕ ਰੂਪੰ ਸਦਾ ਨਿਰਬਿਕਾਰੰ॥**
**ਨਮੋ ਬਾਣ ਪਾਣੰ ਨਮੋ ਦੰਡ ਧਾਰਿਯੰ॥ ਜਿਨੈ ਚੌਦਹੂੰ ਲੋਕ ਜੋਤੰ ਬਿਥਾਰਿਯੰ॥ ੮੭॥**

ਹੇ ਪ੍ਰਭੂ ! ਤੂੰ ਤਲਵਾਰ, ਖੰਡਾ, ਕ੍ਰਿਪਾਨ ਤੇ ਕਟਾਰ ਨੂੰ ਧਾਰਨ ਕੀਤਾ ਹੈ, ਮੇਰੀ ਨਮਸ਼ਕਾਰ ਹੈ ਤੈਨੂੰ। ਤੂੰ ਸਦਾ ਇਕ ਰੂਪ ਤੇ ਵਿਕਾਰਾਂ ਤੋਂ ਰਹਿਤ ਹੈਂ। ਤੇਰੇ ਹੱਥ ਵਿਚ ਤੀਰ ਤੇ ਡੰਡਾ ਹੈ, ਤੈਨੂੰ ਮੇਰੀ ਨਮਸ਼ਕਾਰ ਹੈ। ਜਿਸ ਪ੍ਰਭੂ ਦੀ ਜੋਤ ਚੌਦਾਂ ਲੋਕਾਂ ਵਿਚ ਪ੍ਰਕਾਸ਼ ਰਹੀ ਹੈ, ਉਸ ਨੂੰ ਮੇਰੀ ਨਮਸ਼ਕਾਰ ਹੈ॥ ੮੭॥

**ਨਮਸ਼ਕਾਰਯੰ ਮੋਰ ਤੀਰੰ ਤੁਫੰਗੰ॥ ਨਮੋ ਖੱਗ ਅਦੱਗੰ ਅਭੇਅੰ ਅਭੰਗੰ॥**
**ਗਦਾਯੰ ਗ੍ਰਿਸਟੰ ਨਮੋ ਸੈਹਥੀਅੰ॥ ਜਿਨੈ ਤੁੱਲੀਯੰ ਬੀਰ ਬੀਯੋ ਨ ਥੀਅੰ॥ ੮੮॥**

ਤੀਰ ਤੇ ਬੰਦੂਕ ਨੂੰ ਮੇਰੀ ਨਮਸ਼ਕਾਰ ਹੈ। ਚਮਕਦੀ ਤਲਵਾਰ ਨੂੰ ਮੇਰੀ ਨਮਸ਼ਕਾਰ ਹੈ, ਕਿਉਂਕਿ ਉਹ ਨਾ ਕਿਸੇ ਕੋਲੋਂ ਵਿੰਨ੍ਹੀ ਜਾਂਦੀ ਹੈ ਤੇ ਨਾ ਹੀ ਟੁੱਟਦੀ ਹੈ। ਬਹੁਤ ਵੱਡੀ ਗਦਾ ਤੇ ਬਰਛੀ ਨੂੰ ਮੇਰੀ ਨਮਸ਼ਕਾਰ ਹੈ, ਜਿਸ ਦੇ ਸਮਾਨ ਹੋਰ ਕੋਈ ਸੂਰਮਾ ਪੈਦਾ ਨਹੀਂ ਹੋਇਆ॥ ੮੮॥

## ਰਸਾਵਲ ਛੰਦ॥

**ਨਮੋ ਚੱਕ੍ਰ ਪਾਣੰ॥ ਅਭੂਤੰ ਭਯਾਣੰ॥ ਨਮੋ ਉਗ੍ਰ ਦਾੜੰ॥ ਮਹਾਂ ਗ੍ਰਿਸਟ ਗਾੜੰ॥ ੮੯॥**

ਹੇ ਪ੍ਰਭੂ ! ਆਪ ਦੇ ਹੱਥ ਵਿਚ ਚੱਕਰ ਹੈ ਤੇ ਆਪ ਦਾ ਅਸਚਰਜ ਤੇ ਡਰਾਉਣਾ ਸਰੂਪ ਹੈ, ਮੇਰੀ ਆਪ ਨੂੰ ਨਮਸ਼ਕਾਰ ਹੈ। ਆਪ ਦੀਆਂ ਵੱਡੀਆਂ ਵੱਡੀਆਂ ਤੇ ਤਿੱਖੀਆਂ ਦਾੜ੍ਹਾਂ ਹਨ, ਆਪ ਨੂੰ ਮੇਰੀ ਨਮਸ਼ਕਾਰ ਹੈ॥ ੮੯॥

**ਨਮੋ ਤੀਰ ਤੋਪੰ॥ ਜਿਨੈ ਸ਼ੱਤ੍ਰ ਘੋਪੰ॥ ਨਮੋ ਧੋਪ ਪੱਟੰ॥ ਜਿਨੈ ਦੁਸ਼ਟ ਦੱਟੰ॥ ੯੦॥**

ਤੀਰ ਤੇ ਤੋਪ ਰੂਪ ਵਾਲੇ ਪ੍ਰਭੂ ਨੂੰ ਮੇਰੀ ਨਮਸ਼ਕਾਰ ਹੈ, ਜਿਸ ਨੇ ਵੈਰੀਆਂ ਦਾ ਨਾਸ ਕੀਤਾ ਹੈ। ਸਿੱਧੀ ਅਤੇ ਪਤਲੀ ਤਲਵਾਰ ਵਾਲੇ ਪਰਮਾਤਮਾ ਨੂੰ ਮੇਰੀ ਨਮਸ਼ਕਾਰ ਹੈ, ਜਿਸ ਨੇ ਦੁਸ਼ਟਾਂ ਨੂੰ ਦੰਡਿਆ ਹੈ॥ ੯੦॥

**ਜਿਤੇ ਸ਼ਸਤ੍ਰ ਨਾਮੰ॥ ਨਮਸ਼ਕਾਰ ਤਾਮੰ॥ ਜਿਤੇ ਅਸਤ੍ਰ ਭੇਯੰ॥ ਨਮਸ਼ਕਾਰ ਤੇਯੰ॥ ੯੧॥**

ਜਿੰਨੇ ਵੀ ਸ਼ਸਤਰਾਂ ਦੇ ਨਾਂ ਹਨ, ਉਹਨਾਂ ਸਾਰਿਆਂ ਨੂੰ ਮੇਰੀ ਨਮਸ਼ਕਾਰ ਹੈ। ਜਿੰਨੇ ਤਰ੍ਹਾਂ ਦੇ ਹਥਿਆਰ ਸਨ, ਉਹਨਾਂ ਨੂੰ ਮੇਰੀ ਨਮਸ਼ਕਾਰ ਹੈ॥ ੯੧॥

ਮੇਰ ਕਰੋ ਤ੍ਰਿਣ ਤੇ ਮੁਹਿ ਜਾਹਿ ਗਰੀਬਨਿਵਾਜ਼ ਨ ਦੂਸਰ ਤੋਸੋ॥
ਭੂਲ ਛਿਮੋ ਹਮਰੀ ਪ੍ਰਭ ਆਪਨ ਭੂਲਨਹਾਰ ਕਹੂੰ ਕੋਊ ਮੋਸੋ॥
ਸੇਵ ਕਰੀ ਤੁਮਰੀ ਤਿਨ ਕੇ ਸਭਹੀ ਗ੍ਰਿਹ ਦੇਖੀਅਤ ਦ੍ਰੱਬ ਭਰੋਸੋ॥
ਯਾ ਕਲ ਮੈ ਸਭ ਕਾਲ ਕ੍ਰਿਪਾਨ ਕੇ ਭਾਰੀ ਭੁਜਾਨ ਕੋ ਭਾਰੀ ਭਰੋਸੋ॥ ੯੨॥

ਹੇ ਪ੍ਰਭੂ ! ਮੇਰੇ ਜਿਹੇ ਤ੍ਰਿਣ ਸਮਾਨ ਤੁਛ ਜੀਵ ਨੂੰ ਤੁਸੀਂ ਸੁਮੇਰ ਪਰਬਤ ਵਾਂਗੂੰ ਕਰ ਦਿੰਦੇ ਹੋ। ਆਪ ਵਰਗਾ ਹੋਰ ਕੋਈ ਗ਼ਰੀਬ ਨਿਵਾਜ ਨਹੀਂ। ਹੇ ਵਾਹਿਗੁਰੂ ! ਮੇਰੀ ਭੁਲ ਨੂੰ ਬਖਸ਼ ਦਿਓ। ਮੇਰੇ ਜਿਹਾ ਭੁਲਣਹਾਰ ਹੋਰ ਕੋਈ ਨਹੀਂ। ਜਿਨ੍ਹਾਂ ਨੇ ਤੇਰੀ ਸੇਵਾ ਕੀਤੀ ਹੈ, ਉਨ੍ਹਾਂ ਦੇ ਘਰ ਧਨ ਨਾਲ ਭਰੇ ਹੋਏ ਦਿੱਸਦੇ ਹਨ। ਇਸ ਕਲਿਜੁਗ ਵਿਚ ਮੈਨੂੰ ਉਸ ਤਲਵਾਰ ਧਾਰੀ ਪ੍ਰਭੂ ਦੀਆਂ ਭਾਰੀਆਂ ਬਾਂਹਵਾਂ ਦਾ ਭਰੋਸਾ ਹੈ॥ ੯੨॥

ਸੁੰਭ ਨਿਸੁੰਭ ਸੇ ਕੋਟ ਨਿਸਾਚਰ ਜਾਹਿ ਛਿਨੇਕ ਬਿਖੈ ਹਨ ਡਾਰੇ॥
ਧੂਮਰਲੋਚਨ ਚੰਡ ਅਉ ਮੁੰਡ ਸੇ ਮਾਹਖ ਸੇ ਪਲ ਬੀਚ ਨਿਵਾਰੇ॥
ਚਾਮਰ ਸੇ ਰਣ ਚਿੱਛੁਰ ਸੇ ਰਕਤਿੱਛਰ ਸੇ ਝਟ ਦੈ ਝਝਕਾਰੇ॥
ਐਸੋ ਸੁ ਸਾਹਿਬੁ ਪਾਇ ਕਹਾ ਪਰਵਾਹ ਰਹੀ ਇਹ ਦਾਸ ਤਿਹਾਰੇ॥ ੯੩॥

ਜਿਸ ਪ੍ਰਭੂ ਨੇ ਸੁੰਭ ਨਿਸੁੰਭ ਵਰਗੇ ਕਰੋੜਾਂ ਦੈਂਤ ਇਕ ਛਿਨ ਵਿਚ ਨਾਸ ਕਰ ਦਿੱਤੇ, ਧੂਮਰ ਲੋਚਨ ਚੰਡ, ਮੁੰਡ ਤੇ ਮਹਿਖਾਸੁਰ ਜਿਹੇ ਦੈਂਤਾਂ ਨੂੰ ਇਕ ਪਲ ਵਿਚ ਖਤਮ ਕਰ ਦਿੱਤਾ, ਚਾਮਰ, ਚਿੱਛਰ ਤੇ ਰਕਤਬੀਜ ਦਾਨਵਾਂ ਵਰਗਿਆਂ ਨੂੰ ਝਟ ਪਟ ਮਾਰ ਦਿੱਤਾ, ਇਹੋ ਜਿਹੇ ਸੁਆਮੀ ਨੂੰ ਪਾ ਕੇ ਤੇਰੇ ਇਸ ਦਾਸ ਨੂੰ ਹੋਰ ਕਿਸੇ ਦੀ ਪਰਵਾਹ ਨਹੀਂ ਹੈ॥੯੩॥

ਮੁੰਡਹੁ ਸੇ ਮਧੁਕੀਟਭ ਸੇ ਮੁਰ ਸੇ ਅਘ ਸੇ ਜਿਨਿ ਕੋਟਿ ਦਲੇ ਹੈ॥
ਓਟ ਕਰੀ ਕਬਹੂੰ ਨ ਜਿਨੈ ਰਣ ਚੋਟ ਪਰੀ ਪਗ ਦ੍ਵੈ ਨ ਟਲੇ ਹੈ॥
ਸਿੰਧ ਬਿਖੈ ਜੇ ਨ ਬੂਡੈ ਨਿਸਾਚਰ ਪਾਵਕ ਬਾਣ ਬਹੇ ਨ ਜਲੇ ਹੈ॥
ਤੇ ਅਸ ਤੋਰ ਬਿਲੋਕ ਅਲੋਕ ਸੁ ਲਾਜ ਕੋ ਛਾਡਿਕੈ ਭਾਜਿ ਚਲੇ ਹੈ॥ ੯੪॥

ਮੁੰਡ, ਮਧੁ, ਕੀਟਭ, ਮੁਰ ਤੇ ਅਘਾਸੁਰ ਵਰਗੇ ਕਰੋੜਾਂ ਦੈਂਤ ਜਿਸ ਨੇ ਮਾਰ ਦਿੱਤੇ ਹਨ। ਜਿਨ੍ਹਾਂ ਸੂਰਮਿਆਂ ਨੇ ਜੰਗ ਵਿਚ ਬਚਣ ਲਈ ਕੋਈ ਓਟ ਨਹੀਂ ਲਈ, ਦੁਸ਼ਮਣ ਦੇ ਸਾਹਮਣੇ ਹੋ ਕੇ ਮੈਦਾਨ

ਵਿਚ ਲੜੇ ਸਨ। ਜਿਹੜੇ ਦੈਂਤ ਸਮੁੰਦਰ ਵਿਚ ਨਹੀਂ ਡੁਬੇ ਤੇ ਅਗਨ ਬਾਣਾਂ ਨਾਲ ਨਹੀਂ ਸੜੇ, ਉਹ ਤੇਰੀ ਅਲੌਕਿਕ ਖੜਗ ਨੂੰ ਵੇਖਕੇ ਸ਼ਰਮ ਨਾਲ ਭੱਜ ਗਏ ਸਨ॥ ੯੪॥

**ਰਾਵਣ ਸੇ ਮਹਰਾਵਣ ਸੇ ਘਟਕਾਨਹੁ ਸੇ ਪਲ ਬੀਚ ਪਛਾਰੇ॥**
**ਬਾਰਦ ਨਾਦ ਅਕੰਪਨ ਸੇ ਜਗ ਜੰਗ ਜੁਰੇ ਜਿਨ ਸਿਉ ਜਮ ਹਾਰੇ॥**
**ਕੁੰਭ ਅਕੁੰਭ ਸੇ ਜੀਤ ਸਭੇ ਜਗ ਸਾਤ ਹੂੰ ਸਿੰਧ ਹਥਿਆਰ ਪਖਾਰੇ॥**
**ਜੇ ਜੇ ਹੁਤੇ ਅਕਟੇ ਬਿਕਟੇ ਸੁ ਕਟੇ ਕਰਿ ਕਾਲ ਕ੍ਰਿਪਾਨ ਕੇ ਮਾਰੇ॥ ੯੫॥**

ਜਿਸ ਪ੍ਰਭੂ ਨੇ ਰਾਵਣ, ਮਹਾਂ ਰਾਵਣ ਤੇ ਕੁੰਭਕਰਣ ਵਰਗੇ ਜੋਧੇ ਇਕ ਪਲ ਵਿਚ ਨਾਸ ਕਰ ਦਿੱਤੇ, ਮੇਘਨਾਦ ਤੇ ਅਕੰਪਨ ਵਰਗੇ ਸੂਰਮੇ, ਜਿਨ੍ਹਾਂ ਨਾਲ ਜੁੱਧ ਕਰਕੇ ਜਮ ਵੀ ਹਾਰ ਗਿਆ, ਕੁੰਭ ਅਕੁੰਭ ਵਰਗੇ ਬਹਾਦਰ, ਜਿਨ੍ਹਾਂ ਨੇ ਸਾਰੇ ਸੰਸਾਰ ਨੂੰ ਜਿੱਤਕੇ ਆਪਣੇ ਸ਼ਸਤ੍ਰ ਸੱਤਾਂ ਸਮੁੰਦਰਾਂ ਵਿਚ ਜਾ ਕੇ ਧੋਤੇ, ਇਹੋ ਜਿਹੇ ਹੋਰ ਅਨੇਕਾਂ ਸੂਰਮੇ, ਜਿਹੜੇ ਕਿਸੇ ਕੋਲੋਂ ਕਦੇ ਕੱਟੇ ਨਹੀਂ ਗਏ, ਉਹ ਸ੍ਰੀ ਕਾਲ ਜੀ ਦੇ ਹੱਥ ਦੀ ਤਲਵਾਰ ਨਾਲ ਕੱਟੇ ਗਏ॥ ੯੫॥

**ਜੋ ਕਹੂੰ ਕਾਲ ਤੇ ਭਾਜ ਕੇ ਬਾਚੀਅਤ ਤੇ ਕਿਹ ਕੁੰਟ ਕਹੋ ਭਜਿ ਜਈਐ॥**
**ਆਗੇ ਹੂੰ ਕਾਲ ਧਰੇ ਅਸ ਗਾਜਤ ਛਾਜਤ ਹੈ ਜਿੱਹ ਤੇ ਨਸਿ ਅੱਈਐ॥**
**ਐਸੋ ਨ ਕੈ ਗਯੋ ਕੋਈ ਸੁ ਦਾਵ ਰੇ ਜਾਹਿ ਉਪਾਵ ਸੋ ਘਾਵ ਬਚੱਈਐ॥**
**ਜਾਤੇ ਨ ਛੁਟੀਐ ਮੂੜ ਕਹੂੰ ਹਸਿ ਤਾਕੀ ਨ ਕਿਉ ਸ਼ਰਣਾਗਤਿ ਜੱਈਐ॥ ੯੬॥**

ਜੇ ਕੋਈ ਮੌਤ ਤੋਂ ਨੱਸਕੇ ਭੱਜਣਾ ਚਾਹੇ, ਤਾਂ ਦੱਸੋ ਕਿਹੜੀ ਦਿਸ਼ਾ ਵੱਲ ਜਾ ਕੇ ਬਚ ਸਕਦਾ ਹੈ ? ਜਿਸ ਪਾਸੇ ਜਾਓ, ਉਸੇ ਪਾਸੇ ਹੀ ਕਾਲ ਅੱਗੇ ਤਲਵਾਰ ਹੱਥ ਵਿਚ ਲਈ ਗੱਜ ਰਿਹਾ ਹੈ, ਉਸ ਤੋਂ ਕਿਵੇਂ ਬਚਕੇ ਕੋਈ ਪਿੱਛੇ ਨੱਸ ਆਵੇ ? ਕੋਈ ਵੀ ਸਿਆਣਾ ਇਹੋ ਜਿਹਾ ਦਾਅ ਨਹੀਂ ਦੱਸ ਗਿਆ, ਜਿਸ ਉਪਾਅ ਦੇ ਕੀਤਿਆਂ ਕਾਲ ਦੇ ਵਾਰ ਤੋਂ ਕੋਈ ਬਚ ਸਕੇ। ਹੇ ਮੂਰਖ ! ਜਿਸ ਕਾਲ ਤੋਂ ਕਿਸੇ ਦਾਅ ਪੇਚ ਨਾਲ ਬਚ ਨਹੀਂ ਸਕੀਦਾ, ਉਸ ਸ੍ਰੀ ਕਾਲ ਜੀ ਦੀ ਹੱਸ ਕੇ ਖੁਸ਼ੀ ਨਾਲ ਸ਼ਰਨ ਕਿਉਂ ਨਾ ਜਾਈਏ ?॥ ੮੬॥

**ਕ੍ਰਿਸ਼ਨ ਅਉ ਬਿਸ਼ਨ ਜਪੇ ਤੁਹਿ ਕੋਟਿਕ ਰਾਮ ਰਹੀਮ ਭਲੀ ਬਿਧਿ ਧਯਾਯੋ॥**
**ਬ੍ਰਹਮ ਜਪਿਓ ਅਰੁ ਸੰਭ ਥਪਿਓ ਤਿਹ ਤੇ ਤੁਹਿ ਕੋ ਕਿਨਹੂੰ ਨ ਬਚਾਯੋ॥**
**ਕੋਟ ਕਰੀ ਤਪਸਾ ਦਿਨ ਕੋਟਿਕ ਕਾਹੂ ਨ ਕੌਡੀ ਕੋ ਕਾਮ ਕਢਾਯੋ॥**
**ਕਾਮੁਕ ਮੰਤ੍ਰ ਕਸੀਰੇ ਕੇ ਕਾਮ ਨ ਕਾਲ ਕੋ ਘਾਉ ਕਿਨਹੂੰ ਨ ਬਚਾਯੋ॥ ੯੭॥**

ਕ੍ਰਿਸ਼ਨ ਵਿਸ਼ਨੂੰ ਆਦਿ ਕਰੋੜਾਂ ਦੇਵਤਿਆਂ ਨੂੰ ਤੂੰ ਜਪਿਆ, ਰਾਮ ਤੇ ਰਸੂਲ ਆਦਿ ਨੂੰ ਭਲੀ ਭਾਂਤ ਧਿਆਇਆ, ਬ੍ਰਹਮਾ ਦਾ ਵੀ ਜਾਪ ਕੀਤਾ ਤੇ ਸ਼ਿਵਜੀ ਦੀ ਪੂਜਾ ਕੀਤੀ, ਪਰ ਉਸ ਕਾਲ ਤੋਂ ਤੈਨੂੰ ਕੋਈ ਵੀ ਬਚਾ ਨਾ ਸਕਿਆ। ਕਰੋੜਾਂ ਦਿਨ ਤੂੰ ਕਰੋੜਾਂ ਤਰ੍ਹਾਂ ਦੀ ਤਪੱਸਿਆ ਕੀਤੀ, ਇਕ ਕੋਡੀ ਦਾ ਕੰਮ ਵੀ ਤੇਰਾ ਕਿਸੇ ਨੇ ਨਾ ਕੀਤਾ। ਤੇਰੀ ਇੱਛਾ ਸਹਿਤ ਪੜ੍ਹੇ ਮੰਤਰ ਦਮੜੀ ਜਿੰਨੇ ਕੰਮ ਨਾ ਆਏ। ਤੈਨੂੰ ਕਾਲ ਦੀ ਮਾਰ ਤੋਂ ਕਿਸੇ ਵੀ ਨਾ ਬਚਾਇਆ॥ ੯੭॥

**ਕਾਹੇ ਕੋ ਕੂਰ ਕਰੈ ਤਪਸਾ ਇਨ ਕੀ ਕੋਊ ਕੌਡੀ ਕੇ ਕਾਮ ਨ ਐਹੈ॥**
**ਤੋਹਿ ਬਚਾਇ ਸਕੈ ਕਹੁ ਕੈਸੇ ਕੈ ਆਪਨ ਘਾਵ ਬਚਾਇ ਨ ਐਹੈ॥**
**ਕੋਪ ਕਰਾਲ ਕੀ ਪਾਵਕ ਕੁੰਡ ਮੈ ਆਪ ਟੰਗਿਓ ਤਿਮ ਤੋਹਿ ਟੰਗੈ ਹੈ॥**
**ਚੇਤ ਰੇ ਚੇਤ ਅਜੌ ਜੀਅ ਮੈ ਜੜ੍ਹ ਕਾਲ ਕ੍ਰਿਪਾ ਬਿਨੁ ਕਾਮ ਨ ਐਹੈ॥ ੯੮॥**

ਤੂੰ ਇਹਨਾਂ ਝੂਠੇ ਦੇਵੀ ਦੇਵਤਿਆਂ ਦੀ ਪੂਜਾ ਕਿਉਂ ਕਰਦਾ ਹੈਂ, ਇਹਨਾਂ ਵਿਚੋਂ ਤੇਰਾ ਕੋਈ ਕੋਡੀ ਜਿੰਨੇ ਕੰਮ ਨਹੀਂ ਆਉਣ ਵਾਲਾ। ਉਹ ਤੇਰੀ ਰਖਿਆ ਕਿਵੇਂ ਕਰ ਸਕਦੇ ਹਨ, ਜਿਹੜੇ ਆਪ ਹੀ ਕਾਲ ਦੀ ਮਾਰ ਤੋਂ ਨਹੀਂ ਬਚ ਸਕਦੇ ? ਕਾਲ ਦੀ ਡਰਾਉਣੀ ਅੱਗ ਵਿਚ ਜਿਹੜਾ ਆਪ ਹੀ ਟੰਗਿਆ ਹੋਇਆ ਹੈ, ਉਸ ਤਰ੍ਹਾਂ ਉਹ ਤੈਨੂੰ ਵੀ ਉਸ ਅੰਗ ਵਿਚ ਟੰਗ ਦੇਵੇਗਾ। ਹੇ ਮੂਰਖ ! ਤੂੰ ਉਸ ਪ੍ਰਭੂ ਨੂੰ ਕਿਉਂ ਨਹੀਂ ਸਿਮਰਦਾ ਜਿਸ ਦੀ ਕਿਰਪਾ ਬਿਨਾਂ ਹੋਰ ਕਿਸੇ ਨੇ ਕੰਮ ਨਹੀਂ ਆਉਣਾ॥ ੯੮॥

**ਤਾਹਿ ਪਛਾਨਤ ਹੈ ਨ ਮਹਾ ਪਸੁ ਜਾਕੋ ਪ੍ਰਤਾਪੁ ਤਿਹੁੰ ਪੁਰ ਮਾਹੀ॥**
**ਪੂਜਤ ਹੈ ਪਰਮੇਸ਼ਰ ਕੈ ਜਿਹ ਕੈ ਪਰਸੈ ਪਰਲੋਕ ਪਰਾਹੀ॥**
**ਪਾਪ ਕਰੋ ਪਰਮਾਰਥ ਕੈ ਜਿਹ ਪਾਪਨ ਤੇ ਅਤਿ ਪਾਪ ਲਜਾਹੀ॥**
**ਪਾਇ ਪਰੋ ਪਰਮੇਸ਼ਰ ਕੇ ਜੜ੍ਹ ਪਾਹਨ ਮੈ ਪਰਮੇਸ਼ਰ ਨਾਹੀ॥ ੯੯॥**

ਹੇ ਮਹਾਂ ਮੂਰਖ ! ਤੂੰ ਉਸ ਪ੍ਰਭੂ ਨੂੰ ਕਿਉਂ ਨਹੀਂ ਜਾਣਦਾ, ਜਿਸ ਦਾ ਪ੍ਰਤਾਪ ਤਿੰਨਾਂ ਲੋਕਾਂ ਵਿਚ ਪਸਰ ਰਿਹਾ ਹੈ ? ਤੂੰ ਉਹਨਾਂ ਨੂੰ ਪਰਮੇਸ਼ਰ ਕਰਕੇ ਪੂਜਦਾ ਹੈਂ, ਜਿਨ੍ਹਾਂ ਦੇ ਸਪਰਸ਼ ਕਰਨ ਨਾਲ ਹੀ ਤੂੰ ਪਰਲੋਕ ਵਲੋਂ ਪਿੱਛੇ ਧਕਿਆ ਜਾਂਦਾ ਹੈਂ। ਚੰਗੇ ਕਰਮ ਸਮਝਕੇ ਤੂੰ ਉਹ ਪਾਪ ਕਰਦਾ ਹੈਂ, ਜਿਹਨਾਂ ਪਾਪਾਂ ਤੋਂ ਪਾਪ ਵੀ ਸ਼ਰਮਸਾਰ ਹੁੰਦੇ ਹਨ। ਹੇ ਮੂਰਖ ! ਪਰਮੇਸ਼ਰ ਦੀ ਚਰਨੀਂ ਲੱਗ, ਇਹਨਾਂ ਪੱਥਰਾਂ ਦੀਆਂ ਮੂਰਤੀਆਂ ਦੀ ਪੂਜਾ ਕਰਨ ਨਾਲ ਪ੍ਰਭੂ ਦੀ ਪ੍ਰਾਪਤੀ ਨਹੀਂ ਹੁੰਦੀ॥ ੯੯॥

**ਮੋਨ ਭਜੇ ਨਹੀ ਮਾਨ ਤਜੇ ਨਹੀ ਭੇਖ ਸਜੇ ਨਹੀ ਮੂੰਡ ਮੁੰਡਾਏ॥**
**ਕੰਠ ਨ ਕੰਠੀ ਕਠੋਰ ਧਰੈ ਨਹੀ ਸੀਸ ਜਟਾਨ ਕੇ ਜੂਟ ਸੁਹਾਏ॥**
**ਸਾਚੁ ਕਹੋਂ ਸੁਨਿ ਲੈ ਚਿਤਿ ਦੈ ਬਿਨੁ ਦੀਨ ਦਿਆਲ ਕੀ ਸਾਮ ਸਿਧਾਏ॥**

**ਪ੍ਰੀਤ ਕਰੇ ਪ੍ਰਭੁ ਪਾਯਤ ਹੈ ਕ੍ਰਿਪਾਲ ਨ ਭੀਜਤ ਲਾਂਡ ਕਟਾਏ॥ ੧੦੦॥**

ਮੋਨ ਧਾਰਨ ਕੀਤਿਆਂ, ਹੰਕਾਰ ਛਡਿਆਂ, ਕਿਸੇ ਭੇਖ ਧਾਰਿਆਂ ਤੇ ਸਿਰ ਮੂੰਹ ਮੁੰਨਾਇਆਂ ਪ੍ਰਭੂ ਨਹੀਂ ਮਿਲਦਾ। ਗਲ ਵਿਚ ਲਕੜ ਦੀ ਮਾਲਾ ਪਾਉਣ ਨਾਲ ਤੇ ਸਿਰ ਉਤੇ ਜਟਾਂ ਦਾ ਜੂੜਾ ਧਾਰਨ ਕਰਨ ਨਾਲ ਵੀ ਪ੍ਰਭੂ ਦੀ ਪ੍ਰਾਪਤੀ ਨਹੀਂ ਹੁੰਦੀ। ਮੈਂ ਸੱਚ ਕਹਿੰਦਾ ਹਾਂ, ਤੂੰ ਮਨ ਲਾ ਕੇ ਮੇਰੇ ਬਚਨ ਸੁਣ, ਦੀਨ ਦਿਆਲ ਪ੍ਰਭੂ ਦੀ ਸ਼ਰਨ ਬਿਨਾਂ ਹੋਰ ਕੋਈ ਕਰਮ ਵੀ ਸਫਲਾ ਨਹੀ ਹੁੰਦਾ. ਪ੍ਰੀਤ ਕਰਨ ਨਾਲ ਹੀ ਪ੍ਰਭੂ ਦੇ ਦਰਸ਼ਨ ਹੁੰਦੇ ਹਨ, ਸੁੰਨਤ ਕਰਾਉਣ ਨਾਲ ਪ੍ਰਭੂ ਪ੍ਰਸੰਨ ਨਹੀਂ ਹੁੰਦਾ॥ ੧੦੦॥

**ਕਾਗਦ ਦੀਪ ਸਭੈ ਕਰਿ ਕੈ ਅਰੁ ਸਾਤ ਸਮੁੰਦ੍ਰਨ ਕੀ ਮਸੁ ਕੈਹੋਂ॥**
**ਕਾਟ ਬਨਾਸਪਤੀ ਸਗਰੀ ਲਿਖਬੇ ਹੂ ਕੇ ਲੇਖਨ ਕਾਜ ਬਨੈ ਹੋਂ॥**
**ਸਾਰਸੁਤੀ ਬਕਤਾ ਕਰਿ ਕੈ ਜੁਗਿ ਕੋਟਿ ਗਨੇਸ਼ਿ ਕੈ ਹਾਥ ਲਿਖੈ ਹੋਂ॥**
**ਕਾਲ ਕ੍ਰਿਪਾਨ ਬਿਨਾ ਬਿਨਤੀ ਨ ਤਊ ਤੁਮ ਕੋ ਪ੍ਰਭ ਨੈਕ ਰਿਝੈ ਹੋਂ॥ ੧੦੧॥**

ਜੇ ਮੈਂ ਸਾਰੇ ਦੀਪ ਕਾਗਜ਼ ਬਣਾ ਲਵਾਂ, ਸੱਤਾਂ ਸਮੁੰਦਰਾਂ ਦੇ ਪਾਣੀ ਨੂੰ ਸਿਆਹੀ ਬਣਾ ਲਵਾਂ, ਸਾਰੀ ਬਨਾਸਪਤੀ ਕਟਕੇ ਲਿਖਣ ਲਈ ਕਲਮਾਂ ਬਣਾ ਲਵਾਂ, ਸੁਰਸਤੀ ਦੇਵੀ ਨੂੰ ਉਪਮਾ ਕਰਨ ਵਾਲੀ ਬਣਾ ਲਵਾਂ, ਕਰੋੜਾਂ ਗਣੇਸ਼ਾਂ ਦੇ ਹੱਥੀਂ ਤੇਰੀ ਉਸਤਤੀ ਲਿਖਵਾਵਾਂ, ਹੇ ਪ੍ਰਭੂ ! ਤਦ ਵੀ ਤੇਰੇ ਅੱਗੇ ਬੇਨਤੀ ਕਰਨ ਤੋਂ ਬਿਨਾਂ, ਬਾਕੀ ਉਪਰ ਕਥਨ ਕੀਤੇ ਯਤਨਾਂ ਨਾਲ, ਮੈਂ ਤੈਨੂੰ ਪ੍ਰਸੰਨ ਨਹੀਂ ਕਰ ਸਕਦਾ॥ ੧੦੧॥

ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਸ੍ਰੀ ਕਾਲ ਜੀ ਕੀ ਉਸਤਤਿ ਪ੍ਰਿਥਮ ਧਿਆਇ ਸੰਪੂਰਨਮ ਸਤੁ ਸੁਭਮ ਸਤੁ॥ ੧॥ ੧੦੧॥ ਅਫਜੂੰ॥

ਸ੍ਰੀ ਬਚਿੱਤਰ ਨਾਟਕ ਗ੍ਰੰਥ, ਸ੍ਰੀ ਕਾਲ ਜੀ ਦੀ ਉਸਤਤ, ਪਹਿਲਾ ਅਧਿਆਏ ਸੰਪੂਰਨ, ਸਤ ਸ਼ੁਭਮ ਸਤ॥ ੧॥ ੧੦੧॥ ਚਲਦਾ॥

ਭਾਵਾਰਥ :- ਬਚਿਤ੍ਰ ਨਾਟਕ ਦੇ ਇਸ ਪਹਿਲੇ ਅਧਿਆਇ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਅਕਾਲ ਪੁਰਖ ਦੀ ਉਸਤਤ ਕੀਤੀ ਹੈ। ਅਕਾਲ ਪੁਰਖ ਦੀ ਉਸਤਤ ਦੇ ਨਾਲ ਹੀ ਆਪ ਨੇ ਸ਼ਸਤਰਾਂ ਦੀ ਮਹਿਮਾਂ ਵੀ ਵਰਣਨ ਕੀਤੀ ਹੈ। ਸਤਿਗੁਰੂ ਜੀ ਨੇ ਪ੍ਰਭੂ ਨੂੰ ਇਕ ਬਹਾਦਰ ਸੂਰਮੇ, ਖੜਗਧਾਰੀ ਤੇ ਧਨੁਸ਼ਧਾਰੀ ਦੇ ਰੂਪ ਵਿਚ ਚਿਤਰਿਆ ਹੈ। ਜ਼ਾਲਮ ਰਾਜ ਦੀਆਂ ਜੜ੍ਹਾਂ ਕੱਟਣ ਲਈ ਆਪ ਸ਼ਸਤਰ ਸ਼ਕਤੀ ਦੀ ਵਰਤੋਂ ਨੂੰ ਹੀ ਸਭ ਸਾਧਨਾਂ ਤੋਂ ਉੱਤਮ ਸਾਧਨ ਗਿਣਦੇ ਸਨ। ਆਪ ਨੇ ਖਾਲਸਾ ਪੰਥ ਦੀ ਰਚਨਾ ਕਰਕੇ ਸਿੰਘਾਂ ਨੂੰ ਸ਼ਸਤ੍ਰਧਾਰੀ, ਸੰਤ ਸਿਪਾਹੀ, ਬਣਨ ਦਾ ਹੁਕਮ ਦਿੱਤਾ। ਸਤਿਗੁਰੂ ਜੀ ਸ਼ਸਤਰਾਂ ਨੂੰ ਆਪਣਾ ਇਸ਼ਟ ਮੰਨਕੇ ਸਭ ਸ਼ਸਤਰਾਂ ਨੂੰ ਨਮਸ਼ਕਾਰ ਕਰਦੇ ਹਨ:-

ਅਸ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰ ਤੀਰ॥
ਸੈਫ ਸਰੋਹੀ ਸੈਹਥੀ ਯਹੀ ਹਮਾਰੇ ਪੀਰ॥

# ਅਧਿਆਏ ਦੂਸਰਾ

## ਸੋਢੀ ਬੰਸ ਉਤਪਤੀ ਵਰਣਨ

**ਚੌਪਈ॥ ਤੁਮਰੀ ਮਹਿਮਾ ਅਪਰ ਅਪਾਰਾ॥ ਜਾ ਕਾ ਲਹਿਓ ਨ ਕਿਨਹੂ ਪਾਰਾ॥**
**ਦੇਵ ਦੇਵ ਰਾਜਨ ਕੇ ਰਾਜਾ॥ ਦੀਨ ਦਿਆਲ ਗਰੀਬ ਨਿਵਾਜਾ॥੧॥**

ਹੇ ਪ੍ਰਭੂ ! ਤੇਰੀ ਮਹਿਮਾ ਪਰੇ ਤੋਂ ਪਰੇ ਹੈ। ਜਿਸ ਦਾ ਕੋਈ ਵੀ ਪਾਰਾਵਾਰ ਨਹੀਂ ਪਾ ਸਕਿਆ। ਹੇ ਅਕਾਲ ਪੁਰਖ ! ਆਪ ਦੇਵਤਿਆਂ ਤੋਂ ਵੀ ਵੱਡੇ ਦੇਵਤੇ ਹੋ, ਰਾਜਿਆਂ ਦੇ ਵੱਡੇ ਰਾਜੇ ਹੋ, ਦੀਨ ਦੁਖੀਆਂ ਲਈ ਦਿਆਲੂ ਹੋ ਤੇ ਗਰੀਬ ਨਿਵਾਜ ਹੈ॥੧॥

**ਦੋਹਿਰਾ॥ ਮੂਕ ਉਚਰੈ ਸ਼ਾਸਤ੍ਰ ਖਟਿ ਪਿੰਗ ਗਿਰਨ ਚੜਿ ਜਾਇ॥**
**ਅੰਧ ਲਖੈ ਬਧਰੋ ਸੁਨੈ ਜੌ ਕਾਲ ਕ੍ਰਿਪਾ ਕਰਾਇ॥੨॥**

ਹੇ ਪ੍ਰਭੂ ! ਜੇ ਤੇਰੀ ਕਿਰਪਾ ਹੋ ਜਾਵੇ ਤਾਂ ਗੂੰਗਾ ਆਦਮੀ ਛੇ ਸ਼ਾਸਤ੍ਰ ਉਚਾਰਨ ਲੱਗ ਪੈਂਦਾ ਹੈ, ਪਿੰਗਲਾ ਪਹਾੜਾਂ ਤੇ ਚੜ੍ਹ ਜਾਂਦਾ ਹੈ, ਅੰਨ੍ਹਾ ਵੇਖਣ ਲੱਗ ਜਾਂਦਾ ਹੈ ਤੇ ਬੋਲਾ ਸੁਣਨ ਲੱਗ ਜਾਂਦਾ ਹੈ॥੨॥

**ਚੌਪਈ॥ ਕਹਾ ਬੁੱਧ ਪ੍ਰਭ ਤੁੱਛ ਹਮਾਰੀ॥ ਬਰਨਿ ਸਕੈ ਮਹਿਮਾ ਜੁ ਤਿਹਾਰੀ॥**
**ਹਮ ਨ ਸਕਤ ਕਰਿ ਸਿਫਤ ਤੁਮਾਰੀ॥ ਆਪ ਲੇਹੁ ਤੁਮ ਕਥਾ ਸੁਧਾਰੀ॥ ੩॥**

ਹੇ ਸੁਆਮੀ ! ਮੇਰੀ ਤੁੱਛ ਬੁਧੀ ਵਿਚ ਐਨੀ ਸ਼ਕਤੀ ਨਹੀਂ ਕਿ ਮੈਂ ਆਪਦੀ ਮਹਿਮਾ ਦਾ ਵਰਣਨ ਕਰ ਸਕਾਂ। ਮੈਂ ਆਪ ਦੀ ਸਿਫਤ ਨਹੀਂ ਕਰ ਸਕਦਾ, ਇਸ ਲਈ ਤੁਸੀਂ ਆਪ ਹੀ ਆਪਣੀ ਕਥਾ ਬਣਾ ਲਓ॥੩॥

**ਕਹਾ ਲਗੈ ਇਹੁ ਕੀਟ ਬਖਾਨੈ॥ ਮਹਿਮਾ ਤੋਰਿ ਤੁਹੀ ਪ੍ਰਭ ਜਾਨੈ॥**
**ਪਿਤਾ ਜਨਮ ਜਿਮ ਪੂਤ ਨ ਪਾਵੈ॥ ਕਹਾ ਤਵਨ ਕਾ ਭੇਦ ਬਤਾਵੈ॥ ੪॥**

ਮੈਂ ਆਪ ਦਾ ਦਾਸ ਆਪ ਦੀ ਮਹਿਮਾ ਕਿਥੋਂ ਤੱਕ ਕਹਾਂ, ਤੁਸੀਂ ਆਪਣੀ ਮਹਿਮਾ ਨੂੰ ਆਪ ਹੀ ਜਾਣਦੇ ਹੋ। ਜਿਵੇਂ ਪਿਤਾ ਦੇ ਜਨਮ ਬਾਰੇ ਪੁੱਤਰ ਕੁਝ ਨਹੀਂ ਜਾਣਦਾ, ਉਸਦਾ ਭੇਤ ਉਹ ਕੀ ਦੱਸ ਸਕਦਾ ਹੈ ?॥੪॥

**ਤੁਮਰੀ ਪ੍ਰਭਾ ਤੁਮੈ ਬਨਿ ਆਈ॥ ਅਉਰਨ ਤੇ ਨਹੀ ਜਾਤ ਬਤਾਈ॥**

**ਤੁਮਰੀ ਕ੍ਰਿਆ ਤੁਮਹੀ ਪ੍ਰਭ ਜਾਨੋ॥ ਊਚ ਨੀਚ ਕਸ ਸਕਤ ਬਖਾਨੋ॥ ੫॥**

ਤੁਹਾਡੀ ਉਪਮਾ ਆਪ ਜੀ ਨੂੰ ਹੀ ਬਣਦੀ ਹੈ। ਹੋਰ ਕੋਈ ਨਹੀਂ ਦੱਸ ਸਕਦਾ। ਹੇ ਪ੍ਰਭੂ! ਆਪਣੀ ਗਤੀ ਨੂੰ ਤੁਸੀਂ ਆਪ ਹੀ ਜਾਣਦੇ ਹੋ, ਹੋਰ ਕਿਸੇ ਵਿਚ ਐਨੀ ਸ਼ਕਤੀ ਨਹੀਂ ਕਿ ਥੋੜ੍ਹੀ ਬਹੁਤੀ ਉਪਮਾ ਵੀ ਕਹਿ ਸਕੇ॥ ੫॥

**ਸ਼ੇਸ਼ਨਾਗ ਸਿਰ ਸਹਸ ਬਨਾਈ॥ ਦ੍ਵੈ ਸਹੰਸ ਰਸਨਾਹ ਸੁਹਾਈ॥**
**ਰਟਤ ਅਬ ਲਗੇ ਨਾਮ ਅਪਾਰਾ॥ ਤੁਮਰੋ ਤਊ ਨ ਪਾਵਤ ਪਾਰਾ॥ ੬॥**

ਆਪ ਨੇ ਸ਼ੇਸ਼ਨਾਗ ਦਾ ਹਜ਼ਾਰ ਸਿਰ ਬਣਾਇਆ ਹੈ, ਜਿਸ ਵਿਚ ਦੋ ਹਜ਼ਾਰ ਜੀਭਾਂ ਸ਼ੋਭ ਰਹੀਆਂ ਹਨ, ਉਹ ਅੱਜ ਤਕ ਆਪ ਦੇ ਅਨੇਕਾਂ ਨਾਵਾਂ ਨੂੰ ਰਟਦਾ ਰਹਿੰਦਾ ਹੈ ਤਾਂ ਵੀ ਉਹ ਆਪ ਦੇ ਨਾਵਾਂ ਦਾ ਅੰਤ ਨਹੀਂ ਪਾ ਸਕਿਆ॥ ੬॥

**ਤੁਮਰੀ ਕ੍ਰਿਆ ਕਹਾ ਕੋਊ ਕਹੈ॥ ਸਮਝਤ ਬਾਤ ਉਰਝ ਮਤਿ ਰਹੈ॥**
**ਸੂਛਮ ਰੂਪ ਨ ਬਰਨਾ ਜਾਈ॥ ਬਿਰਧ ਸਰੂਪਹਿ ਕਹੋ ਬਨਾਈ॥ ੭॥**

ਆਪ ਦੀ ਕਰਨੀ ਨੂੰ ਕੋਈ ਕਿੱਥੋਂ ਤੱਕ ਕਹਿ ਸਕਦਾ ਹੈ। ਆਪ ਦੀ ਗਤੀ ਨੂੰ ਸਮਝਣ ਵਿਚ ਉਸ ਦੀ ਬੁੱਧੀ ਚਕ੍ਰਿਤ ਹੋ ਜਾਂਦੀ ਹੈ। ਆਪ ਦੇ ਸੂਖਮ ਸਰੂਪ ਦਾ ਵਰਣਨ ਨਹੀਂ ਹੋ ਸਕਦਾ, ਇਸ ਲਈ ਮੈਂ ਸਥੂਲ ਰੂਪ ਦਾ ਹੀ ਕਥਨ ਕਰਦਾ ਹਾਂ॥ ੭॥

**ਤੁਮਰੀ ਪ੍ਰੇਮ ਭਗਤਿ ਜਬ ਗਹਿਹੋਂ॥ ਛੋਰ ਕਥਾ ਸਭ ਹੀ ਤਬ ਕਹਿਹੋਂ॥**
**ਅਬ ਮੈ ਕਹੋ ਸੁ ਅਪਨੀ ਕਥਾ॥ ਸੋਢੀ ਬੰਸ ਉਪਜਿਯਾ ਜਥਾ॥ ੮॥**

ਹੇ ਪ੍ਰਭੂ ! ਜਦੋਂ ਮੈਂ ਆਪ ਦੀ ਪ੍ਰੇਮਾ-ਭਗਤੀ ਨੂੰ ਗ੍ਰਹਿਣ ਕਰਾਂਗਾ ਤਦੋਂ ਹੀ ਸਾਰੀ ਕਥਾ ਨੂੰ ਮੈਂ ਕਹਿ ਸਕਾਂਗਾ। ਹੁਣ ਮੈਂ ਆਪਣੀ ਕਥਾ ਕਹਿੰਦਾ ਹਾਂ, ਜਿਸ ਤਰ੍ਹਾਂ ਸੰਸਾਰ ਵਿਚ ਸੋਢੀ ਬੰਸ ਦੀ ਉਤਪਤੀ ਹੋਈ॥ ੮॥

**ਦੋਹਰਾ॥ ਪ੍ਰਿਥਮ ਕਥਾ ਸੰਛੇਪ ਤੇ ਕਹੋ ਸੁ ਹਿਤ ਚਿਤੁ ਲਾਇ॥**
**ਬਹੁਰਿ ਬਡੋ ਬਿਸਥਾਰ ਕੈ ਕਹਿਹੌ ਸਭੋ ਸੁਨਾਇ॥ ੯॥**

ਮਨ ਦਾ ਪ੍ਰੇਮ ਲਾ ਕੇ ਪਹਿਲਾਂ ਮੈਂ ਸੰਖੇਪ ਰੂਪ ਵਿਚ ਕਥਾ ਕਹਿੰਦਾ ਹਾਂ। ਫਿਰ ਇਸ ਕਥਾ ਨੂੰ ਵਿਸਥਾਰ ਕਰਕੇ ਸੁਣਾਵਾਂਗਾ॥ ੯॥

**ਚੌਪਈ॥ ਪ੍ਰਿਥਮ ਕਾਲ ਜਬ ਕਰਾ ਪਸਾਰਾ॥ ਓਅੰਕਾਰ ਤੇ ਸ੍ਰਿਸ਼ਟਿ ਉਪਾਰਾ॥**
**ਕਾਲਸੈਣ ਪ੍ਰਥਮੈ ਭਇਓ ਭੂਪਾ॥ ਅਧਿਕ ਅਤੁਲ ਬਲਿ ਰੂਪ ਅਨੂਪਾ॥ ੧੦॥**

ਪ੍ਰਭੂ ਨੇ ਜਦੋਂ ਪਹਿਲੋਂ ਸਾਰੇ ਜਗਤ ਦਾ ਪਸਾਰਾ ਕੀਤਾ, ਉਸ ਨੇ ਓਦੋਂ ਆਪਣੇ ਇਕ ਓਅੰਕਾਰ ਰੂਪ ਤੋਂ ਹੀ ਸਾਰੀ ਸ੍ਰਿਸ਼ਟੀ ਦੀ ਰਚਨਾ ਕਰ ਦਿੱਤੀ। ਕਾਲਸੈਣ ਵਿਸ਼ਨੂੰ ਨਾਂ ਦਾ ਰਾਜਾ ਸਭ ਤੋਂ ਪਹਿਲਾ ਉਤਪੰਨ ਹੋਇਆ, ਜੋ ਬੜਾ ਬਲਵਾਨ ਤੇ ਸੁੰਦਰ ਸਰੂਪ ਵਾਲਾ ਸੀ॥੧੦॥

**ਕਾਲਕੇਤ ਦੂਸਰ ਭੂਅ ਭਯੋ॥ ਕ੍ਰੂਰ ਬਰਸ ਤੀਸਰ ਜਗ ਠਯੋ॥**
**ਕਾਲਧੁਜ ਚਤੁਰਥ ਨ੍ਰਿਪ ਸੋਹੈ॥ ਜਿਹ ਤੇ ਭਯੋ ਜਗਤ ਸਭ ਕੋ ਹੈ॥੧੧॥**

ਉਸ ਤੋਂ ਅੱਗੇ ਰਾਜਾ ਕਾਲਕੇਤ ਬ੍ਰਹਮਾ ਹੋਇਆ। ਫਿਰ ਕ੍ਰੂਰਬਰਸ ਸ਼ਿਵਜੀ ਤੀਜਾ ਰਾਜਾ ਉਤਪੰਨ ਹੋਇਆ। ਚੌਥਾ ਰਾਜਾ ਕਾਲਧੁਜ ਪ੍ਰਜਾਪਤਿ ਪ੍ਰਗਟ ਹੋਇਆ, ਜਿਸ ਤੋਂ ਸੰਸਾਰ ਦੀ ਬਹੁਤ ਰਚਨਾ ਹੋਈ॥੧੧॥

**ਸਹਸਰਾਛ ਜਾ ਕੋ ਸੁਭ ਸੋਹੈ॥ ਸਹਸ ਪਾਦ ਜਾ ਕੇ ਤਨ ਮੋਹੈ॥**
**ਸ਼ੇਖਨਾਗ ਪਰ ਸੋਇਬੋ ਕਰੈ॥ ਜਗ ਤਿਹ ਸ਼ੇਖਸਾਇ ਉਚਰੈ॥੧੨॥**

ਜਿਸ ਪ੍ਰਭੂ ਦੇ ਹਜ਼ਾਰਾਂ ਨੇਤਰ ਸ਼ੋਭ ਰਹੇ ਹਨ, ਜਿਸ ਦੇ ਸਰੀਰ ਵਿਚ ਹਜ਼ਾਰਾਂ ਪੈਰ ਹਨ, ਜੋ ਸ਼ੇਸ਼ਨਾਗ ਉਤੇ ਸੌਂਦਾ ਹੈ, ਉਸ ਨੂੰ ਸਾਰਾ ਸੰਸਾਰ 'ਸ਼ੇਖਸਾਈ' ਭਾਵ ਸ਼ੇਸ਼ਨਾਗ ਦਾ ਸੁਆਮੀ ਕਹਿੰਦਾ ਹੈ॥੧੨॥

**ਏਕ ਸ੍ਰਵਣ ਤੇ ਮੈਲ ਨਿਕਾਰਾ॥ ਤਾਤੇ ਮਧੁ ਕੀਟਭ ਤਨ ਧਾਰਾ॥**
**ਦੁਤੀਯ ਕਾਨ ਤੇ ਮੈਲੁ ਨਿਕਾਰੀ॥ ਤਾ ਤੇ ਭਈ ਸ੍ਰਿਸ਼ਟਿ ਇਹ ਸਾਰੀ॥੧੩॥**

ਉਸ ਪ੍ਰਭੂ ਨੇ ਆਪਣੇ ਕੰਨ ਵਿਚੋਂ ਥੋੜ੍ਹੀ ਜਿਹੀ ਮੈਲ ਕੱਢੀ, ਜਿਸ ਤੋਂ ਮਧੂ ਤੇ ਕੀਟਭ ਦੈਤ ਦਾ ਜਨਮ ਹੋਇਆ। ਦੂਜੇ ਕੰਨ ਵਿਚੋਂ ਮੈਲ ਕੱਢੀ ਤਾਂ ਉਸ ਤੋਂ ਇਹ ਸਾਰੀ ਸ੍ਰਿਸ਼ਟੀ ਬਣੀ॥੧੩॥

**ਤਿਨ ਕੋ ਕਾਲ ਬਹੁਰ ਬਧ ਕਰਾ॥ ਤਿਨ ਕੋ ਮੇਧ ਸਮੁੰਦ ਮੋ ਪਰਾ॥**
**ਚਿਕਨ ਤਾਸ ਜਲ ਪਰ ਤਿਰ ਰਹੀ॥ ਮੇਧਾ ਨਾਮ ਤਬਹਿ ਤੇ ਕਹੀ॥੧੪॥**

ਉਹਨਾਂ ਰਾਖਸ਼ਾਂ ਨੂੰ ਭਗਵਾਨ ਨੇ ਮਾਰ ਦਿੱਤਾ, ਉਹਨਾਂ ਦੀ ਚਰਬੀ ਸਮੁੰਦਰ ਵਿਚ ਪੈ ਗਈ। ਉਹ ਚਿਕਨਾਹਟ ਸਮੁੰਦਰ ਦੇ ਜਲ ਉਪਰ ਤਰਦੀ ਰਹੀ। ਉਹ ਥਿੰਧਿਆਈ ਹੀ ਸਹਿਜੇ ਸਹਿਜੇ ਧਰਤੀ ਬਣ ਗਈ, ਇਸ ਕਰਕੇ ਧਰਤੀ ਦਾ ਨਾਮ 'ਮੇਧਾ' ਜਾਂ 'ਮੇਦਨੀ' ਕਿਹਾ ਜਾਂਦਾ ਹੈ॥੧੪॥

**ਸਾਧ ਕਰਮ ਜੇ ਪੁਰਖ ਕਮਾਵੈ॥ ਨਾਮ ਦੇਵਤਾ ਜਗਤ ਕਹਾਵੈ॥**
**ਕੁਕ੍ਰਿਤ ਕਰਮ ਜੇ ਜਗ ਮੈ ਕਰਹੀ॥ ਨਾਮ ਅਸੁਰ ਤਿਨ ਕੋ ਸਭ ਧਰਹੀ॥੧੫॥**

ਜੋ ਪੁਰਸ਼ ਚੰਗੇ ਕਰਮ ਕਰਦਾ ਹੈ, ਉਸ ਨੂੰ ਸੰਸਾਰ ਵਿਚ ਦੇਵਤਾ ਕਿਹਾ ਜਾਂਦਾ ਹੈ। ਜੋ ਪੁਰਸ਼ ਸੰਸਾਰ ਵਿਚ ਬੁਰੇ ਕਰਮ ਕਰਦਾ ਹੈ, ਉਸ ਨੂੰ ਦੈਤ ਆਖਿਆ ਜਾਂਦਾ ਹੈ॥੧੫॥

**ਬਹੁ ਬਿਥਾਰ ਕਹਾ ਲਗੈ ਬਖਾਨੀਅਤ ॥ ਗ੍ਰੰਥ ਬਢਨ ਤੇ ਅਤਿ ਡਰੁ ਮਾਨੀਅਤ ॥
ਤਿਨ ਤੇ ਹੋਤ ਬਹੁਤ ਨ੍ਰਿਪ ਆਏ ॥ ਦੱਛ ਪ੍ਰਜਾਪਤਿ ਜਿਨ ਉਪਜਾਏ ॥ ੧੬ ॥**

ਇਹਨਾਂ ਕਥਾਵਾਂ ਦਾ ਬਹੁਤ ਵਿਸਥਾਰ ਹੈ, ਮੈਂ ਕਿਥੋਂ ਤੱਕ ਵਰਣਨ ਕਰ ਸਕਦਾ ਹਾਂ। ਗ੍ਰੰਥ ਦੇ ਬਹੁਤ ਵੱਧ ਜਾਣ ਦਾ ਡਰ ਵੀ ਮੈਂ ਮੰਨਦਾ ਹਾਂ। ਉਹਨਾਂ ਰਾਜਿਆਂ ਤੋਂ ਅੱਗੇ ਬਹੁਤ ਰਾਜੇ ਹੋਰ ਹੋਏ ਜਿਨ੍ਹਾਂ ਨੇ ਦੱਛ ਪ੍ਰਜਾਪਤਿ ਨੂੰ ਪੈਦਾ ਕੀਤਾ ॥ ੧੬ ॥

**ਦਸ ਸਹੰਸ੍ਰ ਤਿਹਿ ਗ੍ਰਿਹ ਭਈ ਕੰਨਿਆ ॥ ਜਿਹ ਸਮਾਨ ਕਹ ਲਗੈ ਨ ਅੰਨਿਆ ॥
ਕਾਲ ਕ੍ਰਿਆ ਐਸੀ ਤਹ ਭਈ ॥ ਤੇ ਸਭ ਬਿਆਹ ਨਰੇਸਨ ਦਈ ॥ ੧੭ ॥**

ਦੱਛ ਪ੍ਰਜਾਪਤਿ ਦੇ ਘਰ ਦੱਸ ਹਜ਼ਾਰ ਲੜਕੀਆਂ ਪੈਦਾ ਹੋਈਆਂ, ਉਹ ਬਹੁਤ ਸੁੰਦਰ ਸਨ, ਜਿਹਨਾਂ ਵਰਗਾ ਹੋਰ ਕੋਈ ਨਹੀਂ ਸੀ। ਉਸ ਸਮੇਂ ਕਾਲ ਦੀ ਕੁਝ ਐਸੀ ਗਤੀ ਹੋਈ ਕਿ ਦੱਛ ਪ੍ਰਜਾਪਤਿ ਨੇ ਉਹ ਸਾਰੀਆਂ ਕੰਨਿਆਂ ਰਾਜਿਆਂ ਨਾਲ ਵਿਆਹ ਦਿੱਤੀਆਂ ॥ ੧੭ ॥

**ਦੋਹਰਾ ॥ ਬਨਤਾ ਕਦ੍ਰੂ ਦਿਤਿ ਅਦਿਤਿ ਏ ਰਿਖ ਬਰੀ ਬਨਾਇ ॥
ਨਾਗ ਨਾਗਰਿਪੁ ਦੇਵ ਸਭ ਦਈਤ ਲਏ ਉਪਜਾਇ ॥ ੧੮ ॥**

ਬਨਤਾ, ਕਦਰੂ, ਦਿਤਿ ਤੇ ਅਦਿਤਿ, ਇਹ ਚਾਰੇ ਕਸ਼ਯਪ ਰਿਸ਼ੀ ਨੇ ਵਿਆਹ ਲਈਆਂ। ਕਦਰੂ ਤੋਂ ਸੱਪ, ਬਨਤਾ ਤੋਂ ਗਰੁੜ, ਅਦਿਤੀ ਤੋਂ ਸਾਰੇ ਦੇਵਤੇ ਤੇ ਦਿੱਤੀ ਤੋਂ ਸਾਰੇ ਦੈਂਤ ਰਿਸ਼ੀ ਨੇ ਉਤਪੰਨ ਕਰ ਲਏ ॥ ੧੮ ॥

**ਚੌਪਈ ॥ ਤਾ ਤੇ ਸੂਰਜ ਰੂਪ ਕੋ ਧਰਾ ॥ ਜਾ ਤੇ ਬੰਸ ਪ੍ਰਚੁਰ ਰਵਿ ਕਰਾ ॥
ਜੌ ਤਿਨ ਕੇ ਕਹਿ ਨਾਮ ਸੁਨਾਊਂ ॥ ਕਥਾ ਬਢਨ ਤੇ ਅਧਿਕ ਡਰਾਊਂ ॥ ੧੯ ॥**

ਅਦਿਤੀ ਤੋਂ ਸੂਰਜ ਨੇ ਜਨਮ ਲਿਆ, ਜਿਸ ਤੋਂ ਸੂਰਜ ਵੰਸ਼ ਦਾ ਵਿਸਥਾਰ ਹੋਇਆ। ਜੇ ਮੈਂ ਉਹਨਾਂ ਸਾਰੇ ਸੂਰਜ ਵੰਸ਼ੀ ਰਾਜਿਆਂ ਦੇ ਨਾਂ ਸੁਣਾਵਾਂ ਤਾਂ ਗ੍ਰੰਥ ਦੇ ਵੱਧ ਜਾਣ ਦਾ ਡਰ ਹੈ ॥ ੧੯ ॥

**ਤਿਨ ਕੇ ਬੰਸ ਬਿਖੈ ਰਘੁ ਭਯੋ ॥ ਰਘੁਬੰਸਹਿ ਜਿਹ ਜਗਹਿ ਚਲਯੋ ॥
ਤਾ ਤੇ ਪੁਤ੍ਰ ਹੋਤ ਭਯੋ ਅਜ ਬਰ ॥ ਮਹਾਰਥੀ ਅਰੁ ਮਹਾ ਧਨੁਰਧਰ ॥ ੨੦ ॥**

ਉਸ ਸੂਰਜ ਬੰਸ ਵਿਚ ਇਕ 'ਰਘੁ' ਰਾਜਾ ਹੋਇਆ, ਜਿਸ ਤੋਂ ਜਗਤ ਵਿਚ ਰਘੁ ਵੰਸ ਤੁਰੀ। ਰਘੁ ਦਾ ਪੁੱਤਰ ਅੱਜ ਰਾਜਾ ਹੋਇਆ, ਜੋ ਬੜਾ ਯੋਧਾ ਤੇ ਧਨੁਸ਼ਧਾਰੀ ਸੀ। ਅੱਜ ਰਾਜੇ ਦੇ ਘਰ ਦਸਰਥ ਰਾਜੇ ਨੇ ਜਨਮ ਲਿਆ ॥ ੨੦ ॥

**ਜਬ ਤਿਨ ਭੇਸ ਜੋਗ ਕੋ ਲਯੋ ॥ ਰਾਜਪਾਟ ਦਸਰਥ ਕੋ ਦਯੋ ॥**

**ਹੋਤ ਭਯੋ ਵਹਿ ਮਹਾ ਧਨੁਰਧਰ ॥ ਤੀਨ ਤ੍ਰਿਆਨ ਬਰਾ ਜਿਹ ਰੁਚਿ ਕਰ ॥ ੨੧ ॥**

ਜਦੋਂ ਰਾਜਾ ਅੱਜ ਨੇ ਰਾਜ ਤਿਆਗ ਕੇ ਜੋਗ ਧਾਰਨ ਕੀਤਾ ਤਾਂ ਉਸ ਨੇ ਆਪਣੇ ਪੁੱਤਰ ਦਸਰਥ ਨੂੰ ਰਾਜ ਗੱਦੀ ਸੌਂਪ ਦਿੱਤੀ। ਦਸਰਥ ਵੀ ਬੜਾ ਸੂਰਮਾ ਤੇ ਮਹਾਂ ਧਨੁਸ਼ਧਾਰੀ ਸੀ। ਉਸ ਨੇ ਬੜੀ ਪ੍ਰਸੰਨਤਾ ਨਾਲ ਤਿੰਨ ਇਸਤਰੀਆਂ ਨਾਲ ਵਿਆਹ ਕੀਤਾ ॥ ੨੧ ॥

**ਪ੍ਰਿਥਮ ਜਯੋ ਤਿਹ ਰਾਮ ਕੁਮਾਰਾ ॥ ਭਰਥ ਲੱਛਮਨ ਸ਼ੱਤ੍ਰ ਬਿਦਾਰਾ ॥**
**ਬਹੁਤ ਕਾਲ ਤਿਨ ਰਾਜ ਕਮਾਯੋ ॥ ਕਾਲ ਪਾਇ ਸੁਰਪੁਰਹਿ ਸਿਧਾਯੋ ॥ ੨੨ ॥**

ਦਸਰਥ ਦੀ ਪਹਿਲੀ ਰਾਣੀ ਕੁਸ਼ੱਲਿਆ ਦੀ ਕੁੱਖ ਤੋਂ ਰਾਮ ਜੀ ਦਾ ਜਨਮ ਹੋਇਆ। ਦੂਜੀ ਰਾਣੀ ਕੇਕਈ ਨੇ ਭਰਤ ਨੂੰ ਜਨਮ ਦਿੱਤਾ। ਤੀਜੀ ਰਾਣੀ ਸੁਮਿਤਰਾਂ ਦੇ ਘਰ ਲੱਛਮਣ ਤੇ ਸ਼ਤ੍ਰਘਨ ਉਤਪੰਨ ਹੋਏ। ਇਹਨਾਂ ਭਰਾਵਾਂ ਨੇ ਬਹੁਤ ਸਮਾਂ ਪ੍ਰਿਥਵੀ ਤੇ ਰਾਜ ਕੀਤਾ। ਫਿਰ ਸਮਾਂ ਪਾ ਕੇ ਦੇਵ ਲੋਕ ਨੂੰ ਚਲੇ ਗਏ ॥ ੨੨ ॥

**ਸੀਅ ਸੁਤ ਬਹੁਰਿ ਭਏ ਦੁਇ ਰਾਜਾ ॥ ਰਾਜ ਪਾਟ ਉਨਹੀ ਕਉ ਛਾਜਾ ॥**
**ਮੱਦ੍ਰ ਦੇਸ ਏਸ੍ਰਰਜ ਬਰੀ ਜਬ ॥ ਭਾਂਤਿ ਭਾਂਤਿ ਕੇ ਜੱਗ ਕੀਏ ਤਬ ॥ ੨੩ ॥**

ਫਿਰ ਸੀਤਾ ਦੇ ਦੋ ਪੁੱਤਰ ਲਵ ਤੇ ਕੁਸ਼ੂ ਰਾਜਾ ਹੋਏ, ਰਾਜ ਗੱਦੀ ਉਹਨਾਂ ਨੂੰ ਸ਼ੋਭਨੀਕ ਹੋਈ। ਉਹਨਾਂ ਨੇ ਪੰਜਾਬ ਦੇਸ਼ ਦੀਆਂ ਰਾਜਕੁਮਾਰੀਆਂ ਨਾਲ ਵਿਆਹ ਕੀਤੇ। ਉਹਨਾਂ ਨੇ ਆਪਣੇ ਸਮੇਂ ਵਿਚ ਬੜੇ ਵੱਡੇ ਵੱਡੇ ਜੱਗ ਕੀਤੇ ॥ ੨੩ ॥

**ਤਹੀ ਤਿਨੈ ਬਾਂਧੇ ਦੁਇ ਪੁਰਵਾ ॥ ਏਕ ਕਸੂਰ ਦੁਤੀਯ ਲਹੁਰਵਾ ॥**
**ਅਧਿਕ ਪੁਰੀ ਤੇ ਦੋਊ ਬਿਰਾਜੀ ॥ ਨਿਰਖ ਲੰਕ ਅਮਰਾਵਤਿ ਲਾਜੀ ॥ ੨੪ ॥**

ਪੰਜਾਬ ਦੀ ਧਰਤੀ ਤੇ ਦੋਹਾਂ ਭਰਾਵਾਂ ਨੇ ਦੋ ਸ਼ਹਿਰ ਵਸਾਏ, ਇਕ ਕਸੂਰ ਸ਼ਹਿਰ ਤੇ ਦੂਜਾ ਲਾਹੌਰ ਸ਼ਹਿਰ। ਉਹ ਦੋਵੇਂ ਸ਼ਹਿਰ ਬਹੁਤ ਸੁੰਦਰ ਸ਼ੋਭਾ ਵਾਲੇ ਹੋਏ, ਜਿਨ੍ਹਾਂ ਨੂੰ ਵੇਖਕੇ ਲੰਕਾ ਤੇ ਇੰਦਰਪੁਰੀ ਸਵਰਗ ਵੀ ਸ਼ਰਮ ਕਰਦੀਆਂ ਸਨ ॥ ੨੪ ॥

**ਬਹੁਤ ਕਾਲ ਤਿਨ ਰਾਜ ਕਮਾਯੋ ॥ ਜਾਲ ਕਾਲ ਤੇ ਅੰਤ ਫਸਾਯੋ ॥**
**ਤਿਨ ਤੇ ਪੁਤ੍ਰ ਪੌਤ੍ਰ ਜੇ ਵਏ ॥ ਰਾਜ ਕਰਤ ਇਹ ਜਗ ਕੋ ਭਏ ॥ ੨੫ ॥**

ਲਵ ਤੇ ਕੁਸ਼ੂ ਨੇ ਬਹੁਤ ਸਮਾਂ ਰਾਜ ਕਮਾਇਆ, ਅੰਤ ਨੂੰ ਉਹ ਕਾਲ ਦੇ ਜਾਲ ਵਿਚ ਫਸ ਗਏ। ਉਹਨਾਂ ਦੋਹਾਂ ਦੇ ਪੁੱਤਰਾਂ ਤੇ ਪੋਤਰਿਆਂ ਨੇ ਇਸ ਸੰਸਾਰ ਵਿਚ ਰਾਜ ਕੀਤਾ ॥ ੨੫ ॥

**ਕਹਾਂ ਲਗੇ ਬਰਨ ਸੁਨਾਊਂ ॥ ਤਿਨ ਕੇ ਨਾਮ ਨ ਸੰਖਿਆ ਪਾਊਂ ॥**

**ਹੋਤ ਚਹੂੰ ਜੁਗ ਮੈ ਜੇ ਆਏ ॥ ਤਿਨ ਕੇ ਨਾਮ ਨ ਜਾਤ ਗਨਾਏ ॥ ੨੬ ॥**

ਉਹਨਾਂ ਦੇ ਸਮਾਚਾਰਾਂ ਦਾ ਮੈਂ ਕਿਥੋਂ ਤੱਕ ਵਰਣਨ ਕਰਾਂ। ਉਹਨਾਂ ਦੇ ਨਾਵਾਂ ਦੀ ਗਿਣਤੀ ਵੀ ਮੈਂ ਨਹੀਂ ਕਰ ਸਕਦਾ। ਚੌਹਾਂ ਜੁਗਾਂ ਵਿਚ ਜਿਹੜੇ ਜਿਹੜੇ ਰਾਜੇ ਹੋਏ ਹਨ, ਉਹਨਾਂ ਦੇ ਨਾਂ ਵੀ ਨਹੀਂ ਗਿਣਾਏ ਜਾ ਸਕਦੇ॥ ੨੬॥

**ਜੋ ਅਬ ਤਉ ਕਿਰਪਾ ਬਲ ਪਾਊਂ ॥ ਨਾਮ ਜਥਾ ਮਤ ਭਾਖ ਸੁਨਾਊਂ ॥**
**ਕਾਲਕੇਤ ਅਰੁ ਕਾਲਿਰਾਇ ਭਨ ॥ ਜਿਨ ਤੇ ਭਏ ਪੁਤ੍ਰ ਘਰ ਅਨਗਨ ॥ ੨੭ ॥**

ਹੇ ਪ੍ਰਭੂ ! ਜੇ ਹੁਣ ਮੈਂ ਤੇਰੀ ਕਿਰਪਾ ਦਾ ਬਲ ਪ੍ਰਾਪਤ ਕਰ ਲਵਾਂ, ਤਾਂ ਮੈਂ ਆਪਣੀ ਬੁੱਧੀ ਅਨੁਸਾਰ ਕੁਝ ਰਾਜਿਆਂ ਦੇ ਨਾਮ ਕਹਿ ਸਕਦਾ ਹਾਂ। ਕੁਸ਼ੂ ਦੇ ਤਖਤ ਤੇ ਕਾਲਕੇਤ ਅਤੇ ਲਊ ਦੇ ਰਾਜ ਸਿੰਘਾਸਣ ਤੇ ਕਾਲਰਾਇ ਬੈਠਾ, ਜਿਹਨਾਂ ਦੇ ਅੱਗੇ ਅਨੇਕਾਂ ਪੁੱਤਰ ਪੈਦਾ ਹੋਏ॥ ੨੭॥

**ਕਾਲਕੇਤ ਭਯੋ ਬਲੀ ਅਪਾਰਾ ॥ ਕਾਲਰਾਇ ਜਿਨਿ ਨਗਰ ਨਿਕਾਰਾ ॥**
**ਭਾਜ ਸਨੌਢ ਦੇਸ ਤੇ ਗਏ ॥ ਤਹੀ ਭੂਪ ਜਾ ਬਿਆਹਤ ਭਏ ॥ ੨੮ ॥**

ਕਾਲਕੇਤ ਬਹੁਤ ਬਹਾਦਰ ਸੂਰਮਾ ਹੋਇਆ, ਜਿਸ ਨੇ ਆਪਣੇ ਜ਼ੋਰ ਨਾਲ ਕਾਲਰਾਇ ਨੂੰ ਲਾਹੌਰ ਸ਼ਹਿਰ ਤੋਂ ਬਾਹਰ ਕੱਢ ਦਿੱਤਾ। ਉਹ ਭੱਜ ਕੇ ਸਨੌਢ ਦੇਸ਼ ਨੂੰ ਚਲਾ ਗਿਆ। ਉਥੋਂ ਦੇ ਰਾਜੇ ਦੀ ਲੜਕੀ ਨਾਲ ਉਸ ਦਾ ਵਿਆਹ ਹੋ ਗਿਆ॥ ੨੮॥

**ਤਿਹ ਤੇ ਪੁਤ੍ਰ ਭਯੋ ਜੋ ਧਾਮਾ ॥ ਸੋਢੀਰਾਇ ਧਰਾ ਤਿਹਿ ਨਾਮਾ ॥**
**ਬੰਸ ਸਨੌਢ ਤਾ ਦਿਨ ਤੇ ਥੀਆ ॥ ਪਰਮ ਪਵਿੱਤ੍ਰ ਪੁਰਖ ਜੂ ਕੀਆ ॥ ੨੯ ॥**

ਉਸ ਰਾਜ ਕੰਨਿਆਂ ਤੋਂ ਜਿਹੜਾ ਪੁੱਤਰ ਪੈਦਾ ਹੋਇਆ, ਉਸ ਦਾ ਨਾਮ ਸੋਢੀ ਰਾਇ ਰਖਿਆ ਗਿਆ। ਉਸ ਦੇ ਨਾਮ ਤੇ ਹੀ ਉਸ ਦਿਨ ਤੋਂ ਸੋਢੀ ਬੰਸ ਦਾ ਆਰੰਭ ਹੋਇਆ, ਜਿਸ ਨੂੰ ਪਰਮ ਪਵਿੱਤਰ ਅਕਾਲ ਪੁਰਖ ਨੇ ਆਪ ਸਾਜਿਆ ਸੀ॥ ੨੯॥

**ਤਾ ਤੇ ਪੁਤ੍ਰ ਪੌਤ੍ਰ ਹੁਇ ਆਏ ॥ ਤੇ ਸੋਢੀ ਸਭ ਜਗਤ ਕਹਾਏ ॥**
**ਜਗ ਮੈ ਅਧਿਕ ਸੁ ਭਏ ਪ੍ਰਸਿੱਧਾ ॥ ਦਿਨ ਦਿਨ ਤਿਨ ਕੇ ਧਨ ਕੀ ਬ੍ਰਿੱਧਾ ॥ ੩੦ ॥**

ਉਸ ਸੋਢੀ ਰਾਇ ਤੋਂ ਜੋ ਪੁੱਤਰ ਪੋਤਰੇ ਹੋਏ, ਉਹ ਸਾਰੇ ਜਗਤ ਵਿਚ 'ਸੋਢੀ' ਕਹਾਏ। ਸੰਸਾਰ ਵਿਚ ਉਹ ਬਹੁਤ ਪ੍ਰਸਿੱਧ ਹੋ ਗਏ ਤੇ ਉਹਨਾਂ ਦੇ ਘਰ ਵਿਚ ਦਿਨੋ ਦਿਨ ਧਨ ਦਾ ਵਾਧਾ ਹੋਣ ਲੱਗ ਪਿਆ॥ ੩੦॥

**ਰਾਜ ਕਰਤ ਭਏ ਬਿਬਿਧ ਪ੍ਰਕਾਰਾ ॥ ਦੇਸ ਦੇਸ ਕੇ ਜੀਤ ਨ੍ਰਿਪਾਰਾ ॥**

**ਜਹਾਂ ਤਹਾਂ ਤਿਹ ਧਰਮ ਚਲਾਯੋ॥ ਅੱਤ੍ਰ ਪੱਤ੍ਰ ਕਹ ਸੀਸ ਢੁਰਾਯੋ॥ ੩੧॥**

ਅਨੇਕ ਤਰ੍ਹਾਂ ਨਾਲ ਰਾਜ ਕਰਦਿਆਂ ਉਹਨਾਂ ਨੇ ਕਈ ਦੇਸ਼ਾਂ ਦੇ ਰਾਜਿਆਂ ਨੂੰ ਜਿੱਤਕੇ ਆਪਣੇ ਅਧੀਨ ਕਰ ਲਿਆ। ਹਰ ਥਾਂ ਉਹਨਾਂ ਨੇ ਧਰਮ ਦਾ ਪ੍ਰਚਾਰ ਕੀਤਾ ਅਤੇ ਆਪਣੇ ਸਿਰ ਉਤੇ ਜਸ ਦਾ ਛੱਤ੍ਰ ਝੁਲਾਇਆ॥ ੩੧॥

**ਰਾਜਸੂਅ ਬਹੁ ਬਾਰਨ ਕੀਏ॥ ਜੀਤ ਜੀਤ ਦੇਸੇਸ੍ਵਰ ਲੀਏ॥**
**ਬਾਜਮੇਧ ਬਹੁ ਬਾਰਨ ਕਰੇ॥ ਸਕਲ ਕਲੂਖ ਨਿਜੁ ਕੁਲ ਕੇ ਹਰੇ॥ ੩੨॥**

ਦੇਸ਼ ਦਸਾਂਤਰਾਂ ਦੇ ਰਾਜਿਆਂ ਨੂੰ ਜਿੱਤਕੇ ਉਹਨਾਂ ਨੇ ਕਈ ਵਾਰੀ ਰਾਜਸੂਅ ਜੱਗ ਕੀਤੇ। ਅਸ੍ਵਮੇਧ ਜੱਗ ਵੀ ਕੀਤੇ, ਜਿਸ ਦੇ ਫਲਸਰੂਪ ਉਹਨਾਂ ਨੇ ਆਪਣੀ ਕੁਲ ਦੇ ਸਾਰੇ ਪਾਪਾਂ ਨੂੰ ਨਾਸ ਕਰ ਲਿਆ॥ ੩੨॥

**ਬਹੁਰ ਬੰਸ ਮੈ ਬਢੋ ਬਿਖਾਧਾ॥ ਮੇਟ ਨ ਸਕਾ ਕੋਊ ਤਿੱਹ ਸਾਧਾ॥**
**ਬਿਚਰੈ ਬੀਰ ਬਨੈਤੁ ਅਖੰਡਲ॥ ਗਹਿ ਗਹਿ ਚਲੇ ਭਿਰਨ ਰਨ ਮੰਡਲ॥ ੩੩॥**

ਫਿਰ ਉਸ ਬੰਸ ਵਿਚ ਬਹੁਤ ਝਗੜਾ ਵੱਧ ਗਿਆ। ਕੋਈ ਸਿਆਣਾ ਉਹਨਾਂ ਦੇ ਝਗੜੇ ਨੂੰ ਦੂਰ ਨਾ ਕਰ ਸਕਿਆ। ਬੜੇ ਸੁੰਦਰ ਤੇ ਬਹਾਦਰ ਸੂਰਮੇ ਸ਼ਸਤਰ ਫੜ ਫੜਕੇ ਜੰਗ ਕਰਨ ਲਈ ਮੈਦਾਨ ਨੂੰ ਤੁਰ ਪਏ॥ ੩੩॥

**ਧਨ ਅਰੁ ਭੂਮਿ ਪੁਰਾਤਨ ਬੈਰਾ॥ ਜਿਨ ਕਾ ਮੂਆ ਕਰਤਿ ਜਗ ਘੇਰਾ॥**
**ਮੋਹ ਬਾਦ ਅਹੰਕਾਰ ਪਸਾਰਾ॥ ਕਾਮ ਕ੍ਰੋਧ ਜੀਤਾ ਜਗ ਸਾਰਾ॥ ੩੪॥**

ਧਰਤੀ ਤੇ ਧਨ ਹੀ ਮੁੱਢ ਤੋਂ ਵੈਰ ਦੇ ਕਾਰਨ ਹਨ, ਜਿਸ ਤੇ ਕਬਜ਼ਾ ਕਰਨ ਲਈ ਸਾਰਾ ਸੰਸਾਰ ਮਰਦਾ ਰਹਿੰਦਾ ਹੈ। ਇਹ ਸਾਰਾ ਝਗੜਾ ਮੋਹ ਤੇ ਅਹੰਕਾਰ ਨੇ ਹੀ ਪਸਾਰਿਆ ਹੋਇਆ ਹੈ। ਕਾਮ ਤੇ ਕਰੋਧ ਨੇ ਸਾਰੇ ਜਗਤ ਨੂੰ ਜਿੱਤ ਲਿਆ ਹੈ॥ ੩੪॥

**ਦੋਹਰਾ॥ ਧੰਨਿ ਧੰਨਿ ਧਨ ਕੋ ਭਾਖੀਐ ਜਾ ਕਾ ਜਗਤੁ ਗੁਲਾਮੁ॥**
**ਸਭ ਨਿਰਖਤ ਯਾ ਕੋ ਫਿਰੈ ਸਭ ਚਲ ਕਰਤ ਸਲਾਮ॥ ੩੫॥**

ਧਨ ਨੂੰ ਧੰਨ ਧੰਨ ਕਹਿਣਾ ਚਾਹੀਦਾ ਹੈ, ਜਿਸ ਦਾ ਸਾਰਾ ਸੰਸਾਰ ਦਾਸ ਹੈ। ਜਿਸ ਧਨ ਨੂੰ ਸਭ ਢੂੰਡਦੇ ਫਿਰਦੇ ਹਨ ਅਤੇ ਧਨਵਾਨ ਦੇ ਦਰ ਤੇ ਜਾ ਕੇ ਸਲਾਮਾਂ ਕਰਦੇ ਹਨ॥ ੩੫॥

**ਚੌਪਈ॥ ਕਾਲ ਨ ਕੋਊ ਕਰਨ ਸੁਮਾਰਾ॥ ਬੈਰ ਬਾਦ ਅਹੰਕਾਰ ਪਸਾਰਾ॥**
**ਲੋਭ ਮੂਲ ਇਹ ਜਗ ਕੋ ਹੂਆ॥ ਜਾਸੋ ਚਾਹਤ ਸਭੈ ਕੋ ਮੂਆ॥ ੩੬॥**

ਉਸ ਕਾਲ ਦੀ ਕੋਈ ਗਿਣਤੀ ਨਹੀਂ ਕਰ ਸਕਦਾ, ਜਿਸ ਨੇ ਵੈਰ, ਝਗੜੇ ਤੇ ਅਹੰਕਾਰ ਨੂੰ ਵਧਾਇਆ ਹੋਇਆ ਹੈ। ਇਸ ਸੰਸਾਰ ਨੂੰ ਸ਼ੁਰੂ ਤੋਂ ਹੀ ਲੋਭ ਲੱਗਾ ਹੋਇਆ ਹੈ। ਜਿਸ ਦੀ ਚਾਹਤ ਵਿਚ ਹੀ ਸਾਰਾ ਜਗਤ ਮਰ ਰਿਹਾ ਹੈ॥ ੩੬॥

ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਸੋਢੀ ਬੰਸ ਬਰਨਨੰ ਨਾਮਕ ਦੁਤੀਆ ਧਿਆਏ ਸਮਾਪਤਮ, ਸਤੁ ਸੁਭਮ ਸਤੁ॥ ੨॥ ੧੩੭॥ ਅਫਜੂੰ॥

ਸ੍ਰੀ ਬਚਿੱਤਰ ਨਾਟਕ ਗ੍ਰੰਥ ਸੋਢੀ ਬੰਸ ਉਤਪਤੀ ਵਰਣਨ, ਅਧਿਆਏ ਦੂਸਰਾ ਸਮਾਪਤ॥ ਸਤ ਸੁਭਮ ਸਤ॥ ੨॥ ੧੩੭॥ ਚਲਦਾ॥

ਭਾਵਾਰਥ :- ਇਸ ਦੂਜੇ ਅਧਿਆਇ ਵਿਚ ਸਤਿਗੁਰੂ ਜੀ ਨੇ ਇਸ ਪ੍ਰਕਾਰ ਦੀ ਪੁਰਾਤਨ ਕਥਾ ਦਾ ਵਰਣਨ ਕੀਤਾ ਹੈ:-

ਸਭ ਤੋਂ ਪਹਿਲਾਂ ਪ੍ਰਭੂ ਨੇ ਆਪਣੇ ਫੁਰਨੇ ਨਾਲ ਇਕ ਓਅੰਕਾਰ ਸ਼ਬਦ ਤੋਂ ਕਾਲਸੈਣ, ਕਾਲਕੇਤ, ਕੂਰਬਰਸ ਤੇ ਕਾਲਧੁਜ ਆਦਿ ਨੂੰ ਉਤਪੰਨ ਕੀਤਾ। ਫਿਰ ਪ੍ਰਭੂ ਨੇ ਆਪਣੇ ਸੱਜੇ ਕੰਨ ਦੀ ਮੈਲ ਕੱਢਕੇ ਮਧੁ ਤੇ ਕੈਟਭ ਦੋ ਦੈਂਤ ਪੈਦਾ ਕੀਤੇ। ਖੱਬੇ ਕੰਨ ਦੀ ਮੈਲ ਤੋਂ ਸਾਰੀ ਸ੍ਰਿਸ਼ਟੀ ਬਣਾਈ। ਮਧੁ ਤੇ ਕੈਟਭ ਦੈਂਤ ਬੜੇ ਦੁਖਦਾਈ ਸਾਬਤ ਹੋਏ। ਪ੍ਰਭੂ ਨੇ ਆਪਣੇ ਬਲ ਨਾਲ ਉਹਨਾਂ ਦੋਹਾਂ ਨੂੰ ਮਾਰ ਦਿੱਤਾ। ਉਹਨਾਂ ਦੀ ਚਰਬੀ ਸਰੀਰ ਵਿਚੋਂ ਨਿਕਲ ਕੇ ਸਮੁੰਦਰ ਤੇ ਤਰਨ ਲੱਗ ਪਈ, ਜਿਸ ਤੋਂ ਇਹ ਸਾਰੀ ਧਰਤੀ ਬਣੀ। ਫਿਰ ਦੱਛ ਪ੍ਰਜਾਪਤਿ ਉਤਪੰਨ ਹੋਇਆ, ਜਿਸ ਦੀਆਂ ਦਸ ਹਜ਼ਾਰ ਲੜਕੀਆਂ ਪੈਦਾ ਹੋਈਆਂ। ਇਹਨਾਂ ਲੜਕੀਆਂ ਦੇ ਵਿਆਹ ਉਸ ਨੇ ਦਵਤਿਆਂ ਨਾਲ ਕਰ ਦਿੱਤੇ। ਚਾਰ ਲੜਕੀਆਂ ਦਾ ਵਿਆਹ ਕਸ਼ਯਪ ਰਿਸ਼ੀ ਨਾਲ ਹੋਇਆ। ਇਹਨਾਂ ਚਹੁੰ ਲੜਕੀਆਂ ਤੋਂ ਸਪ, ਗਰੁੜ, ਦੈਂਤ ਤੇ ਦੇਵਤੇ ਪੈਦਾ ਹੋਏ। ਅਦਿਤੀ ਦੇ ਸੂਰਜ ਪੁੱਤਰ ਤੋਂ ਸੂਰਜ ਬੰਸ ਚੱਲਿਆ। ਰਘੁ ਤੇ ਅੱਜ ਆਦਿ ਰਾਜੇ ਇਸ ਬੰਸ ਵਿਚ ਪੈਦਾ ਹੋਏ। ਅੱਜ ਦੇ ਪੁੱਤਰ ਦਸਰਥ ਦੇ ਘਰ ਪੁੱਤਰ ਰਾਮ, ਲੱਛਮਣ, ਭਰਥ ਤੇ ਸ਼ਤਰੂਘਣ ਉਤਪੰਨ ਹੋਏ, ਰਾਮ ਜੀ ਦੇ ਦੋ ਪੁੱਤਰ ਲਵ ਤੇ ਕੁਸ਼ੂ ਹੋਏ। ਪੰਜਾਬ ਵਿਚ ਲਵ ਨੇ ਲਾਹੌਰ ਤੇ ਕੁਸ਼ੂ ਨੇ ਕਸੂਰ ਸ਼ਹਿਰ ਵਸਾਇਆ। ਕਸ਼ੂ ਦੀ ਵੰਸ਼ ਦੇ ਕਾਲਕੇਤ ਨੇ ਲਵ ਦੇ ਵੰਸ਼ ਦੇ ਕਾਲਰਾਇ ਨੂੰ ਹਰਾ ਕੇ ਪੰਜਾਬ ਵਿਚੋਂ ਬਾਹਰ ਭਜਾ ਦਿੱਤਾ। ਕਾਲਰਾਇ ਆਪਣੀ ਫੌਜ ਸਮੇਤ ਭੱਜ ਕੇ ਸਨੌਢ ਰਾਜੇ ਕੋਲ ਚਲਾ ਗਿਆ ਅਤੇ ਉਸ ਦੀ ਲੜਕੀ ਨਾਲ ਵਿਆਹ ਕਰ ਲਿਆ। ਇਸ ਕੰਨਿਆਂ ਤੋਂ ਸੋਢੀ ਰਾਇ ਪੁੱਤਰ ਜਨਮਿਆਂ, ਜਿਸ ਤੋਂ ਸੋਢੀ ਵੰਸ ਚਲਿਆ। ਸੋਢੀ ਰਾਇ ਆਪਣੇ ਨਾਨੇ ਦੇ ਤਖਤ ਤੇ ਬੈਠਕੇ ਰਾਜ ਕਰਨ ਲੱਗਾ। ਕੁਝ ਸਮੇਂ ਬਾਅਦ ਸੋਢੀ ਬੰਸ ਦਾ ਰਾਜਾ ਆਪਣੇ ਬਜ਼ੁਰਗਾਂ ਦਾ ਬਦਲਾ ਲੈਣ ਲਈ ਫੌਜ ਲੈ ਕੇ ਪੰਜਾਬ ਵੱਲ ਚੜ੍ਹ ਪਿਆ। ਇਸ ਜੰਗ ਦਾ ਵਰਣਨ ਅਗਲੇ ਅਧਿਆਏ ਵਿਚ ਸਤਿਗੁਰਾਂ ਨੇ ਅੰਕਿਤ ਕੀਤਾ ਹੈ।

# ਅਧਿਆਏ ਤੀਸਰਾ

## ਲਵੀ ਕੁਸ਼ੀ ਯੁੱਧ ਵਰਣਨ

### ਭੁਜੰਗ ਪ੍ਰਯਾਤ ਛੰਦ॥

**ਰਚਾ ਬੈਰ ਬਾਦੰ ਬਿਧਾਤੇ ਅਪਾਰੰ॥ ਜਿਸੈ ਸਾਧਿ ਸਾਕਿਓ ਨ ਕੋਊ ਸੁਧਾਰੰ॥**
**ਬਲੀ ਕਾਮਰਾਯੰ ਮਹਾ ਲੋਭ ਮੋਹੰ॥ ਗਯੋ ਕਉਨ ਬੀਰੰ ਸੁ ਯਾਤੇ ਅਲੋਹੰ॥ ੧॥**

ਪ੍ਰਭੂ ਨੇ ਅਨੇਕ ਤਰ੍ਹਾਂ ਦੇ ਵੈਰ ਵਿਰੋਧ ਤੇ ਝਗੜੇ ਰਚ ਦਿੱਤੇ ਹਨ, ਜਿਨ੍ਹਾਂ ਨੂੰ ਕੋਈ ਸੁਧਾਰਕ ਵੀ ਸੁਧਾਰ ਨਹੀਂ ਸਕਿਆ। ਮਹਾਂ ਮੋਹ ਰਾਜਾ ਹੈ ਤੇ ਉਸ ਦੇ ਨਾਲ ਉਸ ਦੇ ਬਹਾਦਰ ਸੂਰਮੇ, ਕਾਮ, ਕਰੋਧ ਆਦਿਕ ਹਨ, ਇਹਨਾਂ ਦੀ ਮਾਰ ਤੋਂ ਕੋਈ ਸੂਰਮਾ ਵੀ ਨਹੀਂ ਬਚ ਸਕਿਆ॥ ੧॥

**ਤਹਾ ਬੀਰ ਬੰਕੇ ਬਕੈ ਆਪ ਮੱਧੰ॥ ਉਠੇ ਸ਼ਸਤ੍ਰ ਲੈ ਲੈ ਮਚਾ ਜੁੱਧ ਸੁੱਧੰ॥**
**ਕਹੂੰ ਖੱਪਰੀ ਖੋਲ ਖੰਡੇ ਅਪਾਰੰ॥ ਨਚੈ ਬੀਰ ਬੈਤਾਲ ਡਉਰੂ ਡਕਾਰੰ॥ ੨॥**

ਦੋਹਾਂ ਬੰਸਾਂ ਵਿਚ ਏਨਾ ਵੈਰ ਵੱਧ ਗਿਆ ਕਿ ਉਸ ਨੂੰ ਕੋਈ ਦੂਰ ਨਾ ਕਰ ਸਕਿਆ ਤੇ ਉਹ ਜੰਗ ਲਈ ਤਿਆਰ ਹੋ ਗਏ। ਰਣ ਦੇ ਮੈਦਾਨ ਵਿਚ ਸੋਹਣੇ ਸੂਰਮੇ ਇਕ ਦੂਜੇ ਨੂੰ ਜੰਗ ਲਈ ਵੰਗਾਰਦੇ ਸਨ। ਤੀਰ, ਸੰਜੋਆਂ ਅਤੇ ਤਲਵਾਰ ਧਾਰੀ ਇਕ ਦੂਜੇ ਨੂੰ ਮਾਰ ਰਹੇ ਸਨ। ਬੀਰ ਬੈਤਾਲ ਤੇ ਭੂਤਨੇ ਨੱਚ ਰਹੇ ਸਨ ਤੇ ਡਉਰੂ ਵਜਾ ਵਜਾਕੇ ਭਿਆਨਕ ਅਵਾਜ਼ਾ ਕਰ ਰਹੇ ਸਨ ਅਤੇ ਸੂਰਮਿਆਂ ਦਾ ਲਹੂ ਪੀ ਰਹੇ ਸਨ॥ ੨॥

**ਕਹੂੰ ਈਸ ਸੀਸੰ ਪੁਐ ਰੁੰਡ ਮਾਲੰ॥ ਕਹੂੰ ਡਾਕ ਡਉਰੂ ਕਹੂੰ ਕੰ ਬਿਤਾਲੰ॥**
**ਚਵੀ ਚਾਵਡੀਅੰ ਕਿਲੰਕਾਰ ਕੰਕੰ॥ ਗੁਥੀ ਲੁੱਥੰ ਜੁੱਥੰ ਬਹੇ ਬੀਰ ਬੰਕੰ॥ ੩॥**

ਕਿਤੇ ਸ਼ਿਵਜੀ ਸੂਰਮਿਆਂ ਦੇ ਸਿਰਾਂ ਦੀ ਮਾਲਾ ਪਰੋ ਰਿਹਾ ਸੀ। ਕਿਤੇ ਡੈਣਾਂ ਡਉਰੂ ਵਜਾ ਰਹੀਆਂ ਸਨ ਤੇ ਕਿਤੇ ਬੈਤਾਲ ਬੋਲਦੇ ਸਨ। ਇੱਲਾਂ, ਗਿਰਝਾਂ, ਚੀਲ੍ਹਾਂ ਤੇ ਕਾਂ ਕਿਲਕਾਰੀਆਂ ਮਾਰਦੇ ਸਨ। ਕਿਤੇ ਸੂਰਮਿਆਂ ਦੀਆਂ ਲੋਥਾਂ ਗੁਥਮ ਗੁਥਾ ਹੋਈਆਂ ਪਈਆਂ ਸਨ॥ ੩॥

**ਪਰੀ ਕੁੱਟ ਕੁੱਟੰ ਰੁਲੇ ਤੱਛ ਮੁੱਛੰ॥ ਰਹੇ ਹਾਥ ਡਾਰੇ ਉਭੈ ਉਰਧ ਮੁੱਛੰ॥**
**ਕਹੂੰ ਖੋਪਰੀ ਖੋਲ ਖਿੰਗੰ ਖਤੰਗੰ॥ ਕਹੂੰ ਖੱਤ੍ਰੀਯੰ ਖੱਗ ਖੇਤੰ ਨਿਖੰਗੰ॥ ੪॥**

ਬੜੀ ਕਟਾ ਵੱਢ ਹੋਈ, ਜਿਸ ਨਾਲ ਵੱਢੇ ਟੁੱਕੇ ਮੁਰਦੇ ਰੁਲਦੇ ਪਏ ਸਨ। ਕਿਤੇ ਸੂਰਮੇ ਮੁੱਛਾਂ

ਨੂੰ ਤਾਅ ਦਿੰਦੇ ਹੋਏ ਮੋਏ ਪਏ ਸਨ। ਕਿਤੇ ਖੋਪਰੀਆਂ, ਟੋਪ ਤੇ ਧਨੁਖ ਬਾਣ ਰੁਲ ਰਹੇ ਸਨ। ਕਿਤੇ ਜੰਗ ਵਿਚ ਸੂਰਮਿਆਂ ਦੀਆਂ ਤਲਵਾਰਾਂ ਤੇ ਭਥੇ ਡਿੱਗੇ ਪਏ ਸਨ॥ ੪॥

**ਚਵੀ ਚਾਂਵਡੀ ਡਾਕਨੀ ਡਾਕ ਮਾਰੈ॥ ਕਹੂੰ ਭੈਰਵੀ ਭੂਤ ਭੈਰੋਂ ਬਕਾਰੈ॥**
**ਕਹੂੰ ਬੀਰ ਬੈਤਾਲ ਬੰਕੇ ਬਿਹਾਰੰ॥ ਭੂਤ ਪ੍ਰੇਤੰ ਹਸੈ ਮਾਸ ਹਾਰੰ॥ ੫॥**

ਕਿਤੇ ਇੱਲਾਂ ਬੋਲ ਰਹੀਆਂ ਸਨ ਤੇ ਕਿਤੇ ਡਾਕਨੀਆਂ ਡਕਾਰ ਰਹੀਆਂ ਸਨ। ਕਿਤੇ ਭੈਰਵੀ, ਭੂਤ ਤੇ ਭੈਰੋਂ ਭੱਭਕ ਰਹੇ ਸਨ। ਕਿਤੇ ਬੀਰ ਤੇ ਬੈਤਾਲ ਵਿੰਗੇ ਟੇਢੇ ਹੋਏ ਫਿਰਦੇ ਸਨ। ਕਿਤੇ ਭੂਤ ਤੇ ਪ੍ਰੇਤ ਮਾਸ ਖਾ ਖਾ ਕੇ ਹੱਸ ਰਹੇ ਸਨ॥ ੫॥

## *ਰਸਾਵਲ ਛੰਦ॥*

**ਮਹਾਬੀਰ ਗੱਜੇ॥ ਸੁਣੈ ਮੇਘ ਲੱਜੇ॥ ਝੰਡਾ ਗੱਡ ਗਾਢੇ॥ ਮੰਡੇ ਰੋਸ ਬਾਢੇ॥ ੬॥**

ਬੜੇ ਬਹਾਦਰ ਸੂਰਮੇ ਮੈਦਾਨ ਵਿਚ ਗੱਜ ਰਹੇ ਸਨ, ਜਿਨ੍ਹਾਂ ਦੀ ਭਿਆਨਕ ਗਰਜਨਾ ਸੁਣਕੇ ਬੱਦਲ ਵੀ ਸ਼ਰਮਸਾਰ ਹੋ ਰਹੇ ਸਨ। ਸੂਰਮਿਆਂ ਨੇ ਮੈਦਾਨ ਵਿਚ ਬੜੇ ਮਜ਼ਬੂਤ ਝੰਡੇ ਗੱਡੇ ਹੋਏ ਸਨ। ਬੜੇ ਰੋਹ ਨਾਲ ਜੰਗ ਕਰਨ ਵਿਚ ਲੱਗੇ ਹੋਏ ਸਨ॥ ੬॥

**ਕ੍ਰਿਪਾਣੰ ਕਟਾਰੰ॥ ਭਿਰੇ ਰੋਸ ਧਾਰੰ॥ ਮਹਾਂਬੀਰ ਬੰਕੰ॥ ਭਿਰੇ ਭੂਮ ਹੰਕੰ॥ ੭॥**

ਕ੍ਰਿਪਾਨਾਂ ਤੇ ਕਟਾਰਾਂ ਲੈ ਕੇ ਬੜੇ ਗੁੱਸੇ ਨਾਲ ਸੂਰਮੇ ਜੰਗ ਕਰ ਰਹੇ ਸਨ। ਬੜੇ ਸੁੰਦਰ ਸੂਰਮੇ ਜੰਗ ਨਾਲ ਧਰਤੀ ਨੂੰ ਕੰਬਾ ਰਹੇ ਸਨ॥ ੭॥

**ਮਚੇ ਸੂਰ ਸ਼ਸਤ੍ਰੰ॥ ਉਠੀ ਝਾਰ ਅਸਤ੍ਰੰ॥ ਕ੍ਰਿਪਾਣੰ ਕਟਾਰੰ॥ ਪਰੀ ਲੋਹ ਮਾਰੰ॥ ੮॥**

ਅਰਥ - ਸੂਰਮੇ ਸ਼ਸਤ੍ਰਾਂ ਨਾਲ ਜੰਗ ਵਿਚ ਜੁੱਟੇ ਹੋਏ ਸਨ ਤੇ ਸ਼ਸਤ੍ਰਾਂ ਵਿਚੋਂ ਚਿੰਣਗਾਂ ਨਿਕਲ ਰਹੀਆਂ ਸਨ। ਤਲਵਾਰਾਂ ਤੇ ਕਟਾਰਾਂ ਦੀ ਵੱਡੀ ਮਾਰ ਨਾਲ ਬੜਾ ਭਿਆਨਕ ਜੁੱਧ ਹੋ ਰਿਹਾ ਸੀ॥ ੮॥

## *ਭੁਜੰਗ ਪ੍ਰਯਾਤ ਛੰਦ॥*

**ਹਲੱਬੀ ਜੁਨੱਬੀ ਸਰੋਹੀ ਦੁਧਾਰੀ॥ ਬਹੀ ਕੋਪ ਕਾਤੀ ਕ੍ਰਿਪਾਣੰ ਕਟਾਰੀ॥**
**ਕਹੂੰ ਸੈਹਥੀਅੰ ਕਹੂੰ ਸੁੱਧ ਸੇਲੰ॥ ਕਹੂੰ ਸੇਲ ਸਾਂਗੰ ਭਈ ਰੇਲ ਪੇਲੰ॥ ੯॥**

ਹਲੱਬ ਤੇ ਜਨੱਬ ਸ਼ਹਿਰਾਂ ਦੀਆਂ ਬਣੀਆਂ ਤਲਵਾਰਾਂ, ਕ੍ਰਿਪਾਨਾਂ, ਕਟਾਰਾਂ, ਸਿਰੋਹੀਆਂ ਅਤੇ ਦੁਧਾਰੀਆਂ ਤਲਵਾਰਾਂ ਚੱਲ ਰਹੀਆਂ ਸਨ। ਕਿਤੇ ਸੈਹਥੀਆਂ ਤੇ ਸੇਲਿਆਂ ਨਾਲ ਸੂਰਮੇ ਜੰਗ ਕਰ ਰਹੇ ਸਨ। ਕਿਤੇ ਸੇਲੇ ਅਤੇ ਬਰਛੀਆਂ ਨਾਲ ਧੱਕਮ ਧੱਕਾ ਹੋ ਰਿਹੇ ਸਨ॥ ੯॥

**ਨਰਾਜ ਛੰਦ॥ ਸਰੋਖ ਸੂਰ ਸਾਜਿਅੰ॥ ਬਿਸਾਰਿ ਸ਼ੰਕ ਬਾਜਿਅੰ॥**

**ਨਿਸ਼ੰਕ ਸ਼ਸਤ੍ਰ ਮਾਰਹੀਂ॥ ਉਤਾਰ ਅੰਗ ਡਾਰਹੀਂ॥੧੦॥**

ਬੜੇ ਕਰੋਧ ਵਿਚ ਸੂਰਮੇ ਸਜੇ ਹੋਏ ਸਨ। ਉਹ ਆਪਣੀ ਮੌਤ ਦੀ ਸ਼ੰਕਾ ਦੂਰ ਕਰਕੇ ਲੜਦੇ ਸਨ। ਨਿਸ਼ੰਗ ਹੋ ਕੇ ਸ਼ਸਤਰ ਚਲਾ ਰਹੇ ਸਨ ਤੇ ਵੈਰੀਆਂ ਦੇ ਅੰਗਾਂ ਨੂੰ ਕੱਟ ਕੱਟ ਕੇ ਸੁੱਟ ਰਹੇ ਸਨ॥੧੦॥

**ਕਛੂ ਨਾ ਕਾਨ ਰਾਖਹੀ॥ ਸੁ ਮਾਰਿ ਮਾਰਿ ਭਾਖਹੀਂ॥**
**ਸੁ ਹਾਂਕ ਹਾਠ ਰੇਲਿਯੰ॥ ਅਨੰਤ ਸ਼ਸਤ੍ਰ ਝੇਲਿਯੰ॥੧੧॥**

ਕਿਸੇ ਦੀ ਕੋਈ ਪ੍ਰਵਾਹ ਨਹੀਂ ਕਰ ਰਿਹਾ ਸੀ, ਸਭ ਸੂਰਮੇ ਮਾਰ ਲੋ, ਮਾਰ ਲੋ ਬੋਲ ਰਹੇ ਸਨ। ਇਕ ਦੂਜੇ ਨੂੰ ਏਧਰ ਓਧਰ ਧਕ ਰਹੇ ਸਨ ਤੇ ਸ਼ਸਤਰਾਂ ਦੇ ਵਾਰ ਸਹਿ ਰਹੇ ਸਨ॥੧੧॥

**ਹਜ਼ਾਰ ਹੂਰ ਅੰਬਰੰ॥ ਬਿਰੁੱਧਕੈ ਸੁਅੰਬਰੰ॥**
**ਕਰੂਰ ਭਾਂਤ ਡੋਲਹੀ॥ ਸੁ ਮਾਰ ਮਾਰ ਬੋਲਹੀ॥੧੨॥**

ਹਜ਼ਾਰਾਂ ਅਪੱਛਰਾਂ ਅਕਾਸ਼ ਵਿਚ ਫਿਰ ਰਹੀਆਂ ਸਨ ਤੇ ਜਿਸ ਸੂਰਮੇ ਨੂੰ ਅਗੇ ਹੋ ਕੇ ਬਹਾਦਰੀ ਨਾਲ ਮਰਦਿਆਂ ਵੇਖਦੀਆਂ ਸਨ, ਉਸ ਨੂੰ ਵਰ ਲੈਂਦੀਆਂ ਸਨ। ਬੜੀਆਂ ਭਿਆਨਕ ਸ਼ਕਲਾਂ ਵਿਚ ਸੂਰਮੇ ਮੈਦਾਨ ਵਿਚ ਫਿਰ ਰਹੇ ਸਨ ਤੇ ਮੂੰਹੋਂ ਮਾਰੋ ਮਾਰ ਬੋਲਦੇ ਸਨ॥੧੨॥

**ਕਹੂੰ ਕਿ ਅੰਗਿ ਕੱਟੀਅੰ॥ ਕਹੂੰ ਸਰੋਹ ਪੱਟੀਅੰ॥**
**ਕਹੂੰ ਸੁ ਮਾਸ ਮੁੱਛੀਅੰ॥ ਗਿਰੇ ਸੁ ਤੱਛ ਮੁੱਛੀਅੰ॥੧੩॥**

ਕਿਸੇ ਸੂਰਮੇ ਦੇ ਅੰਗ ਕੱਟੇ ਪਏ ਸਨ ਤੇ ਕਿਸੇ ਦੇ ਵਾਲ ਪੁੱਟੇ ਗਏ ਸਨ। ਕਿਸੇ ਦੇ ਸਰੀਰ ਦਾ ਮਾਸ ਛਿਲਿਆ ਪਿਆ ਸੀ ਤੇ ਕੋਈ ਵਢਿਆ ਟੁਕਿਆ ਪਿਆ ਸੀ॥੧੩॥

**ਢਮੱਕ ਢੋਲ ਢਾਲਯੰ॥ ਹਰੋਲ ਹਾਲ ਚਾਲਯੰ॥**
**ਝਟਾਕ ਝੱਟ ਬਾਹੀਅੰ॥ ਸੁ ਬੀਰ ਸੈਨ ਗਾਹੀਅੰ॥੧੪॥**

ਢੋਲਾਂ ਤੇ ਢਾਲਾਂ ਦੀ ਢਮ ਢਮ ਕਰਕੇ ਆਵਾਜ਼ ਹੋ ਰਹੀ ਸੀ, ਹਰ ਪਾਸੇ ਹਲਚਲ ਮੱਚੀ ਹੋਈ ਸੀ, ਬੜੀ ਤੇਜ਼ੀ ਨਾਲ ਸੂਰਮੇ ਸ਼ਸਤ੍ਰ ਚਲਾ ਰਹੇ ਸਨ ਤੇ ਸੈਨਾ ਨੂੰ ਲਤਾੜਦੇ ਫਿਰਦੇ ਸਨ॥੧੪॥

**ਨਵੰ ਨਿਸਾਣ ਬਾਜਿਅੰ॥ ਸੁ ਬੀਰ ਧੀਰ ਗਾਜਿਅੰ॥**
**ਕ੍ਰਿਪਾਣ ਬਾਣ ਬਾਹਹੀ॥ ਅਜਾਤ ਅੰਗ ਲਾਹਹੀ ॥੧੫॥**

ਨਵੇਂ ਨਵੇਂ ਧੌਂਸੇ ਨਗਾਰੇ ਵੱਜਦੇ ਸਨ, ਬੜੇ ਧੀਰਜ ਵਾਲੇ ਸੂਰਮੇ ਗਜ ਰਹੇ ਸਨ, ਤਲਵਾਰਾਂ ਤੇ ਤੀਰ ਚਲਾ ਰਹੇ ਸਨ ਤੇ ਅਚਾਨਕ ਹੀ ਇਕ ਦੂਜੇ ਦੇ ਅੰਗ ਲਾਹ ਲਾਹ ਕੇ ਸੁੱਟ ਰਹੇ ਸਨ॥੧੫॥

**ਬਿਰੁੱਧ ਕ੍ਰੁੱਧ ਰਾਜਿਯੰ॥ ਨ ਚਾਰ ਪੈਰ ਭਾਜਿਯੰ॥**
**ਸੰਭਾਰ ਸ਼ਸਤ੍ਰ ਗਾਜਹੀ॥ ਸੁ ਨਾਦ ਮੇਘ ਲਾਜਹੀ॥੧੬॥**

ਬੜੇ ਕਰੋਧ ਨਾਲ ਸੂਰਮੇ ਅਗੇ ਅਗੇ ਹੀ ਵੱਧ ਰਹੇ ਸਨ, ਚਾਰ ਪੈਰ ਵੀ ਪਿਛਾਂਹ ਵੱਲ ਨਹੀਂ ਮੁੜਦੇ ਸਨ, ਸ਼ਸਤ੍ਰ ਫੜਕੇ ਗੱਜ ਰਹੇ ਹਨ, ਉਹਨਾਂ ਦੀਆਂ ਭਿਆਨਕ ਆਵਾਜ਼ਾਂ ਸੁਣ ਸੁਣਕੇ ਬੱਦਲ ਵੀ ਲੱਜਿਆਵਾਨ ਹੋ ਰਹੇ ਸਨ॥੧੬॥

**ਹਲੰਕ ਹਾਂਕ ਮਾਰਹੀ॥ ਸਰੱਕ ਸ਼ਸਤ੍ਰ ਝਾਰਹੀ॥**
**ਭਿਰੇ ਬਿਸਾਰਿ ਸ਼ੋਕਿਯੰ॥ ਸਿਧਾਰਿ ਦੇਵ ਲੋਕਿਯੰ॥੧੭॥**

ਬੜੇ ਦਿਲ ਹਿਲਾ ਦੇਣ ਵਾਲੇ ਲਲਕਾਰੇ ਮਾਰ ਰਹੇ ਸਨ, ਬੜੀ ਫੁਰਤੀ ਨਾਲ ਇਕ ਦੂਜੇ ਤੇ ਸ਼ਸਤਰ ਚਲਾ ਰਹੇ ਸਨ, ਮੌਤ ਦੇ ਡਰ ਨੂੰ ਭੁਲਾ ਕੇ ਲੜ ਰਹੇ ਸਨ ਤੇ ਮਰ ਕੇ ਸਵਰਗ ਨੂੰ ਤੁਰ ਜਾਂਦੇ ਸਨ॥੧੭॥

**ਰਿਸੇ ਬਿਰੁੱਧ ਬੀਰਿਯੰ॥ ਸੁ ਮਾਰਿ ਝਾਰਿ ਤੀਰਿਯੰ॥**
**ਸ਼ਬਦ ਸੰਖ ਬੱਜਿਯੰ॥ ਸੁ ਬੀਰ ਧੀਰ ਸੱਜਿਯੰ॥੧੮॥**

ਸੂਰਮੇ ਬੜੇ ਕਰੋਧ ਨਾਲ ਤੀਰਾਂ ਦੀ ਝੜੀ ਲਾ ਰਹੇ ਸਨ, ਸੰਖ ਵਜਾ ਰਹੇ ਸਨ ਤੇ ਧੀਰਜ ਨਾਲ ਸੂਰਮੇ ਸੱਜ ਰਹੇ ਸਨ॥੧੮॥

## ਰਸਾਵਲ ਛੰਦ॥

**ਤੁਰੀ ਸੰਖ ਬਾਜੇ॥ ਮਹਾਂਬੀਰ ਸਾਜੇ॥ ਨਚੇ ਤੁੰਦ ਤਾਜੀ॥ ਮਚੇ ਸੂਰ ਗਾਜੀ॥੧੯॥**

ਤੁਰੀਆਂ ਤੇ ਸੰਖ ਵੱਜ ਰਹੇ ਸਨ, ਵੱਡੇ ਵੱਡੇ ਸੂਰਮੇ ਸੱਜ ਰਹੇ ਸਨ, ਬੜੇ ਚਲਾਕ ਘੋੜੇ ਟੱਪ ਰਹੇ ਸਨ ਤੇ ਮਸਤ ਹੋਏ ਸੂਰਮੇ ਗੱਜ ਰਹੇ ਸਨ॥੧੯॥

**ਝਿਮੀ ਤੇਜ ਤੇਗੰ॥ ਮਨੋ ਬਿੱਜ ਬੇਗੰ॥ ਉਠੈ ਨੱਦ ਨਾਦੰ॥ ਧੁਨੰ ਨ੍ਰਿਬਿਖਾਦੰ॥੨੦॥**

ਤਿੱਖੀਆਂ ਤੇਗਾਂ ਇਉਂ ਚਮਕਦੀਆਂ ਸਨ, ਜਿਵੇਂ ਬੱਦਲਾਂ ਵਿਚ ਬਿਜਲੀ ਬੜੀ ਤੇਜ਼ ਚਾਲ ਨਾਲ ਲਿਸ਼ਕ ਕੇ ਚਲਦੀ ਹੈ। ਵੱਡਿਆਂ ਵੱਡਿਆਂ ਧੌਂਸਿਆਂ ਦੀ ਲਗਾਤਾਰ ਆਵਾਜ ਹੋ ਰਹੀ ਸੀ॥੨੦॥

**ਤੁਟੈ ਖੱਗ ਖੋਲੰ॥ ਮੁਖੰ ਮਾਰ ਬੋਲੰ॥ ਧਕਾ ਧੀਕ ਧੱਕੰ॥ ਗਿਰੇ ਹੱਕ ਬੱਕੰ॥੨੧॥**

ਸੂਰਮਿਆਂ ਦੇ ਖੰਡੇ ਤੇ ਖੋਲ ਟੁੱਟ ਗਏ ਸਨ ਤੇ ਉਹ ਮੂੰਹੋਂ ਮਾਰੋ ਮਾਰ ਬੋਲਦ ਸਨ। ਮੈਦਾਨ ਵਿਚ ਹਰ ਪਾਸੇ ਧੱਕਮ ਧੱਕਾ ਹੋ ਰਿਹਾ ਸੀ ਤੇ ਹੱਕੇ ਬੱਕੇ ਸੂਰਮੇ ਡਿੱਗਦੇ ਜਾਂਦੇ ਸਨ॥੨੧॥

**ਦਲੰ ਦੀਹ ਗਾਹੰ॥ ਅਧੋ ਅੰਗ ਲਾਹੰ॥ ਪ੍ਰਯੋਘੰ ਪ੍ਰਹਾਰੰ॥ ਬਕੈ ਮਾਰ ਮਾਰੰ॥ ੨੨॥**

ਸੂਰਮੇ ਵੱਡੇ ਵੱਡੇ ਦਲਾਂ ਨੂੰ ਲਤਾੜ ਰਹੇ ਸਨ। ਅੱਧੇ ਅੱਧੇ ਅੰਗ ਲਾਹ ਲਾਹ ਸੁੱਟ ਰਹੇ ਸਨ। ਤੀਰਾਂ ਦਾ ਬਹੁਤ ਤੇਜ਼ ਵਾਰ ਕਰ ਰਹੇ ਸਨ ਤੇ ਮਾਰੋ ਮਾਰ ਦਾ ਸ਼ਬਦ ਕਰ ਰਹੇ ਸਨ॥੨੨॥

**ਨਦੀ ਰਕਤ ਪੂਰੰ॥ ਫਿਰੀ ਗੈਣਿ ਹੂਰੰ॥ ਗਜੇ ਗੈਣ ਕਾਲੀ॥ ਹਸੀ ਖੱਪਰਾਲੀ॥ ੨੩॥**

ਸੂਰਮਿਆਂ ਦੇ ਲਹੂ ਨਾਲ ਨਦੀ ਭਰ ਗਈ ਸੀ। ਅਕਾਸ਼ ਤੇ ਅਪੱਛਰਾਂ ਫਿਰਦੀਆਂ ਸਨ। ਕਾਲਿਕਾ ਦੇਵੀ ਗੱਜ ਰਹੀ ਸੀ ਤੇ ਖੱਪਰ ਹੱਥਾਂ ਵਿਚ ਲਈ ਕਲਜੋਗਣਾਂ ਹੱਸ ਰਹੀਆਂ ਸਨ॥੨੩॥

**ਮਹਾਂ ਸੂਰ ਸੋਹੰ॥ ਮੰਡੇ ਲੋਹ ਕ੍ਰੋਹੰ॥ ਮਹਾਂ ਗਰਬ ਗੱਜਜੰ। ਧੁਣੰ ਮੇਘ ਲੱਜਜੰ॥ ੨੪॥**

ਵੱਡੇ ਵੱਡੇ ਸੂਰਮੇ ਸ਼ੋਭ ਰਹੇ ਸਨ ਅਤੇ ਕਰੋਧ ਨਾਲ ਲਾਲ ਹੋਏ ਸਨ। ਬੜੇ ਹੰਕਾਰ ਨਾਲ ਗੱਜਦੇ ਸਨ, ਜਿਨ੍ਹਾਂ ਦੀ ਅਵਾਜ਼ ਸੁਣਕੇ, ਬੱਦਲ ਵੀ ਸ਼ਰਮਿੰਦਾ ਹੁੰਦਾ ਸੀ॥੨੪॥

**ਛਕੇ ਲੋਹ ਛੱਕੰ॥ ਮੁਖੰ ਮਾਰ ਬੱਕੰ॥ ਮੁਖੰ ਮੁੱਛ ਬੰਕੰ॥ ਭਿਰੇ ਛਾਡ ਸ਼ੰਕੰ॥ ੨੫॥**

ਸੂਰਮੇ ਲੋਹੇ ਦੇ ਸ਼ਸਤ੍ਰਾਂ ਨਾਲ ਸਜੇ ਹੋਏ ਸਨ ਤੇ ਮੂੰਹੋਂ ਮਾਰ ਲੋ ਮਾਰ ਲੋ ਕਹਿਕੇ ਬੋਲ ਰਹੇ ਸਨ। ਸੂਰਮਿਆਂ ਦੇ ਮੂੰਹਾਂ ਤੇ ਸੁੰਦਰ ਮੁੱਛਾਂ ਸਨ ਤੇ ਉਹ ਨਿਸ਼ੰਗ ਭਾਵ ਨਿਡਰ ਹੋ ਕੇ ਲੜ ਰਹੇ ਹਨ॥੨੫॥

**ਹਕੰ ਹਾਕ ਬਾਜੀ॥ ਘਿਰੀ ਸੈਣ ਸਾਜੀ॥ ਚਿਰੇ ਚਾਰ ਢੂਕੇ॥ ਮੁਖੰ ਮਾਰ ਕੂਕੈ॥ ੨੬॥**

ਲਲਕਾਰੇ ਤੇ ਲਲਕਾਰਾ ਵੱਜ ਰਿਹਾ ਸੀ ਅਤੇ ਘਿਰੀ ਹੋਈ ਫੌਜ ਸੱਜ ਰਹੀ ਸੀ। ਸੂਰਮੇ ਬੜੀ ਖਿੱਝ ਨਾਲ ਚੁਫੇਰਿਓਂ ਢੁਕਦੇ ਸਨ ਤੇ ਮੂੰਹੋਂ ਮਾਰੋ ਮਾਰ ਬੋਲ ਰਹੇ ਸਨ॥੨੬॥

**ਰੁਕੇ ਸੂਰ ਸੰਗੰ॥ ਮਨੋ ਸਿੰਧ ਗੰਗੰ॥ ਢਹੇ ਢਾਲ ਢੱਕੰ॥ ਕ੍ਰਿਪਾਣੰ ਕੜੱਕੰ॥ ੨੭॥**

ਸੂਰਮੇ ਬਰਛਿਆਂ ਨਾਲ ਇਉਂ ਮਿਲ ਰਹੇ ਸਨ, ਜਿਵੇਂ ਸਮੁੰਦਰ ਵਿਚ ਗੰਗਾ ਮਿਲ ਰਹੀ ਹੋਵੇ। ਢਾਲਾਂ ਦਾ ਆਸਰਾ ਲੈ ਕੇ ਸੂਰਮੇ ਇਕ ਦੂਜੇ ਦੀਆਂ ਤਲਵਾਰਾਂ ਕੜਕਾ ਰਹੇ ਸਨ॥੨੭॥

**ਹਕੰ ਹਾਕ ਬਾਜੀ॥ ਨਚੇ ਤੁੰਦ ਤਾਜੀ॥ ਰਸੰ ਰੁਦ੍ਰ ਪਾਗੇ॥ ਭਿਰੇ ਰੋਸ ਜਾਗੇ॥ ੨੮॥**

ਘੋੜਿਆਂ ਨੂੰ ਲਲਕਾਰੇ ਤੇ ਲਲਕਾਰਾ ਵੱਜ ਰਿਹਾ ਸੀ ਅਤੇ ਬੜੇ ਤੇਜ਼ ਤੇ ਚਲਾਕ ਘੋੜੇ ਨੱਚ ਰਹੇ ਸਨ। ਸੂਰਮੇ ਰੁਦ੍ਰ ਰੋਸ ਵਿਚ ਰੰਗੇ ਹੋਏ ਬੜੇ ਕਰੋਧ ਨਾਲ ਭਿੜ ਰਹੇ ਸਨ॥੨੮॥

**ਗਿਰੇ ਸੁੱਧ ਸੇਲੰ॥ ਭਈ ਰੇਲ ਪੇਲੰ॥ ਪਲੰ ਹਾਰ ਨੱਚੇ॥ ਰਣੰ ਬੀਰ ਮੱਚੇ॥ ੨੯॥**

ਮੈਦਾਨ ਵਿਚ ਤਿੱਖੇ ਨੇਜ਼ਿਆਂ ਵਾਲੇ ਸੂਰਮੇ ਡਿੱਗੇ ਪਏ ਸਨ ਅਤੇ ਇਧਰ ਉਧਰ ਧੱਕਮ ਧੱਕਾ ਹੋ ਰਿਹਾ ਸੀ। ਮਾਸ ਖਾਣ ਵਾਲੇ ਜੀਵ ਖ਼ੁਸ਼ੀ ਨਾਲ ਨੱਚ ਰਹੇ ਸਨ ਅਤੇ ਮੈਦਾਨ ਵਿਚ ਸੂਰਮੇ ਜੋਸ਼ ਵਿਚ ਭੱਖ ਰਹੇ ਸਨ॥ ੨੯॥

**ਹਸੇ ਮਾਸਹਾਰੀ॥ ਨਚੇ ਭੂਤ ਭਾਰੀ॥ ਮਹਾਂ ਢੀਠ ਢੂਕੌਂ॥ ਮੁਖੰ ਮਾਰ ਕੂਕੇ॥ ੩੦॥**

ਮਾਸ-ਹਾਰੀ ਜੀਵ ਹੱਸਦੇ ਸਨ ਅਤੇ ਭੂਤਾਂ ਦੀਆਂ ਟੋਲੀਆਂ ਨੱਚ ਰਹੀਆਂ ਸਨ। ਵੱਡੇ ਹਠ ਵਾਲੇ ਯੋਧੇ ਜੰਗ ਦੇ ਨੇੜੇ ਢੁੱਕ ਰਹੇ ਸਨ ਤੇ ਮੂੰਹੋਂ ਮਾਰੋ ਮਾਰ ਬੋਲ ਰਹੇ ਸਨ॥ ੩੦॥

**ਗਜੈ ਗੈਣ ਦੇਵੀ॥ ਮਹਾਂ ਅੰਸ ਭੇਵੀ॥ ਭਲੇ ਭੂਤ ਨਾਚੰ॥ ਰਸੰ ਰੁੱਦ੍ਰ ਰਾਚੰ॥ ੩੧॥**

ਆਕਾਸ਼ ਵਿਚ ਉਹ ਦੇਵੀ ਕੜਕ ਰਹੀ ਸੀ ਜੋ ਮਹਾਂ ਕਾਲ ਦੀ ਅੰਸ ਤੋਂ ਉਪਜੀ ਸੀ। ਭਲੀ ਪ੍ਰਕਾਰ ਭੂਤ ਨੱਚ ਰਹੇ ਸਨ ਅਤੇ ਉਹ ਵੀ ਰੁਦਰ ਰਸ ਵਿਚ ਰਚੇ ਹੋਏ ਹਨ॥ ੩੧॥

**ਭਿਰੈ ਬੈਰ ਰੁਝੈ॥ ਮਹਾਂ ਜੋਧ ਜੁਝੈ॥ ਝੰਡਾ ਗੱਡ ਗਾਢੇ॥ ਬਜੇ ਬੈਰ ਬਾਢੇ॥ ੩੨॥**

ਵੈਰ-ਭਾਵਨਾਂ ਨਾਲ ਸੂਰਮੇ ਲੜ ਰਹੇ ਸਨ ਅਤੇ ਵੱਡੇ ਵੱਡੇ ਜੋਧੇ ਸ਼ਹੀਦ ਹੋ ਰਹੇ ਸਨ। ਮਜ਼ਬੂਤ ਝੰਡਾ ਗੱਡ ਕੇ ਤੇ ਵੈਰ ਵਧਾ ਕੇ ਜੰਗ ਅੰਦਰ ਗੱਜ ਰਹੇ ਸਨ॥ ੩੨॥

**ਗਜੰ ਗਾਹ ਬਾਧੇ॥ ਧਨੁਰ ਬਾਨ ਸਾਧੇ॥ ਬਹੇ ਆਪ ਮੱਧੰ॥ ਗਿਰੇ ਅੱਧ ਅੱਧੰ॥ ੩੩॥**

ਸੂਰਮਿਆਂ ਨੇ ਸਿਰਾਂ ਤੇ ਗਜਗਾਹ ਬੰਨ੍ਹੇ ਹੋਏ ਸਨ ਅਤੇ ਹੱਥਾਂ ਵਿਚ ਤੀਰ ਕਮਾਨ ਫੜੇ ਹੋਏ ਸਨ। ਆਹਮੋ ਸਾਹਮਣੇ ਹੋ ਕੇ ਤੀਰ ਚਲਾ ਰਹੇ ਸਨ ਤੇ ਸਰੀਰਾਂ ਦੇ ਟੋਟੇ ਹੋ ਹੋ ਕੇ ਡਿੱਗ ਰਹੇ ਸਨ॥ ੩੩॥

**ਗਜੰ ਬਾਜ ਜੁਝੈ॥ ਬਲੀ ਬੈਰ ਰੁਝੈ॥ ਨ੍ਰਿਭੈ ਸ਼ਸਤ੍ਰ ਬਾਹੈ॥ ਉਭੈ ਜੀਤ ਚਾਹੈ॥ ੩੪॥**

ਜੰਗ ਦੇ ਮੈਦਾਨ ਵਿਚ ਬਹੁਤ ਘੋੜੇ ਤੇ ਹਾਥੀ ਮਰੇ ਪਏ ਸਨ ਅਤੇ ਸੂਰਮੇ ਵੈਰ ਵਿਚ ਰੁੱਝੇ ਹੋਏ ਸਨ। ਨਿਡਰ ਹੋ ਕੇ ਯੋਧੇ ਸ਼ਸਤਰ ਚਲਾ ਰਹੇ ਹਨ ਅਤੇ ਦੋਹਾਂ ਪਾਸਿਆਂ ਦੇ ਸੂਰਮੇ ਆਪੋ ਆਪਣੀ ਜਿੱਤ ਦੀ ਇੱਛਾ ਕਰ ਰਹੇ ਹਨ॥ ੩੪॥

**ਗਜੇ ਆਨ ਗਾਜੀ॥ ਨਚੇ ਤੁੰਦ ਤਾਜੀ॥ ਹਕੰ ਹਾਕ ਬੱਜੀ॥ ਫਿਰੈ ਸੈਨ ਭੱਜੀ॥ ੩੫॥**

ਸੂਰਮੇ ਮੈਦਾਨ ਵਿਚ ਗੱਜ ਰਹੇ ਹਨ ਅਤੇ ਬੜੇ ਤੇਜ਼ ਘੋੜੇ ਨੱਚ ਰਹੇ ਸਨ। ਬੜਾ ਰੌਲਾ ਗੌਲਾ ਮਚਿਆ ਹੋਇਆ ਸੀ ਅਤੇ ਫੌਜਾਂ ਭੱਜੀਆਂ ਫਿਰਦੀਆਂ ਸਨ॥ ੩੫॥

**ਮਦੰ ਮੱਤ ਮਾਤੇ॥ ਰਸੰ ਰੁੱਦ੍ਰ ਰਾਤੇ॥ ਗਜੰ ਜੂਹ ਸਾਜੇ॥ ਭਿਰੇ ਰੋਸ ਬਾਜੇ॥ ੩੬॥**

ਸੂਰਮੇ ਸ਼ਰਾਬੀਆਂ ਵਾਂਗੂੰ ਮਸਤ ਹੋ ਹੋ ਕੇ ਫਿਰ ਰਹੇ ਸਨ ਤੇ ਰੋਹ ਰੱਸ ਵਿਚ ਰੱਤੇ ਪਏ ਸਨ। ਹਾਥੀਆਂ ਦੇ ਝੁੰਡ ਸੱਜੇ ਹੋਏ ਖਲੋਤੇ ਸਨ ਅਤੇ ਬੜੇ ਕਰੋਧ ਨਾਲ ਸੂਰਮੇ ਭਿੜ ਰਹੇ ਸਨ॥ ੩੬॥

**ਝਮੀ ਤੇਜ ਤੇਗੰ ॥ ਘਣੰ ਬਿੱਜ ਬੇਗੰ ॥ ਬਹੇ ਬਾਰ ਬੈਰੀ ॥ ਜਲੰ ਜਿਉ ਗੰਗੈਰੀ ॥ ੩੭ ॥**

ਮੈਦਾਨ ਵਿਚ ਤੇਜ਼ ਤਲਵਾਰਾਂ ਇਉਂ ਚਮਕ ਰਹੀਆਂ ਸਨ, ਜਿਵੇਂ ਬੱਦਲਾਂ ਵਿਚ ਬਿਜਲੀ ਬੜੀ ਤੇਜ਼ੀ ਨਾਲ ਚਮਕਦੀ ਹੈ। ਵੈਰੀਆਂ ਦੇ ਸ਼ਸਤਰਾਂ ਦੇ ਵਾਰ ਇਸ ਫੁਰਤੀ ਨਾਲ ਹੋ ਰਹੇ ਸਨ, ਜਿਵੇਂ ਪਾਣੀ ਉਤੇ ਗੰਗੋਤਰੀ ਦੌੜਦੀ ਹੈ॥ ੩੭॥

**ਅਪੋ ਆਪ ਬਾਹੰ ॥ ਉਭੈ ਜੀਤ ਚਾਹੰ ॥ ਰਸੰ ਰੁੱਦ੍ਰ ਰਾਤੇ ॥ ਮਹਾਂ ਮੱਤ ਮਾਤੇ ॥ ੩੮ ॥**

ਆਹਮੋ ਸਾਹਮਣੇ ਹੋ ਕੇ ਸੂਰਮੇ ਇਕ ਦੂਜੇ ਤੇ ਸ਼ਸਤਰ ਚਲਾਉਂਦੇ ਸਨ ਤੇ ਆਪੋ ਆਪਣੀ ਜਿੱਤ ਚਾਹ ਰਹੇ ਸਨ। ਯੋਧੇ ਰੋਹ ਰਸ ਵਿਚ ਰੱਤੇ ਹੋਏ ਤੇ ਜੰਗ ਦੀ ਮਸਤੀ ਵਿਚ ਮਸਤ ਹੋਏ ਸਨ॥ ੩੮॥

## ਭੁਜੰਗ ਛੰਦ ॥

**ਮਚੇ ਬੀਰ ਬੀਰੰ ਅਭੂਤੰ ਭਯਾਣੰ॥ ਬਜੀ ਭੇਰ ਭੁੰਕਾਰ ਧੁੱਕੇ ਨਿਸਾਣੰ॥**
**ਨਵੰ ਨੱਦ ਨੀਸਾਣ ਗੱਜੇ ਗਹੀਰੰ॥ ਫਿਰੈ ਰੁੰਡ ਮੁੰਡੰ ਤਨੰ ਤੱਛ ਤੀਰੰ॥ ੩੯ ॥**

ਸੂਰਮਿਆਂ ਨਾਲ ਸੂਰਮੇ ਲੜ ਕੇ ਬੜੇ ਅਸਚਰਜ ਤੇ ਡਰਾਉਣੇ ਲੱਗ ਰਹੇ ਸਨ। ਭੇਰੀਆਂ ਤੇ ਧੌਂਸਿਆਂ ਦੀਆਂ ਅਵਾਜ਼ਾਂ ਹੋ ਰਹੀਆਂ ਸਨ। ਨਵੇਂ ਨਵੇਂ ਨਗਾਰੇ ਬੜੀ ਗੰਭੀਰ ਸੁਰ ਵਿਚ ਵੱਜ ਰਹੇ ਸਨ ਅਤੇ ਕਈ ਰੁੰਡ ਮੁੰਡ ਹੋ ਕੇ ਤੀਰ ਕਮਾਨ ਲੈ ਕੇ ਘੁੰਮ ਰਹੇ ਸਨ॥ ੩੯॥

**ਬਹੇ ਖੱਗ ਖੇਤੰ ਖਿਆਲੰ ਖਤੰਗੰ॥ ਰੁਲੇ ਤੱਛ ਮੁੱਛੰ ਮਹਾ ਜੋਧ ਜੰਗੰ॥**
**ਬੰਧੈ ਬੀਰ ਬਾਨਾ ਬਡੇ ਐਠਿਵਾਰੇ॥ ਘੁਮੈ ਲੋਹ ਘੁੱਟੰ ਮਨੋ ਮੱਤਵਾਰੇ॥ ੪੦ ॥**

ਜੁੱਧ ਵਿਚ ਕਿਤੇ ਖੰਡੇ ਅਤੇ ਬਰਛੇ ਚਲਦੇ ਸਨ, ਕਈ ਤੀਰਾਂ ਦਾ ਖਿਆਲ ਕਰਦੇ ਸਨ। ਜੰਗ ਅੰਦਰ ਮਹਾਨ ਸੂਰਮੇ ਵੱਢੇ ਟੁੱਕੇ ਹੋਏ ਮੋਛਿਆਂ ਵਾਂਗ ਰੁਲ ਰਹੇ ਸਨ। ਬੜੀ ਆਕੜ ਵਾਲੇ ਯੋਧੇ ਭੇਖ ਬੰਨ੍ਹਕੇ ਤਿਆਰ ਹੋਏ ਇਉਂ ਫਿਰ ਰਹੇ ਸਨ, ਜਿਵੇਂ ਮਸਤ ਹੋਏ ਸ਼ਰਾਬੀ ਭੌਂਦੇ ਹਨ॥ ੪੦॥

**ਉਠੀ ਕੂਹ ਜੂਹੰ ਸਮਰ ਸਾਰ ਬੱਜਿਯੰ॥ ਕਿਧੋ ਅੰਤ ਕੋ ਕਾਲ ਕੋ ਮੇਘ ਗੱਜਿਯੰ॥**
**ਭਈ ਤੀਰ ਭੀਰੰ ਕਮਾਣੰ ਕੜੱਕਿਯੰ॥ ਬਜੇ ਲੋਹ ਕ੍ਰੋਹੰ ਮਹਾਂ ਜੰਗਿ ਮੱਚਿਯੰ॥ ੪੧ ॥**

ਜੰਗ ਵਿਚ ਲੋਹੇ ਤੇ ਲੋਹਾ ਵੱਜਕੇ ਬੜੀਆਂ ਭਿਆਨਕ ਅਵਾਜ਼ਾਂ ਹੋ ਰਹੀਆਂ ਸਨ। ਇਉਂ ਪ੍ਰਤੀਤ ਹੋ ਰਿਹਾ ਸੀ ਕਿ ਜਿਵੇਂ ਪ੍ਰਲੈਕਾਲ ਦੇ ਬੱਦਲ ਗੱਜ ਰਹੇ ਹੋਣ। ਤੀਰਾਂ ਦੇ ਭੇੜ ਹੋ ਰਹੇ ਸਨ ਤੇ ਕਮਾਨਾਂ ਕੜਕ ਰਹੀਆਂ ਸਨ। ਬੜੇ ਕਰੋਧ ਨਾਲ ਸ਼ਸਤਰ ਚਲ ਰਹੇ ਸਨ ਤੇ ਭਿਆਨਕ ਜੰਗ ਮਚਿਆ ਹੋਇਆ ਸੀ॥ ੪੧॥

**ਬਿਰੱਚੇ ਮਹਾਂ ਜੰਗ ਜੋਧਾ ਜੁਆਣੰ॥ ਖੁਲੇ ਖੱਗ ਖੱੜ੍ਹੀ ਭਯਾਣੰ॥**
**ਬਲੀ ਜੁੱਝ ਰੁੱਝੈ ਰਸੰ ਰੁੱਦ੍ਰ ਰੱਤੇ॥ ਮਿਲੇ ਹੱਥ ਬੱਖੰ ਮਹਾ ਤੇਜ ਤੱਤੇ॥ ੪੨ ॥**

ਬਹਾਦਰ ਸੂਰਮੇ ਮੈਦਾਨ ਵਿਚ ਫਿਰ ਰਹੇ ਸਨ ਅਤੇ ਹੱਥ ਵਿਚ ਨੰਗੀਆਂ ਤਲਵਾਰਾਂ ਲਈ ਬੜੇ ਅਸਚਰਜ ਤੇ ਡਰਾਉਣੇ ਲੱਗ ਰਹੇ ਸਨ। ਰੋਹ ਨਾਲ ਭਰੇ ਸੂਰਮੇ ਜੰਗ ਵਿਚ ਜੁਟੇ ਹੋਏ ਸਨ ਅਤੇ ਮਹਾਨ ਤੇਜਸਵੀ ਹੋ ਕੇ ਆਪਣੇ ਹੱਥਾਂ ਨਾਲ ਹੱਥ ਅਤੇ ਸੀਨੇ ਨਾਲ ਸੀਨਾ ਮਿਲਾ ਰਹੇ ਸਨ॥੪੨॥

**ਝਮੀ ਤੇਜ ਤੇਗੰ ਸੁ ਰੋਸੰ ਪ੍ਰਹਾਰੰ॥ ਰੁਲੇ ਰੁੰਡ ਮੁੰਡੰ ਉਠੀ ਸ਼ਸਤ੍ਰ ਝਾਰੰ॥**
**ਬਬੱਕੰਤ ਬੀਰੰ ਭਭੱਕੰਤ ਘਾਯੰ॥ ਮਨੋ ਜੁੱਧ ਇੰਦ੍ਰੰ ਜੁਟਿਓ ਬ੍ਰਿਤ੍ਰਾਯੰ॥ ੪੩॥**

ਸੂਰਮਿਆਂ ਦੇ ਹੱਥਾਂ ਵਿਚ ਤਿੱਖੀਆਂ ਤਲਵਾਰਾਂ ਚਮਕ ਰਹੀਆਂ ਸਨ ਤੇ ਉਹ ਬੜੇ ਗੁੱਸੇ ਨਾਲ ਤਲਵਾਰਾਂ ਚਲਾ ਰਹੇ ਸਨ। ਕਿਤੇ ਧੜ ਤੇ ਕਿਤੇ ਸਿਰ ਰੁਲ ਰਹੇ ਸਨ ਅਤੇ ਕਿਤੇ ਸ਼ਸਤ੍ਰਾਂ ਦੇ ਟਕਰਾਉਣ ਨਾਲ ਵਿਚੋਂ ਅੱਗ ਨਿਕਲਦੀ ਸੀ। ਕਿਤੇ ਯੋਧੇ ਗੱਜ ਰਹੇ ਸਨ ਤੇ ਕਿਤੇ ਸੂਰਮਿਆਂ ਦੇ ਜ਼ਖਮੀ ਹੋਏ ਅੰਗਾਂ ਵਿਚੋਂ ਭਕ ਭਕ ਦੀ ਆਵਾਜ਼ ਨਾਲ ਲਹੂ ਨਿਕਲ ਰਿਹਾ ਇਉਂ ਪ੍ਰਤੀਤ ਹੋ ਰਿਹਾ ਸੀ ਜਿਵੇਂ ਇੰਦਰ ਅਤੇ ਬ੍ਰਿਤ੍ਰਾਸੁਰ ਦੈਂਤ ਜੰਗ ਕਰ ਰਹੇ ਸਨ॥੪੩॥

**ਮਹਾਂ ਜੁੱਧ ਮੱਚਿਯੰ ਮਹਾਂ ਸੂਰ ਗਾਜੇ॥ ਆਪੋ ਆਪ ਮੈ ਸ਼ਸਤ੍ਰ ਸੋਂ ਸ਼ਸਤ੍ਰ ਬਾਜੇ॥**
**ਉਠੇ ਝਾਰ ਸਾਂਗੰ ਮਚੇ ਲੋਹ ਕ੍ਰੋਹੰ॥ ਮਨੋ ਖੇਲ ਬਾਸੰਤ ਮਾਹੰਤ ਸੋਹੰ॥ ੪੪॥**

ਬੜਾ ਭਿਆਨਕ ਜੁੱਧ ਮਚਿਆ ਹੋਇਆ ਸੀ, ਜਿਸ ਵਿਚ ਵੱਡੇ ਵੱਡੇ ਸੂਰਮੇ ਗੱਜ ਰਹੇ ਸਨ। ਆਹਮੋ ਸਾਹਮਣੇ ਹੋ ਕੇ ਯੋਧੇ ਸ਼ਸਤਰਾਂ ਨਾਲ ਸ਼ਸਤਰ ਟਕਰਾ ਰਹੇ ਸਨ। ਬਰਛੀਆਂ ਵਿਚੋਂ ਅੱਗ ਦੇ ਚਿੰਗਾੜੇ ਨਿਕਲ ਰਹੇ ਸਨ ਤੇ ਸੂਰਮੇ ਬੜੇ ਕਰੋਧ ਨਾਲ ਲਹੂ ਵਿਚ ਇਉਂ ਲੱਥ ਪੱਥ ਹੋਏ ਸਨ, ਜਿਵੇਂ ਭਲੇ ਪੁਰਸ਼ ਹੋਲੀ ਖੇਡਦੇ ਸੋਹਣੇ ਲੱਗਦੇ ਹਨ॥੪੪॥

## *ਰਸਾਵਲ ਛੰਦ॥*

**ਜਿਤੇ ਬੈਰ ਰੁੱਝੰ॥ ਤਿਤੇ ਅੰਤ ਜੁੱਝੰ॥ ਜਿਤੇ ਖੇਤ ਭਾਜੇ॥ ਤਿਤੇ ਅੰਤਿ ਲਾਜੇ॥ ੪੫॥**

ਜਿਹੜੇ ਸੂਰਮੇ ਵੈਰੀਆਂ ਨਾਲ ਜੰਗ ਵਿਚ ਰੁਝੇ ਸਨ, ਉਹ ਅੰਤ ਨੂੰ ਲੜਦੇ ਲੜਦੇ ਸ਼ਹੀਦ ਹੋ ਗਏ। ਜਿਹੜੇ ਕਾਇਰ ਹੋ ਕੇ ਮੈਦਾਨ ਵਿਚੋਂ ਭੱਜ ਗਏ, ਉਹ ਓੜਕ ਨੂੰ ਸ਼ਰਮਿੰਦੇ ਹੋਏ॥੪੫॥

**ਤੁਟੇ ਦੇਹ ਬਰਮੰ॥ ਛੁਟੀ ਹਾਥ ਚਰਮੰ॥ ਕਹੂੰ ਖੇਤ ਖੋਲੰ॥ ਗਿਰੇ ਸੂਰ ਟੋਲੰ॥ ੪੬॥**

ਸੂਰਮਿਆਂ ਦੇ ਸਰੀਰਾਂ ਤੇ ਪਹਿਨੀਆਂ ਸੰਜੋਆਂ ਟੁੱਟ ਗਈਆਂ ਸਨ ਤੇ ਹੱਥਾਂ ਵਿਚੋਂ ਢਾਲਾਂ ਛੁਟ ਗਈਆਂ ਸਨ। ਕਿਤੇ ਜੰਗ ਅੰਦਰ ਲੋਹੇ ਦੇ ਟੋਪ ਡਿੱਗੇ ਪਏ ਸਨ ਤੇ ਕਿਤੇ ਸੂਰਮਿਆਂ ਦੇ ਟੋਲੇ ਡਿੱਗੇ ਪਏ ਸਨ॥੪੬॥

**ਕਹੂੰ ਮੁਛ ਮੁੱਖੰ॥ ਕਹੂੰ ਸ਼ਸਤ੍ਰ ਸੱਖੰ॥ ਕਹੂੰ ਖੋਲ ਖੱਗੰ॥ ਕਹੂੰ ਪਰਮ ਪੱਗੰ॥ ੪੭॥**

ਕਿਤੇ ਯੋਧਿਆਂ ਦੇ ਮੁੱਛਾਂ ਵਾਲੇ ਮੂੰਹ ਡਿੱਗੇ ਪਏ ਸਨ ਤੇ ਕਿਤੇ ਸ਼ਸਤਰ ਸਖਣੇ ਪਏ ਸਨ। ਕਿਤੇ ਮਿਆਨ ਤੇ ਤਲਵਾਰਾਂ ਪਈਆਂ ਸਨ ਤੇ ਕਿਤੇ ਸੂਰਮਿਆਂ ਦੀਆਂ ਸੋਹਣੀਆਂ ਪੱਗਾਂ ਰੁਲ

ਰਹੀਆਂ ਸਨ॥ ੪੭॥

**ਗਹੇ ਮੁੱਛ ਬੰਕੀ॥ ਮੰਡੇ ਆਨ ਹੰਕੀ॥ ਢਕਾ ਢੁੱਕ ਢਾਲੰ॥ ਉਠੇ ਹਾਲ ਚਾਲੰ॥ ੪੮॥**

ਕਿਤੇ ਬਾਂਕੀਆਂ ਮੁੱਛਾਂ ਤੇ ਹੱਥ ਫੇਰਦੇ ਹੋਏ ਸੂਰਮੇ ਬੜੇ ਘੁਮੰਡ ਨਾਲ ਜੁੱਧ ਵਿਚ ਜੁੱਟੇ ਹੋਏ ਸਨ। ਢਾਲਾਂ ਉਤੇ ਸ਼ਸਤਰ ਵੱਜ ਰਹੇ ਸਨ ਤੇ ਬੜਾ ਰੌਲਾ ਮਚਿਆ ਹੋਇਆ ਸੀ॥ ੪੮॥

**ਭੁਜੰਗ ਛੰਦ॥ ਖੁਲੇ ਖੱਗ ਖੂਨੀ ਮਹਾਂਬੀਰ ਖੇਤੰ॥ ਨਾਚੇ ਬੀਰ ਬੈਤਾਲਯੰ ਭੂਤ ਪ੍ਰੇਤੰ॥ ਬਜੇ ਡੰਕ ਡਉਰੂ ਉਠੇ ਨਾਦ ਸੰਖੰ॥ ਮਨੋ ਮੱਲ ਜੁੱਟੇ ਮਹਾਂ ਹੱਥ ਬੰਖੰ॥ ੪੯॥**

ਨੰਗੀਆਂ ਤਲਵਾਰਾਂ ਹੱਥ ਵਿਚ ਲੈ ਕੇ ਸੂਰਮੇ ਜੰਗ ਵਿਚ ਫਿਰ ਰਹੇ ਸਨ ਅਤੇ ਬੀਰ, ਬੈਤਾਲ, ਭੂਤ ਤੇ ਪ੍ਰੇਤ ਮੈਦਾਨ ਵਿਚ ਖੁਸ਼ੀ ਨਾਲ ਨੱਚ ਰਹੇ ਸਨ। ਡਉਰੂਆਂ ਦੀ ਆਵਾਜ਼ ਹੋ ਰਹੀ ਸੀ ਤੇ ਸੰਖ ਵੱਜ ਰਹੇ ਸਨ। ਸੂਰਮੇ ਆਪੋ ਵਿਚ ਗੁੱਥਮ ਗੁੱਥਾ ਹੋਏ ਇਸ ਤਰ੍ਹਾਂ ਪ੍ਰਤੀਤ ਹੁੰਦੇ ਸਨ ਜਿਵੇ ਪਹਿਲਵਾਨ ਇਕ ਦੂਜੇ ਦੀਆਂ ਵੱਖੀਆਂ ਵਿਚ ਹੱਥ ਪਾ ਕੇ ਇਕ ਦੂਜੇ ਨੂੰ ਢਾਹੁਣ ਦਾ ਯਤਨ ਕਰ ਰਹੇ ਸਨ॥ ੪੯॥

**ਛਪੈ ਛੰਦ॥ ਜਿਨਿ ਸੂਰਨ ਸੰਗ੍ਰਾਮ ਸਬਲ ਸਾਮੁਹਿ ਹ੍ਵੈ ਮੰਡਿਓ॥ ਤਿਨ ਸੁਭਟਨ ਤੇ ਏਕ ਕਾਲ ਕੋਊ ਜੀਅਤ ਨ ਛੱਡਿਓ॥ ਸਭ ਖੱਤ੍ਰੀ ਖੱਗ ਖੰਡ ਖੇਤ ਭੂ ਮੰਡਪ ਅਹੁੱਟੇ॥ ਸਾਰ ਧਾਰ ਧਰ ਧੂਮ ਮੁਕਤ ਬੰਧਨ ਤੇ ਛੁੱਟੇ॥ ਹ੍ਵੈ ਟੂਕ ਟੂਕ ਜੁਝੈ ਸਭੈ ਪਾਵ ਨ ਪਾਛੈ ਡਾਰਯਿੰ॥ ਜੈਕਾਰ ਅਪਾਰ ਸੁ ਧਾਰ ਹੂਅੰ ਬਾਸਵ ਲੋਕ ਸਿਧਾਰਿਯੰ॥ ੫੦॥**

ਜਿਨ੍ਹਾਂ ਸੂਰਮਿਆਂ ਨੇ ਸਨਮੁਖ ਹੋ ਕੇ ਜੁੱਧ ਕੀਤਾ, ਉਹਨਾਂ ਯੋਧਿਆਂ ਵਿਚੋਂ ਮੌਤ ਨੇ ਇਕ ਨੂੰ ਵੀ ਜੀਊਂਦਾ ਨਾ ਛੱਡਿਆ। ਸਭ ਸੂਰਮੇ ਖੰਡੇ ਹੱਥਾਂ ਵਿਚ ਲਈ ਮੈਦਾਨ ਵਿਚ ਆ ਇਕੱਠੇ ਹੋਏ। ਸ਼ਸਤ੍ਰਾਂ ਤੋਂ ਨਿਕਲੀ ਧੂੰਏਂ ਰਹਿਤ ਅੱਗ ਨੂੰ ਸਹਾਰਦੇ ਹੋਏ ਸੂਰਮੇ ਬੰਧਨ ਤੋਂ ਛੁੱਟਕੇ ਮੁਕਤ ਹੋ ਗਏ। ਸਭ ਯੋਧੇ ਟੁਕੜੇ ਟੁਕੜੇ ਹੋ ਕੇ ਮਰ ਗਏ, ਪਰ ਉਹਨਾਂ ਵਿਚੋਂ ਕਿਸੇ ਇਕ ਨੇ ਵੀ ਪੈਰ ਪਿਛੇ ਨਹੀਂ ਧਰਿਆ। ਉਹਨਾਂ ਸ਼ਹੀਦ ਹੋਏ ਸੂਰਮਿਆਂ ਦੀ ਜੈ ਜੈਕਾਰ ਹੋਈ ਤੇ ਉਹ ਸਵਰਗ ਨੂੰ ਚਲੇ ਗਏ॥ ੫੦॥

**ਚੌਪਈ॥ ਇਹ ਬਿਧਿ ਮਚਾ ਘੋਰ ਸੰਗ੍ਰਾਮਾ॥ ਸਿਧਏ ਸੂਰਿ ਸੂਰਿ ਕੇ ਧਾਮਾ॥ ਕਹਾ ਲਗੈ ਵਹ ਕਥੋ ਲਰਾਈ॥ ਆਪਨ ਪ੍ਰਭਾ ਨ ਬਰਨੀ ਜਾਈ॥ ੫੧॥**

ਇਸ ਪ੍ਰਕਾਰ ਬੜਾ ਘੋਰ ਜੁੱਧ ਹੋਇਆ। ਸੂਰਮੇ ਮਰਕੇ ਸਵਰਗ ਨੂੰ ਚਲੇ ਗਏ। ਇਸ ਜੰਗ ਦੇ ਸਮਾਚਾਰ ਮੈਂ ਕਿਥੋਂ ਤੱਕ ਵਰਣਨ ਕਰਾਂ ? ਕਿਉਂਕਿ ਆਪਣੀ ਵੰਸ਼ ਦੀ ਉਪਮਾ ਆਪਣੇ ਮੂੰਹੋਂ ਆਖੀ ਨਹੀਂ ਜਾਂਦੀ॥ ੫੧॥

## ਭੁਜੰਗ ਪ੍ਰਯਾਤ ਛੰਦ ॥

**ਲਵੀ ਸਰਬ ਜੀਤੇ ਕੁਸ਼ੀ ਸਰਬ ਹਾਰੇ॥ ਬਚੇ ਜੇ ਬਲੀ ਪ੍ਰਾਨ ਲੈ ਕੈ ਸਿਧਾਰੇ॥**
**ਚਤੁਰ ਬੇਦ ਪਠਿਯੰ ਕੀਯੋ ਕਾਸ਼ਿ ਬਾਸੰ॥ ਘਨੈ ਬਰਖ ਕੀਨੇ ਤਹਾਂ ਹੀ ਨਿਵਾਸੰ॥ ੫੨॥**

ਲਊ ਦੇ ਪੁੱਤਰ ਪੋਤਰੇ ਸਭ ਜੰਗ ਜਿੱਤ ਗਏ ਤੇ ਕੁਸ਼ੂ ਦੇ ਵੰਸ਼ ਦੇ ਸਾਰੇ ਸੂਰਮੇ ਹਾਰ ਗਏ। ਕੁਸ਼ੂ ਵੰਸ਼ ਦੇ ਜਿਹੜੇ ਕੁਝ ਯੋਧੇ ਬਚ ਗਏ, ਉਹ ਆਪਣੀਆਂ ਜਾਨਾਂ ਬਚਾਕੇ ਭੱਜ ਗਏ ਤੇ ਕਾਂਸ਼ੀ ਵਿਚ ਜਾ ਵਸੇ ਤੇ ਚਹੁੰ ਵੇਦਾਂ ਦੀ ਵਿਦਿਆ ਉਨ੍ਹਾਂ ਪੜ੍ਹ ਲਈ। ਬਹੁਤ ਸਾਲ ਉਨ੍ਹਾਂ ਨੇ ਉਥੇ ਹੀ ਨਿਵਾਸ ਕੀਤਾ॥ ੫੨॥

ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਲਵੀ ਕੁਸ਼ੀ ਜੁੱਧ ਬਰਨਨੰ ਨਾਮ ਤ੍ਰਿਤੀਆ ਧਿਆਇ ਸਮਾਪਤਮ ਸਤੁ ਸੁਭਮ ਸਤੁ॥ ੩॥ ੧੮੯॥ ਅਫਜੂੰ॥

ਸ੍ਰੀ ਬਚਿੱਤਰ ਨਾਟਕ ਗ੍ਰੰਥ, ਲਵੀ ਕੁਸ਼ੀ ਯੁੱਧ ਵਰਣਨ, ਤੀਸਰਾ ਅਧਿਆਏ ਸਮਾਪਤ। ਸਤ ਸ਼ੁਭਮ ਸਤ॥ ੩॥ ੧੮੯॥ ਚਲਦਾ॥

ਇਸ ਤੀਜੇ ਅਧਿਆਇ ਵਿਚ ਸਤਿਗੁਰੂ ਜੀ ਨੇ ਲਊ ਤੇ ਕੁਸ਼ੂ ਦੀ ਵੰਸ਼ ਦੇ ਭਿਆਨਕ ਜੰਗ ਦਾ ਵਰਣਨ ਕੀਤਾ। ਇਸ ਜੰਗ ਦਾ ਨਤੀਜਾ ਇਹ ਨਿਕਲਿਆ ਕਿ ਕੁਸ਼ੀ ਸਾਰੇ ਹਾਰ ਗਏ ਅਤੇ ਉਨ੍ਹਾਂ ਨੂੰ ਮਾਰ ਕੁੱਟਕੇ ਪੰਜਾਬ ਤੋਂ ਬਾਹਰ ਕੱਢ ਦਿੱਤਾ ਗਿਆ ਤੇ ਉਹ ਸਾਰੇ ਸਾਥੀਆਂ ਸਮੇਤ ਜਾਨ ਬਚਾਕੇ ਕਾਂਸ਼ੀ ਵੱਲ ਨੱਸ ਪਏ ਤੇ ਉਥੇ ਕਾਂਸ਼ੀ ਵਿਚ ਹੀ ਵੱਸਣ ਲੱਗ ਪਏ।

# ਅਧਿਆਏ ਚੌਥਾ

## ਬੇਦੀਆਂ ਨੂੰ ਰਾਜ ਭੇਟ ਕਰਨਾ

### ਭੁਜੰਗ ਪ੍ਰਯਾਤ ਛੰਦ ॥

**ਜਿਨੈ ਬੇਦ ਪਠਿਓ ਸੁ ਬੇਦੀ ਕਹਾਏ॥ ਤਿਨੈ ਧਰਮ ਕੇ ਕਰਮ ਨੀਕੇ ਚਲਾਏ॥**
**ਪਠੇ ਕਾਗਦੰ ਮੱਦ੍ਰ ਰਾਜਾ ਸੁਧਾਰੰ॥ ਅਪੋ ਆਪ ਮੋ ਬੈਰ ਭਾਵੰ ਬਿਸਾਰੰ॥ ੧॥**

ਕਾਂਸ਼ੀ ਵਿਚ ਜਾ ਕੇ ਜਿਨ੍ਹਾਂ ਨੇ ਵੇਦਾਂ ਨੂੰ ਪੜ੍ਹਿਆ ਉਹਨਾਂ ਨੂੰ ਬੇਦੀ ਕਿਹਾ ਜਾਣ ਲੱਗਾ। ਉਹਨਾਂ ਨੇ ਧਰਮ ਦੇ ਸ਼ੁਭ ਕਰਮ ਕਰਨੇ ਸ਼ੁਰੂ ਕਰ ਦਿੱਤੇ। ਇਧਰੋਂ ਪੰਜਾਬ ਵਿਚੋਂ ਸੋਢੀ ਖਾਨਦਾਨ ਦੇ ਰਾਜੇ ਨੇ ਉਹਨਾਂ ਨੂੰ ਚਿੱਠੀ ਭੇਜੀ ਕਿ ਸਾਡਾ ਪਿਛਲਾ ਖਾਨਦਾਨ ਇਕੋ ਹੀ ਹੈ, ਇਸ ਲਈ ਸਾਨੂੰ ਆਪੋ ਵਿਚ ਵੈਰ ਭਾਵਨਾ ਛੱਡ ਦੇਣੀ ਚਾਹੀਦੀ ਹੈ॥ ੧॥

ਨ੍ਰਿਪੰ ਮੁਕਲਿਯੰ ਦੂਤ ਸੋ ਕਾਸ਼ਿ ਆਯੰ॥ ਸਭੈ ਬੇਦਿਯੰ ਭੇਦ ਭਾਖੇ ਸੁਨਾਯੰ॥
ਸਭੈ ਬੇਦ ਪਾਠੀ ਚਲੇ ਮੱਦ੍ਰ ਦੇਸੰ॥ ਪ੍ਰਨਾਮੰ ਕੀਯੋ ਆਨ ਕੈ ਕੈ ਨਰੇਸੰ॥ ੨॥

ਜਿਸ ਦੂਤ ਨੂੰ ਰਾਜੇ ਨੇ ਚਿੱਠੀ ਦੇ ਕੇ ਭੇਜਿਆ ਸੀ, ਉਹ ਕਾਂਸ਼ੀ ਵਿਚ ਪਹੁੰਚ ਗਿਆ ਤੇ ਉਸ ਨੇ ਸਭ ਬੇਦੀਆਂ ਨੂੰ ਰਾਜੇ ਵਲੋਂ ਭੇਜਿਆ ਸੁਨੇਹਾ ਸੁਣਾਇਆ। ਇਹ ਸੱਦਾ ਪੱਤਰ ਮਿਲਣ ਤੇ ਸਭ ਵੇਦ ਪਾਠੀ ਪੰਜਾਬ ਦੇਸ਼ ਨੂੰ ਤੁਰ ਪਏ। ਉਹਨਾਂ ਨੇ ਪੰਜਾਬ ਪਹੁੰਚਕੇ ਰਾਜੇ ਨੂੰ ਮਿਲਕੇ ਨਮਸ਼ਕਾਰ ਕੀਤੀ॥ ੨॥

ਧੁਨੰ ਬੇਦ ਕੀ ਭੂਪ ਤਾ ਤੇ ਕਰਾਈ॥ ਸਭੈ ਪਾਸ ਬੈਠੇ ਸਭਾ ਬੀਚ ਭਾਈ॥
ਪੜੇ ਸਾਮ ਬੇਦੰ ਜੁਜਰ ਬੇਦ ਕੱਥੰ॥ ਰਿਗੰ ਬੇਦ ਪਠਿਯੰ ਕਰੇ ਭਾਵ ਹੱਥੰ॥ ੩॥

ਸੋਢੀ ਰਾਜੇ ਨੇ ਉਹਨਾਂ ਵੇਦ ਪਾਠੀਆਂ ਤੋਂ ਵੇਦਾਂ ਦਾ ਪਾਠ ਸੁਣਿਆ। ਸਾਰੇ ਮਿਲਕੇ ਸਭਾ ਵਿਚ ਬੈਠੇ। ਪਹਿਲਾਂ ਬੇਦੀਆਂ ਨੇ ਸ਼ਾਮ ਵੇਦ ਉਚਾਰਨ ਕੀਤਾ, ਫਿਰ ਯਜੁਰ ਵੇਦ ਨੂੰ ਕਥਨ ਕੀਤਾ। ਫਿਰ ਰਿਗ ਵੇਦ ਪੜ੍ਹਿਆ ਤੇ ਉਹਨਾਂ ਦਾ ਮਤਲਬ ਸਮਝਾਉਣ ਲਈ ਨਾਲ ਨਾਲ ਹੱਥਾਂ ਦੇ ਇਸ਼ਾਰੇ ਕੀਤੇ॥ ੩॥

## ਰਸਾਵਲ ਛੰਦ॥

ਅਥਰ ਬੇਦ ਪੱਠਿਯੰ॥ ਸੁਣੇ ਪਾਪ ਨੱਠਿਯੰ॥
ਰਹਾ ਰੀਝ ਰਾਜਾ॥ ਦੀਯਾ ਸਰਬ ਸਾਜਾ॥ ੪॥

ਜਦ ਉਹਨਾਂ ਨੇ ਅਥਰਬਣ ਵੇਦ ਪੜ੍ਹਿਆ ਤਾਂ ਰਾਜੇ ਦੇ ਸਾਰੇ ਪਾਪ ਪਾਠ ਸੁਣਕੇ ਦੂਰ ਹੋ ਗਏ। ਰਾਜਾ ਉਹਨਾਂ ਵੇਦ ਪਾਠੀਆਂ ਤੇ ਬਹੁਤ ਪ੍ਰਸੰਨ ਹੋਇਆ ਤੇ ਸਾਰਾ ਰਾਜ ਭਾਗ ਉਹਨਾਂ ਨੂੰ ਸੌਂਪ ਦਿੱਤਾ॥ ੪॥

ਲਯੋ ਬੱਨਬਾਸੰ॥ ਮਹਾਂ ਪਾਪ ਨਾਸੰ॥
ਰਿਖੰ ਭੇਸ ਕੀਯੰ॥ ਤਿਸੈ ਰਾਜ ਦੀਯੰ॥ ੫॥

ਰਾਜੇ ਨੇ ਰਾਜ, ਵੇਦ ਪਾਠੀਆਂ ਭਾਵ ਬੇਦੀਆਂ ਨੂੰ ਸੌਂਪਕੇ ਆਪ ਬਨਵਾਸ ਲੈ ਲਿਆ। ਉਸ ਦੇ ਉਗ੍ਰ ਪਾਪ ਨਾਸ ਹੋ ਗਏ। ਸੋਢੀ ਰਾਜੇ ਨੇ ਆਪ ਰਿਸ਼ੀਆਂ ਦਾ ਭੇਸ ਧਾਰਨ ਕਰ ਲਿਆ ਤੇ ਉਨ੍ਹਾਂ ਨੂੰ ਰਾਜ ਦੇ ਦਿੱਤਾ॥ ੫॥

ਰਹੇ ਹੋਰ ਲੋਗੰ॥ ਤਜੇ ਸਰਬ ਸੋਗੰ॥
ਧਨੰ ਧਾਮ ਤਜਾਗੇ॥ ਪ੍ਰਭੰ ਪ੍ਰੇਮ ਪਾਗੇ॥ ੬॥

ਵਣ ਵਿਚ ਜਾਣ ਲਗਿਆਂ ਲੋਕਾਂ ਨੇ ਰਾਜੇ ਨੂੰ ਬੜਾ ਰੋਕਿਆ, ਪਰ ਉਸ ਨੇ ਸਾਰੇ ਫਿਕਰ ਛੱਡ ਦਿੱਤੇ ਤੇ ਧਨ ਤੇ ਘਰ ਨੂੰ ਤਿਆਗ ਦਿੱਤਾ। ਰਾਜਾ ਪ੍ਰਭੂ ਦੇ ਪ੍ਰੇਮ ਵਿਚ ਰੰਗਿਆ ਗਿਆ॥੬॥

**ਅੜਿਲ॥ ਬੇਦੀ ਭਯੋ ਪ੍ਰਸੰਨ ਰਾਜ ਕਹ ਪਾਇਕੈ॥**
**ਦੇਤ ਭਯੋ ਬਰ ਦਾਨ ਹੀਐ ਹੁਲਸਾਇਕੈ॥**
**ਜਬ ਨਾਨਕ ਕਲਿ ਮੈ ਹਮ ਆਨ ਕਹਾਇ ਹੈ॥**
**ਹੋ ਜਗਤ ਪੂਜ ਕਰਿ ਤੋਹਿ ਪਰਮਪਦ ਪਾਇ ਹੈ॥੭॥**

ਬੇਦੀ ਰਾਜ ਪ੍ਰਾਪਤ ਕਰਕੇ ਬੜਾ ਪ੍ਰਸੰਨ ਹੋਇਆ ਤੇ ਉਸ ਨੇ ਖੁਸ਼ੀ ਨਾਲ ਪ੍ਰਫੁਲਤ ਹੋ ਕੇ ਇਹ ਵਰ ਦਿੱਤਾ,-"ਹੇ ਰਾਜਨ ! ਜਦੋਂ ਮੈਂ ਕਲਿਜੁਗ ਵਿਚ ਅਵਤਾਰ ਧਾਰਕੇ ਨਾਨਕ ਨਾਮ ਕਹਾਵਾਂਗਾ, ਤਾਂ ਤੈਨੂੰ ਜਗਤ ਦਾ ਪੂਜ ਗੁਰੂ ਬਣਾ ਕੇ ਆਪ ਉਤਮ ਪਦਵੀ ਪ੍ਰਾਪਤ ਕਰਾਂਗਾ ਭਾਵ ਸਚਖੰਡ ਜਾਵਾਂਗਾ"॥੭॥

**ਦੋਹਰਾ॥ ਲਵੀ ਰਾਜ ਦੇ ਬਨ ਗਏ ਬੇਦੀਅਨ ਕੀਨੋ ਰਾਜ॥**
**ਭਾਂਤਿ ਭਾਂਤਿ ਤਿਨਿ ਭੋਗਿਯੰ ਭੂਅ ਕਾ ਸਕਲ ਸਮਾਜ॥੮॥**

ਲਊ ਦੀ ਕੁਲ ਦਾ ਰਾਜਾ ਰਾਜ ਦੇ ਕੇ ਆਪ ਜੰਗਲ ਵਿਚ ਚਲਾ ਗਿਆ, ਪਿਛੋਂ ਬੇਦੀਆਂ ਨੇ ਬੜੇ ਸੁੰਦਰ ਢੰਗ ਨਾਲ ਰਾਜ ਕੀਤਾ। ਉਹਨਾਂ ਨੇ ਇਸ ਪ੍ਰਿਥਵੀ ਦੇ ਹਰ ਤਰ੍ਹਾਂ ਦੇ ਸੁੱਖ ਭੋਗੇ ॥੮॥

**ਚੌਪਈ॥ ਤ੍ਰਿਤਿਯ ਬੇਦ ਸੁਨਬੇ ਤੁਮ ਕੀਆ॥ ਚਤੁਰ ਬੇਦ ਸੁਨਿ ਭੂਅ ਕੋ ਦੀਆ॥**
**ਤੀਨ ਜਨਮ ਹਮਹੂੰ ਜਬ ਧਰਿ ਹੈ॥ ਚੌਥੇ ਜਨਮ ਗੁਰੂ ਤੁਹਿ ਕਰਿ ਹੈ॥੯॥**

ਸੋਢੀ ਰਾਜੇ ਨੂੰ ਬਣ ਵਿਚ ਜਾਣ ਲਗਿਆ ਬੇਦੀਆਂ ਨੇ ਇਹ ਬਚਨ ਕੀਤਾ, "ਹੇ ਰਾਜਨ! ਤੁਸਾਂ ਤਿੰਨਾਂ ਵੇਦਾਂ ਨੂੰ ਸੁਣਿਆਂ ਤੇ ਚੌਥਾ ਵੇਦ ਸੁਣਕੇ ਸਾਨੂੰ ਰਾਜ ਦੇ ਦਿੱਤਾ। ਇਸੇ ਤਰ੍ਹਾਂ ਅਸੀਂ ਵੀ ਤਿੰਨ ਜਨਮ ਧਾਰਕੇ ਚੌਥੇ ਜਨਮ ਵਿਚ ਤੁਹਾਨੂੰ ਗੁਰੂ ਬਣਾਵਾਂਗੇ"॥੯॥

**ਉਤ ਰਾਜਾ ਕਾਨਨਹਿ ਸਿਧਾਯੋ॥ ਇਤ ਇਨ ਰਾਜ ਕਰਤ ਸੁਖ ਪਾਯੋ॥**
**ਕਹਾ ਲਗੇ ਕਰਿ ਕਥਾ ਸੁਨਾਊਂ॥ ਗ੍ਰੰਥ ਬਢਨ ਤੇ ਅਧਿਕ ਡਰਾਊਂ॥੧੦॥**

ਓਧਰ ਸੋਢੀ ਰਾਜਾ ਬਣ ਨੂੰ ਚਲਾ ਗਿਆ। ਇਧਰ ਇਹਨਾਂ ਬੇਦੀਆਂ ਨੇ ਰਾਜ ਕਰਦਿਆਂ ਬੜੇ ਸੁਖ ਪ੍ਰਾਪਤ ਕੀਤੇ। ਇਸ ਕਥਾ ਨੂੰ ਮੈਂ ਕਿੰਨੇ ਕੁ ਵਿਸਥਾਰ ਨਾਲ ਵਰਣਨ ਕਰਾਂ, ਗ੍ਰੰਥ ਦੇ ਵੱਧ ਜਾਣ ਤੋਂ ਡਰਦਾ ਹਾਂ॥੧੦॥

ਇਤਿ ਸ੍ਰੀ ਬਚਿੱਤ੍ਰ ਨਾਟਕ ਗ੍ਰੰਥੇ ਬੇਦ ਪਾਠੀ ਭੇਟ ਰਾਜ ਚਤੁਰਥ ਧਿਆਇ ਸਮਾਪਤਮ ਸਤੁ ਸੁਭਮ ਸਤੁ॥੪॥੧੯੯॥ ਅਫਜੂੰ॥

ਸ੍ਰੀ ਬਚਿੱਤਰ ਨਾਟਕ ਗ੍ਰੰਥ, ਵੇਦ ਪਾਠੀਆਂ ਭਾਵ ਬੇਦੀਆਂ ਨੂੰ ਰਾਜ ਭੇਟ ਕਰਨਾ, ਚੌਥਾ ਅਧਿਆਏ ਸਮਾਪਤ॥ ਸਤ ਸੁਭਮ ਸਤ॥੪॥੧੯੯॥ ਚਲਦਾ॥

ਭਾਵਾਰਥ :- ਚੌਥੇ ਅਧਿਆਇ ਵਿਚ ਇਸ ਕਥਾ ਦਾ ਇਸ ਪ੍ਰਕਾਰ ਵਰਣਨ ਕੀਤਾ ਗਿਆ ਹੈ:-

ਕੁਸ਼ੂ ਦੀ ਵੰਸ਼ ਕਾਲਕੇਤ ਦਾ ਪੋਤਰਾ, ਜਿਹੜਾ ਜੰਗ ਵਿਚ ਹਾਰ ਗਿਆ ਸੀ, ਉਹ ਆਪਣੇ ਸਾਥੀਆਂ ਸਮੇਤ ਪੰਜਾਬ ਤੋਂ ਭੱਜਕੇ ਕਾਂਸ਼ੀ ਵਿਚ ਜਾ ਵਸਿਆ। ਉਹਨਾਂ ਨੇ ਕਾਂਸ਼ੀ ਵਿਚ ਰਹਿ ਕੇ ਉਥੋਂ ਦੇ ਮਹਾਨ ਪੰਡਤਾਂ ਤੋਂ ਸੰਸਕ੍ਰਿਤ ਵਿਦਿਆ ਪੜ੍ਹ ਲਈ ਤੇ ਬੜੇ ਵਿਦਵਾਨ ਬਣ ਗਏ। ਉਹਨਾਂ ਨੂੰ ਬੇਦ ਵਕਤਾ ਹੋਣ ਕਰਕੇ 'ਬੇਦੀ' ਕਿਹਾ ਜਾਣ ਲੱਗ ਪਿਆ।

ਇਧਰ ਲਊ ਕੁਲ ਦੇ ਰਾਜੇ ਨੂੰ ਪਤਾ ਲੱਗਾ ਕਿ ਸਾਡੇ ਭਰਾ, ਜਿਨ੍ਹਾਂ ਨੂੰ ਅਸੀਂ ਹਾਰ ਦੇ ਕੇ ਪੰਜਾਬ ਵਿਚੋਂ ਕੱਢ ਦਿੱਤਾ ਸੀ, ਕਾਂਸ਼ੀ ਵਿਚ ਵਿਦਿਆ ਪੜ੍ਹਕੇ ਮਹਾਨ ਪੰਡਤ ਬਣ ਗਏ ਹਨ। ਉਸ ਨੇ ਪਿੱਛਲਾ ਵੈਰ-ਭਾਵ ਭੁਲਾ ਕੇ ਉਹਨਾਂ ਵੇਦੀਆਂ ਨੂੰ ਲਾਹੌਰ ਬੁਲਾ ਲਿਆ, ਉਹਨਾਂ ਵੇਦੀਆਂ ਦਾ ਬੜਾ ਮਾਨ ਸਤਿਕਾਰ ਕੀਤਾ ਗਿਆ ਤੇ ਉਹਨਾਂ ਤੋਂ ਵੇਦ ਸ੍ਰਵਣ ਕੀਤੇ। ਵੇਦਾਂ ਦਾ ਪਾਠ ਸੁਣ ਕੇ ਰਾਜਾ ਬੜਾ ਪ੍ਰਸੰਨ ਹੋਇਆ। ਉਸ ਨੇ ਆਪਣਾ ਰਾਜ ਭਾਗ ਉਹਨਾਂ ਬੇਦੀਆਂ ਨੂੰ ਭੇਟ ਕਰ ਦਿੱਤਾ ਤੇ ਆਪ ਤਪ ਕਰਨ ਲਈ ਜੰਗਲ ਵੱਲ ਤੁਰ ਗਿਆ। ਬੇਦੀਆਂ ਨੇ ਰਾਜ ਪ੍ਰਾਪਤ ਕਰਕੇ ਰਾਜੇ ਨੂੰ ਬੜੀ ਪ੍ਰਸੰਨਤਾ ਨਾਲ ਇਹ ਵਰ ਦਿੱਤਾ ਕਿ ਜਦੋਂ ਕਲਿਜੁਗ ਵਿਚ ਅਸੀਂ ਗੁਰੂ ਨਾਨਕ ਦਾ ਅਵਤਾਰ ਲਵਾਂਗੇ ਤਦੋਂ ਤੀਜੇ ਜਾਮੇ ਵਿਚ ਤੁਹਾਨੂੰ ਗੁਰੂ ਥਾਪਾਂਗੇ, ਭਾਵ ਚੋਥਾ ਗੁਰੂ ਸੋਢੀ ਵੰਸ਼ ਦਾ ਹੋਵੇਗਾ।

# ਅਧਿਆਏ ਪੰਜਵਾਂ

## ਪਾਤਸ਼ਾਹੀ ਵਰਣਨ

**ਨਰਾਜ ਛੰਦ॥ ਬਹੁਰਿ ਬਿਖਾਧ ਬਾਧਿਯੰ॥ ਕਿਨੀ ਨ ਤਾਹਿ ਸਾਧਿਯੰ॥**
**ਕਰੰਮ ਕਾਲ ਯੌ ਭਈ॥ ਸੁ ਭੂਮ ਬੰਸ ਤੇ ਗਈ॥੧॥**

ਬੇਦੀ ਖਾਨਦਾਨ ਵਿਚ ਫਿਰ ਝਗੜਾ ਵੱਧ ਗਿਆ, ਇਸ ਝਗੜੇ ਨੂੰ ਕੋਈ ਵੀ ਦੂਰ ਨਾ ਕਰ ਸਕਿਆ, ਕਰਮਗਤੀ ਇਹ ਹੋਈ ਕਿ ਇਸ ਬੰਸ ਕੋਲੋਂ ਇਸ ਧਰਤੀ ਦਾ ਰਾਜ ਖੁੱਸ ਗਿਆ॥੧॥

**ਦੋਹਰਾ॥ ਬਿਪ੍ਰ ਕਰਤ ਭਏ ਸੂਦ੍ਰ ਬ੍ਰਿਤਿ ਛੱਤ੍ਰੀ ਬੈਸਨ ਕਰਮ॥**
**ਬੈਸ ਕਰਤ ਭਏ ਛੱਤ੍ਰਿ ਬ੍ਰਿਤਿ ਸੂਦ੍ਰ ਸੁ ਦਿਜ ਕੋ ਧਰਮ॥੨॥**

ਇਸ ਬਿਪਤਾ ਦੇ ਪੈਣ ਨਾਲ ਬ੍ਰਾਹਮਣ ਸ਼ੂਦਰਾਂ ਵਾਲੇ ਕੰਮ ਕਰਨ ਲੱਗ ਪਏ ਤੇ ਛੱਤ੍ਰੀਆਂ ਨੇ ਵੈਸ਼ਾਂ ਵਾਲੇ ਕਰਮ ਕਰਨੇ ਸ਼ੁਰੂ ਕਰ ਦਿੱਤੇ। ਵੈਸ਼ ਛਤ੍ਰੀਆਂ ਦੇ ਕਰਮ ਕਰਨ ਵਿਚ ਰੁਝ ਗਏ ਤੇ ਸ਼ੂਦਰਾਂ ਨੇ ਬ੍ਰਾਹਮਣਾਂ ਦਾ ਧਰਮ ਅਖਤਿਆਰ ਕਰ ਲਿਆ॥ ੨॥

**ਚੌਪਈ॥ ਬੀਸ ਗਾਵ ਤਿਨ ਕੇ ਰਹਿ ਗਏ॥ ਜਿਨ ਮੋ ਕਰਤ ਕ੍ਰਿਸਾਨੀ ਭਏ॥**
**ਬਹੁਤ ਕਾਲ ਇਹ ਭਾਂਤਿ ਬਿਤਾਯੋ॥ ਜਨਮ ਸਮੈ ਨਾਨਕ ਕੋ ਆਯੋ॥ ੩॥**

ਜ਼ਮਾਨੇ ਦੇ ਇਸ ਉਲਟ ਫੇਰ ਹੋਣ ਨਾਲ ਉਹਨਾਂ ਬੇਦੀਆਂ ਕੋਲ ਸਿਰਫ ਵੀਹ ਪਿੰਡ ਹੀ ਰਹਿ ਗਏ, ਜਿੰਨਾਂ ਵਿਚ ਉਹ ਖੇਤੀ ਬਾੜੀ ਦਾ ਕੰਮ ਕਰਨ ਲੱਗੇ। ਬਹੁਤ ਸਮਾਂ ਉਹਨਾਂ ਨੇ ਇਸ ਤਰ੍ਹਾਂ ਬਿਤਾਇਆ, ਤਦ ਗੁਰੂ ਨਾਨਕ ਦੇਵ ਜੀ ਦੇ ਜਨਮ ਦਾ ਸਮਾਂ ਆ ਗਿਆ॥ ੩॥

**ਦੋਹਰਾ॥ ਤਿਨ ਬੇਦੀਯਨ ਕੀ ਕੁਲ ਬਿਖੇ ਪ੍ਰਗਟੇ ਨਾਨਕ ਰਾਇ॥**
**ਸਭ ਸਿੱਖਨ ਕੋ ਸੁਖ ਦਏ ਜਹ ਤਹ ਭਏ ਸਹਾਇ॥ ੪॥**

ਉਹਨਾਂ ਬੇਦੀਆਂ ਦੀ ਕੁਲ ਵਿਚ ਸੰਮਤ ੧੫ ੨੬ ਬਿਕ੍ਰਮੀ ਕੱਤਕ ਦੀ ਪੂਰਨਮਾਸ਼ੀ, ਬੁੱਧਵਾਰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਵਤਾਰ ਹੋਇਆ। ਜਿਨ੍ਹਾਂ ਨੇ ਸਭ ਸਿੱਖਾਂ ਨੂੰ ਸੁਖ ਦਿੱਤਾ ਤੇ ਹਰ ਔਕੜ ਸਮੇਂ ਸੇਵਕਾਂ ਦੀ ਸਹਾਇਤਾ ਕੀਤੀ॥ ੪॥

**ਚੌਪਈ॥ ਤਿਨ ਇਹ ਕਲ ਮੋ ਧਰਮੁ ਚਲਾਯੋ॥ ਸਭ ਸਾਧਨ ਕੋ ਰਾਹੁ ਬਤਾਯੋ॥**
**ਜੋ ਤਾ ਕੇ ਮਾਰਗਿ ਮਹਿ ਆਏ॥ ਤੇ ਕਬਹੂੰ ਨਹੀ ਪਾਪ ਸੰਤਾਏ॥ ੫॥**

ਸਤਿਗੁਰੂ ਨਾਨਕ ਦੇਵ ਜੀ ਨੇ ਇਸ ਕਲਿਜੁਗ ਵਿਚ ਸਤ ਧਰਮ ਨੂੰ ਚਲਾਇਆ। ਸਭ ਨੂੰ ਸੱਚੇ ਮਾਰਗ ਤੇ ਚਲਣ ਦਾ ਉਪਦੇਸ਼ ਦਿੱਤਾ। ਜੋ ਪੁਰਸ਼ ਵੀ ਸਤਿਗੁਰੂ ਜੀ ਦੇ ਦੱਸੇ ਮਾਰਗ ਤੇ ਚੱਲੇ ਉਹਨਾਂ ਨੂੰ ਪਾਪ ਨੇ ਕਦੀ ਵੀ ਨਾ ਸਤਾਇਆ, ਭਾਵ ਉਹਨਾਂ ਤੋਂ ਪਾਪ ਦੂਰ ਨਸ ਗਏ॥ ੫॥

**ਜੇ ਜੇ ਪੰਥ ਤਵਨ ਕੇ ਪਰੇ॥ ਪਾਪ ਤਾਪ ਤਿਨ ਕੇ ਪ੍ਰਭ ਹਰੇ॥**
**ਦੂਖ ਭੂਖ ਕਬਹੂੰ ਨ ਸੰਤਾਏ॥ ਜਾਲ ਕਾਲ ਕੇ ਬੀਚ ਨ ਆਏ॥ ੬॥**

ਜਿਹੜੇ ਜਿਹੜੇ ਪੁਰਸ਼ ਸਤਿਗੁਰੂ ਜੀ ਦੇ ਪੰਥ ਵਿਚ ਆ ਕੇ ਰਲੇ, ਉਹਨਾਂ ਦੇ ਪਾਪ ਤੇ ਦੁਖ ਸੰਤਾਪ ਪ੍ਰਭੂ ਨੇ ਦੂਰ ਕਰ ਦਿੱਤੇ। ਉਹਨਾਂ ਨੂੰ ਕਿਸੇ ਪ੍ਰਕਾਰ ਦਾ ਦੁਖ ਤੇ ਭੁਖ ਨਾ ਰਹੀ ਤੇ ਨਾ ਹੀ ਉਹ ਕਾਲ ਦੀ ਫਾਹੀ ਵਿਚ ਫਸੇ॥ ੬॥

**ਨਾਨਕ ਅੰਗਦ ਕੋ ਬਪੁ ਧਰਾ॥ ਧਰਮ ਪ੍ਰਚੁਰਿ ਇਹ ਜਗ ਮੋ ਕਰਾ॥**
**ਅਮਰਦਾਸ ਪੁਨਿ ਨਾਮੁ ਕਹਾਯੋ॥ ਜਨ ਦੀਪਕ ਤੇ ਦੀਪ ਜਗਾਯੋ॥ ੭॥**

ਸਤਿਗੁਰੂ ਨਾਨਕ ਦੇਵ ਜੀ ਨੇ ਆਪਣਾ ਦੂਜਾ ਸਰੂਪ ਅੰਗਦ ਬਣਾ ਲਿਆ ਅਤੇ ਸਿਖ ਧਰਮ

ਦਾ ਪ੍ਰਚਾਰ ਸਾਰੇ ਸੰਸਾਰ ਵਿਚ ਕੀਤਾ। ਫਿਰ ਗੁਰੂ ਨਾਨਕ ਦੇਵ ਜੀ ਨੇ ਤੀਜੇ ਸਰੂਪ ਵਿਚ ਅਮਰਦਾਸ ਨਾਮ ਰਖਾਇਆ, ਜਿਵੇ ਦੀਵੇ ਨਾਲ ਦੀਵਾ ਜਗਾ ਲਿਆ ਜਾਂਦਾ ਹੈ॥੭॥

**ਜਬ ਬਰ ਦਾਨਿ ਸਮੈ ਵਹੁ ਆਵਾ॥ ਰਾਮਦਾਸ ਤਬ ਗੁਰੂ ਕਹਾਵਾ॥**
**ਤਿਹ ਬਰ ਦਾਨਿ ਪੁਰਾਤਨਿ ਦੀਆ॥ ਅਮਰਦਾਸਿ ਸੁਰਪੁਰਿ ਮਗੁ ਲੀਆ॥ ੮॥**

ਜਦੋਂ ਪਿਛੇ ਕਥਨ ਕੀਤੇ ਵਰ ਦੇਣ ਦਾ ਸਮਾਂ ਆਇਆ, ਤਦੋਂ ਸੋਢੀ ਜਾਤ ਦਾ ਪੁਰਸ਼ 'ਰਾਮਦਾਸ' ਸਤਿਗੁਰੂ ਕਹਾਇਆ। ਉਸ ਸੋਢੀ ਗੁਰੂ ਰਾਮਦਾਸ ਜੀ ਨੂੰ ਸ੍ਰੀ ਗੁਰੂ ਅਮਰਦਾਸ ਜੀ ਨੇ ਪਿਛਲੇ ਵਰ ਦਾ ਫਲ ਭਾਵ ਗੁਰ-ਗੱਦੀ ਸੌਂਪ ਦਿੱਤੀ ਤੇ ਆਪ ਬੈਠੁੰਕ ਧਾਮ ਨੂੰ ਚਲੇ ਗਏ॥੮॥

**ਸ੍ਰੀ ਨਾਨਕ ਅੰਗਦਿ ਕਰਿ ਮਾਨਾ॥ ਅਮਰਦਾਸ ਅੰਗਦ ਪਹਿਚਾਨਾ॥**
**ਅਮਰਦਾਸ ਰਾਮਦਾਸ ਕਹਾਯੋ॥ ਸਾਧਨਿ ਲਖਾ ਮੂੜ੍ਹ ਨਹਿ ਪਾਯੋ॥ ੯॥**

ਸਿੱਖਾਂ ਨੇ ਗੁਰੂ ਨਾਨਕ ਜੀ ਨੂੰ ਹੀ ਗੁਰੂ ਅੰਗਦ ਦੇਵ ਜੀ ਦੇ ਰੂਪ ਵਿਚ ਮੰਨਿਆਂ। ਗੁਰੂ ਅਮਰਦਾਸ ਜੀ ਨੂੰ ਗੁਰੂ ਅੰਗਦ ਜੀ ਦਾ ਸਰੂਪ ਜਾਣਿਆਂ। ਗੁਰੂ ਅਮਰਦਾਸ ਜੀ ਨੇ ਗੁਰੂ ਰਾਮਦਾਸ ਕਹਾਇਆ। ਇਸ ਭੇਦ ਨੂੰ ਗੁਰੂ ਸਿੱਖਾਂ ਨੇ ਜਾਣ ਲਿਆ, ਪਰ ਮੂਰਖ ਇਸ ਰਾਜ਼ ਨੂੰ ਨਾ ਸਮਝ ਸਕੇ॥੯॥

**ਭਿੰਨ ਭਿੰਨ ਸਭਹੂੰ ਕਰਿ ਜਾਨਾ॥ ਏਕ ਰੂਪ ਕਿਨਹੂੰ ਪਹਿਚਾਨਾ॥**
**ਜਿਨ ਜਾਨਾ ਤਿਨ ਹੀ ਸਿਧ ਪਾਈ॥ ਬਿਨ ਸਮਝੇ ਸਿਧ ਹਾਥ ਨ ਆਈ॥ ੧੦॥**

ਬੇਮੁਖ ਤੇ ਭੁਲੜ ਲੋਕਾਂ ਨੇ ਇਹਨਾਂ ਚੌਹਾਂ ਸਤਿਗੁਰੂਆਂ ਨੂੰ ਅੱਡੋ ਅੱਡ ਸਮਝਿਆ। ਸਾਰਿਆਂ ਸਤਿਗੁਰੂਆਂ ਨੂੰ ਕਿਸੇ ਗੁਰਮੁਖ ਨੇ ਹੀ ਇਕੋ ਰੂਪ ਜਾਣਿਆਂ। ਜਿਸ ਨੇ ਇਹਨਾਂ ਗੁਰੂਆਂ ਨੂੰ ਇਕੋ ਜੋਤ ਜਾਣਕੇ ਇਕੋ ਸਰੂਪ ਵੇਖਿਆ, ਉਸ ਨੇ ਮੁਕਤੀ ਪ੍ਰਾਪਤ ਕਰ ਲਈ। ਬਿਨਾਂ ਇਸ ਗੱਲ ਨੂੰ ਸਮਝਿਆਂ ਕਿਸੇ ਨੂੰ ਮੁਕਤੀ ਨਾ ਮਿਲੀ॥੧੦॥

**ਰਾਮਦਾਸ ਹਰਿ ਸੋਂ ਮਿਲ ਗਏ॥ ਗੁਰਤਾ ਦੇਤ ਅਰਜਨਹਿ ਭਏ॥**
**ਜਬ ਅਰਜਨ ਪ੍ਰਭੁ ਲੋਕ ਸਿਧਾਏ॥ ਹਰਿਗੋਬਿੰਦ ਤਿਹ ਠਾਂ ਠਹਰਾਏ॥ ੧੧॥**

ਆਪਣੀ ਆਯੂ ਪੂਰੀ ਕਰਕੇ ਸ੍ਰੀ ਗੁਰੂ ਰਾਮਦਾਸ ਜੀ ਹਰੀ ਵਿਚ ਅਭੇਦ ਹੋ ਗਏ ਤੇ ਗੁਰਗੱਦੀ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸੌਂਪ ਗਏ। ਜਦੋਂ ਗੁਰੂ ਅਰਜਨ ਦੇਵ ਜੀ ਜੋਤੀ ਜੋਤ ਸਮਾ ਗਏ ਤਾਂ ਉਹਨਾਂ ਦੀ ਥਾਂ ਤੇ ਸ੍ਰੀ ਗੁਰੂ ਹਰਿਗੋਬਿੰਦ ਜੀ ਨੂੰ ਸਥਿਤ ਕੀਤਾ ਗਿਆ॥੧੧॥

**ਹਰਿਗੋਬਿੰਦ ਪ੍ਰਭ ਲੋਕ ਸਿਧਾਰੇ॥ ਹਰੀਰਾਇ ਤਿਹ ਠਾਂ ਬੈਠਾਰੇ॥**
**ਹਰੀਕ੍ਰਿਸ਼ਨ ਤਿਨ ਕੇ ਸੁਤ ਵਏ॥ ਤਿਨ ਤੇ ਤੇਗ ਬਹਾਦਰ ਭਏ॥ ੧੨॥**

ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਸਚਖੰਡ ਚਲੇ ਜਾਣ ਤੇ ਸ੍ਰੀ ਗੁਰੂ ਹਰਿਰਾਏ ਜੀ ਗੁਰ-ਗੱਦੀ ਤੇ ਸੁਭਾਇਮਾਨ ਹੋਏ। ਫਿਰ ਉਹਨਾਂ ਤੋਂ ਪਿਛੋਂ ਉਹਨਾਂ ਦੇ ਸਪੁੱਤਰ ਸ੍ਰੀ ਹਰਿਕ੍ਰਿਸ਼ਨ ਜੀ ਗੱਦੀ ਤੇ ਬੈਠੇ। ਉਹਨਾਂ ਤੋਂ ਮਗਰੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਗੁਰੂ ਬਣੇ॥੧੨॥

ਉਹਨਾਂ ਦਿਨਾਂ ਵਿਚ ਔਰੰਗਜ਼ੇਬ ਬਾਦਸ਼ਾਹ ਦੇ ਜ਼ੁਲਮਾਂ ਤੋਂ ਪੀੜਤ ਹੋਏ ਦੁਖੀ ਬ੍ਰਾਹਮਣਾਂ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਚਰਨਾਂ ਵਿਚ ਪਹੁੰਚਕੇ ਸਹਾਇਤਾ ਲਈ ਪੁਕਾਰ ਕੀਤੀ। ਸਤਿਗੁਰੂ ਜੀ ਦੁਖੀ ਹਿੰਦੂਆਂ ਦਾ ਦੁਖ ਨਵਿਰਤ ਕਰਨ ਲਈ ਆਪਣਾ ਬਲੀਦਾਨ ਦੇਣ ਲਈ ਪੁੱਜੇ।

**ਤਿਲਕ ਜੰਞੂ ਰਾਖਾ ਪ੍ਰਭ ਤਾਕਾ॥ ਕੀਨੋ ਬਡੋ ਕਲੂ ਮਹਿ ਸਾਕਾ॥**
**ਸਾਧਨਿ ਹੇਤਿ ਇਤੀ ਜਿਨਿ ਕਰੀ॥ ਸੀਸੁ ਦੀਆ ਪਰੁ ਸੀ ਨ ਉਚਰੀ॥੧੩॥**

ਆਪਣਾ ਬਲੀਦਾਨ ਦੇ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਹਿੰਦੂ ਧਰਮ ਦੇ ਜੰਞੂ ਤੇ ਤਿਲਕ ਨੂੰ ਬਚਾ ਲਿਆ। ਕਲਿਜੁਗ ਵਿਚ ਸ਼ਹੀਦੀ ਪਾ ਕੇ ਸਤਿਗੁਰੂ ਜੀ ਨੇ ਬੜਾ ਵਡਾ ਸਾਕਾ ਕਰ ਦਿਖਾਇਆ। ਸੰਤਾਂ ਭਗਤਾਂ ਤੇ ਭਲੇ ਪੁਰਸ਼ਾਂ ਦੀ ਖਾਤਰ ਸਤਿਗੁਰੂ ਜੀ ਨੇ ਕੁਰਬਾਨੀ ਦੀ ਹੱਦ ਕਰ ਦਿੱਤੀ। ਆਪਣਾ ਸੀਸ ਕੁਰਬਾਨ ਕਰ ਦਿੱਤਾ, ਪਰ ਮੂੰਹੋ 'ਸੀ' ਤਕ ਨਾ ਉਚਾਰੀ॥੧੩॥

**ਧਰਮ ਹੇਤ ਸਾਕਾ ਜਿਨਿ ਕੀਆ॥ ਸੀਸੁ ਦੀਆ ਪਰੁ ਸਿਰਰੁ ਨ ਦੀਆ॥**
**ਨਾਟਕ ਚੇਟਕ ਕੀਏ ਕੁਕਾਜਾ॥ ਪ੍ਰਭ ਲੋਗਨ ਕਹ ਆਵਤ ਲਾਜਾ॥੧੪॥**

ਸਤਿਗੁਰੂ ਜੀ ਧਰਮ ਦੀ ਰਖਿਆ ਲਈ ਇਹ ਮਹਾਨ ਸਾਕਾ ਕੀਤਾ। ਆਪਣਾ ਸੀਸ ਵਾਰ ਦਿੱਤਾ, ਪਰ ਆਪਣੇ ਹਠ ਪ੍ਰਤੱਗਿਆ ਨੂੰ ਨਾ ਛਡਿਆ। ਔਰੰਗਜ਼ੇਬ ਇਸ ਗੱਲ ਤੇ ਜ਼ੋਰ ਦਿੰਦਾ ਸੀ ਕਿ ਗੁਰੂ ਜੀ ਕੋਈ ਕਰਾਮਾਤ ਦਿਖਾਉਣ, ਪਰ ਸਤਿਗੁਰਾਂ ਨੇ ਕੋਈ ਕਰਾਮਾਤ ਨਾ ਦਿਖਾਈ, ਕਿਉਂਕਿ ਸਤਿਗੁਰੂ ਜੀ ਕਰਾਮਾਤ ਦਿਖਾਉਣੀ ਪ੍ਰਭੂ ਦੇ ਭਾਣੇ ਦੀ ਉਲੰਘਣਾ ਸਮਝਦੇ ਸਨ। ਉਹ ਕਰਾਮਾਤ ਨੂੰ ਨਾਟਕ ਚੇਟਕ ਸਮਝਦੇ ਸਨ,ਨਾਟਕ ਤੇ ਚੇਟਕ ਆਦਿ ਭੈੜੇ ਕਰਮ ਕਰਦਿਆਂ ਭਗਤ ਜਨਾਂ ਨੂੰ ਲਜਿਆ ਆਉਂਦੀ ਹੈ, ਇਸ ਲਈ ਉਹ ਅਜਿਹੇ ਬੁਰੇ ਕਰਮ ਨਹੀਂ ਕਰਦੇ॥੧੪॥

**ਦੋਹਰਾ॥ ਠੀਕਰਿ ਫੋਰਿ ਦਿਲੀਸਿ ਸਿਰਿ ਪ੍ਰਭ ਪੁਰ ਕੀਆ ਪਯਾਨ॥**
**ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ॥੧੫॥**

ਔਰੰਗਜ਼ੇਬ ਬਾਦਸ਼ਾਹ ਦੇ ਸਿਰ ਤੇ ਆਪਣਾ ਦੇਹ ਰੂਪ ਠੀਕਰਾ ਭੰਨਕੇ ਸਤਿਗੁਰੂ ਤੇਗ ਬਹਦਰ ਸਚਖੰਡ ਨੂੰ ਚਲੇ ਗਏ। ਗੁਰੂ ਤੇਗ ਬਹਾਦਰ ਜੀ ਵਰਗੀ ਕਰੜੀ ਤੇ ਔਖੀ ਕਰਨੀ ਅੱਜ ਤਕ ਕਿਸੇ ਨਹੀਂ ਕੀਤੀ॥੧੫॥

**ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ॥**
**ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰਲੋਕ॥੧੬॥**

ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਪ੍ਰਾਪਤ ਕਰ ਜਾਣ ਤੇ ਸਾਰੇ ਜਗਤ ਵਿਚ ਬੜਾ ਸ਼ੋਕ ਹੋਇਆ। ਸਾਰੇ ਸੰਸਾਰ ਵਿਚ ਹਾਹਾਕਾਰ ਮਚ ਗਈ। ਸਵਰਗ ਵਿਚ ਸਤਿਗੁਰੂ ਜੀ ਦੇ ਜਾਣ ਨਾਲ ਸਭ ਦੇਵਤਿਆਂ ਨੇ ਖੁਸ਼ੀਆਂ ਮਨਾਈਆਂ ਤੇ ਜੈਜੈਕਾਰ ਕੀਤੀ॥੧੬॥

ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਪਾਤਿਸ਼ਾਹੀ ਬਰਨਨੰ ਨਾਮ ਪੰਚਮੋ ਧਿਆਇ ਸਮਾਪਤਮ ਸਤੁ ਸੁਭਮ ਸਤੁ॥੫॥੨੧੫॥ ਅਫਜੂੰ॥

ਸ੍ਰੀ ਬਚਿੱਤਰ ਨਾਟਕ ਗ੍ਰੰਥ, ਪਾਤਸ਼ਾਹੀ ਵਰਣਨ, ਅਧਿਆਏ ਪੰਜਵਾਂ ਸਮਾਪਤ॥ ਸਤ ਸੁਭਮ ਸਤ॥੫॥੨੧੫॥ ਚਲਦਾ॥

ਇਸ ਪੰਜਵੇਂ ਅਧਿਆਏ ਵਿਚ ਸਤਿਗੁਰੂ ਜੀ ਨੇ ਇਹ ਕਥਾ ਵਰਣਨ ਕੀਤੀ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਹੋਣ ਤੋਂ ਪਹਿਲਾਂ ਹੀ ਬੇਦੀ ਬੰਸ ਵਾਲਿਆਂ ਦਾ ਰਾਜ ਖਤਮ ਹੋ ਗਿਆ ਤੇ ਉਹ ਸਾਧਾਰਨ ਖੇਤੀਬਾੜੀ ਦਾ ਕੰਮ ਕਰਨ ਲੱਗ ਪਏ। ਉਹਨਾਂ ਬੇਦੀਆਂ ਦੀ ਵੰਸ਼ ਵਿਚ ਸ੍ਰੀ ਕਾਲੂ ਜੀ ਦੇ ਗ੍ਰਿਹਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਵਤਾਰ ਹੋਇਆ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਉਹਨਾਂ ਦੇ ਅੱਠ ਸਰੂਪ ਗੁਰੂ ਹੋਰ ਹੋਏ, ਜਿਨ੍ਹਾਂ ਨੇ ਜਗਤ ਦੇ ਕਲਿਆਣ ਲਈ ਸੱਚੇ ਧਰਮ ਦਾ ਪ੍ਰਚਾਰ ਕੀਤਾ। ਨੌਵੇਂ ਸਤਿਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਔਰੰਗਜ਼ੇਬ ਦੇ ਜ਼ੁਲਮਾਂ ਤੋਂ ਹਿੰਦੂ ਧਰਮ ਨੂੰ ਬਚਾਉਣ ਲਈ ਆਪਣਾ ਬਲੀਦਾਨ ਦਿੱਲੀ ਵਿਚ ਦਿੱਤਾ। ਕਈ ਅਗਿਆਨੀ ਪੁਰਸ਼ਾਂ ਨੇ ਇਹਨਾਂ ਨੌਂ ਸਤਿਗੁਰਾਂ ਨੂੰ ਅੱਡੋ ਅੱਡ ਜਾਣਿਆਂ, ਉਹ ਆਦਮੀ ਇਹਨਾਂ ਦੀ ਰਹਿਮਤ ਤੋਂ ਵੰਚਿਤ ਰਹੇ। ਜਿੰਨ੍ਹਾਂ ਅਗਿਆਨੀਆਂ ਨੇ ਇਹਨਾਂ ਨੌਂ ਸਰੂਪਾਂ ਨੂੰ ਇਕ ਜੋਤ ਕਰਕੇ ਜਾਣਿਆਂ, ਉਹ ਇਹਨਾਂ ਦੀ ਸਿਖਿਆ ਧਾਰਨ ਕਰਕੇ ਆਪ ਵੀ ਤਰ ਗਏ ਤੇ ਉਹਨਾਂ ਹੋਰ ਅਨੇਕਾਂ ਪੁਰਸ਼ਾਂ ਦਾ ਵੀ ਪਾਰ ਉਤਾਰ ਦਿੱਤਾ।

# ਅਧਿਆਏ ਛੇਵਾਂ

## ਅਕਾਲ ਪੁਰਖ ਵਲੋਂ ਜਗ ਪ੍ਰਵੇਸ਼ ਆਗਿਆ

**ਚੌਪਈ॥ ਅਬ ਮੈ ਅਪਨੀ ਕਥਾ ਬਖਾਨੋ॥ ਤਪ ਸਾਧਤ ਜਿਹ ਬਿਧਿ ਮੁਹਿ ਆਨੋ॥
ਹੇਮਕੁੰਟ ਪਰਬਤ ਹੈ ਜਹਾਂ॥ ਸਪਤਸ੍ਰਿੰਗ ਸੋਭਿਤ ਹੈ ਤਹਾਂ॥੧॥**

ਹੁਣ ਮੈਂ ਆਪਣੀ ਜਨਮ ਕਥਾ ਵਰਣਨ ਕਰਦਾ ਹਾਂ, ਜਿਸ ਤਰ੍ਹਾਂ ਤਪ ਕਰਦਿਆਂ ਮੈਨੂੰ ਇਸ ਲੋਕ ਵਿਚ ਲਿਆਂਦਾ ਗਿਆ। ਜਿਥੇ ਹੇਮਕੁੰਟ ਨਾਮ ਦਾ ਪਰਬਤ ਹੈ, ਓਥੇ ਸੱਤ ਉੱਚੀਆਂ ਚੋਟੀਆਂ ਸ਼ੋਭਦੀਆਂ ਹਨ॥੧॥

**ਸਪਤਸ੍ਰਿੰਗ ਤਿਹ ਨਾਮੁ ਕਹਾਵਾ॥ ਪੰਡੁ ਰਾਜ ਜਹ ਜੋਗੁ ਕਮਾਵਾ॥
ਤਹ ਹਮ ਅਧਿਕ ਤਪੱਸਿਆ ਸਾਧੀ॥ ਮਹਾਂਕਾਲ ਕਾਲਿਕਾ ਅਰਾਧੀ॥੨॥**

ਉਸ ਅਸਥਾਨ ਦਾ ਨਾਮ 'ਸਪਤ ਸ੍ਰਿੰਗ' ਕਿਹਾ ਜਾਂਦਾ ਹੈ, ਜਿਥੇ ਕਿ ਪੰਡੂ ਰਾਜੇ ਨੇ ਜੋਗ ਕਮਾਇਆ ਸੀ। ਉਸ ਅਸਥਾਨ ਤੇ ਬੈਠਕੇ ਮੈਂ ਬੜੀ ਕਠਨ ਤਪੱਸਿਆ ਕੀਤੀ ਤੇ ਬੜਾ ਸਮਾਂ ਮਹਾਂਕਾਲ ਪ੍ਰਭੂ ਦੀ ਅਰਾਧਨਾ ਕੀਤੀ॥ ੨॥

**ਇਹ ਬਿਧਿ ਕਰਤ ਤਪੱਸਿਆ ਭਯੋ॥ ਦ੍ਵੈ ਤੇ ਏਕ ਰੂਪ ਹ੍ਵੈ ਗਯੋ॥**
**ਤਾਤ ਮਾਤ ਮੁਰ ਅਲਖ ਅਰਾਧਾ॥ ਬਹੁ ਬਿਧਿ ਜੋਗ ਸਾਧਨਾ ਸਾਧਾ॥ ੩॥**

ਮੈਂ ਉਸ ਅਸਥਾਨ ਤੇ ਆਸਣ ਲਾ ਕੇ ਇਸ ਪ੍ਰਕਾਰ ਘੋਰ ਤਪੱਸਿਆ ਕੀਤੀ ਕਿ ਮੈਂ ਤੇ ਪ੍ਰਭੂ ਇਕ ਰੂਪ ਹੋ ਗਏ, ਸਾਡੇ ਦੋਹਾਂ ਵਿਚ ਕੋਈ ਭੇਦ ਨਾ ਰਿਹਾ। ਉਧਰ ਮੇਰੇ ਮਾਤਾ ਪਿਤਾ ਵੀ ਉਸ ਅਲਖ ਪ੍ਰਭੂ ਦੀ ਅਰਾਧਨਾ ਵਿਚ ਜੁੜੇ ਰਹਿੰਦੇ ਸਨ। ਉਹਨਾਂ ਵੀ ਕਈ ਪ੍ਰਕਾਰ ਦੀ ਜੋਗ ਸਾਧਨਾ ਸਾਧੀ॥ ੩॥

**ਤਿਨ ਜੋ ਕਰੀ ਅਲਖ ਕੀ ਸੇਵਾ॥ ਤਾ ਤੇ ਭਏ ਪ੍ਰਸੰਨਿ ਗੁਰਦੇਵਾ॥**
**ਤਿਨ ਪ੍ਰਭ ਜਬ ਆਇਸ ਮੁਹਿ ਦੀਯਾ॥ ਤਬ ਹਮ ਜਨਮ ਕਲੂ ਮਹਿ ਲੀਯਾ॥ ੪॥**

ਮੇਰੇ ਮਾਤਾ ਪਿਤਾ ਨੇ ਪ੍ਰਭੂ ਦੀ ਐਨੀ ਅਰਾਧਨਾ ਤੇ ਸੇਵਾ ਕੀਤੀ, ਜਿਸ ਨਾਲ ਵਾਹਿਗੁਰੂ ਬੜੇ ਪ੍ਰਸੰਨ ਹੋਏ। ਉਹ ਪਾਰਬ੍ਰਹਮ ਨੇ ਜਦੋਂ ਮੈਨੂੰ ਆਗਿਆ ਦਿੱਤੀ, ਤਦੋਂ ਮੈਂ ਇਸ ਕਲਿਜੁਗ ਵਿਚ ਜਨਮ ਲਿਆ॥ ੪॥

**ਚਿਤ ਨ ਭਯੋ ਹਮਰੋ ਆਵਨ ਕਹਿ॥ ਚੁਭੀ ਰਹੀ ਸ੍ਰੁਤਿ ਪ੍ਰਭੁ ਚਰਨਨ ਮਹਿ॥**
**ਜਿਉ ਤਿਉ ਪ੍ਰਭ ਹਮ ਕੋ ਸਮਝਾਯੋ॥ ਇਮ ਕਹਿ ਕੈ ਇਹ ਲੋਕ ਪਠਾਯੋ॥ ੫॥**

ਮੇਰਾ ਮਨ ਇਸ ਮਾਤਲੋਕ ਵਿਚ ਆਉਣ ਨੂੰ ਨਹੀਂ ਸੀ ਕਰਦਾ, ਕਿਉਂਕਿ ਮੇਰੀ ਸੁਰਤੀ ਪ੍ਰਭੂ ਜੀ ਦੇ ਚਰਨਾਂ ਵਿਚ ਲੱਗੀ ਹੋਈ ਸੀ। ਪ੍ਰਭੂ ਨੇ ਬੜਾ ਜ਼ੋਰ ਦੇ ਕੇ ਮੈਨੂੰ ਸਮਝਾਇਆ ਤੇ ਇਹ ਬਚਨ ਕਹਿਕੇ ਇਸ ਲੋਕ ਵਿਚ ਮੈਨੂੰ ਭੇਜਿਆ॥ ੫॥

## ਅਕਾਲਪੁਰਖ ਬਾਚ ਇਸ ਕੀਟ ਪ੍ਰਤਿ

**ਚੌਪਈ॥ ਜਬ ਪਹਿਲੇ ਹਮ ਸ੍ਰਿਸ਼ਟਿ ਬਨਾਈ॥ ਦਈਤ ਰਚੇ ਦੁਸ਼ਟ ਦੁਖਦਾਈ॥**
**ਤੇ ਭੁਜ ਬਲ ਬਵਰੇ ਹ੍ਵੈ ਗਏ॥ ਪੂਜਤ ਪਰਮ ਪੁਰਖ ਰਹਿ ਗਏ॥ ੬॥**

ਜਦੋਂ ਮੈਂ ਪਹਿਲੇ ਇਸ ਸ੍ਰਿਸ਼ਟੀ ਦੀ ਰਚਨਾ ਕੀਤੀ ਤਾਂ ਸਭ ਤੋਂ ਪਹਿਲਾਂ ਮੈਂ ਦੈਂਤ ਬਣਾਏ। ਉਹ ਦੁਸ਼ਟ ਆਪਣੀਆਂ ਬਾਹਵਾਂ ਦੇ ਬਲ ਵਿਚ ਐਨੇ ਮਸਤ ਹੋ ਗਏ ਕਿ ਮੈਂ ਜੋ ਪਰਮ ਪੁਰਖ ਹਾਂ, ਮੇਰੀ ਪੂਜਾ ਕਰਨ ਤੋਂ ਹੱਟ ਗਏ॥ ੬॥

**ਤੇ ਹਮ ਤਮਕਿ ਤਨਕ ਮੋ ਖਾਪੇ॥ ਤਿਨ ਕੀ ਠਉਰ ਦੇਵਤਾ ਥਾਪੇ॥**

**ਤੇ ਭੀ ਬਲ ਪੂਜਾ ਉਰਝਾਏ ॥ ਆਪਨ ਹੀ ਪਰਮੇਸ਼ਰ ਕਹਾਏ ॥ ੭ ॥**

ਉਹਨਾਂ ਦੈਂਤਾਂ ਨੂੰ ਮੈਂ ਆਪਣੇ ਕਰੋਧ ਨਾਲ ਇਕ ਛਿਨ ਵਿਚ ਨਾਸ ਕਰ ਦਿੱਤਾ ਤੇ ਉਹਨਾਂ ਦੀ ਜਗ੍ਹਾ ਦੇਵਤਿਆਂ ਨੂੰ ਬਣਾਇਆ। ਉਹ ਦੇਵਤੇ ਵੀ ਆਪਣੀ ਪੂਜਾ ਕਰਾਉਣ ਵਿਚ ਫੱਸ ਗਏ ਤੇ ਆਪਣੇ ਆਪ ਨੂੰ ਪਰਮੇਸ਼ਰ ਕਹਾਉਣ ਲੱਗ ਪਏ॥ ੭॥

**ਮਹਾਂਦੇਵ ਅਚੁਤ ਕਹਵਾਯੋ ॥ ਬਿਸ਼ਨ ਆਪ ਹੀ ਕੋ ਠਹਰਾਯੋ ॥**
**ਬ੍ਰਹਮਾ ਆਪ ਪਾਰਬ੍ਰਹਮ ਬਖਾਨਾ ॥ ਪ੍ਰਭ ਕੋ ਪ੍ਰਭੂ ਨ ਕਿਨਹੂੰ ਜਾਨਾ ॥ ੮ ॥**

ਸ਼ਿਵਜੀ ਨੇ ਆਪਣੇ ਆਪ ਨੂੰ 'ਅਚੁਤ' ਕਹਾਇਆ। ਵਿਸ਼ਨੂੰ ਨੇ ਆਪਣੇ ਆਪ ਨੂੰ ਪਰਮੇਸ਼ਰ ਕਾਇਮ ਕਰ ਲਿਆ। ਬ੍ਰਹਮਾ ਆਪਣੇ ਆਪ ਨੂੰ ਪਾਰਬ੍ਰਹਮ ਕਹਾਉਣ ਲੱਗ ਪਿਆ। ਪ੍ਰਭੂ ਨੂੰ ਕਿਸੇ ਦੇਵਤੇ ਨੇ ਵੀ ਪ੍ਰਭੂ ਕਰਕੇ ਨਾ ਜਾਣਿਆਂ॥ ੮॥

**ਤਬ ਸਾਖੀ ਪ੍ਰਭ ਅਸ਼ਟ ਬਨਾਏ ॥ ਸਾਖ ਨਮਿਤ ਦੇਬੇ ਠਹਰਾਏ ॥**
**ਤੇ ਕਹੈ ਕਰੋ ਹਮਾਰੀ ਪੂਜਾ ॥ ਹਮ ਬਿਨ ਅਵਰੁ ਨ ਠਾਕੁਰੁ ਦੂਜਾ ॥ ੯ ॥**

ਫਿਰ ਇਸ ਤੋਂ ਪਿਛੋਂ ਪ੍ਰਭੂ ਨੇ ਪ੍ਰਿਥਵੀ, ਧ੍ਰਵ, ਚੰਦ੍ਰਮਾਂ, ਸੂਰਜ, ਅਗਨੀ, ਪਵਨ, ਪ੍ਰਤਯੂਸ਼ ਤੇ ਪ੍ਰਭਾਸ਼ ਅੱਠ ਸਾਖੀ ਬਣਾਏ। ਇਹਨਾਂ ਨੂੰ ਜੀਵਾਂ ਦੇ ਕਰਮਾਂ ਦੀ ਗਵਾਹੀ ਦੇਣ ਲਈ ਥਾਪਿਆ। ਉਹ ਵੀ ਪ੍ਰਭੂ ਨੂੰ ਭੁਲਕੇ ਕਹਿਣ ਲੱਗ ਪਏ ਕਿ ਸਾਡੀ ਹੀ ਪੂਜਾ ਕਰੋ, ਸਾਡੇ ਤੋਂ ਬਿਨਾਂ ਹੋਰ ਕੋਈ ਇਸ ਸ੍ਰਿਸ਼ਟੀ ਦਾ ਮਾਲਕ ਨਹੀਂ॥ ੯॥

**ਪਰਮ ਤੱਤ ਕੋ ਜਿਨਿ ਨ ਪਛਾਨਾ ॥ ਤਿਨ ਕਰਿ ਈਸ਼ਰ ਤਿਨ ਕਹੁ ਮਾਨਾ ॥**
**ਕੇਤੇ ਸੂਰ ਚੰਦ ਕਹੁ ਮਾਨੈ ॥ ਅਗਨਹੋਤ੍ਰ ਕਈ ਪਵਨ ਪ੍ਰਮਾਨੈ ॥ ੧੦ ॥**

ਜਿਨ੍ਹਾਂ ਪੁਰਸ਼ਾਂ ਨੇ ਪਰਮੇਸ਼ਰ ਨੂੰ ਨਾ ਪਛਾਣਿਆਂ, ਉਹਨਾਂ ਨੇ ਇਨ੍ਹਾਂ ਅੱਠ ਸਾਖੀਆਂ ਨੂੰ ਹੀ ਪਰਮੇਸ਼ਰ ਕਰਕੇ ਮੰਨ ਲਿਆ। ਕਈ ਪੁਰਸ਼ ਸੂਰਜ ਤੇ ਚੰਦਰਮਾਂ ਦੀ ਪੂਜਾ ਕਰਨ ਲੱਗ ਪਏ ਤੇ ਕਈ ਅਗਨੀ ਤੇ ਪਵਨ ਨੂੰ ਮੰਨਣ ਲੱਗ ਪਏ॥ ੧੦॥

**ਕਿਨਹੂੰ ਪ੍ਰਭੁ ਪਾਹਨ ਪਹਿਚਾਨਾ ॥ ਨ੍ਹਾਤਿ ਕਿਤੇ ਜਲ ਕਰਤ ਬਿਧਾਨਾ ॥**
**ਕੇਤਕ ਕਰਮ ਕਰਤ ਡਰਪਾਨਾ ॥ ਧਰਮਰਾਜ ਕੋ ਧਰਮ ਪਛਾਨਾ ॥ ੧੧ ॥**

ਕਿਸੇ ਨੇ ਪੱਥਰਾਂ ਦੀਆਂ ਮੂਰਤਾਂ ਬਣਾਕੇ ਉਹਨਾਂ ਦੀ ਪੂਜਾ ਆਰੰਭ ਦਿੱਤੀ। ਕੋਈ ਤੀਰਥਾਂ ਦੇ ਇਸ਼ਨਾਨ ਕਰਨ ਨੂੰ ਹੀ ਮਹਾਨ ਸਮਝਣ ਲੱਗ ਪਿਆ। ਕਈ ਕਰਮ ਕਾਂਡਾਂ ਨੂੰ ਕਰਨ ਲੱਗ ਪਏ ਤੇ ਮਨ ਵਿਚ ਇਹਨਾਂ ਤੋਂ ਡਰਨ ਲੱਗ ਪਏ ਅਤੇ ਕਈਆਂ ਨੇ ਧਰਮਰਾਜ ਨੂੰ ਹੀ ਪਰਮੇਸ਼ਰ ਮੰਨ ਲਿਆ॥ ੧੧॥

**ਜੇ ਪ੍ਰਭ ਸਾਖ ਨਮਿਤ ਠਹਰਾਏ ॥ ਤੇ ਹਿਆਂ ਆਇ ਪ੍ਰਭੂ ਕਹਵਾਏ ॥**

**ਤਾਕੀ ਬਾਤ ਬਿਸਰ ਜਾਤੀ ਭੀ॥ ਅਪਨੀ ਅਪਨੀ ਪਰਤ ਸੋਭ ਭੀ॥ ੧੨॥**

ਜਿਨ੍ਹਾਂ ਅੱਠ ਸਾਖੀਆਂ ਨੂੰ ਜੀਵਾਂ ਦੇ ਕਰਮਾਂ ਦੀ ਗਵਾਹੀ ਦੇਣ ਲਈ ਇਸ ਸੰਸਾਰ ਵਿਚ ਘਲਿਆ ਗਿਆ ਸੀ, ਉਹ ਇਥੇ ਆ ਕੇ ਆਪਣੇ ਆਪ ਨੂੰ ਪਰਮੇਸ਼ਰ ਕਹਾਉਣ ਲੱਗ ਪਏ। ਉਹਨਾਂ ਨੂੰ ਪ੍ਰਭੂ ਦੀ ਸਾਰੀ ਗੱਲ ਹੀ ਭੁੱਲ ਗਈ ਤੇ ਉਹ ਆਪੋ ਆਪਣੀ ਵਡਿਆਈ ਕਰਾਉਣ ਲੱਗ ਪਏ॥ ੧੨॥

**ਜਬ ਪ੍ਰਭ ਕੋ ਨ ਤਿਨੈ ਪਹਿਚਾਨਾ॥ ਤਬ ਹਰਿ ਇਨ ਮਨੁਛਨ ਠਹਰਾਨਾ॥**
**ਤੇ ਭੀ ਬਸਿ ਮਮਤਾ ਹੁਇ ਗਏ॥ ਪਰਮੇਸ਼ਰ ਪਾਹਨ ਠਹਰਏ॥ ੧੩॥**

ਜਦੋਂ ਇਹਨਾਂ ਸਾਰਿਆਂ ਨੇ ਪ੍ਰਭੂ ਨੂੰ ਨਾ ਪਛਾਣਿਆਂ ਤਦ ਪ੍ਰਭੂ ਨੇ ਮਨੁੱਖ ਰਚੇ। ਉਹ ਮਨੁੱਖ ਵੀ ਮਮਤਾ ਵੱਸ ਹੋ ਗਏ ਤੇ ਪੱਥਰਾਂ ਨੂੰ ਪਰਮੇਸ਼ਰ ਸਮਝਣ ਲੱਗ ਪਏ॥ ੧੩॥

**ਤਬ ਹਰਿ ਸਿੱਧ ਸਾਧ ਠਹਿਰਾਏ॥ ਤਿਨ ਭੀ ਪਰਮ ਪੁਰਖ ਨਹੀ ਪਾਏ॥**
**ਜੇ ਕੋਈ ਹੋਤ ਭਯੋ ਜਗਿ ਸਿਆਨਾ॥ ਤਿਨ ਤਿਨ ਅਪਨੋ ਪੰਥੁ ਚਲਾਨਾ॥ ੧੪॥**

ਫਿਰ ਪ੍ਰਭੂ ਨੇ ਬੜੀਆਂ ਬੜੀਆਂ ਸਿੱਧੀਆਂ ਕਰਨ ਵਾਲੇ ਸਿੱਧਾਂ ਨੂੰ ਬਣਾਇਆ। ਉਹਨਾਂ ਨੇ ਵੀ ਪਰਮੇਸ਼ਰ ਨੂੰ ਪ੍ਰਾਪਤ ਨਾ ਕੀਤਾ। ਜਿਹੜਾ ਜਿਹੜਾ ਪੁਰਸ਼ ਇਸ ਜਗਤ ਵਿਚ ਸਿਆਣਾ ਹੋਇਆ ਉਸ ਨੇ ਹੀ ਆਪੋ ਆਪਣਾ ਅੱਡਰਾ ਮਤ ਚਲਾ ਲਿਆ॥ ੧੪॥

**ਪਰਮ ਪੁਰਖ ਕਿਨਹੂੰ ਨਹ ਪਾਯੋ॥ ਬੈਰ ਬਾਦ ਹੰਕਾਰ ਬਢਾਯੋ॥**
**ਪੇਡ ਪਾਤ ਆਪਨ ਤੇ ਜਲੈ॥ ਪ੍ਰਭ ਕੈ ਪੰਥ ਨ ਕੋਊ ਚਲੈ॥ ੧੫॥**

ਕਿਸੇ ਨੇ ਵੀ ਪਰਮ ਪੁਰਖ ਵਾਹਿਗੁਰੂ ਨਾ ਲਭਿਆ, ਸਗੋਂ ਵੈਰ ਵਿਰੋਧ ਹੀ ਵਧਾਇਆ। ਜਿਸ ਤਰ੍ਹਾਂ ਬ੍ਰਿਛ ਆਪਣੇ ਪੱਤਿਆਂ ਨਾਲ ਆਪ ਹੀ ਸੜ ਜਾਂਦਾ ਹੈ, ਇਵੇਂ ਇਹ ਵੀ ਵੈਰ ਵਿਰੋਧ ਵਿਚ ਸੜ ਮੋਏ। ਪਰਮੇਸ਼ਰ ਦੇ ਮਾਰਗ ਤੇ ਕੋਈ ਵੀ ਨਾ ਚਲਿਆ॥ ੧੫॥

**ਜਿਨਿ ਜਿਨਿ ਤਨਕਿ ਸਿੱਧ ਕੋ ਪਾਯੋ॥ ਤਿਨ ਤਿਨ ਅਪਨਾ ਰਾਹੁ ਚਲਾਯੋ॥**
**ਪਰਮੇਸ਼ਰ ਨ ਕਿਨਹੂੰ ਪਹਿਚਾਨਾ॥ ਮਮ ਉਚਾਰਤੇ ਭਯੋ ਦਿਵਾਨਾ॥ ੧੬॥**

ਜਿਨ੍ਹਾਂ ਜਿਨ੍ਹਾਂ ਨੇ ਥੋੜੀ ਜਿਹੀ ਸਿੱਧੀ ਭਾਵ ਸ਼ਕਤੀ ਪ੍ਰਾਪਤ ਕਰ ਲਈ, ਉਸ ਨੇ ਹੀ ਆਪੋ ਆਪਣਾ ਵਖਰਾ ਮਾਰਗ ਚਲਾ ਲਿਆ। ਪਾਰਬ੍ਰਹਮ ਨੂੰ ਕਿਸੇ ਨੇ ਵੀ ਨਾ ਪਛਾਣਿਆ ਅਤੇ 'ਮੈਂ' 'ਮੈਂ' ਕਰਦੇ ਕਮਲੇ ਹੋ ਗਏ॥ ੧੬॥

**ਪਰਮ ਤੱਤ ਕਿਨਹੂੰ ਨ ਪਛਾਨਾ॥ ਆਪ ਆਪ ਭੀਤਰਿ ਉਰਝਾਨਾ॥**
**ਤਬ ਜੇ ਜੇ ਰਿਖਰਾਜ ਬਨਾਏ॥ ਤਿਨ ਆਪਨ ਪੁਨਿ ਸਿੰਮ੍ਰਿਤਿ ਚਲਾਏ॥ ੧੭॥**

ਅਕਾਲ ਪੁਰਖ ਨੂੰ ਕਿਸੇ ਨਾ ਪਛਾਣਿਆਂ। ਸਭ ਆਪੋ ਆਪਣੀਆਂ ਉਲਝਣਾਂ ਵਿਚ ਹੀ ਫੱਸ ਗਏ। ਫਿਰ ਪ੍ਰਭੂ ਨੇ ਜਿਹੜੇ ਰਿਸ਼ੀ ਮੁਨੀ ਬਣਾਏ, ਉਹਨਾਂ ਨੇ ਆਪੋ ਆਪਣੇ ਸ਼ਸਤਰਾਂ ਤੇ ਸਿੰਮ੍ਰਿਤੀਆਂ ਦੀ ਰਚਨਾ ਕਰ ਲਈ॥੧੭॥

**ਜੇ ਸਿੰਮ੍ਰਿਤਨ ਕੇ ਭਏ ਅਨੁਰਾਗੀ॥ ਤਿਨ ਤਿਨ ਕ੍ਰਿਆ ਬ੍ਰਹਮ ਕੀ ਤਜਾਗੀ॥**
**ਜਿਨ ਮਨੁ ਹਰਿ ਚਰਨਨ ਠਹਰਾਯੋ॥ ਸੋ ਸਿੰਮ੍ਰਿਤਨ ਕੇ ਰਾਹ ਨ ਆਯੋ॥੧੮॥**

ਜਿਹੜੇ ਸਿੰਮ੍ਰਿਤੀਆਂ ਦੇ ਪ੍ਰੇਮੀ ਬਣ ਗਏ, ਉਹਨਾਂ ਸਾਰਿਆਂ ਨੇ ਪ੍ਰਭੂ ਦੀ ਭਗਤੀ ਛੱਡ ਦਿਤੀ। ਜਿਨ੍ਹਾਂ ਨੇ ਆਪਣਾ ਮਨ ਪ੍ਰਭੂ ਦੇ ਚਰਨਾਂ ਵਿਚ ਜੋੜਿਆ, ਉਹ ਸਿਮ੍ਰਿਤੀਆਂ ਦੇ ਮਾਰਗ ਵਲ ਨਾ ਪਏ॥੧੮॥

**ਬ੍ਰਹਮਾ ਚਾਰ ਹੀ ਬੇਦ ਬਨਾਏ॥ ਸਰਬ ਲੋਕ ਤਿਹ ਕਰਮ ਚਲਾਏ॥**
**ਜਿਨਕੀ ਲਿਵ ਹਰਿ ਚਰਨਨ ਲਾਗੀ॥ ਤੇ ਬੇਦਨ ਤੇ ਭਏ ਤਿਆਗੀ॥੧੯॥**

ਬ੍ਰਹਮਾ ਨੇ ਚਾਰ ਵੇਦਾਂ ਦੀ ਰਚਨਾ ਕੀਤੀ ਤੇ ਸਭ ਲੋਕਾਂ ਨੂੰ ਆਪਣੇ ਵੇਦਾਂ ਵਿਚ ਦੱਸੇ ਹੋਏ ਕਰਮਾਂ ਤੇ ਚਲਾਇਆ। ਜਿਨ੍ਹਾਂ ਪੁਰਸ਼ਾਂ ਦੀ ਲਿਵ ਪ੍ਰਭੂ ਦੇ ਚਰਨਾਂ ਵਿਚ ਜੁੜ ਗਈ, ਉਹਨਾਂ ਨੇ ਵੇਦਾਂ ਦੇ ਮਾਰਗ ਨੂੰ ਤਿਆਗ ਦਿੱਤਾ॥੧੯॥

**ਜਿਨ ਮਤ ਬੇਦ ਕਤੇਬਨ ਤਜਾਗੀ॥ ਪਾਰਬ੍ਰਹਮ ਕੇ ਭਏ ਅਨੁਰਾਗੀ॥**
**ਤਿਨ ਕੇ ਗੂੜ ਮੱਤ ਜੇ ਚਲਹੀ॥ ਭਾਂਤਿ ਅਨੇਕ ਦੂਖਨ ਸੋ ਦਲਹੀ॥੨੦॥**

ਜਿਨ੍ਹਾਂ ਮਨੁੱਖਾਂ ਨੇ ਵੇਦਾਂ ਕਤੇਬਾਂ ਦੀ ਮੱਤ ਨੂੰ ਤਿਆਗ ਦਿੱਤਾ, ਉਹਨਾਂ ਦਾ ਪ੍ਰੇਮ ਹਰੀ ਨਾਲ ਲੱਗ ਗਿਆ। ਉਹਨਾਂ ਪ੍ਰਭੂ-ਭਗਤਾਂ ਦੇ ਚਲਾਏ ਮਾਰਗ ਤੇ ਜਿਹੜੇ ਪੁਰਸ਼ ਚਲਦੇ ਹਨ, ਉਹਨਾਂ ਦੇ ਹਰ ਤਰ੍ਹਾਂ ਦੇ ਕਲੇਸ਼ ਦੂਰ ਹੋ ਜਾਂਦੇ ਹਨ॥੨੦॥

**ਜੇ ਜੇ ਸਹਿਤ ਜਾਤਨ ਸੰਦੇਹ॥ ਪ੍ਰਭ ਕੋ ਸੰਗਿ ਨ ਛੋਡਤ ਨੇਹ॥**
**ਤੇ ਤੇ ਪਰਮਪੁਰੀ ਕਹ ਜਾਹੀ॥ ਤਿਨ ਹਰਿ ਸਿਉ ਅੰਤਰੁ ਕਛੁ ਨਾਹੀ॥੨੧॥**

ਜਿਹੜੇ ਪੁਰਸ਼ ਪ੍ਰਭੂ ਦੇ ਪ੍ਰੇਮ ਨੂੰ ਨਹੀਂ ਛਡਦੇ ਤੇ ਹਰ ਤਰ੍ਹਾਂ ਦੀਆਂ ਔਖਿਆਈਆਂ ਨੂੰ ਸਹਾਰਦੇ ਹਨ, ਉਹ ਸਾਰੇ ਬੈਕੁੰਠ ਧਾਮ ਨੂੰ ਜਾਂਦੇ ਹਨ। ਉਹਨਾਂ ਵਿਚ ਤੇ ਹਰੀ ਵਿਚ ਕੋਈ ਭਿੰਨਤਾ ਨਹੀਂ ਰਹਿੰਦੀ॥੨੧॥

**ਜੇ ਜੇ ਜੀਯ ਜਾਤਨ ਤੇ ਡਰੇ॥ ਪਰਮ ਪੁਰਖ ਤਜਿ ਤਿਨ ਮਗ ਪਰੇ॥**
**ਤੇ ਤੇ ਨਰਕ ਕੁੰਡ ਮੋ ਪਰਹੀ॥ ਬਾਰ ਬਾਰ ਜਗ ਮੋ ਬਪੁ ਧਰਹੀ॥੨੨॥**

ਜਿਹੜੇ ਪੁਰਸ਼ ਪ੍ਰਭੂ-ਮਾਰਗ ਵਿਚ ਆਉਂਦੀਆਂ ਔਖਿਆਈਆਂ ਤੋਂ ਡਰ ਜਾਂਦੇ ਹਨ ਤੇ ਸਤਿ

ਮਾਰਗ ਨੂੰ ਤਿਆਗ ਕੇ ਫਿਰ ਵੇਦਾਂ ਸ਼ਾਸਤ੍ਰਾਂ ਦੇ ਰਸਤੇ ਤੇ ਤੁਰਦੇ ਹਨ, ਉਹ ਸਾਰੇ ਨਰਕ ਕੁੰਡ ਵਿਚ ਪੈਣਗੇ ਤੇ ਮੁੜ ਮੁੜ ਜਨਮ ਲੈਂਦੇ ਰਹਿਣਗੇ॥ ੨੨॥

**ਤਬ ਹਰਿ ਬਹੁਰਿ ਦੱਤ ਉਪਜਾਇਓ॥ ਤਿਨ ਭੀ ਅਪਨਾ ਪੰਥੁ ਚਲਾਇਓ॥**
**ਕਰ ਮੋ ਨਖ ਸਿਰ ਜਟਾ ਸਵਾਰੀ॥ ਪ੍ਰਭ ਕੀ ਕ੍ਰਿਆ ਕਛੂ ਨ ਬਿਚਾਰੀ॥ ੨੩॥**

ਫਿਰ ਪ੍ਰਭੂ ਨੇ ਦੱਤਾ ਤਰੇਅ ਨੂੰ ਉਤਪੰਨ ਕੀਤਾ, ਉਸ ਨੇ ਵੀ ਆਪਣਾ ਪੰਥ ਚਲਾ ਲਿਆ। ਹੱਥਾਂ ਦੇ ਨਹੁੰ ਵਧਾ ਲਏ ਤੇ ਸਿਰ ਜਟਾਂ ਧਾਰਨ ਕਰ ਲਈਆ। ਪ੍ਰਭੂ ਦੇ ਮਿਲਣ ਦੀ ਕੋਈ ਵਿਧੀ ਨਾ ਵਿਚਾਰੀ॥ ੨੩॥

**ਪੁਨਿ ਹਰਿ ਗੋਰਖ ਕੌ ਉਪਰਾਜਾ॥ ਸਿੱਖ ਕਰੇ ਤਿਨਹੂੰ ਬਡ ਰਾਜਾ॥**
**ਸ੍ਰਵਨ ਫਾਰਿ ਮੁੱਦ੍ਰਾ ਦੁਐ ਡਾਰੀ॥ ਹਰਿ ਕੀ ਪ੍ਰੀਤਿ ਰੀਤਿ ਨ ਬਿਚਾਰੀ॥ ੨੪॥**

ਫਿਰ ਪ੍ਰਮੇਸ਼ਰ ਨੇ ਗੋਰਖ ਨੂੰ ਪੈਦਾ ਕੀਤਾ, ਉਸ ਨੇ ਵੀ ਆਪਣਾ ਵਖਰਾ ਮਤ ਚਲਾਕੇ ਵਡੇ ਵਡੇ ਰਾਜਿਆਂ ਨੂੰ ਆਪਣੇ ਚੇਲੇ ਬਣਾ ਲਿਆ। ਉਸ ਨੇ ਆਪਣੇ ਚੇਲਿਆਂ ਦੇ ਕੰਨ ਪਾੜ ਕੇ ਦੋ ਮੁੰਦਰਾਂ ਪਾ ਦਿੱਤੀਆਂ, ਵਾਹਿਗੁਰੂ ਦੇ ਪ੍ਰੇਮ ਦੀ ਰੀਤੀ ਨੂੰ ਉਸ ਨੇ ਵੀ ਨਾ ਵਿਚਾਰਿਆ॥ ੨੪॥

**ਪੁਨਿ ਹਰਿ ਰਾਮਾਨੰਦ ਕੋ ਕਰਾ॥ ਭੇਸ ਬੈਰਾਗੀ ਕੋ ਜਿਨ ਧਰਾ॥**
**ਕੰਠੀ ਕੰਠਿ ਕਾਠ ਕੀ ਡਾਰੀ॥ ਪ੍ਰਭ ਕੀ ਕ੍ਰਿਆ ਨ ਕਛੂ ਬਿਚਾਰੀ॥ ੨੫॥**

ਫਿਰ ਪ੍ਰਭੂ ਨੇ ਰਾਮਾ ਨੰਦ ਨੂੰ ਉਤਪੰਨ ਕੀਤਾ, ਉਸ ਨੇ ਬੈਰਾਗੀ ਭੇਸ ਧਾਰਨ ਕਰ ਲਿਆ ਤੇ ਗਲ ਵਿਚ ਲਕੜ ਦੀ ਮਾਲਾ ਪਾ ਲਈ। ਉਸ ਨੇ ਵੀ ਪ੍ਰਭੂ ਦੀ ਪ੍ਰੇਮਾ-ਭਗਤੀ ਨੂੰ ਨਾ ਵਿਚਾਰਿਆ॥ ੨੫॥

**ਜੇ ਪ੍ਰਭੁ ਪਰਮ ਪੁਰਖ ਉਪਜਾਏ॥ ਤਿਨ ਤਿਨ ਅਪਨੇ ਰਾਹ ਚਲਾਏ॥**
**ਮਹਾਦੀਨ ਤਬਿ ਪ੍ਰਭ ਉਪਰਾਜਾ॥ ਅਰਬ ਦੇਸ ਕੋ ਕੀਨੋ ਰਾਜਾ॥ ੨੬॥**

ਪ੍ਰਭੂ ਨੇ ਜਿੰਨੇ ਵੀ ਵਡੇ ਵਡੇ ਪੁਰਸ਼ਾਂ ਨੂੰ ਪੈਦਾ ਕੀਤਾ, ਉਹਨਾਂ ਸਾਰਿਆਂ ਨੇ ਹੀ ਆਪੋ ਆਪਣੇ ਮਤ ਚਲਾ ਲਏ। ਫਿਰ ਵਾਹਿਗੁਰੂ ਨੇ ਮੁਹੰਮਦ ਨੂੰ ਉਤਪੰਨ ਕੀਤਾ ਤੇ ਉਸ ਨੂੰ ਅਰਬ ਦੇਸ ਦਾ ਰਾਜਾ ਬਣਾ ਦਿੱਤਾ॥ ੨੬॥

**ਤਿਨ ਭੀ ਏਕੁ ਪੰਥੁ ਉਪਰਾਜਾ॥ ਲਿੰਗ ਬਿਨਾ ਕੀਨੇ ਸਭ ਰਾਜਾ॥**
**ਸਭ ਤੇ ਅਪਨਾ ਨਾਮੁ ਜਪਾਯੋ॥ ਸਤਿਨਾਮੁ ਕਾਹੂ ਨ ਦ੍ਰਿੜਾਯੋ॥ ੨੭॥**

ਉਸ ਮੁਹੰਮਦ ਨੇ ਵੀ ਆਪਣਾ ਇਕ ਪੰਥ ਇਸਲਾਮੀ ਮਤ ਚਲਾ ਲਿਆ। ਉਸ ਨੇ ਆਪਣੇ ਚੇਲਿਆਂ ਦੀ ਸੁੰਨਤ ਕਰਾ ਦਿੱਤੀ ਤੇ ਸਭ ਕੋਲੋਂ ਆਪਣਾ ਨਾਮ ਜਪਾਇਆ। ਇਸ ਤਰ੍ਹਾਂ ਸੱਚੇ ਨਾਮ

ਨੂੰ ਕਿਸੇ ਵੀ ਨਾ ਦ੍ਰਿੜਾਇਆ॥੨੭॥

**ਸਭ ਅਪਨੀ ਅਪਨੀ ਉਰਝਾਨਾ॥ ਪਾਰਬ੍ਰਹਮ ਕਾਹੂ ਨ ਪਛਾਨਾ॥ ਤਪ ਸਾਧਤ ਹਰਿ ਮੋਹਿ ਬੁਲਾਯੋ॥ ਇਮ ਕਹਿਕੈ ਇਹ ਲੋਕ ਪਠਾਯੋ॥ ੨੮॥**

ਸਭ ਆਪੋ ਆਪਣੀ ਵਡਿਆਈ ਵਿਚ ਉਲਝ ਗਏ, ਕਿਸੇ ਨੇ ਵੀ ਪ੍ਰਭੂ ਨੂੰ ਨਾ ਜਾਣਿਆਂ। ਫਿਰ ਅਕਾਲ ਪੁਰਖ ਨੇ ਤਪੱਸਿਆ ਕਰਦਿਆਂ ਮੈਨੂੰ ਬੁਲਾਇਆ ਤੇ ਇਹ ਬਚਨ ਆਖ ਕੇ ਮੈਨੂੰ ਇਸ ਮਾਤ ਲੋਕ ਵਿਚ ਭੇਜਿਆ॥੨੮॥

## ਅਕਾਲ ਪੁਰਖ ਬਾਚ

**ਚੌਪਈ॥ ਮੈਂ ਅਪਨਾ ਸੁਤ ਤੋਹਿ ਨਿਵਾਜਾ॥ ਪੰਥੁ ਪ੍ਰਚੁਰ ਕਰਬੇ ਕੱਹ ਸਾਜਾ॥ ਜਾਹਿ ਤਹਾਂ ਤੈ ਧਰਮੁ ਚਲਾਇ॥ ਕਬੁਧਿ ਕਰਨ ਤੇ ਲੋਕ ਹਟਾਇ॥ ੨੯॥**

ਪ੍ਰਭੂ ਨੇ ਮੈਨੂੰ ਆਖਿਆ ਕਿ ਮੈਂ ਤੈਨੂੰ ਆਪਣਾ ਪੁੱਤਰ ਹੋਣ ਦੀ ਵਡਿਆਈ ਬਖਸ਼ੀ ਹੈ ਤੇ ਤੈਨੂੰ ਸੰਤ ਮਾਰਗ ਚਲਾਉਣ ਲਈ ਸਾਜਿਆ ਹੈ। ਤੂੰ ਸੰਸਾਰ ਵਿਚ ਜਾ ਕੇ ਸੱਚੇ ਧਰਮ ਨੂੰ ਚਲਾ ਤੇ ਲੋਕਾਂ ਨੂੰ ਬੁਰੇ ਕਰਮ ਕਰਨ ਤੋਂ ਹਟਾ॥੨੯॥

## ਕਬਿਬਾਚ

**ਦੋਹਰਾ॥ ਠਾਢ ਭਯੋ ਮੈਂ ਜੋਰਿ ਕਰਿ ਬਚਨ ਕਹਾ ਸਿਰ ਨਜਾਇ॥ ਪੰਥ ਚਲੈ ਤਬ ਜਗਤ ਮੈ ਜਬ ਤੁਮ ਕਰਹੁ ਸਹਾਇ॥ ੩੦॥**

ਸਤਿਗੁਰੂ ਜੀ ਫੁਰਮਾਉਂਦੇ ਹਨ ਮੈਂ ਹੱਥ ਜੋੜ ਕੇ ਪ੍ਰਭੂ ਦੇ ਸਾਹਮਣੇ ਖੜਾ ਹੋ ਗਿਆ ਤੇ ਸਿਰ ਨਿਵਾ ਕੇ ਇਹ ਬਚਨ ਕੀਤਾ ਕਿ ਜੇ ਤੁਸੀਂ ਮੇਰੀ ਸਹਾਇਤਾ ਕਰੋਗੇ ਤਾਂ ਹੀ ਸੰਸਾਰ ਵਿਚ ਸੱਚਾ ਪੰਥ ਚਲੇਗਾ। ਆਪ ਦੀ ਕਿਰਪਾ ਬਿਨਾਂ ਇਹ ਕਾਰਜ ਮੈਂ ਨਹੀਂ ਕਰ ਸਕਾਂਗਾ॥੩੦॥

**ਚੌਪਈ॥ ਇਹ ਕਾਰਨਿ ਪ੍ਰਭ ਮੋਹਿ ਪਠਾਯੋ॥ ਤਬ ਮੈਂ ਜਗਤ ਜਨਮੁ ਧਰਿ ਆਯੋ॥ ਜਿਮ ਤਿਨ ਕਹੀ ਇਨੈ ਤਿਮ ਕਹਿਹੌਂ॥ ਅਉਰ ਕਿਸੂ ਤੇ ਬੈਰ ਨ ਗਹਿਹੌਂ॥ ੩੧॥**

ਸੱਚਾ ਪੰਥ ਚਲਾਉਣ ਲਈ ਪ੍ਰਭੂ ਨੇ ਮੈਨੂੰ ਇਸ ਲੋਕ ਵਿਚ ਘਲਿਆ ਹੈ, ਇਸ ਲਈ ਮੈਂ ਉਹਨਾਂ ਦੀ ਆਗਿਆ ਅਨੁਸਾਰ ਇਸ ਜਗਤ ਵਿਚ ਜਨਮ ਲਿਆ ਹੈ। ਜਿਵੇਂ ਪ੍ਰਭੂ ਜੀ ਮੈਨੂੰ ਆਖਿਆ ਹੈ, ਮੈਂ ਉਹੋ ਸੁਨੇਹਾ ਜਗਤ ਨੂੰ ਦਿਆਂਗਾ। ਮੈਂ ਕਿਸੇ ਨਾਲ ਵੈਰ ਭਾਵਨਾ ਨਹੀਂ ਰਖਾਂਗਾ॥੩੧॥

**ਜੋ ਹਮ ਕੋ ਪਰਮੇਸ਼ਰ ਉਚਰਿ ਹੈ॥ ਤੇ ਸਭ ਨਰਕਿ ਕੁੰਡ ਮਹਿ ਪੀਰ ਹੈ॥ ਮੋ ਕੋ ਦਾਸੁ ਤਵਨ ਕਾ ਜਾਨੋ॥ ਯਾ ਮੈਂ ਭੇਦੁ ਨ ਰੰਚ ਪਛਾਨੋ॥ ੩੨॥**

ਜਿਹੜੇ ਪੁਰਸ਼ ਮੈਨੂੰ ਪ੍ਰਮੇਸ਼ਰ ਕਹਿਣਗੇ, ਉਹ ਸਭ ਨਰਕਾਂ ਨੂੰ ਜਾਣਗੇ। ਮੈਨੂੰ ਉਸ ਅਕਾਲ ਪੁਰਖ ਦਾ ਸੇਵਕ ਕਰਕੇ ਜਾਣੋ, ਇਸ ਗੱਲ ਵਿਚ ਰਤਾ ਜਿੰਨਾ ਵੀ ਫਰਕ ਨਾ ਮੰਨੋ॥ ੩੨॥

**ਮੈਂ ਹੋ ਪਰਮ ਪੁਰਖ ਕੋ ਦਾਸਾ॥ ਦੇਖਨਿ ਆਯੋ ਜਗਤ ਤਮਾਸਾ॥**
**ਜੋ ਪ੍ਰਭ ਜਗਤਿ ਕਹਾ ਸੋ ਕਹਿ ਹੋ॥ ਮ੍ਰਿਤ ਲੋਗ ਤੇ ਮੋਨਿ ਨ ਰਹਿ ਹੋ॥ ੩੩॥**

ਮੈਂ ਉਸ ਪਰਮ ਪੁਰਖ ਅਕਾਲ ਪੁਰਖ ਦਾ ਦਾਸ ਹਾਂ ਤੇ ਇਸ ਜਗਤ ਦਾ ਤਮਾਸ਼ਾ ਵੇਖਣ ਲਈ ਆਇਆ ਹਾਂ, ਪ੍ਰਭੂ ਨੇ ਆਉਣ ਲਗਿਆਂ ਮੈਨੂੰ ਜੋ ਸੰਦੇਸ਼ ਸੰਸਾਰੀ ਲੋਕਾਂ ਲਈ ਦਿੱਤਾ ਹੈ, ਉਹ ਸੰਦੇਸ਼ ਮੈਂ ਸਭ ਨੂੰ ਦਿਆਂਗਾ। ਮੈਂ ਇਸ ਲੋਕ ਵਿਚ ਕਿਸੇ ਤੋਂ ਡਰਕੇ ਚੁਪ ਨਹੀਂ ਰਹਾਂਗਾ॥ ੩੩॥

**ਨਰਾਜ ਛੰਦ॥ ਕਹਿਯੋ ਪ੍ਰਭੂ ਸੁ ਭਾਖਿ ਹੋ॥ ਕਿਸੂ ਨ ਕਾਨ ਰਾਖਿ ਹੋ॥**
**ਕਿਸੂ ਨ ਭੇਖ ਭੀਜ ਹੋ॥ ਅਲੇਖ ਬੀਜ ਬੀਜ ਹੋ॥ ੩੪॥**

ਮੈਨੂੰ ਜੋ ਪ੍ਰਭੂ ਨੇ ਕਿਹਾ ਹੈ, ਮੈਂ ਉਹ ਕੁਛ ਹੀ ਕਹਾਂਗਾ। ਮੈਂ ਹੋਰ ਕਿਸੇ ਦੀ ਪਰਵਾਹ ਨਹੀਂ ਕਰਾਂਗਾ। ਕਿਸੇ ਹੋਰ ਦੇ ਭੇਖ ਵਿਚ ਨਹੀਂ ਭਿਜਾਂਗਾ ਅਤੇ ਇਕ ਵਾਹਿਗੁਰੂ ਦੇ ਨਾਮ ਦਾ ਹੀ ਬੀਜ ਬੀਜਾਂਗਾ॥ ੩੪॥

**ਪਖਾਣ ਪੂਜ ਹੋ ਨਹੀ॥ ਨ ਭੇਖ ਭੀਜ ਹੋ ਕਹੀ॥**
**ਅਨੰਤ ਨਾਮੁ ਗਾਇ ਹੋ॥ ਪਰੱਮ ਪੁਰਖ ਪਾਇ ਹੋ॥ ੩੫॥**

ਮੈਂ ਪੱਥਰਾਂ ਦਾ ਪੁਜਾਰੀ ਨਹੀਂ ਹਾਂ ਤੇ ਨਾ ਹੀ ਕਿਸੇ ਭੇਸ ਵਿਚ ਰਹਿ ਕੇ ਪ੍ਰਸੰਨ ਹਾਂ। ਮੈਂ ਉਸ ਅਨੰਤ ਪ੍ਰਭੂ ਦੇ ਨਾਮ ਨੂੰ ਗਾਵਾਂਗਾ ਤੇ ਇਸ ਤਰ੍ਹਾਂ ਉਸ ਅਕਾਲ ਪੁਰਖ ਨੂੰ ਪ੍ਰਾਪਤ ਕਰਾਂਗਾ॥ ੩੫॥

**ਜਟਾ ਨ ਸੀਸ ਧਾਰਿਹੋ॥ ਨ ਮੁੰਦ੍ਰਕਾ ਸੁ ਧਾਰਿਹੋ॥**
**ਨਾ ਕਾਨ ਕਾਹੂ ਕੀ ਧਰੋ॥ ਕਹਿਯੋ ਪ੍ਰਭੂ ਸੁ ਮੈਂ ਕਰੋ॥ ੩੬॥**

ਮੈਂ ਸਿਰ ਉਤੇ ਜਟਾਂ ਵੀ ਧਾਰਨ ਨਹੀਂ ਕਰਾਂਗਾ ਤੇ ਨਾ ਹੀ ਕੰਨ ਪੜਵਾ ਕੇ ਮੁੰਦਰਾਂ ਪਾਵਾਂਗਾ। ਮੈਂ ਕਿਸੇ ਦੀ ਪਰਵਾਹ ਨਹੀਂ ਕਰਾਂਗਾ। ਮੈਨੂੰ ਜੋ ਕੁਝ ਪ੍ਰਭੂ ਨੇ ਕਰਨ ਲਈ ਕਿਹਾ ਹੈ, ਮੈਂ ਉਹ ਕਰਮ ਹੀ ਕਰਾਂਗਾ॥ ੩੬॥

**ਭਜੋ ਸੁ ਏਕੁ ਨਾਮਯੰ॥ ਜੁ ਕਾਮ ਸਰਬ ਠਾਮਯੰ॥**
**ਨ ਜਾਪ ਆਨ ਕੋ ਜਪੋ॥ ਨ ਅਉਰ ਥਾਪਨਾ ਥਪੋ॥ ੩੭॥**

ਮੈਂ ਇਕ ਪ੍ਰਭੂ ਦੇ ਨਾਮ ਨੂੰ ਹੀ ਜਪਾਂਗਾ, ਜੋ ਹਰ ਥਾਂ ਸਹਾਇਤਾ ਕਰਦਾ ਹੈ। ਮੈਂ ਪ੍ਰਭੂ ਤੋਂ

ਬਿਨਾਂ ਕਿਸੇ ਹੋਰ ਦੇ ਨਾਮ ਨੂੰ ਨਹੀਂ ਜਪਾਂਗਾ ਤੇ ਨਾ ਹੀ ਕੋਈ ਹੋਰ ਬਣਾਵਟ ਬਣਾਵਾਂਗਾ ॥ ੩੭ ॥

**ਬਿਅੰਤਿ ਨਾਮੁ ਧਿਆਇ ਹੋ ॥ ਪਰਮ ਜੋਤਿ ਪਾਇਹੋ ॥**
**ਨ ਧਿਆਨ ਆਨ ਕੋ ਧਰੋ ॥ ਨ ਨਾਮ ਆਨ ਉਚਰੋ ॥ ੩੮ ॥**

ਬੇਅੰਤ ਪ੍ਰਭੂ ਦੇ ਧਿਆਨ ਤੋਂ ਬਿਨਾਂ ਕਿਸੇ ਹੋਰ ਦਾ ਧਿਆਨ ਵੀ ਨਹੀ ਧਰਾਂਗਾ ਤੇ ਨਾ ਹੀ ਕਿਸੇ ਹੋਰ ਦਾ ਨਾਮ ਉਚਾਰਨ ਕਰਾਂਗਾ ॥ ੩੮ ॥

**ਤਵੱਕ ਨਾਮ ਰੱਤਿਯੰ ॥ ਨ ਆਨ ਮਾਨ ਮੱਤਿਯੰ ॥**
**ਪਰੱਮ ਧਿਆਨ ਧਾਰਿਯੰ ॥ ਅਨੰਤ ਪਾਪ ਟਾਰਿਯੰ ॥ ੩੯ ॥**

ਹੇ ਪ੍ਰਭੂ ! ਮੈਂ ਤੇਰੇ ਨਾਮ ਵਿਚ ਹੀ ਰੰਗਿਆ ਰਹਾਂਗਾ, ਮੈਂ ਕਿਸੇ ਹੋਰ ਦੇਵੀ ਦੇਵਤੇ ਦੀ ਮਨੌਤ ਨਹੀਂ ਕਰਾਂਗਾ। ਤੇਰੇ ਰੂਪ ਦਾ ਧਿਆਨ ਧਾਰਕੇ ਪਾਪਾਂ ਨੂੰ ਦੂਰ ਕਰ ਲਵਾਂਗਾ ॥ ੩੯ ॥

**ਤੁਮੇਵ ਰੂਪ ਰਾਚਿਯੰ ॥ ਨ ਆਨ ਦਾਨ ਮਾਚਿਯੰ ॥**
**ਤਵੱਕ ਨਾਮੁ ਉਚਾਰਿਯੰ ॥ ਅਨੰਤ ਦੂਖ ਟਾਰਿਯੰ ॥ ੪੦ ॥**

ਹੇ ਵਾਹਿਗੁਰੂ ! ਮੈਂ ਤੇਰੇ ਸਰੂਪ ਵਿਚ ਹੀ ਰਚਿਆ ਰਹਾਂਗਾ, ਹੋਰ ਕਿਸੇ ਨੂੰ ਜਾਣਨ ਵਿਚ ਨਹੀਂ ਲਗਾਂਗਾ। ਤੇਰੇ ਨਾਮ ਨੂੰ ਹੀ ਉਚਾਰਾਂਗਾ ਤੇ ਇਉਂ ਅਨੇਕ ਦੁਖਾਂ ਨੂੰ ਟਾਲ ਲਵਾਂਗਾ ॥ ੪੦ ॥

**ਚੌਪਈ ॥ ਜਿਨ ਜਿਨ ਨਾਮੁ ਤਿਹਾਰੋ ਧਿਆਇਆ ॥ ਦੂਖ ਪਾਪ ਤਿਨ ਨਿਕਟਿ ਨ ਆਇਆ ॥**
**ਜੇ ਜੇ ਅਉਰ ਧਿਆਨ ਕੋ ਧਰਹੀ ॥ ਬਹਿਸ ਬਹਿਸ ਬਾਦਨ ਤੇ ਮਰਹੀ ॥ ੪੧ ॥**

ਹੇ ਪ੍ਰਭੂ ! ਜਿਨ੍ਹਾਂ ਪੁਰਸ਼ਾਂ ਨੇ ਤੇਰੇ ਨਾਮ ਨੂੰ ਧਿਆਇਆ ਹੈ, ਉਹਨਾਂ ਦੇ ਨੇੜੇ ਦੁਖ ਤੇ ਪਾਪ ਕਦੀ ਨਹੀਂ ਆਉਂਦੇ। ਜਿਹੜੇ ਪੁਰਸ਼ ਪ੍ਰਭੂ ਨੂੰ ਛੱਡ ਕੇ ਕਿਸੇ ਹੋਰ ਦਾ ਧਿਆਨ ਧਰਦੇ ਹਨ, ਉਹ ਲੜਾਈ ਝਗੜੇ ਕਰਦਿਆਂ ਹੀ ਮਰ ਜਾਂਦੇ ਹਨ ॥ ੪੧ ॥

**ਹਮ ਇਹ ਕਾਜ ਜਗਤ ਮੋ ਆਏ ॥ ਧਰਮ ਹੇਤ ਗੁਰਦੇਵ ਪਠਾਏ ॥**
**ਜਹਾਂ ਤਹਾਂ ਤੁਮ ਧਰਮ ਬਿਥਾਰੋ ॥ ਦੁਸ਼ਟ ਦੋਖਿਯਨਿ ਪਕਰਿ ਪਛਾਰੋ ॥ ੪੨ ॥**

ਮੈਂ ਇਸ ਕਾਰਜ ਲਈ ਜਗਤ ਵਿਚ ਆਇਆ ਹਾਂ। ਧਰਮ ਦਾ ਮਾਰਗ ਚਲਾਉਣ ਲਈ ਅਕਾਲ ਪੁਰਖ ਨੇ ਮੈਨੂੰ ਇਸ ਜਗਤ ਵਿਚ ਘਲਿਆ ਹੈ। ਪ੍ਰਭੂ ਦਾ ਹੁਕਮ ਹੈ ਕਿ ਹਰ ਥਾਂ ਤੂੰ ਧਰਮ ਦਾ ਪ੍ਰਚਾਰ ਕਰੇ ਤੇ ਦੋਖੀਆਂ ਦਾ ਨਾਸ ਕਰੇ ॥ ੪੨ ॥

**ਯਾਹੀ ਕਾਜ ਧਰਾ ਹਮ ਜਨਮੰ ॥ ਸਮਝ ਲੇਹੁ ਸਾਧੂ ਸਭ ਮਨਮੰ ॥**
**ਧਰਮ ਚਲਾਵਨ ਸੰਤ ਉਬਾਰਨ ॥ ਦੁਸ਼ਟ ਸਭਨ ਕੋ ਮੂਲ ਉਪਾਰਨ ॥ ੪੩ ॥**

ਹੇ ਭਲੇ ਪੁਰਸ਼ੋ ! ਤੁਸੀਂ ਆਪਣੇ ਮਨ ਵਿਚ ਇਹ ਸਮਝ ਲਵੋ ਕਿ ਮੈਂ ਇਸ ਲਈ ਸੰਸਾਰ ਵਿਚ ਜਨਮ ਲਿਆ ਹੈ। ਮੇਰਾ ਕੰਮ ਧਰਮ ਚਲਾਉਣਾ, ਸੰਤਾਂ ਤੇ ਭਲੇ ਪੁਰਸ਼ਾਂ ਨੂੰ ਬਚਾਉਣਾ ਤੇ ਸਾਰੇ ਦੁਸ਼ਟਾਂ ਨੂੰ ਜੜ੍ਹ ਤੋਂ ਪੁਟਣਾ ਹੈ॥ ੪੩॥

**ਜੇ ਜੇ ਭਏ ਪਹਿਲ ਅਵਤਾਰਾ॥ ਆਪੁ ਆਪੁ ਤਿਨ ਜਾਪੁ ਉਚਾਰਾ॥**
**ਪ੍ਰਭ ਦੋਖੀ ਕੋਈ ਨ ਬਿਦਾਰਾ॥ ਧਰਮ ਕਰਮ ਕੋ ਰਾਹੁ ਨ ਡਾਰਾ॥ ੪੪॥**

ਜਿਹੜੇ ਪਹਿਲੇ ਅਵਤਾਰ ਪ੍ਰਗਟ ਹੋਏ ਹਨ, ਉਹਨਾਂ ਸਾਰਿਆਂ ਨੇ ਆਪੋ ਆਪਣਾ ਨਾਮ ਹੀ ਜਗਤ ਦੇ ਲੋਕਾਂ ਤੋਂ ਜਪਵਾਇਆ ਹੈ। ਪ੍ਰਭੂ ਦੇ ਦੋਖੀਆਂ ਨੂੰ ਕਿਸੇ ਨੇ ਵੀ ਨਾਸ ਨਹੀਂ ਕੀਤਾ। ਲੋਕਾਂ ਨੂੰ ਧਰਮ ਦੇ ਰਸਤੇ ਕਿਸੇ ਵੀ ਨਹੀਂ ਪਾਇਆ॥ ੪੪॥

**ਜੇ ਜੇ ਗਉਸ ਅੰਬੀਆ ਭਏ॥ ਮੈ ਮੈ ਕਰਤ ਜਗਤ ਤੇ ਗਏ॥**
**ਮਹਾਪੁਰਖ ਕਾਹੂ ਨ ਪਛਾਨਾ॥ ਕਰਮ ਧਰਮ ਕੋ ਕਛੂ ਨ ਜਾਨਾ॥ ੪੫॥**

ਜਿਹੜੇ ਜਿਹੜੇ ਪੀਰ ਪੈਗੰਬਰ ਹੋਏ ਹਨ, ਉਹ ਸਾਰੇ ਮੈਂ ਮੈਂ ਕਰਦੇ ਹੀ ਇਸ ਸੰਸਾਰ ਤੋਂ ਚਲੇ ਗਏ ਹਨ। ਅਕਾਲ ਪੁਰਖ ਨੂੰ ਕਿਸੇ ਨੇ ਵੀ ਨਹੀਂ ਪਛਾਣਿਆਂ। ਧਰਮ ਦੇ ਕਰਮ ਨੂੰ ਵੀ ਉਹਨਾਂ ਨੇ ਨਹੀਂ ਜਾਣਿਆਂ॥ ੪੫॥

**ਅਵਰਨ ਕੀ ਆਸਾ ਕਿਛੁ ਨਾਹੀ॥ ਏਕੈ ਆਸ ਧਰੋ ਮਨ ਮਾਹੀ॥**
**ਆਨ ਆਸ ਉਪਜਤ ਕਿਛੁ ਨਾਹੀ॥ ਵਾ ਕੀ ਆਸ ਧਰੋ ਮਨ ਮਾਹੀ॥ ੪੬॥**

ਇਕ ਅਕਾਲ ਪੁਰਖ ਨੂੰ ਛਡ ਕੇ ਹੋਰ ਕਿਸੇ ਦੇਵੀ ਦੇਵਤੇ ਦੀ ਆਸ ਰਖਣੀ ਕੁਝ ਨਹੀਂ ਸਵਾਰਦੀ। ਸਦਾ ਇਕੋ ਪ੍ਰਭੂ ਦੀ ਆਸ ਹੀ ਆਪਣੇ ਮਨ ਵਿਚ ਰਖੋ। ਹੋਰ ਕਿਸੇ ਦੀ ਆਸ ਰਖਣ ਨਾਲ ਕੋਈ ਲਾਭ ਨਹੀਂ। ਉਸ ਪਰਮਾਤਮਾ ਦੀ ਹੀ ਆਸ ਆਪਣੇ ਹਿਰਦੇ ਵਿਚ ਰਖੋ॥ ੪੬॥

**ਦੋਹਰਾ॥ ਕੋਈ ਪੜ੍ਹਤ ਕੁਰਾਨ ਕੋ ਕੋਈ ਪੜ੍ਹਤ ਪੁਰਾਨ॥**
**ਕਾਲ ਨ ਸਕਤ ਬਚਾਇਕੈ ਫੋਕਟ ਧਰਮ ਨਿਦਾਨ॥ ੪੭॥**

ਕੋਈ ਪੁਰਸ਼ ਕੁਰਾਨ ਨੂੰ ਪੜ੍ਹਦਾ ਹੈ ਤੇ ਕੋਈ ਪੁਰਾਣਾਂ ਦਾ ਪਾਠ ਕਰਦਾ ਹੈ। ਇਹ ਪੜ੍ਹਨਾ ਕਿਸੇ ਨੂੰ ਕਾਲ ਤੋਂ ਨਹੀਂ ਬਚਾ ਸਕਦਾ, ਇਹ ਸਾਰੇ ਧਰਮ ਕਰਮ ਅੰਤ ਸਮੇਂ ਬਿਅਰਥ ਸਾਬਤ ਹੁੰਦੇ ਹਨ ॥ ੪੭॥

**ਚੌਪਈ॥ ਕਈ ਕੋਟਿ ਮਿਲਿ ਪੜ੍ਹਤ ਕੁਰਾਨਾ॥ ਬਾਚਤ ਕਿਤੇ ਪੁਰਾਨ ਅਜਾਨਾ॥**
**ਅੰਤਿ ਕਾਲ ਕੋਈ ਕਾਮ ਨ ਆਵਾ॥ ਦਾਵ ਕਾਲ ਕਾਹੂ ਨ ਬਚਾਵਾ॥ ੪੮॥**

ਕਈ ਕਰੋੜਾਂ ਪੁਰਸ਼ ਕੁਰਾਨ ਪੜ੍ਹਦੇ ਹਨ, ਕਈ ਮੂਰਖ ਪੁਰਾਣਾਂ ਨੂੰ ਵਾਚਦੇ ਹਨ। ਅੰਤ

ਸਮੇਂ ਇਨ੍ਹਾਂ ਵਿਚੋਂ ਕੋਈ ਵੀ ਕੰਮ ਨਹੀਂ ਆਉਂਦਾ। ਕਾਲ ਦੇ ਦਾਅ ਤੋਂ ਕੋਈ ਵੀ ਨਹੀਂ ਬਚਾ ਸਕਦਾ ॥੪੮॥

**ਕਿਉ ਨ ਜਪੋ ਤਾ ਕੋ ਤੁਮ ਭਾਈ॥ ਅੰਤਿ ਕਾਲ ਜੋ ਹੋਇ ਸਹਾਈ॥**
**ਫੋਕਟ ਧਰਮ ਲਖੋ ਕਰ ਭਰਮਾ॥ ਇਨ ਤੇ ਸਰਤ ਨ ਕੋਈ ਕਰਮਾ॥ ੪੯॥**

ਹੇ ਪਿਆਰਿਓ ! ਤੁਸੀਂ ਉਸ ਪ੍ਰਭੂ ਨੂੰ ਕਿਉਂ ਨਹੀਂ ਜਪਦੇ ਜੋ ਅੰਤ ਸਮੇਂ ਸਹਾਇਤਾ ਕਰਦਾ ਹੈ। ਪ੍ਰਭੂ ਦੇ ਸੱਚੇ ਨਾਮ ਤੋਂ ਬਿਨਾਂ ਹੋਰ ਸਭ ਧਰਮਾਂ ਨੂੰ ਭਰਮਾਉਣ ਵਾਲੇ ਬੇਅਰਥ ਸਮਝੋ। ਇਹਨਾਂ ਫਜ਼ੂਲ ਕਰਮਾਂ ਨਾਲ ਕੋਈ ਵੀ ਕੰਮ ਨਹੀਂ ਸੌਰਦਾ॥ ੪੯॥

**ਇਹ ਕਾਰਨਿ ਪ੍ਰਭ ਹਮੈ ਬਨਾਯੋ॥ ਭੇਦੁ ਭਾਖਿ ਇਹ ਲੋਕ ਪਠਾਯੋ॥**
**ਜੋ ਤਿਨ ਕਹਾ ਸੁ ਸਭਨ ਉਚਰੋ॥ ਡਿੰਭ ਵਿੰਭ ਕਛੁ ਨੈਕ ਨ ਕਰੋ॥ ੫੦॥**

ਇਸ ਕਾਰਜ ਦੇ ਕਰਨ ਲਈ ਪ੍ਰਭੂ ਨੇ ਮੈਨੂੰ ਸਾਜਿਆ ਹੈ ਤੇ ਸਾਰਾ ਭੇਦ ਦੱਸ ਕੇ ਇਸ ਲੋਕ ਵਿਚ ਮੈਨੂੰ ਭੇਜਿਆ ਹੈ। ਪ੍ਰਭੂ ਨੇ ਇਸ ਜਗਤ ਲਈ ਮੈਨੂੰ ਜੋ ਸੰਦੇਸ਼ ਦੇ ਕੇ ਘਲਿਆ ਹੈ, ਮੈਂ ਉਹ ਸੁਨੇਹਾ ਹੀ ਸਭ ਨੂੰ ਸੁਣਾਵਾਂਗਾ "ਮੈਂ ਕੋਈ ਦਗਾ, ਫਰੇਬ ਜਾਂ ਪਖੰਡ ਨਹੀਂ ਕਰਾਂਗਾ" ॥ ੫੦॥

## ਰਸਾਵਲ ਛੰਦ॥

**ਨ ਜਟਾ ਮੂੰਡ ਧਾਰੋ॥ ਨ ਮੁੰਦ੍ਰਕਾ ਸਵਾਰੋ॥ ਜਪੋ ਤਾਸ ਨਾਮੰ॥ ਸਰੈ ਸਰਬ ਕਾਮੰ॥ ੫੧॥**

ਮੈਂ ਆਪਣੇ ਸਿਰ ਤੇ ਨਾ ਜਟਾਂ ਧਾਰਨ ਕਰਾਂਗਾ ਤੇ ਨਾ ਹੀ ਕੰਨਾਂ ਵਿਚ ਮੁੰਦਰਾਂ ਪਾਵਾਂਗਾ। ਮੈਂ ਉਸ ਦੇ ਨਾਮ ਨੂੰ ਜਪਾਂਗਾ ਜਿਸ ਦੇ ਜਪਣ ਨਾਲ ਸਭ ਕਾਰਜ ਸਿੱਧ ਹੁੰਦੇ ਹਨ॥ ੫੧॥

**ਨ ਨੈਨੰ ਮਿਚਾਊਂ॥ ਨ ਡਿੰਭੰ ਦਿਖਾਊਂ॥ ਨ ਕੁਕਰਮੰ ਕਮਾਊਂ॥ ਨ ਭੇਖੀ ਕਹਾਊਂ॥ ੫੨॥**

ਨਾ ਮੈਂ ਅੱਖਾਂ ਮੀਟ ਕੇ ਸਮਾਧੀ ਲਾ ਕੇ ਬੈਠਾਂਗਾ ਤੇ ਨਾ ਹੀ ਕੋਈ ਪਖੰਡ ਕਰਕੇ ਦਸਾਂਗਾ। ਨਾ ਮੈਂ ਕੋਈ ਹੋਰ ਬੁਰਾ ਕਰਮ ਕਰਾਂਗਾ ਤੇ ਨਾ ਹੀ ਭੇਖੀ ਕਹਾਵਾਂਗਾ॥ ੫੨॥

**ਚੌਪਈ॥ ਜੇ ਜੇ ਭੇਖ ਸੁ ਤਨ ਮੈ ਧਾਰੈ॥ ਤੇ ਪ੍ਰਭ ਜਨ ਕਛੁ ਕੈ ਨ ਬਿਚਾਰੈ॥**
**ਸਮਝ ਲੇਹੁ ਸਭ ਜਨ ਮਨ ਮਾਹੀ॥ ਡਿੰਭਨ ਮੈ ਪਰਮੇਸ਼ਰੁ ਨਾਹੀ॥ ੫੩।**

ਜਿਹੜੇ ਪੁਰਸ਼ ਆਪਣੇ ਸਰੀਰ ਤੇ ਕੋਈ ਭੇਖ ਬਣਾਉਂਦੇ ਹਨ, ਉਹ ਪ੍ਰਭੂ ਦਾ ਕੁਝ ਵੀ ਵਿਚਾਰ ਨਹੀਂ ਕਰਦੇ। ਹੇ ਗੁਰਮੁਖ ਜਨੋ ! ਤੁਸੀਂ ਆਪਣੇ ਮਨ ਵਿਚ ਇਹ ਗੱਲ ਠੀਕ ਸਮਝ ਲਵੋ ਕਿ ਪਖੰਡ ਕਰਨ ਨਾਲ ਪ੍ਰਭੂ ਦੀ ਪ੍ਰਾਪਤੀ ਨਹੀਂ ਹੁੰਦੀ॥ ੫੩॥

**ਜੇ ਜੇ ਕਰਮ ਕਰਿ ਡਿੰਭ ਦਿਖਾਹੀ॥ ਤਿਨ ਪਰਲੋਗਨ ਮੋ ਗਤਿ ਨਾਹੀ॥**

**ਜੀਵਤ ਚਲਤ ਜਗਤ ਕੇ ਕਾਜਾ॥ ਸ੍ਵਾਂਗ ਦੇਖਿ ਕਰਿ ਪੂਜਤ ਰਾਜਾ॥ ੫੪॥**

ਜਿਹੜੇ ਪੁਰਸ਼ ਪਖੰਡ ਕਰਮ ਕਰਕੇ ਲੋਕਾਂ ਨੂੰ ਵਿਖਾਉਂਦੇ ਹਨ, ਉਹਨਾਂ ਪੁਰਸ਼ਾਂ ਨੂੰ ਪਰਲੋਕ ਵਿਚ ਮੁਕਤੀ ਨਹੀਂ ਮਿਲਦੀ। ਜਿਉਂਦਿਆਂ ਜਗਤ ਵਿਚ ਤਾਂ ਪਖੰਡੀਆਂ ਦੇ ਕੰਮ ਸੌਰਦੇ ਰਹਿੰਦੇ ਹਨ, ਕਿਉਂਕਿ ਉਹਨਾਂ ਦੇ ਪਖੰਡ ਵੇਖ ਵੇਖ ਕੇ ਵੱਡੇ ਵੱਡੇ ਰਾਜੇ ਵੀ ਉਹਨਾਂ ਨੂੰ ਪੂਜਦੇ ਹਨ॥ ੫੪॥

**ਸ੍ਵਾਂਗਨ ਮੈ ਪਰਮੇਸ਼ੁਰ ਨਾਹੀ॥ ਖੋਜਿ ਫਿਰੈ ਸਭ ਹੀ ਕੋ ਕਾਹੀ॥
ਅਪਨੋ ਮਨੁ ਕਰ ਮੋ ਜਿਹ ਆਨਾ॥ ਪਾਰਬ੍ਰਹਮ ਕੋ ਤਿਨੀ ਪਛਾਨਾ॥ ੫੫॥**

ਭੇਖ ਬਨਾਉਣ ਵਾਲੇ ਨੂੰ ਪ੍ਰਮੇਸ਼ਰ ਦੀ ਪ੍ਰਾਪਤੀ ਨਹੀਂ ਹੁੰਦੀ ਭਾਵੇਂ ਉਹ ਸਭ ਥਾਂ ਉਸਨੂੰ ਖੋਜਦਾ ਫਿਰੇ। ਜਿਨ੍ਹਾਂ ਨੇ ਆਪਣੇ ਮਨ ਨੂੰ ਆਪਣੇ ਵੱਸ ਵਿਚ ਕਰ ਲਿਆ ਹੈ; ਉਹਨਾਂ ਨੇ ਹੀ ਪ੍ਰਭੂ ਨੂੰ ਪਛਾਣਿਆ ਹੈ॥ ੫੫॥

**ਦੋਹਰਾ॥ ਭੇਖ ਦਿਖਾਏ ਜਗਤ ਕੋ ਲੋਗਨ ਕੋ ਬਸਿ ਕੀਨ॥
ਅੰਤ ਕਾਲਿ ਕਾਤੀ ਕਟਜੋ ਬਾਸੁ ਨਰਕ ਮੋ ਲੀਨ॥ ੫੬॥**

ਜਿਨ੍ਹਾਂ ਪਖੰਡੀਆਂ ਨੇ ਭੇਸ ਬਣਾ ਬਣਾ ਕੇ ਜਗਤ ਨੂੰ ਠਗਿਆ ਹੈ ਤੇ ਲੋਕਾਂ ਨੂੰ ਆਪਣੇ ਵੱਸ ਵਿਚ ਕਰ ਲਿਆ ਹੈ, ਉਹ ਅੰਤ ਸਮੇਂ ਕਾਲ ਦੀ ਛੁਰੀ ਨਾਲ ਕਟੇ ਜਾਣਗੇ ਤੇ ਉਨ੍ਹਾਂ ਦਾ ਨਰਕਾਂ ਵਿਚ ਵਾਸਾ ਹੋਵੇਗਾ॥ ੫੬॥

**ਚੌਪਈ॥ ਜੇ ਜੇ ਜਗ ਕੋ ਡਿੰਭ ਦਿਖਾਵੈ॥ ਲੋਗਨ ਮੂੰਡਿ ਅਧਿਕ ਸੁਖੁ ਪਾਵੈ॥
ਨਾਸਾ ਮੂੰਦ ਕਰੈ ਪਰਣਾਮੰ॥ ਫੋਕਟ ਧਰਮ ਨ ਕਉਡੀ ਕਾਮੰ॥ ੫੭॥**

ਜਿਹੜੇ ਪੁਰਸ਼, ਲੋਕਾਂ ਨੂੰ ਪਖੰਡ ਕਰ ਕਰ ਕੇ ਵਖਾਉਂਦੇ ਹਨ ਤੇ ਲੋਕਾਂ ਨੂੰ ਮੂਰਖ ਬਣਾਕੇ ਉਹਨਾਂ ਦਾ ਸਿਰ ਮੁੰਨ ਕੇ ਆਪ ਦੁਨਿਆਵੀ ਸੁਖ ਭੋਗਦੇ ਹਨ, ਸਾਹ ਰੋਕ ਕੇ ਨਮਸ਼ਕਾਰਾਂ ਕਰਦੇ ਹਨ, ਉਨ੍ਹਾਂ ਦੇ ਇਹ ਸਭ ਕਰਮ ਵਿਅਰਥ ਹਨ ਤੇ ਕੌਡੀ ਜਿੰਨੇ ਕੰਮ ਵੀ ਨਹੀਂ ਆਉਂਦੇ॥ ੫੭॥

**ਫੋਕਟ ਧਰਮ ਜਿਤੇ ਜਗ ਕਰਹੀ॥ ਨਰਕਿ ਕੁੰਡ ਭੀਤਰ ਤੇ ਪਰਹੀ॥
ਹਾਥਿ ਹਲਾਏ ਸੁਰਗ ਨ ਜਾਹੂ॥ ਜੋ ਮਨੁ ਜੀਤ ਸਕਾ ਨਹਿ ਕਾਹੂ॥ ੫੮॥**

ਜਿਹੜੇ ਪੁਰਸ਼ ਸੰਸਾਰ ਵਿਚ ਫਜ਼ੂਲ ਕਰਮ ਕਰਦੇ ਹਨ, ਉਹ ਸਾਰੇ ਨਰਕਾਂ ਵਿਚ ਪੈਣਗੇ। ਨਿਰਾ ਹਥ ਹਿਲਾਕੇ ਹੀ ਕੋਈ ਸੁਰਗ ਨੂੰ ਨਹੀਂ ਜਾ ਸਕਦਾ। ਜਿਹੜਾ ਆਪਣੇ ਮਨ ਨੂੰ ਨਹੀਂ ਜਿੱਤ ਸਕਿਆ ਉਹ ਨਿਰਾ ਗੱਲਾਂ ਨਾਲ ਸਵਰਗ ਪ੍ਰਾਪਤ ਨਹੀਂ ਕਰ ਸਕਦਾ॥ ੫੮॥

## ਕਬਿ ਬਾਚ

**ਦੋਹਰਾ॥ ਜੋ ਨਿਜ ਪ੍ਰਭ ਮੋ ਸੋ ਕਹਾ ਸੋ ਕਹਿ ਹੋ ਜਗ ਮਾਹਿ॥**

ਜੋ ਤਿਹ ਪ੍ਰਭ ਕੌ ਧਜਾਇ ਹੈਂ ਅੰਤ ਸੁਰਗ ਕੋ ਜਾਹਿ॥ ੫੯॥

ਸਤਿਗੁਰੂ ਜੀ ਫੁਰਮਾਉਂਦੇ ਹਨ--ਜੋ ਮੇਰੇ ਪ੍ਰਭੂ ਨੇ ਮੈਨੂੰ ਸੁਨੇਹਾ ਦਿੱਤਾ, ਮੈਂ ਓਹੋ ਸੰਦੇਸ਼ ਸੰਸਾਰ ਵਾਸੀਆਂ ਨੂੰ ਦਿਆਂਗਾ। ਜਿਹੜੇ ਪੁਰਸ਼ ਉਸ ਪ੍ਰਭੂ ਨੂੰ ਸਿਮਰਦੇ ਹਨ, ਅੰਤ ਨੂੰ ਉਹ ਹੀ ਸਵਰਗਾਂ ਵਿਚ ਜਾਣਗੇ॥ ੫੯॥

ਦੋਹਰਾ॥ ਹਰਿ ਹਰਿ ਜਨ ਦੁਇ ਏਕ ਹੈਂ ਬਿਬ ਬਿਚਾਰ ਕਛੁ ਨਾਹਿ॥
ਜਲ ਤੇ ਉਪਜ ਤਰੰਗ ਜਿਉ ਜਲ ਹੀ ਬਿਖੈ ਸਮਾਹਿ॥ ੬੦॥

ਪ੍ਰਭੂ ਤੇ ਪ੍ਰਭੂ ਦੇ ਪਿਆਰੇ ਭਗਤ ਦੋਵੇਂ ਇਕ ਰੂਪ ਹਨ, ਇਹਨਾਂ ਵਿਚ ਕੋਈ ਭਿੰਨ ਭੇਦ ਨਹੀਂ। ਜਿਵੇਂ ਜਲ ਤੇ ਤਰੰਗ ਲਹਿਰਾਂ ਜਲ ਵਿਚੋਂ ਉੱਠਕੇ ਫਿਰ ਜਲ ਵਿਚ ਹੀ ਸਮਾ ਜਾਂਦੇ ਹਨ, ਇਉਂ ਭਗਤ ਜਨ ਪ੍ਰਭੂ ਤੋਂ ਉਤਪੰਨ ਹੋ ਕੇ ਫਿਰ ਪ੍ਰਭੂ ਵਿਚ ਹੀ ਅਭੇਦ ਹੋ ਜਾਂਦੇ ਹਨ॥ ੬੦॥

ਚੌਪਈ॥ ਜੇ ਜੇ ਬਾਦਿ ਕਰਤ ਹੰਕਾਰਾ॥ ਤਿਨ ਤੇ ਭਿੰਨ ਰਹਤ ਕਰਤਾਰਾ॥
ਬੇਦ ਕਤੇਬ ਬਿਖੈ ਹਰਿ ਨਾਹੀ॥ ਜਾਨਿ ਲੇਹੁ ਹਰਿ ਜਨ ਮਨ ਮਾਹੀ॥ ੬੧॥

ਜਿਹੜੇ ਪੁਰਸ਼ ਵਾਧੂ ਝਗੜੇ ਤੇ ਘੁਮੰਡ ਕਰਦੇ ਹਨ, ਉਹਨਾਂ ਤੋਂ ਵਾਹਿਗੁਰੂ ਸਦਾ ਦੂਰ ਰਹਿੰਦਾ ਹੈ। ਵੇਦਾਂ ਤੇ ਹੋਰ ਧਰਮ ਸ਼ਾਸਤ੍ਰਾਂ ਵਿਚੋਂ ਪ੍ਰਭੂ ਨਹੀਂ ਮਿਲਦਾ। ਹੇ ਹਰੀ ਦੇ ਭਗਤੋ ! ਇਹ ਗੱਲ ਆਪਣੇ ਮਨ ਵਿਚ ਸਹੀ ਕਰਕੇ ਜਾਣ ਲਵੋ॥ ੬੧॥

ਆਂਖ ਮੂੰਦਿ ਕੋਊ ਡਿੰਭ ਦਿਖਾਵੈ॥ ਆਂਧਰ ਕੀ ਪਦਵੀ ਕਹ ਪਾਵੈ॥
ਆਂਖਿ ਮੀਚ ਮਗ ਸੂਝ ਨ ਜਾਈ॥ ਤਾਹਿ ਅਨੰਤ ਮਿਲੈ ਕਿਮ ਭਾਈ॥ ੬੨॥

ਜਿਹੜਾ ਆਦਮੀ ਅੱਖਾਂ ਮੀਟਕੇ ਪਖੰਡ ਵਿਖਾਉਂਦਾ ਹੈ, ਉਸ ਨੂੰ ਅੰਨ੍ਹਿਆਂ ਦੀ ਪਦਵੀ ਮਿਲਦੀ ਹੈ। ਅੱਖਾਂ ਮੀਟਕੇ ਤੁਰਿਆਂ ਤਾਂ ਕੋਈ ਰਸਤਾ ਵੀ ਨਹੀਂ ਦੇਖ ਸਕਦਾ, ਦੱਸੋ ਪਿਆਰਿਓ ! ਉਸ ਪੁਰਸ਼ ਨੂੰ ਉਹ ਬੇਅੰਤ ਪ੍ਰਭੂ ਕਿਵੇਂ ਮਿਲ ਪਵੇਗਾ ?॥ ੬੨॥

ਬਹੁ ਬਿਸਥਾਰ ਕਹਿ ਲਉ ਕੋਈ ਕਹੈ॥ ਸਮਝਤ ਬਾਤਿ ਥਕਤਿ ਹੁਐ ਰਹੈ॥
ਰਸਨਾ ਧਰੈ ਕਈ ਜੌ ਕੋਟਾ॥ ਤਦਪਿ ਗਨਤ ਤਿਹ ਪਰਤ ਸੁ ਤੋਟਾ॥ ੬੩॥

ਇਹ ਗੱਲਾਂ ਬਹੁਤ ਵਿਸਥਾਰ ਵਾਲੀਆਂ ਹਨ, ਜੇ ਕੋਈ ਇਨ੍ਹਾਂ ਗੱਲਾਂ ਨੂੰ ਸਮਝ ਲੈਂਦਾ ਹੈ ਤਾਂ ਹਾਰਕੇ ਚੁਪ ਕਰ ਰਹਿੰਦਾ ਹੈ। ਜੇ ਕਿਸੇ ਦੀਆਂ ਕਰੋੜਾਂ ਜੀਭਾਂ ਹੋ ਜਾਣ, ਤਾਂ ਵੀ ਉਹ ਪ੍ਰਭੂ ਦਾ ਅੰਤ ਨਹੀਂ ਪਾ ਸਕਦਾ; ਉਸ ਦੀ ਗਿਣਤੀ ਕਰਨ ਲਗਿਆਂ ਘਾਟਾ ਹੀ ਦਿਸੇਗਾ॥ ੬੩॥

ਦੋਹਰਾ॥ ਜਬ ਆਇਸੁ ਪ੍ਰਭ ਕੋ ਭਯੋ ਜਨਮੁ ਧਰਾ ਜਗ ਆਇ॥
ਅਬ ਮੈ ਕਥਾ ਸੰਛੇਪਤੇ ਸਭਹੂੰ ਕਹਤ ਸੁਨਾਇ॥ ੬੪॥

ਜਦੋਂ ਮੈਨੂੰ ਪ੍ਰਭੂ ਦੀ ਆਗਿਆ ਹੋਈ, ਤਦੋਂ ਮੈਂ ਇਸ ਸੰਸਾਰ ਵਿਚ ਜਨਮ ਲਿਆ। ਹੁਣ ਮੈਂ ਸਾਰੀ ਅਗਲੀ ਕਥਾ ਨੂੰ ਸੰਖੇਪ ਰੂਪ ਵਿਚ ਸੁਣਾਉਂਦਾ ਹਾਂ॥ ੬੪॥

ਇਤਿ ਸ੍ਰੀ ਬਚਿੱਤ੍ਰ ਨਾਟਕ ਗ੍ਰੰਥੇ ਮਮ ਆਗਿਆ ਕਾਲ ਜਗ ਪ੍ਰਵੇਸ਼ ਕਰਨੰ ਨਾਮ ਖਸ਼ਟਮੋ ਧਿਆਇ ਸਮਾਪਤਮ ਸਤੁ ਸੁਭਮ ਸਤੁ॥ ੬॥ ੨੭੯॥ ਅਫਜੂੰ॥

ਸ੍ਰੀ ਬਚਿੱਤਰ ਨਾਟਕ ਗ੍ਰੰਥ, ਅਕਾਲ ਪੁਰਖ ਵਲੋਂ ਜੱਗ ਵਿਚ ਪ੍ਰਵੇਸ਼ ਕਰਨ ਦੀ ਆਗਿਆ, ਅਧਿਆਏ ਛੇਵਾਂ ਸਮਾਪਤ॥ ਸਤ ਸੁਭਮ ਸਤ॥ ੬॥ ੨੭੯॥ ਚਲਦਾ॥

ਇਸ ਛੇਵੇਂ ਅਧਿਆਇ ਵਿਚ ਗੁਰੂ ਜੀ ਨੇ ਆਪਣੀ ਕਥਾ ਇਸ ਪ੍ਰਕਾਰ ਵਰਣਨ ਕੀਤੀ ਹੈ ਕਿ ਅਸੀਂ ਪੂਰਬਲੇ ਜਨਮ ਵਿਚ ਤਪ ਕਰ ਰਹੇ ਸੀ ਕਿ ਅਕਾਲ ਪੁਰਖ ਨੇ ਦਰਸ਼ਨ ਦੇ ਕੇ ਸਾਨੂੰ ਹੁਕਮ ਕੀਤਾ ਹੈ ਕਿ 'ਤੁਸੀਂ ਇਸ ਤਪੱਸਿਆ ਨੂੰ ਛੱਡਕੇ ਮਾਤਲੋਕ ਵਿਚ ਜਾਓ ਤੇ ਨਿਰੰਕਾਰ ਤੋਂ ਭੁਲੇ ਜਗਤ-ਜੀਵਾਂ ਨੂੰ ਸਤ ਮਾਰਗ ਤੇ ਲਾਓ। ਮੈਂ ਇਸ ਤੋਂ ਪਹਿਲਾਂ ਕਈ ਦੇਵਤਿਆਂ, ਰਿਸ਼ੀਆਂ, ਮੁਨੀਆਂ, ਸਿਧਾਂ, ਜੋਗੀਆਂ ਤੇ ਹੋਰ ਮਹਾਂ ਪੁਰਸ਼ਾਂ ਨੂੰ ਜਗਤ ਤੇ ਭੇਜਿਆ ਹੈ, ਪਰ ਉਹ ਸਾਰੇ ਜਗਤ ਵਿਚ ਜਾ ਕੇ ਆਪੋ ਆਪਣੀ ਪੂਜਾ ਕਰਾਉਣ ਵਿਚ ਹੀ ਫੱਸ ਗਏ। ਪ੍ਰਮੇਸ਼ਰ ਦੇ ਨਾਂ ਨੂੰ ਸਾਰੇ ਭੁਲ ਗਏ।

ਸੋ ਅਸੀਂ ਅਕਾਲ ਪੁਰਖ ਦੀ ਆਗਿਆ ਨਾਲ ਇਸ ਸੰਸਾਰ ਵਿਚ "ਧਰਮ ਚਲਾਵਨ ਸੰਤ ਉਬਾਰਨ॥ ਦੁਸ਼ਟ ਸਭਨ ਕੋ ਮੂਲ ਉਪਾਰਨ॥" ਦਾ ਆਸ਼ਾ ਲੈ ਕੇ ਅਵਾਤਰ ਲਿਆ ਹੈ, ਨਿਰੰਕਾਰ ਦੀ ਆਗਿਆ ਅਨੁਸਾਰ ਹੀ ਅਸੀਂ ਸਭ ਕੁਛ ਕਹਿ ਰਹੇ ਹਾਂ ਤੇ ਕਰਾਂਗੇ।

# ਅਧਿਆਏ ਸਤਵਾਂ

## *ਕਵੀ ਦੇ ਜਨਮ ਦੀ ਕਥਾ*

**ਚੌਪਈ॥ ਮੁਰ ਪਿਤ ਪੂਰਬ ਕਿਯਸਿ ਪਯਾਨਾ॥ ਭਾਂਤਿ ਭਾਂਤਿ ਕੇ ਤੀਰਥ ਨ੍ਹਾਨਾ॥**
**ਜਬ ਹੀ ਜਾਤ ਤ੍ਰਿਬੇਣੀ ਪਏ॥ ਪੁੰਨ ਦਾਨ ਦਿਨ ਕਰਤ ਬਿਤਏ॥ ੧॥**

ਜਦੋਂ ਮੇਰੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਧਰਮ ਪ੍ਰਚਾਰ ਦੀ ਖਾਤਰ ਪੂਰਬ ਦਿਸ਼ਾ ਵਲ ਜਾਣ ਦੀ ਤਿਆਰੀ ਕੀਤੀ, ਤਦ ਰਸਤੇ ਵਿਚ ਆਉਂਦੇ ਹਰ ਤੀਰਥ ਤੇ ਉਹਨਾਂ ਨੇ ਇਸ਼ਨਾਨ ਕੀਤਾ। ਜਦੋਂ ਉਹ ਤ੍ਰਿਬੇਣੀ ਦੇ ਸੰਗਮ ਪ੍ਰਯਾਗ ਰਾਜ ਤੇ ਪਹੁੰਚੇ ਤਾਂ ਪੁੰਨ ਦਾਨ ਤੇ ਇਸ਼ਨਾਨ ਆਦਿ ਕਰਮ ਕਰਦਿਆਂ ਉਹਨਾਂ ਨੇ ਕਈ ਦਿਨ ਉਥੇ ਬਿਤਾ ਦਿਤੇ॥ ੧॥

**ਤਹੀਂ ਪ੍ਰਕਾਸ਼ ਹਮਾਰਾ ਭਯੋ॥ ਪਟਨਾ ਸ਼ਹਿਰ ਬਿਖੈ ਭਵ ਲਯੋ॥**
**ਮੱਦ੍ਰ ਦੇਸ ਹਮ ਕੋ ਲੇ ਆਏ॥ ਭਾਂਤਿ ਭਾਂਤਿ ਦਾਈਅਨ ਦੁਲਰਾਏ॥ ੨॥**

ਉਥੇ ਪ੍ਰਯਾਗਰਾਜ ਵਿਚ ਹੀ ਸਾਡਾ ਪ੍ਰਕਾਸ਼ ਮਾਤਾ ਜੀ ਨੂੰ ਪ੍ਰਤੀਤ ਹੋਇਆ ਅਰਥਾਤ ਮਾਤਾ ਜੀ ਦੇ ਗਰਭ ਵਿਚ ਸਾਡਾ ਪ੍ਰਵੇਸ਼ ਹੋਇਆ। ਫਿਰ ਮਾਤਾ ਪਿਤਾ ਜੀ ਦੇ ਪਟਨਾ ਸ਼ਹਿਰ ਵਿਚ ਪੁਜਣ ਤੇ ਉਥੇ ਸਾਡਾ ਜਨਮ ਹੋਇਆ। ਪਟਨਾ ਸ਼ਹਿਰ ਤੋਂ ਕੁਛ ਸਮੇਂ ਬਾਅਦ ਸਾਨੂੰ ਪੰਜਾਬ ਵਿਚ ਅਨੰਦਪੁਰ ਲੈ ਆਏ। ਦਾਈਆਂ ਨੇ ਕਈਆਂ ਤਰ੍ਹਾਂ ਦੇ ਲਾਡ ਸਾਨੂੰ ਕਰਾਏ॥ ੨ ॥

**ਕੀਨੀ ਅਨਿਕ ਭਾਂਤਿ ਤਨ ਰੱਛਾ॥ ਦੀਨੀ ਭਾਂਤਿ ਭਾਂਤਿ ਕੀ ਸਿੱਛਾ॥**
**ਜਬ ਹਮ ਧਰਮ ਕਰਮ ਮੋ ਆਏ॥ ਦੇਵ ਲੋਕ ਤਬ ਪਿਤਾ ਸਿਧਾਏ॥ ੩॥**

ਮਾਤਾ ਪਿਤਾ ਨੇ ਸਾਡੇ ਸਰੀਰ ਦੀ ਹਰ ਪ੍ਰਕਾਰ ਦੀ ਸੰਭਾਲ ਕੀਤੀ ਤੇ ਹਰ ਤਰ੍ਹਾਂ ਦੀ ਸਿਖਿਆ ਸਾਨੂੰ ਦਿੱਤੀ। ਜਦੋਂ ਅਸੀਂ ਧਰਮ ਦੇ ਕੰਮਾਂ ਵਿਚ ਪ੍ਰਵੇਸ਼ ਕੀਤਾ, ਤਦ ਪਿਤਾ ਜੀ ਦਿੱਲੀ ਵਿਚ ਸ਼ਹੀਦੀ ਪ੍ਰਾਪਤ ਕਰਕੇ ਬੈਕੁੰਠ ਧਾਮ ਨੂੰ ਚਲੇ ਗਏ॥ ੩॥

ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਕਬਿ ਜਨਮ ਕਥਨੰ ਨਾਮ ਸਪਤਮੋ ਧਿਆਇ ਸਮਾਪਤਮ ਸਤੁ ਸੁਭਮ ਸਤੁ॥ ੭॥ ੨੮੨॥ ਅਫਜੂੰ॥

ਸ੍ਰੀ ਬਚਿੱਤਰ ਨਾਟਕ ਗ੍ਰੰਥ, ਕਵੀ ਦੇ ਜਨਮ ਦੀ ਕਥਾ, ਅਧਿਆਇ ਸਤਵਾਂ ਸਮਾਪਤ॥ ਸਤ ਸ਼ੁਭਮ ਸਤ॥ ੭॥ ੨੮੨॥ ਚਲਦਾ॥

# ਅਧਿਆਏ ਅਠਵਾਂ

## ਰਾਜ ਸਾਜ ਦੀ ਕਥਾ

**ਚੌਪਈ॥ ਰਾਜ ਸਾਜ ਹਮ ਪਰ ਜਬ ਆਯੋ॥ ਜਥਾ ਸ਼ਕਤ ਤਬ ਧਰਮ ਚਲਾਯੋ॥**
**ਭਾਂਤਿ ਭਾਂਤਿ ਬਨ ਖੇਲ ਸ਼ਿਕਾਰਾ॥ ਮਾਰੇ ਰੀਛ ਰੋਝ ਝੰਖਾਰਾ॥ ੧॥**

ਹੁਣ ਅਸੀਂ ਆਪਣੇ ਰਾਜ ਸਾਜ ਵਿਚ ਆਉਣ ਦੀ ਅਗਲੀ ਕਥਾ ਵਰਨਣ ਕਰਦੇ ਹਾਂ। ਪਿਤਾ ਜੀ ਦੇ ਸ਼ਹੀਦੀ ਪਾ ਜਾਣ ਤੋਂ ਬਾਅਦ ਜਦੋਂ ਗੁਰ-ਗੱਦੀ ਦੀ ਸੋਂਪਣਾ ਸਾਨੂੰ ਹੋਈ ਤਾਂ ਅਸਾਂ ਆਪਣੀ ਸ਼ਕਤੀ ਮੁਤਾਬਕ ਧਰਮ ਦਾ ਪ੍ਰਚਾਰ ਕੀਤਾ। ਵਣ ਵਿਚ ਸ਼ਿਕਾਰ ਖੇਡ ਕੇ ਕਈ ਰਿੱਛ, ਰੋਝ ਤੇ ਬਾਰਾਂ ਸਿੰਗੇ ਆਦਿ ਮਾਰੇ॥ ੧॥

**ਦੇਸ ਚਾਲ ਹਮ ਤੇ ਪੁਨਿ ਭਈ॥ ਸ਼ਹਿਰ ਪਾਵਟਾ ਕੀ ਸੁਧਿ ਲਈ॥**
**ਕਾਲਿੰਦ੍ਰੀ ਤਟਿ ਕਰੇ ਬਿਲਾਸਾ॥ ਅਨਿਕ ਭਾਂਤ ਕੇ ਪੇਖਿ ਤਮਾਸਾ॥ ੨॥**

ਫਿਰ ਦੇਸ਼ ਦੇ ਹਾਲਾਤ ਐਸੇ ਹੋ ਗਏ ਕਿ ਸਾਨੂੰ ਅਨੰਦਪੁਰ ਛਡ ਕੇ ਨਾਹਨ ਰਿਆਸਤ ਵਿਚ

ਪਾਂਵਟੇ ਜਾਣਾ ਪਿਆ। ਉਥੇ ਜਮਨਾ ਦੇ ਕਿਨਾਰੇ ਅਸੀਂ ਕਈ ਤਰ੍ਹਾਂ ਦ ਕੌਤਕ ਕੀਤੇ ਤੇ ਅਨੇਕ ਤਰ੍ਹਾਂ ਦੇ ਤਮਾਸ਼ੇ ਵੇਖੇ॥ ੨॥

**ਤਹ ਕੇ ਸਿੰਘ ਘਨੇ ਚੁਨਿ ਮਾਰੇ॥ ਰੋਝ ਰੀਛ ਬਹੁ ਭਾਂਤਿ ਬਿਦਾਰੇ॥**
**ਫ਼ਤੇ ਸ਼ਾਹ ਕੋਪਾ ਤਬਿ ਰਾਜਾ॥ ਲੋਹ ਪਰਾ ਹਮ ਸੋਂ ਬਿਨੁ ਕਾਜਾ॥ ੩॥**

ਉਸ ਜੰਗਲ ਵਿਚ ਅਸੀਂ ਚੁਣ ਚੁਣ ਕੇ ਬਹੁਤ ਸ਼ੇਰ ਮਾਰੇ। ਕਈ ਤਰ੍ਹਾਂ ਦੇ ਰਿਛ ਤੇ ਰੋਝ ਵੀ ਮਾਰੇ। ਅਚਾਨਕ ਰਾਜਾ ਫਤਹਿ ਸ਼ਾਹ ਰਾਜਾ ਬਿਨ੍ਹਾਂ ਕਿਸੇ ਕਾਰਨ ਤੋਂ ਫੌਜ ਲੈ ਕੇ ਸਾਡੇ ਉਤੇ ਚੜ੍ਹਾਈ ਕਰਕੇ ਆ ਗਿਆ॥ ੩॥

## *ਭੁਜੰਗ ਪ੍ਰਯਾਤ ਛੰਦ॥*

**ਤਹਾ ਸ਼ਾਹ ਸ੍ਰੀ ਸ਼ਾਹ ਸੰਗ੍ਰਾਮ ਕੋਪੇ॥ ਪੰਚੋ ਬੀਰ ਬੰਕੇ ਪ੍ਰਿਥੀ ਪਾਇ ਰੋਪੇ॥**
**ਹਠੀ ਜੀਤ ਮੱਲੰ ਸੁ ਗਾਜੀ ਗੁਲਾਬੰ॥ ਰਣੰ ਦੇਖੀਐ ਰੰਗ ਰੂਪੰ ਸਹਾਬੰ॥ ੪॥**

ਇਸ ਜੰਗ ਵਿਚ ਸ੍ਰੀ ਸੰਗੋ ਸ਼ਾਹ ਬੜੇ ਕਰੋਧਵਾਨ ਹੋ ਕੇ ਲੜੇ। ਸਾਡੀ ਭੂਆ ਦੇ ਪੰਜ ਸੂਰਬੀਰ ਪੁੱਤਰਾਂ ਨੇ ਧਰਤੀ ਤੇ ਪੈਰ ਗੱਡ ਦਿੱਤੇ। ਹਠੀ ਜੀਤ ਮੱਲ ਤੇ ਗੁਲਾਬ ਚੰਦ ਜੰਗ ਦਾ ਮੈਦਾਨ ਵੇਖਕੇ ਬੀਰ ਰਸ ਵਿਚ ਮਸਤ ਹੋ ਗਏ ਤੇ ਉਹਨਾਂ ਦੇ ਚਿਹਰਿਆਂ ਤੇ ਲਾਲੀਆਂ ਭਖਣ ਲੱਗ ਪਈਆਂ ॥ ੪॥

**ਹਠਿਯੋ ਮਾਹਰੀ ਚੰਦਯੰ ਗੰਗਰਾਮੰ॥ ਜਿਨੈ ਕਿੱਤੀਯੰ ਜਿੱਤੀਯੰ ਫੌਜ ਤਾਮੰ॥**
**ਕੁਪੇ ਲਾਲ ਚੰਦੰ ਕੀਏ ਲਾਲ ਰੂਪੰ॥ ਜਿਨੈ ਗੰਜੀਯੰ ਗਰਬ ਸਿੰਘੰ ਅਨੂਪੰ॥ ੫॥**

ਅਰਥ - ਮਾਹਰੀ ਚੰਦ ਬੜਾ ਹਠੀਲਾ ਜਵਾਨ ਸੀ, ਗੰਗਾ ਰਾਮ, ਜਿਸ ਨੇ ਬਹੁਤ ਫੌਜਾਂ ਨੂੰ ਜਿਤਕੇ ਸਭ ਸੂਰਮਿਆਂ ਦੇ ਮਾਸ ਟੋਟੇ-ਟੋਟੇ ਕਰ ਦਿੱਤੇ। ਬੜਾ ਭਿਆਨਕ ਲਾਲ ਸਰੂਪ ਬਣਾਕੇ ਲਾਲ ਚੰਦ ਵੀ ਮੈਦਾਨ ਵਿਚ ਨਿਕਲ ਆਇਆ, ਜਿਸ ਦੀ ਗਰਜ ਨੇ ਸ਼ੇਰਾਂ ਦਾ ਹੰਕਾਰ ਤੋੜ ਦਿੱਤਾ॥ ੫॥

**ਕੁਪਿਓ ਮਾਹਰੂ ਕਾਹਰੂ ਰੂਪ ਧਾਰੇ॥ ਜਿਨੈ ਖਾਨ ਖਾਵੀਨੀਯੰ ਖੇਤ ਮਾਰੇ॥**
**ਕੁਪਿਓ ਦੇਵਤੇਸ਼ੰ ਦਯਾਰਾਮ ਜੁੱਧੰ॥ ਕੀਯੋ ਦ੍ਰੋਣ ਕੀ ਜਿਉ ਮਹਾਂ ਜੁੱਧ ਸੁੱਧੰ॥ ੬॥**

ਮਾਹੀ ਲਾਲ ਚੰਦ ਭਿਆਨਕ ਰੂਪ ਧਾਰਕੇ ਬੜੇ ਕਰੋਧ ਨਾਲ ਨਿਕਲਿਆ, ਜਿਸ ਨੇ ਬੜੇ ਬੜੇ ਖੂਨੀ ਖਾਨਾਂ ਨੂੰ ਜੰਗ ਵਿਚ ਮਾਰਿਆ। ਪ੍ਰੋਹਤ ਦਇਆ ਰਾਮ ਬੜੇ ਕਰੋਧ ਵਿਚ ਆਇਆ। ਉਸ ਨੇ ਦਰੋਣਾਚਾਰਯ ਵਾਂਗੂੰ ਬੜਾ ਮਹਾਨ ਯੁਧ ਕੀਤਾ॥ ੬॥

**ਕ੍ਰਿਪਾਲ ਕੋਪੀਯੰ ਕੁਤਕੋ ਸੰਭਾਰੀ॥ ਹਠੀ ਖਾਨਹਯਾਤ ਕੇ ਸੀਸ ਝਾਰੀ॥**

**ਉਠੀ ਛਿੱਛਿ ਇੱਛੰ ਕਢਾ ਮੇਝ ਜੋਰੰ॥ ਮਨੋ ਮਾਖਨੰ ਮੱਟਕੀ ਕਾਨ੍ਹ ਫੋਰੰ॥ ੭॥**

ਕਿਰਪਾਲ ਚੰਦ ਉਦਾਸੀ ਬੜੇ ਰੋਹ ਨਾਲ ਆਪਣਾ ਕੁਤਕਾ ਭਾਵ ਸੋਟਾ ਫੜਕੇ ਜੰਗ ਵਿਚ ਆਇਆ ਤੇ ਉਸ ਨੇ ਆਪਣਾ ਸੋਟਾ ਹਿਆਤ ਖਾਂ ਦੇ ਸਿਰ ਵਿਚ ਐਸਾ ਮਾਰਿਆ ਕਿ ਉਸ ਦੇ ਸਿਰ ਦਾ ਖੋਪਰ ਖੁੱਲ੍ਹ ਗਿਆ ਤੇ ਉਸ ਵਿਚੋਂ ਮਿੱਝ ਦੀਆਂ ਛਿਟਾਂ ਇਉ ਉਡੀਆਂ, ਮਾਨੋ ਕ੍ਰਿਸ਼ਨ ਨੇ ਆਪਣੀ ਮਾਤਾ ਦੀ ਮੱਖਣ ਵਾਲਾ ਚਾਟੀ ਭੰਨ ਦਿੱਤੀ ਹੋਵੇ॥ ੭॥

**ਤਹਾਂ ਨੰਦ ਚੰਦੰ ਕੀਯੋ ਕੋਪੁ ਭਾਰੋ॥ ਲਗਾਈ ਬਰੱਛੀ ਕ੍ਰਿਪਾਣੰ ਸੰਭਾਰੋ॥**
**ਤੁਟੀ ਤੇਗ ਤ੍ਰਿੱਖੀ ਕਢੇ ਜੱਮਦੱਢੰ॥ ਹਠੀ ਰਾਖੀਯੰ ਲੱਜ ਬੰਸੰ ਸਨੱਢੰ॥ ੮॥**

ਜੰਗ ਅੰਦਰ ਦੀਵਾਨ ਨੰਦ ਚੰਦ ਨੇ ਬੜੇ ਕਰੋਧ ਨਾਲ ਆਪਣੀ ਬਰਛੀ ਨਜਾਬਤ ਖਾਂ ਨੂੰ ਮਾਰੀ ਤੇ ਫਿਰ ਆਪਣੇ ਹੱਥ ਵਿਚ ਤਲਵਾਰ ਫੜ ਲਈ। ਜੰਗ ਕਰਦਿਆਂ ਉਸਦੀ ਤੇਜ਼ ਤਲਵਾਰ ਟੁੱਟ ਗਈ, ਫਿਰ ਉਸ ਨੇ ਕਟਾਰ ਕੱਢ ਲਈ। ਹਠੀ ਸੂਰਬੀਰ ਯੋਧਿਆਂ ਨੇ ਸੋਢੀ ਬੰਸ ਦੀ ਲਜਿਆ ਰੱਖ ਲਈ॥ ੮॥

**ਤਹਾਂ ਮਾਤਲੇਯੰ ਕ੍ਰਿਪਾਲੰ ਕਰੁੱਧੰ॥ ਛਕਿਯੋ ਛੋਭ ਛੱਤ੍ਰੀ ਕਰਜੋ ਜੁੱਧ ਸੁੱਧੰ॥**
**ਸਹੇ ਦੇਹ ਆਪੰ ਮਹਾਬੀਰ ਬਾਣੰ॥ ਕਰੋ ਖਾਨ ਬਾਨੀਨ ਖਾਲੀ ਪਲਾਣੰ॥ ੯॥**

ਸਾਡੇ ਮਾਮੇ ਕ੍ਰਿਪਾਲ ਚੰਦ ਨੂੰ ਬੜਾ ਰੋਹ ਚੜ੍ਹਿਆ, ਉਸ ਕਰੋਧ ਵਿਚ ਭਰੇ ਸੂਰਮੇ ਨੇ ਬੜਾ ਭਿਆਨਕ ਜੁੱਧ ਕੀਤਾ। ਉਸ ਸੂਰਮੇ ਨੇ ਆਪਣੇ ਸਰੀਰ ਤੇ ਬੜੇ ਤੀਰ ਸਹਾਰੇ ਤੇ ਬਾਂਕੇ ਪਠਾਣਾਂ ਦੇ ਘੋੜਿਆਂ ਨੂੰ ਖਾਲੀ ਕਰ ਦਿੱਤਾ ਭਾਵ ਅਨੇਕਾਂ ਪਠਾਣਾਂ ਨੂੰ ਮੌਤ ਦੇ ਘਾਟ ਉਤਾਰਿਆ॥ ੯॥

**ਹਠਿਯੋ ਸਾਹਬੰ ਚੰਦ ਖੇਤੰ ਖੜ੍ਰਿਯਾਣੰ॥ ਹਨੇ ਖਾਨ ਖੂਨੀ ਖੁਰਾਸਾਨ ਭਾਨੰ॥**
**ਤਹਾਂ ਬੀਰ ਬੰਕੇ ਭਲੀ ਭਾਂਤਿ ਮਾਰੇ॥ ਬਚੇ ਪ੍ਰਾਨ ਲੈ ਕੈ ਸਿਪਾਹੀ ਸਿਧਾਰੇ॥ ੧੦॥**

ਬੜੇ ਹਠ ਵਾਲੇ ਸਾਹਿਬ ਚੰਦ ਸੂਰਮੇ ਨੇ ਜੰਗ ਵਿਚ ਖੁਰਾਸਾਨ ਦੇ ਕਈ ਖੂਨੀ ਪਠਾਣਾਂ ਨੂੰ ਪਾਰ ਬੁਲਾਇਆ। ਇਸ ਨੇ ਵਡੇ ਵਡੇ ਸੂਰਮੇ ਮਾਰ ਦਿੱਤੇ। ਇਸ ਦੀ ਮਾਰ ਤੋਂ ਜਿਹੜੇ ਬਚ ਗਏ, ਉਹ ਆਪਣੀਆਂ ਜਾਨਾਂ ਬਚਾਕੇ ਮੈਦਾਨ ਵਿਚੋਂ ਭੱਜ ਗਏ॥ ੧੦॥

**ਤਹਾਂ ਸ਼ਾਹ ਸੰਗ੍ਰਾਮ ਕੀਨੇ ਅਖਾਰੇ॥ ਘਨੇ ਖੇਤ ਮੋ ਖਾਨ ਖੂਨੀ ਲਤਾਰੇ॥**
**ਨ੍ਰਿਪੰ ਗੋਪਲਾਯੰ ਖਰੋ ਖੇਤ ਗਾਜੈ॥ ਮ੍ਰਿਗਾ ਝੁੰਡ ਮੱਧਜੰ ਮਨੋ ਸਿੰਘ ਰਾਜੈ॥ ੧੧॥**

ਇਸ ਜੰਗ ਵਿਚ ਸੰਗੋ ਸ਼ਾਹ ਨੇ ਬੜੇ ਬੜੇ ਯੋਧਿਆਂ ਦੇ ਦਲਾਂ ਨੂੰ ਆਪਣੇ ਪੈਰਾਂ ਹੇਠ ਲਤਾੜ ਦਿੱਤਾ। ਦੂਜੇ ਪਾਸਿਓਂ ਰਾਜਾ ਗੁਪਾਲ ਚੰਦ ਗੁਲੇਰੀਆਂ ਮੈਦਾਨ ਵਿਚ ਆ ਕੇ ਇਉਂ ਗਰਜਣ ਲਗਾ ਜਿਵੇਂ ਹਿਰਨਾਂ ਦੇ ਝੁੰਡ ਵਿਚ ਸ਼ੇਰ ਗੱਜਦਾ ਹੈ॥ ੧੧॥

**ਤਹਾਂ ਏਕ ਬੀਰੰ ਹਰੀਚੰਦ ਕੋਪਜੋ॥ ਭਲੀ ਭਾਂਤਿ ਸੋ ਖੇਤ ਮੋ ਪਾਵ ਰੋਪਜੋ॥**

**ਮਹਾਂ ਕ੍ਰੋਧ ਕੈ ਤੀਰ ਤੀਖੇ ਪ੍ਰਹਾਰੇ॥ ਲਗੈ ਜੌਨਿ ਕੇ ਤਾਹਿ ਪਾਰੈ ਪਧਾਰੇ॥ ੧੨॥**

ਉਸ ਜੰਗ ਵਿਚ ਰਾਜਾ ਹਰੀ ਚੰਦ ਹੰਡੂਰੀਆਂ ਵੀ ਆ ਗੱਜਿਆ, ਉਸ ਨੇ ਜੰਗ ਵਿਚ ਆਪਣੇ ਪੈਰ ਜਮਾਂ ਲਏ। ਉਸ ਨੇ ਬੜੇ ਕਰੋਧ ਨਾਲ ਬੜੇ ਤਿੱਖੇ ਤੀਰ ਛੱਡੇ, ਉਹ ਤੀਰ ਜਿਸ ਨੂੰ ਲਗਦੇ ਸਨ, ਉਸ ਦੇ ਸਰੀਰ ਤੋਂ ਪਾਰ ਨਿਕਲ ਜਾਂਦੇ ਸਨ॥ ੧੨॥

## *ਰਸਾਵਲ ਛੰਦ॥*

**ਹਰੀ ਚੰਦ ਕ੍ਰੁੱਧੰ॥ ਹਨੇ ਸੂਰ ਸੁੱਧੰ॥ ਭਲੇ ਬਾਣ ਬਾਹੇ॥ ਬਡੇ ਸੈਨ ਗਾਹੇ॥ ੧੩॥**

ਰਾਜਾ ਹਰੀ ਚੰਦ ਨੇ ਬੜੇ ਰੋਹ ਨਾਲ ਜੰਗ ਕੀਤਾ ਤੇ ਬੜੇ ਬੜੇ ਯੋਧਿਆਂ ਨੂੰ ਮਾਰਿਆਂ। ਉਸ ਨੇ ਬੜੀ ਯੋਗਤਾ ਨਾਲ ਤੀਰ ਚਲਾਏ ਤੇ ਸਾਡੇ ਬਹੁਤ ਸੈਨਕ ਮਾਰ ਦ੍ਰਿੱਤੇ॥ ੧੩॥

**ਰਸੰ ਰੁੱਦ੍ਰ ਰਾਚੇ॥ ਮਹਾਂ ਲੋਹ ਮਾਚੇ॥ ਹਨੇ ਸ਼ਸਤ੍ਰਧਾਰੀ॥ ਲਿਟੇ ਭੂਪ ਭਾਰੀ॥ ੧੪॥**

ਰਾਜਾ ਹਰੀ ਚੰਦ ਰੌਦ੍ਰ ਰਸ ਵਿਚ ਰਚਿਆ ਹੋਇਆ ਸੀ। ਉਹ ਲੋਹੇ ਵਾਂਗੂੰ ਲਾਲ ਹੋ ਕੇ ਬੜਾ ਚਮਕਿਆ। ਉਸ ਨੇ ਬੜੇ ਸ਼ਸਤ੍ਰਧਾਰੀਆਂ ਨੂੰ ਮਾਰ ਦਿੱਤਾ। ਵਡੇ ਵਡੇ ਰਾਜੇ ਮੈਦਾਨੇ-ਜੰਗ ਵਿਚ ਮਰ ਕੇ ਲੇਟ ਗਏ॥ ੧੪॥

**ਤਬੈ ਜੀਤ ਮੱਲੰ॥ ਹਰੀਚੰਦ ਭੱਲੰ॥ ਹ੍ਰਿਦੈ ਐਂਚ ਮਾਰਜੋ॥ ਸੁ ਖੇਤੰ ਉਤਾਰਜੋ॥ ੧੫॥**

ਜੀਤ ਮੱਲ ਨੇ ਰਾਜੇ ਹਰੀ ਚੰਦ ਨੂੰ ਬੜੇ ਜ਼ੋਰ ਨਾਲ ਨੇਜਾ ਮਾਰਿਆ। ਉਸ ਦੀ ਛਾਤੀ ਵਿਚ ਨੇਜਾ ਵਜਿਆ ਤੇ ਉਹ ਜੰਗ ਭੂਮੀ ਵਿਚ ਡਿੱਗ ਪਿਆ॥ ੧੫॥

**ਲਗੇ ਬੀਰ ਬਾਣੰ॥ ਰਿਸਿਯੋ ਤੇਜਿ ਮਾਣੰ॥ ਸਮੁਰ ਬਾਜ ਡਾਰੇ॥ ਸੁਵਰਗੰ ਸਿਧਾਰੇ॥ ੧੬॥**

ਜਿਸ ਸੂਰਮੇ ਨੂੰ ਤੀਰ ਵੱਜਦਾ ਸੀ, ਉਹ ਬੜੇ ਕਰੋਧ ਨਾਲ ਅੱਗ ਵਾਂਗੂੰ ਲਾਲ ਹੋ ਜਾਂਦਾ ਸੀ। ਉਹ ਘੋੜੇ ਨੂੰ ਖਾਲੀ ਛੱਡਕੇ ਆਪ ਸਵਰਗ ਨੂੰ ਚਲਾ ਜਾਂਦਾ ਸੀ॥ ੧੬॥

## *ਭੁਜੰਗ ਪ੍ਰਯਾਤ ਛੰਦ॥*

**ਖੁਲੈ ਖਾਨ ਖੂਨੀ ਖੁਰਾਸਾਨ ਖੱਗੰ॥ ਪਰੀ ਸ਼ਸਤ੍ਰ ਧਾਰੰ ਉਠੀ ਝਾਲ ਅੱਗੰ॥**
**ਭਈ ਤੀਰ ਭੀਰੰ ਕਮਾਣੰ ਕੜੱਕੇ॥ ਗਿਰੇ ਬਾਜ ਤਾਜੀ ਲਗੇ ਧੀਰ ਧੱਕੇ॥ ੧੭॥**

ਖੁਰਾਸਾਨ ਦੇ ਖੂਨੀ ਪਠਾਣਾਂ ਦੇ ਹੱਥਾਂ ਵਿਚ ਖੁਲ੍ਹੇ ਖੰਡੇ ਫੜੇ ਹੋਏ ਸਨ। ਸ਼ਸਤਰਾਂ ਦੀਆਂ ਧਾਰਾਂ ਚਮਕਦੀਆਂ ਸਨ ਤੇ ਉਹਨਾਂ ਵਿਚੋਂ ਅੱਗ ਦੇ ਚੰਗਿਆੜੇ ਨਿਕਲਦੇ ਸਨ। ਕਮਾਨਾਂ ਕੜਕਦੀਆਂ ਸਨ ਤੇ ਤੀਰਾਂ ਦੀ ਭੀੜ ਬਣੀ ਹੋਈ ਸੀ। ਧੀਰਜ ਵਾਲੇ ਸੂਰਮਿਆਂ ਦੇ ਧੱਕੇ ਲੱਗ ਰਹੇ ਸਨ ਅਤੇ ਘੋੜੇ ਮਰ ਮਰ ਕੇ ਡਿੱਗ ਰਹੇ ਸਨ॥ ੧੭॥

**ਬਜੀ ਭੇਰ ਭੁੰਕਾਰ ਧੁੱਕੇ ਨਗਾਰੇ॥ ਦੁਹੂੰ ਓਰ ਤੇ ਬੀਰ ਬੰਕੇ ਬਕਾਰੇ॥**

**ਕਰੇ ਬਾਹੁ ਆਘਾਤ ਸ਼ਸਤ੍ਰੰ ਪ੍ਰਹਾਰੰ॥ ਡਕੀ ਡਾਕਣੀ ਚਾਂਵਡੀ ਚੀਤਕਾਰੰ॥ ੧੮॥**

ਭੇਰੀਆਂ ਭੂੰ ਭੂੰ ਕਰਕੇ ਵੱਜ ਰਹੀਆਂ ਸਨ ਤੇ ਨਗਾਰੇ ਵੀ ਵੱਜ ਰਹੇ ਸਨ। ਦੋਹਾਂ ਪਾਸਿਆਂ ਦੇ ਸੂਰਮੇ ਇਕ ਦੂਜੇ ਨੂੰ ਲਲਕਾਰ ਰਹੇ ਸਨ। ਸੂਰਮੇ ਬਾਹਾਂ ਦੇ ਬਲ ਨਾਲ ਸ਼ਸਤਰਾਂ ਦੇ ਵਾਰ ਕਰ ਰਹੇ ਸਨ। ਡਾਕਣੀਆਂ ਦੇ ਡੈਣਾਂ ਚੀਕਾਂ ਮਾਰ ਰਹੀਆਂ ਸਨ॥ ੧੮॥

**ਦੋਹਰਾ॥ ਕਹਾ ਲਗੇ ਬਰਨਨ ਕਰੌ ਮਚਿਯੋ ਜੁੱਧੁ ਅਪਾਰ॥
ਜੇ ਲੁੱਝੇ ਜੁੱਝੇ ਸਭੇ ਭੱਜੇ ਸੂਰ ਹਜਾਰ॥ ੧੯॥**

ਏਨਾ ਭਿਆਨਕ ਜੰਗ ਮਚਿਆ, ਜਿਸ ਦਾ ਵਰਣਨ ਮੈਂ ਕਿਥੇ ਤਕ ਕਰਾਂ? ਜਿਹੜੇ ਮੈਦਾਨ ਵਿਚ ਸਨਮੁਖ ਹੋ ਕੇ ਲੜੇ, ਉਹ ਸ਼ਹੀਦੀਆਂ ਪਾ ਗਏ ਤੇ ਹਜ਼ਾਰਾਂ ਬੁਜ਼ਦਿਲ ਜੰਗ ਤੋਂ ਡਰ ਕੇ ਜਾਨਾਂ ਬਚਾਕੇ ਭੱਜ ਗਏ॥ ੧੯॥

## ਭੁਜੰਗ ਪ੍ਰਯਾਤ ਛੰਦ॥

**ਭਜਿਯੋ ਸ਼ਾਹ ਪਾਹਾੜ ਤਾਜੀ ਤ੍ਰਿਪਾਯੰ॥ ਚਲਿਯੋ ਬੀਰੀਯਾ ਤੀਰੀਯਾ ਨ ਚਲਾਯੰ॥
ਜਸੋ ਡੱਢਵਾਲੰ ਮਧੁੱਕਰ ਸੁ ਸਾਹੰ॥ ਭਜੇ ਸੰਗਿ ਲੈ ਕੈ ਸੁ ਸਾਰੀ ਸਿਪਾਹੰ॥ ੨੦॥**

ਅਖੀਰ ਪਹਾੜੀ ਰਾਜਾ ਫ਼ਤੇ ਸ਼ਾਹ ਆਪਣੇ ਘੋੜੇ ਨੂੰ ਅੱਡੀ ਲਾ ਕੇ ਮੈਦਾਨ ਵਿਚੋਂ ਭੱਜ ਗਿਆ। ਸਾਡੇ ਸੂਰਮਿਆਂ ਨੇ ਮਗਰੋਂ ਕੋਈ ਤੀਰ ਨਾ ਚਲਾਇਆ ਫਿਰ ਜਸਵਾਲ ਦਾ ਕੇਸਰੀ ਚੰਦ ਤੇ ਡਢਵਾਲ ਦਾ ਮਧੁਕਰ ਸ਼ਾਹ ਵੀ ਆਪਣੀ ਸੈਨਾ ਨੂੰ ਲੈ ਕੇ ਭੱਜ ਗਏ॥ ੨੦॥

**ਚੱਕ੍ਰਤ ਚੌਪਿਯੋ ਚੰਦ ਗਾਜੀ ਚੰਦੇਲੰ॥ ਹਠੀ ਹਰੀਚੰਦੰ ਗਹੇ ਹਾਥ ਸੇਲੰ॥
ਕਰਿਯੋ ਸੁਆਮਿ ਧਰਮੰ ਮਹਾ ਰੋਸ ਰੁੱਝਿਯੰ॥ ਗਿਰਿਯੋ ਟੂਕ ਟੂਕ ਹ੍ਵੈ ਇਸੋ ਸੂਰ ਜੁੱਝਿਯੰ॥ ੨੧॥**

ਚੰਦੇਲੀਆ ਰਾਜਾ ਗਾਜ਼ੀ ਚੰਦ ਬੜੀ ਬਹਾਦਰੀ ਨਾਲ ਮੈਦਾਨ ਵਿਚ ਆ ਕੇ ਚਮਕਿਆ। ਉਧਰੋਂ ਹਠੀ ਹਰੀ ਚੰਦ ਰਾਜਾ ਵੀ ਹੱਥ ਵਿਚ ਬਰਛਾ ਫੜ ਕੇ ਆਇਆ। ਉਸਨੇ ਬੜੇ ਰੋਹ ਵਿਚ ਆ ਕੇ ਆਪਣੇ ਸੁਆਮੀ ਧਰਮ ਨੂੰ ਪੂਰਾ ਕੀਤਾ। ਉਹ ਸੂਰਮਾ ਟੁਕੜੇ ਟੁਕੜੇ ਹੋ ਕੇ ਸ਼ਹੀਦ ਹੋ ਗਿਆ॥ ੨੧॥

**ਤਹਾਂ ਖਾਨ ਨੈਜਾਬਤੈ ਆਨ ਕੈ ਕੈ॥ ਹਨਿਓ ਸ਼ਾਹ ਸੰਗ੍ਰਾਮ ਕੋ ਸ਼ਸਤ੍ਰ ਲੈ ਕੈ॥
ਕਿਤੈ ਖਾਨ ਬਾਨੀਨਹੂੰ ਅਸਤ੍ਰ ਝਾਰੇ॥ ਸਹੀ ਸ਼ਾਹ ਸੰਗ੍ਰਾਮ ਸੁਰਗੰ ਸਿਧਾਰੇ॥ ੨੨॥**

ਨਜਾਬਤ ਖਾਂ ਮੈਦਾਨ ਵਿਚ ਸ਼ਸਤਰ ਫੜਕੇ ਆਇਆ ਤੇ ਉਸ ਨੇ ਸੰਗੋ ਸ਼ਾਹ ਤੇ ਵਾਰ ਕੀਤੇ। ਉਸ ਦੇ ਹੋਰ ਕਈ ਸਾਥੀ ਪਠਾਣਾਂ ਨੇ ਵੀ ਸੰਗੋ ਸ਼ਾਹ ਤੇ ਵਾਰ ਕੀਤੇ। ਅੰਤ ਸੰਗੋ ਸ਼ਾਹ ਸ਼ਹੀਦ ਹੋ ਕੇ ਸਵਰਗ ਨੂੰ ਚਲਾ ਗਿਆ॥ ੨੨॥

ਦੋਹਰਾ॥ ਮਾਰਿ ਨਜਾਬਤ ਖਾਂਨ ਕੌ ਸੰਗੋ ਜੁਝੈ ਜੁਝਾਰ॥
ਹਾ ਹਾ ਇਹ ਲੋਕੈ ਭਇਓ ਸੁਰਗ ਲੋਕ ਜੈਕਾਰ॥੨੩॥

ਨਜਾਬਤ ਖਾਂ ਨੂੰ ਮਾਰਕੇ ਸੰਗੋ ਸ਼ਾਹ ਆਪ ਵੀ ਸ਼ਹੀਦ ਹੋ ਗਿਆ। ਉਸ ਦੇ ਸ਼ਹੀਦ ਹੋਣ ਨਾਲ ਇਸ ਲੋਕ ਵਿਚ ਬੜੀ ਹਾਹਾਕਾਰ ਮਚੀ ਤੇ ਸਵਰਗ ਵਿਚ ਜੈ ਜੈ ਕਾਰ ਹੋਈ॥੨੩॥

## ਭੁਜੰਗ ਛੰਦ॥

ਲਖੇ ਸ਼ਾਹ ਸੰਗ੍ਰਾਮ ਜੁੱਝੇ ਜੁਝਾਰੰ॥ ਤਵੰ ਕੀਟ ਬਾਣੰ ਕਮਾਣੰ ਸੰਭਾਰੰ॥
ਹਨਿਯੋ ਏਕ ਖਾਨੰ ਖਿਆਲੰ ਖਤੰਗੰ॥ ਡਸਿਯੋ ਸ਼ੱਤ੍ਰ ਕੋ ਜਾਨੁ ਸਜਾਮੰ ਭੁਜੰਗੰ॥੨੪॥

ਸੰਗੋ ਸ਼ਾਹ ਨੂੰ ਸ਼ਹੀਦ ਹੋਇਆ ਵੇਖ ਕੇ ਮੈ ਆਪਣਾ ਤੀਰ ਕਮਾਨ ਸੰਭਾਲਿਆ। ਇਕ ਪਠਾਣ ਦਾ ਨਿਸ਼ਾਨਾਂ ਬੰਨ੍ਹ ਕੇ ਮੈਂ ਤੀਰ ਛਡਿਆ। ਇਉਂ ਪ੍ਰਤੀਤ ਹੋਇਆ ਜਿਵੇਂ ਕਾਲੇ ਨਾਗ ਨੇ ਉਸ ਵੈਰੀ ਨੂੰ ਡੱਸ ਲਿਆ ਹੋਵੇ॥੨੪॥

ਗਿਰਿਯੋ ਭੂਮ ਸੋ ਬਾਣ ਦੂਜੋ ਸੰਭਾਰਜੋ॥ ਮੁਖੰ ਭੀਖਨੰ ਖਾਨ ਕੇ ਤਾਨ ਮਾਰਜੋ॥
ਭਜਿਯੋ ਖਾਨ ਖੂਨੀ ਰਹਿਯੋ ਖੇਤ ਤਾਜੀ॥ ਤਜੇ ਪ੍ਰਾਣ ਤੀਜੇ ਲਗੇ ਬਾਣ ਬਾਜੀ॥੨੫॥

ਉਹ ਪਠਾਣ ਧਰਤੀ ਤੇ ਡਿੱਗ ਪਿਆ। ਫਿਰ ਮੈਂ ਦੂਜਾ ਤੀਰ ਛਡਿਆ, ਜੋ ਭੀਖਨ ਖਾਂ ਦੇ ਮੂੰਹ ਤੇ ਵਜਿਆ। ਭੀਖਨ ਖਾਂ ਜ਼ਖਮੀ ਹੋ ਕੇ ਮੈਦਾਨ ਚੋਂ ਭੱਜ ਗਿਆ, ਉਸ ਦਾ ਖਾਲੀ ਘੋੜਾ ਹੀ ਮੈਦਾਨ ਵਿਚ ਰਹਿ ਗਿਆ। ਮੇਰੇ ਤੀਜੇ ਤੀਰ ਦੇ ਲੱਗਣ ਨਾਲ ਉਹ ਘੋੜਾ ਵੀ ਮਰ ਗਿਆ॥੨੫॥

ਛੁਟੀ ਮੂਰਛਨਾ ਹਰੀਚੰਦੰ ਸੰਭਾਰੇ॥ ਗਹੇ ਬਾਣ ਕਾਮਾਣ ਭੇ ਐਚ ਮਾਰੇ॥
ਲਗੇ ਅੰਗ ਜਾਂਕੇ ਰਹੇ ਨਾ ਸੰਭਾਰੰ॥ ਤਨੰ ਤਜਾਗਤੇ ਦੇਵ ਲੋਕੰ ਪਧਾਰੰ॥੨੬॥

ਏਨੇ ਚਿਰ ਵਿਚ ਰਾਜਾ ਹਰੀ ਚੰਦ ਨੂੰ ਹੋਸ਼ ਆ ਗਈ ਤੇ ਉਹ ਆਪਣਾ ਆਪ ਸੰਭਾਲ ਕੇ ਫਿਰ ਮੈਦਾਨ ਵਿਚ ਆ ਡਟਿਆ। ਉਸ ਨੇ ਕਮਾਣ ਵਿਚੋਂ ਐਸੇ ਤੀਰ ਛੱਡੇ ਕਿ ਜਿਸ ਨੂੰ ਲੱਗਦੇ ਸਨ, ਉਸ ਨੂੰ ਕੋਈ ਹੋਸ਼ ਨਹੀਂ ਸੀ ਰਹਿੰਦੀ ਤੇ ਉਹ ਪ੍ਰਾਣ ਤਿਆਗ ਕੇ ਸਵਰਗ ਨੂੰ ਚਲਾ ਜਾਂਦਾ ਸੀ॥੨੬॥

ਦੁਯੰ ਬਾਣ ਖੈਚੇ ਇਕੰ ਬਾਰ ਮਾਰੇ॥ ਬਲੀ ਬੀਰ ਬਾਜੀਨ ਤਾਜੀ ਬਿਦਾਰੇ॥
ਜਿਸੈ ਬਾਨ ਲਾਗੈ ਰਹੈ ਨ ਸੰਭਾਰੰ॥ ਤਨੰ ਬੇਧਿਕੈ ਤਾਹਿ ਪਾਰੰ ਸਿਧਾਰੰ॥੨੭॥

ਰਾਜਾ ਹਰੀ ਚੰਦ ਇਕੋ ਸਮੇਂ ਦੋ ਤੀਰ ਚਲਾ ਰਿਹਾ ਸੀ। ਉਸ ਨੇ ਬੜੇ ਬੜੇ ਸੂਰਮੇ ਤੇ ਘੋੜੇ ਮਾਰ ਦਿੱਤੇ। ਉਸ ਦਾ ਤੀਰ ਜਿਸ ਨੂੰ ਲੱਗਦਾ ਸੀ, ਉਸ ਨੂੰ ਕੋਈ ਸੰਭਾਲ ਨਹੀਂ ਸੀ ਰਹਿੰਦੀ। ਤੀਰ

ਸਰੀਰ ਨੂੰ ਪਾਰ ਕਰਕੇ ਨਿਕਲ ਜਾਂਦਾ ਸੀ॥੨੭॥

**ਸਭੈ ਸ੍ਵਾਮ ਧਰਮੰ ਸੁ ਬੀਰੰ ਸੰਭਾਰੇ॥ ਡਕੀ ਡਾਕਣੀ ਭੂਤ ਪ੍ਰੇਤੰ ਬਕਾਰੇ॥**
**ਹਸੈ ਬੀਰ ਬੈਤਾਲ ਔ ਸੁੱਧ ਸਿੱਧੰ॥ ਚਵੀ ਚਾਵਡੀਯੰ ਉਡੀ ਗ੍ਰਿੱਧ ਬ੍ਰਿੱਧੰ॥ ੨੮॥**

ਸਭ ਸੂਰਮਿਆਂ ਨੇ ਆਪਣੇ ਸੁਆਮੀ ਧਰਮ ਦੀ ਪਾਲਣਾ ਕੀਤੀ। ਡਾਕਣੀਆਂ ਡਕਾਰਦੀਆਂ ਸਨ ਤੇ ਭੂਤ ਪ੍ਰੇਤ ਰੌਲਾ ਪਾ ਰਹੇ ਸਨ। ਸ਼ਿਵ ਜੀ ਦੇ ਬੀਰ ਗਣ ਤੇ ਸਿਧ ਹੱਸ ਰਹੇ ਸਨ। ਚੁੜੇਲਾਂ ਬੋਲ ਰਹੀਆਂ ਸਨ ਤੇ ਇੱਲਾਂ ਮੁਰਦਿਆਂ ਦਾ ਮਾਸ ਖਾਣ ਲਈ ਉੱਡ ਰਹੀਆਂ ਸਨ॥੨੮॥

**ਹਰੀਚੰਦ ਕੋਪੇ ਕਮਾਣੰ ਸੰਭਾਰੰ॥ ਪ੍ਰਥਮ ਬਾਜੀਯੰ ਤਾਣ ਬਾਣੰ ਪ੍ਰਹਾਰੰ॥**
**ਦੁਤਿਯ ਤਾਕ ਕੈ ਤੀਰ ਮੋ ਕੌ ਚਲਾਯੰ॥ ਰਖਿਓ ਦਈਵ ਮੈ ਕਾਨ ਛ੍ਵੈਕੈ ਸਿਧਾਯੰ॥ ੨੯॥**

ਹਰੀ ਚੰਦ ਨੇ ਬੜੇ ਗੁੱਸੇ ਨਾਲ ਕਮਾਨ ਫੜੀ ਤੇ ਇਕ ਤੀਰ ਉਸਨੇ ਮੇਰੇ ਘੋੜੇ ਨੂੰ ਮਾਰਿਆ। ਦੂਜਾ ਤੀਰ ਮੇਰਾ ਨਿਸ਼ਾਨਾ ਬੰਨ੍ਹਕੇ ਉਸ ਨੇ ਛਡਿਆ। ਪ੍ਰਭੂ ਨੇ ਮੈਨੂੰ ਬਚਾ ਲਿਆ ਤੇ ਉਹ ਤੀਰ ਮੇਰੇ ਕੰਨ ਨੂੰ ਛੋਹ ਕੇ ਲੰਘ ਗਿਆ॥੨੯॥

**ਤ੍ਰਿਤਿਯ ਬਾਣ ਮਾਰਜੋ ਸੁ ਪੇਟੀ ਮਝਾਰੰ॥ ਬਿਧਿਅੰ ਚਿਲਕਤੰ ਦੁਆਲ ਪਾਰੰ ਪਧਾਰੰ॥**
**ਚੁਭੀ ਚਿੰਚ ਚਰਮੰ ਕਛੂ ਘਾਇ ਨ ਆਯੰ॥ ਕਲ ਕੇਵਲੰ ਜਾਨ ਦਾਸੰ ਬਚਾਯੰ॥ ੩੦॥**

ਉਸ ਨੇ ਤੀਜਾ ਤੀਰ ਮੇਰੀ ਲੱਕ ਵਾਲੀ ਪੇਟ ਵਿਚ ਮਾਰਿਆ। ਉਹ ਤੀਰ ਚਿਲਕਤ ਨੂੰ ਵਿੰਨ੍ਹਕੇ ਪੇਟੀ ਦੇ ਤਸਮੇਂ ਤੋਂ ਪਾਰ ਨਿਕਲ ਗਿਆ। ਉਸ ਤੀਰ ਦੀ ਥੋੜੀ ਜਿਹੀ ਚੁੰਜ ਹੀ ਮੇਰੇ ਸਰੀਰ ਨੂੰ ਲੱਗੀ ਤੇ ਕੋਈ ਜ਼ਖਮ ਨਾ ਹੋਇਆ। ਅਕਾਲ ਪੁਰਖ ਨੇ ਆਪਣਾ ਦਾਸ ਜਾਣਕੇ ਮੈਨੂੰ ਬਚਾ ਲਿਆ॥੩੦॥

## ਰਸਾਵਲ ਛੰਦ॥

**ਜਬੈ ਬਾਣ ਲਾਗਜੋ॥ ਤਬੈ ਰੋਸ ਜਾਗਜੋ॥ ਕਰੰ ਲੈ ਕਮਾਣੰ॥ ਹਨੰ ਬਾਣ ਤਾਣੰ॥ ੩੧॥**

ਜਦੋਂ ਮੈਨੂੰ ਹਰੀ ਚੰਦ ਦਾ ਤੀਰ ਲੱਗਾ ਤਾਂ ਮੇਰੇ ਵਿਚ ਬੜਾ ਰੋਹ ਜਾਗਿਆ ਫਿਰ ਮੈਂ ਕਮਾਨ ਹੱਥ ਵਿਚ ਲੈ ਕੇ ਤੀਰ ਛੱਡਿਆ॥੩੧॥

**ਸਭੈ ਬੀਰ ਧਾਏ॥ ਸਰੋਘੰ ਚਲਾਏ॥ ਤਬੈ ਤਾਕਿ ਬਾਣੰ॥ ਹਨਜੋ ਏਕ ਜੁਆਣੰ॥ ੩੨॥**

ਜਦੋਂ ਮੈਂ ਤੀਰਾਂ ਦਾ ਮੀਹ ਵਸਾਇਆ ਤਾਂ ਸਭ ਸੂਰਮੇ ਭੱਜ ਗਏ। ਤਦ ਮੈਂ ਇਕ ਜੁਆਨ ਨੂੰ ਤੀਰ ਮਾਰ ਕੇ ਮਾਰ ਦਿੱਤਾ॥੩੨॥

**ਹਰੀਚੰਦ ਮਾਰੇ॥ ਸੁ ਜੋਧਾ ਲਤਾਰੇ॥ ਸੁ ਕਾਰੋੜ ਰਾਯੰ॥ ਵਹੈ ਕਾਲ ਘਾਯੰ॥ ੩੩॥**

ਮੈਂ ਹਰੀ ਚੰਦ ਨੂੰ ਮਾਰ ਦਿੱਤਾ ਤੇ ਉਸ ਦੇ ਯੋਧਿਆਂ ਨੂੰ ਮਿਧ ਦਿੱਤਾ। ਕੋਟ ਲੇਹਰ ਦੇ ਰਾਜੇ ਨੂੰ ਕਾਲ ਨੇ ਮਾਰ ਦਿੱਤਾ॥੩੩॥

**ਰਣੰ ਤਯਾਗਿ ਭਾਗੇ॥ ਸਭੈ ਤ੍ਰਾਸ ਪਾਗੇ॥ ਭਈ ਜੀਤ ਮੇਰੀ॥ ਕ੍ਰਿਪਾ ਕਾਲ ਕੇਰੀ॥ ੩੪॥**

ਫਿਰ ਡਰ ਦੇ ਮਾਰਿਆਂ ਸਭ ਰਾਜੇ ਮੈਦਾਨ ਛਡ ਕੇ ਭੱਜ ਗਏ। ਇਸ ਜੰਗ ਵਿਚ ਅਕਾਲ ਪੁਰਖ ਦੀ ਕਿਰਪਾ ਨਾਲ ਮੇਰੀ ਜਿੱਤ ਹੋਈ॥੩੪॥

**ਰਣੰ ਜੀਤਿ ਆਏ॥ ਜਯੰ ਗੀਤ ਗਾਏ॥ ਧਨੰਧਾਰ ਬਰਖੇ॥ ਸਭੈ ਸੂਰ ਹਰਖੇ॥ ੩੫॥**

ਇਸ ਜੰਗ ਵਿਚ ਫ਼ਤਹਿ ਪਾ ਕੇ ਸਭ ਸੂਰਮੇ ਆਪਣੇ ਡੇਰੇ ਨੂੰ ਆ ਗਏ ਤੇ ਜਿੱਤ ਦੇ ਜੈਕਾਰੇ ਬੁਲਾਏ, ਅਸਾਂ ਸਭ ਬਹਾਦਰ ਯੋਧਿਆਂ ਉਤੋਂ ਧਨ ਦੀ ਸੋਟ ਕੀਤੀ, ਜਿਸ ਨਾਲ ਸਭ ਸੂਰਮਿਆਂ ਦੇ ਮਨ ਬੜੇ ਪ੍ਰਸੰਨ ਹੋਏ॥੩੫॥

**ਦੋਹਰਾ॥ ਜੁੱਧ ਜੀਤ ਆਏ ਜਬੈ ਟਿਕੈ ਨ ਤਿਨ ਪੁਰ ਪਾਂਵ॥
ਕਾਹਲੂਰ ਮੈ ਬਾਂਧਿਯੋ ਆਨ ਅਨੰਦਪੁਰ ਗਾਂਵ॥੩੬॥**

ਜਦੋਂ ਇਸ ਜੰਗ ਨੂੰ ਜਿਤਕੇ ਸੂਰਮੇ ਵਾਪਸ ਆਏ ਤਾਂ ਉਹਨਾਂ ਦੇ ਖੁਸ਼ੀ ਨਾਲ ਪਾਂਵਟੇ ਵਿਚ ਪੈਰ ਨਹੀਂ ਸਨ ਟਿਕਦੇ। ਫਿਰ ਅਸਾਂ ਕਹਿਲੂਰ ਦੇ ਇਲਾਕੇ ਵਿਚ ਆਪਣੇ ਛੱਡੇ ਹੋਏ ਨਗਰ ਅਨੰਦਪੁਰ ਨੂੰ ਆ ਸੰਭਾਲਿਆ॥੩੬॥

**ਜੇ ਜੇ ਨਰ ਤੱਹ ਨਾ ਭਿਰੇ ਦੀਨੇ ਨਗਰ ਨਿਕਾਰ॥
ਜੇ ਤਿਹ ਠਉਰ ਭਲੇ ਭਿਰੇ ਤਿਨੈ ਕਰੀ ਪ੍ਰਤਿਪਾਰ॥੩੭॥**

ਜਿਹੜੇ ਪੁਰਸ਼ ਇਸ ਭੰਗਾਣੀ ਦੇ ਜੁੱਧ ਵਿਚ ਨਹੀਂ ਲੜੇ ਸਨ ਉਹਨਾਂ ਨੂੰ ਅਸੀਂ ਨਗਰ ਵਿਚੋਂ ਬਾਹਰ ਕੱਢ ਦਿੱਤਾ। ਜਿਹੜੇ ਆਦਮੀ ਇਸ ਜੰਗ ਵਿਚ ਸਨਮੁਖ ਹੋ ਕੇ ਲੜੇ ਸਨ, ਉਹਨਾਂ ਦੀ ਅਸੀ ਚੰਗੀ ਤਰ੍ਹਾਂ ਪਾਲਣਾ ਕੀਤੀ॥੩੭॥

**ਚੌਪਈ॥ ਬਹੁਤ ਦਿਵਸ ਇਹ ਭਾਂਤਿ ਬਿਤਾਏ॥ ਸੰਤ ਉਬਾਰ ਦੁਸ਼ਟ ਸਭ ਘਾਏ॥
ਟਾਂਗ ਟਾਂਗ ਕਰਿ ਹਨੇ ਨਿਦਾਨਾ॥ ਕੂਕਰ ਜਿਮਿ ਤਿਨ ਤਜੇ ਪਰਾਨਾ॥ ੩੮॥**

ਫਿਰ ਅਸਾਂ ਬਹੁਤ ਦਿਨ ਇਸ ਤਰ੍ਹਾਂ ਹੀ ਬਤੀਤ ਕੀਤੇ। ਭਲੇ ਪੁਰਸ਼ਾਂ ਦੀ ਰਖਿਆ ਕੀਤੀ ਤੇ ਸਭ ਦੁਸ਼ਟਾਂ ਦਾ ਨਾਸ ਕੀਤਾ। ਦੁਸ਼ਟਾਂ ਨੂੰ ਬਹੁਤ ਦੁਖ ਦੇ ਕੇ ਉਹਨਾਂ ਨੂੰ ਟੰਗ ਟੰਗ ਕੇ ਮਾਰ ਦਿੱਤਾ, ਉਹਨਾਂ ਨੇ ਕੁਤਿਆਂ ਵਾਂਗੂੰ ਪ੍ਰਾਣ ਤਿਆਗ ਦਿੱਤੇ॥੩੮॥

ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਰਾਜ ਸਾਜ ਕਥਨੰ ਭੰਗਾਣੀ ਜੁੱਧ ਬਰਨਨੰ ਨਾਮ ਅਸ਼ਟਮੋ ਧਿਆਇ ਸਮਾਪਤਮ ਸਤੁ ਸੁਭਮ ਸਤੁ॥੮॥੩੨੦॥ ਅਫਜੂੰ॥

ਸ੍ਰੀ ਬਚਿੱਤਰ ਨਾਟਕ ਗ੍ਰੰਥ, ਰਾਜ ਸਾਜ ਦੀ ਕਥਾ, ਭੰਗਾਣੀ ਯੁੱਧ ਵਰਣਨ, ਅਧਿਆਏ ਅੱਠਵਾਂ ਸਮਾਪਤ॥ ਸਤ ਸੁਭਮ ਸਤ॥ ੮॥ ੩੨੦॥ ਚਲਦਾ॥

ਭਾਵਾਰਥ :- ਇਸ ਅਠਵੇਂ ਅਧਿਆਇ ਵਿਚ ਸਤਿਗੁਰੂ ਜੀ ਨੇ ਪਹਾੜੀਆਂ ਰਾਜਿਆਂ ਨਾਲ ਆਪਣੇ ਪਹਿਲੇ 'ਭੰਗਾਣੀ ਦੇ ਜੁੱਧ' ਦਾ ਵਰਨਣ ਕੀਤਾ ਹੈ, ਜਿਸ ਦਾ ਸਾਰਅੰਸ਼ ਇਸ ਪ੍ਰਕਾਰ ਹੈ:-

ਮੁਗਲ ਬਾਦਸ਼ਾਹ ਔਰੰਗਜ਼ੇਬ ਨੇ ਦਿੱਲੀ ਦੇ ਤਖਤ ਤੇ ਬੈਠਦਿਆਂ ਸਾਰ ਹੀ ਹਿੰਦੂ ਪਰਜਾ ਤੇ ਜ਼ੁਲਮ ਕਰਨੇ ਸ਼ੁਰੂ ਕਰ ਦਿੱਤੇ। ਉਸ ਦੇ ਹੁਕਮ ਨਾਲ ਹਰ ਸੂਬੇ ਦੇ ਹਾਕਮਾਂ ਨੇ ਹਿੰਦੂਆਂ ਨੂੰ ਜ਼ਬਰਦਸਤੀ ਮੁਸਲਮਾਨ ਬਨਾਉਣਾ ਸ਼ੁਰੂ ਕਰ ਦਿੱਤਾ। ਇਨਕਾਰ ਕਰਨ ਤੇ ਉਹਨਾਂ ਨੂੰ ਕਤਲ ਕਰ ਦਿੱਤਾ ਜਾਂਦਾ। ਹਿੰਦੂ ਮੰਦਰ ਢਾਹ ਕੇ ਮਸੀਤਾਂ ਬਣਾ ਦਿੱਤੀਆਂ ਗਈਆਂ। ਹਿੰਦੂ ਹੋਣ ਦਾ ਟੈਕਸ ਉਗਰਾਹਿਆ ਜਾਣ ਲੱਗਾ। ਇਹਨਾਂ ਜ਼ੁਲਮਾਂ ਤੋਂ ਹਿੰਦੂ ਜਨਤਾ ਬਹੁਤ ਦੁਖੀ ਹੋਣ ਲੱਗੀ। ਉਸ ਵਕਤ ਹਿੰਦੂਆਂ ਨੂੰ ਇਹਨਾਂ ਅਤਿਆਚਾਰਾਂ ਤੋਂ ਬਚਾਉਣ ਵਾਲਾ ਕੋਈ ਦੇਵੀ ਦੇਵਤਾ ਨਜ਼ਰ ਨਹੀਂ ਸੀ ਆ ਰਿਹਾ। ਅੰਤ ਕੁਝ ਵਿਦਵਾਨ ਕਸ਼ਮੀਰੀ ਬ੍ਰਾਹਮਣ ਸ੍ਰੀ ਗੁਰੂ ਤੇਗ ਬਹਾਦਰ ਜੀ ਕੋਲ ਅਨੰਦਪੁਰ ਪਹੁੰਚੇ ਤੇ ਆਪਣੀ ਰਾਖੀ ਲਈ ਪੁਕਾਰ ਕੀਤੀ। ਸਤਿਗੁਰੂ ਜੀ ਨੇ ਉਹਨਾਂ ਦੇ ਦੁੱਖ ਨਵਿਰਤ ਕਰਨ ਲਈ ਦਿੱਲੀ ਪਹੁੰਚਕੇ ਆਪਣੇ ਸੀਸ ਦਾ ਬਲੀਦਾਨ ਦਿੱਤਾ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਪਿਛੋਂ ਨੌਂ ਸਾਲ ਦੀ ਉਮਰ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਗੁਰ-ਗੱਦੀ ਤੇ ਬਿਰਾਜਮਾਨ ਹੋਏ। ਆਪ ਨੇ ਸ਼ਾਂਤਮਈ ਨੂੰ ਤਿਆਗ ਕੇ ਬਾਹੂ ਬਲ ਨਾਲ ਜ਼ੁਲਮ ਰਾਜ ਨੂੰ ਖਤਮ ਕਰਨ ਦਾ ਪ੍ਰੋਗਰਾਮ ਬਣਾਇਆ। ਆਪ ਨੇ ਸਿੱਖਾਂ ਨੂੰ ਫੌਜੀ ਸਿੱਖਿਆ ਦੇ ਕੇ ਤਿਆਰ ਬਰ ਤਿਆਰ ਕੀਤਾ। ਅਨੰਦਪੁਰ ਦੇ ਆਸ ਪਾਸ ਰਖਿਆ ਲਈ ਚਾਰ ਕਿਲ੍ਹੇ ਬਣਾਏ। ਸਿੱਖਾਂ ਨੂੰ ਨਾਲ ਲੈ ਕੇ ਸਤਿਗੁਰੂ ਜੀ ਵਣ ਵਿਚ ਸ਼ਿਕਾਰ ਖੇਡਣ ਜਾਂਦੇ।

ਕਹਿਲੂਰ ਦਾ ਰਾਜਾ ਭੀਮ ਚੰਦ ਸਤਿਗੁਰਾਂ ਦੀ ਇਸ ਫੌਜੀ ਚੜ੍ਹਤ ਨੂੰ ਵੇਖ ਕੇ ਹਰ ਵੇਲੇ ਦੁਖੀ ਰਹਿੰਦਾ ਤੇ ਗੁਰੂ ਘਰ ਨਾਲ ਵੈਰ ਭਾਵਨਾ ਬਣਾਈ ਰਖਦਾ। ਸਹਿਜੇ ਸਹਿਜੇ ਭੀਮ ਚੰਦ ਦਾ ਵਿਰੋਧ ਕਾਫੀ ਵੱਧ ਗਿਆ। ਉਸ ਦੀ ਇੱਛਾ ਸੀ ਕਿ ਸਤਿਗੁਰੂ ਜੀ ਇਥੋਂ ਚਲੇ ਜਾਣ।

ਰਾਜਾ ਮੇਦਨੀ ਪ੍ਰਕਾਸ਼ ਨਾਹਨ ਸਿਰਮੌਰ ਦਾ ਰਾਜਾ ਸੀ, ਉਸ ਦਾ ਗੁਰੂ ਘਰ ਨਾਲ ਬਹੁਤ ਪ੍ਰੇਮ ਸੀ। ਉਸ ਨੇ ਭੀਮ ਚੰਦ ਦੀ ਗੁਰੂ ਜੀ ਨਾਲ ਵਿਰੋਧਤਾ ਨੂੰ ਵੇਖਕੇ ਸਤਿਗੁਰੂ ਜੀ ਨੂੰ ਪ੍ਰੇਮ ਪੱਤਰ ਲਿਖਕੇ ਆਪਣੀ ਰਿਆਸਤ ਵਿਚ ਚਲੇ ਆਉਣ ਲਈ ਬੇਨਤੀ ਕੀਤੀ। ਸਤਿਗੁਰੂ ਜੀ ਸਭ ਨਿਕਟਵਰਤੀ ਸਿੱਖਾਂ ਤੇ ਪਰਵਾਰ ਨਾਲ ਸਲਾਹ ਕਰਕੇ ੧੭ ਵੈਸਾਖ ਸੰਮਤ ੧੭੪੨ ਨੂੰ ਨਾਹਨ ਵਲ ਰਵਾਨਾ ਹੋ ਗਏ। ਨਾਹਨ ਪਹੁੰਚ ਕੇ ਸਤਿਗੁਰੂ ਜੀ ਨੇ ਜਮਨਾ ਦੇ ਕਿਨਾਰੇ ਇਕ ਸੁੰਦਰ ਅਸਥਾਨ ਆਪਣੇ ਰਹਿਣ ਲਈ ਚੁਣਿਆ, ਜਿਥੇ ਰਾਜੇ ਨੇ ਉਹਨਾਂ ਲਈ ਬੜਾ ਸੁੰਦਰ ਮਹਿਲ ਬਣਵਾ ਦਿੱਤਾ। ਇਸ ਅਸਥਾਨ ਦਾ ਨਾਂ 'ਪਾਉਂਟਾ' ਰਖਿਆ ਗਿਆ।

ਮੇਦਨੀ ਪ੍ਰਕਾਸ਼ ਤੇ ਸ੍ਰੀ ਨਗਰ ਗੜ੍ਹਵਾਲ ਦੇ ਰਾਜੇ ਫਤੇ ਸ਼ਾਹ ਦਾ ਰਾਜ ਦੀਆਂ ਹੱਦਾਂ ਤੋਂ ਕੁਛ ਝਗੜਾ ਚਲ ਰਿਹਾ ਸੀ। ਗੁਰੂ ਜੀ ਨੇ ਝਗੜੇ ਨੂੰ ਨਿਬੇੜ ਕੇ ਦੋਹਾਂ ਰਾਜਿਆਂ ਦੀ ਸੁਲਾਹ ਕਰਾ ਦਿੱਤੀ।

ਸਤਿਗੁਰਾਂ ਦਾ ਜਸ ਸੁਣਕੇ ਸਢੌਰੇ ਦਾ ਪੀਰ ਬੁਧੂ ਸ਼ਾਹ ਗੁਰੂ ਜੀ ਦੇ ਦਰਸ਼ਨ ਕਰਨ ਲਈ ਆਇਆ। ਕੁਝ ਸਮੇਂ ਪਿਛੋਂ ਪੀਰ ਬੁਧੂ ਸ਼ਾਹ ਨੇ ਔਰੰਗਜ਼ੇਬ ਦੇ ਨੌਕਰੀ ਤੋਂ ਹਟਾਏ ਪੰਜ ਸੌ ਫੌਜੀ ਪਠਾਣਾਂ ਨੂੰ ਸਤਿਗੁਰੂ ਜੀ ਕੋਲ ਨੌਕਰ ਕਰਵਾ ਦਿੱਤਾ। ਇਹਨਾਂ ਪਠਾਣਾਂ ਦੇ ਹਯਾਤ ਖਾਂ, ਨਜਾਬਤ ਖਾਂ, ਭੀਖਨ ਖਾਂ ਆਦਿਕ ਪੰਜ ਸਰਦਾਰ ਸਨ।

ਭੀਮ ਚੰਦ ਨੇ ਆਪਣੇ ਲੜਕੇ ਦੀ ਜੰਞ ਲੈ ਕੇ ਫਤੇ ਸ਼ਾਹ ਦੇ ਘਰ ਢੁੱਕਣਾ ਸੀ। ਗੁਰੂ ਜੀ ਨੇ ਭੀਮਚੰਦ ਨੂੰ ਜੰਞ ਲੈ ਕੇ ਪਾਂਵਟੇ ਵਿਚੋਂ ਲੰਘਣ ਦੀ ਆਗਿਆ ਨਾ ਦਿੱਤੀ, ਜਿਸ ਕਰਕੇ ਭੀਮ ਚੰਦ ਬਹੁਤ ਦੁਖੀ ਹੋਇਆ। ਫਤੇ ਸ਼ਾਹ ਨੇ ਸਤਿਗੁਰੂ ਜੀ ਨੂੰ ਵੀ ਸੱਦਾ ਪੱਤਰ ਭੇਜਿਆ ਸੀ। ਗੁਰੂ ਜੀ ਨੇ ਸਵਾ ਲੱਖ ਰੁਪਿਆ ਤੰਬੋਲ ਵਜੋਂ ਦੀਵਾਨ ਨੰਦ ਚੰਦ ਹਥ ਭੇਜਿਆ। ਤੰਬੋਲ ਦੇਣ ਸਮੇਂ ਗੁਰੂ ਜੀ ਦਾ ਨਾਮ ਬੋਲਿਆ ਗਿਆ। ਭੀਮ ਚੰਦ ਗੁਰੂ ਜੀ ਦਾ ਨਾਮ ਸੁਣਕੇ ਬਹੁਤ ਦੁਖੀ ਹੋਇਆ ਤੇ ਉਸ ਨੇ ਫਤੇ ਸ਼ਾਹ ਨੂੰ ਕਿਹਾ ਕਿ ਗੁਰੂ ਨਾਲ ਮੇਰਾ ਵਿਰੋਧ ਹੈ, ਤੂੰ ਉਸ ਦਾ ਤੰਬੋਲ ਮੋੜ ਦੇਹ, ਮੈਂ ਤਾਂ ਹੀ ਤੇਰੇ ਨਾਲ ਸਬੰਧ ਰਖਾਂਗਾ। ਮੈਂ ਤੇਰੀ ਧੀ ਦਾ ਡੋਲਾ ਤਾਂ ਹੀ ਲਿਜਾਵਾਂਗਾ, ਜੇ ਤੂੰ ਵਿਆਹ ਤੋਂ ਬਾਅਦ ਮੇਰੇ ਨਾਲ ਰੱਲ ਕੇ ਗੁਰੂ ਨਾਲ ਜੰਗ ਕਰੇਂਗਾ।

ਅਖੀਰ ਫਤੇ ਸ਼ਾਹ ਨੂੰ ਭੀਮ ਚੰਦ ਦੀ ਇਹ ਸ਼ਰਤ ਮੰਨਣੀ ਪਈ। ਸਤਿਗੁਰੂ ਜੀ ਨੂੰ ਵੀ ਪਹਾੜੀ ਰਾਜਿਆਂ ਦੀ ਇਸ ਚੜਤ ਦਾ ਪਤਾ ਲੱਗ ਗਿਆ। ਆਪ ਨੇ ਪਾਂਵਟੇ ਤੋਂ ਸਤ ਮੀਲ ਪੂਰਬ ਵਲ 'ਭੰਗਾਣੀ' ਪਿੰਡ ਦੇ ਮੈਦਾਨ ਵਿਚ ਮੋਰਚੇ ਜਾ ਗੱਡੇ ਤੇ ਪਹਾੜੀ ਰਾਜਿਆਂ ਦੇ ਫੌਜ ਲੈ ਕੇ ਆਉਣ ਦੀ ਉਡੀਕ ਕਰਨ ਲੱਗੇ।

ਜੰਗ ਸਿਰ ਤੇ ਆਇਆ ਵੇਖ ਕੇ ਪੀਰ ਬੁੱਧੂ ਸ਼ਾਹ ਵਲੋਂ ਸਤਿਗੁਰੂ ਜੀ ਦੀ ਫੌਜ ਵਿਚ ਨੌਕਰ ਰਖਾਏ ਪਠਾਣ ਬੇਈਮਾਨ ਹੋ ਕੇ ਗੁਰੂ ਜੀ ਦਾ ਸਾਥ ਛੱਡ ਗਏ ਤੇ ਗੁਰੂ ਜੀ ਦੇ ਡੇਰੇ ਨੂੰ ਲੁੱਟਣ ਦਾ ਲਾਲਚ ਕਰਕੇ ਪਹਾੜੀਆਂ ਨਾਲ ਜਾ ਰਲੇ।

ਪਹਾੜੀ ਫੌਜਾਂ ਦੇ ਆ ਜਾਣ ਨਾਲ ਜੰਗ ਅਰੰਭ ਹੋਇਆ। ਇਸ ਜੰਗ ਵਿਚ ਸਤਿਗੁਰੂ ਜੀ ਵਲੋਂ ਹੇਠ ਲਿਖੇ ਸੂਰਮੇ ਮੈਦਾਨ ਵਿਚ ਆਏ:- ਸੰਗੋ ਸ਼ਾਹ, ਜੀਤ ਮੱਲ, ਗਾਜੀ ਗੁਲਾਬ, ਮਾਹਰੀ ਚੰਦ, ਗੰਗਾ ਰਾਮ, ਲਾਲ ਚੰਦ, ਪ੍ਰੋਹਤ ਦਯਾ ਰਾਮ, ਕਿਰਪਾਲ ਚੰਦ ਉਦਾਸੀ, ਦੀਵਾਨ ਨੰਦ ਚੰਦ, ਮਾਮਾ ਕਿਰਪਾਲ ਦਾਸ ਤੇ ਸਾਹਿਬ ਚੰਦ।

ਪਹਾੜੀਆਂ ਵਲੋਂ ਹੇਠ ਲਿਖੇ ਯੋਧੇ ਇਸ ਜੰਗ ਵਿਚ ਲੜਣ ਲਈ ਆਏ:- ਫਤੇ ਚੰਦ, ਭੀਮ ਚੰਦ, ਗੁਪਾਲ, ਹਰੀ ਚੰਦ, ਕੇਸਰੀ ਚੰਦ, ਮਧੂਕਰ ਸ਼ਾਹ, ਗਾਜੀ ਚੰਦ, ਨਿਜਾਬਤ ਖਾਂ, ਹਯਾਤ ਖਾਂ ਤੇ ਭੀਖਨ ਖਾਂ ਪਠਾਣਾਂ ਦੇ ਸਰਦਾਰ।

ਬੜਾ ਭਿਆਨਕ ਜੁੱਧ ਹੋਇਆ। ਸਤਿਗੁਰੂ ਜੀ ਆਪ ਇਸ ਜੁੱਧ ਵਿਚ ਸਾਹਮਣੇ ਹੋ ਕੇ ਲੜੇ ਸੰਗੋ ਸ਼ਾਹ ਗੁਰੂ ਜੀ ਦਾ ਭੂਆ ਦਾ ਪੁੱਤਰ, ਭਰਾ ਇਸ ਜੰਗ ਵਿਚ ਸ਼ਹੀਦ ਹੋ ਗਿਆ। ਪਹਾੜੀਆਂ ਦੇ ਹਰੀ ਚੰਦ, ਕੋਟ ਲੈਹਰ ਦਾ ਰਾਜਾ, ਹਯਾਤ ਖਾਂ ਤੇ ਨਿਜਾਬਤ ਖਾਂ ਮਾਰੇ ਗਏ।

ਅੰਤ ਇਸ ਜੰਗ ਵਿਚ ਸਤਿਗੁਰਾਂ ਦੀ ਜਿਤ ਹੋਈ ਤੇ ਪਹਾੜੀ ਰਾਜੇ ਹਾਰ ਕੇ ਨਸ ਗਏ।

# ਅਧਿਆਏ ਨੌਵਾਂ

## ਨਦੌਣ ਯੁੱਧ ਵਰਣਨ

**ਚੌਪਈ ॥ ਬਹੁਤ ਕਾਲਿ ਇਹ ਭਾਂਤਿ ਬਿਤਾਯੋ ॥ ਮੀਆਖਾਨ ਜੰਮੂ ਕਹ ਆਯੋ ॥**
**ਅਲਫ ਖਾਨ ਨਾਦੌਣ ਪਠਾਵਾ ॥ ਭੀਮਾ ਚੰਦ ਤਨ ਬੈਰ ਬਢਾਵਾ ॥ ੧ ॥**

ਇਸ ਤਰ੍ਹਾਂ ਬਹੁਤ ਸਮਾਂ ਸੁਖ ਸ਼ਾਂਤੀ ਨਾਲ ਅਨੰਦਪੁਰ ਵਿਚ ਬੀਤ ਗਿਆ। ਔਰੰਗਜ਼ੇਬ ਨੇ ਮੀਆਂ ਖਾਂ ਨੂੰ ਜੰਮੂ ਵਲ ਮਾਮਲਾ ਉਗਰਾਹੁਣ ਲਈ ਭੇਜਿਆ। ਉਸਨੇ ਆਪਣੇ ਸਾਥੀ ਅਲਫ ਖਾਂ ਨੂੰ ਨਦੌਣ ਵਲ ਤੋਰਿਆਂ। ਉਸ ਨੇ ਭੀਮ ਚੰਦ ਨਾਲ ਬਹੁਤ ਵੈਰ ਵਧਾਇਆ ॥ ੧ ॥

**ਜੁੱਧ ਕਾਜ ਨ੍ਰਿਪ ਹਮੈ ਬੁਲਾਯੋ ॥ ਆਪਿ ਤਵਨ ਕੀ ਓਰ ਸਿਧਾਯੋ ॥**
**ਤਿਨ ਕਠਗੜ ਨਵਰਸ ਪਰ ਬਾਂਧੋ ॥ ਤੀਰ ਤੁਫੰਗ ਨਰੇਸ਼ਨ ਸਾਂਧੋ ॥ ੨ ॥**

ਰਾਜਾ ਭੀਮ ਚੰਦ ਨੇ ਅਲਫ ਖਾਂ ਨਾਲ ਜੰਗ ਕਰਨ ਲਈ ਸਾਨੂੰ ਬੁਲਾਇਆ ਤੇ ਆਪ ਉਸ ਨਾਲ ਸੁਲਾਹ ਦੀ ਗੱਲ ਬਾਤ ਕਰਨ ਲਈ ਚਲ ਪਿਆ। ਉਸ ਅਲਫ ਖਾਂ ਨੇ ਨਵਰਸ ਦੇ ਟਿੱਲੇ ਉਪਰ ਕਾਠ ਦਾ ਕਿਲ੍ਹਾ ਬਣਾ ਲਿਆ। ਇਧਰ ਰਾਜਿਆਂ ਨੇ ਤੀਰ ਤੇ ਬੰਦੂਕਾਂ ਸੰਭਾਲ ਲਈਆਂ ॥ ੨ ॥

### *ਭੁਜੰਗ ਛੰਦ ॥*

**ਤਹਾ ਰਾਜ ਸਿੰਘੰ ਬਲੀ ਭੀਮਚੰਦੰ ॥ ਚੜਿਓ ਰਾਮ ਸਿੰਘੰ ਮਹਾਂ ਤੇਜਵੰਦੰ ॥**
**ਸੁਖੰਦੇਵ ਗਾਜੀ ਜਸਾਰੋਟ ਰਾਜੰ ॥ ਚੜੇ ਕ੍ਰੁੱਧ ਕੀਨੇ ਕਰੇ ਸਰਬ ਕਾਜੰ ॥ ੩ ॥**

ਭੀਮ ਚੰਦ ਦੀ ਸਹਾਇਤਾ ਲਈ ਬੜੇ ਸੂਰਬੀਰ ਯੋਧੇ ਰਾਜ ਸਿੰਘ ਤੇ ਰਾਮ ਸਿੰਘ ਮੈਦਾਨ ਵਿਚ ਆ ਗਏ। ਸੁਖਦੇਵ ਜਸਰੋਟੀਆ ਰਾਜਾ ਵੀ ਬੜੇ ਗੁੱਸੇ ਨਾਲ ਜੰਗ ਕਰਨ ਲਈ ਆ ਪਹੁੰਚਿਆ ॥ ੩ ॥

**ਪ੍ਰਿਥੀਚੰਦ ਚੜਿਓ ਡਢੇ ਡਢਵਾਰੰ ॥ ਚਲੇ ਸਿੱਧ ਹ੍ਵੈ ਕਾਜ ਰਾਜੰ ਸੁਧਾਰੰ ॥**
**ਕਰੀ ਢੂਕ ਢੋਅੰ ਕਿਰਪਾਲਚੰਦੰ ॥ ਹਟਾਏ ਸਭੈ ਮਾਰਿ ਕੈ ਬੀਰ ਬ੍ਰਿੰਦੰ ॥ ੪ ॥**

ਡਢਵਾਲ ਦਾ ਰਾਜਾ ਪ੍ਰਿਥਵੀ ਚੰਦ ਵੀ ਚੜ੍ਹਾਈ ਕਰਕੇ ਆ ਗਿਆ। ਇਹ ਸਾਰੇ ਰਾਜੇ ਭੀਮ ਚੰਦ ਦਾ ਕੰਮ ਸੁਆਰਨ ਲਈ ਜੰਗ ਦੇ ਮੈਦਾਨ ਵਿਚ ਆ ਪਹੁੰਚੇ। ਕਿਰਪਾਲ ਚੰਦ ਨੇ ਅਗੇ ਹੋ

ਕੇ ਬੜਾ ਜ਼ਬਰਦਸਤ ਮੁਕਾਬਲਾ ਕੀਤਾ, ਉਸ ਨੇ ਬੜੇ ਯੋਧਿਆਂ ਨੂੰ ਮਾਰ ਮਾਰ ਕੇ ਪਿਛੇ ਹਟਾ ਦਿੱਤਾ॥ ੪॥

**ਦੁਤਿਯ ਢੋਅ ਢੂਕੇ ਵਹੈ ਮਾਰਿ ਉਤਾਰੀ॥ ਖਰੇ ਦਾਂਤ ਪੀਸੈ ਛੁਭੈ ਛੱਤ੍ਰਧਾਰੀ॥**
**ਉਤੈ ਵੈ ਖਰੇ ਬੀਰ ਬੰਬੈ ਬਜਾਵੈਂ॥ ਤਰੇ ਭੂਪ ਠਾਂਢੇ ਬਡੋ ਸ਼ੋਕੁ ਪਾਵੈਂ॥ ੫॥**

ਦੂਜੀ ਵਾਰ ਸੂਰਮੇ ਫਿਰ ਅਗੇ ਵਧੇ, ਉਹਨਾਂ ਨੇ ਮਾਰ ਮਾਰ ਕੇ ਪਿਛੇ ਧੱਕ ਦਿੱਤੇ। ਪਹਾੜੀ ਰਾਜੇ ਹੇਠਾਂ ਖੜੇ ਦੰਦ ਪੀਹ ਰਹੇ ਸਨ। ਉਧਰ ਦੂਜੇ ਪਾਸੇ ਦੇ ਸੂਰਮੇ ਜਿੱਤ ਦੀ ਖੁਸ਼ੀ ਵਿਚ ਧੌਂਸੇ ਵਜਾਉਂਦੇ ਸਨ ਤੇ ਇਧਰ ਪਹਾੜੀ ਰਾਜੇ ਹੇਠਾਂ ਖੜੋਤੇ ਸ਼ੋਕ ਮਨਾ ਰਹੇ ਸਨ॥ ੫॥

**ਤਬੈ ਭੀਮਚੰਦੰ ਕੀਯੋ ਕੋਪ ਆਪੰ॥ ਹਨੂਮਾਨ ਕੇ ਮੰਤ੍ਰ ਕੋ ਮੁਖ ਜਾਪੰ॥**
**ਸਭੈ ਬੀਰ ਬੋਲੇ ਹਮੈ ਭੀ ਬੁਲਾਯੰ॥ ਤਬੈ ਢੋਅ ਕੈ ਕੈ ਸੁ ਨੀਕੇ ਸਿਧਾਯੰ॥ ੬॥**

ਤਦ ਭੀਮ ਚੰਦ ਨੇ ਬੜਾ ਗੁੱਸਾ ਪ੍ਰਗਟ ਕੀਤਾ ਤੇ ਮੂੰਹ ਤੋਂ ਹਨੂੰਮਾਨ ਦੇ ਮੰਤ੍ਰ ਦਾ ਜਾਪ ਕੀਤਾ। ਸਾਰਿਆਂ ਯੋਧਿਆਂ ਨੇ ਸਾਨੂੰ ਵੀ ਸਦਿਆ ਤੇ ਸਭ ਨੇ ਇੱਕਠਿਆਂ ਹੋ ਕੇ ਬੜੇ ਜ਼ੋਰ ਨਾਲ ਹੱਲਾ ਬੋਲਿਆ॥ ੬॥

**ਸਭੈ ਕੋਪ ਕੈ ਕੈ ਮਹਾਂਬੀਰ ਢੂਕੇ॥ ਚਲੇ ਬਾਰਿਬੇ ਬਾਰਕੋ ਜਿਉ ਭਭੂਕੇ॥**
**ਤਹਾਂ ਬਿਝੜਿਆਲੰ ਹਠਿਯੋ ਬੀਰ ਦਯਾਲੰ॥ ਉਠਿਯੋ ਸੈਨ ਲੈ ਸੰਗਿ ਸਾਰੀ ਕ੍ਰਿਪਾਲੰ॥ ੭॥**

ਸਾਰੇ ਸੂਰਮੇ ਬੜੇ ਕਰੋਧ ਨਾਲ ਅਗੇ ਵਧੇ, ਇਉਂ ਪ੍ਰਤੀਤ ਹੋ ਰਿਹਾ ਸੀ ਕਿ ਜਿਵੇਂ ਅੱਗ ਦੇ ਮੁਆਤੇ ਵਾੜ ਸਾੜਨ ਲਈ ਅਗੇ ਵਧ ਰਹੇ ਸਨ। ਦੂਜੇ ਪਾਸਿਓਂ ਬਿਝੜਵਾਲੀਆ ਦਿਆਲ ਚੰਦ ਤੇ ਕਾਂਗੜੇ ਦਾ ਕਿਰਪਾਲ ਚੰਦ ਸੈਨਾ ਦੇ ਅਗੇ ਲੱਗਕੇ ਤੁਰ ਪਏ॥ ੭॥

## ਮਧੁਭਾਰ ਛੰਦ॥

**ਕੁੱਪਿਓ ਕ੍ਰਿਪਾਲ॥ ਨੱਚੇ ਮਰਾਲ॥ ਬੱਜੇ ਬਜੰਤ॥ ਕ੍ਰੂਰੰ ਅਨੰਤ॥ ੮**

ਕਿਰਪਾਲ ਚੰਦ ਨੇ ਬੜੇ ਗੁੱਸੇ ਵਿਚ ਆ ਕੇ ਘੋੜੇ ਨੂੰ ਨਚਾਇਆ। ਮਾਰੂ ਵਾਜੇ ਵੱਜ ਰਹੇ ਸਨ, ਜੋ ਬੜੇ ਭਿਆਨਕ ਸਨ॥ ੮॥

**ਜੁੱਝੰਤ ਜੁਆਣ॥ ਬਾਹੈ ਕ੍ਰਿਪਾਣ॥ ਜੀਅ ਧਾਰਿ ਕ੍ਰੋਧ॥ ਛੱਡੇ ਸਰੋਘ॥੯॥**

ਜੁਆਨ ਸੂਰਮੇ ਲੜਦੇ ਸਨ ਤੇ ਤਲਵਾਰਾਂ ਚਲਾਉਂਦੇ ਸਨ। ਮਨ ਵਿਚ ਗੁੱਸਾ ਧਾਰਕੇ ਤੀਰਾਂ ਦਾ ਮੀਂਹ ਵਰਸਾ ਰਹੇ ਸਨ॥ ੯॥

**ਲੁੱਝੈ ਨਿਦਾਣ॥ ਤੱਜੰਤ ਪ੍ਰਾਣ॥ ਗਿਰ ਪਰਤ ਭੂਮ॥ ਜਣੁ ਮੇਘ ਝੂਮ॥ ੧੦॥**

ਲੜ ਲੜ ਕੇ ਅੰਤ ਸੂਰਮੇ ਪ੍ਰਾਣ ਤਿਆਗ ਦਿੰਦੇ ਸਨ। ਯੋਧੇ ਧਰਤੀ ਤੇ ਡਿੱਗੇ ਇਉਂ ਜਾਪਦੇ

ਸਨ, ਜਿਵੇਂ ਬੱਦਲ ਧਰਤੀ ਤੇ ਝੁਕਿਆ ਹੋਇਆ ਹੈ॥੧੦॥

## ਰਸਾਵਲ ਛੰਦ॥

**ਕ੍ਰਿਪਾਲ ਕੋਪਜੰ॥ ਹਠੀ ਪਾਵ ਰੋਪਜੰ॥ ਸਰੋਘੰ ਚਲਾਏ॥ ਬਡੇ ਬੀਰ ਘਾਏ॥੧੧॥**

ਕਿਰਪਾਲ ਚੰਦ ਬੜੇ ਕਰੋਧ ਵਿਚ ਆਇਆ ਤੇ ਉਸ ਨੇ ਜੰਗ ਵਿਚ ਇਕ ਥਾਂ ਤੇ ਪੱਕੇ ਪੈਰ ਗੱਡ ਦਿੱਤੇ। ਉਸ ਨੇ ਬੜੇ ਤੀਰ ਚਲਾਏ ਤੇ ਬੇਅੰਤ ਸੂਰਮੇ ਮਾਰ ਦਿੱਤੇ॥੧੧॥

**ਹਣੇ ਛੱਤ੍ਰਧਾਰੀ॥ ਲਿਟੇ ਭੂਪ ਭਾਰੀ॥ ਮਹਾਂ ਨਾਦ ਬਾਜੇ॥ ਭਲੇ ਸੂਰ ਗਾਜੇ॥੧੨॥**

ਬੜੇ ਬੜੇ ਛੱਤਰਧਾਰੀ ਰਾਜੇ ਮਰ ਕੇ ਧਰਤੀ ਉਤੇ ਲੇਟ ਗਏ। ਮਾਰੂ ਵਾਜੇ ਵੱਜ ਰਹੇ ਸਨ ਤੇ ਚੰਗੇ ਚੰਗੇ ਸੂਰਮੇ ਗੱਜ ਰਹੇ ਸਨ॥੧੨॥

**ਕ੍ਰਿਪਾਲ ਕਰੁੱਧੰ॥ ਕੀਯੋ ਜੁੱਧ ਸੁੱਧੰ॥ ਮਹਾਂਬੀਰ ਗੱਜੇ॥ ਮਹਾਂ ਸਾਰ ਬੱਜੇ॥੧੩॥**

ਕਿਰਪਾਲ ਚੰਦ ਨੇ ਬੜੇ ਕਰੋਧ ਨਾਲ ਜੰਗ ਕੀਤਾ। ਬੜੇ ਬੜੇ ਸੂਰਮੇ ਗੱਜ ਰਹੇ ਸਨ ਤੇ ਲੋਹੇ ਤੇ ਲੋਹਾ ਵੱਜ ਰਿਹਾ ਸੀ॥੧੩॥

**ਕਰਿਯੋ ਜੁੱਧ ਚੰਡੰ॥ ਸੁਣਿਯੋ ਨਾਵ ਖੰਡੰ॥ ਚਲਿਯੋ ਸ਼ਸਤ੍ਰ ਬਾਹੀ॥ ਰਜੇਤੀ ਨਿਬਾਹੀ॥੧੪॥**

ਏਨਾ ਭਿਆਨਕ ਯੁੱਧ ਹੋਇਆ ਕਿ ਨਵਾਂ ਖੰਡਾਂ ਵਿਚ ਸੁਣਿਆ ਗਿਆ। ਸ਼ਸਤਰ ਚਲਾਉਂਦਾ ਹੋਇਆ ਉਹ ਅਗੇ ਵਧਦਾ ਗਿਆ ਤੇ ਰਾਜਪੂਤੀ ਆਣ ਨੂੰ ਨਿਬਾਹਿਆ॥੧੪॥

**ਦੋਹਰਾ॥ ਕੋਪ ਭਰੇ ਰਾਜਾ ਸਭੈ ਕੀਨੋ ਜੁੱਧ ਉਪਾਇ॥**
**ਸੈਨ ਕਟੋਚਨ ਕੀ ਤਬੈ ਘੇਰ ਲਈ ਅਰਰਾਇ॥੧੫॥**

ਸਾਰਿਆਂ ਰਾਜਿਆਂ ਨੇ ਬੜੇ ਰੋਹ ਵਿਚ ਆ ਕੇ ਜੁੱਧ ਕੀਤਾ ਤੇ ਕਿਰਪਾਲ ਚੰਦ ਨੇ ਕਟੋਚੀਆਂ ਦੀ ਸੈਨਾ ਨੂੰ ਘੇਰ ਲਿਆ॥੧੫॥

## ਭੁਜੰਗ ਛੰਦ॥

**ਚਲੇ ਨਾਂਗਲੂ ਪਾਂਗਲੂ ਵੇਦੜੋਲੰ॥ ਜਸਵਾਰੇ ਗੁਲੇਰੇ ਚਲੇ ਬਾਂਧ ਟੋਲੰ॥**
**ਤਹਾਂ ਏਕ ਬਾਜਿਯੋ ਮਹਾਂਬੀਰ ਦਯਾਲੰ॥ ਰਖੀ ਲਾਜ ਜੋਨੈ ਸਭੈ ਬਿਝੜਵਾਲੰ॥੧੬॥**

ਨਾਂਗਲੂ, ਪਾਂਗਲੂ ਵੇਦੜੋਲ ਜਾਤਾਂ ਦੇ ਰਾਜੇ ਤੁਰ ਪਏ। ਜਸਵਾਰੇ ਤੇ ਗੁਲੇਰੀਏ ਵੀ ਟੋਲੀਆਂ ਬੰਨ੍ਹਕੇ ਚਲ ਪਏ। ਦੂਜੇ ਪਾਸਿਓਂ ਮਹਾਂ ਯੋਧਾ ਦਿਆਲ ਚੰਦ ਵੀ ਸਹਾਇਤਾ ਲਈ ਆ ਪਹੁੰਚਿਆ, ਜਿਸ ਨੇ ਸਾਰੇ ਬਿਝੜਵਾਲਿਆਂ ਦੀ ਲਾਜ ਰਖ ਲਈ॥੧੬॥

**ਤਵੰ ਕੀਟ ਤੌਲੌ ਤੁਫੰਗੰ ਸੰਭਾਰੋ॥ ਹ੍ਰਿਦੇ ਏਕ ਰਾਵੰਤ ਕੇ ਤੱਕਿ ਮਾਰੋ॥**

**ਗਿਰਿਯੋ ਝੂਮ ਭੂਮੈ ਕਰਿਯੋ ਜੁੱਧ ਸੁੱਧੰ॥ ਤਊ ਮਾਰਿ ਬੋਲਿਯੋ ਮਹਾਂ ਮਾਨਿ ਕ੍ਰੁੱਧੰ॥ ੧੭॥**

ਹੇ ਅਕਾਲ ਪੁਰਖ ਤੇਰੇ ਦਾਸ ਭਾਵ ਮੈਂ ਵੀ ਬੰਦੂਕ ਸੰਭਾਲ ਲਈ ਤੇ ਨਿਸ਼ਾਨਾ ਬੰਨ੍ਹ ਕੇ ਇਕ ਰਾਜੇ ਦੀ ਛਾਤੀ ਵਿਚ ਗੋਲੀ ਮਾਰ ਦਿੱਤੀ। ਗੋਲੀ ਲੱਗਦਿਆਂ ਸਾਰ ਹੀ ਉਹ ਉਲਟ ਕੇ ਧਰਤੀ ਤੇ ਡਿੱਗ ਪਿਆ। ਉਹ ਬੜੇ ਕਰੋਧ ਵਿਚ ਆਇਆ ਮਾਰ ਲੋ ਮਾਰ ਹੀ ਬੋਲਦਾ ਰਿਹਾ॥ ੧੭॥

**ਤਜਿਯੋ ਤੁਪਕੰ ਬਾਨ ਪਾਨੰ ਸੰਭਾਰੇ॥ ਚਤੁਰ ਬਾਨਯੰ ਲੈ ਸੁ ਸੱਬਿਯੰ ਪ੍ਰਹਾਰੇ॥**
**ਤ੍ਰਿਯੋ ਬਾਣ ਲੈ ਬਾਮ ਪਾਣੰ ਚਲਾਏ॥ ਲਗੇ ਯਾ ਲਗੇ ਨਾ ਕਛੂ ਜਾਨਿ ਪਾਏ॥ ੧੮॥**

ਫਿਰ ਅਸਾਂ ਬੰਦੂਕ ਛੋਡ ਕੇ ਹੱਥ ਵਿਚ ਤੀਰ ਕਮਾਨ ਫੜ ਲਿਆ ਤੇ ਚਾਰ ਤੀਰ ਸੱਜੇ ਹੱਥ ਨਾਲ ਛਡੇ। ਤਿੰਨ ਤੀਰ ਖੱਬੇ ਨਾਲ ਚਲਾਏ। ਇਹ ਤੀਰ ਕਿਸ ਨੂੰ ਲੱਗੇ ਇਹ ਨਹੀ ਜਾਣਿਆਂ ਜਾ ਸਕਿਆ॥ ੧੮॥

**ਸੁ ਤਉ ਲਉ ਦਈਵ ਜੁੱਧ ਕੀਨੋ ਉਝਾਰੰ॥ ਤਿਨੈ ਖੇਦ ਕੈ ਬਾਰਿ ਕੇ ਬੀਚ ਡਾਰੰ॥**
**ਪਰੀ ਮਾਰ ਬੁੰਗੰ ਛੁਟੀ ਬਾਣ ਗੋਲੀ॥ ਮਨੋ ਸੂਰ ਬੈਠੇ ਭਲੀ ਖੇਲ ਹੋਲੀ॥੧੯॥**

ਏਨੇ ਚਿਰ ਨੂੰ ਅਕਾਲ ਪੁਰਖ ਨੇ ਜੰਗ ਦਾ ਪਾਸਾ ਪਲਟ ਦਿੱਤਾ। ਰਾਜਿਆਂ ਦੀਆਂ ਫੋਜਾਂ ਨੇ ਅਲਫ ਖਾਂ ਦੇ ਯੋਧਿਆਂ ਨੂੰ ਧੱਕ ਕੇ ਨਦੀ ਦੇ ਪਾਣੀ ਵਿਚ ਰੋੜ੍ਹ ਦਿੱਤਾ। ਉਸ ਟਿੱਲੇ ਉਤੋਂ ਤੀਰਾਂ ਤੇ ਗੋਲੀਆਂ ਦੀ ਵਰਖਾ ਹੋਈ, ਇਉਂ ਪ੍ਰਤੀਤ ਹੋ ਰਿਹਾ ਸੀ ਜਿਵੇ ਸੂਰਮੇ ਹੋਲੀ ਖੇਡ ਰਹੇ ਸਨ ॥੧੯॥

**ਗਿਰੇ ਬੀਰ ਭੂਮੰ ਸਰੰ ਸਾਂਗ ਪੇਲੰ॥ ਰੰਗੇ ਸ੍ਰੋਣ ਬਸਤ੍ਰੰ ਮਨੋ ਫਾਗ ਖੇਲੰ॥**
**ਲੀਯੋ ਜੀਤਿ ਬੈਰੀ ਕੀਯਾ ਆਨ ਡੇਰੰ॥ ਤੇਊ ਜਾਇ ਪਾਰੰ ਰਹੇ ਬਾਰਿ ਕੇਰੰ॥ ੨੦॥**

ਸੂਰਮੇ ਤੀਰਾਂ ਤੇ ਬਰਛੀਆਂ ਨਾਲ ਪਰੋਏ ਹੋਏ ਧਰਤੀ ਤੇ ਡਿਗੇ ਪਏ ਸਨ। ਉਹਨਾਂ ਦੇ ਕਪੜੇ ਲਹੂ ਨਾਲ ਇਉਂ ਲਾਲ ਰੰਗੇ ਹੋਏ ਸਨ ਜਿਵੇਂ ਫਗਣ ਵਿਚ ਹੋਲੀਆਂ ਖੇਡ ਰਹੇ ਹੋਣ। ਅਲਫ ਖਾਂ ਨੂੰ ਹਾਰ ਦੇ ਕੇ ਸੂਰਮੇ ਜਿੱਤ ਕੇ ਆਪਣੇ ਡੇਰੇ ਆ ਗਏ ਤੇ ਨਦੀ ਤੋਂ ਪਾਰ ਜਾ ਕੇ ਰਾਤ ਪੈ ਗਈ ॥੨੦॥

**ਭਈ ਰਾਤ੍ਰ ਗੁਬਾਰ ਕੇ ਅਰਧ ਜਾਮੰ॥ ਤਬੈ ਛੋਰਿਗੇ ਬਾਰ ਦੇਵੈ ਦਮਾਮੰ॥**
**ਸਭੈ ਰਾਤ੍ਰਿ ਬੀਤੀ ਉਦਿਯੋ ਦਿਉਸਰਾਣੰ॥ ਚਲੇ ਬੀਰ ਚਾਲਾਕ ਖੱਗੰ ਖਿਲਾਣੰ॥ ੨੧॥**

ਹਨੇਰੀ ਰਾਤ ਦਾ ਅੱਧਾ ਪਹਿਰ ਬੀਤਣ ਤੋਂ ਬਾਅਦ ਅਲਫ ਖਾਂ ਆਪਣੀਆਂ ਫੋਜਾਂ ਲੈ ਕੇ ਨੱਸ ਤੁਰਿਆ, ਪਿਛੇ ਕੁਝ ਆਦਮੀਆਂ ਨੂੰ ਅੱਗ ਬਾਲੀ ਰਖਣ ਲਈ ਤੇ ਧੌਂਸੇ ਵਜਾਉਣ ਲਈ ਛੱਡ ਗਿਆ। ਤਾਂਕਿ ਦੁਸ਼ਮਨ ਨੂੰ ਭੁਲੇਖਾਂ ਰਹੇ ਕਿ ਅਜੇ ਦੁਸ਼ਮਨ ਆਪਣੇ ਡੇਰੇ ਵਿਚ ਕਾਇਮ ਹੈ। ਦਿਨ ਚੜ੍ਹਨ ਤੇ ਇਧਰੋਂ ਸੂਰਮੇ ਹੱਥ ਵਿਚ ਖੰਡੇ ਫੜਕੇ ਜੰਗ ਲਈ ਤੁਰ ਪਏ॥ ੨੧॥

ਭੱਜਯੋ ਅਲਫਖਾਨੰ ਨ ਖਾਨਾ ਸੰਭਾਰਯੋ॥ ਭਜੇ ਔਰ ਬੀਰੰ ਨ ਧੀਰੰ ਬਿਚਾਰਯੋ॥ ਨਦੀ ਪੈ ਦਿਨੰ ਅਸ਼ਟ ਕੀਨੇ ਮੁਕਾਮੰ॥ ਭਲੀ ਭਾਂਤ ਦੇਖੇ ਸਭੈ ਰਾਜ ਧਾਮੰ॥ ੨੨॥

ਅਲਫ ਖਾਂ ਮੈਦਾਨ ਵਿਚੋਂ ਭਜ ਗਿਆ, ਉਸ ਨੇ ਆਪਣੇ ਡੇਰੇ ਦੀ ਵੀ ਸੰਭਾਲ ਨਾ ਕੀਤੀ। ਅਸੀਂ ਅੱਠ ਦਿਨ ਉਸ ਨਦੀ ਦੇ ਕਿਨਾਰੇ ਆਪਣਾ ਡੇਰਾ ਰਖਿਆ ਤੇ ਭੀਮ ਚੰਦ ਦੇ ਰਾਜ ਮਹਿਲਾਂ ਨੂੰ ਚੰਗੀ ਤਰ੍ਹਾਂ ਵੇਖਿਆ॥ ੨੨॥

ਚੌਪਈ॥ ਇਤ ਹਮ ਹੋਇ ਬਿਦਾ ਘਰਿ ਆਏ॥ ਸੁਲਹ ਨਮਿਤ ਵੈ ਉਤਹਿ ਸਿਧਾਏ॥ ਸੰਧਿ ਇਨੈ ਉਨਕੈ ਸੰਗਿ ਕਈ॥ ਹੇਤ ਕਥਾ ਪੂਰਨ ਇਤ ਭਈ॥ ੨੩॥

ਇਧਰ ਅਸੀਂ ਤਾਂ ਵਿਦਾ ਹੋ ਕੇ ਆਪਣੇ ਘਰ ਵਲ ਆ ਗਏ ਤੇ ਉਧਰ ਉਹ ਸੁਲਾਹ ਕਰਨ ਲਈ ਉਹਨਾਂ ਵਲ ਤੁਰ ਪਏ ਅਤੇ ਉਨ੍ਹਾਂ ਨਾਲ ਸਫਾਈ ਕਰ ਲਈ। ਇਸ ਜੰਗ ਦੀ ਸਾਰੀ ਕਥਾ ਇਥੇ ਹੀ ਸਮਾਪਤ ਹੁੰਦੀ ਹੈ॥ ੨੩॥

ਦੋਹਰਾ॥ ਆਲਸੂਨ ਕੱਹ ਮਾਰਕੈ ਇਹ ਦਿਸਿ ਕਿਯੋ ਪਿਯਾਨ॥ ਭਾਂਤਿ ਅਨੇਕਨ ਕੇ ਕਰੇ ਪੁਰ ਅਨੰਦ ਸੁਖ ਆਨ॥ ੨੪॥

ਅਸਾ ਰਸਤੇ ਵਿਚ ਆਲਸੂਨ ਪਿੰਡ ਨੂੰ ਸੋਧਿਆ ਤੇ ਆਪਣੇ ਨਗਰ ਅਨੰਦਪੁਰ ਵਲ ਚਾਲੇ ਪਾ ਦਿੱਤੇ। ਅਨੰਦਪੁਰ ਪਹੁੰਚਕੇ ਅਸਾਂ ਅਨੇਕ ਭਾਂਤ ਦੇ ਸੁਖ ਪ੍ਰਾਪਤ ਕੀਤੇ॥ ੨੪॥

ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਨਦੌਨ ਜੁੱਧ ਬਰਨਨੰ ਨਾਮ ਨੌਮੋ ਧਿਆਇ ਸਮਾਪਤਮ ਸਤੁ ਸੁਭਮ ਸਤੁ॥ ੯॥ ੩੪੪॥ ਅਫਜੂੰ॥

ਸ੍ਰੀ ਬਚਿੱਤਰ ਨਾਟਕ ਗ੍ਰੰਥ, ਨਦੌਣ ਯੁੱਧ ਵਰਣਨ, ਅਧਿਆਏ ਨੌਵਾਂ ਸਮਾਪਤ॥ ਸਤ ਸ਼ੁਭਮ ਸਤ॥ ੯॥ ੩੪੪॥ ਚਲਦਾ॥

ਭਾਵਾਰਥ - ਇਸ ਨੌਵੇਂ ਅਧਿਆਇ ਵਿਚ ਸਤਿਗੁਰੂ ਜੀ ਨੇ ਨਦੌਣ ਜੁੱਧ ਦਾ ਵਰਨਣ ਇਸ ਪ੍ਰਕਾਰ ਕੀਤਾ ਹੈ:-

ਔਰੰਗਜ਼ੇਬ ਦੱਖਣ ਦੇ ਆਕੀਆਂ ਨੂੰ ਸਰ ਕਰਨ ਵਿਚ ਰੁੱਝਿਆ ਹੋਇਆ ਸੀ। ਪਿਛੇ ਪੰਜਾਬ ਵਲੋਂ ਕਰ ਟੈਕਸ ਦੀ ਕੋਈ ਰਕਮ ਸ਼ਾਹੀ ਖਜ਼ਾਨੇ ਵਿਚ ਨਾ ਪਹੁੰਚੀ। ਔਰੰਗਜ਼ੇਬ ਨੇ ਜਦੋਂ ਲਾਹੌਰ ਦੇ ਨਵਾਬ ਦਿਲਾਵਰ ਖਾਂ ਤੋਂ ਪਿਛਲੀ ਰਕਮ ਦੀ ਮੰਗ ਕੀਤੀ ਤਾਂ ਉਸ ਨੇ ਜਵਾਬ ਦਿੱਤਾ ਕਿ ਪਹਾੜੀ ਰਾਜਿਆਂ ਨੇ ਤਿੰਨ ਸਾਲ ਤੋਂ ਕਰ ਦਾ ਕੋਈ ਪੈਸਾ ਨਹੀਂ ਦਿੱਤਾ। ਇਸ ਜਵਾਬ ਦੇ ਮਿਲਣ ਤੇ ਔਰੰਗਜ਼ੇਬ ਨੇ ਆਪਣੇ ਅਹਿਲਕਾਰ ਮੀਆਂ ਖਾਂ ਨੂੰ ਸੰਮਤ ੧੭੪੬ ਵਿਚ ਪਹਾੜੀ ਰਾਜਿਆਂ ਤੋਂ ਕਰ ਵਸੂਲ ਕਰਨ ਲਈ ਫੌਜ ਦੇ ਕੇ ਤੋਰਿਆ।

ਮੀਆਂ ਖਾਂ ਆਪ ਜੰਮੂ ਵਲ ਉਗਰਾਹੀ ਲਈ ਚਲਾ ਗਿਆ ਤੇ ਆਪਣੇ ਭਤੀਜੇ ਸਰਦਾਰ ਅਲਫ ਖਾਂ ਨੂੰ ਫੌਜ ਸਮੇਤ ਪਹਾੜੀ ਰਾਜਿਆਂ ਵਲ ਭੇਜ ਦਿੱਤਾ। ਅਲਫ ਖਾਂ ਨੇ ਪਹਿਲਾਂ ਕਾਂਗੜੇ

ਦੇ ਰਾਜੇ ਕਿਰਪਾਲ ਚੰਦ ਨੂੰ ਆ ਘੇਰਿਆ। ਉਸ ਨੇ ਰਕਮ ਦੇ ਕੇ ਸੁਲਾਹ ਕਰ ਲਈ ਤੇ ਕਿਹਾ ਕਿ ਸਾਡੇ ਸਾਰਿਆਂ ਵਿਚੋਂ ਵਡਾ ਰਾਜਾ ਭੀਮ ਚੰਦ ਹੈ, ਪਹਿਲਾਂ ਉਸ ਕੋਲੋਂ ਕਰ ਵਸੂਲ ਕਰੋ, ਫਿਰ ਕੋਈ ਰਾਜਾ ਤੁਹਾਡੇ ਸਾਹਮਣੇ ਨਹੀਂ ਅੜੇਗਾ। ਦਿਆਲ ਚੰਦ ਬਿਝੜਵਾਲੀਏ ਨੇ ਵੀ ਇਸ ਗੱਲ ਦੀ ਤਾਈਦ ਕਰ ਦਿੱਤੀ। ਇਸ ਤਰ੍ਹਾਂ ਦੋਹਾਂ ਰਾਜਿਆਂ ਦੀ ਪ੍ਰੇਰਨਾ ਨਾਲ ਅਲਫ ਖਾਂ ਨੇ ਕਹਿਲੂਰ ਵਲ ਚੜ੍ਹਾਈ ਕਰ ਦਿੱਤੀ ਤੇ ਨੇੜੇ ਪਹੁੰਚਕੇ ਉਸ ਨੇ ਰਾਜਾ ਭੀਮ ਚੰਦ ਨੂੰ ਸੁਨੇਹਾ ਭੇਜਿਆ ਕਿ ਜਾਂ ਤਾਂ ਤਿੰਨ ਸਾਲ ਦਾ ਕਰ ਦੇਹ, ਨਹੀਂ ਤਾਂ ਜੰਗ ਲਈ ਤਿਆਰ ਹੋ ਜਾਹ।

ਭੀਮ ਚੰਦ ਨੇ ਕਰ ਦੇਣ ਦੀ ਬਜਾਇ ਜੰਗ ਦੀ ਤਿਆਰੀ ਕਰ ਲਈ ਤੇ ਆਪਣੀ ਮਦਦ ਵਾਸਤੇ ਕਈ ਰਾਜਿਆਂ ਨੂੰ ਬੁਲਾ ਲਿਆ। ਭੀਮ ਚੰਦ ਗੁਰੂ ਦਾ ਵਿਰੋਧੀ ਸੀ, ਪਰ ਉਸ ਨੇ ਇਸ ਵੇਲੇ ਆਪਣਾ ਵੈਰ ਛੱਡਕੇ ਸਤਿਗੁਰੂ ਜੀ ਤੋਂ ਸਹਾਇਤਾ ਮੰਗੀ। ਸਤਿਗੁਰੂ ਜੀ ਆਪਣੀਆਂ ਸਿੱਖ ਫੌਜਾਂ ਸਮੇਤ ਭੀਮ ਚੰਦ ਦੀ ਸਹਾਇਤਾ ਲਈ ਨਦੌਣ ਪੁਜ ਗਏ। ਬੜਾ ਭਿਆਨਕ ਜੁੱਧ ਹੋਇਆ। ਗੁਰੂ ਜੀ ਨੇ ਆਪਣੇ ਤੀਰਾਂ ਨਾਲ ਕਈ ਯੋਧਿਆਂ ਨੂੰ ਪਾਰ ਬੁਲਾਇਆ। ਅੰਤ ਅਲਫ ਖਾਂ ਨੇ ਹਾਰਕੇ ਨਦੀ ਤੋਂ ਪਾਰ ਜਾ ਡੇਰੇ ਲਾਏ ਤੇ ਰਾਤ ਦੇ ਹਨੇਰੇ ਵਿਚ ਅੱਗ ਬਲਦੀ ਤੇ ਧੌਂਸੇ ਵੱਜਦੇ ਛੱਡ ਕੇ ਆਪ ਮੈਦਾਨ ਛੱਡ ਕੇ ਭੱਜ ਗਿਆ।

ਭੀਮ ਚੰਦ ਨੇ ਇਸ ਜਿੱਤ ਦੀ ਖੁਸ਼ੀ ਵਿਚ ਸਤਿਗੁਰੂ ਜੀ ਨੂੰ ਅੱਠ ਦਿਨ ਆਪਣੇ ਕੋਲ ਰਖਿਆ ਤੇ ਫਿਰ ਆਪ ਅਨੰਦਪੁਰ ਵਾਪਸ ਤੁਰ ਪਏ। ਆਉਂਦਿਆਂ ਰਸਤੇ ਵਿਚ ਆਲਸੂਨ ਪਿੰਡ ਦੇ ਆਕੀਆਂ ਨੂੰ ਸੋਧਿਆ। ਭੀਮ ਚੰਦ ਵਿਰੋਧੀ ਰਾਜਿਆਂ ਨਾਲ ਸੁਲਾਹ ਕਰਨ ਲਈ ਉਹਨਾਂ ਵਲ ਚਲਾ ਗਿਆ। ਇਹ ਜੰਗ ਸੰਮਤ ੧੭੪੭ ਦੇ ਅੰਤਲੇ ਦਿਨਾਂ ਵਿਚ ਹੋਇਆ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਇਥੇ ਆਉਣ ਦੀ ਯਾਦ ਵਿਚ ਦਰਿਆਂ ਬਿਆਸਾ ਦੇ ਕਿਨਾਰੇ ਗੁਰਦੁਆਰਾ ਸੁਭਾਇਮਾਨ ਹੈ।

# ਅਧਿਆਏ ਦਸਵਾਂ

## ਖਾਨਜ਼ਾਦੇ ਦੀ ਅਨੰਦਪੁਰ ਤੇ ਚੜ੍ਹਾਈ

**ਚੌਪਈ॥ ਬਹੁਤ ਬਰਖ ਇਹ ਭਾਂਤਿ ਬਿਤਾਏ॥ ਚੁਨਿ ਚੁਨਿ ਚੋਰ ਸਭੈ ਗਹਿ ਘਾਏ॥**
**ਕੇਤਿਕ ਭਾਜਿ ਸ਼ਹਿਰ ਤੇ ਗਏ॥ ਭੂਖ ਮਰਤ ਫਿਰਿ ਆਵਤ ਭਏ॥ ੧॥**

ਅਨੰਦਪੁਰ ਵਿਚ ਕਈ ਸਾਲ ਅਸਾਂ ਇਸ ਤਰ੍ਹਾਂ ਸੁਖ ਪੂਰਬਕ ਬਤੀਤ ਕੀਤੇ। ਆਲੇ ਦੁਆਲੇ ਦੇ ਚੋਰ ਉੱਚਕੇ ਤੇ ਬਦਮਾਸ਼ਾਂ ਨੂੰ ਲਭ ਲਭ ਕੇ ਮਾਰਿਆ। ਕਈ ਚੋਰ ਨਗਰ ਛੱਡਕੇ ਭੱਜ ਗਏ। ਕਈ ਭੁਖੇ ਮਰਦੇ ਫਿਰ ਨਗਰ ਵਿਚ ਆ ਵਸੇ॥ ੧॥

**ਤਬ ਲੌ ਖਾਨ ਦਿਲਾਵਰ ਆਏ॥ ਪੂਤ ਅਪਨ ਹਮ ਓਰ ਪਠਾਏ॥**

ਦ੍ਵੈਕ ਘਰੀ ਬੀਤੀ ਨਿਸਿ ਜਬੈ॥ ਚੜਤ ਕਰੀ ਖਾਨਨ ਮਿਲਿ ਤਬੈ॥ ੨॥

ਅਲਫ ਖਾਂ ਹਾਰ ਖਾ ਕੇ ਦਿਲਾਵਰ ਖਾਂ ਪਾਸ ਲਾਹੌਰ ਜਾ ਪਹੁੰਚਿਆ। ਉਸ ਨੇ ਆਪਣੇ ਪੁੱਤਰ ਰੁਸਤਮ ਖਾਂ ਨੂੰ ਸਾਡੇ ਨਾਲ ਲੜਨ ਲਈ ਆਨੰਦਪੁਰ ਵਲ ਭੇਜਿਆਂ। ਜਦੋਂ ਦੋ ਘੜੀਆਂ ਰਾਤ ਬੀਤੀ ਤਾਂ ਪਠਾਣਾਂ ਨੇ ਇਕੱਠਿਆਂ ਹੋ ਕੇ ਸਾਡੇ ਵਲ ਚੜ੍ਹਾਈ ਕਰ ਦਿੱਤੀ॥ ੨॥

ਜਬ ਦਲ ਪਾਰ ਨਦੀ ਕੇ ਆਯੋ॥ ਆਨ ਆਲਮੈ ਹਮੈ ਜਗਾਯੋ॥
ਸ਼ੋਰੁ ਪਰਾ ਸਭ ਹੀ ਨਰ ਜਾਗੇ॥ ਗਹਿ ਗਹਿ ਸ਼ਸਤ੍ਰ ਬੀਰ ਰਿਸ ਪਾਗੇ॥ ੩॥

ਜਤੋਂ ਰੁਸਤਮ ਖਾਂ ਦਾ ਦਲ ਨਦੀ ਤੋਂ ਪਾਰ ਆ ਪਹੁੰਚਾ ਤਦ ਆਲਮ ਸਿੰਘ ਨੇ ਸਾਨੂੰ ਜਗਾ ਕੇ ਫੌਜ ਦੇ ਆਉਣ ਦੀ ਖਬਰ ਦਿੱਤੀ। ਜਦੋਂ ਫੌਜ ਆਉਣ ਦਾ ਲੋਕਾਂ ਨੂੰ ਪਤਾ ਲੱਗਾ ਤਾਂ ਸਭ ਸ਼ਸਤਰ ਫੜਕੇ ਬੜੇ ਰੋਹ ਨਾਲ ਜੰਗ ਕਰਨ ਲਈ ਬਾਹਰ ਨਿਕਲ ਤੁਰੇ॥ ੩॥

ਛੂਟਨ ਲਗੀ ਤੁਫੰਗੈ ਤਬ ਹੀ॥ ਗਹਿ ਗਹਿ ਸ਼ਸਤ੍ਰ ਰਿਸਾਨੇ ਸਭਹੀ॥
ਕ੍ਰੂਰ ਭਾਂਤਿ ਤਿਨ ਕਰੀ ਪੁਕਾਰਾ॥ ਸ਼ੋਰੁ ਸੁਨਾ ਸਰਤਾ ਕੇ ਪਾਰਾ॥ ੪॥

ਸਾਡੇ ਪਾਸੇ ਵਲੋਂ ਬੰਦੂਕਾਂ ਚਲਣ ਲੱਗ ਪਈਆਂ। ਸ਼ਸਤਰ ਫੜਕੇ ਸਾਰੇ ਬੜੇ ਕ੍ਰੋਧ ਵਿਚ ਆ ਗਏ। ਨਦੀ ਤੋਂ ਪਾਰ ਪਠਾਣਾਂ ਦਾ ਰੌਲਾਂ ਗੌਲਾ ਸੁਣਾਈ ਦੇਣ ਲੱਗਾ। ਸਾਡਾ ਹੱਲਾ ਵੇਖ ਕੇ ਉਹਨਾਂ ਹਾਲ ਦੁਹਾਈ ਮਚਾ ਦਿੱਤੀ॥ ੪॥

## ਭੁਜੰਗ ਪ੍ਰਯਾਤ ਛੰਦ॥

ਬਜੀ ਭੇਰ ਭੁੰਕਾਰ ਧੁੰਕੇ ਨਗਾਰੇ॥ ਮਹਾਂਬੀਰ ਬਾਨੈਤ ਬੰਕੇ ਬਕਾਰੇ॥
ਭਏ ਬਾਹੁ ਆਘਾਤ ਨੱਚੇ ਮਰਾਲੰ॥ ਕ੍ਰਿਪਾ ਸਿੰਧੁ ਕਾਲੀ ਗਰੱਜੀ ਕਰਾਲੰ॥ ੫॥

ਭੇਰੀਆਂ ਭੂੰ ਭੂੰ ਕਰਕੇ ਵੱਜਣ ਲਗੀਆਂ ਤੇ ਨਗਾਰੇ ਗੂੰਜਣ ਲੱਗੇ। ਸੋਹਣੇ ਬਾਂਕੇ ਸੂਰਮੇ ਲਲਕਾਰਦੇ ਹੋਏ ਮੈਦਾਨ ਵਿਚ ਆਏ। ਆਹਮੋ ਸਾਹਮਣੇ ਵਾਰ ਹੋਣੇ ਸ਼ੁਰੂ ਹੋ ਗਏ ਤੇ ਘੋੜੇ ਨੱਚਣ ਲੱਗੇ। ਮੈਦਾਨ ਵਿਚ ਡਰਾਉਣੀ ਕਾਲਕਾ ਆ ਕੇ ਨੱਚਣ ਲੱਗੀ॥ ੫॥

ਨਦੀਯੰ ਲਖਿਯੋ ਕਾਲ ਰਾਤ੍ਰੰ ਸਮਾਨੰ॥ ਕਰੇ ਸੂਰਮਾ ਸੀਤ ਪਿੰਗੰ ਪ੍ਰਮਾਨੰ॥
ਇਤੇ ਬੀਰ ਗੱਜੇ ਭਏ ਨਾਦ ਭਾਰੇ॥ ਭਜੇ ਖਾਨ ਖੂਨੀ ਬਿਨਾ ਸ਼ਸਤ੍ਰ ਝਾਰੇ॥ ੬॥

ਰੁਸਤਮ ਖਾਂ ਦੇ ਸਾਥੀਆਂ ਨੇ ਨਦੀ ਨੂੰ ਕਾਲ ਦੀ ਰਾਤ ਸਮਾਨ ਸਮਝਿਆ। ਠੰਢ ਐਨੀ ਜ਼ੋਰ ਦੀ ਸੀ ਕਿ ਸੂਰਮੇ ਸੁੰਨ ਹੋ ਕੇ ਪਿੰਗਲਿਆਂ ਵਾਂਗੂੰ ਹੋ ਗਏ। ਇਧਰ ਸੂਰਮੇ ਗੱਜ ਰਹੇ ਸਨ, ਜਿਨ੍ਹਾਂ ਦੀਆਂ ਅਵਾਜਾਂ ਦਾ ਸ਼ੋਰ ਬੜਾ ਉੱਚਾ ਹੋ ਰਿਹਾ ਸੀ। ਇਸ ਭਿਆਨਕ ਹੱਲੇ ਗੁਲੇ ਨੂੰ ਸੁਣਕੇ ਖੂਨੀ ਪਠਾਣ ਸ਼ਸਤਰ ਚਲਾਉਣ ਤੋਂ ਬਿਨਾਂ ਹੀ ਭੱਜ ਗਏ॥ ੬॥

## ਨਰਾਜ ਛੰਦ ॥

**ਨਿਲੱਜ ਖਾਨ ਭੱਜਿਯੋ ॥ ਕਿਨੀ ਨ ਸ਼ਸਤ੍ਰ ਸੱਜਿਯੋ ॥**
**ਸੁ ਤਯਾਗ ਖੇਤ ਕੌ ਚਲੇ ॥ ਸੁ ਬੀਰ ਬੀਰਹਾ ਭਲੇ ॥ ੭ ॥**

ਬੇਸ਼ਰਮ ਪਠਾਣ ਮੈਦਾਨ ਛਡ ਕੇ ਭੱਜ ਉਠੇ, ਕਿਸੇ ਨੇ ਵੀ ਸ਼ਸਤਰ ਨਾ ਚਲਾਇਆ। ਬੜੇ ਬੜੇ ਯੋਧੇ ਕਹਾਉਣ ਵਾਲੇ ਬਿਨਾਂ ਜੰਗ ਕਰਨ ਤੋਂ ਹੀ ਮੈਦਾਨ ਛੱਡ ਕੇ ਨੱਸ ਗਏ।

**ਚਲੇ ਤੁਰੇ ਤੁਰਾਇਕੈ ॥ ਸਕੇ ਨ ਸ਼ਸਤ੍ਰ ਉਠਾਇਕੈ ॥**
**ਨ ਲੈ ਹਥਿਆਰ ਗੱਜਹੀ ॥ ਨਿਹਾਰ ਨਾਰਿ ਲੱਜਹੀ ॥ ੮ ॥**

ਘੋੜਿਆਂ ਨੂੰ ਭਜਾਕੇ ਉਹ ਨਸ ਤੁਰੇ, ਸਾਡੇ ਸਾਹਮਣੇ ਉਹ ਸ਼ਸਤਰ ਉਠਾ ਹੀ ਨਾ ਸਕੇ। ਹਥਿਆਰ ਫੜ ਕੇ ਉਹ ਗੱਜੇ ਹੀ ਨਾ, ਉਹ ਇਸਤ੍ਰੀਆਂ ਤੋਂ ਵਧ ਸ਼ਰਮਸਾਰ ਹੋਏ ਸਨ ॥ ੮ ॥

**ਦੋਹਰਾ ॥ ਬਰਵਾ ਗਾਂਉ ਉਜਾਰ ਕੈ ਕਰੇ ਮੁਕਾਮ ਭਲਾਨ ॥**
**ਪ੍ਰਭ ਬਲ ਹਮੈ ਨ ਛ੍ਵਇ ਸਕੈ ਭਾਜਤ ਭਏ ਨਿਦਾਨ ॥ ੯ ॥**

ਉਹਨਾਂ ਭੱਜੇ ਹੋਏ ਪਠਾਣਾਂ ਨੇ ਬਰਵਾ ਪਿੰਡ ਨੂੰ ਲੁਟ ਪੁਟ ਕੇ ਭਲਾਣ ਪਿੰਡ ਵਿਚ ਜਾ ਡੇਰਾ ਕੀਤਾ। ਅਕਾਲ ਪੁਰਖ ਦੀ ਕਿਰਪਾ ਤੇ ਜ਼ੋਰ ਨਾਲ ਉਹ ਸਾਨੂੰ ਛੂਹ ਵੀ ਨਾ ਸਕੇ ਤੇ ਅੰਤ ਨੂੰ ਭੱਜ ਗਏ ॥ ੯ ॥

**ਤਵ ਬਲ ਈਹਾਂ ਨ ਪਰ ਸਕੈ ਬਰਵਾ ਹਨਾ ਰਿਸਾਇ ॥**
**ਸਾਲਿਨ ਰਸ ਜਿਮ ਬਾਨੀਯੋ ਰੋਰਨ ਖਾਤ ਬਨਾਇ ॥ ੧੦ ॥**

ਹੇ ਅਕਾਲ ਪੁਰਖ! ਤੇਰੇ ਬਲ ਦੇ ਪ੍ਰਤਾਪ ਕਰਕੇ ਦੁਸ਼ਮਨ ਸਾਡੇ ਉਤੇ ਹਮਲਾ ਨਾ ਕਰ ਸਕਿਆ। ਮੁੜਦਿਆਂ ਉਹਨਾਂ ਨੇ ਗੁੱਸੇ ਵਿਚ ਆ ਕੇ ਬਰਵੇ ਪਿੰਡ ਨੂੰ ਲੁਟ ਲਿਆ। ਜਿਵੇਂ ਮਾਸ ਖਾਣ ਦਾ ਚਾਹਵਾਨ ਬਾਣੀਆਂ ਮਾਸ ਤਾਂ ਖਾ ਨਹੀਂ ਸਕਦਾ, ਉਹ ਰੋੜਾਂ ਦਾ ਸਲੂਣਾ ਹੀ ਬਣਾ ਕੇ ਖਾ ਲੈਂਦਾ ਹੈ। ਭਾਵ ਉਹਨਾਂ ਦਾ ਜ਼ੋਰ ਸਾਡੇ ਤੇ ਤਾਂ ਪਿਆ ਨਾ, ਗਰੀਬ ਪੇਂਡੂਆਂ ਨੂੰ ਹੀ ਲੁਟ ਕੇ ਅਗੇ ਨੂੰ ਤੁਰ ਪਏ ॥ ੧੦ ॥

ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਖਾਨਜਾਦੇ ਕੋ ਆਗਮਨ ਤ੍ਰਾਸਿਤ ਉਠਿਜੈਬੋ ਬਰਨੰਨ ਨਾਮ ਦਸਮੋ ਧਿਆਇ ਸਮਾਪਤ ਸਤੁ ਸੁਭਮ ਸਤੁ ॥ ੧੦ ॥ ੩੫੪ ॥ ਅਫਜੂੰ ॥

ਸ੍ਰੀ ਬਚਿੱਤਰ ਨਾਟਕ ਗ੍ਰੰਥ, ਦਿਲਾਵਰ ਖਾਂ ਦੇ ਪੁੱਤਰ ਦਾ ਹਮਲਾ, ਪਰ ਲੜਾਈ ਕਰਨ ਤੋਂ ਬਗੈਰ ਹੀ ਡਰਦੇ ਮਾਰੇ ਭੱਜ ਜਾਣ ਦਾ ਵਰਣਨ, ਅਧਿਆਏ ਦਸਵਾਂ ਸਮਾਪਤ ॥ ਸਤ ਸੁਭਮ ਸਤ ॥ ੧੦ ॥ ੩੫੪ ॥ ਚਲਦਾ ॥

ਇਸ ਦਸਵੇਂ ਅਧਿਆਇ ਵਿਚ ਸਤਿਗੁਰੂ ਜੀ ਨੇ ਅਨੰਦਪੁਰ ਦੇ ਇਕ ਹੋਰ ਜੰਗ ਦਾ ਵਰਣਨ ਕੀਤਾ ਹੈ:-

ਅਲਫ ਖਾਂ ਹਾਰ ਕੇ ਸਿੱਧਾ ਲਾਹੌਰ ਪਹੁੰਚ ਗਿਆ। ਦਿਲਾਵਰ ਖਾਂ ਨੇ ਉਸ ਤੋਂ ਸਾਰਾ ਸਮਾਚਾਰ ਸੁਣ ਕੇ ਆਪਣੇ ਪੁੱਤਰ ਨੂੰ ਫੌਜ ਦੇ ਕੇ ਅਨੰਦਪੁਰ ਵਲ ਭੇਜਿਆ। ਰਾਤ ਵੇਲੇ ਉਹ ਨਦੀ ਪਾਰ ਆ ਉਤਰਿਆ। ਸਤਿਗੁਰੂ ਜੀ ਉਸ ਸਮੇਂ ਬਿਸਰਾਮ ਕਰ ਰਹੇ ਸਨ। ਫੌਜ ਦੇ ਆਉਣ ਦੀ ਖਬਰ ਆਲਮ ਸਿੰਘ ਡਿਓਢੀ ਬਰਦਾਰ ਨੂੰ ਮਿਲੀ। ਉਸ ਨੇ ਉਸ ਵੇਲੇ ਗੁਰੂ ਜੀ ਨੂੰ ਜਗਾ ਕੇ ਇਹ ਖਬਰ ਸੁਣਾਈ। ਆਪ ਜੀ ਨੇ ਉਸੇ ਵੇਲੇ ਧੌਂਸਾ ਵਜਾ ਕੇ ਸਭ ਸਿਖ ਫੌਜਾਂ ਨੂੰ ਤਿਆਰੀ ਦਾ ਹੁਕਮ ਦੇ ਦਿੱਤਾ। ਤੋਪਾਂ ਬੰਦੂਕਾਂ ਚਲਣ ਲਗੀਆਂ ਤੇ ਨਗਾਰੇ ਖੜਕਣ ਲਗੇ। ਖਾਨਜ਼ਾਦਾ ਬੜਾ ਹੈਰਾਨ ਹੋਇਆ ਕਿ ਸਾਡੇ ਆਉਣ ਦੀ ਖਬਰ ਗੁਰੂ ਜੀ ਨੂੰ ਕਿਵੇਂ ਮਿਲ ਗਈ? ਉਸ ਰਾਤ ਦੀ ਠੰਢ ਨੇ ਸਭ ਤੁਰਕ ਫੌਜਾਂ ਨੂੰ ਸੁੰਨ ਕਰ ਦਿੱਤਾ। ਖਾਨਜ਼ਾਦਾ ਦਿਲ ਛਡਕੇ ਬਿਨਾਂ ਜੰਗ ਕੀਤਿਆਂ ਹੀ ਪਿਛਾਂ ਨੂੰ ਭੱਜ ਗਿਆ। ਰਸਤੇ ਵਿਚ ਬਰਵਾ ਪਿੰਡ ਨੂੰ ਲੁਟ ਕੇ ਉਹ ਭਲਾਣ ਪਿੰਡ ਜਾ ਟਿਕਿਆ। ਅਨੰਦਪੁਰ ਨੂੰ ਲੁਟਣ ਦੀ ਬਜਾਏ ਖਾਨਜ਼ਾਦੇ ਨੇ ਬਰਵਾ ਪਿੰਡ ਨੂੰ ਲੁਟ ਕੇ ਆਪਣਾ ਜੰਗ ਕਰਨ ਦਾ ਸ਼ੌਕ ਪੂਰਾ ਕਰ ਲਿਆ।

# ਅਧਿਆਏ ਗਿਆਰਵਾਂ

## *ਹੁਸੈਨੀ ਯੁੱਧ ਵਰਣਨ*

### *ਭੁਜੰਗ ਪ੍ਰਯਾਤ ਛੰਦ॥*

**ਗਯੋ ਖਾਨਜਾਦਾ ਪਿਤਾ ਪਾਸ ਭੱਜੰ॥ ਸਕੈ ਜ੍ਵਾਬੁ ਦੈ ਨਾ ਹਨੇ ਸੂਰ ਲੱਜੰ॥**
**ਤਹਾ ਠੋਕ ਬਾਹਾਂ ਹੁਸੈਨੀ ਗਰੱਜਿਯੰ॥ ਸਭੈ ਸੂਰ ਲੈਕੈ ਸਿਲਾ ਸਾਜ ਸੱਜਿਯੰ॥ ੧॥**

ਰੁਸਤਮ ਖਾਂ ਇਥੋਂ ਬਿਨਾਂ ਲੜਨ ਤੋਂ ਹੀ ਭੱਜ ਗਿਆ ਤੇ ਆਪਣੇ ਪਿਓ ਦਿਲਾਵਰ ਖਾਂ ਪਾਸ ਜਾ ਪਹੁੰਚਾ। ਆਪਣੇ ਸਾਥੀਆਂ ਨੂੰ ਮਰਵਾਕੇ ਮੁੜਨ ਕਰਕੇ ਉਹ ਸ਼ਰਮ ਦਾ ਮਾਰਿਆ ਪਿਓ ਸਾਹਮਣੇ ਬੋਲ ਨਾ ਸਕਿਆ। ਫਿਰ ਇਕ ਸੂਰਮਾ ਹੁਸੈਨੀ ਬਾਹਾਂ ਠੋਕ ਕੇ ਗੱਜਿਆ ਤੇ ਉਸ ਆਪਣੀ ਫੌਜ ਨੂੰ ਸ਼ਸਤਰਾਂ ਅਤੇ ਸੰਜੋਆਂ ਨਾਲ ਤਿਆਰ ਕਰ ਲਿਆ ਤਾਕਿ ਉਹ ਅਨੰਦਪੁਰ ਉਤੇ ਹਮਲਾ ਕਰ ਸਕੇ॥ ੧॥

**ਕਰਿਯੋ ਜੋਰ ਸੈਨੰ ਹੁਸੈਨੀ ਪਯਾਨੰ॥ ਪ੍ਰਥਮ ਕੂਟਿਕੈ ਲੂਟ ਲੀਨੇ ਅਵਾਨੰ॥**
**ਪੁਨਰਿ ਡੱਢਵਾਲੰ ਕੀਯੋ ਜੀਤ ਜੇਰੰ॥ ਕਰੰ ਬੰਦਿ ਕੈ ਰਾਜਪੁੱਤ੍ਰਾਨ ਚੇਰੰ॥ ੨॥**

ਬੜੇ ਜ਼ੋਰ ਸ਼ੋਰ ਨਾਲ ਹੁਸੈਨੀ ਨੇ ਅਨੰਦਪੁਰ ਵਲ ਕੂਚ ਕੀਤਾ। ਰਸਤੇ ਵਿਚ ਉਸ ਨੇ ਪਹਾੜੀ

ਲੋਕਾਂ ਦੇ ਘਰਾਂ ਨੂੰ ਲੁਟਿਆ। ਫਿਰ ਡਢਵਾਲ ਦੇ ਰਾਜੇ ਮਧੁਕਰ ਸ਼ਾਹ ਨੂੰ ਜਿੱਤ ਕੇ ਆਪਣੇ ਅਧੀਨ ਕਰ ਲਿਆ। ਹੋਰ ਵੀ ਕਈ ਰਾਜਿਆਂ ਦੇ ਪੁੱਤਰਾਂ ਨੂੰ ਕੈਦੀ ਬਣਾ ਲਿਆ ਜਾਂ ਦਾਸ ਬਣਾ ਲਿਆ ॥੨॥

**ਪੁਨਰਿ ਦੂਨ ਕੋ ਲੂਟ ਲੀਨੋ ਸੁਧਾਰੰ॥ ਕੋਈ ਸਾਮੁਹੇ ਹ੍ਵੈ ਸਕਿਯੋ ਨ ਗਵਾਰੰ॥**
**ਲੀਯੋ ਛੀਨ ਅੰਨੰ ਦਲੰ ਬਾਂਟਿ ਦੀਯੰ॥ ਮਹਾਂ ਮੂੜਿਯੰ ਕੁਤਸਤੰ ਕਾਜ ਕੀਯੰ॥ ੩॥**

ਫਿਰ ਉਸ ਨੇ ਬੜੇ ਜ਼ੋਰ ਨਾਲ ਦੂਨ ਨੂੰ ਵੀ ਲੁਟ ਲਿਆ। ਕੋਈ ਮੂਰਖ ਰਾਜਾ ਉਸਦੇ ਸਾਹਮਣੇ ਅੜ ਨਾ ਸਕਿਆ। ਲੋਕਾਂ ਕੋਲੋਂ ਅੰਨ ਖੋਹਕੇ ਉਸਨੇ ਫੌਜ ਵਿਚ ਵੰਡ ਦਿੱਤਾ। ਮਹਾਂ ਮੂਰਖ ਹੁਸੈਨੀ ਨੇ ਇਹ ਬਹੁਤ ਬੁਰਾ ਕਰਮ ਕੀਤਾ॥ ੩॥

**ਦੋਹਰਾ॥ ਕਿਤਕ ਦਿਵਸ ਬੀਤਤ ਭਏ ਕਰਤ ਉਸੈ ਉਤਪਾਤ॥**
**ਗੁਆਲੇਰੀਯਨ ਕੀ ਪਰਤ ਭੀ ਆਨ ਮਿਲਨ ਕੀ ਬਾਤ॥ ੪॥**

ਹੁਸੈਨੀ ਨੂੰ ਇਸ ਤਰ੍ਹਾਂ ਲੋਕਾਂ ਨੂੰ ਲੁਟਦਿਆਂ ਕਈ ਦਿਨ ਬੀਤ ਗਏ। ਹੁਣ ਗੁਲੇਰੀਆਂ ਨੂੰ ਉਸ ਨਾਲ ਮੇਲ ਕਰ ਲੈਣ ਦੀ ਲੋੜ ਪ੍ਰਤੀਤ ਹੋਈ॥ ੪॥

**ਜੌ ਦਿਨ ਦੁਇਕ ਨ ਵੇ ਮਿਲਤ ਤਬ ਆਵਤ ਅਰਰਾਇ॥**
**ਕਾਲਿ ਤਿਨੂ ਕੇ ਘਰ ਬਿਖੈ ਡਾਰੀ ਕਲਹ ਬਨਾਇ॥ ੫॥**

ਜੇਕਰ ਹੁਸੈਨੀ ਨਾਲ ਗੁਲੇਰੀਏ ਦੋ ਕੁ ਦਿਨ ਹੋਰ ਨਾ ਮਿਲਦੇ ਤਾਂ ਉਸ ਨੇ ਇਧਰ ਉਧਰ ਸਾਡੇ ਵਲ ਆ ਪਹੁੰਚਣਾ ਸੀ। ਕਾਲ ਨੇ ਉਹਨਾਂ ਦੇ ਘਰ ਵਿਚ ਹੀ ਕਲਹ ਖੜੀ ਕਰ ਦਿੱਤੀ॥ ੫॥

**ਚੌਪਈ॥ ਗੁਆਲੇਰੀਯਾ ਮਿਲਨ ਕਹ ਆਏ॥ ਰਾਮ ਸਿੰਘ ਭੀ ਸੰਗਿ ਸਿਧਾਏ॥**
**ਚਤੁਰਥ ਆਨ ਮਿਲਤ ਭਏ ਜਾਮੰ॥ ਫੂਟਿ ਗਈ ਲਖਿ ਨਜਰਿ ਗੁਲਾਮੰ॥ ੬॥**

ਗੁਲੇਰੀਆ ਰਾਜਾ ਗੁਪਾਲ ਹੁਸੈਨੀ ਨੂੰ ਮਿਲਣ ਲਈ ਆਇਆ। ਗਲ ਬਾਤ ਕਰਨ ਲਈ ਉਸ ਦੇ ਨਾਲ ਰਾਮ ਸਿੰਘ ਵੀ ਤੁਰ ਪਿਆ। ਦਿਨ ਦੇ ਚੌਥੇ ਪਹਿਰ ਉਹ ਹੁਸੈਨੀ ਨੂੰ ਆ ਮਿਲੇ। ਉਹਨਾਂ ਨੂੰ ਆਪਣੇ ਕੋਲ ਆਇਆ ਵੇਖਕੇ ਗ਼ੁਲਾਮ ਹੁਸੈਨੀ ਦੀ ਨਜ਼ਰ ਮਾੜੀ ਹੋ ਗਈ ਭਾਵ ਉਹ ਹੰਕਾਰ ਨਾਲ ਅੰਨ੍ਹਾਂ ਹੋ ਗਿਆ॥ ੬॥

**ਦੋਹਰਾ॥ ਜੈਸੇ ਰਵਿ ਕੇ ਤੇਜ ਤੇ ਰੇਤ ਅਧਿਕ ਤਪਤਾਇ॥**
**ਰਵਿ ਬਲ ਛੁਦ੍ਰ ਨ ਜਾਨਈ ਆਪਨ ਹੀ ਗਰਬਾਇ॥ ੭॥**

ਜਿਵੇਂ ਸੂਰਜ ਦੇ ਤੇਜ ਨਾਲ ਰੇਤ ਬੜੀ ਤਪ ਜਾਂਦੀ ਹੈ। ਉਹ ਨੀਚ ਰੇਤ ਸੂਰਜ ਦੇ ਤੇਜ਼ ਨੂੰ ਨਹੀਂ ਜਾਣਦੀ ਤੇ ਆਪਣੇ ਆਪ ਵਿਚ ਹੰਕਾਰ ਕਰਨ ਲੱਗ ਪੈਂਦੀ ਹੈ॥ ੭॥

**ਚੌਪਈ॥ ਤੈਸੇ ਹੀ ਫੂਲ ਗੁਲਾਮ ਜਾਤਿ ਭਯੋ॥ ਤਿਨੈ ਨ ਦ੍ਰਿਸ਼ਟ ਤਰੇ ਆਨਤ ਭਯੋ॥**
**ਕਹਲੂਰੀਯਾ ਕਟੌਚ ਸੰਗਿ ਲਹਿ॥ ਜਾਨਾ ਆਨ ਨ ਮੋ ਸਰਿ ਮਹਿ ਮਹਿ॥ ੮॥**

ਇਸੇ ਤਰ੍ਹਾਂ ਹੀ ਉਹ ਗੁਲਾਮ ਹੁਸੈਨੀ ਹੰਕਾਰ ਨਾਲ ਫੁੱਲ ਗਿਆ। ਉਸਨੇ ਗੁਲੇਰੀਏ ਰਾਜੇ ਤੇ ਉਸ ਦੇ ਸਾਥੀਆਂ ਦੀ ਕੋਈ ਪ੍ਰਵਾਹ ਨਾ ਕੀਤੀ। ਕਹਿਲੂਰ ਦੇ ਰਾਜੇ ਭੀਮ ਚੰਦ ਤੇ ਕਟੋਚ ਦੇ ਰਾਜੇ ਕਿਰਪਾਲ ਚੰਦ ਨੂੰ ਇੱਕਠਿਆਂ ਜਾਣ ਕੇ ਉਹ ਸਮਝਣ ਲਗ ਪਿਆ ਕਿ ਮੇਰੇ ਵਰਗਾ ਹੋਰ ਕੋਈ ਨਹੀਂ॥ ੮॥

**ਤਿਨ ਜੋ ਧਨ ਆਨੋ ਥੋ ਸਾਥਾ॥ ਤੇ ਦੇ ਰਹੇ ਹੁਸੈਨੀ ਹਾਥਾ॥**
**ਦੇਤ ਲੇਤ ਆਪਨ ਕੁਰਰਾਨੇ॥ ਤੇ ਧਨਿ ਲੈ ਨਿਜਿ ਧਾਮ ਸਿਧਾਨੇ॥ ੯॥**

ਗੁਪਾਲ ਤੇ ਰਾਮ ਸਿੰਘ ਨੇ ਜਿਹੜਾ ਧਨ ਆਪਣੇ ਨਾਲ ਲਿਆਂਦਾ ਸੀ, ਉਹ ਹੁਸੈਨੀ ਨੂੰ ਦੇਣ ਲੈਣ ਲਗਿਆਂ ਆਪੋ ਵਿਚ ਤਕਰਾਰ ਹੋ ਗਿਆ। ਇਸ ਲਈ ਦੋਵੇਂ ਰਾਜੇ ਉਹ ਧਨ ਆਪਣੇ ਨਾਲ ਲੈ ਕੇ ਘਰ ਨੂੰ ਤੁਰ ਪਏ॥ ੯॥

**ਚੇਰੋ ਤਬੈ ਤੇਜ ਤਨ ਤਯੋ॥ ਭਲਾ ਬੁਰਾ ਕਛੁ ਲਖਤ ਨ ਭਯੋ॥**
**ਛੰਦ ਬੰਦ ਨਹ ਨੈਕੁ ਬਿਚਾਰਾ॥ ਜਾਤ ਭਯੋ ਦੇ ਤਬਹਿ ਨਗਾਰਾ॥ ੧੦॥**

ਹੁਸੈਨੀ ਆਪਣੇ ਘਮੰਡ ਵਿਚ ਗਰਮ ਹੋ ਗਿਆ। ਉਸ ਨੇ ਬੁਰੇ ਭਲੇ ਦੀ ਕੋਈ ਵਿਚਾਰ ਨਾ ਕੀਤੀ। ਉਸਨੇ ਰਾਜਨੀਤੀ ਨੂੰ ਨਾ ਵਿਚਾਰਿਆ ਤੇ ਧੌਂਸਾ ਵਜਾ ਕੇ ਗੁਪਾਲ ਤੇ ਚੜ੍ਹਾਈ ਕਰ ਦਿੱਤੀ ॥ ੧੦॥

**ਦਾਵ ਘਾਵ ਤਿਨ ਨੈਕੁ ਨ ਕਰਾ॥ ਸਿੰਘਹਿ ਘੇਰਿ ਸਸਾ ਕਹੁ ਡਰਾ॥**
**ਪੰਦ੍ਰਹ ਪਹਰਿ ਗਿਰਦ ਤਿਹ ਕੀਯੋ॥ ਖਾਨ ਪਾਨ ਤਿਨ ਜਾਨ ਨ ਦੀਯੋ॥ ੧੧॥**

ਉਸ ਨੇ ਕੋਈ ਦਾਅ ਪੇਚ ਨਾ ਖੇਡਿਆ। ਜਿਵੇਂ ਖਰਗੋਸ਼ ਸ਼ੇਰ ਨੂੰ ਘੇਰ ਕੇ ਡਰਾਉਣਾ ਚਾਹੁੰਦਾ ਹੈ, ਇਉਂ ਉਸ ਨੇ ਗੁਪਾਲ ਨੂੰ ਜਾ ਘੇਰਿਆ। ਉਸ ਨੇ ਪੰਦਰਾਂ ਪਹਿਰ ਕਿਲ੍ਹੇ ਨੂੰ ਘੇਰਾ ਪਾਈ ਰਖਿਆ। ਕੋਈ ਖਾਣ ਪੀਣ ਦੀ ਵਸਤੂ ਅੰਦਰ ਨਾ ਜਾਣ ਦਿੱਤੀ॥ ੧੧॥

**ਖਾਨ ਪਾਨ ਬਿਨੁ ਸੂਰ ਰਿਸਾਏ॥ ਸਾਮ ਕਰਨ ਹਿਤ ਦੂਤ ਪਠਾਏ॥**
**ਦਾਸ ਨਿਰਖ ਸੰਗਿ ਸੈਨ ਪਠਾਨੀ॥ ਫੂਲਿ ਗਯੋ ਤਿਨ ਕੀ ਨਹੀ ਮਾਨੀ॥ ੧੨॥**

ਖਾਣ ਪੀਣ ਬਿਨਾਂ ਸੂਰਮੇ ਬੜੇ ਗੁੱਸੇ ਵਿਚ ਆਏ। ਉਹਨਾਂ ਨੇ ਸੁਲਾਹ ਕਰਨ ਲਈ ਇਕ ਦੂਤ ਨੂੰ ਹੁਸੈਨੀ ਵਲ ਭੇਜਿਆ, ਹੁਸੈਨੀ ਆਪਣੇ ਨਾਲ ਪਠਾਣਾਂ ਦੀ ਫੌਜ ਨੂੰ ਵੇਖਕੇ ਹੰਕਾਰ ਵਿਚ ਆ ਗਿਆ ਤੇ ਉਹਨਾਂ ਦੀ ਕੋਈ ਗੱਲ ਨਾ ਮੰਨੀ॥ ੧੨॥

**ਦਸ ਸਹੰਸ੍ਰ ਅਬਹੀ ਕੈ ਦੈਹੂ॥ ਨਾਤਰ ਮੀਚ ਮੂੰਡ ਪਰ ਲੈਹੂ॥**
**ਸਿੰਘ ਸੰਗਤੀਯਾ ਤਹਾ ਪਠਾਏ॥ ਗੋਪਾਲੈ ਸੁ ਧਰਮ ਦੇ ਲਯਾਏ॥ ੧੩॥**

ਹੁਸੈਨੀ ਨੇ ਕਿਹਾ ਕਿ ਜਾਂ ਤਾਂ ਹੁਣੇ ਹੀ ਦਸ ਹਜ਼ਾਰ ਰੁਪਿਆ ਮੈਨੂੰ ਦਿਓ ਨਹੀਂ ਤਾਂ ਆਪਣੇ ਸਿਰ ਤੇ ਮੌਤ ਨੂੰ ਸਵਾਰ ਹੋਇਆ ਜਾਣੋ। ਭੀਮ ਚੰਦ ਨੇ ਸਾਡੇ ਸੰਗਤੀਆ ਸਿੰਘ ਨੂੰ ਗੁਪਾਲ ਵਲ ਭੇਜਿਆ, ਜੋ ਧਰਮ ਦੀ ਸਾਖੀ ਸੌਂਹ ਦੇ ਕੇ ਉਸ ਨੂੰ ਭੀਮ ਚੰਦ ਕੋਲ ਲੈ ਆਇਆ॥ ੧੩॥

**ਤਿਨਕੈ ਸੰਗਿ ਨ ਉਨ ਕੀ ਬਨੀ॥ ਤਬ ਕ੍ਰਿਪਾਲ ਚਿਤ ਮੋ ਇਹ ਗਨੀ॥**
**ਐਸਿ ਘਾਤਿ ਫਿਰਿ ਹਾਥ ਨ ਐਹੈ॥ ਸਭਹੂੰ ਫੇਰਿ ਸਮੋ ਛਲਿ ਜੈਹੈ॥ ੧੪॥**

ਤੁਰਕਾਂ ਨਾਲ ਗੁਪਾਲ ਦੀ ਗੱਲ ਸਿਰੇ ਨਾ ਚੜ੍ਹੀ, ਤਦ ਕਿਰਪਾਲ ਚੰਦ ਨੇ ਆਪਣੇ ਮਨ ਵਿਚ ਇਹ ਵਿਚਾਰ ਕੀਤੀ ਕਿ ਅਜਿਹਾ ਸਮਾਂ ਫਿਰ ਕਦੀ ਹਥ ਨਹੀਂ ਆਉਣਾ, ਜੋ ਕਰਨਾ ਹੈ ਹੁਣ ਹੀ ਕਰ ਲੈਣਾ ਚਾਹੀਦਾ ਹੈ॥ ੧੪॥

**ਗੋਪਾਲੈ ਸੁ ਅਬੈ ਗਹਿ ਲੀਜੈ॥ ਕੈਦ ਕੀਜੀਐ ਕੈ ਬਧ ਕੀਜੈ॥**
**ਤਨਕ ਭਨਕ ਜਬ ਤਿਨ ਸੁਨ ਪਾਈ॥ ਨਿਜ ਦਲ ਜਾਤ ਭਯੋ ਭਟਰਾਈ॥ ੧੫॥**

ਕ੍ਰਿਪਾਲ ਚੰਦ ਨੇ ਵਿਚਾਰਿਆ ਕਿ ਗੁਪਾਲ ਨੂੰ ਹੁਣੇ ਹੀ ਫੜ ਲੈਣਾ ਚਾਹੀਦਾ ਹੈ, ਜਾਂ ਉਸ ਨੂੰ ਕੈਦ ਕਰ ਲਈਏ ਜਾਂ ਜਾਨੋਂ ਮਾਰ ਦੇਈਏ। ਇਸ ਗੱਲ ਦੀ ਖਬਰ ਗੁਪਾਲ ਨੂੰ ਲੱਗ ਗਈ। ਉਹ ਝਟ ਪਟ ਆਪਣੇ ਦਲ ਵਿਚ ਚਲਾ ਗਿਆ॥ ੧੫॥

## ਮਧੁਭਾਰ ਛੰਦ॥

**ਜਬ ਗਜੋ ਗੁਪਾਲ॥ ਕੁਪੱਜੋ ਕ੍ਰਿਪਾਲ॥ ਹਿੰਮਤ ਹੁਸੈਨ॥ ਜੁੰਮੈ ਲੁਝੈਨ॥ ੧੬॥**

ਜਦੋਂ ਗੁਪਾਲ ਉਹਨਾਂ ਤੋਂ ਬਚ ਕੇ ਨਿਕਲ ਗਿਆ ਤਾਂ ਕਿਰਪਾਲ ਨੂੰ ਬਹੁਤ ਕਰੋਧ ਚੜ੍ਹਿਆ। ਉਹ ਹੁਸੈਨੀ ਵਲੋਂ ਹਿੰਮਤ ਕਰਕੇ ਲੜਨ ਲਈ ਤੁਰ ਪਿਆ॥ ੧੬॥

**ਕਰਿਕੈ ਗੁਮਾਨ॥ ਜੁੰਮੈ ਜੁਆਨ॥ ਬੱਜੇ ਤਬੱਲ॥ ਦੁੰਦਭ ਦਬੱਲ॥ ੧੭॥**

ਬੜੇ ਘਮੰਡ ਨਾਲ ਸੂਰਮੇ ਜੰਗ ਲਈ ਤੁਰ ਪਏ। ਧੌਂਸੇ ਤੇ ਨਗਾਰੇ ਵੱਜਣ ਲੱਗ ਪਏ॥ ੧੭॥

**ਬੱਜੇ ਨਿਸ਼ਾਨ॥ ਨੱਚੇ ਕਿਕਾਨ॥ ਬਾਹੈ ਤੜਾਕ॥ ਉੱਠੈ ਕੜਾਕ॥ ੧੮॥**

ਨਗਾਰੇ ਵੱਜਦੇ ਸਨ ਤੇ ਘੋੜੇ ਟੱਪਦੇ ਸਨ। ਤੜ ਤੜ ਗੋਲੀਆਂ ਚਲ ਰਹੀਆਂ ਸਨ ਤੇ ਸ਼ਸਤ੍ਰਾਂ ਦੀ ਕੜ ਕੜ ਦੀ ਅਵਾਜ਼ ਹੋ ਰਹੀ ਸੀ॥ ੧੮॥

**ਬੱਜੇ ਨਿਸ਼ੰਗ॥ ਗੱਜੇ ਨਿਹੰਗ॥ ਛੂਟੈ ਕ੍ਰਿਪਾਨ॥ ਲਿੱਟੈ ਜੁਆਨ॥ ੧੯॥**

ਜੰਗ ਵਿਚ ਜੋਧੇ ਨਿਸ਼ੰਗ ਹੋ ਕੇ ਗੱਜਦੇ ਸਨ। ਤਲਵਾਰਾਂ ਚਲਦੀਆਂ ਸਨ ਤੇ ਸੂਰਬੀਰ ਮਰ ਰਹੇ ਸਨ॥੧੯॥

**ਤੁਪੱਕ ਤੜਾਕ॥ ਕੈਬਰ ਕੜਾਕ॥ ਸੈਹਥੀ ਸੜਾਕ॥ ਛੋਹੀ ਛੜਾਕ॥੨੦॥**

ਬੰਦੂਕਾਂ ਤੜ ਤੜ ਕਰਦੀਆਂ ਸਨ ਅਤੇ ਤੀਰ ਕੜਕਦੇ ਸਨ। ਸਰਰ ਸਰਰ ਕਰਕੇ ਬਰਛੀਆਂ ਵਜਦੀਆਂ ਸਨ ਤੇ ਛੜ ਛੜ ਕਰਕੇ ਛਵੀਆਂ ਚਲਦੀਆਂ ਸਨ॥੨੦॥

**ਗੱਜੇ ਸੁ ਬੀਰ॥ ਬੱਜੇ ਗਹੀਰ॥ ਬਿਚਰੇ ਨਿਹੰਗ॥ ਜੈਸੇ ਪਿਲੰਗ॥੨੧॥**

ਸੂਰਮੇ ਗੱਜ ਰਹੇ ਅਤੇ ਬੜੇ ਗੰਭੀਰ ਬੋਲ ਬੋਲ ਰਹੇ ਹਨ। ਯੋਧੇ ਜੰਗ ਦੇ ਮੈਦਾਨ ਵਿਚ ਇਸ ਤਰ੍ਹਾਂ ਫਿਰ ਰਹੇ ਸਨ, ਜਿਵੇਂ ਜੰਗਲ ਵਿਚ ਚਿਤਰਾ ਫਿਰਦਾ ਹੈ॥੨੧॥

**ਹੁੱਕੇ ਕਿਕਾਣ॥ ਧੁੱਕੇ ਨਿਸ਼ਾਨ॥ ਬਾਹੈ ਤੜਾਕ॥ ਝੱਲੈ ਝੜਾਕ॥੨੨॥**

ਘੋੜੇ ਹਿਣਕਦੇ ਸਨ ਤੇ ਧੌਂਸੇ ਵੱਜਦੇ ਸਨ। ਸੂਰਮੇ ਤਾੜ ਤਾੜ ਸ਼ਸਤਰ ਚਲਾਉਂਦੇ ਸਨ ਤੇ ਅਗੋਂ ਯੋਧੇ ਉਹਨਾਂ ਸ਼ਸਤਰਾਂ ਦੇ ਵਾਰਾਂ ਨੂੰ ਝੱਲਦੇ ਸਨ॥੨੨॥

**ਜੁੱਝੇ ਨਿਹੰਗ॥ ਲਿੱਟੇ ਮਲੰਗ॥ ਖੁੱਲੇ ਕਿਸਾਰ॥ ਜਨੁ ਜਟਾ ਧਾਰ॥੨੩॥**

ਸੂਰਮੇ ਸ਼ਹੀਦ ਹੋ ਕੇ ਇਉਂ ਧਰਤੀ ਤੇ ਲੇਟੇ ਹੋਏ ਸਨ, ਜਿਵੇਂ ਮਸਤ ਹੋਏ ਮਲੰਗ ਜ਼ਮੀਨ ਤੇ ਲੇਟੇ ਹੋਏ ਸਨ। ਉਹਨਾਂ ਦੇ ਖੁਲ੍ਹੇ ਕੇਸ ਇੰਝ ਲੱਗ ਰਹੇ ਸਨ ਜਿਵੇਂ ਕੋਈ ਜਟਾਧਾਰੀ ਲੇਟੇ ਹੋਏ ਹੋਣ॥੨੩॥

**ਸੱਜੇ ਰਜਿੰਦ੍ਰ॥ ਗੱਜੇ ਗਜਿੰਦ੍ਰ॥ ਉੱਤਰਿ ਖਾਨ॥ ਲੈ ਲੈ ਕਮਾਨ॥੨੪॥**

ਹਾਥੀ ਸਜੇ ਹੋਏ ਸਨ, ਵਡੇ ਵਡੇ ਹਾਥੀਆਂ ਤੋਂ ਖਾਨ ਹੱਥ ਵਿਚ ਤੀਰ ਕਮਾਨ ਲੈ ਕੇ ਉਤਰਦੇ ਤੇ ਜੰਗ ਵਿਚ ਗੱਜਦੇ ਸਨ॥੨੪॥

## *ਤ੍ਰਿਭੰਗੀ ਛੰਦ॥*

**ਕੁਪਿਯੋ ਕਿਰਪਾਲੰ ਸੱਜਿ ਮਰਾਲੰ ਬਾਹ ਬਿਸਾਲੰ ਧਰਿ ਢਾਲੰ॥**
**ਧਾਏ ਸਭ ਸੂਰੰ ਰੂਪ ਕਰੂਰੰ ਚਮਕਤ ਨੂਰੰ ਮੁਖਿ ਲਾਲੰ॥**
**ਲੈ ਲੈ ਸੁ ਕ੍ਰਿਪਾਨੰ ਬਾਨ ਕਮਾਨੰ ਸਜੇ ਜੁਆਨੰ ਤਨ ਤੱਤੰ॥**
**ਰਣਿ ਰੰਗ ਕਲੋਲੰ ਮਾਰ ਹੀ ਬਸਲੰ ਜਨੁ ਗਜ ਡੋਲ ਬਨ ਮੱਤੰ॥੨੫॥**

ਜੰਗ ਦੇ ਮੈਦਾਨ ਵਿਚ ਕਿਰਪਾਲ ਚੰਦ ਬੜੇ ਕਰੋਧ ਨਾਲ ਘੋੜੇ ਨੂੰ ਸਜਾ ਕੇ ਵਧਾ ਰਿਹਾ ਸੀ। ਬੜੇ ਭਿਆਨਕ ਸੀ। ਉਸ ਨੂੰ ਆਪਣੀਆਂ ਲੰਮੀਆਂ ਬਾਹਾਂ ਵਿਚ ਢਾਲ ਨੂੰ ਫੜਿਆ ਹੋਇਆ ਸੀ।

ਰੂਪ ਵਾਲੇ ਸੂਰਮੇ ਜੰਗ ਦੇ ਮੈਦਾਨ ਵਲ ਚਲ ਪਏ, ਜਿਨ੍ਹਾਂ ਦੇ ਮੂੰਹ ਲਾਲ ਸਨ ਤੇ ਉਹਨਾਂ ਤੇ ਨੂਰ ਚਮਕਦਾ ਸੀ। ਬੜੇ ਬਾਂਕੇ ਜੁਆਨ ਆਪਣੇ ਗਰਮ ਹੋਏ ਸਰੀਰਾਂ ਨਾਲ ਹਥ ਵਿਚ ਤੀਰ ਕਮਾਨ ਤੇ ਤਲਵਾਰਾਂ ਫੜ ਕੇ ਮੈਦਾਨ ਵਿਚ ਨਿਤਰ ਆਏ। ਸੂਰਮੇ ਰਣ ਭੂਮੀ ਵਿਚ ਆ ਕੇ ਕਲੋਲਾਂ ਕਰਦੇ ਸਨ ਤੇ ਮੂੰਹੋਂ 'ਮਾਰ ਲੋ' ਬੋਲਦੇ ਸਨ, ਜਿਵੇਂ ਵਣ ਵਿਚ ਮਸਤ ਹਾਥੀ ਫਿਰਦੇ ਹਨ॥੨੫॥

## ਭੁਜੰਗ ਛੰਦ॥

**ਤਬੈ ਕੋਪਿਯੰ ਕਾਂਗੜੇਸ਼ੰ ਕਟੋਚੰ॥ ਮੁਖੰ ਰਕਤ ਨੈਨੰ ਤਜੇ ਸਰਬ ਸੋਚੰ॥**
**ਉਤੈ ਉੱਠਿਯੰ ਖਾਨ ਖੇਤੰ ਖਤੰਗੰ॥ ਮਨੋ ਬਿਹਚਰੇ ਮਾਸ ਹੇਤੰ ਪਿਲੰਗੰ॥ ੨੬॥**

ਕਾਂਗੜੇ ਦਾ ਰਾਜਾ ਕਿਰਪਾਲ ਚੰਦ ਬੜੇ ਕਰੋਧ ਨਾਲ ਮੈਦਾਨ ਵਿਚ ਆਇਆ, ਉਸ ਦਾ ਮੂੰਹ ਲਾਲ ਸੀ ਤੇ ਉਸ ਨੇ ਸਾਰੀਆਂ ਸੋਚਾਂ ਨੂੰ ਤਿਆਗ ਦਿੱਤਾ ਸੀ। ਉਧਰੋਂ ਦੂਜੇ ਪਾਸੇ ਪਠਾਣ ਵੀ ਤੀਰ ਕਮਾਨ ਫੜੀ ਮੈਦਾਨ ਵਿਚ ਖੜੇ ਸਨ, ਇਉਂ ਪ੍ਰਤੀਤ ਹੋ ਰਿਹਾ ਸੀ ਕਿ ਮਾਸ ਖਾਣ ਲਈ ਚਿੱਤਰੇ ਵਣ ਵਿਚ ਫਿਰ ਰਹੇ ਹਨ॥੨੬॥

**ਬਜੀ ਭੇਰ ਭੁੰਕਾਰ ਤੀਰੰ ਤੜੱਕੇ॥ ਮਿਲੇ ਹੱਥਿ ਬੱਖੰ ਕ੍ਰਿਪਾਨੰ ਕੜੱਕੇ॥**
**ਬਜੇ ਜੰਗ ਨੀਸਾਣ ਕੱਥੇ ਕਥੀਰੰ॥ ਫਿਰੇ ਰੁੰਡ ਮੁੰਡੰ ਤਨੰ ਤੱਛ ਤੀਰੰ॥ ੨੭॥**

ਭੇਰੀਆਂ ਵੱਜ ਰਹੀਆਂ ਹਨ। ਤੀਰਾਂ ਦੀ ਕੜ ਕੜ ਹੋ ਰਹੀ ਸੀ। ਕਈ ਇਕ ਦੂਜੇ ਦੇ ਹਥੀਂ ਪੈ ਰਹੇ ਸਨ। ਕਿਤੇ ਕਿਰਪਾਨਾਂ ਕੜ ਕੜ ਕਰ ਰਹੀਆਂ ਸਨ। ਕਿਤੇ ਧੌਂਸੇ ਵੱਜ ਰਹੇ ਸਨ ਤੇ ਕਿਤੇ ਭੱਟ ਵਾਰਾਂ ਗਾ ਰਹੇ ਹਨ। ਕਿਤੇ ਧੜ, ਕਿਤੇ ਸਿਰ ਤੇ ਕਿਤੇ ਤੀਰਾਂ ਨਾਲ ਘਾਇਲ ਹੋਏ ਸਰੀਰ ਰੁਲ ਰਹੇ ਸਨ॥੨੭॥

**ਉਠੈ ਟੋਪ ਟੂਕੰ ਗੁਰੱਜੈ ਪ੍ਰਹਾਰੇ॥ ਰੁਲੇ ਲੁੱਥ ਜੁੱਥੰ ਗਿਰੇ ਬੀਰ ਮਾਰੇ॥**
**ਪਰੇ ਕੱਤੀਯੰ ਘਾਤ ਨਿਰਘਾਤ ਬੀਰੰ॥ ਫਿਰੈ ਰੁੰਡ ਮੁੰਡੰ ਤਨੰ ਤੱਛ ਤੀਰੰ॥ ੨੮॥**

ਕਿਤੇ ਲੋਹੇ ਦੇ ਟੋਪਾਂ ਉਤੇ ਗੁਰਜਾਂ ਦੇ ਵਾਰਾਂ ਦੀਆਂ ਅਵਾਜਾਂ ਆ ਰਹੀਆਂ ਸਨ। ਕਿਤੇ ਲੋਥਾਂ ਦੇ ਢੇਰ ਪਏ ਸਨ ਅਤੇ ਕਿਤੇ ਮਰੇ ਹੋਏ ਸੂਰਮੇ ਪਏ ਸਨ। ਕਿਤੇ ਸੂਰਮਿਆਂ ਦੇ ਸਰੀਰਾਂ ਉਤੇ ਤਲਵਾਰਾਂ ਨਾਲ ਜ਼ਖਮ ਹੋ ਰਹੇ ਸਨ ਅਤੇ ਕਿਤੇ ਧੜ, ਕਿਤੇ ਸਿਰ ਤੇ ਕਿਤੇ ਤੀਰਾਂ ਨਾਲ ਵਿੰਨ ਹੋਏ ਸਰੀਰ ਪਏ ਸਨ॥੨੮॥

**ਬਹੀ ਬਾਹੁ ਆਘਾਤ ਨਿਰਘਾਤ ਬਾਣੰ॥ ਉਠੇ ਨੱਦ ਨਾਦੰ ਕੜੱਕੇ ਕ੍ਰਿਪਾਣੰ॥**
**ਛਕੇ ਛੋਭ ਛੱਤ੍ਰੀ ਤਜੈ ਬਾਣ ਰਾਜੀ॥ ਬਹੇ ਜਾਹਿ ਖਾਲੀ ਫਿਰੈ ਛੂਛ ਤਾਜੀ॥ ੨੯॥**

ਸੂਰਮਿਆਂ ਦੀਆਂ ਬਾਹਾਂ ਤੋਂ ਲਗਾਤਾਰ ਤੀਰ ਚਲ ਰਹੇ ਸਨ ਅਤੇ ਤਲਵਾਰਾਂ ਦੇ ਚਲਣ

ਨਾਲ ਕੜ ਕੜ ਦੀ ਗੰਭੀਰ ਆਵਾਜ਼ ਉੱਠ ਰਹੀ ਸੀ। ਕਰੋਧ ਨਾਲ ਭਰੇ ਸੂਰਮੇ ਤੀਰ ਛੱਡ ਰਹੇ ਸਨ। ਇਹ ਤੀਰ ਕਦੀ ਤਾਂ ਖਾਲੀ ਜਾਂਦੇ ਸਨ ਤੇ ਕਦੀ ਸੂਰਮਿਆਂ ਨੂੰ ਮਾਰ ਕੇ ਘੜੇ ਖਾਲੀ ਕਰੀ ਜਾਂਦੇ ਸਨ॥ ੨੯ ॥

**ਜੁੱਟੇ ਆਪ ਮੈ ਬੀਰ ਬੀਰੰ ਜੁਝਾਰੇ॥ ਮਨੋ ਗੱਜ ਜੁੱਟੇ ਦੰਤਾਰੇ ਦੰਤਾਰੇ॥**
**ਕਿਧੋ ਸਿੰਘ ਸੋ ਸਾਰਦੂਲੰ ਅਰੁੱਝੇ॥ ਤਿਸੀ ਭਾਂਤਿ ਕਿਰਪਾਲ ਗੋਪਾਲੰ ਜੁਝੇ॥ ੩੦॥**

ਕਿਤੇ ਯੋਧੇ ਆਪੋ ਵਿਚ ਜੰਗ ਵਿਚ ਜੁਟੇ ਹੋਏ ਇਉਂ ਲੱਗ ਰਹੇ ਸਨ, ਜਿਵੇਂ ਦੰਦਾਂ ਵਾਲੇ ਹਾਥੀ ਆਪੋ ਵਿਚ ਜੁਟੇ ਹੋਏ ਸਨ। ਜਿਸ ਤਰ੍ਹਾਂ ਸ਼ੇਰ ਆਪੋ ਵਿਚ ਲੜਦੇ ਹਨ ਇਸੇ ਤਰ੍ਹਾਂ ਹੁਸੈਨੀ ਦੇ ਸਹਾਇਕ ਕਿਰਪਾਲ ਚੰਦ ਨਾਲ ਗੁਪਾਲ ਗੁਲੇਰੀਆ ਲੜ ਰਿਹਾ ਸੀ॥ ੩੦॥

**ਹਰੀ ਸਿੰਘ ਧਾਯੋ ਤਹਾਂ ਏਕ ਬੀਰੰ॥ ਸਹੇ ਦੇਹ ਆਪੰ ਭਲੀ ਭਾਂਤਿ ਤੀਰੰ॥**
**ਮਹਾਂ ਕੋਪ ਕੈ ਬੀਰ ਬ੍ਰਿੰਦੰ ਸੰਘਾਰੇ॥ ਬੱਡੋ ਜੁੱਧ ਕੈ ਦੇਵ ਲੋਕੰ ਪਧਾਰੇ॥ ੩੧॥**

ਤਦੋਂ ਇਕ ਹੋਰ ਯੋਧਾ ਹਰੀ ਸਿੰਘ ਧਾਵਾ ਕਰਕੇ ਮੈਦਾਨ ਵਿਚ ਆ ਗਿਆ, ਉਸ ਨੇ ਆਪਣੇ ਸਰੀਰ ਉਤੇ ਬਹੁਤ ਤੀਰਾਂ ਦੀ ਮਾਰ ਨੂੰ ਸਹਾਰਿਆ। ਉਸ ਸੂਰਮੇ ਨੇ ਬਹੁਤ ਸਾਰੇ ਯੋਧਿਆਂ ਨੂੰ ਮਾਰਿਆਂ ਤੇ ਅੰਤ ਨੂੰ ਆਪ ਵੀ ਬੜਾ ਜੁੱਧ ਕਰਕੇ ਸਵਰਗ ਨੂੰ ਚਲਾ ਗਿਆ॥ ੩੧॥

**ਹਠਿਯੋ ਹਿੰਮਤੰ ਕਿੰਮਤੰ ਲੈ ਕ੍ਰਿਪਾਨੰ॥ ਲਏ ਗੁਰਜ ਚੱਲੰ ਸੁ ਜੱਲਾਲ ਖਾਨੰ॥**
**ਹਠੇ ਸੂਰਮਾ ਮੱਤ ਜੋਧਾ ਜੁਝਾਰੰ॥ ਪਰੀ ਕੁੱਟ ਕੁੱਟੰ ਉਠੀ ਸ਼ਸਤ੍ਰ ਝਾਰੰ॥ ੩੨॥**

ਰਾਜਿਆਂ ਵਲੋਂ ਇਕ ਹਿੰਮਤੀ ਸੂਰਮਾ ਤਲਵਾਰ ਲੈ ਕੇ ਮੈਦਾਨ ਵਿਚ ਆਇਆ, ਉਧਰੋਂ ਹੁਸੈਨੀ ਵਲੋਂ ਇਕ ਜ਼ਲਾਲ ਖਾਂ ਗੁਰਜ ਲੈ ਕੇ ਆ ਡਟਿਆ। ਇਹ ਦੋਵੇਂ ਸੂਰਮੇ ਜੰਗ ਦੇ ਦਾਅ ਪੇਚ ਮਸਤ ਹੋਏ ਸੋਹਣਾ ਲੜੇ। ਸ਼ਸਤਰਾਂ ਤੋਂ ਸ਼ਸਤਰ ਚਲ ਰਹੇ ਸਨ ਤੇ ਉਹਨਾਂ ਵਿਚੋਂ ਅੱਗ ਦੇ ਚਿੰਗਾੜੇ ਨਿਕਲ ਰਹੇ ਸਨ॥ ੩੨॥

## *ਰਸਾਵਲ ਛੰਦ॥*

**ਜਸੰਵਾਲ ਧਾਏ॥ ਤੁਰੰਗ ਨਚਾਏ॥ ਲਯੋ ਘੇਰਿ ਹੁਸੈਨੀ॥ ਹਨਜੋ ਸਾਂਗਪੈਨੀ॥ ੩੩॥**

ਜਸਵਾਲ ਦਾ ਰਾਜਾ ਕੇਸਰੀ ਚੰਦ ਘੋੜਾ ਨਚਾਉਂਦਾ ਰਣਭੂਮੀ ਵਿਚ ਆਇਆ। ਉਸ ਨੇ ਹੁਸੈਨੀ ਨੂੰ ਘੇਰ ਲਿਆ ਤੇ ਤਿੱਖੀ ਬਰਛੀ ਮਾਰੀ॥ ੩੩॥

**ਤਿਨੂ ਬਾਣ ਬਾਹੇ॥ ਬਡੇ ਸੈਨ ਗਾਹੇ॥ ਜਿਸੈ ਅੰਗਿ ਲਾਗਜੋ॥ ਤਿਸੈ ਪ੍ਰਾਣ ਤਜਾਗਜੋ॥ ੩੪॥**

ਅਗੋਂ ਹੁਸੈਨੀ ਨੇ ਵੀ ਤੀਰ ਚਲਾਏ ਤੇ ਦੁਸ਼ਮਨ ਦੀ ਬਹੁਤ ਸਾਰੀ ਫੌਜ ਨੂੰ ਮਾਰ ਦਿੱਤਾ। ਜਿਸ ਸੂਰਮੇ ਨੂੰ ਉਸ ਦਾ ਤੀਰ ਲੱਗਦਾ ਸੀ ਉਹ ਪ੍ਰਾਣ ਤਿਆਗ ਦਿੰਦਾ ਸੀ॥ ੩੪॥

**ਜਬੈ ਘਾਵ ਲਾਗਯੋ ॥ ਤਬੈ ਕੋਪ ਜਾਗਯੋ ॥ ਸੰਭਾਰੀ ਕਮਾਣੰ ॥ ਹਣੇ ਬੀਰ ਬਾਣੰ ॥ ੩੫ ॥**

ਸੂਰਮਿਆਂ ਨੂੰ ਜਦੋਂ ਜ਼ਖਮ ਲੱਗੇ, ਤਾਂ ਉਹਨਾਂ ਦਾ ਕ੍ਰੋਧ ਭੜਕ ਉਠਿਆ ਉਨ੍ਹਾਂ ਫਿਰ ਤੀਰ ਕਮਾਨ ਸੰਭਾਲੇ ਅਤੇ ਆਪਣੇ ਤੀਰਾਂ ਨਾਲ ਸੂਰਮਿਆਂ ਨੂੰ ਮਾਰ ਦਿੱਤਾ ॥ ੩੫ ॥

**ਚਹੂੰ ਓਰ ਢੂਕੇ ॥ ਮੁਖੰ ਮਾਰ ਕੂਕੇ ॥ ਨ੍ਰਿਭੈ ਸ਼ਸਤ੍ਰ ਬਾਹੈਂ ॥ ਦੋਊ ਜੀਤ ਚਾਹੈਂ ॥ ੩੬ ॥**

ਚੌਹਾਂ ਪਾਸਿਆਂ ਤੋਂ ਯੋਧੇ ਅਗੇ ਵਧਦੇ ਸਨ। ਮੂੰਹੋਂ 'ਮਾਰ ਲੈ' ਆਖਦੇ ਸਨ। ਨਿਡਰ ਹੋ ਕੇ ਸ਼ਸਤਰ ਚਲਾਉਂਦੇ ਸਨ ਤੇ ਦੋਵੇਂ ਆਪੋ ਆਪਣੀ ਜਿੱਤ ਚਾਹੁੰਦੇ ਸਨ ॥ ੩੬ ॥

**ਰਿਸੇ ਖਾਨਜ਼ਾਦੇ ॥ ਮਹਾਂ ਮੱਦ ਮਾਦੇ ॥ ਮਹਾਂ ਬਾਣ ਬਰਖੇ ॥ ਸਭੈ ਸੂਰ ਹਰਖੇ ॥ ੩੭ ॥**

ਪਠਾਣਾਂ ਦੇ ਪੁੱਤਰ ਬੜੇ ਹੰਕਾਰ ਵਿਚ ਮਸਤ ਹੋਏ ਤੀਰਾਂ ਦਾ ਮੀਂਹ ਵਰਸਾ ਰਹੇ ਸਨ। ਸਭ ਸੂਰਮੇ ਬੜੇ ਪ੍ਰਸੰਨ ਚਿਤ ਹੋ ਕੇ ਲੜ ਰਹੇ ਸਨ ॥ ੩੭ ॥

**ਕਰੈ ਬਾਣ ਅਰਚਾ ॥ ਧਨੁਰ ਬੇਦ ਚਰਚਾ ॥ ਸੁ ਸਾਂਗੰ ਸਮ੍ਹਾਲੰ ॥ ਕਰੈ ਤਉਨ ਠਾਮੰ ॥ ੩੮ ॥**

ਤੀਰਾਂ ਦੀ ਵਰਖਾ ਕਰਦੇ ਸਨ। ਕਮਾਨਾਂ ਦੀ ਟੰਕਾਰ ਜਾਣੋਂ ਵੇਦਾਂ ਦੀ ਚਰਚਾ ਕਰ ਰਹੇ ਸੀ। ਨਿਸ਼ਾਨੇ ਬੰਨ੍ਹਕੇ ਬਰਛੀਆਂ ਮਾਰ ਰਹੇ ਸਨ ਫਿਰ ਉਸ ਨੂੰ ਅਗੋਂ ਕਿਹੜਾ ਰੋਕ ਸਕਦਾ ਸੀ ॥ ੩੮ ॥

**ਬਲੀ ਬੀਰ ਰੁੱਝੇ ॥ ਸਮੂਹ ਸ਼ਸਤ੍ਰ ਜੁੱਝੇ ॥ ਲਗੈ ਧੀਰ ਧੱਕੈ ॥ ਕ੍ਰਿਪਾਣੰ ਝਮੱਕੇ ॥ ੩੯ ॥**

ਬਹਾਦਰ ਯੋਧੇ ਜੰਗ ਵਿਚ ਰੁਝੇ ਹੋਏ ਸਨ ਤੇ ਸ਼ਸਤਰ ਚਲਾ ਰਹੇ ਸਨ। ਧੀਰਜ ਵਾਲੇ ਸੂਰਮਿਆਂ ਦੇ ਧੱਕੇ ਵੱਜ ਰਹੇ ਸਨ ਤੇ ਕਿਤੇ ਤਲਵਾਰਾਂ ਚਮਕ ਰਹੀਆਂ ਸਨ ॥ ੩੯ ॥

**ਕੱੜਕੈ ਕਮਾਣੰ ॥ ਝਣੱਕੈ ਕ੍ਰਿਪਾਣੰ ॥ ਕੜੰਕਾਰ ਛੁਟੈ ॥ ਝਣੰਕਾਰ ਉੱਠੈ ॥ ੪੦ ॥**

ਕਿਤੇ ਕਮਾਨਾਂ ਕੜਕ ਰਹੀਆਂ ਸਨ ਤੇ ਕਿਤੇ ਤਲਵਾਰਾਂ ਚਮਕ ਰਹੀਆਂ ਸਨ। ਹਥਿਆਰਾਂ ਦੀ ਕੜਕੜ ਦੀ ਆਵਾਜ਼ ਹੋ ਰਹੀ ਸੀ ਤੇ ਕਿਤੇ ਸ਼ਸਤਰਾਂ ਦੇ ਖੜਾਕ ਹੋ ਰਹੇ ਸਨ ॥ ੪੦ ॥

**ਹਠੀ ਸ਼ਸਤਰ ਝਾਰੈ ॥ ਨ ਸ਼ੰਕਾ ਬਿਚਾਰੈ ॥ ਕਰੈ ਤੀਰ ਮਾਰੰ ॥ ਫਿਰੈ ਲੋਹ ਧਾਰੰ ॥ ੪੧ ॥**

ਬੜੇ ਹਠੀ ਯੋਧੇ ਸ਼ਸਤਰ ਚਲਾਉਂਦੇ ਸਨ ਤੇ ਮਨ ਵਿਚ ਕੋਈ ਸ਼ੰਕਾ ਡਰ ਨਹੀਂ ਸਨ ਵਿਚਾਰਦੇ। ਕਿਤੇ ਤੀਰਾਂ ਦੀ ਮਾਰ ਹੋ ਰਹੀ ਸੀ ਤੇ ਕਿਤੇ ਸ਼ਸਤਰਾਂ ਦੇ ਖੜਾਕ ਹੋ ਰਹੇ ਸਨ ॥ ੪੧ ॥

**ਨਦੀ ਸ੍ਰੋਣ ਪੂਰੰ ॥ ਫਿਰੈ ਗੈਣ ਹੂਰੰ ॥ ਉਭੇ ਖੇਤ ਪਾਲੰ ॥ ਬਕੇ ਬਿਕਰਾਲੰ ॥ ੪੨ ॥**

ਰਣਭੂਮੀ ਵਿਚ ਲਹੂ ਦੀ ਨਦੀ ਚਲ ਰਹੀ ਸੀ ਤੇ ਅਕਾਸ਼ ਵਿਚ ਅਪੱਛਰਾਂ ਫਿਰ ਰਹੀਆਂ ਸਨ। ਦੋਹਾਂ ਪਾਸਿਆਂ ਦੇ ਜੰਗ ਕਰਨ ਵਾਲੇ ਸੂਰਮੇ ਭਿਆਨਕ ਬੋਲ ਬੋਲਦੇ ਸਨ ॥ ੪੨ ॥

## ਪਾਧੜੀ ਛੰਦ॥

**ਤਹ ਹੜਹੜਾਇ ਹੱਸੇ ਮਸਾਣ॥ ਲਿੱਟੇ ਗਜਿੰਦ੍ਰ ਛੁੱਟੇ ਕਿਕਾਣ॥**
**ਜੁੱਟੇ ਸੁ ਬੀਰ ਤਹ ਕੜਕ ਜੰਗ॥ ਛੁੱਟੀ ਕ੍ਰਿਪਾਣ ਬੁੱਠੇ ਖਤੰਗ॥ ੪੩॥**

ਮੈਦਾਨ ਵਿਚ ਬੜੀ ਉੱਚੀ ਉੱਚੀ ਮਸਾਣ ਹਸ ਰਹੇ ਸਨ। ਹਾਥੀ ਲੇਟ ਰਹੇ ਸਨ ਅਤੇ ਘੋੜੇ ਖੁਲੇ ਫਿਰਦੇ ਸਨ। ਸੂਰਮੇ ਜੰਗ ਵਿਚ ਜੁੱਟੇ ਹੋਏ ਸਨ ਤੇ ਜੰਗ ਦਾ ਖੜਕਾ ਹੋ ਰਿਹਾ ਸੀ। ਤਲਵਾਰਾਂ ਚਲ ਰਹੀਆਂ ਸਨ ਤੇ ਤੀਰ ਵਰਸ ਰਹੇ ਸਨ॥ ੪੩॥

**ਡਾਕਨ ਡੱਹਕਿ ਚਾਵਡ ਚਿਕਾਰ॥ ਕਾਕੰ ਕਹੱਕਿ ਬੱਜੈ ਦੁਧਾਰ॥**
**ਖੋਲ ਖੜੱਕਿ ਤੁਪਕਿ ਤੜਾਕਿ॥ ਸੈਥੰ ਸੱੜਕਿ ਧੱਕੰ ਧਹਾਕਿ॥ ੪੪॥**

ਕਿਤੇ ਡੈਣਾਂ ਬੋਲ ਰਹੀਆਂ ਸਨ ਤੇ ਕਿਤੇ ਚੁੜੇਲਾਂ ਦਾ ਚੀਕ ਚਿਹਾੜਾ ਪਿਆ ਹੋਇਆ ਸੀ। ਕਿਤੇ ਕਾਂਵਾਂ ਨੇ ਕਾਂਵਾਂ ਰੌਲੀ ਪਾਈ ਹੋਈ ਸੀ ਤੇ ਕਿਤੇ ਦੁਧਾਰੇ ਖੰਡੇ ਖੜਕਦੇ ਸਨ। ਕਿਤੇ ਲੋਹੇ ਦੇ ਟੋਪਾਂ ਦਾ ਖੜਾਕ ਹੋ ਰਿਹਾ ਸੀ ਤੇ ਕਿਤੇ ਤਿੜ ਤਿੜ ਕਰਕੇ ਬੰਦੂਕਾਂ ਚਲ ਰਹੀਆਂ ਸਨ ਕਿਤੇ ਬਰਛੀਆਂ ਚਲ ਰਹੀਆਂ ਸਨ ਤੇ ਕਿਤੇ ਧਕੋ ਧਕੀ ਹੋ ਰਹੀ ਸੀ॥ ੪੪॥

## ਭੁੰਜਗ ਛੰਦ॥

**ਤਹਾ ਆਪ ਕੀਨੋ ਹੁਸੈਨੀ ਉਤਾਰੰ॥ ਸਭੂ ਹਾਥ ਬਾਣੰ ਕਮਾਣੰ ਸੰਭਾਰੰ॥**
**ਰੁਪੇ ਖਾਨ ਖੂਨੀ ਕਰੈ ਲਾਗ ਜੁੱਧੰ॥ ਮੁਖੰ ਰਕਤ ਨੈਣੰ ਭਰੇ ਸੂਰ ਕ੍ਰੁੱਧੰ॥ ੪੫॥**

ਉਥੇ ਹੁਸੈਨੀ ਆਪ ਰਣਭੂਮੀ ਵਿਚ ਆ ਗਿਆ। ਸਾਰਿਆਂ ਨੇ ਆਪਣੇ ਹਥਾਂ ਵਿਚ ਤੀਰ ਕਮਾਣ ਸੰਭਾਲ ਲਏ। ਖੂਨੀ ਪਠਾਣ ਮੈਦਾਨ ਵਿਚ ਪੈਰ ਗੱਡਕੇ ਖੜੇ ਹੋ ਗਏ। ਉਹਨਾਂ ਦੇ ਮੂੰਹ ਤੇ ਅੱਖਾਂ ਲਾਲ ਸਨ ਤੇ ਸਾਰੇ ਸੂਰਮੇ ਕਰੋਧ ਨਾਲ ਭਰੇ ਪਏ ਸਨ॥ ੪੫॥

**ਜਗਿਯੋ ਜੰਗ ਜਾਲਮ ਸੁ ਜੋਧੰ ਜੁਝਾਰੰ॥ ਬਹੇ ਬਾਣ ਬਾਂਕੇ ਬਰੱਛੀ ਦੁਧਾਰੰ॥**
**ਮਿਲੇ ਬੀਰ ਬੀਰੰ ਮਹਾਂ ਧੀਰ ਬੰਕੇ॥ ਧਕਾ ਧੱਕਿ ਸੈਥੰ ਕ੍ਰਿਪਾਣੰ ਝਨੰਕੇ॥ ੪੬॥**

ਲੜਾਕੇ ਸੂਰਮਿਆਂ ਵਿਚ ਭਿਆਨਕ ਜੰਗ ਛਿੜ ਪਿਆ ਤੇ ਉਹ ਤੀਰ, ਬਰਛੀਆਂ ਤੇ ਦੁਧਾਰੇ ਖੰਡੇ ਚਲਾ ਰਹੇ ਸਨ। ਬੜੇ ਧੀਰਜਵਾਨ ਸੂਰਮੇ ਇਕ ਦੂਜੇ ਨਾਲ ਮਿਲ ਗਏ ਸਨ। ਕਿਤੇ ਬਰਛੀਆਂ ਖੋਭ ਰਹੇ ਸਨ ਤੇ ਕਿਤੇ ਤਲਵਾਰਾਂ ਦੀ ਛਣ ਛਣ ਹੋ ਰਹੀ ਸੀ॥ ੪੬॥

**ਭਏ ਢੋਲ ਢੰਕਾਰ ਨਾਦੰ ਨਫੀਰੰ॥ ਉਠੈ ਬਾਹੁ ਆਘਾਤ ਗੱਜੈ ਸੁ ਬੀਰੰ॥**
**ਨਵੰ ਨੱਦ ਨੀਸ਼ਾਨ ਬੱਜੇ ਅਪਾਰੰ॥ ਰੁਲੇ ਤੱਛ ਮੁੱਛੰ ਉਠੀ ਸ਼ਸਤ੍ਰ ਝਾਰੰ॥ ੪੭॥**

ਢੋਲਾਂ ਦੀ ਕੜਕੁੱਟ ਹੋ ਰਹੀ ਸੀ ਤੇ ਤੂਤੀਆਂ ਵੱਜ ਰਹੀਆਂ ਸਨ। ਸ਼ਸਤਰਾਂ ਦੇ ਵਾਰਾਂ ਦੀ ਆਵਾਜ਼ ਉੱਠ ਰਹੀ ਸੀ ਤੇ ਸੂਰਮੇ ਗਰਜ ਰਹੇ ਸਨ। ਨਵੇਂ ਨਵੇਂ ਨਗਾਰਿਆਂ ਦੇ ਵੱਜਣ ਦੀ ਆਵਾਜ਼ ਗੂੰਜ ਰਹੀ ਸੀ ਅਤੇ ਵਢੇ ਟੁਕੇ ਸਰੀਰ ਮੈਦਾਨ ਵਿਚ ਰੁਲ ਰਹੇ ਸਨ ਅਤੇ ਸ਼ਸਤਰਾਂ ਵਿਚੋਂ ਅੱਗ ਦੇ ਚਿੰਗਾੜੇ ਡਿੱਗਦੇ ਸਨ॥ ੪੭॥

**ਟਕਾ ਟੁੱਕ ਟੋਪੰ ਢਕਾ ਢੁੱਕ ਢਾਲੰ॥ ਮਹਾਂ ਬੀਰ ਬਾਨੈਤ ਬੰਕੇ ਬਿਕ੍ਰਾਲੰ॥**
**ਨਚੇ ਬੀਰ ਬੈਤਾਲਯੰ ਭੂਤ ਪ੍ਰੇਤੰ॥ ਨਚੀ ਡਾਕਿਣੀ ਜੋਗਣੀ ਉਰਧ ਹੇਤੰ॥ ੪੮॥**

ਟੋਪਾਂ ਦੇ ਟੋਟੇ ਟੋਟੇ ਹੋ ਕੇ ਡਿੱਗ ਰਹੇ ਸਨ ਤੇ ਢਾਲਾਂ ਦੀ ਢੁਕ ਢੁਕ ਦੀ ਆਵਾਜ਼ ਹੋ ਰਹੀ ਸੀ। ਬੜੇ ਬੜੇ ਸੁੰਦਰ ਸੂਰਮੇ ਡਰਾਉਣੇ ਬਣ ਰਹੇ ਸਨ। ਮੈਦਾਨ ਵਿਚ ਬੀਰ, ਬੈਤਾਲ ਤੇ ਭੂਤ ਪ੍ਰੇਤ ਨਚ ਰਹੇ ਸਨ। ਡਾਕਣੀਆਂ, ਕਲਜੋਗਨੀਆਂ ਆਦਿ ਵੀ ਖੁਸ਼ੀਆਂ ਵਿਚ ਨਾਚ ਕਰ ਰਹੀਆਂ ਸਨ॥ ੪੮॥

**ਛੁਟੀ ਜੋਗ ਤਾਰੀ ਮਹਾਂ ਰੁੱਦ੍ਰ ਜਾਗੇ॥ ਡਗਿਯੋ ਧਿਆਨ ਬ੍ਰਹਮੰ ਸਭੈ ਸਿੱਧ ਭਾਗੇ॥**
**ਹਸੇ ਕਿੰਨਰੰ ਜੱਛ ਬਿੱਦਿਆ ਧਰੇਯੰ॥ ਨਚੀ ਅੱਛਰਾ ਪੱਛਰਾ ਚਾਰਣੇਯੰ॥ ੪੯॥**

ਅਖੋਤੀ ਸ਼ਿਵਜੀ ਦੀ ਜੋਗ ਵਿਚ ਲੱਗੀ ਸਮਾਧੀ ਟੁਟ ਗਈ, ਬ੍ਰਹਮਾ ਦਾ ਧਿਆਨ ਵੀ ਭੰਗ ਹੋ ਗਿਆ ਤੇ ਸਿੱਧ ਵੀ ਆਪਣੇ ਟਿਕਾਣਿਆਂ ਤੋਂ ਹਿਲ ਗਏ। ਕਿੰਨਰ, ਯੱਖ ਤੇ ਵਿਦਿਆਧਰ ਹੱਸਦੇ ਸਨ। ਅਪੱਛਰਾਂ ਤੇ ਹੋਰ ਸਵਰਗ ਲੋਕ ਦੀਆਂ ਇਸਤ੍ਰੀਆਂ ਵੀ ਨੱਚ ਰਹੀਆਂ ਸਨ॥ ੪੯॥

**ਪਰਿਓ ਘੋਰ ਜੁੱਧੰ ਸੁ ਸੈਨਾ ਪਰਾਨੀ॥ ਤਹਾਂ ਖਾਂ ਹੁਸੈਨੀ ਮੰਡਿਓ ਬੀਰ ਬਾਨੀ॥**
**ਉਤੈ ਬੀਰ ਧਾਏ ਸੁ ਬੀਰੰ ਜਸ੍ਵਾਰੰ॥ ਸਭੈ ਬਿਉਤ ਡਾਰੇ ਬਗਾ ਸੇ ਅਸ੍ਵਾਰੰ॥ ੫੦॥**

ਏਨਾ ਭਿਆਨਕ ਜੰਗ ਮਚਿਆ ਕਿ ਸਾਰੀ ਫੌਜ ਨੱਸ ਉਠੀ। ਹੁਸੈਨੀ ਨੇ ਬੜਾ ਭਿਆਨਕ ਜੁੱਧ ਕੀਤਾ ਪਰ ਉਧਰੋਂ ਜਸਵਾਰੀਏ ਸੂਰਮੇ ਧਾਵਾ ਕਰਕੇ ਅਗੇ ਵਧੇ ਅਤੇ ਉਹਨਾਂ ਨੇ ਸਾਰੇ ਸਵਾਰਾ ਨੂੰ ਇੰਝ ਕਟ ਦਿੱਤਾ ਜਿਵੇਂ ਦਰਜੀ ਕਪੜੇ ਨੂੰ ਕਟ ਦਿੰਦਾ ਹੈ॥ ੫੦॥

**ਤਹਾਂ ਖਾਂ ਹੁਸੈਨੀ ਰਹਿਯੋ ਏਕ ਠਾਢੰ॥ ਮਨੋ ਜੁੱਧ ਖੰਭੰ ਰਣੰ ਭੂਮ ਗਾਢੰ॥**
**ਜਿਸੈ ਕੋਪ ਕੈ ਕੈ ਹਠੀ ਬਾਣਿ ਮਾਰਿਯੋ॥ ਤਿਸੇ ਛੇਦ ਕੈ ਪੈਲ ਪਾਰੇ ਪਧਾਰਿਯੋ॥ ੫੧॥**

ਜਦੋਂ ਹੁਸੈਨੀ ਦੇ ਬਹੁਤ ਸਾਰੇ ਸਾਥੀ ਇਉਂ ਮਾਰੇ ਗਏ ਤਦੋਂ ਇਕ ਹੁਸੈਨੀ ਹੀ ਮੈਦਾਨ ਵਿਚ ਇਉਂ ਡਟਿਆ ਰਿਹਾ ਕਿ ਜਿਵੇਂ ਮੈਦਾਨ ਵਿਚ ਖੰਭਾ ਗੱਡਿਆ ਹੁੰਦਾ ਹੈ। ਉਹ ਕਰੋਧ ਨਾਲ ਜਿਸ ਜਿਸ ਨੂੰ ਤੀਰ ਮਾਰਦਾ ਸੀ, ਤੀਰ ਉਸ ਸੂਰਮੇਂ ਦੇ ਸਰੀਰ ਨੂੰ ਵਿੰਨ੍ਹਕੇ ਨਿਕਲ ਜਾਂਦਾ ਸੀ॥ ੫੧॥

**ਸਹੇ ਬਾਣੰ ਸੂਰੰ ਸਭੈ ਆਣ ਢੂਕੈ॥ ਚਹੂੰ ਓਰ ਤੇ ਮਾਰ ਹੀ ਮਾਰ ਕੂਕੈ॥**
**ਭਲੀ ਭਾਂਤਿ ਸੋ ਅਸਤ੍ਰ ਅਉ ਸ਼ਾਸਤ੍ਰ ਝਾਰੇ॥ ਗਿਰੇ ਭਿਸ਼ਤ ਕੋ ਖਾਂ ਹੁਸੈਨੀ ਸਿਧਾਰੇ॥ ੫੨॥**

ਹੁਸੈਨੀ ਨੇ ਆਪਣੇ ਸਰੀਰ ਤੇ ਬਹੁਤ ਤੀਰ ਸਹਾਰੇ। ਸਭ ਸੂਰਮੇ ਉਸ ਦੇ ਨੇੜੇ ਆ ਪਹੁੰਚੇ। ਚੌਹਾਂ ਪਾਸਿਆਂ ਤੋਂ 'ਮਾਰ ਲੋ' 'ਮਾਰ ਲੋ' ਦੀਆਂ ਆਵਾਜ਼ਾਂ ਆ ਰਹੀਆਂ ਸਨ। ਹੁਸੈਨੀ ਨੇ ਹਰ ਤਰ੍ਹਾਂ ਦੇ ਸ਼ਸਤਰਾਂ ਦੇ ਨਾਲ ਜੰਗ ਕੀਤਾ ਅਤੇ ਉਹ ਅੰਤ ਮਰ ਕੇ ਡਿੱਗ ਪਿਆ ਤੇ ਬਹਿਸ਼ਤ ਨੂੰ ਚਲਾ ਗਿਆ ॥੫੨॥

**ਦੋਹਰਾ ॥ ਜਬੈ ਹੁਸੈਨੀ ਜੂੱਝਿਯੋ ਭਯੋ ਸੂਰ ਮਨ ਰੋਸ ॥**
**ਭਾਜਿ ਚਲੇ ਅਵਰੈ ਸਭੈ ਉਠਿਯੋ ਕਟੋਚਨ ਜੋਸ਼ ॥ ੫੩ ॥**

ਜਦੋਂ ਹੁਸੈਨੀ ਮਰ ਗਿਆ, ਤਦ ਉਸ ਦੇ ਸੈਨਕਾ ਦੇ ਮਨ ਵਿਚ ਰੋਹ ਪੈਦਾ ਹੋਇਆ। ਹੋਰ ਤਾਂ ਸਾਰੇ ਮੈਦਾਨ ਛੱਡ ਕੇ ਭੱਜ ਗਏ, ਪਰ ਕਟੋਚੀਆਂ ਦੇ ਮਨ ਜੋਸ਼ ਨਾਲ ਭਰ ਗਏ ॥੫੩॥

**ਚੌਪਈ ॥ ਕੋਪਿ ਕਟੋਚਿ ਸਭੈ ਮਿਲਿ ਧਾਏ ॥ ਹਿੰਮਤਿ ਕਿੰਮਤਿ ਸਹਿਤ ਰਿਸਾਏ ॥**
**ਹਰੀ ਸਿੰਘ ਤਬ ਕੀਯਾ ਉਠਾਨਾ ॥ ਚੁਨਿ ਚੁਨਿ ਹਨੇ ਪਖਰੀਯਾ ਜੁਆਨਾ ॥ ੫੪ ॥**

ਬੜੇ ਕ੍ਰੋਧ ਨਾਲ ਕਟੋਚੀਏ ਧਾਵਾ ਕਰਕੇ ਅਗੇ ਵਧੇ। ਹਿੰਮਤਾ ਤੇ ਕਿੰਮਤਾ ਵੀ ਬੜੇ ਰੋਹ ਨਾਲ ਮੈਦਾਨ ਵਿਚ ਆਏ। ਹਰੀ ਸਿੰਘ ਸੂਰਮੇ ਨੇ ਵੀ ਹੱਲਾ ਬੋਲ ਦਿੱਤਾ। ਉਹਨਾਂ ਨੇ ਘੋੜ ਚੜ੍ਹੇ ਸੂਰਮਿਆਂ ਨੂੰ ਚੁਣ ਚੁਣ ਕੇ ਮਾਰਿਆ ॥੫੪॥

**ਨਰਾਜ ਛੰਦ ॥ ਤਬੈ ਕਟੋਚ ਕੋਪੀਯੰ ॥ ਸੰਭਾਰ ਪਾਵ ਰੋਪੀਯੰ ॥**
**ਸ਼ੱਰਕ ਸ਼ਸਤ੍ਰ ਝਾਰਹੀ ॥ ਸੁ ਮਾਰਿ ਮਾਰਿ ਉਚਾਰਹੀ ॥ ੫੫ ॥**

ਕਟੋਚੀਆਂ ਨੇ ਬੜੇ ਕ੍ਰੋਧ ਨਾਲ ਮੈਦਾਨ ਵਿਚ ਆਪਣੇ ਪੈਰ ਗੱਡ ਦਿੱਤੇ। ਉਹ ਸਰਰ ਸਰਰ ਕਰਕੇ ਸ਼ਸਤ੍ਰ ਚਲਾਉਣ ਲਗੇ ਤੇ ਮੂੰਹੋਂ 'ਮਾਰੋ, ਮਾਰੋ' ਬੋਲਣ ਲਗੇ ॥੫੫॥

**ਚੰਦੇਲ ਚੌਪੀਯੰ ਤਬੈ ॥ ਰਿਸਾਤ ਧਾਤ ਭੇ ਸਬੈ ॥**
**ਜਿਤੇ ਗਏ ਸੁ ਮਾਰੀਯੰ ॥ ਬਚੇ ਤਿਤੇ ਸਿਧਾਰੀਯੰ ॥ ੫੬ ॥**

ਗੁਪਾਲ ਵਲੋਂ ਚੰਦੇਲੀਆਂ ਗਾਜੀ ਚੰਦ ਬੜੇ ਜੋਸ਼ ਵਿਚ ਆਇਆ। ਗੁੱਸੇ ਵਿਚ ਆ ਕੇ ਸਾਰੇ ਮੈਦਾਨ ਵਲ ਦੌੜੇ। ਜਿੰਨੇ ਸੂਰਮੇ ਅਗੇ ਵਧੇ, ਬਹੁਤ ਸਾਰੇ ਮਾਰੇ ਗਏ ਅਤੇ ਜਿਹੜੇ ਬਚੇ ਉਹ ਜੰਗ ਛੱਡਕੇ ਨੱਸ ਗਏ ॥੫੬॥

**ਦੋਹਰਾ ॥ ਸਾਤ ਸਵਾਰਨ ਕੇ ਸਹਿਤ ਜੂਝੇ ਸੰਗਤ ਰਾਇ ॥**
**ਦਰਸੋ ਸੁਨਿ ਜੂੱਝੇ ਤਿਨੈ ਬਹੁਰ ਜੁਝਤ ਭਯੋ ਆਇ ॥ ੫੭ ॥**

ਸਤਾਂ ਸਵਾਰਾਂ ਸਮੇਤ ਸਾਡਾ ਸਿੰਘ ਸੰਗਤੀਆ ਵੀ ਸ਼ਹੀਦੀ ਪਾ ਗਿਆ। ਜਦੋਂ ਉਸਦੇ ਉਪਾਸ਼ਕਾ ਨੇ ਸੁਣਿਆ ਤਾਂ ਉਹ ਵੀ ਜੰਗ ਵਿਚ ਪਹੁੰਚਕੇ ਸ਼ਹੀਦ ਹੋ ਗਏ ॥੫੭॥

**ਹਿੰਮਤ ਹੂੰ ਉਤਰਿਯੋ ਤਹਾਂ ਬੀਰ ਖੇਤ ਮੰਝਾਰ ॥**

**ਕੇਤਨ ਕੇ ਤਿਨ ਘਾਇ ਸਹਿ ਕੇਤਨਿ ਕੇ ਤਨਿ ਝਾਰ॥੫੮॥**

ਜੰਗ ਦੇ ਮੈਦਾਨ ਵਿਚ ਹਿੰਮਤਾ ਵੀ ਆਣ ਉਤਰਿਆ। ਉਸ ਨੇ ਆਪਣੇ ਸਰੀਰ ਤੇ ਕਈ ਜ਼ਖਮ ਸਹਾਰੇ ਤੇ ਕਈਆਂ ਦੇ ਸਰੀਰਾਂ ਨੂੰ ਸ਼ਸਤਰਾਂ ਨਾਲ ਝਾੜ ਦਿੱਤਾ॥੫੮॥

**ਬਾਜ ਤਹਾਂ ਜੂਝਤ ਭਯੋ ਹਿੰਮਤ ਗਯੋ ਪਰਾਇ॥**
**ਲੋਥ ਕ੍ਰਿਪਾਲਹਿ ਕੀ ਨਮਿਤ ਕੋਪਿ ਪਰੇ ਅਰਰਾਇ॥੫੯॥**

ਹਿੰਮਤੇ ਦਾ ਘੋੜਾ ਮਰ ਗਿਆ ਅਤੇ ਉਹ ਮੈਦਾਨ ਵਿਚੋਂ ਭੱਜ ਉੱਠਿਆ। ਉਧਰ ਕ੍ਰਿਪਾਲ ਚੰਦ ਦੀ ਲਾਸ਼ ਚੁਕਣ ਲਈ ਉਸਦੇ ਸੂਰਮੇ ਕਰੋਧ ਨਾਲ ਅੱਗੇ ਵਧੇ॥੫੯॥

## ਰਸਾਵਲ ਛੰਦ॥

**ਬਲੀ ਬੈਰ ਰੁੱਝੈ॥ ਸਮੁਹਿ ਸਾਰ ਜੁੱਝੈ॥ ਕ੍ਰਿਪਾਰਾਮ ਗਾਜੀ॥ ਲਰਿਯੋ ਸੈਨ ਭਾਜੀ॥੬੦॥**

ਸੂਰਮੇ ਵੈਰ ਭਾਵਨਾ ਨਾਲ ਜੰਗ ਵਿਚ ਜੁੱਟੇ ਹੋਏ ਸਾਹਮਣੇ ਹੋ ਕੇ ਤਲਵਾਰਾਂ ਚਲਾ ਰਹੇ ਸਨ। ਕਿਰਪਾ ਰਾਮ ਸੂਰਮਾ ਬੜੇ ਜੋਸ਼ ਨਾਲ ਲੜਿਆ ਅਤੇ ਇਸ ਦੇ ਅੱਗੇ ਸਾਰੀ ਫੌਜ ਭੱਜ ਉਠੀ॥੬੦।

**ਮਹਾਂ ਸੈਨ ਗਾਹੇ॥ ਨ੍ਰਿਭੈ ਸ਼ਸਤ੍ਰ ਬਾਹੈ॥ ਘਨਿਯੋ ਕਾਲ ਕੈ ਕੈ॥ ਚਲੈ ਜੱਸ ਲੈ ਕੈ॥੬੧॥**

ਕਿਰਪਾ ਰਾਮ ਸੈਨਾ ਨੂੰ ਲਤਾੜਦਾ ਹੋਇਆ ਬੜੀ ਨਿਡਰਤਾ ਨਾਲ ਸ਼ਸਤਰ ਚਲਾ ਰਿਹਾ ਸੀ। ਬਹੁਤ ਸਾਰੇ ਸੂਰਮਿਆਂ ਨੂੰ ਮਾਰ ਕੇ ਉਹ ਆਪ ਵੀ ਜੱਸ ਖਟਕੇ ਮਰ ਗਿਆ॥੬੧॥

**ਬਜੇ ਸੰਖ ਨਾਦੰ॥ ਸੁਰੰ ਨਿਰਬਿਖਾਦੰ॥ ਬਜੇ ਡੌਰ ਡੱਢੰ॥ ਹਠੇ ਸ਼ਸਤ੍ਰ ਕੱਢੰ॥੬੨॥**

ਸੰਖਾਂ ਤੇ ਧੌਂਸਿਆਂ ਦੇ ਵੱਜਣ ਦੀਆਂ ਇਕ ਰਸ ਆਵਾਜ਼ਾਂ ਆ ਰਹੀਆਂ ਸਨ। ਡੌਰੂ ਤੇ ਡਫਾਂ ਵੀ ਵੱਜ ਰਹੀਆਂ ਸਨ ਅਤੇ ਹਠੀ ਸੂਰਮੇ ਸ਼ਸਤਰ ਕਢ ਰਹੇ ਸਨ॥੬੨॥

**ਪਰੀ ਭੀਰ ਭਾਰੀ॥ ਜੁਝੈ ਛੱਤ੍ਰ ਧਾਰੀ॥ ਮੁਖੰ ਮੁੱਛ ਬੰਕੰ॥ ਮੰਡੰ ਬੀਰ ਹੰਕੰ॥੬੩॥**

ਮੈਦਾਨ ਵਿਚ ਬੜੀ ਭੀੜ ਪਈ ਹੋਈ ਸੀ ਅਤੇ ਵਡੇ ਵਡੇ ਰਾਜੇ, ਜਿਨ੍ਹਾਂ ਦੇ ਮੂੰਹਾਂ ਤੇ ਸੁੰਦਰ ਮੁੱਛਾਂ, ਸਨ, ਮੈਦਾਨ ਵਿਚ ਮਰੇ ਪਏ ਸਨ। ਕੁਝ ਸੂਰਮੇ ਲਲਕਾਰੇ ਮਾਰ ਰਹੇ ਸਨ॥੬੩॥

**ਮੁਖੰ ਮਾਰਿ ਬੋਲੈ॥ ਰਣੰ ਭੂਮਿ ਡੋਲੈ॥ਹਥਜਾਰੰ ਸੰਭਾਰੈ॥ ਉਭੈ ਬਾਜ ਡਾਰੈ॥੬੪॥**

ਸੂਰਮੇ ਮੂੰਹੋਂ ਮਾਰੋ ਮਾਰ ਬੋਲਦੇ ਸਨ ਅਤੇ ਮੈਦਾਨ ਵਿਚ ਘੁੰਮ ਰਹੇ ਸਨ। ਉਹ ਹਥਿਆਰ ਸੰਭਾਲਕੇ ਘੋੜਿਆਂ ਨੂੰ ਦੁੜਾਉਂਦੇ ਸਨ॥੬੪॥

**ਦੋਹਰਾ॥ ਰਣ ਜੁੱਝਤ ਕਿਰਪਾਲ ਕੈ ਨਾਚਤ ਭਯੋ ਗੁਪਾਲ॥**
**ਸੈਨ ਸਭੈ ਸਿਰਦਾਰ ਦੈ ਭਾਜਤ ਭਈ ਬਿਹਾਲ॥੬੫॥**

ਕਾਂਗੜੇ ਦੇ ਰਾਜੇ ਕਿਰਪਾਲ ਚੰਦ ਦੇ ਮਰਨ ਨਾਲ ਗੁਪਾਲ ਖੁਸ਼ੀ ਨਾਲ ਨਚ ਉੱਠਿਆ। ਹੁਸੈਨੀ ਤੇ ਕਿਰਪਾਲ ਚੰਦ ਦੀ ਕੁਰਬਾਨੀ ਦੇ ਕੇ ਸਾਰੀ ਫੌਜ ਬਹੁਤ ਬੁਰੇ ਹਾਲ ਨਾਲ ਨੱਸ ਗਈ ॥੬੫॥

**ਖਾਨ ਹੁਸੈਨ ਕ੍ਰਿਪਾਲ ਕੇ ਹਿੰਮਤ ਰਣ ਜੂਝੰਤ॥**
**ਭਾਜਿ ਚਲੇ ਜੋਧਾ ਸਭੈ ਜਿਮ ਦੇ ਮੁਕਟ ਮਹੰਤ॥੬੬॥**

ਹੁਸੈਨ ਖਾਂ, ਕਿਰਪਾਲ ਚੰਦ ਤੇ ਹਿੰਮਤ ਦੇ ਮਰਨ ਨਾਲ ਸਾਰੇ ਸੂਰਮੇ ਇਉਂ ਨਸ ਤੁਰੇ, ਜਿਵੇਂ ਵਡੇ ਸੰਤ ਨੂੰ ਸਿਰੋਪਾ ਦੇ ਕੇ ਲੋਕ ਨਸ ਤੁਰਦੇ ਹਨ॥੬੬॥

**ਚੌਪਈ॥ ਇਹ ਬਿਧ ਸ਼ਤ੍ਰ ਸਭੈ ਚੁਨਿ ਮਾਰੇ॥ ਗਿਰੇ ਆਪਨੇ ਸੂਰ ਸੰਭਾਰੇ॥**
**ਤਹ ਘਾਇਲ ਹਿੰਮਤ ਕੱਹ ਲਹਾ॥ ਰਾਮ ਸਿੰਘ ਗੋਪਾਲ ਸਿਉਂ ਕਹਾ॥੬੭॥**

ਇਸ ਤਰ੍ਹਾਂ ਗੁਪਾਲ ਨੇ ਆਪਣੇ ਵੈਰੀਆਂ ਨੂੰ ਚੁਣ ਚੁਣ ਕੇ ਮਾਰਿਆ ਤੇ ਆਪਣੇ ਸੂਰਮਿਆਂ ਦੀ ਸੰਭਾਲ ਕੀਤੀ। ਮੈਦਾਨ ਵਿਚ ਪਏ ਹੋਏ ਜ਼ਖਮੀ ਹਿੰਮਤ ਨੂੰ ਉਹਨਾਂ ਵੇਖਿਆ। ਰਾਮ ਸਿੰਘ ਨੇ ਗੁਪਾਲ ਨੂੰ ਆਖਿਆ॥੬੭॥

**ਜਿਨ ਹਿੰਮਤ ਅਸ ਕਲਹ ਬਢਾਯੋ॥ ਘਾਇਲ ਆਜੁ ਹਾਥ ਵਹ ਆਯੋ॥**
**ਜਬ ਗੁਪਾਲ ਐਸੇ ਸੁਨਿ ਪਾਵਾ॥ ਮਾਰਿ ਦੀਯੋ ਜੀਅਤ ਨ ਉਠਾਵਾ॥੬੮॥**

ਜਿਸ ਹਿੰਮਤ ਨੇ ਇਹ ਕਲਹ ਵਧਾਈ ਸੀ, ਉਹ ਅੱਜ ਸਾਡੇ ਹਥ ਆ ਗਿਆ ਹੈ। ਜਦੋਂ ਗੁਪਾਲ ਨੇ ਇਹ ਗੱਲ ਸੁਣੀ ਤਾਂ ਉਸ ਨੇ ਜ਼ਖਮੀ ਹੋਏ ਹਿੰਮਤ ਨੂੰ ਉਥੇ ਹੀ ਮਾਰ ਦਿੱਤਾ, ਜਿਊਂਦਾ ਨਾ ਉਠਣ ਦਿੱਤਾ॥੬੮॥

**ਜੀਤ ਭਈ ਰਨ ਭਯੋ ਉਜਾਰਾ॥ ਸਿੰਮ੍ਰਿਤਿ ਕਰਿ ਸਭ ਘਰੋ ਸਿਧਾਰਾ॥**
**ਰਾਖਿ ਲੀਯੋ ਹਮ ਕੋ ਜਗਰਾਈ॥ ਲੋਹ ਘਟਾ ਅਨਤੈ ਬਰਸਾਈ॥੬੯॥**

ਗੁਪਾਲ ਦੀ ਜਿੱਤ ਹੋ ਗਈ ਅਤੇ ਮੈਦਾਨ ਖਾਲੀ ਹੋ ਗਿਆ। ਸਭ ਆਪੋ ਆਪਣੇ ਘਰਾਂ ਨੂੰ ਤੁਰ ਗਏ। ਸਾਨੂੰ ਅਕਾਲ ਪੁਰਖ ਨੇ ਬਚਾ ਲਿਆ ਅਤੇ ਸ਼ਸਤਰਾਂ ਦੇ ਬੱਦਲ ਕਿਸੇ ਹੋਰ ਥਾਂ ਜਾ ਵਰਸਾਏ ॥੬੯॥

ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਹੁਸੈਨੀ ਬਧਹ ਕ੍ਰਿਪਾਲ ਹਿੰਮਤ ਸੰਗਤੀਆ ਬਧ ਬਰਨਨੰ ਨਾਮ ਗਿਆਰਮੋ ਧਿਆਇ ਸਮਾਪਤਮ ਸਤੁ ਸੁਭਮ ਸਤੁ॥੧੧॥੪੨੩॥ਅਫਜੂੰ॥

ਸ੍ਰੀ ਬਚਿੱਤਰ ਨਾਟਕ ਗ੍ਰੰਥ, ਹੁਸੈਨੀ ਯੁੱਧ ਵਰਣਨ, ਅਧਿਆਏ ਗਿਆਰਵਾਂ ਸਮਾਪਤ॥ ਸਤ ਸ਼ੁਭਮ ਸਤ॥੧੧॥੪੨੩॥ਚਲਦਾ॥

ਭਾਵਾਰਥ - ਇਸ ਗਿਆਰਵੇਂ ਅਧਿਆਇ ਵਿਚ ਹੁਸੈਨੀ ਜੁੱਧ ਦਾ ਵਰਨਣ ਹੈ:-

ਦਿਲਾਵਰ ਖਾਂ ਦਾ ਪੁੱਤਰ ਰੁਸਤਮ ਖਾਂ ਹਾਰ ਖਾ ਕੇ ਲਾਹੌਰ ਗਿਆ। ਪਿਉ ਨੇ ਉਸਨੂੰ ਫਿਟਕਾਰ

ਪਾਈ। ਭਰੇ ਦਰਬਾਰ ਵਿਚ ਉਸ ਨੇ ਲਲਕਾਰਿਆ ਕਿ ਕੋਈ ਸੂਰਮਾ ਨਿਤਰੇ, ਜੋ ਪਹਾੜੀ ਰਾਜਿਆਂ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਸੋਧ ਕੇ ਆਵੇ।

ਇਹ ਲਲਕਾਰ ਸੁਣਕੇ ਗੁਲਾਮ ਹੁਸੈਨੀ ਖਾਂ ਨੇ ਕਿਹਾ ਕਿ ਮੈਨੂੰ ਹੁਕਮ ਦਿਓ ਤਾਂ ਮੈਂ ਇਸ ਮੁਹਿੰਮ ਤੇ ਚੜ੍ਹਾਈ ਕਰਾਂ। ਦਿਲਾਵਰ ਖਾਂ ਨੇ ਹਜ਼ਾਰ ਪਠਾਣਾਂ ਦੀ ਫੌਜ ਨਾਲ ਉਸਨੂੰ ਤੋਰਿਆ। ਪਹਾੜਾਂ ਵਿਚ ਪਹੁੰਚਦਿਆਂ ਹੀ ਇਸ ਨੇ ਲੋਕਾਂ ਨੂੰ ਲੁੱਟਣਾ ਸ਼ੁਰੂ ਕਰ ਦਿੱਤਾ। ਪਹਿਲਾਂ ਮਧੁਕਰ ਸ਼ਾਹ ਡਢਵਾਲੀਏ ਨੂੰ ਅਧੀਨ ਕੀਤਾ ਤੇ ਫਿਰ ਕਹਿਲੂਰ ਵਲ ਚਲ ਪਿਆ। ਇਸ ਦੇ ਆਉਣ ਦੀ ਖਬਰ ਸੁਣ ਕੇ ਭੀਮ ਚੰਦ ਕਹਿਲੂਰੀਆਂ ਤੇ ਕਿਰਪਾਲ ਚੰਦ ਕਟੋਚੀਆਂ ਇਸ ਨੂੰ ਨਜ਼ਰਾਨਾ ਲੈ ਕੇ ਆ ਮਿਲੇ। ਇਹ ਵੇਖ ਕੇ ਹੁਸੈਨੀ ਤਿੜ ਗਿਆ ਤੇ ਉਸ ਨੇ ਸਲਾਹ ਕੀਤੀ ਕਿ ਆਨੰਦਪੁਰ ਨੂੰ ਲੁਟ ਲਿਆ ਜਾਏ। ਇਸ ਦੀ ਖਬਰ ਗੁਰੂ ਜੀ ਨੂੰ ਵੀ ਲੱਗ ਗਈ।

ਹੁਸੈਨੀ ਅਨੰਦਪੁਰ ਵਲ ਆ ਰਿਹਾ ਸੀ ਕਿ ਅਗੋਂ ਗੁਪਾਲ ਚਾਰ ਹਜ਼ਾਰ ਰੁਪਈਆਂ ਲੈ ਕੇ ਉਸ ਨੂੰ ਆ ਮਿਲਿਆ। ਕਟੋਚੀਏ ਨੇ ਹੁਸੈਨੀ ਨੂੰ ਸਿਖਾ ਦਿੱਤਾ ਕਿ ਇਸ ਕੋਲੋਂ ਚਹੁੰ ਸਾਲਾਂ ਦਾ ਖਿਰਾਜ ਦਸ ਹਜ਼ਾਰ ਰੁਪਈਆਂ ਵਸੂਲ ਕਰੋ। ਮੂਰਖ ਹੁਸੈਨੀ ਇਸ ਚਾਲ ਨੂੰ ਨਾ ਸਮਝ ਸਕਿਆ ਤੇ ਉਸ ਨੇ ਗੋਪਾਲ ਨੂੰ ਫੜ ਲੈਣ ਦਾ ਇਰਾਦਾ ਬਣਾ ਲਿਆ।

ਗੁਪਾਲ ਉਸ ਦੀ ਚਾਲ ਨੂੰ ਸਮਝ ਗਿਆ ਤੇ ਉਸਨੇ ਹੁਸੈਨੀ ਨੂੰ ਕਿਹਾ ਕਿ ਮੈਂ ਦਸ ਹਜ਼ਾਰ ਰੁਪਈਆ ਲਿਆ ਦਿੰਦਾ ਹਾਂ। ਵਾਪਸ ਜਾ ਕੇ ਉਹ ਨਾ ਮੁੜਿਆ ਤੇ ਕਿਲ੍ਹੇ ਵਿਚ ਆਕੀ ਹੋ ਬੈਠਾ। ਹੁਸੈਨੀ ਨੂੰ ਬੜਾ ਕਰੋਧ ਚੜ੍ਹਿਆ, ਉਸ ਨੇ ਗੋਪਾਲ ਦੇ ਕਿਲ੍ਹੇ ਨੂੰ ਪੰਦਰਾਂ ਪਹਿਰ ਘੇਰੀ ਰਖਿਆ। ਗੁਪਾਲ ਨੇ ਗੁਰੂ ਜੀ ਦੀ ਸਹਾਇਤਾ ਲੈਣ ਲਈ ਆਪਣਾ ਦੂਤ ਭੇਜਿਆ। ਗੁਰੂ ਜੀ ਨੇ ਸੰਗਤੀਆ ਸਿੰਘ ਤੇ ਦਰਸੋ ਆਦਿ ਜੋਧਿਆਂ ਨੂੰ ਭੇਜਿਆ। ਸੰਗਤੀਆ ਸਿੰਘ ਨੂੰ ਆਇਆ ਵੇਖ ਕੇ ਭੀਮ ਚੰਦ ਆਦਿ ਕੁਛ ਸੋਚਣ ਲੱਗ ਪਏ। ਉਹਨਾਂ ਨੇ ਵਿਚਾਰਿਆਂ ਕਿ ਗੁਪਾਲ ਨੂੰ ਗੁਰੂ ਜੀ ਦੀ ਮਦਦ ਮਿਲ ਗਈ ਹੈ। ਹੁਣ ਕੋਈ ਚਾਲ ਖੇਡਕੇ ਗੁਪਾਲ ਨੂੰ ਕਾਬੂ ਕਰੀਏ। ਉਹਨਾਂ ਨੇ ਧਰਮ ਦੀ ਕਸਮ ਖਾ ਕੇ ਸੰਗਤੀਆ ਸਿੰਘ ਨੂੰ ਮਨਾ ਲਿਆ ਕਿ ਉਹ ਗੁਪਾਲ ਨੂੰ ਇਥੇ ਲੈ ਆਵੇ, ਸੰਗਤੀਆਂ ਸਿੰਘ ਨੇ ਉਹਨਾਂ ਦੀ ਸੁਗੰਦ ਤੇ ਯਕੀਨ ਕਰਕੇ ਗੁਪਾਲ ਨੂੰ ਲੈ ਆਂਦਾ। ਗੁਪਾਲ ਨੂੰ ਆਪਣੇ ਕੋਲ ਆਇਆ ਵੇਖ ਕੇ ਬੇਈਮਾਨੀ ਕਰਕੇ ਉਸਨੂੰ ਫੜ ਲੈਣ ਦੀ ਨੀਤ ਬਣਾ ਲਈ। ਗੁਪਾਲ ਉਹਨਾਂ ਦੀ ਇਸ ਨੀਤ ਨੂੰ ਤਾੜਕੇ ਭੱਜਕੇ ਆਪਣੀ ਫੌਜ ਵਿਚ ਆ ਗਿਆ। ਸੰਗਤੀਆ ਸਿੰਘ ਉਹਨਾਂ ਦੀ ਇਸ ਕਰਤੂਤ ਨੂੰ ਵੇਖਕੇ ਰੋਹ ਵਿਚ ਆ ਗਿਆ ਤੇ ਉਹ ਸ਼ਸਤ੍ਰ ਫੜਕੇ ਮੈਦਾਨ ਵਿਚ ਆ ਗਿਆ। ਬੜਾ ਭਿਆਨਕ ਜੁੱਧ ਹੋਇਆ। ਇਸ ਜੰਗ ਵਿਚ ਸੰਗਤੀਆਂ ਸਿੰਘ ਆਪਣੇ ਸੈਨਕਾਂ ਸਮੇਤ ਸ਼ਹੀਦ ਹੋ ਗਿਆ। ਸੰਗਤੀਆਂ ਸਿੰਘ ਨੂੰ ਸ਼ਹੀਦ ਹੋਇਆ ਵੇਖਕੇ ਦਰਸੋ ਵੀ ਲੜ ਕੇ ਸ਼ਹੀਦ ਹੋ ਗਿਆ। ਅੰਤ ਭੀਮ ਚੰਦ ਹੁਸੈਨੀ ਆਦਿਕ ਨੂੰ ਮਰਵਾ ਕੇ ਮੈਦਾਨ ਛਡ ਕੇ ਭੱਜ ਗਿਆ। ਮੈਦਾਨ ਵਿਚ ਹਿਮਤਾ ਜ਼ਖਮੀ ਹੋਇਆ ਪਿਆ ਸੀ। ਗੁਪਾਲ ਨੇ ਉਸਨੂੰ ਸਾਰੀ ਕਲਹ ਦਾ ਮੂਲ ਜਾਣ ਕੇ ਤਲਵਾਰ ਦੇ ਵਾਰ ਨਾਲ ਪਾਰ ਬੁਲਾ ਦਿੱਤਾ। ਇਸ ਤਰ੍ਹਾਂ ਗੁਪਾਲ ਇਸ ਜੁੱਧ ਵਿਚ ਜਿੱਤ ਗਿਆ। ਇਸ ਜੰਗ ਦੇ ਖਤਮ ਹੋਣ ਤੇ ਸਤਿਗੁਰੂ ਜੀ ਅਕਾਲ ਪੁਰਖ ਦਾ ਧਨਵਾਦ ਕਰਦੇ ਹਨ ਕਿ ਵੈਰੀ ਅਨੰਦਪੁਰ ਪਹੁੰਚਣ ਤੋਂ ਪਹਿਲਾਂ ਹੀ ਰਸਤੇ ਵਿਚ ਮੌਤ ਦੇ

ਘਰ ਜਾ ਵਸਿਆ ਹੈ। ਜਿਹੜਾ ਜੰਗ ਦਾ ਬੱਦਲ ਅਨੰਦਪੁਰ ਤੇ ਵਸਣ ਲਈ ਚੜ੍ਹਿਆ ਸੀ, ਉਹ ਕਿਸੇ ਹੋਰ ਥਾਂ ਹੀ ਜਾ ਵਸਿਆ ਹੈ।

# ਅਧਿਆਏ ਬਾਰ੍ਹਵਾਂ

## ਜੁਝਾਰ ਸਿੰਘ ਯੁਧ ਵਰਣਨ

**ਚੌਪਈ॥ ਜੁੱਧ ਭਯੋ ਇਹ ਭਾਂਤਿ ਅਪਾਰਾ॥ ਤੁਰਕਨ ਕੋ ਮਾਰਯੋ ਸਿਰਦਾਰਾ॥**
**ਰਿਸ ਤਨ ਖਾਨ ਦਿਲਾਵਰ ਤਏ॥ ਇਤੈ ਸਊਰ ਪਠਾਵਤ ਭਏ॥ ੧॥**

ਇਸ ਪ੍ਰਕਾਰ ਬੜਾ ਭਾਰੀ ਜੁੱਧ ਹੋਇਆ ਤੁਰਕਾਂ ਦਾ ਸਰਦਾਰ ਹੁਸੈਨੀ ਜੰਗ ਵਿਚ ਮਾਰਿਆ ਗਿਆ। ਹੁਸੈਨੀ ਦੇ ਮਰ ਜਾਣ ਦੀ ਖਬਰ ਸੁਣਕੇ ਦਿਲਾਵਰ ਖਾਂ ਬਹੁਤ ਕਰੋਧ ਵਿਚ ਆਇਆ, ਉਸਨੇ ਹੋਰ ਬਹੁਤ ਸਾਰੀ ਸੈਨਾ ਨੂੰ ਇਧਰ ਭੇਜ ਦਿੱਤਾ॥੧॥

**ਉਤੈ ਪਠਿਓ ਉਨ ਸਿੰਘ ਜੁਝਾਰਾ॥ ਤਿੱਹ ਭਲਾਨ ਤੇ ਖੇਦ ਨਿਕਾਰਾ॥**
**ਇਤ ਗਜ ਸਿੰਘ ਪੰਮਾ ਦਲ ਜੋਰਾ॥ ਧਾਇ ਪਰੇ ਤਿਨ ਊਪਰ ਭੋਰਾ॥ ੨॥**

ਓਧਰੋਂ ਦੂਜੇ ਪਾਸਿਉਂ ਉਹਨਾਂ ਨੇ ਜੁਝਾਰ ਸਿੰਘ ਰਾਜਪੂਤ ਨੂੰ ਭੇਜਿਆ। ਉਸ ਨੇ ਭਲਾਨ ਪਿੰਡ ਦੇ ਟਿਕਾਣੇ ਤੇ ਪਹੁੰਚ ਕੇ ਸ਼ਾਹੀ ਫੌਜ ਨੂੰ ਉਥੋਂ ਉਠਾ ਦਿੱਤਾ। ਇਧਰੋਂ ਭੀਮ ਚੰਦ ਨੇ ਸੈਨਾਪਤੀ ਗਜ ਸਿੰਘ ਤੇ ਪਰਮਾਨੰਦ ਨੂੰ ਭੇਜਿਆ, ਜਿੰਨ੍ਹਾਂ ਨੇ ਫੌਜ ਇਕੱਠੀ ਕਰਕੇ ਸਵੇਰ ਵੇਲੇ ਉਹਨਾਂ ਉਤੇ ਹੱਲਾ ਬੋਲ ਦਿੱਤਾ॥੨॥

**ਉਤੈ ਜੁਝਾਰ ਸਿੰਘ ਭਜੋ ਆਡਾ॥ ਜਿਮ ਰਨ ਖੰਭ ਭੂਮਿ ਗਹਿ ਗਾਡਾ॥**
**ਗਾਡਾ ਚਲੈ ਨ ਹਾਡਾ ਚਲਿ ਹੈ। ਸਾਮੁਹਿ ਸੇਲ ਸਮਰ ਮੋ ਝਲਿ ਹੈ। ੩॥**

ਇਧਰੋਂ ਜੁਝਾਰ ਸਿੰਘ ਮੈਦਾਨ ਵਿਚ ਆ ਕੇ ਇਉਂ ਖੜਾ ਹੋ ਗਿਆ ਜਿਵੇਂ ਰਣਭੂਮੀ ਵਿਚ ਥੰਮਾ ਗੱਡਿਆ ਹੁੰਦਾ ਹੈ। ਝੰਡਾ ਗੱਡਿਆ ਹੋਇਆ ਤਾਂ ਭਾਵੇਂ ਹਿਲ ਜਾਵੇ, ਪਰ ਇਹ ਰਾਜਪੂਤ ਸੂਰਮਾ ਨਹੀਂ ਸੀ ਹਿਲ ਸਕਦਾ। ਉਹ ਸਾਹਮਣੇ ਹੋ ਕੇ ਸ਼ਸਤਰਾਂ ਦੇ ਵਾਰ ਸਹਿ ਰਿਹਾ ਸੀ॥੩॥

**ਬਾਟ ਚੜੈ ਦਲ ਦੋਊ ਜੁਝਾਰਾ॥ ਉਤੈ ਚੰਦੇਲ ਇਤੈ ਜਸਵਾਰਾ॥**
**ਮੰਡਿਓ ਬੀਰ ਖੇਤ ਮੋ ਜੁੱਧਾ॥ ਉਪਜਯੋ ਸਮਰ ਸੂਰ ਮਨ ਕ੍ਰੁੱਧਾ॥ ੪॥**

ਦੋਹਾਂ ਪਾਸਿਆਂ ਦੇ ਸੂਰਮੇ ਫੌਜਾਂ ਦੀ ਵੰਡ ਕਰਕੇ ਚੜ੍ਹ ਪਏ। ਇਕ ਪਾਸੇ ਚੰਦੇਲ ਦਾ ਰਾਜਾ

ਤੇ ਦੂਜੇ ਪਾਸੇ ਜਸਵਾਲ ਦਾ ਰਾਜਾ ਸੀ। ਰਣਭੂਮੀ ਵਿਚ ਸੂਰਮਿਆਂ ਨੇ ਮਨ ਵਿਚ ਕਰੋਧ ਧਾਰਕੇ ਜੰਗ ਆਰੰਭ ਕਰ ਦਿੱਤਾ॥ ੪॥

**ਕੋਪ ਭਰੇ ਦੋਊ ਦਿਸ ਭਟ ਭਾਰੇ॥ ਇਤੈ ਚੰਦੇਲ ਉਤੈ ਜਸਵਾਰੇ॥**
**ਢੋਲ ਨਗਾਰੇ ਬਜੇ ਅਪਾਰਾ॥ ਭੀਮ ਰੂਪ ਭੈਰੋ ਭਭਕਾਰਾ॥ ੫॥**

ਦੋਹਾਂ ਪਾਸਿਆਂ ਦੇ ਯੋਧੇ ਬੜੇ ਰੋਹ ਵਿਚ ਭਰੇ ਹੋਏ ਸਨ। ਇਧਰੋਂ ਚੰਦੇਲ ਸੂਰਮੇ ਤੇ ਉਧਰੋਂ ਜਸਵਾਲ ਦੇ ਯੋਧੇ ਭਿੜ ਰਹੇ ਸਨ। ਬੇਅੰਤ ਢੋਲ ਤੇ ਨਗਾਰੇ ਵੱਜ ਰਹੇ ਹਨ। ਬੜੇ ਭਿਆਨਕ ਰੂਪ ਵਾਲਾ ਜੁੱਧ ਦਾ ਦੇਵਤਾ, ਭੈਰੋ ਲਲਕਾਰ ਰਿਹਾ ਸੀ॥ ੫॥

## *ਰਸਾਵਲ ਛੰਦ॥*

**ਧੁਣੰ ਢੋਲ ਬੱਜੇ॥ ਮਹਾਂ ਸੂਰ ਗੱਜੇ॥ ਕਰੇ ਸ਼ਸਤ੍ਰ ਘਾਵੰ॥ ਚੜ੍ਹੇ ਚਿੱਤ ਚਾਵੰ॥ ੬॥**

ਢੋਲਾਂ ਦੀਆਂ ਆਵਾਜ਼ਾਂ ਹੋਈਆਂ ਤੇ ਸੂਰਮੇ ਮੈਦਾਨ ਵਿਚ ਆ ਕੇ ਗੱਜੇ। ਉਹ ਸ਼ਸਤਰਾਂ ਦੇ ਵਾਰ ਕਰ ਰਹੇ ਸਨ ਅਤੇ ਉਹਨਾਂ ਦੇਂ ਚਿੱਤ ਵਿਚ ਜੰਗ ਕਰਨ ਦਾ ਬੜਾ ਚਾਅ ਸੀ॥ ੬॥

**ਨ੍ਰਿਭੈ ਬਾਜ ਡਾਰੈ॥ ਪਰੱਘੇ ਪ੍ਰਹਾਰੇ॥ ਕਰੇ ਤੇਗ ਘਾਯੰ॥ ਚੜੇ ਚਿੱਤ ਚਾਯੰ॥ ੭॥**

ਸੂਰਮੇ ਨਿਡਰ ਹੋ ਕੇ ਘੋੜੇ ਦੁੜਾ ਰਹੇ ਸਨ ਤੇ ਕੁਹਾੜੇ ਚਲਾ ਰਹੇ ਸਨ ਅਤੇ ਤਲਵਾਰਾਂ ਦੇ ਵਾਰ ਕਰ ਰਹੇ ਸਨ ਤੇ ਉਹਨਾਂ ਦੇ ਚਿੱਤ ਵਿਚ ਬੜਾ ਚਾਅ ਸੀ॥ ੭॥

**ਬਕੈ ਮਾਰ ਮਾਰੰ॥ ਨ ਸ਼ੰਕਾ ਬਿਚਾਰੰ॥ ਰੁਲੈ ਤੱਛ ਮੁੱਛੰ॥ ਕਰੈ ਸੁਰਗ ਇੱਛੰ॥ ੮॥**

ਸੂਰਮੇ 'ਮਾਰੋ, ਮਾਰੋ' ਬੋਲਦੇ ਸਨ ਅਤੇ ਉਹਨਾਂ ਦੇ ਮਨ ਵਿਚ ਕੋਈ ਸ਼ੰਕਾ ਨਹੀਂ ਸੀ। ਯੋਧੇ ਟੋਟੇ ਟੋਟੇ ਹੋਏ ਰੁਲ ਰਹੇ ਸਨ ਅਤੇ ਉਹਨਾਂ ਦੇ ਮਨ ਵਿਚ ਮਰ ਕੇ ਸਵਰਗ ਵਿਚ ਜਾਣ ਦੀ ਇੱਛਾ ਸੀ ॥ ੮॥

**ਦੋਹਰਾ॥ ਨੈਕ ਨ ਰਨ ਤੇ ਮੁਰਿ ਚਲੇ ਕਰੈ ਨਿਡਰ ਹ੍ਵੈ ਘਾਇ॥**
**ਗਿਰ ਗਿਰ ਪਰੈ ਪਵੰਗ ਤੇ ਬਰੇ ਬਰੰਗਨ ਜਾਇ॥ ੯॥**

ਸੂਰਮੇ ਥੋੜਾ ਜਿਹਾ ਵੀ ਮੈਦਾਨ ਤੋਂ ਪਿਛਾਂਹ ਨਹੀਂ ਹਟਦੇ ਸਨ ਉਹ ਨਿਡਰ ਹੋ ਕੇ ਇਕ ਦੂਜੇ ਨੂੰ ਜ਼ਖਮੀ ਕਰ ਰਹੇ ਸਨ। ਘੋੜਿਆਂ ਤੋਂ ਡਿੱਗ ਪੈਂਦੇ ਸਨ ਤੇ ਉਹਨਾਂ ਨੂੰ ਅਪੱਛਰਾਂ ਵਰ ਲੈਂਦੀਆਂ ਸਨ॥ ੯॥

**ਚੌਪਈ॥ ਇਹ ਬਿਧਿ ਹੋਤ ਭਯੋ ਸੰਗ੍ਰਾਮਾ॥ ਜੂਝੇ ਚੰਦ ਨਰਾਇਨ ਨਾਮਾ॥**
**ਤਬ ਜੁਝਾਰ ਏਕਲ ਹੀ ਧਯੋ॥ ਬੀਰਨ ਘੇਰਿ ਦਸੋ ਦਿਸ ਲਯੋ॥ ੧੦॥**

ਇਸ ਪ੍ਰਕਾਰ ਬੜਾ ਘੋਰ ਜੁੱਧ ਹੋਇਆ, ਚੰਦ ਨਰਾਇਨ ਨਾਮ ਦਾ ਰਾਜਾ ਮਰ ਗਿਆ। ਤਦੋਂ

ਜੁਝਾਰ ਸਿੰਘ ਇੱਕਲਾ ਹੀ ਜੰਗ ਕਰਨ ਵਾਸਤੇ ਅਗੇ ਵਧਿਆ। ਉਸਨੂੰ ਸੂਰਮਿਆਂ ਨੇ ਚੋਹਾਂ ਪਾਸਿਆਂ ਤੋਂ ਘੇਰ ਲਿਆ॥੧੦॥

**ਦੋਹਰਾ॥ ਧਸਜੇ ਕਟਕ ਮੈ ਝਟਕ ਦੈ ਕਛੂ ਨ ਸ਼ੰਕ ਬਿਚਾਰ॥ ਗਾਹਤ ਭਯੋ ਸੁਭਟਨ ਬਡੇ ਬਾਹਤਿ ਭਯੋ ਹਥਿਆਰ॥੧੧॥**

ਜੁਝਾਰ ਸਿੰਘ ਬੜੀ ਫੁਰਤੀ ਨਾਲ ਸੈਨਾ ਵਿਚ ਜਾ ਧੱਸਿਆ। ਉਸ ਨੇ ਮਨ ਵਿਚ ਕੋਈ ਡਰ ਜਾਂ ਸ਼ੰਕਾ ਨਹੀਂ ਵਿਚਾਰਿਆ। ਉਸ ਨੇ ਵਡੇ ਵਡੇ ਸੂਰਮਿਆਂ ਨੂੰ ਲਿਤਾੜ ਦਿੱਤਾ ਤੇ ਸ਼ਸਤਰਾਂ ਨਾਲ ਬੜੇ ਵਾਰ ਕੀਤੇ॥੧੧॥

**ਚੌਪਈ॥ ਇਹ ਬਿਧਿ ਘਨੇ ਘਰਨ ਕੋ ਗਾਰਾ॥ ਭਾਂਤਿ ਭਾਂਤਿ ਕੇ ਕਰਿ ਹਥਿਆਰਾ॥ ਚੁਨਿ ਚੁਨਿ ਬੀਰ ਪਖਰੀਆ ਮਾਰੇ॥ ਅੰਤਿ ਦੇਵਪੁਰ ਆਪ ਪਧਾਰੇ॥੧੨॥**

ਕਈ ਤਰ੍ਹਾਂ ਦੇ ਸ਼ਸਤਰਾਂ ਦੇ ਵਾਰ ਕਰ ਕਰ ਕੇ ਇਸ ਸੂਰਮੇ ਨੇ ਕਈ ਘਰਾਂ ਨੂੰ ਗਾਲ ਭਾਵ ਨਸ਼ਟ ਕਰ ਦਿੱਤਾ। ਬੜੇ ਬੜੇ ਘੋੜ ਚੜ੍ਹੇ ਸੂਰਮੇ ਉਸ ਨੇ ਮਾਰ ਦਿੱਤੇ। ਅਖੀਰ ਆਪ ਵੀ ਮਰਕੇ ਸਵਰਗ ਨੂੰ ਚਲਾ ਗਿਆ॥੧੨॥

ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਜੁਝਾਰ ਸਿੰਘ ਜੁੱਧ ਬਰਨਨੰ ਨਾਮ ਦ੍ਵਾਦਸਮੋ ਧਿਆਇ ਸਮਾਪਤ ਸਤੁ ਸੁਭਮ ਸਤੁ॥੧੨॥੪੩੫॥ ਅਫਜੂੰ॥

ਸ੍ਰੀ ਬਚਿੱਤਰ ਨਾਟਕ ਗ੍ਰੰਥ, ਜੁਝਾਰ ਸਿੰਘ ਯੁੱਧ ਵਰਣਨ, ਅਧਿਆਏ ਬਾਰ੍ਹਵਾਂ ਸਮਾਪਤ॥ ਸਤ ਸ਼ੁਭਮ ਸਤ॥੧੨॥੪੩੫॥ ਚਲਦਾ॥

ਭਾਵਾਰਥ - ਇਸ ਬਾਰ੍ਹਵੇਂ ਅਧਿਆਇ ਵਿਚ ਸਤਿਗੁਰੂ ਜੀ ਨੇ ਹੁਸੈਨੀ ਦੇ ਮਾਰੇ ਜਾਣ ਤੋਂ ਬਾਅਦ ਰੁਸਤਮ ਖਾਂ ਦੇ ਜੰਗ ਦਾ ਹਾਲ ਵਰਣਨ ਕੀਤਾ ਹੈ:-

ਹੁਸੈਨੀ ਦੇ ਜੰਗ ਵਿਚ ਮਰ ਜਾਣ ਨਾਲ ਸ਼ਾਹੀ ਫੌਜ ਲਾਹੌਰ ਪਹੁੰਚੀ। ਸੂਬਾ ਦਿਲਾਵਰ ਖਾਂ ਨੇ ਜੰਗ ਵਿਚ ਹੁਸੈਨੀ ਦੇ ਮਾਰੇ ਜਾਣ ਦਾ ਸਮਾਚਾਰ ਸੁਣਿਆ ਤਾਂ ਉਹ ਬੜੇ ਕਰੋਧ ਵਿਚ ਆਇਆ। ਉਸ ਨੇ ਉਸੇ ਵੇਲੇ ਰੁਸਤਮ ਖਾਂ ਨੂੰ ਫੌਜ ਦੇ ਕੇ ਜੰਗ ਕਰਨ ਲਈ ਭੇਜ ਦਿੱਤਾ। ਇਸ ਦੀ ਸਹਾਇਤਾ ਲਈ ਜੁਝਾਰ ਸਿੰਘ ਤੇ ਚੰਦ ਨਰਾਇਨ ਮੈਦਾਨ ਵਿਚ ਨਿਤਰੇ। ਇਹਨਾਂ ਨੇ ਭਲਾਨ ਪਿੰਡ ਨੂੰ ਜਾ ਕੇ ਰੋਕ ਲਿਆ। ਗਜ ਸਿੰਘ ਜਸਵਾਲੀਏ ਨੂੰ ਜਦੋਂ ਪਤਾ ਲਗਾ ਤਾਂ ਉਸ ਨੇ ਆ ਕੇ ਰੁਸਤਮ ਖਾਂ ਦੇ ਸੂਰਮਿਆਂ ਨੂੰ ਭਜਾ ਦਿੱਤਾ। ਰੁਸਤਮ ਖਾਂ ਤੇ ਚੰਦ ਨਰਾਇਨ ਬੜੇ ਜੋਸ਼ ਨਾਲ ਜਸਵਾਲੀਏ ਤੇ ਜਾ ਪਏ। ਬੜਾ ਭਿਆਨਕ ਜੰਗ ਹੋਇਆ। ਆਖੀਰ ਚੰਦ ਨਰਾਇਨ ਤੇ ਜੁਝਾਰ ਸਿੰਘ ਇਸ ਜੰਗ ਵਿਚ ਮਾਰੇ ਗਏ ਤੇ ਸ਼ਾਹੀ ਸੈਨਾ ਲਾਹੌਰ ਨੂੰ ਮੁੜ ਗਈ।

# ਅਧਿਆਏ ਤੇਰ੍ਹਵਾਂ

## ਸ਼ਹਿਜ਼ਾਦੇ ਬਹਾਦਰ ਸ਼ਾਹ ਦਾ ਪੰਜਾਬ ਆਗਮਨ

**ਚੌਪਈ॥ ਇਹ ਬਿਧਿ ਸੋ ਬਧ ਭਯੋ ਜੁਝਾਰਾ॥ ਆਨ ਬਸੇ ਤਬ ਧਾਮ ਲੁਝਾਰਾ॥**
**ਤਬ ਅਉਰੰਗ ਮਨ ਮਾਹਿ ਰਿਸਾਵਾ॥ ਮੱਦ੍ਰ ਦੇਸ ਕੋ ਪੂਤ ਪਠਾਵਾ॥ ੧॥**

ਜੁਝਾਰ ਸਿੰਘ ਦੇ ਜੰਗ ਵਿਚ ਮਾਰੇ ਜਾਣ ਨਾਲ ਬਾਕੀ ਸੂਰਮੇ ਆਪੋ ਆਪਣੇ ਘਰਾਂ ਵਿਚ ਆ ਕੇ ਬੈਠ ਗਏ। ਇਹ ਦਸ਼ਾ ਵੇਖਕੇ ਬਾਦਸ਼ਾਹ ਔਰੰਗਜ਼ੇਬ ਮਨ ਵਿਚ ਬੜਾ ਕ੍ਰੋਧਿਤ ਹੋਇਆ। ਉਸਨੇ ਆਪਣੇ ਪੁੱਤਰ ਮੁਅਜ਼ਮ ਖਾਂ ਉਰਫ ਬਹਾਦਰ ਸ਼ਾਹ ਨੂੰ ਫੌਜ ਦੇ ਕੇ ਪੰਜਾਬ ਵਲ ਤੋਰਿਆ॥ ੧॥

**ਤਿੱਹ ਆਵਤ ਸਭ ਲੋਕ ਡਰਾਨੇ॥ ਬਡੇ ਬਡੇ ਗਿਰ ਹੇਰ ਲੁਕਾਨੇ॥**
**ਹਮਹੂੰ ਲੋਗਨ ਅਧਿਕ ਡਰਾਯੋ॥ ਕਾਲ ਕਰਮ ਕੋ ਮਰਮ ਨ ਪਾਯੋ॥ ੨॥**

ਉਸ ਦੇ ਆਉਣ ਨਾਲ ਬਹੁਤ ਸਾਰੇ ਲੋਕ ਪਹਾੜਾਂ ਵਿਚ ਜਾ ਲੁਕੇ। ਸਾਨੂੰ ਵੀ ਲੋਕਾਂ ਨੇ ਬੜਾ ਡਰਾਇਆ। ਕਿਸੇ ਨੇ ਵੀ ਕਾਲ ਦੀ ਗਤੀ ਨੂੰ ਨਾ ਜਾਣਿਆਂ॥ ੨॥

**ਕਿਤਕ ਲੋਕ ਤਜਿ ਸੰਗਿ ਸਿਧਾਰੇ॥ ਜਾਇ ਬਸੇ ਗਿਰਵਰ ਜੱਹ ਭਾਰੇ॥**
**ਚਿਤ ਮੂਜ਼ੀਯਨ ਕੋ ਅਧਿਕ ਡਰਾਨਾ॥ ਤਿਨੈ ਉਬਾਰ ਨ ਅਪਨਾ ਜਾਨਾ॥ ੩॥**

ਕਈ ਲੋਕ ਡਰਦਿਆਂ ਸਾਡਾ ਸੰਗ ਛੱਡ ਗਏ ਤੇ ਜਿਥੇ ਵਡੇ ਵਡੇ ਪਹਾੜ ਸਨ, ਉਥੇ ਜਾ ਵਸੇ। ਉਹਨਾਂ ਕਾਇਰ ਲੋਕਾਂ ਦਾ ਮਨ ਬੜਾ ਡਰ ਗਿਆ। ਉਹਨਾਂ ਨੇ ਸਾਡੇ ਕੋਲ ਰਹਿਣਾ ਠੀਕ ਨਾ ਸਮਝਿਆ॥ ੩॥

**ਤਬ ਅਉਰੰਗ ਜੀਅ ਮਾਂਝ ਰਿਸਾਏ॥ ਏਕ ਅਹਦੀਆ ਈਹਾਂ ਪਠਾਏ॥**
**ਹਮ ਤੇ ਭਾਜਿ ਬਿਮੁਖ ਜੇ ਗਏ॥ ਤਿਨ ਕੇ ਧਾਮ ਗਿਰਵਰ ਭਏ॥ ੪॥**

ਇਹ ਜਾਣ ਕੇ ਔਰੰਗਜ਼ੇਬ ਦਾ ਪੁੱਤਰ ਬਹਾਦਰ ਸ਼ਾਹ ਮਨ ਵਿਚ ਬੜਾ ਗੁੱਸੇ ਵਿਚ ਆਇਆ। ਉਸਨੇ ਇਕ ਅਹਿਲਕਾਰ ਨੂੰ ਭੇਜ ਕੇ ਉਹਨਾਂ ਸਾਰਿਆਂ ਦੇ ਘਰ ਢੁਹਾ ਦਿੱਤੇ॥ ੪॥

**ਜੇ ਅਪਨੇ ਗੁਰ ਤੇ ਮੁਖ ਫਿਰ ਹੈ॥ ਈਹਾਂ ਊਹਾਂ ਤਿਨ ਕੇ ਗ੍ਰਿਹ ਗਿਰ ਹੈ॥**
**ਇਹਾਂ ਉਪਹਾਸ ਨ ਸੁਰਪੁਰ ਬਾਸਾ॥ ਸਭ ਬਾਤਨ ਤੇ ਰਹੇ ਨਿਰਾਸਾ॥ ੫॥**

ਜਿਹੜੇ ਪੁਰਸ਼ ਆਪਣੇ ਗੁਰੂ ਤੋਂ ਮੂੰਹ ਫੇਰ ਲੈਂਦੇ ਹਨ ਭਾਵ ਬੇਮੁਖ ਹੋ ਜਾਂਦੇ ਹਨ, ਉਹਨਾਂ ਦੇ ਲੋਕ ਪ੍ਰਲੋਕ ਵਿਚ ਘਰ ਨਾਸ ਹੋ ਜਾਂਦੇ ਹਨ ਭਾਵ ਕਿਤੇ ਵੀ ਢੋਈ ਨਹੀ ਮਿਲਦੀ। ਇਸ ਸੰਸਾਰ ਵਿਚ ਲੋਕ ਉਹਨਾਂ ਨੂੰ ਠਠਾ ਕਰਦੇ ਹਨ ਤੇ ਸਵਰਗ ਵਿਚ ਉਹਨਾਂ ਨੂੰ ਵਾਸਾ ਨਹੀ ਮਿਲਦਾ, ਇਉਂ ਉਹ ਸਭ ਪਾਸਿਆਂ ਤੋਂ ਨਿਰਾਸ ਰਹਿੰਦੇ ਹਨ॥ ੫॥

**ਦੂਖ ਭੂਖ ਤਿਨ ਕੋ ਰਹੈ ਲਾਗੀ॥ ਸੰਤ ਸੇਵ ਤੇ ਜੋ ਹੈ ਤਿਆਗੀ॥**
**ਜਗਤ ਬਿਖੈ ਕੋਈ ਕਾਮ ਨ ਸਰਹੀ॥ ਅੰਤਹਿ ਕੁੰਡ ਨਰਕ ਕੀ ਪਰਹੀ॥ ੬॥**

ਉਹਨਾਂ ਪੁਰਸ਼ਾਂ ਨੂੰ ਸਦਾ ਦੁਖ ਤੇ ਭੁਖ ਚੰਬੜੀ ਰਹਿੰਦੀ ਹੈ, ਜੋ ਮਹਾਂ ਪੁਰਸ਼ਾਂ ਦੀ ਸੰਗਤ ਤੇ ਸੇਵਾ ਤਿਆਗ ਦਿੰਦੇ ਹਨ। ਸੰਸਾਰ ਵਿਚ ਉਹਨਾਂ ਦਾ ਕੋਈ ਕੰਮ ਨਹੀ ਸੌਰਦਾ ਤੇ ਮਰ ਕੇ ਉਹ ਨਰਕ-ਕੁੰਡ ਵਿਚ ਜਾ ਪੈਂਦੇ ਹਨ॥ ੬॥

**ਤਿਨ ਕੋ ਸਦਾ ਜਗਤ ਉਪਹਾਸਾ॥ ਅੰਤਹਿ ਕੁੰਡ ਨਰਕ ਕੀ ਬਾਸਾ**
**ਗੁਰ ਪਗ ਤੇ ਜੋ ਬਿਮੁਖ ਸਿਧਾਰੇ॥ ਈਹਾਂ ਉਹਾਂ ਤਿਨ ਕੇ ਮੁਖ ਕਾਰੇ॥ ੭॥**

ਸੰਸਾਰ ਦੇ ਲੋਕ ਐਸੇ ਆਦਮੀਆਂ ਦੀ ਦਸ਼ਾ ਤੇ ਹੱਸਦੇ ਹਨ। ਅੰਤ ਨੂੰ ਮਰ ਕੇ ਉਹ ਨਰਕਾਂ ਵਿਚ ਜਾ ਵਸਦੇ ਹਨ। ਜਿਹੜੇ ਪੁਰਸ਼ ਗੁਰੂ ਚਰਨਾਂ ਤੋਂ ਬੇਮੁਖ ਹੋ ਕੇ ਜਾਂਦੇ ਹਨ, ਉਹਨਾਂ ਦਾ ਦੋਹਾਂ ਲੋਕਾਂ ਭਾਵ ਲੋਕ ਤੇ ਪ੍ਰਲੋਕ ਵਿਚ ਮੂੰਹ ਕਾਲਾ ਹੁੰਦਾ ਹੈ॥ ੭॥

**ਪੁੱਤ੍ਰ ਪਉਤ੍ਰ ਤਿਨ ਕੇ ਨਹੀ ਫਰੈ॥ ਦੁਖ ਦੈ ਮਾਤ ਪਿਤਾ ਕੋ ਮਰੈ॥**
**ਗੁਰ ਦੋਖੀ ਸਗ ਕੀ ਮ੍ਰਿਤ ਪਾਵੈ॥ ਨਰਕ ਕੁੰਡ ਡਾਰੇ ਪਛੁਤਾਵੈ॥ ੮॥**

ਉਹਨਾਂ ਆਦਮੀਆਂ ਦੇ ਪੁੱਤਰ ਪੋਤਰੇ ਵੀ ਨਹੀਂ ਫਲਦੇ। ਉਹ ਮਾਤਾ ਪਿਤਾ ਨੂੰ ਦੁਖ ਦੇ ਕੇ ਮਰ ਜਾਂਦੇ ਹਨ। ਗੁਰਾਂ ਦਾ ਦੋਖੀ ਕੁੱਤੇ ਦੀ ਮੌਤ ਮਰਦਾ ਹੈ। ਨਰਕ ਕੁੰਡ ਵਿਚ ਪਿਆ ਉਹ ਪਛੁਤਾਵੇਗਾ॥ ੮॥

**ਬਾਬੇ ਕੇ ਬਾਬਰ ਕੇ ਦੋਊ॥ ਆਪ ਕਰੈ ਪਰਮੇਸ਼ਵਰ ਸੋਊ॥**
**ਦੀਨ ਸ਼ਾਹ ਇਨ ਕੋ ਪਹਿਚਾਨੋਂ॥ ਦੁਨੀ ਪਤਿ ਉਨ ਕੋ ਅਨੁਮਾਨੋ॥ ੯॥**

ਬਾਬਾ ਨਾਨਕ ਅਤੇ ਬਾਬਰ ਨੂੰ ਇਕ ਪ੍ਰਭੂ ਨੇ ਹੀ ਪੈਦਾ ਕੀਤਾ ਹੈ। ਬਾਬੇ ਨਾਨਕ ਨੂੰ ਧਰਮ ਦਾ ਬਾਦਸ਼ਾਹ ਅਤੇ ਬਾਬਰ ਨੂੰ ਦੁਨੀਆਂਦਾਰੀ ਦਾ ਬਾਦਸ਼ਾਹ ਜਾਣੋ॥ ੯॥

**ਜੋ ਬਾਬੇ ਕੋ ਦਾਮ ਨ ਦੈਹੈ॥ ਤਿਨ ਤੇ ਗਹਿ ਬਾਬਰ ਕੇ ਲੈਹੈ॥**
**ਦੈ ਦੈ ਤਿਨ ਕੋ ਬਡੀ ਸਜਾਇ॥ ਪੁਨਿ ਲੈਹੈ ਗ੍ਰਿਹ ਲੂਟਿ ਬਨਾਇ॥ ੧੦॥**

ਜਿਹੜੇ ਪੁਰਸ਼ ਬਾਬੇ ਗੁਰ ਘਰ ਨੂੰ ਦਾਨ ਨਹੀਂ ਦੇਣਗੇ, ਉਹਨਾਂ ਤੋਂ ਬਾਦਸ਼ਾਹ ਦੇ ਆਦਮੀ

ਮਾਇਆ ਖੋਹਕੇ ਲੈ ਜਾਣਗੇ। ਉਹਨਾਂ ਨੂੰ ਹਕੂਮਤ ਵਲੋਂ ਵਡੀ ਤੋਂ ਵਡੀ ਕੇਵਲ ਸਜ਼ਾ ਹੀ ਨਹੀਂ ਮਿਲੇਗੀ ਬਲਕਿ ਉਹਨਾਂ ਦੇ ਘਰਾਂ ਨੂੰ ਲੁਟ ਲਿਆ ਜਾਵੇਗਾ॥੧੦॥

**ਜਬ ਹ੍ਵੈ ਹੈ ਬੇਮੁਖ ਬਿਨਾ ਧਨ॥ ਤਬ ਚੜਿ ਹੈ ਸਿੱਖਨ ਕਹ ਮਾਂਗਨ॥**
**ਜੇ ਜੇ ਸਿੱਖ ਤਿਨੈ ਧਨ ਦੈ ਹੈਂ॥ ਲੂਟਿ ਮਲੇਛ ਤਿਨੂ ਕੌ ਲੈ ਹੈਂ॥੧੧॥**

ਜਦੋਂ ਇਹੋ ਜਿਹੇ ਬੇਮੁਖ ਧਨਹੀਨ ਹੋ ਜਾਂਦੇ ਹਨ, ਫਿਰ ਉਹ ਸਿਖਾਂ ਤੋਂ ਮੰਗਣ ਲਈ ਚੜ੍ਹ ਪੈਂਦੇ ਹਨ। ਜਿਹੜੇ ਸਿਖ ਇਨ੍ਹਾਂ ਬੇਮੁਖਾਂ ਨੂੰ ਮਾਇਆ ਦੇਣਗੇ, ਉਹਨਾਂ ਨੂੰ ਮਲੇਛ ਤੁਰਕ ਲੁੱਟ ਲੈਣਗੇ॥੧੧॥

**ਜਬ ਹੁਇ ਹੈ ਤਿਨ ਦਰਬ ਬਿਨਾਸਾ॥ ਤਬ ਧਰਿਹੈ ਨਿਜ ਗੁਰ ਕੀ ਆਸਾ॥**
**ਜਬ ਤੇ ਗੁਰ ਦਰਸ਼ਨ ਕੋ ਐਹੈਂ॥ ਤਬ ਤਿਨ ਕੋ ਗੁਰ ਮੁਖ ਨ ਲਗੈ ਹੈਂ॥੧੨॥**

ਜਦੋਂ ਇਹਨਾਂ ਬੇਮੁਖਾਂ ਦਾ ਧਨ ਨਾਸ ਹੋ ਜਾਵੇਗਾ, ਫਿਰ ਇਹ ਆਪਣੇ ਗੁਰੂ ਦੀ ਆਸ ਰਖਣਗੇ। ਜਦੋਂ ਇਹ ਧਨਹੀਨ ਹੋਏ ਬੇਮੁਖ ਗੁਰੂ ਦੇ ਦਰਸ਼ਨਾਂ ਨੂੰ ਆਉਣਗੇ, ਤਦ ਗੁਰੂ ਇਹਨਾਂ ਨੂੰ ਮੂੰਹ ਨਹੀਂ ਲਾਵੇਗਾ॥੧੨॥

**ਬਿਦਾ ਬਿਨਾ ਜੈਹੈਂ ਤਬ ਧਾਮੰ॥ ਸਰਿ ਹੈ ਕੋਈ ਨ ਤਿਨ ਕੋ ਕਾਮੰ॥**
**ਗੁਰ ਦਰ ਢੋਈ ਨ ਪ੍ਰਭ ਪੁਰ ਵਾਸਾ॥ ਦੂਹੂੰ ਠਉਰ ਤੇ ਰਹੇ ਨਿਰਾਸਾ॥੧੩॥**

ਜੋ ਬੇਮੁਖ ਗੁਰੂ ਤੋਂ ਆਗਿਆ ਲਏ ਬਿਨਾਂ ਆਪਣੇ ਘਰਾਂ ਨੂੰ ਤੁਰ ਜਾਣਗੇ ਤਾਂ ਉਹਨਾਂ ਦਾ ਕੋਈ ਕੰਮ ਵੀ ਨਹੀਂ ਬਣੇਗਾ। ਨਾ ਉਹਨਾਂ ਨੂੰ ਗੁਰੂ ਘਰ ਵਿਚ ਢੋਈ ਮਿਲੇਗੀ ਤੇ ਨਾ ਹੀ ਪ੍ਰਭੂ ਦੇ ਘਰ ਵਿਚ ਵਾਸਾ ਮਿਲੇਗਾ। ਉਹ ਦੋਹਾਂ ਥਾਵਾਂ ਤੇ ਖਾਲੀ ਰਹਿ ਜਾਣਗੇ॥੧੩॥

**ਜੇ ਜੇ ਗੁਰ ਚਰਨਨ ਰਤ ਹ੍ਵੈ ਹੈਂ॥ ਤਿਨ ਕੋ ਕਸ਼ਿਟ ਦੇਖਨ ਪੈਹੈਂ॥**
**ਰਿੱਧ ਸਿੱਧ ਤਿਨ ਕੇ ਗ੍ਰਿਹ ਮਾਹੀਂ॥ ਪਾਪ ਤਾਪ ਛ੍ਵੈ ਸਕੈ ਨ ਛਾਹੀਂ॥੧੪॥**

ਜਿਹੜੇ ਪੁਰਸ਼ ਗੁਰੂ ਚਰਨਾਂ ਨਾਲ ਪ੍ਰੀਤ ਲਾਈ ਰਖਣਗੇ ਉਹਨਾਂ ਨੂੰ ਕਦੀ ਕੋਈ ਕਸ਼ਟ ਨਹੀਂ ਹੋਵੇਗਾ। ਉਹਨਾਂ ਦੇ ਘਰ ਵਿਚ ਰਿਧੀਆਂ ਸਿਧੀਆਂ ਹਾਜ਼ਰ ਰਹਿੰਦੀਆਂ ਹਨ ਤੇ ਕੋਈ ਦੁਖ ਸੰਤਾਪ ਉਹਨਾਂ ਨੂੰ ਛੋਹ ਨਹੀਂ ਸਕੇਗਾ॥੧੪॥

**ਤਿੱਹ ਮਲੇਛ ਛ੍ਵੈਹੈ ਨਹੀ ਛਾਹਾਂ॥ ਅਸ਼ਟ ਸਿੱਧ ਹ੍ਵੈਹੈ ਘਰਿ ਮਾਹਾਂ॥**
**ਹਾਸ ਕਰਤ ਜੋ ਉਦਮ ਉਠੈ ਹੈ॥ ਨਵੋ ਨਿੱਧਿ ਤਿਨ ਕੇ ਘਰਿ ਐਹੈ॥੧੫॥**

ਕੋਈ ਮਲੇਛ ਉਹਨਾਂ ਦੇ ਪਰਛਾਵੇਂ ਨੂੰ ਨਹੀਂ ਛੋਹ ਸਕਦਾ। ਅਠ ਸਿੱਧੀਆਂ ਉਹਨਾਂ ਦੇ ਘਰ ਵਿਚ ਹੁੰਦੀਆਂ ਹਨ। ਹਾਸੇ ਨਾਲ ਸਹਿਜ ਸੁਭਾਵ ਵੀ ਜੇ ਉਹ ਪੁਰਸ਼ ਕਿਸੇ ਲਾਭ ਲਈ ਉਦਮ ਕਰਦੇ ਹਨ ਤਾਂ ਉਹਨਾਂ ਦੇ ਘਰ ਨੌਂ ਨਿਧਾਂ ਆਪੇ ਤੁਰੀਆਂ ਆਉਂਦੀਆਂ ਹਨ॥੧੫॥

ਮਿਰਜ਼ਾਬੇਗ ਹੁਤੋ ਤਿਹ ਨਾਮੰ॥ ਜਿਨ ਢਾਹੇ ਬਿਮੁਖਨ ਕੇ ਧਾਮੰ॥
ਸਭ ਸਨਮੁਖ ਗੁਰ ਆਪ ਬਚਾਏ॥ ਤਿਨ ਕੇ ਬਾਰ ਨ ਬਾਂਕਨ ਪਾਏ॥ ੧੬॥

ਜਿਸ ਅਹਿਲਕਾਰ ਨੇ ਨਗਰ ਵਿਚ ਬੇਮੁਖਾਂ ਦੇ ਘਰ ਢਾਹੇ ਸਨ, ਉਸ ਦਾ ਨਾਂ ਮਿਰਜ਼ਾ ਬੇਗ ਸੀ। ਗੁਰੂ ਦੇ ਸਨਮੁਖ ਰਹਿਣ ਵਾਲੇ ਸਿੱਖਾਂ ਨੂੰ ਸਤਿਗੁਰੂ ਜੀ ਨੇ ਬਚਾ ਲਿਆ ਤੇ ਉਹਨਾਂ ਦਾ ਵਾਲ ਵੀ ਕੋਈ ਵਿੰਗਾਂ ਨਾ ਕਰ ਸਕਿਆ॥ ੧੬॥

ਉਤ ਅਉਰੰਗ ਜਿਯ ਅਧਿਕ ਰਿਸਾਯੋ॥ ਚਾਰ ਅਹਦੀਯਨ ਅਉਰ ਪਠਾਯੋ॥
ਜੇ ਬੇਮੁਖ ਤਾਂ ਤੇ ਬਚਿ ਆਏ॥ ਤਿਨ ਕੇ ਗ੍ਰਿਹ ਪੁਨਿ ਇਨੈ ਗਿਰਾਏ॥ ੧੭॥

ਉਧਰ ਔਰੰਗਜ਼ੇਬ ਦਾ ਪੁੱਤਰ ਬੜੇ ਕਰੋਧ ਵਿਚ ਆਇਆ ਤੇ ਉਸਨੇ ਚਾਰ ਹੋਰ ਅਹਿਲਕਾਰਾਂ ਨੂੰ ਭੇਜ ਦਿੱਤਾ। ਜਿਹੜੇ ਬੇਮੁਖ ਮਿਰਜ਼ਾ ਬੇਗ ਤੋਂ ਬਚ ਗਏ ਸਨ, ਉਹਨਾਂ ਦੇ ਘਰਾਂ ਨੂੰ ਉਹਨਾਂ ਅਹਿਲਕਾਰਾਂ ਨੇ ਢੁਹਾ ਦਿੱਤਾ॥ ੧੭॥

ਜੇ ਤਜਿ ਭਜੇ ਹੁਤੇ ਗੁਰ ਆਨਾ॥ ਤਿਨ ਪੁਨਿ ਗੁਰੂ ਅਹਦੀਅਹਿ ਜਾਨਾ॥
ਮੂਤ੍ਰ ਡਾਰ ਤਿਨ ਸੀਸ ਮੁੰਡਾਏ॥ ਪਾਹੁਰਿ ਜਾਨਿ ਗ੍ਰਿਹਹਿ ਲੈ ਆਏ॥ ੧੮॥

ਜਿਹੜੇ ਗੁਰੂ ਦਾ ਆਸਰਾ ਛੱਡ ਕੇ ਬਾਹਰ ਭੱਜ ਗਏ ਸਨ, ਉਹਨਾਂ ਨੇ ਅਹਿਲਕਾਰਾਂ ਨੂੰ ਹੀ ਗੁਰੂ ਮੰਨ ਲਿਆ। ਪੇਸ਼ਾਬ ਪਾ ਕੇ ਉਹਨਾਂ ਦੇ ਸਿਰ ਅਹਿਕਾਰਾਂ ਨੇ ਮੁੰਨ ਦਿੱਤੇ, ਜਾਣੋ ਉਹ ਪਾਹੁਲ ਲੈ ਕੇ ਘਰ ਵਾਪਸ ਆਏ ਸਨ॥ ੧੮॥

ਜੇ ਜੇ ਭਾਜ ਹੁਤੇ ਬਿਨੁ ਆਇਸੁ॥ ਕਹੋ ਅਹਦੀਅਹਿ ਕਿਨੈ ਬਿਤਾਇਸੁ॥
ਮੂੰਡ ਮੂੰਡਿ ਕਰਿ ਸ਼ਹਰਿ ਫਿਰਾਏ॥ ਕਾਰ ਭੇਟ ਜਨੁ ਲੈਨ ਸਿਧਾਏ॥ ੧੯॥

ਜਿਹੜੇ ਗੁਰੂ ਦੀ ਆਗਿਆ ਤੋਂ ਬਿਨਾਂ ਭੱਜ ਗਏ ਸਨ, ਉਹਨਾਂ ਨੂੰ ਅਹਿਲਕਾਰਾਂ ਨੇ ਫੜ ਕੇ ਪੁਛਿਆ ਕਿ ਦਸੋ ਹੋਰ ਕਿਹੜਾ ਕਿਹੜਾ ਤੁਹਾਡੇ ਨਾਲ ਹੈ। ਜਦੋਂ ਉਹਨਾਂ ਨੇ ਹੋਰ ਆਦਮੀਆਂ ਦਾ ਪਤਾ ਦੱਸਿਆ ਤਾਂ ਅਹਿਲਕਾਰਾਂ ਨੇ ਉਹਨਾਂ ਦੇ ਸਿਰ ਮੁੰਨ ਕੇ ਮੰਗਣ ਲਈ ਹੱਟੀ ਹੱਟੀ ਤੇ ਫੇਰਿਆ, ਇਉਂ ਸਮਝੋ ਕਿ ਜਿਵੇਂ ਕਾਰ ਭੇਟ ਉਗਰਾਹੁਣ ਲਈ ਉਹ ਫਿਰ ਰਹੇ ਸਨ॥ ੧੯॥

ਪਾਛੈ ਲਾਗਿ ਲਰਿਕਵਾ ਚਲੇ॥ ਜਾਨੁਕ ਸਿੱਖ ਸਖਾ ਹੈਂ ਭਲੇ॥
ਛਿਕੇ ਤੋਬਰਾ ਬਦਨ ਚੜਾਏ॥ ਜਨੁ ਗ੍ਰਿਹ ਖਾਨ ਮਲੀਦਾ ਆਏ॥ ੨੦॥

ਉਹਨਾਂ ਦੇ ਮਗਰ ਮੁੰਡੇ ਓਇ ਓਇ ਕਰਨ ਲੱਗ ਪਏ। ਇਹ ਜਾਣੋ ਉਹਨਾਂ ਦੇ ਸਿਖ ਸਨ। ਜਿਹੜੇ ਉਹਨਾਂ ਦੇ ਮੂੰਹਾਂ ਉਤੇ ਲਿੱਦ ਦੇ ਤੋਬਰੇ ਚੜ੍ਹਾਏ ਹੋਏ ਸਨ, ਇਹ ਜਾਣੋ ਉਹਨਾਂ ਦੇ ਖਾਣ ਲਈ ਚੂਰਮਾ ਆਇਆ ਸੀ॥ ੨੦॥

**ਮਸਤਕ ਸੁਭੇ ਪਨਹੀਯਨ ਘਾਇ ॥ ਜਨੁ ਕਰਿ ਟੀਕਾ ਦਏ ਬਨਾਇ ॥**
**ਸੀਸ ਈਟ ਕੇ ਘਾਇ ਕਰੇਹੀ ॥ ਜਨੁ ਤਿਨੁ ਭੇਟ ਪੁਰਾਤਨ ਦੇਹੀ ॥ ੨੧ ॥**

ਜਿਹੜੇ ਉਹਨਾਂ ਦੇ ਮੱਥੇ ਉਤੇ ਜੁੱਤੀਆਂ ਵੱਜਣ ਦੇ ਨਿਸ਼ਾਨ ਸਨ, ਇਹ ਜਾਣੋ ਟਿੱਕੇ ਲਗੇ ਹੋਏ ਸਨ। ਜਿਹੜੇ ਉਹਨਾਂ ਦੇ ਸਿਰ ਵਿਚ ਇੱਟਾਂ ਵੱਜ ਵੱਜ ਕੇ ਜ਼ਖਮ ਹੋਏ ਹੋਏ ਸਨ, ਇਹ ਜਾਣੋ ਉਹਨਾਂ ਨੂੰ ਪਿਛਲੀ ਕਾਰ ਭੇਟ ਦਿੱਤੀ ਗਈ ਸੀ ॥ ੨੧ ॥

**ਦੋਹਰਾ ॥ ਕਬਹੂੰ ਰਣ ਜੂਝਜੋ ਨਹੀ ਕਛੁ ਦੈ ਜਸੁ ਨਹਿ ਲੀਨ ॥**
**ਗਾਂਵ ਬਸਤਿ ਜਾਨਜੋ ਨਹੀ ਜਮ ਸੋ ਕਿਨ ਕਹਿ ਦੀਨ ॥ ੨੨ ॥**

ਜਿਹੜਾ ਪੁਰਸ਼ ਕਿਸੇ ਜੰਗ ਵਿਚ ਲੜਿਆ ਨਹੀਂ ਤੇ ਨਾ ਹੀ ਕਿਸੇ ਨੂੰ ਦਾਨ ਦੇ ਕੇ ਉਸਨੇ ਕੋਈ ਜਸ ਖਟਿਆ ਹੈ, ਉਸ ਨੂੰ ਪਿੰਡ ਵਿਚ ਰਹਿੰਦੀਆਂ ਨੂੰ ਕੋਈ ਜਾਣਦਾ ਵੀ ਨਹੀਂ, ਫਿਰ ਬੜੀ ਹੈਰਾਨੀ ਹੈ ਕਿ ਉਸ ਦੀ ਖਬਰ ਜਮ ਨੂੰ ਕਿਸ ਨੇ ਦੇ ਦਿੱਤੀ? ॥ ੨੨ ॥

**ਚੌਪਈ ॥ ਇਹ ਬਿਧ ਤਿਨੋ ਭਯੋ ਉਪਹਾਸਾ ॥ ਸਭ ਸੰਤਨ ਮਿਲਿ ਲਖਿਓ ਤਮਾਸਾ ॥**
**ਸੰਤਨ ਕਸ਼ਟ ਨ ਦੇਖਨ ਪਾਜੇ ॥ ਆਪ ਹਾਥ ਦੈ ਨਾਥ ਬਚਾਯੋ ॥ ੨੩ ॥**

ਉਹਨਾਂ ਗੁਰੂ ਤੋਂ ਬੇਮੁਖ ਹੋਇਆ ਨਾਲ ਸੰਸਾਰ ਵਿਚ ਇਸ ਤਰ੍ਹਾਂ ਦਾ ਠਠਾ ਹੋਇਆ। ਸਭ ਭਲੇ ਪੁਰਸ਼ਾਂ ਨੇ ਇਹ ਤਮਾਸ਼ਾ ਵੇਖਿਆ। ਗੁਰਮੁਖਾਂ ਨੂੰ ਕੋਈ ਦੁਖ ਕਲੇਸ਼ ਨਹੀਂ ਹੋਇਆ। ਪ੍ਰਭੂ ਨੇ ਆਪ ਹੱਥ ਦੇ ਕੇ ਉਹਨਾਂ ਦੀ ਰੱਖਿਆ ਕੀਤੀ ॥ ੨੩ ॥

## ਚਾਰਨੀ ॥ ਦੋਹਿਰਾ ॥

**ਜਿਸਨੋ ਸਾਜਨ ਰਾਖਸੀ ਦੁਸ਼ਮਨ ਕਵਨ ਬਿਚਾਰ ॥**
**ਛ੍ਵੈ ਨ ਸਕੈ ਤਿਹ ਛਾਹਿ ਕੋ ਨਿਹਫਲ ਜਾਇ ਗਵਾਰ ॥ ੨੪ ॥**

ਜਿਸ ਨੂੰ ਅਕਾਲ ਪੁਰਖ ਆਪ ਰਖ ਲੈਂਦਾ ਹੈ, ਉਸ ਦਾ ਵਿਚਾਰਾ ਦੁਸ਼ਮਨ ਕੀ ਵਿਗਾੜ ਸਕਦਾ ਹੈ? ਕੋਈ ਉਸ ਦੇ ਪ੍ਰਛਾਵੇਂ ਨੂੰ ਵੀ ਨਹੀਂ ਛੋਹ ਸਕਦਾ। ਜੇ ਕੋਈ ਮੂਰਖ ਉਸ ਨੂੰ ਦੁਖ ਦੇਣਾ ਚਾਹੇ ਤਾਂ ਉਸ ਦਾ ਯਤਨ ਬਿਅਰਥ ਜਾਂਦਾ ਹੈ ॥ ੨੪ ॥

**ਜੇ ਸਾਧੂ ਸ਼ਰਣੀ ਪਰੇ ਤਿਨ ਕੇ ਕਵਣ ਬਿਚਾਰ ॥**
**ਦੰਤ ਜੀਭ ਜਿਮ ਰਾਖਿ ਹੈ ਦੁਸ਼ਟ ਅਰਿਸ਼ਟ ਸੰਘਾਰ ॥ ੨੫ ॥**

ਅਰਥ - ਜਿਹੜੇ ਪੁਰਸ਼ ਸੰਤਾਂ ਦੀ ਚਰਨੀਂ ਲਗਦੇ ਹਨ, ਉਹਨਾਂ ਦੇ ਬਾਰੇ ਕੀ ਵਿਚਾਰ ਕੀਤਾ ਜਾਵੇ ਉਨ੍ਹਾਂ ਦੀ ਇਸ ਤਰ੍ਹਾਂ ਰਖਿਆ ਹੁੰਦੀ ਹੈ ਜਿਵੇਂ ਦੰਦਾਂ ਵਿਚ ਜੀਭ ਦੀ ਰਖਿਆ ਹੁੰਦੀ ਹੈ, ਭਾਵ ਦੁਸ਼ਟ ਉਨ੍ਹਾਂ ਦਾ ਕੁਝ ਵੀ ਵਿਗਾੜ ਨਹੀਂ ਸਕਦੇ ਅਤੇ ਉਹਨਾਂ ਦੇ ਸਾਰੇ ਕਸ਼ਟ ਨਵਿਰਤ

ਹੋ ਜਾਂਦੇ ਹਨ ॥ ੨੫॥

ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਸ਼ਹਿਜ਼ਾਦੇ ਵ ਅਹਦੀਆ ਗਮਨ ਬਰਨਨੰ ਨਾਮ ਤ੍ਰੋਦਸਮੋ ਧਿਆਇ ਸਮਾਪਤਮ ਸਤੁ ਸੁਭਮ ਸਤੁ॥੧੩॥੪੬੦॥ਅਫਜੂੰ॥

ਸ੍ਰੀ ਬਚਿੱਤਰ ਨਾਟਕ ਗ੍ਰੰਥ, ਸ਼ਹਿਜ਼ਾਦੇ ਬਹਾਦਰ ਸ਼ਾਹ ਦਾ ਪੰਜਾਬ ਆਗਮਨ, ਅਧਿਆਏ ਤੇਰ੍ਹਵਾਂ ਸਮਾਪਤ॥ਸਤ ਸ਼ੁਭਮ ਸਤ॥੧੩॥੪੬੦॥ਚਲਦਾ॥

ਭਾਵਾਰਥ - ਇਸ ਤੇਰ੍ਹਵੇਂ ਅਧਿਆਇ ਵਿਚ ਸਤਿਗੁਰੂ ਜੀ ਨੇ ਸ਼ਹਿਜ਼ਾਦਾ ਮੁਅਜ਼ਮ ਖਾਂ ਦੇ ਪੰਜਾਬ ਆਉਣ ਬਾਰੇ ਦਾ ਵਰਣਨ ਕੀਤਾ ਹੈ:-

ਦਿਲਾਵਰ ਖਾਂ ਦੀਆਂ ਫੌਜਾਂ ਦੇ ਕਈ ਵਾਰ ਹਾਰ ਜਾਣ ਦੀ ਖਬਰ ਜਦੋਂ ਔਰੰਗਜ਼ੇਬ ਨੂੰ ਦਖਣ ਵਿਚ ਮਿਲੀ ਤਾਂ ਉਸ ਨੇ ਆਪਣੇ ਪੁੱਤਰ ਮੁਅਜ਼ਮ ਖਾਂ ਉਰਫ ਬਹਾਦਰ ਸ਼ਾਹ ਨੂੰ ਮੁਹਿੰਮ ਲਈ ਤੋਰਿਆ। ਸ਼ਹਿਜ਼ਾਦੇ ਦੇ ਆਉਣ ਦੀ ਖ਼ਬਰ ਸੁਣ ਕੇ ਕਾਇਰ ਪਹਾੜੀਏ ਆਪਣੇਂ ਘਰਾਂ ਨੂੰ ਛਡ ਕੇ ਦੂਰ ਪਹਾੜਾਂ ਵਿਚ ਜਾ ਲੁਕੇ। ਸਤਿਗੁਰੂ ਜੀ ਨੂੰ ਕਈ ਡਰਪੋਕਾਂ ਨੇ ਡਰਾਇਆ ਕਿ ਤੁਸੀਂ ਵੀ ਇਸ ਆ ਰਹੇ ਤੂਫਾਨ ਤੋਂ ਬਚ ਕੇ ਲਾਂਭੇ ਹੋ ਜਾਓ। ਅਕਾਲ ਪੁਰਖ ਦੇ ਆਸਰੇ ਵਿਚ ਰਹਿਣ ਵਾਲੇ ਗੁਰੂ ਜੀ ਅਨੰਦਪੁਰ ਵਿਚ ਡਟੇ ਰਹੇ। ਕਈ ਡਰਾਕਲ ਗੁਰੂ ਜੀ ਦਾ ਸੰਗ ਛੱਡਕੇ ਭੱਜ ਗਏ।

ਇਧਰ ਨੂੰ ਚੜ੍ਹਾਈ ਕਰਕੇ ਆ ਰਿਹਾ ਮੁਅਜ਼ਮ ਖਾਂ ਆਪ ਤਾਂ ਲਾਹੌਰ ਚਲਾ ਗਿਆ ਤੇ ਆਪਣੇ ਇਕ ਅਹਿਲਕਾਰ ਨੂੰ ਆਨੰਦਪੁਰ ਵਲ ਭੇਜ ਗਿਆ। ਉਸ ਅਹਿਦੀਏ ਦਾ ਨਾਂ ਮਿਰਜ਼ਾ ਜਾਫਰ ਬੇਗ ਸੀ। ਉਹ ਬੜਾ ਨੇਕ ਦਿਲ ਅਫਸਰ ਸੀ। ਉਸ ਨੇ ਆਨੰਦਪੁਰ ਵਿਚ ਪਹੁੰਚ ਕੇ ਸਤਿਗੁਰਾਂ ਦੇ ਸਮਾਚਾਰ ਸੁਣੇ ਤਾਂ ਉਹ ਗੁਰੂ ਘਰ ਦਾ ਪ੍ਰੇਮੀ ਹੋ ਗਿਆ। ਉਸਨੇ ਗੁਰੂ ਜੀ ਦਾ ਸੰਗ ਛੱਡ ਗਏ ਸਭ ਬੇਮੁਖਾ ਦੇ ਘਰ ਢੁਹਾ ਦਿੱਤੇ ਅਤੇ ਉਹਨਾਂ ਨੂੰ ਫੜ ਫੜ ਕੇ ਸਜ਼ਾਵਾ ਦਿੱਤੀਆਂ।

ਸਤਿਗੁਰਾਂ ਤੋਂ ਬੇਮੁਖ ਹੋਇਆਂ ਨੇ ਗੁਰੂ ਜੀ ਦਾ ਹੁਕਮ ਤਾਂ ਨਾ ਮੰਨਿਆਂ, ਪਰ ਉਸ ਅਹਿਦੀਏ ਦੇ ਹਰ ਹੁਕਮ ਦੀ ਪਾਲਣਾ ਕੀਤੀ। ਬੇਮੁਖਾਂ ਨੂੰ ਸੋਧਕੇ ਉਹ ਅਹਿਦੀਆਂ ਵਾਪਸ ਚਲਾ ਗਿਆ। ਸ਼ਹਿਜ਼ਾਦੇ ਨੇ ਆਪਣੇ ਕੋਲੋਂ ਚਾਰ ਹੋਰ ਅਹਿਦੀਏ ਭੇਜੇ। ਉਹਨਾਂ ਨੇ ਵੀ ਆਨੰਦਪੁਰ ਪਹੁੰਚ ਕੇ ਕੁਛ ਬਚ ਰਹੇ ਬੇਮੁਖਾਂ ਨੂੰ ਸੋਧਿਆ। ਸਤਿਗੁਰੂ ਜੀ ਦਾ ਉਹਨਾਂ ਨੇ ਕੋਈ ਨੁਕਸਾਨ ਨਾ ਕੀਤਾ ਤੇ ਵਾਪਸ ਚਲੇ ਗਏ।

# ਅਧਿਆਇ ਚੌਦਵਾਂ

## ਸਰਬਕਾਲ ਨੂੰ ਬੇਨਤੀ

**ਚੌਪਈ॥ ਸਰਬਕਾਲ ਸਭ ਸਾਧ ਉਬਾਰੇ॥ ਦੁਖੁ ਦੈ ਕੈ ਦੋਖੀ ਸਭ ਮਾਰੇ॥**
**ਅਦਭੁਤਿ ਗਤਿ ਭਗਤਨ ਦਿਖਰਾਈ॥ ਸਭ ਸੰਕਟ ਤੇ ਲਏ ਬਚਾਈ॥ ੧॥**

ਹਰ ਸਮੇਂ ਅੰਦਰ ਵਾਹਿਗੁਰੂ ਨੇ ਭਗਤਾਂ ਦੀ ਰਖਿਆ ਕੀਤੀ ਹੈ। ਉਹਨਾਂ ਦੇ ਦੋਖੀਆਂ ਨੂੰ ਦੁਖ ਦੇ ਕੇ ਪ੍ਰਭੂ ਨੇ ਮਾਰਿਆ ਹੈ। ਵਾਹਿਗੁਰੂ ਨੇ ਆਪਣੀ ਅਸਚਰਜਤਾ ਭਰੀ ਗਤੀ ਭਗਤਾਂ ਨੂੰ ਦਿਖਾਈ ਹੈ ਤੇ ਉਹਨਾਂ ਨੂੰ ਹਰ ਸੰਕਟ ਤੋਂ ਬਚਾ ਲਿਆ ਹੈ॥ ੧॥

**ਸਭ ਸੰਕਟ ਤੇ ਸੰਤ ਬਚਾਏ॥ ਸਭ ਕੰਟਕ ਕੰਟਕ ਜਿਮ ਘਾਏ॥**
**ਦਾਸ ਜਾਨ ਮੁਹਿ ਕਰੀ ਸਹਾਇ॥ ਆਪ ਹਾਥੁ ਦੈ ਲਯੋ ਬਚਾਇ॥ ੨॥**

ਪ੍ਰਭੂ ਨੇ ਸਾਰੇ ਕਸ਼ਟਾਂ ਤੋਂ ਸੰਤਾਂ ਨੂੰ ਬਚਾਇਆ ਹੈ। ਭਗਤਾਂ ਦੇ ਸਾਰੇ ਦੁਖਾਂ ਨੂੰ ਉਸ ਨੇ ਕੰਡਿਆਂ ਵਾਂਗੂੰ ਨਾਸ ਕਰ ਦਿੱਤਾ ਹੈ। ਆਪਣਾ ਸੇਵਕ ਜਾਣ ਕੇ ਵਾਹਿਗੁਰੂ ਨੇ ਹਰ ਸਮੇਂ ਮੇਰੀ ਸਹਾਇਤਾ ਕੀਤੀ ਹੈ ਤੇ ਆਪਣਾ ਹੱਥ ਦੇ ਕੇ ਹਰ ਔਕੜ ਤੋਂ ਮੈਨੂੰ ਬਚਾਇਆ ਹੈ॥ ੨॥

**ਅਬ ਜੋ ਜੋ ਮੈ ਲਖੇ ਤਮਾਸਾ॥ ਸੋ ਸੋ ਕਰੋ ਤੁਮੈ ਅਰਦਾਸਾ॥**
**ਜੋ ਪ੍ਰਭ ਕ੍ਰਿਪਾ ਕਟਾਛ ਦਿਖੈ ਹੈ॥ ਸੋ ਤਵ ਦਾਸ ਉਚਾਰਤ ਜੈ ਹੈ॥ ੩॥**

ਹੁਣ ਤਕ ਮੈਂ ਜੋ ਜੋ ਕੌਤਕ ਵੇਖੇ ਹਨ, ਉਹ ਮੈਂ ਤੁਹਾਨੂੰ ਦਸਦਾ ਹਾਂ। ਹੇ ਪ੍ਰਭੂ! ਜੇ ਤੁਸੀਂ ਮੇਰੇ ਤੇ ਮਿਹਰ ਦੀ ਦ੍ਰਿਸ਼ਟੀ ਰਖੋਂਗੇ ਤਾਂ ਮੈਂ ਆਪ ਦਾ ਸੇਵਕ ਉਨ੍ਹਾਂ ਸਾਰੇ ਕੌਤਕਾਂ ਦਾ ਵਰਣਨ ਕਰਾਂਗਾ ॥ ੩॥

**ਜਿਹ ਜਿਹ ਬਿਧਿ ਮੈ ਲਖੇ ਤਮਾਸਾ॥ ਚਾਹਤ ਤਿਨ ਕੋ ਕੀਯੋ ਪ੍ਰਕਾਸਾ॥**
**ਜੋ ਜੋ ਜਨਮ ਪੂਰਬਲੇ ਹੇਰੇ॥ ਕਹਿਹੋ ਸੁ ਪ੍ਰਭੁ ਪਰਾਕ੍ਰਮ ਤੇਰੇ॥ ੪॥**

ਜਿਸ ਜਿਸ ਤਰ੍ਹਾਂ ਦੇ ਕੌਤਕ ਮੈਂ ਇਸ ਸੰਸਾਰ ਵਿਚ ਵੇਖੇ ਹਨ, ਉਹ ਸਾਰੇ ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ। ਆਪਣੇ ਬਜ਼ੁਰਗਾਂ ਦੇ ਜਿਹੜੇ ਜਿਹੜੇ ਜਨਮ ਮੈਂ ਪਹਿਲਾਂ ਹੋਏ ਵੇਖੇ ਹਨ, ਉਹਨਾਂ ਸਾਰਿਆਂ ਦਾ ਵਰਣਨ, ਹੇ ਪ੍ਰਭੂ! ਮੈਂ ਆਪ ਦੀ ਕਿਰਪਾ ਨਾਲ ਕਰਾਂਗਾ॥ ੪॥

**ਸਰਬਕਾਲ ਹੈ ਪਿਤਾ ਅਪਾਰਾ॥ ਦੇਬਿ ਕਾਲਕਾ ਮਾਤ ਹਮਾਰਾ॥**

**ਮਨੂਆ ਗੁਰ ਮੁਰਿ ਮਨਸਾ ਮਾਈ॥ ਜਿਨਿ ਮੋ ਕੋ ਸੁਭ ਕ੍ਰਿਆ ਪੜਾਈ॥ ੫॥**

ਜੋ ਸਭ ਦਾ ਕਾਲ ਕਰਨ ਵਾਲ ਅਪਾਰ ਵਾਹਿਗੁਰੂ ਹੈ, ਉਹ ਮੇਰਾ ਪਿਤਾ ਹੈ। ਅਕਾਲ ਪੁਰਖ ਦੀ ਮਹਾਂ ਸ਼ਕਤੀ ਮੇਰੀ ਮਾਤਾ ਹੈ। ਸ਼ੁਧ ਮਨ ਮੇਰਾ ਗੁਰੂ ਹੈ ਤੇ ਚੰਗੀ ਬੁੱਧੀ ਗੁਰ ਇਸਤ੍ਰੀ ਮਾਤਾ ਹੈ, ਜਿਸ ਨੇ ਮੈਨੂੰ ਸ਼ੁਭ ਕਰਨੀ ਦੀ ਸਿਖਿਆ ਦਿੱਤੀ ਹੈ॥ ੫॥

**ਜਬ ਮਨਸਾ ਮਨ ਮਯਾ ਬਿਚਾਰੀ॥ ਗੁਰ ਮਨੂਆ ਕਹ ਕਹਜੋ ਸੁਧਾਰੀ॥**
**ਜੇ ਜੇ ਚਰਿਤ ਪੁਰਾਤਨ ਲਹੇ॥ ਤੇ ਤੇ ਅਬ ਚਹੀਅਤ ਹੈਂ ਕਹੇ॥ ੬॥**

ਜਦੋਂ ਪਵਿੱਤ੍ਰ ਤੇ ਉੱਜਲ ਬੁਧੀ ਦੀ ਮੇਰੇ ਤੇ ਕਿਰਪਾ ਹੋਈ ਤਦ ਗੁਰੂ ਮਨ ਦੇ ਕਹਿਣ ਤੇ ਮੈਂ ਸਭ ਕਥਾਵਾਂ ਬੜੇ ਚੰਗੇ ਢੰਗ ਨਾਲ ਕਹਿੰਦਾ ਹਾਂ। ਪੁਰਾਤਨ ਅਵਤਾਰਾਂ ਦੇ ਜਿਹੜੇ ਜਿਹੜੇ ਕੌਤਕ ਮੈਂ ਵੇਖੇ ਹਨ, ਉਹ ਹੁਣ ਮੈਂ ਸਾਰੇ ਕਹਿਣਾ ਚਾਹੁੰਦਾ ਹਾਂ॥ ੬॥

**ਸਰਬਕਾਲ ਕਰੁਣਾ ਤਬ ਭਰੇ॥ ਸੇਵਕ ਜਾਨਿ ਦਯਾ ਰਸ ਢਰੇ॥**
**ਜੋ ਜੋ ਜਨਮੁ ਪੂਰਬਲੋ ਭਯੋ॥ ਸੋ ਸੋ ਸਭ ਸਮਰਣ ਕਰ ਦਯੋ॥ ੭॥**

ਸਰਬ ਕਾਲ ਵਿਚ ਕਾਇਮ ਰਹਿਣ ਵਾਲੇ ਅਕਾਲ ਪੁਰਖ ਨੇ ਮੇਰੇ ਤੇ ਦਇਆ ਕੀਤੀ ਤੇ ਆਪਣਾ ਸੇਵਕ ਜਾਣ ਕੇ ਮਿਹਰ ਦੇ ਰਸ ਦੀ ਵਰਖਾ ਕੀਤੀ। ਪਿਛਲੇ ਜੁਗਾਂ ਵਿਚ ਜਿਹੜੇ ਜਿਹੜੇ ਮੇਰੇ ਅਵਤਾਰ ਹੁੰਦ ਰਹੇ ਹਨ, ਉਹ ਸਾਰੇ ਪ੍ਰਭੂ ਨੇ ਮੈਨੂੰ ਯਾਦ ਕਰਾ ਦਿੱਤੇ ਹਨ॥ ੭॥

**ਮੋ ਕੋ ਇਤੀ ਹੁਤੀ ਕਹ ਸੁੱਧੰ॥ ਜਸ ਪ੍ਰਭ ਦਈ ਕ੍ਰਿਪਾ ਕਰਿ ਬੁੱਧੰ॥**
**ਸਰਬਕਾਲ ਤਬ ਭਏ ਦਇਆਲਾ॥ ਲੋਹ ਰੱਛ ਹਮ ਕੋ ਸਭ ਕਾਲਾ॥ ੮॥**

ਮੈਨੂੰ ਇੰਨੀ ਸੋਝੀ ਕਿਥੇ ਸੀ, ਜਿੰਨੀ ਕਿ ਪ੍ਰਭੂ ਨੇ ਆਪ ਕਿਰਪਾ ਕਰਕੇ ਮੈਨੂੰ ਬਖਸ਼ੀ ਹੈ। ਸਭ ਦੇ ਕਾਲ ਰੂਪ ਪ੍ਰਭੂ ਨੇ ਮੇਰੇ ਉਤੇ ਦਿਆਲਤਾ ਕੀਤੀ ਹੈ। ਹਰ ਸਮੇਂ ਉਸ ਪ੍ਰਕਾਸ਼ ਰੂਪ ਵਾਹਿਗੁਰੂ ਦੀ ਮੇਰੇ ਤੇ ਰੱਖਿਆ ਹੁੰਦੀ ਰਹੀ ਹੈ॥ ੮॥

**ਸਰਬਕਾਲ ਰੱਛਾ ਸਭ ਕਾਲਾ॥ ਲੋਹ ਰੱਛ ਸਰਬਦਾ ਬਿਸਾਲਾ॥**
**ਢੀਠ ਭਯੋ ਤਵ ਕ੍ਰਿਪਾ ਲਖਾਈ॥ ਐਂਡੋ ਫਿਰੋ ਸਭਨ ਭਯੋ ਰਾਈ॥ ੯॥**

ਸਰਬ ਕਾਲੀ ਪਰਮਾਤਮਾ ਜੀ ਦੀ ਹਰ ਸਮੇਂ ਮੇਰੇ ਤੇ ਰਖ ਹੈ। ਹੇ ਲੋਹ ਪ੍ਰਕਾਸ਼ ਰੂਪ ਵਾਹਿਗੁਰੂ' ਤੂੰ ਸਦਾ ਮੇਰਾ ਰਾਖਾ ਹੈਂ। ਤੇਰੀ ਕਿਰਪਾ ਨਾਲ ਮੈਂ ਏਨਾ ਬੇਖੌਫ ਹੋ ਗਿਆ ਹਾਂ ਕਿ ਮੈਂ ਸਭ ਦਾ ਰਾਜਾ ਬਣ ਕੇ ਨਿਸ਼ੰਗ ਹੋ ਕੇ ਫਿਰਦਾ ਹਾਂ॥ ੯॥

**ਜਿਹ ਜਿਹ ਬਿਧ ਜਨਮਨ ਸੁਧਿ ਆਈ॥ ਤਿਮ ਤਿਮ ਕਹੇ ਗਰੰਥ ਬਨਾਈ॥**
**ਪ੍ਰਥਮੇ ਸਤਿਜੁਗ ਜਿਹ ਬਿਧਿ ਲਹਾ॥ ਪ੍ਰਥਮੇ ਦੇਬਿ ਚਰਿਤ੍ਰ ਕੋ ਕਹਾ॥ ੧੦॥**

ਜਿਸ ਜਿਸ ਤਰ੍ਹਾਂ ਮੈਨੂੰ ਅਵਤਾਰਾਂ ਦੇ ਜਨਮਾਂ ਦੀ ਸੋਝੀ ਆਈ ਹੈ, ਉਸੇ ਤਰ੍ਹਾਂ ਮੈਂ ਗ੍ਰੰਥ ਬਣਾ ਕੇ ਉਹਨਾਂ ਦਾ ਵਰਣਨ ਕੀਤਾ ਹੈ। ਪਹਿਲਾਂ ਸਤਿਜੁਗ ਵਿਚ ਵਰਤਿਆ ਕੌਤਕ ਜਿਵੇਂ ਮੈਂ ਜਾਣਿਆਂ ਹੈ, ਉਹ ਮੈਂ ਦੇਵੀ ਦੇ ਪਹਿਲੇ ਚਰਿਤ੍ਰ ਵਿਚ ਕਹਾਂਗਾ॥੧੦॥

**ਪਹਿਲੇ ਚੰਡੀ ਚਰਿਤ੍ਰ ਬਨਾਯੋ॥ ਨਖ ਸਿਖ ਤੇ ਕ੍ਰਮ ਭਾਖ ਸੁਨਾਯੋ॥**
**ਛੋਰ ਕਥਾ ਤਬ ਪ੍ਰਥਮ ਸੁਨਾਈ॥ ਅਬ ਚਾਹਤ ਫਿਰ ਕਰੌ ਬਡਾਈ॥੧੧॥**

ਕਈ ਵਿਦਵਾਨਾਂ ਨੇ ਪਹਿਲੇ ਚੰਡੀ ਚਰਿਤ੍ਰ ਰਚਿਆ ਹੈ। ਮੈਂ ਉਸ ਕਥਾ ਨੂੰ ਆਦਿ ਤੋਂ ਅੰਤ ਤਕ ਵਰਣਨ ਕੀਤਾ ਹੈ। ਪਹਿਲੇ ਮੈਂ ਕਥਾ ਨੂੰ ਸੰਖੇਪ ਕਿਹਾ ਸੀ, ਹੁਣ ਮੈਂ ਫਿਰ ਉਸ ਨੂੰ ਵਿਸਥਾਰ ਨਾਲ ਕਹਿਣਾ ਚਾਹੁੰਦਾ ਹਾਂ॥੧੧॥

ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਸਰਬਕਾਲ ਕੀ ਬੇਨਤੀ ਬਰਨਨੰ ਨਾਮੁ ਚੋਦਸਮੋ ਧਿਆਇ ਸਮਾਪਤ ਸਤੁ ਸੁਭਮ ਸਤੁ॥੧੪॥੪੭੧॥ ਅਫਜੂੰ॥

ਸ੍ਰੀ ਬਚਿੱਤਰ ਨਾਟਕ ਗ੍ਰੰਥ, ਸਰਬਕਾਲ ਨੂੰ ਬੇਨਤੀ, ਅਧਿਆਏ ਚੌਦਵਾਂ ਸਮਾਪਤ॥ ਸਤ ਸੁਭਮ ਸਤ॥੧੪॥੪੭੧॥ ਸਮੁੱਚਾ ਜੋੜ॥

ਭਾਵਾਰਥ :- ਇਸ ਬਚਿਤ੍ਰ ਨਾਟਕ ਬਾਣੀ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰਿਸ਼ਟੀ-ਰਚਨਾ, ਦੈਂਤਾਂ, ਦੇਵਤਿਆਂ, ਅਵਤਾਰਾਂ, ਸ੍ਰੀ ਰਾਮ ਜੀ, ਲਊ, ਕੁਸ਼ੂ, ਕਈ ਰਾਜਿਆਂ, ਬੇਦੀ ਬੰਸ ਦੀ ਉਤਪਦੀ ਦਾ ਵਰਣਨ ਕੀਤਾ ਹੈ। ਆਪ ਨੇ ਆਪਣੇ ਪਿਛਲੇ ਜਨਮ ਦੇ ਸਮਾਚਾਰ, ਅਕਾਲ ਪੁਰਖ ਦੀ ਆਗਿਆ ਨਾਲ ਇਸ ਮਾਤਲੋਕ ਵਿਚ ਅਵਤਾਰ ਧਾਰਨ ਤੇ ਭੰਗਾਣੀ, ਹੁਸੈਨੀ ਤੇ ਨਦਾਉਣ ਆਦਿ ਜੰਗਾਂ ਨੂੰ ਬੜੇ ਵਿਸਥਾਰ ਨਾਲ ਲਿਖਿਆ ਹੈ। ਆਪਣੇ ਜੀਵਨ ਦੇ ਇਸ ਤੋਂ ਅਗਲੇ ਸਮਾਚਾਰ ਆਪ ਨੇ ਨਹੀਂ ਲਿਖੇ। ਜਾਪਦਾ ਹੈ ਕਿ ਰਾਜਸੀ ਝਮੇਲਿਆਂ ਵਿਚ ਉਲਝ ਜਾਣ ਕਰਕੇ ਆਪ ਨੂੰ ਬਾਕੀ ਸਮਾਚਾਰ ਲਿਖਣ ਦਾ ਸਮਾਂ ਨਹੀਂ ਮਿਲਿਆ।

ਇਸ ਬਾਣੀ ਦੇ ਆਰੰਭ ਦੇ ਪਹਿਲੇ ਅਧਿਆਇ ਵਿਚ ਆਪ ਨੇ ਅਕਾਲ ਪੁਰਖ ਦੀ ਉਸਤਤੀ ਕੀਤੀ ਹੈ ਤੇ ਫਿਰ ਬਾਕੀ ਦੇ ਸਮਾਚਾਰ ਲਿਖੇ ਹਨ। ਇਸ ਬਾਣੀ ਦੇ ਅੰਤਲੇ ਅਧਿਆਇ ਵਿਚ ਵੀ ਪ੍ਰਭੂ ਦੀ ਉਪਮਾ ਕਰਕੇ ਸਮਾਪਤੀ ਕੀਤੀ ਹੈ।

# ਅਥ ਸ੍ਰੀ ਚੰਡੀ ਚਰਿਤ੍ਰ ਉਕਤਿ ਬਿਲਾਸ ਲਿਖਯਤੇ

## ਸ੍ਰੀ ਮੁਖਵਾਕ ਪਾਤਿਸ਼ਾਹੀ ੧੦

ੴ ਸਤਿਗੁਰ ਪ੍ਰਸਾਦਿ ॥
ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ ॥
ਸ੍ਰੀ ਭਗਉਤੀ ਜੀ ਸਹਾਇ ॥

# ਚੰਡੀ ਚਰਿੱਤਰ ਉਕਤਿ ਬਿਲਾਸ

## ਅਧਿਆਏ ਪਹਿਲਾ

## ਮਧੁ ਕੈਟਬ ਦੈਂਤਾਂ ਦਾ ਕਤਲ

**ਸਵੈਯਾ ॥ ਆਦਿ ਅਪਾਰ ਅਲੇਖ ਅਨੰਤ ਅਕਾਲ ਅਭੇਖ ਅਲੱਖ ਅਨਾਸਾ ॥**
**ਕੈ ਸ਼ਿਵ ਸ਼ਕਤਿ ਦਏ ਸ੍ਰੁਤ ਚਾਰ ਰਜੋ ਤਮ ਸੱਤ ਤਿਹੂ ਪੁਰ ਬਾਸਾ ॥**
**ਦਿਉਸ ਨਿਸਾ ਸਸਿ ਸੂਰਕੈ ਦੀਪ ਸੁ ਸ੍ਰਿਸ਼ਟਿ ਰਚੀ ਪੰਚ ਤੱਤ ਪ੍ਰਕਾਸਾ ॥**
**ਬੈਰ ਬਢਾਇ ਲਰਾਇ ਸੁਰਾਸੁਰ ਆਪਹਿ ਦੇਖਤ ਬੈਠ ਤਮਾਸਾ ॥ ੧ ॥**

ਉਹ ਅਕਾਲ ਪੁਰਖ ਸਭ ਦਾ ਮੂਲ ਹੈ, ਉਸ ਦਾ ਪਾਰ ਨਹੀਂ ਪਾਇਆ ਜਾ ਸਕਦਾ, ਉਹ ਲੇਖੇ ਤੋਂ ਬਾਹਰ ਤੇ ਅੰਤ ਰਹਿਤ ਹੈ। ਉਸ ਨੂੰ ਕਾਲ ਨਹੀਂ ਵਿਆਪਦਾ, ਉਸ ਦਾ ਕੋਈ ਭੇਖ ਪਹਿਰਾਵਾ ਨਹੀਂ, ਉਹ ਨਾ ਲਖੇ ਜਾਣ ਵਾਲਾ ਤੇ ਨਾਸ ਰਹਿਤ ਹੈ। ਉਹ ਕਲਿਆਣ ਸਰੂਪ ਪ੍ਰਭੂ ਨੇ ਆਪਣੀ ਸ਼ਕਤੀ ਨਾਲ ਚਾਰ ਵੇਦ ਬਣਾਏ ਸਨ, ਤੇ ਉਹ ਰਜੋ, ਤਮੋ ਤੇ ਸਤੋ ਤਿੰਨਾਂ ਗੁਣਾਂ ਤੇ ਤਿੰਨਾਂ ਲੋਕਾਂ ਅਕਾਸ਼, ਪਤਾਲ ਤੇ ਮਾਤਲੋਕ ਵਿਚ ਨਿਵਾਸ ਕਰਦਾ ਹੈ। ਉਸ ਨੇ ਦਿਨ ਤੇ ਰਾਤ ਨੂੰ ਚਾਨਣਾ ਕਰਨ ਲਈ ਚੰਦ੍ਰਮਾਂ ਤੇ ਸੂਰਜ ਦੋ ਦੀਵੇ ਬਣਾਏ ਹਨ ਤੇ ਪੰਜਾਂ ਤੱਤਾਂ ਦਾ ਪ੍ਰਕਾਸ਼ ਕਰਕੇ ਸਾਰੀ ਸ੍ਰਿਸ਼ਟੀ ਦੇ ਜੀਵਾਂ ਦੀ ਰਚਨਾਂ ਕੀਤੀ ਹੈ। ਉਹ ਪ੍ਰਭੂ ਦੇਵਤਿਆਂ ਤੇ ਦੈਂਤਾ ਦੇ ਮਨਾਂ ਵਿਚ ਵੈਰ ਭਾਵਨਾਂ ਪੈਦਾ ਕਰਕੇ ਉਹਨਾਂ ਨੂੰ ਲੜਾਉਂਦਾ ਹੈ ਤੇ ਆਪ ਆਪਣੇ ਆਸਨ ਤੇ ਬੈਠਕੇ ਇਹ ਜਗਤ ਤਮਾਸ਼ਾ ਵੇਖਦਾ ਹੈ ॥ ੧ ॥

**ਦੋਹਰਾ ॥ ਕ੍ਰਿਪਾ ਸਿੰਧ ਤੁਮਰੀ ਕ੍ਰਿਪਾ ਜੌ ਕਛੁ ਮੋ ਪਰਿ ਹੋਇ ॥**
**ਰਚੋਂ ਚੰਡਕਾ ਕੀ ਕਥਾ ਬਾਣੀ ਸੁਭ ਹੋਇ ॥ ੨ ॥**

ਹੇ ਕਿਰਪਾ ਦੇ ਸਮੁੰਦਰ ਪ੍ਰਭੂ ! ਜੇ ਆਪ ਦੀ ਕਿਰਪਾ ਮੇਰੇ ਤੇ ਹੋਵੇ ਤਾਂ ਮੈਂ ਚੰਡਕਾਂ ਦੁਰਗਾ ਦੀ ਕਥਾ ਦੀ ਰਚਨਾ ਕਰਾਂ ਅਤੇ ਆਪ ਇਹ ਕਿਰਪਾ ਕਰੋ ਕਿ ਮੇਰੀ ਰਚੀ ਇਹ ਬਾਣੀ ਸ਼ੋਭਨੀਕ ਹੋਵੇ ॥ ੨ ॥

**ਜੋਤ ਜਗਮਗੈ ਜਗਤਿ ਮੈ ਚੰਡ ਚਮੁੰਡ ਪ੍ਰਚੰਡ॥**
**ਭੁਜ ਦੰਡਨ ਦੰਡਨਿ ਅਸੁਰ ਮੰਡਨ ਭੁਇ ਨਵ ਖੰਡ॥ ੩॥**

ਤੇਰੀ ਜੋਤੀ ਸਾਰੇ ਸੰਸਾਰ ਵਿਚ ਜਗ ਮਗ ਕਰ ਰਹੀ ਹੈ। ਤੇਰਾ ਤੇਜ ਬੜਾ ਪ੍ਰਚੰਡ ਹੈ ਤੇ ਤੇਰੀ ਸ਼ਕਤੀ ਵੱਡੇ ਦੈਂਤਾਂ ਦਾ ਨਾਸ ਕਰਨ ਵਾਲੀ ਅਤੇ ਨਵਾਂ ਖੰਡਾਂ ਨੂੰ ਸਿਰਜਣ ਵਾਲੀ ਹੈ॥ ੩॥

**ਸ੍ਵੈਯਾ॥ ਤਾਰਨ ਲੋਕ ਉਧਾਰਨ ਭੂਮਹਿ ਦੈਤ ਸੰਘਾਰਨ ਚੰਡ ਤੁਹੀ ਹੈ॥**
**ਕਾਰਨ ਈਸ ਕਲਾ ਕਮਲਾ ਹਰਿ ਅਦ੍ਰਸੁਤਾ ਜਹ ਦੇਖੋ ਉਹੀ ਹੈ॥**
**ਤਾਮਸ ਤਾ ਮਮਤਾ ਨਮਤਾ ਕਵਿਤਾ ਕਵਿ ਕੇ ਮਨ ਮੱਧਿ ਗੁਹੀ ਹੈ॥**
**ਕੀਨੋ ਹੈ ਕੰਚਨ ਲੋਹ ਜਗਤ੍ਰ ਮੈ ਪਾਰਸ ਮੂਰਤ ਜਾਹਿ ਛੁਹੀ ਹੈ॥ ੪॥**

ਪਦ ਅਰਥ - ਕਲਾ=ਸ਼ਕਤੀ। ਅਦ੍ਰਸੁਤਾ=ਪਾਰਬਤੀ।

ਹੇ ਅਕਾਲ ਪੁਰਖ ! ਸ੍ਰਿਸ਼ਟੀ ਦੇ ਲੋਕਾਂ ਨੂੰ ਤਾਰਨ ਵਾਲਾ, ਧਰਤੀ ਦਾ ਉਧਾਰ ਕਰਨ ਵਾਲਾ, ਦੈਂਤਾਂ ਨੂੰ ਨਾਸ ਕਰਨ ਵਾਲਾ ਤੇ ਚੰਡ ਤੇਜ ਸਰੂਪ ਤੂੰ ਹੀ ਹੈਂ। ਸੰਸਾਰ ਦਾ ਕਾਰਨ ਰੂਪ ਵਿਸ਼ਨੂੰ ਤੇ ਸ਼ਕਤੀ ਰੂਪ ਲਛਮੀ ਉਹੋ ਹੈ। ਜਗਤ ਦੇ ਨਾਸ ਕਰਨ ਵਾਲਾ ਸ਼ਿਵ ਤੇ ਉਸ ਦੀ ਸ਼ਕਤੀ ਰੂਪ ਪਾਰਬਤੀ ਵੀ ਉਹੋ ਹੈ। ਜਿਥੇ ਵੇਖੋ, ਉਹੋ ਪ੍ਰਭੂ ਵਿਆਪਕ ਹੋ ਰਿਹਾ ਹੈ। ਹੇ ਪ੍ਰਭੂ ! ਤਮੋ, ਰਜੋ ਤੇ ਸਤੋ, ਤਿੰਨਾਂ ਗੁਣਾਂ ਵਾਲੀ ਕਵਿਤਾ ਕਵੀ ਦੇ ਮਨ ਵਿਚ ਤੂੰ ਹੀ ਧਰੀ ਹੈ। ਹੇ ਪਰਮਾਤਮਾ ! ਉਹ ਸੰਸਾਰ ਵਿਚ ਲੋਹੇ ਤੋਂ ਸੋਨਾ ਹੋ ਜਾਂਦਾ ਹੈ, ਜਿਸ ਨਾਲ ਤੇਰੀ ਪਾਰਸ ਰੂਪ ਮੂਰਤੀ ਛੋਹ ਜਾਂਦੀ ਹੈ॥ ੪॥

**ਦੋਹਰਾ॥ ਪ੍ਰਮੁਦ ਕਰਨ ਸਭ ਭੈ ਹਰਨ ਨਾਮ ਚੰਡਕਾ ਜਾਸ॥**
**ਰਚੋਂ ਚਰਿੱਤ੍ਰ ਬਚਿੱਤ੍ਰ ਤੁਅ ਕਰੋ ਸਬੁੱਧ ਪ੍ਰਕਾਸ॥ ੫॥**

ਜੋ ਭਗਤਾਂ ਨੂੰ ਪ੍ਰਸੰਨ ਕਰਨ ਵਾਲੀ ਤੇ ਸਭ ਡਰ ਦੂਰ ਕਰਨ ਵਾਲੀ ਹੈ ਤੇ ਜਿਸ ਦਾ ਨਾਂ ਚੰਡਕਾ ਭਾਵ ਦੁਰਗਾ ਹੈ। ਹੇ ਪ੍ਰਭੂ ! ਆਪ ਕਿਰਪਾ ਕਰਕੇ ਮੈਨੂੰ ਉਤਮ ਬੁਧੀ ਬਖਸ਼ੋ, ਤਾਕਿ ਮੈਂ ਉਸ ਚੰਡਕਾ ਦੇ ਅਲੌਕਿਕ ਕੌਤਕਾਂ ਦਾ ਵਰਣਨ ਕਰਾਂ॥ ੫॥

**ਪਰਹਾ॥ ਆਇਸ ਅਬ ਜੋ ਹੋਇ ਗ੍ਰੰਥ ਤਉ ਮੈ ਰਚੋ॥**
**ਰਤਨ ਪ੍ਰਮੁਦ ਕਰ ਬਚਨ ਚੀਨ ਤਾ ਮੈ ਗਚੋ॥**
**ਭਾਖਾ ਸ਼ੁਭ ਸਭ ਕਰਹੋ ਧਰਿਹੋ ਕ੍ਰਿੱਤ ਮੈ॥**
**ਅਦਭੁਤ ਕਥਾ ਅਪਾਰ ਸਮਝ ਕਰਿ ਚਿੱਤ ਮੈ॥ ੬॥**

ਹੇ ਪ੍ਰਭੂ ! ਜੇ ਆਪ ਦੀ ਆਗਿਆ ਹੋਵੇ ਤਾਂ ਮੈਂ ਇਸ ਗ੍ਰੰਥ ਦੀ ਰਚਨਾ ਕਰਾਂ। ਰਤਨ ਰੂਪ

ਤੇ ਪ੍ਰਸੰਨ ਕਰਨ ਵਾਲੇ ਬਚਨਾਂ ਨੂੰ ਇਕੱਠਿਆਂ ਕਰਕੇ ਉਸ ਰਚਨਾਂ ਵਿਚ ਜੜਾਂ। ਆਪਣੇ ਮਨ ਵਿਚ ਇਸ ਕਥਾ ਨੂੰ ਅਪਾਰ ਤੇ ਅਦਭੁਤ ਜਾਣਕੇ ਮੈਂ ਇਸ ਨੂੰ ਕਵਿਤਾ ਵਿਚ ਰਚਨ ਦਾ ਯਤਨ ਕਰਦਾ ਹਾਂ॥੬॥

ਮਾਰਕੰਡੇਯ ਪੁਰਾਣ ਵਿਚ ਜੋ ਚੰਡੀ ਦੇ ਚਰਿਤ੍ਰ ਲਿਖੇ ਸਨ, ਉਸ ਨੂੰ ਆਮ ਲੋਕਾਂ ਦੇ ਪੜ੍ਹਨ ਵਾਸਤੇ ਸਰਲ ਭਾਸ਼ਾ ਵਿਚ ਅਨੁਵਾਦ ਕਰਨ ਦੀ ਮੇਰੀ ਇੱਛਾ ਹੈ। ਇਸ ਕਥਾ ਨੂੰ ਮੈਂ ਕਵਿਤਾ ਦੀ ਛੰਦਾ ਬੰਦੀ ਵਿਚ ਬੜੇ ਉਤਸ਼ਾਹ ਨਾਲ ਰਚਦਾ ਹਾਂ।

**ਸ੍ਵੈਯਾ॥ ਤ੍ਰਾਸ ਕੁਟੰਬ ਕੇ ਹੁਇਕੈ ਉਦਾਸ॥ ਅਵਾਸ ਕੋ ਤਯਾਗਿ ਬਸਿਓ ਬਨਰਾਈ॥**
**ਨਾਮ ਸੁਰੱਥ ਮੁਨੀਸ਼ਰ ਬੇਖ ਸਮੇਤ ਸਮਾਧ ਸਮਾਧ ਲਗਾਈ॥**
**ਚੰਡ ਅਖੰਡ ਖੰਡੇ ਕਰ ਕੋਪ ਭਈ ਸੁਰ ਰੱਛਨ ਕੋ ਸਮੁਹਾਈ॥**
**ਬੂਝਹੁ ਜਾਇ ਤਿਨੈ ਤੁਮ ਸਾਧ ਅਗਾਧਿ ਕਥਾ ਕਿਹ ਭਾਂਤਿ ਸੁਨਾਈ॥੭॥**

ਪਦ ਅਰਥ - ਤ੍ਰਾਸ=ਡਰ। ਅਵਾਸ=ਘਰ। ਰਾਈ=ਰਾਜਾ।

ਪਰਵਾਰ ਦੇ ਝੰਜਟਾਂ ਤੋਂ ਡਰ ਕੇ ਉਦਾਸ ਹੋ ਕੇ ਰਾਜਾ ਸੁਰੱਥ ਘਰ ਨੂੰ ਛੱਡਕੇ ਜੰਗਲ ਵਿਚ ਜਾ ਵਸਿਆ।

ਉਸ ਰਾਜੇ ਦਾ ਨਾਂ 'ਸੁਰੱਥ' ਸੀ, ਉਹ ਮੁਨੀਆਂ ਦੇ ਭੇਸ ਵਾਲਾ ਸਮ ਦਮ ਆਦਿ ਗੁਣਾਂ ਸਮੇਤ ਸਮਾਧੀ ਵਿਚ ਲੀਨ ਹੋ ਗਿਆ ਉਸਨੇ ਆਪਣੇ ਇਕ ਸਾਥੀ ਮੁਨੀ ਨਾਲ ਵਿਚਾਰ ਕੀਤਾ ਕਿ ਜਿਹੜੀ ਚੰਡਕਾ ਨਾ ਖੰਡੇ ਜਾਣ ਵਾਲੇ ਦੈਂਤਾਂ ਦਾ ਬੜੇ ਕਰੋਧ ਨਾਲ ਨਾਸ ਕਰਦੀ ਰਹੀ ਹੈ, ਉਹ ਦੇਵਤਿਆਂ ਦੀ ਰੱਖਿਆ ਕਰਨ ਵਾਲੀ ਸ਼ਕਤੀ ਕਿਸ ਤਰ੍ਹਾਂ ਪ੍ਰਗਟ ਹੋਈ ਸੀ? ਉਸ ਸੁਰੱਥ ਰਿਸ਼ੀ ਨੇ ਦੂਸਰੇ ਰਿਸ਼ੀ ਕੋਲ ਜਾ ਕੇ ਕਿਹਾ-ਹੇ ਮਹਾਤਮਾਂ ਜੀ ! ਉਸ ਅਗਾਧ ਚੰਡਕਾ ਦੀ ਕਥਾ ਕਿਸ ਪ੍ਰਕਾਰ ਦੀ ਹੈ ਕਿਰਪਾ ਕਰਕੇ ਮੈਨੂੰ ਇਹ ਕਥਾ ਸੁਣਾਓ॥੭॥

## ਤੋਟਕ ਛੰਦ॥ਮੁਨੀਸ਼ਰੋ ਵਾਚ॥

**ਹਰਿ ਸੋਇ ਰਹੈ ਸਜ ਸੈਨ ਤਹਾ॥ ਜਲ ਜਾਲ ਕਰਾਲ ਬਿਸਾਲ ਜਹਾ॥**
**ਭਯੋ ਨਾਭ ਸਰੋਜ ਤੇ ਬਿਸੁਕਰਤਾ॥ ਸ੍ਰੁਤ ਮੈਲ ਤੇ ਦੈਤ ਰਹੇ ਜੁਗਤਾ॥੮॥**

ਪਦ ਅਰਥ - ਸੈਨ=ਸੇਜ। ਨਾਭ=ਧੁੰਨੀ। ਸਰੋਜ=ਕਵਲ ਫੁਲ। ਸ੍ਰੁਤ=ਕੰਨ।

ਸੁਰਥ ਦਾ ਇਹ ਪ੍ਰਸ਼ਨ ਸੁਣਕੇ ਸਾਥੀ ਮੁਨੀ ਅਗੋਂ ਕਹਿਣ ਲਗਾ ਕਿ ਜਿਸ ਜਗ੍ਹਾ ਵਿਸ਼ਨੂੰ ਜੀ ਸੇਜਾ ਸਜਾਕੇ ਸੌਂ ਰਹੇ ਸਨ, ਉਸ ਦੇ ਆਲੇ ਦੁਆਲੇ ਬਹੁਤ ਭਿਆਨਕ ਜਲ ਹੀ ਜਲ ਸੀ। ਵਿਸ਼ਨੂੰ ਜੀ ਦੀ ਨਾਭੀ ਧੁਨੀ, ਵਿਚੋਂ ਇਕ ਕੌਲ-ਫੁਲ ਪੈਦਾ ਹੋਇਆ ਉਸ ਕੌਲ ਫੁੱਲ ਤੋਂ ਬ੍ਰਹਮਾ ਦਾ ਜਨਮ ਹੋਇਆ। ਫਿਰ ਵਿਸ਼ਨੂੰ ਜੀ ਦੇ ਕੰਨਾਂ ਦੀ ਮੈਲ ਤੋਂ ਦੋ ਦੈਤ ਉਤਪੰਨ ਹੋਏ॥੮॥

**ਮਧੁ ਕੈਟਭ ਨਾਮ ਧਰੇ ਤਿਨ ਕੇ॥ ਅਤਿ ਦੀਰਘ ਦੇਹ ਭਏ ਜਿਨਕੇ॥**
**ਤਿਨ ਦੇਖ ਲੁਕੇਸ਼ ਡਰਿਓ ਹੀਅ ਮੈ॥ ਜਗ ਮਾਤ ਕੋ ਧਜਾਨੁ ਧਰਿਯੋ ਜੀਅ ਮੈ॥ ੯॥**

ਪਦ ਅਰਥ - ਲੁਕੇਸ=ਬ੍ਰਹਮਾ। ਜਗ ਮਾਤ=ਦੁਰਗਾ ਸ਼ਕਤੀ।

ਉਹਨਾਂ ਦੋਹਾਂ ਦੈਂਤਾਂ ਦੇ ਮਧੁ ਤੇ ਕੈਟਭ ਨਾਮ ਰਖੇ ਗਏ। ਉਹਨਾਂ ਦੇ ਸਰੀਰ ਬਹੁਤ ਵਡੇ ਹੋ ਗਏ। ਉਹਨਾਂ ਬਲੀ ਦੈਂਤਾਂ ਨੂੰ ਵੇਖਕੇ ਬ੍ਰਹਮਾ ਆਪਣੇ ਮਨ ਵਿਚ ਬਹੁਤ ਡਰਿਆ। ਬ੍ਰਹਮਾ ਨੇ ਜਗਤ ਮਾਤਾ ਦੁਰਗਾ ਸ਼ਕਤੀ ਦਾ ਧਿਆਨ ਆਪਣੇ ਹਿਰਦੇ ਵਿਚ ਧਾਰਿਆ॥ ੯॥

**ਦੋਹਰਾ॥ ਛੁਟੀ ਚੰਡ ਜਾਗੇ ਬ੍ਰਹਮ ਕਰਿਓ ਜੁੱਧ ਕੋ ਸਾਜੁ॥**
**ਦੈਤ ਸਭੈ ਘਟਿ ਜਾਹਿ ਜਿਉ ਬਢੈ ਦੇਵਤਨ ਰਾਜ॥ ੧੦॥**

ਜਦੋਂ ਬ੍ਰਹਮਾ ਜੀ ਨੇ ਆਦਿ ਸ਼ਕਤੀ ਦਾ ਸਿਮਰਨ ਕੀਤਾ, ਤਦੋਂ ਵਿਸ਼ਨੂੰ ਜੀ ਦੀ ਯੋਗ ਨਿੰਦ੍ਰਾ ਖੁਲੀਂ, ਉਹਨਾਂ ਨੇ ਦੈਂਤਾਂ ਨਾਲ ਜੁਧ ਕਰਨ ਦਾ ਸਾਰਾ ਸਮਾਨ ਇਕੱਠਾ ਕੀਤਾ। ਉਹ ਸੋਚਣ ਲਗੇ ਕਿ ਇਸ ਤਰ੍ਹਾਂ ਦਾ ਉਪਾਅ ਕੀਤਾ ਜਾਏ ਜਿਸ ਨਾਲ ਦੈਂਤਾਂ ਦਾ ਨਾਸ ਹੋ ਜਾਏ ਤੇ ਦੇਵਤਿਆਂ ਦਾ ਰਾਜ ਵਧੇ ਫੁਲੇ॥ ੧੦॥

**ਸਵੈਯਾ॥ ਜੁੱਧ ਕਰਿਓ ਤਿਨ ਸੋਂ ਭਗਵੰਤ ਨ ਮਾਰ ਸਕੈ ਅਤਿ ਦੈਤ ਬਲੀ ਹੈ॥**
**ਸਾਲ ਭਏ ਤਿਨ ਪੰਚ ਹਜਾਰ ਦੁਹੂੰ ਲਰਤੇ ਨਹਿ ਬਾਂਹ ਟਲੀ ਹੈ॥**
**ਦੈਤਨ ਰੀਝ ਕਹਿਓ ਬਰ ਮਾਂਗ ਕਹਿਓ ਹਰਿ ਸੀਸਨ ਦੇਹ ਭਲੀ ਹੈ॥**
**ਧਾਰਿ ਉਰੂ ਪਰਿ ਚੱਕ੍ਰ ਸੋਂ ਕਾਟਕੈ ਜੋਤਿ ਲੈ ਆਪਨੈ ਅੰਗ ਮਲੀ ਹੈ॥ ੧੧॥**

ਵਿਸ਼ਨੂੰ ਜੀ ਨੇ ਦੇਵਤਿਆਂ ਦੀ ਰੱਖਿਆ ਕਰਨ ਲਈ ਉਹਨਾਂ ਦੈਂਤਾਂ ਨਾਲ ਜੁੱਧ ਕੀਤਾ ਪਰ ਉਹ ਦੈਂਤ ਏਨੇ ਬਲਵਾਨ ਸਨ ਕਿ ਵਿਸ਼ਨੂੰ ਜੀ ਉਨ੍ਹਾਂ ਨੂੰ ਮਾਰ ਨਾ ਸਕੇ। ਦੋਹਾਂ ਨੂੰ ਲੜਦਿਆਂ ਪੰਜ ਹਜ਼ਾਰ ਸਾਲ ਬੀਤ ਗਏ, ਪਰ ਦੋਹਾਂ ਪਾਸਿਆਂ ਤੋਂ ਕਿਸੇ ਦੀ ਬਾਂਹ ਨਾਂ ਥੱਕੀ ਭਾਵ ਕੋਈ ਵੀ ਨਾ ਹਾਰਿਆ ਵਿਸ਼ਨੂੰ ਭਗਵਾਨ ਦੇ ਜੁੱਧ ਨੂੰ ਵੇਖਕੇ ਦੈਂਤ ਬੜੇ ਪ੍ਰਸੰਨ ਹੋਏ। ਉਹਨਾਂ ਨੇ ਵਿਸ਼ਨੂੰ ਜੀ ਨੂੰ ਕਿਹਾ ਕਿ ਅਸੀਂ ਤੁਹਾਡਾ ਜੁੱਧ ਵੇਖਕੇ ਬੜੇ ਖੁਸ਼ ਹੋਏ ਹਾਂ। ਤੁਹਾਡੀ ਜੋ ਇੱਛਾ ਹੋਵੇ, ਸਾਡੇ ਕੋਲੋਂ ਵਰ ਮੰਗ ਲਵੋ। ਤਦ ਵਿਸ਼ਨੂੰ ਜੀ ਨੇ ਕਿਹਾ ਕਿ ਤੁਸੀਂ ਦੋਵੇਂ ਮੈਨੂੰ ਆਪਣੇ ਸਿਰ ਦੇ ਦਿਓ। ਦੈਂਤਾਂ ਨੇ ਕਿਹਾ ਕਿ ਇਹ ਗੱਲ ਤੁਸਾਂ ਚੰਗੀ ਕਹੀ ਹੈ। ਪਰ ਸ਼ਰਤ ਇਹ ਹੈ ਕਿ ਸਾਨੂੰ ਉਸ ਜਗ੍ਹਾ ਮਾਰਨਾ ਜਿਥੇ ਪਾਣੀ ਨਾ ਹੋਵੇ। ਵਿਸ਼ਨੂੰ ਜੀ ਨੇ ਦੈਂਤਾਂ ਦੀ ਸ਼ਰਤ ਅਨੁਸਾਰ ਉਹਨਾਂ ਦੋਹਾਂ ਦੇ ਸਿਰਾਂ ਨੂੰ ਆਪਣੇ ਪੱਟਾਂ ਤੇ ਰਖਕੇ ਸੁਦਰਸ਼ਨ ਚੱਕ੍ਰ ਨਾਲ ਕੱਟ ਦਿੱਤਾ ਤੇ ਉਹਨਾਂ ਦੀ ਜੋਤਿ ਭਾਵ ਚੇਤਨ ਸੱਤਾ ਨੂੰ ਵਿਸ਼ਨੂੰ ਜੀ ਨੇ ਆਪਣੇ ਅੰਗਾਂ ਤੇ ਮੱਲ ਲਿਆ ਭਾਵ ਉਹਨਾਂ ਦੈਂਤਾਂ ਦੀ ਆਤਮਾ ਨੂੰ ਵਿਸ਼ਨੂੰ ਜੀ ਨੇ ਆਪਣੇ ਸਰੂਪ ਵਿਚ ਅਭੇਦ ਕਰ ਲਿਆ॥ ੧੧॥

**ਸੋਰਠਾ॥ ਦੇਵਨ ਥਾਪਿਓ ਰਾਜ ਮਧੁ ਕੈਟਭ ਕੋ ਮਾਰਿਕੈ॥**
**ਦੀਨੋ ਸਕਲ ਸਮਾਜ ਬੈਕੁੰਠਗਾਮੀ ਹਰਿ ਭਏ॥੧੨॥**

ਵਿਸ਼ਨੂੰ ਜੀ ਨੇ ਮਧੁ ਤੇ ਕੈਟਭ ਦੋਹਾਂ ਦੈਂਤਾਂ ਨੂੰ ਮਾਰਕੇ ਦੇਵਤਿਆਂ ਦਾ ਰਾਜ ਕਾਇਮ ਕਰ ਦਿੱਤਾ। ਰਾਜ ਸਾਜ ਦਾ ਸਾਰਾ ਸਮਾਨ ਦੇਵਤਿਆਂ ਨੂੰ ਦੇ ਕੇ ਵਿਸ਼ਨੂੰ ਜੀ ਬੈਕੁੰਠ ਨੂੰ ਚਲੇ ਗਏ॥ ੧੨॥

ਇਤਿ ਸ੍ਰੀ ਮਾਰਕੰਡੇ ਪੁਰਾਨੇ ਚੰਡੀ ਚਰਿਤ੍ਰ ਉਕਤਿ ਬਿਲਾਸ ਮਧੁ ਕੈਟਭ ਬਧਹਿ ਪ੍ਰਥਮ ਧਜਾਇ ਸਮਾਪਤਮ॥੧॥੧੨॥ਅਫਜੂੰ॥

ਸ੍ਰੀ ਮਾਰਕੰਡੇ ਪੁਰਾਨ, ਚੰਡੀ ਚਰਿੱਤਰ ਉਕਤਿ ਬਿਲਾਸ, ਮਧੁ ਕੈਟਬ ਦੈਂਤਾਂ ਦਾ ਕਤਲ.ਅਧਿਆਏ ਪਹਿਲਾ ਸਮਾਪਤ॥੧॥੧੨॥ਚਲਦਾ॥

# ਅਧਿਆਏ ਦੂਸਰਾ

## ਮਹਖਾਸੁਰ ਦੈਂਤ ਦਾ ਕਤਲ

**ਪਰਹਾ॥ ਬਹੁਰਿ ਭਇਓ ਮਹਖਾਸੁਰ ਤਿਨ ਕੋ ਕਿਆ ਕੀਆ॥**
**ਭੁਜਾ ਜੋਰ ਕਰਿ ਜੁੱਧੁ ਜੀਤ ਸਭ ਜਗੁ ਲੀਆ॥**
**ਸੁਰ ਸਮੂਹ ਸੰਘਾਰੇ ਰਣਹਿ ਪਚਾਰ ਕੈ॥**
**ਟੂਕ ਟੂਕ ਕਰ ਡਾਰੇ ਆਯੁਧ ਧਾਰ ਕੈ॥੧੩॥**

ਪਦ ਅਰਥ - ਮਹਖਾਸੁਰ=ਝੋਟੇ ਦੇ ਸਿਰ ਵਾਲਾ ਦੈਂਤ। ਪਚਾਰ ਕੈ=ਵੰਗਾਰਕੇ। ਆਯੁਧ=ਸ਼ਸਤਰ।

ਫੇਰ ਮਹਿਖਾਸੁਰ ਦੈਂਤ ਪੈਦਾ ਹੋਇਆ ਉਸ ਨੇ ਕੀ ਕੀਤਾ ? ਉਸ ਨੇ ਇਹ ਕੀਤਾ ਕਿ ਆਪਣੀਆਂ ਬਾਂਹਾਂ ਦੇ ਬਲ ਨਾਲ ਸਾਰੇ ਸੰਸਾਰ ਨੂੰ ਜਿੱਤ ਲਿਆ। ਸਾਰੇ ਦੇਵਤਿਆਂ ਨੂੰ ਜੁੱਧ ਵਿਚ ਵੰਗਾਰ ਵੰਗਾਰ ਕੇ ਮਾਰ ਦਿੱਤਾ। ਉਸ ਨੇ ਸ਼ਸਤਰ ਧਾਰਨ ਕਰਕੇ ਸਭ ਦੇਵਤਿਆਂ ਨੂੰ ਟੁਕੜੇ ਟੁਕੜੇ ਕਰ ਦਿੱਤਾ॥੧੩॥

**ਸਵੈਯਾ॥ ਜੁੱਧ ਕਰਜੋ ਮਹਿਖਾਸੁਰ ਦਾਨਵ ਮਾਰਿ ਸਭੈ ਸੁਰ ਸੈਨ ਗਿਰਾਇਓ॥**
**ਕੈ ਕੈ ਦੁ ਟੂਕ ਦਏ ਅਰ ਖੇਤ ਮਹਾਂਬਰਬੰਡ ਮਹਾ ਰਨ ਪਾਇਓ॥**
**ਸ੍ਰੋਣ ਤਰੰਗ ਸਨਿਓ ਨਿਸਰਿਓ ਜਸੁ ਇਆ ਛਬਿ ਕੋ ਮਨ ਮੈ ਇਹਿ ਆਇਓ॥**
**ਮਾਰਿਕੈ ਛਤ੍ਰਨਿ ਕੁੰਡਕੈ ਛੇਤ੍ਰ ਮੈ ਮਾਨਹੁ ਪੈਠਿਕੈ ਰਾਮਜੂ ਨ੍ਹਾਇਓ॥੧੪॥**

ਮਹਿਖਾਸੁਰ ਦੈਂਤ ਨੇ ਇਸ ਪ੍ਰਕਾਰ ਭਿਆਨਕ ਜੁੱਧ ਕੀਤਾ ਕਿ ਸਭ ਦੇਵਤਿਆਂ ਦੀ ਸੈਨਾ ਨੂੰ ਮਾਰ ਸੁਟਿਆ।

ਉਸ ਨੇ ਮੈਦਾਨਿ-ਜੰਗ ਵਿਚ ਦੁਸ਼ਮਨਾਂ ਦੇ ਦੋ ਦੋ ਟੋਟੇ ਕਰ ਦਿੱਤੇ। ਉਸ ਮਹਾਨ ਬਲੀ ਸੂਰਮੇ ਨੇ ਬੜਾ ਘਮਸਾਨ ਮਚਾਇਆ। ਰਣ-ਭੂਮੀ ਵਿਚੋਂ ਲਹੂ ਨਾਲ ਭਿੱਜਾ ਹੋਇਆ ਜਦੋਂ ਉਹ ਬਾਹਰ ਨਿਕਲਿਆ, ਉਸ ਦੀ ਇਸ ਸੁੰਦਰਤਾ ਨੂੰ ਵੇਖਕੇ ਮੇਰੇ ਮਨ ਵਿਚ ਇਹ ਵਿਚਾਰ ਆਇਆ ਕਿ ਛੱਤ੍ਰੀਆਂ ਨੂੰ ਮਾਰ ਕੇ ਉਹਨਾਂ ਦੇ ਲਹੂ ਦੇ ਤਲਾ ਵਿਚ ਮਾਨੋ ਪਰਸ ਰਾਮ ਨੇ ਇਸ਼ਨਾਨ ਕੀਤਾ ਹੈ॥੧੪॥

**ਸਵੈਯਾ॥ ਲੈ ਮਹਖਾਸੁਰ ਅਸਤ੍ਰ ਸੁ ਸ਼ਸਤਰ ਸਭੈ ਕਲਵਤ੍ਰ ਜਿਉ ਚੀਰ ਕੈ ਡਾਰੇ॥**
**ਲੁੱਥ ਪੈ ਲੁੱਥ ਰਹੀ ਗੁੱਥ ਜੁੱਥ ਗਿਰੇ ਗਿਰ ਸੇ ਰਥ ਸੇਂਧਵ ਭਾਰੇ॥**
**ਗੂਦ ਸਨੇ ਸਿਤ ਲੋਹੂ ਮੈ ਲਾਲ ਕਰਾਲ ਪਰੇ ਰਨ ਮੈ ਗਜਕਾਰੇ॥**
**ਜਿਉ ਦਰਜੀ ਜਮ ਮ੍ਰਿਤ ਕੇ ਸੀਤ ਮੈ ਬਾਗੇ ਅਨੇਕ ਕਤਾ ਕਰਿ ਡਾਰੇ॥ ੧੫॥**

ਪਦ ਅਰਥ - ਗਿਰ=ਪਹਾੜ। ਸੇਂਧਵ=ਘੋੜੇ। ਬਾਗੇ=ਪੁਸ਼ਾਕਾਂ।

ਮਹਿਖਾਸੁਰ ਦੈਂਤ ਨੇ ਆਪਣੇ ਹਥ ਵਿਚ ਅਸਤ੍ਰ ਤੇ ਸ਼ਸਤਰ ਲੈ ਕੇ ਸਭ ਦੁਸ਼ਮਨਾਂ ਨੂੰ ਆਰੇ ਵਾਂਗੂੰ ਚੀਰ ਦਿੱਤਾ।

ਗੁੱਥਾ ਮੁੱਥਾ ਹੋ ਕੇ ਲੋਥਾਂ ਤੇ ਲੋਥਾਂ ਪੈ ਰਹੀਆਂ ਸਨ ਤੇ ਬੜੇ ਬੜੇ ਪਹਾੜਾ ਵਰਗੇ ਸੂਰਮੇ, ਰਥ ਤੇ ਘੋੜੇ ਮੈਦਾਨ ਵਿਚ ਡਿੱਗੇ ਪਏ ਸਨ। ਚਿੱਟੀ ਮਿੱਝ ਤੇ ਲਾਲ ਲਹੂ ਨਾਲ ਲਿਬੜੇ ਹੋਏ ਕਾਲੇ ਤੇ ਡਰਾਉਣੇ ਹਾਥੀ ਰਣਭੂਮੀ ਵਿਚ ਮਰੇ ਪਏ ਸਨ। ਜਮਕਾਲ ਦੇ ਮਾਰੇ ਹੋਏ ਸੂਰਮੇ ਮੈਦਾਨ ਵਿਚ ਇਉਂ ਡਿਗੇ ਪਏ ਸਨ ਜਿਵੇਂ ਸਰਦੀਆਂ ਦੀ ਰੁੱਤ ਵਿਚ ਦਰਜੀ ਅਨੇਕਾਂ ਕੱਪੜਿਆਂ ਨੂੰ ਕਟ ਕੇ ਸੁਟ ਦੇਂਦਾ ਹੈ॥੧੫॥

**ਸਵੈਯਾ॥ ਲੈ ਸੁਰ ਸੰਗ ਸਭੈ ਸੁਰਪਾਲ ਸੁ ਕੋਪ ਕੈ ਸ਼ੱਤ੍ਰ ਕੀ ਸੈਨ ਪੈ ਧਾਏ॥**
**ਦੈ ਮੁਖ ਢਾਰ ਲੀਏ ਕਰਵਾਰ ਹਕਾਰ ਪਚਾਰ ਪ੍ਰਹਾਰ ਲਗਾਏ॥**
**ਸ੍ਰੋਣ ਮੈ ਦੈਤ ਸੁਰੰਗ ਭਏ ਕਬਿ ਨੇ ਮਨ ਭਾਉ ਇਹੈ ਛਬਿ ਪਾਏ॥**
**ਰਾਮ ਮਨੋ ਰਨ ਜੀਤ ਕੈ ਭਾਲਕ ਦੈ ਸਿਰਪਾਉ ਸਭੈ ਪਹਰਾਏ॥ ੧੬॥**

ਪਦ ਅਰਥ - ਸੁਰਪਾਲ=ਇੰਦਰ ਦੇਵਤਾ।

ਇੰਦਰ ਨੇ ਬੜੇ ਕਰੋਧ ਨਾਲ ਦੇਵਤਿਆਂ ਦੀ ਸੈਨਾ ਨੂੰ ਆਪਣੇ ਨਾਲ ਲੈ ਕੇ ਮਹਿਖਾਸੁਰ ਤੇ ਚੜ੍ਹਾਈ ਕੀਤੀ। ਇੰਦਰ ਨੇ ਆਪਣੇ ਮੂੰਹ ਅਗੇ ਢਾਲ ਦੀ ਓਟ ਲੈ ਕੇ ਤੇ ਹੱਥ ਵਿਚ ਤਲਵਾਰ ਫੜ ਕੇ ਦੁਸ਼ਮਣਾਂ ਨੂੰ ਲਲਕਾਰ ਕੇ ਤੇ ਵੰਗਾਰ ਕੇ ਵਾਰ ਕੀਤੇ। ਲਹ ਨਾਲ ਦੈਂਤ ਲਾਲੋ ਲਾਲ ਹੋ

ਗਏ। ਉਹਨਾਂ ਦੀ ਇਹ ਛਬਿ ਸੁੰਦਰਤਾ ਵੇਖਕੇ ਕਵੀ ਦੇ ਮਨ ਵਿਚ ਇਹ ਭਾਵ ਪ੍ਰਗਟ ਹੋਏ ਕਿ ਮਾਨੋ ਰਾਮ ਜੀ ਨੇ ਰਣਭੂਮੀ ਵਿਚ ਜਿੱਤ ਪ੍ਰਾਪਤ ਕਰਕੇ ਰਿੱਛਾਂ ਨੂੰ ਸਿਰੋਪੇ ਪਹਿਨਾਏ ਸਨ॥੧੬॥

**ਸਵੈਯਾ॥ ਘਾਇਲ ਘੂਮਤ ਹੈ ਰਨ ਮੈ ਇਕ ਲੋਟਤ ਹੈ ਧਰਨੀ ਬਿਲਲਾਤੇ॥**
**ਦਉਰਤ ਬੀਚ ਕਬੰਧ ਫਿਰੈ ਜਿਹ ਦੇਖਤ ਕਾਇਰ ਹੈਂ ਡਰਪਾਤੇ॥**
**ਇਯੋ ਮਹਿਖਾਸੁਰ ਜੁੱਧੁ ਕੀਯੋ ਤਬ ਜੰਬੁਕ ਗਿਰਝ ਭਏ ਰੰਗ ਰਾਤੇ॥**
**ਸ੍ਰੋਨ ਪ੍ਰਵਾਹ ਮੈ ਪਾਇ ਪਸਾਰਕੇ ਸੋਏ ਹੈਂ ਸੂਰ ਮਨੋ ਮਦ ਮਾਤੇ॥੧੭॥**

ਕਈ ਸੂਰਮੇ ਜ਼ਖਮੀ ਹੋ ਕੇ ਰਣਭੂਮੀ ਵਿਚ ਫਿਰ ਰਹੇ ਸਨ ਤੇ ਕਈ ਧਰਤੀ ਉਤੇ ਡਿਗੇ ਲੇਟ ਰਹੇ ਸਨ ਤੇ ਕਈ ਰੋ ਰਹੇ ਸਨ। ਕਈਆਂ ਦੇ ਸਿਰ ਲੱਥੇ ਹੋਏ ਸਨ ਤੇ ਉਹਨਾਂ ਦੇ ਧੜ ਹੀ ਮੈਦਾਨ ਵਿਚ ਦੌੜਦੇ ਫਿਰਦੇ ਸਨ, ਜਿਨ੍ਹਾਂ ਨੂੰ ਵੇਖਕੇ ਬੁਜ਼ਦਿਲ ਡਰ ਨਾਲ ਕੰਬ ਰਹੇ ਸਨ। ਜਦੋਂ ਮਹਿਖਾਸੁਰ ਨੇ ਇਸ ਤਰ੍ਹਾਂ ਦਾ ਭਿਆਨਕ ਜੁੱਧ ਕੀਤਾ, ਤਦ ਮੁਰਦਿਆਂ ਨੂੰ ਵੇਖਕੇ ਗਿੱਦੜ ਤੇ ਗਿਰਝਾਂ ਬੜੀਆਂ ਪ੍ਰਸੰਨ ਹੋਈਆਂ। ਲਹੂ ਦੇ ਵਹਿਣ ਵਿਚ ਸੂਰਮੇ ਇਉਂ ਪੈਰ ਪਸਾਰਕੇ ਪਏ ਸਨ ਮਾਨੋਂ ਸ਼ਰਾਬ ਨਾਲ ਮਸਤ ਹੋਏ ਸੂਰਮੇ ਲੇਟੇ ਹੋਏ ਸਨ॥੧੭॥

**ਸਵੈਯਾ॥ ਜੁੱਧੁ ਕੀਓ ਮਹਖਾਸੁਰ ਦਾਨਵ ਦੇਖਤ ਭਾਨ ਚਲੇ ਨਹੀ ਪੰਥਾ॥**
**ਸ੍ਰੋਨ ਸਮੂਹ ਚਲਿਓ ਲਖਿਕੈ ਚਤੁਰਾਨਨ ਭੂਲਿ ਗਏ ਸਭ ਗ੍ਰੰਥਾ॥**
**ਮਾਸ ਨਿਹਾਰਕੈ ਗ੍ਰਿਝ ਰੜੈਂ ਚਟਸਾਰ ਪੜ੍ਹੈਂ ਜਿਮੁ ਬਾਰਕ ਸੰਥਾ॥**
**ਸਾਰਸੁਤੀ ਤਟ ਲੈ ਭਟ ਲੋਥ ਸ੍ਰਿੰਗਾਲ ਕਿ ਸਿੱਧ ਬਨਾਵਤ ਕੰਥਾ॥੧੮॥**

ਪਦ ਅਰਥ - ਸ੍ਰਿੰਗਾਲ=ਗਿੱਦੜ।

ਮਹਿਖਾਸੁਰ ਦੈਂਤ ਨੇ ਇਸ ਤਰ੍ਹਾਂ ਦਾ ਭਿਆਨਕ ਜੰਗ ਕੀਤਾ ਕਿ ਚਲਦਾ ਚਲਦਾ ਸੂਰਜ ਵੀ ਜੁੱਧ ਵੇਖਣ ਲਈ ਖੜੋ ਗਿਆ। ਹਰ ਪਾਸੇ ਖ਼ੂਨ ਦੀਆਂ ਨਦੀਆਂ ਚਲਦੀਆਂ ਵੇਖ ਕੇ ਬ੍ਰਹਮਾ ਨੂੰ ਵੀ ਆਪਣੇ ਗ੍ਰੰਥ ਵੇਦ ਪੜ੍ਹਨੇ ਭੁੱਲ ਗਏ। ਮੁਰਦਿਆਂ ਦਾ ਮਾਸ ਵੇਖਕੇ ਗਿਰਝਾਂ ਇਉਂ ਬੋਲਦੀਆਂ ਸਨ, ਜਿਵੇਂ ਪਾਠਸ਼ਾਲਾ ਵਿਚ ਬਾਲਕ ਪਾਠ ਯਾਦ ਕਰਨ ਲਈ ਬੋਲਦੇ ਸਨ। ਗਿੱਦੜ ਸੂਰਮਿਆਂ ਦੀਆਂ ਲੋਥਾਂ ਨੂੰ ਇਸ ਤਰ੍ਹਾਂ ਧੂਹੀ ਲਿਜਾਂਦੇ ਸਨ ਮਾਨੋ ਸਾਧੂ ਸੰਤ ਸੁਰਸਤੀ ਦੇ ਕੰਢੇ ਉਤੇ ਆਪਣੀਆਂ ਖਫਨੀਆਂ ਖਿਚ ਧੂਹ ਕੇ ਠੀਕ ਕਰ ਰਹੇ ਹੋਣ॥੧੮॥

**ਦੋਹਰਾ॥ ਅਗਨਤ ਮਾਰੇ ਗਨੈ ਕੋ ਭਜੈ ਜੁ ਸੁਰ ਕਰਿ ਤ੍ਰਾਸ॥**
**ਧਾਰਿ ਧਜਾਨ ਮਨ ਸ਼ਿਵਾ ਕੋ ਤਕੀ ਪੁਰੀ ਕੈਲਾਸ॥੧੯॥**

ਦੈਂਤਾਂ ਨੇ ਬੇਅੰਤ ਦੇਵਤਿਆਂ ਨੂੰ ਮਾਰ ਦਿੱਤਾ, ਜਿਨ੍ਹਾਂ ਦੀ ਗਿਣਤੀ ਕੌਣ ਕਰੇ ? ਡਰ ਦੇ

ਮਾਰੇ ਦੇਵਤੇ ਭੱਜ ਉਠੇ ਅਤੇ ਉਹਨਾਂ ਨੇ ਆਪਣੇ ਮਨ ਵਿਚ ਸ਼ਿਵਾ ਨੂੰ ਯਾਦ ਕਰਕੇ ਕੈਲਾਸ਼ਪੁਰੀ ਵਿਚ ਜਾ ਪਹੁੰਚੇ॥੧੯॥

**ਦੋਹਰਾ॥ ਦੇਵਨ ਕੋ ਧਨ ਧਾਮ ਸਭ ਦੈਤਨ ਲੀਓ ਛਿਨਾਇ॥**
**ਦਏ ਕਾਢ ਸੁਰਧਾਮ ਤੇ ਬਸੇ ਸ਼ਿਵਪੁਰੀ ਜਾਇ॥੨੦॥**

ਦੈਂਤਾਂ ਨੇ ਦੇਵਤਿਆਂ ਦਾ ਸਾਰਾ ਧਨ ਪਦਾਰਥ ਤੇ ਘਰ ਘਾਟ ਖੋਹ ਲਏ ਤੇ ਉਹਨਾਂ ਨੂੰ ਸੁਰਗ ਵਿਚੋਂ ਬਾਹਰ ਕਢ ਦਿੱਤਾ। ਦੇਵਤੇ ਭੱਜ ਕੇ ਸ਼ਿਵਪੁਰੀ ਕੈਲਾਸ਼ ਪਰਬਤ ਵਿਚ ਜਾ ਵਸੇ॥੨੦॥

**ਦੋਹਰਾ॥ ਕਿਤਕਿ ਦਿਵਸ ਬੀਤੇ ਤਹਾਂ ਨ੍ਹਾਵਨ ਨਿਕਸੀ ਦੇਵ॥**
**ਬਿਧ ਪੂਰਬ ਸਭ ਦੇਵਤਨ ਕਰੀ ਦੇਵ ਕੀ ਸੇਵ॥੨੧॥**

ਦੈਂਤਾਂ ਦੇ ਭਜਾਏ ਹੋਏ ਦੇਵਤਿਆਂ ਨੂੰ ਸ਼ਿਵਪੁਰੀ ਵਿਚ ਵਸਦਿਆਂ ਜਦੋਂ ਕੁਛ ਦਿਨ ਬੀਤ ਗਏ ਤਾਂ ਇਕ ਦਿਨ ਦੁਰਗਾ ਦੇਵੀ ਇਸ਼ਨਾਨ ਕਰਨ ਲਈ ਨਦੀ ਤੇ ਆਈ। ਤਦ ਸਭ ਦੇਵਤਿਆਂ ਨੇ ਮਿਲਕੇ ਵਿਧੀ ਪੂਰਬਕ ਦੇਵੀ ਦੀ ਪੂਜਾ ਤੇ ਸੇਵਾ ਕੀਤੀ॥੨੧॥

**ਰੇਖਤਾ॥ ਕਰੀ ਹੈ ਹਕੀਕਤ ਮਾਲੂਮ ਖੁਦ ਦੇਵੀ ਸੇਤੀ**
**ਲੀਯਾ ਮਹਖਾਸੁਰ ਹਮਾਰਾ ਛੀਨ ਧਾਮ ਹੈ॥**
**ਕੀਜੈ ਸੋਈ ਬਾਤ ਮਾਤ ਤੁਮ ਕਉ ਸੁਹਾਤ ਸਭ**
**ਸੇਵਕਿ ਕਦੀਮ ਤਕ ਆਏ ਤੇਰੀ ਸਾਮ ਹੈ॥**
**ਦੀਜੈ ਬਾਜ ਦੇਸ ਹਮੈ ਮੇਟੀਐ ਕਲੇਸ ਲੇਸ**
**ਕੀਜੀਏ ਅਭੇਸ ਉਨੈ ਬਡੋ ਯਹ ਕਾਮ ਹੈ॥**
**ਕੂਕਰ ਕੋ ਮਾਰਤ ਨ ਕੋਊ ਨਾਮ ਲੈ ਕੈ ਤਾਹਿ**
**ਮਾਰਤ ਹੈ ਤਾ ਕੋ ਲੈ ਕੈ ਖਾਵੰਦ ਕੋ ਨਾਮ ਹੈ॥੨੨॥**

ਪੂਜਾ ਕਰਨ ਤੋਂ ਬਾਅਦ ਦੇਵਤਿਆਂ ਨੇ ਦੇਵੀ ਨੂੰ ਆਪਣੀ ਸਾਰੀ ਹਕੀਕਤ ਦੱਸੀ ਕਿ ਮਹਿਖਾਸੁਰ ਨੇ ਸਾਡੇ ਘਰ ਤੇ ਧਨ ਪਦਾਰਥ ਸਭ ਕੁਝ ਖੋਹ ਲਿਆ ਹੈ। ਹੇ ਦੁਰਗਾ ਮਾਤਾ ! ਅਸੀਂ ਤੇਰੇ ਮੁਢ ਕਦੀਮ ਤੋਂ ਦਾਸ ਹਾਂ। ਅਸੀਂ ਦੁਖੀ ਹੋ ਕੇ ਤੇਰੀ ਸ਼ਰਨ ਵਿਚ ਆਏ ਹਾਂ। ਆਪ ਨੂੰ ਜਿਹੜਾ ਉਪਾਅ ਚੰਗਾ ਲਗਦਾ ਹੈ, ਉਹੋ ਕਰੋ। ਹੇ ਮਾਤਾ ! ਸਾਡਾ ਦੇਸ ਤੇ ਸਾਡੇ ਘਰ ਘਾਟ ਸਾਨੂੰ ਮੁੜਾ ਦਿਓ ਤੇ ਸਾਡੇ ਕਸ਼ਟ ਨਵਿਰਤ ਕਰੋ। ਦੈਂਤਾਂ ਦਾ ਮਿਲੀਆਮੇਟ ਕਰ ਦਿਓ, ਇਹੋ ਆਪ ਦੇ ਕਰਨ ਵਾਲਾ ਵੱਡਾ ਕੰਮ ਹੈ। ਵੇਖੋ ਮਾਤਾ ਜੀ ! ਜਦੋਂ ਕੋਈ ਕੁੱਤੇ ਨੂੰ ਮਾਰਦਾ ਹੈ ਤਾਂ ਉਹ ਕੁੱਤੇ ਦਾ ਨਾਂ ਨਹੀਂ

ਲੈਂਦਾ, ਮਾਰਨ ਵਾਲਾ ਕੁੱਤੇ ਦੇ ਮਾਲਕ ਦਾ ਨਾਂ ਲੈ ਕੇ ਹੀ ਕੁੱਤੇ ਨੂੰ ਮਾਰਦਾ ਹੈ। ਇਸੇ ਤਰ੍ਹਾਂ ਮਹਿਖਾਸੁਰ ਨੇ ਸਾਨੂੰ ਮਾਰਨ ਲਗਿਆਂ ਸਾਡਾ ਨਾ ਨਹੀਂ ਲਿਆ, ਤੁਸੀਂ ਸਾਡੀ ਰਾਖੀ ਕਰਨ ਵਾਲੀ ਮਾਤਾ ਹੋ, ਇਸ ਲਈ ਉਸ ਨੇ ਆਪ ਦਾ ਨਾਂ ਲੈ ਕੇ ਹੀ ਸਾਨੂੰ ਮਾਰਿਆ ਹੈ॥ ੨੨॥

**ਦੋਹਰਾ॥ ਸੁਨਤ ਬਚਨ ਏ ਚੰਡਕਾ ਮਨ ਮੈ ਉਠੀ ਰਿਸਾਇ॥**
**ਸਭ ਦੈਤਨ ਕੋਸ ਛੈ ਕਰਉ ਬਸਉ ਸ਼ਿਵਪੁਰੀ ਜਾਇੰ॥ ੨੩॥**

ਦੇਵਤਿਆਂ ਦੇ ਇਹ ਦੁਖ ਭਰੇ ਬਚਨ ਸੁਣਕੇ ਚੰਡਕਾ ਬੜੇ ਕਰੋਧ ਵਿਚ ਆਈ ਤੇ ਕਹਿਣ ਲਗੀ ਕਿ ਹੁਣ ਮੈਂ ਸਭ ਦੈਂਤਾਂ ਦਾ ਨਾਸ ਕਰਕੇ ਹੀ ਸ਼ਿਵਪੁਰੀ ਵਿਚ ਜਾ ਕੇ ਵਸਾਂਗੀ॥ ੨੩॥

**ਦੈਤਨ ਕੇ ਬਧ ਕੋ ਜਬੈ ਚੰਡੀ ਕੀਓ ਪ੍ਰਕਾਸ॥**
**ਸਿੰਘ ਸੰਖ ਅਉ ਅਸਤ੍ਰ ਸਭ ਸ਼ਸਤਰ ਆਇਗੇ ਪਾਸ॥ ੨੪॥**

ਦੇਵੀ ਨੇ ਜਦੋਂ ਦੈਂਤਾਂ ਨੂੰ ਨਾਸ ਕਰਨ ਦਾ ਇਰਾਦਾ ਪ੍ਰਗਟ ਕੀਤਾ, ਤਦ ਸ਼ੇਰ, ਸੰਖ, ਅਸਤ੍ਰ ਸ਼ਸਤਰ ਆਦਿ ਸਭ ਚੰਡੀ ਦੇ ਕੋਲ ਪਹੁੰਚ ਗਏ॥ ੨੪॥

**ਦੈਤ ਸੰਘਾਰਨ ਕੇ ਨਮਿਤ ਕਾਲ ਜਨਮੁ ਇਹ ਲੀਨ॥**
**ਸਿੰਘ ਚੰਡ ਬਾਹਨ ਭਇਓ ਸ਼ੱਤ੍ਰਨ ਕਉ ਦੁਖੁ ਦੀਨ॥ ੨੫॥**

ਦੈਂਤਾਂ ਦੇ ਨਾਸ ਕਰਨ ਵਾਸਤੇ ਹੀ ਦੁਰਗਾ ਦੇ ਰੂਪ ਵਿਚ ਮਾਨੋ ਕਾਲ ਨੇ ਜਨਮ ਲਿਆ ਹੋਵੇ। ਦੁਸ਼ਮਨਾਂ ਨੂੰ ਦੁਖ ਦੇਣ ਵਾਲਾ ਸ਼ੇਰ ਚੰਡੀ ਦਾ ਬਾਹਨ ਬਣਿਆ॥ ੨੫॥

**ਸਵੈਯਾ॥ ਦਾਰੁਨ ਦੀਰਘੁ ਦਿੱਗਜ ਸੇ ਬਲ ਸਿੰਘਹਿ ਕੇ ਬਲ ਸਿੰਘ ਧਰੇ ਹੈ॥**
**ਰੋਮ ਮਨੋ ਸਰ ਕਾਲਹਿ ਕੇ ਜਨ ਪਾਹਨ ਪੀਤ ਪੇ ਬਿੱਛ ਹਰੇ ਹੈ॥**
**ਮੇਰ ਕੇ ਮੱਧਿ ਮਨੋ ਜਮਨਾ ਲਰ ਕੇਤਕੀ ਪੁੰਜ ਪੈ ਭ੍ਰਿੰਗੁ ਢਰੇ ਹੈ॥**
**ਮਾਨੋ ਮਹਾ ਪ੍ਰਿਥ ਲੈ ਕੈ ਕਮਾਨ ਸੁ ਭੂਧਰ ਭੂਮ ਤੇ ਨਜਾਰੇ ਕਰੇ ਹੈ॥ ੨੬॥**

ਦੁਰਗਾ ਦਾ ਸ਼ੇਰ ਹਾਥੀ ਵਰਗਾ ਭਿਅੰਕਰ ਤੇ ਬਹੁਤ ਵੱਡਾ ਸੀ, ਉਹ ਆਪਣੇ ਵਿਚ ਵੱਡੇ ਸ਼ੇਰ ਜਿੰਨਾ ਬਲ ਰਖਦਾ ਸੀ। ਦੁਰਗਾ ਦੇ ਸ਼ੇਰ ਦੇ ਸਰੀਰ ਉਪਰ ਜੋ ਰੋਮ ਸਨ, ਉਹ ਮਾਨੋਂ ਕਾਲ ਦੇ ਤੀਰ ਸਨ ਤੇ ਉਸ ਦੇ ਸਰੀਰ ਤੇ ਜੋ ਕਾਲੀਆਂ ਧਾਰੀਆਂ ਸਨ, ਉਹ ਇਉਂ ਪ੍ਰਤੀਤ ਹੁੰਦੀਆਂ ਸਨ, ਜਿਵੇਂ ਪੀਲੇ ਪੱਥਰਾਂ ਤੇ ਕਾਲੇ ਬ੍ਰਿਛ ਉੱਗੇ ਹੁੰਦੇ ਹਨ। ਕੰਗਰੋੜ ਉਤੇ ਜੋ ਕਾਲੇ ਵਾਲਾਂ ਦੀ ਧਾਰੀ ਹੈ, ਉਹ ਮਾਨੋ ਸੁਮੇਰ ਪਰਬਤ ਵਿਚੋਂ ਜਮਨਾ ਦੀ ਸਾਖ ਧਾਰ ਨਿਕਲੀ ਜਾਪਦੀ ਹੈ ਤੇ ਚਿੱਟੇ ਵਾਲਾਂ ਉਤੇ ਜੋ ਕਾਲੇ ਦਾਗ ਸਨ, ਉਹ ਇਉਂ ਪ੍ਰਤੀਤ ਹੁੰਦੇ ਸਨ ਜਿਵੇਂ ਕੇਤਕੀ ਦੇ ਫੁਲਾਂ ਉਤੇ ਭੌਰਿਆਂ ਦਾ ਝੁੰਡ ਹੋਵੇ। ਦੁਰਗਾ ਦੇ ਸ਼ੇਰ ਦੇ ਸਰੀਰ ਉਤੇ ਜਿਹੜੇ ਗੋਲ ਧੱਬੇ ਸਨ ਉਹ ਇਉਂ ਜਾਪਦੇ

ਸਨ ਜਿਵੇਂ ਮਹਾਰਾਜਾ ਪ੍ਰਿਥੂ ਨੇ ਆਪਣੀ ਕਮਾਨ ਨਾਲ ਪਰਬਤਾਂ ਨੂੰ ਧਰਤੀ ਤੋਂ ਵਖਰਿਆਂ ਕਰਕੇ ਰਖਿਆ ਹੋਵੇ॥ ੨੬॥

**ਦੋਹਰਾ॥ ਘੰਟਾ ਗਦਾ ਤ੍ਰਿਸੂਲ ਅਸ ਸੰਖ ਸਰਾਸਨ ਬਾਨ॥**
**ਚੱਕ੍ਰ ਬੱਕ੍ਰ ਕਰ ਮੈ ਲੀਏ ਜਨ ਗ੍ਰੀਖਮ ਰਿਤੁ ਭਾਨ॥ ੨੭॥**

ਦੁਰਗਾ ਨੇ ਆਪਣੇ ਅੱਠਾਂ ਹੱਥਾਂ ਵਿਚ ਘੰਟਾ, ਗਦਾ, ਤ੍ਰਿਸੂਲ, ਤਲਵਾਰ, ਸੰਖ, ਧਨਖ ਬਾਨ ਤੇ ਬੜਾ ਭਿਆਨਕ ਚੱਕ੍ਰ-ਇਹ ਅੱਠ ਸ਼ਸਤਰ ਫੜੇ ਹੋਏ ਸਨ ਤੇ ਉਸ ਦਾ ਤੇਜ ਇਸ ਤਰ੍ਹਾਂ ਦਾ ਪ੍ਰਤੀਤ ਹੁੰਦਾ ਸੀ, ਜਿਵੇਂ ਗਰਮੀਆਂ ਵਿਚ ਸੂਰਜ ਬੜੇ ਪ੍ਰਚੰਡ ਤੇਜ ਵਾਲਾ ਹੁੰਦਾ ਹੈ॥ ੨੭॥

**ਚੰਡ ਕੋਪ ਕਰਿ ਚੰਡਕਾ ਏ ਆਯੁਧ ਕਰ ਲੀਨ॥**
**ਨਿਕਟਿ ਬਿਕਟਿ ਪੁਰ ਦੈਤ ਕੇ ਘੰਟਾ ਕੀ ਧੁਨ ਕੀਨ॥ ੨੮॥**

ਅਰਥ - ਬੜੇ ਰੋਹ ਵਿਚ ਭਰੀ ਚੰਡਕਾ ਨੇ ਇਹ ਅਠ ਸ਼ਸਤਰ ਆਪਣੇ ਹਥਾਂ ਵਿਚ ਫੜ ਲਏ ਤੇ ਬੜੇ ਭਿਆਨਕ ਮਹਿਖਾਸੁਰ ਦੈਂਤ ਦੀ ਪੁਰੀ ਦੇ ਕੋਲ ਜਾ ਕੇ ਘੰਟਾ ਭਾਵ ਘੜਿਆਲ ਵਜਾਇਆ ॥ ੨੮॥

**ਦੋਹਰਾ॥ ਸੁਨਿ ਘੰਟਾ ਕੇਹਰਿ ਸ਼ਬਦਿ ਅਸੁਰਨ ਅਸਿ ਰਨ ਲੀਨ॥**
**ਚੜੇ ਕੋਪ ਕੈ ਜੂਥ ਹੁਇ ਜਤਨ ਜੁੱਧੁ ਕੋ ਕੀਨ॥ ੨੯॥**

ਪਦ ਅਰਥ - ਕੇਹਰਿ=ਸ਼ੇਰ। ਜੂਥ=ਜਥੇਬੰਦ।

ਦੁਰਗਾ ਦੇ ਘੜਿਆਲ ਅਤੇ ਸ਼ੇਰ ਦੀ ਆਵਾਜ਼ ਸੁਣਕੇ ਦੈਂਤਾਂ ਨੇ ਮੈਦਾਨ ਵਿਚ ਲੜਨ ਲਈ ਤਲਵਾਰਾਂ ਫੜ ਲਈਆਂ। ਉਹ ਬੜੇ ਕਰੋਧ ਨਾਲ ਜਥੇਬੰਦ ਹੋ ਕੇ ਜੁੱਧ ਕਰਨ ਲਈ ਰਣ-ਭੂਮੀ ਵਿਚ ਆ ਗਏ॥ ੨੯॥

**ਪੈਤਾਲੀਸ ਪਦਮ ਅਸੁਰ ਸਜਜੋ ਕਟਕ ਚਤੁਰੰਗ॥**
**ਕਛੁ ਬਾਏਂ ਕਛੁ ਦਾਹਨੇ ਕਛੁ ਭਟ ਨ੍ਰਿਪ ਕੇ ਸੰਗ॥ ੩੦॥**

ਪਦ ਅਰਥ - ਪਦਮ=ਇਕ ਸੌ ਨੀਲ। ਕਟਕ=ਫੌਜ। ਚਤੁਰੰਗ=ਹਾਥੀ, ਘੋੜੇ, ਰਥ ਤੇ ਪੈਦਲ ਚਾਰ ਤਰ੍ਹਾਂ ਦੀ ਫੌਜ।

ਮਹਿਖਾਸੁਰ ਦੈਂਤ ਨੇ ਦੈਂਤਾਂ ਦੀ ਪੰਤਾਲੀ ਪਦਮ ਚਤੁਰੰਗੀ ਫੌਜ ਇਕੱਠੀ ਕਰਕੇ ਚੜ੍ਹਾਈ ਕੀਤੀ। ਕੁਛ ਫੌਜ ਖੱਬੇ ਪਾਸੇ, ਕੁਛ ਫੌਜ ਸੱਜੇ ਪਾਸੇ ਤੇ ਕੁਛ ਸੂਰਮੇ ਰਾਜੇ ਮਹਿਖਾਸੁਰ ਦੇ ਨਾਲ ਸਨ॥ ੩੦॥

**ਭਏ ਇਕੱਠੇ ਦਲ ਪਦਮ ਦਸ ਪੰਦ੍ਰਹ ਅਰੁ ਬੀਸ॥**
**ਪੰਦ੍ਰਹ ਕੀਨੇ ਦਾਹਨੇ ਦਸ਼ ਬਾਏਂ ਸੰਗਿ ਬੀਸ॥ ੩੧॥**

ਮਹਖਾਸੁਰ ਨੇ ਆਪਣੀ ਫ਼ੌਜ ਦੇ ਤਿੰਨ ਹਿੱਸੇ ਕੀਤੇ-ਦਸ ਪਦਮ, ਪੰਦਰਾਂ ਪਦਮ ਤੇ ਵੀਹ ਪਦਮ। ਪੰਦਰਾਂ ਪਦਮ ਸੱਜੇ ਪਾਸੇ, ਦਸ ਪਦਮ ਖੱਬੇ ਪਾਸੇ ਤੇ ਵੀਹ ਪਦਮ ਸੂਰਮੇਂ ਉਸ ਨੇ ਆਪਣੇ ਨਾਲ ਰਖੇ॥ ੩੧॥

**ਸਵੈਯਾ॥ਦਉਰ ਸਭੈ ਇਕ ਬਾਰ ਹੀ ਦੈਤ ਸੁ ਆਏ ਹੈ ਚੰਡ ਕੋ ਸਾਮੁਹਿ ਕਾਰੇ॥
ਲੈ ਕਰਿ ਬਾਨ ਕਮਾਨਨ ਤਾਨ ਘਨੇ ਅਰੁ ਕੋਪ ਸੋਂ ਸਿੰਘ ਪ੍ਰਹਾਰੇ॥
ਚੰਡ ਸੰਭਾਰ ਤਬੈ ਕਰ ਵਾਰ ਹਕਾਰ ਕੈ ਸ਼ੱਤ੍ਰ ਸਮੂਹ ਨਿਵਾਰੇ॥
ਖਾਂਡਵ ਜਾਰਨ ਕੋ ਅਗਨੀ ਤਿਹ ਪਾਰਥ ਨੈ ਜਨੁ ਮੇਘ ਬਿਡਾਰੇ॥ ੩੨॥**

ਕਾਲੇ ਕਾਲੇ ਦੈਂਤ ਇਕੋ ਵਾਰੀ ਦੌੜਕੇ ਬੜੇ ਜ਼ੋਰ ਨਾਲ ਹੱਲਾ ਕਰਕੇ ਦੁਰਗਾ ਦੇ ਸਾਹਮਣੇ ਆ ਗਏ। ਬਹੁਤ ਸਾਰੇ ਦੈਂਤਾਂ ਨੇ ਆਪਣੀਆਂ ਕਮਾਨਾਂ ਵਿਚ ਬਾਨ ਚੜ੍ਹਾਕੇ ਬੜੇ ਕਰੋਧ ਨਾਲ ਦੁਰਗਾ ਦੇ ਸ਼ੇਰ ਨੂੰ ਮਾਰੇ। ਤਦ ਚੰਡਕਾ ਨੇ ਤਲਵਾਰ ਸੰਭਾਲ ਕੇ ਸਭ ਦੁਸ਼ਮਨਾਂ ਨੂੰ ਵੰਗਾਰਕੇ ਪਿਛਾਹ ਹਟਾ ਦਿੱਤਾ। ਇਉਂ ਪ੍ਰਤੀਤ ਹੋਇਆ ਕਿ ਖਾਂਡਵ ਵਣ ਨੂੰ ਸਾੜਨ ਵਾਲੀ ਅਗਨੀ ਨੂੰ ਸ਼ਾਂਤ ਕਰਨ ਲਈ ਜੋ ਬੱਦਲ ਆਏ ਸਨ, ਜਿਵੇਂ ਉਹਨਾਂ ਨੂੰ ਅਰਜਨ ਨੇ ਦੂਰ ਕਰ ਦਿੱਤਾ ਸੀ, ਇਸੇ ਤਰ੍ਹਾਂ ਦੁਰਗਾ ਨੇ ਦੈਂਤਾਂ ਦੀਆਂ ਫੌਜਾਂ ਨੂੰ ਆਪਣੇ ਬਲ ਨਾਲ ਮਾਰਕੇ ਦੂਰ ਕਰ ਦਿੱਤਾ॥ ੩੨॥

**ਦੋਹਰਾ॥ ਦੈਤ ਕੋਪ ਇਕ ਸਾਮੁਹੇ ਗਇਓ ਤੁਰੰਗਮ ਡਾਰਿ॥
ਸਨਮੁਖ ਦੇਵੀ ਕੇ ਭਇਓ ਸਲਭ ਦੀਪ ਅਨੁਹਾਰ॥ ੩੩॥**

ਪਦ ਅਰਥ - ਸਲਭ=ਪਤੰਗਾ। ਅਨੁਹਾਰ=ਵਾਂਗੂੰ।

ਇਕ ਦੈਂਤ ਬੜੇ ਕਰੋਧ ਨਾਲ ਘੋੜਾ ਦੁੜਾਕੇ ਦੁਰਗਾ ਦੇ ਸਾਹਮਣੇ ਆ ਗਿਆ, ਜਿਵੇਂ ਪਤੰਗਾ ਦੀਵੇ ਦੇ ਸਾਹਮਣੇ ਜਾਂਦਾ ਹੈ॥ ੩੩॥

**ਸਵੈਯਾ॥ ਬੀਰ ਬਲੀ ਸਿਰਦਾਰ ਦੈਈਤ ਸੁ ਕ੍ਰੋਧ ਕੈ ਮਜਾਨ ਤੇ ਖੱਗੁ ਨਿਕਾਰਿਓ॥
ਏਕ ਦਇਓ ਤਨ ਚੰਡ ਪ੍ਰਚੰਡ ਕੈ ਦੂਸਰ ਕੇਹਰ ਕੇ ਸਿਰ ਝਾਰਿਓ॥
ਚੰਡ ਸੰਭਾਰ ਤਬੈ ਬਲੁ ਧਾਰਿ ਲਇਓ ਗਹਿ ਨਾਰਿ ਧਰਾ ਪਰ ਮਾਰਿਓ॥
ਜਿਉ ਧੁਬੀਆ ਸਰਤਾ ਤਟ ਜਾਇਕੈ ਲੈ ਪਟ ਕੋ ਪਟ ਸਾਥ ਪਛਾਰਿਓ॥ ੩੪॥**

ਪਦ ਅਰਥ - ਨਾਰਿ=ਧੌਣ। ਧਰਾ=ਧਰਤੀ।

ਉਸ ਦੈਂਤਾਂ ਦੇ ਸਰਦਾਰ ਸੂਰਮੇ ਨੇ ਬੜੇ ਕਰੋਧ ਨਾਲ ਦੇਵੀ ਤੇ ਵਾਰ ਕਰਨ ਲਈ ਮਿਆਨ ਵਿਚੋਂ ਤਲਵਾਰ ਨੂੰ ਕੱਢਿਆ। ਉਸ ਨੇ ਤਲਵਾਰ ਦਾ ਇਕ ਬੜਾ ਤੇਜ ਵਾਰ ਦੇਵੀ ਤੇ ਕੀਤਾ ਤੇ

ਦੂਸਰਾ ਵਾਰ ਉਸ ਨੇ ਦੁਰਗਾ ਦੇ ਸ਼ੇਰ ਤੇ ਕੀਤਾ। ਦੁਰਗਾ ਨੇ ਦੈਂਤ ਦੇ ਵਾਰ ਤੋਂ ਆਪਣੇ ਆਪ ਨੂੰ ਸੰਭਾਲ ਕੇ ਉਸ ਨੂੰ ਧੌਣ ਤੋਂ ਫੜਕੇ ਧਰਤੀ ਤੇ ਇਉਂ ਪਟਕਾਇਆ ਜਿਵੇਂ ਧੋਬੀ ਨਦੀ ਦੇ ਕਿਨਾਰੇ ਤੇ ਜਾ ਕੇ ਕਪੜੇ ਨੂੰ ਪਟੜੇ ਤੇ ਮਾਰਦਾ ਹੈ॥ ੩੪॥

**ਦੋਹਰਾ॥ ਦੇਵੀ ਮਾਰਿਓ ਦੈਤ ਇਉ ਲਰਿਓ ਜੁ ਸਨਮੁਖ ਆਇ॥
ਪੁਨਿ ਸ਼ੱਤ੍ਰਨਿ ਕੀ ਸੈਨ ਮੈ ਧਸੀ ਸੁ ਸੰਖ ਬਜਾਇ॥ ੩੫॥**

ਦੇਵੀ ਦੇ ਲੜਨ ਲਈ ਸਾਹਮਣੇ ਆਏ ਦੈਂਤ ਨੂੰ ਇਸ ਤਰ੍ਹਾਂ ਮਾਰ ਦਿੱਤਾ। ਫਿਰ ਉਹ ਸੰਖ ਵਜਾਉਂਦੀ ਹੋਈ ਵੈਰੀਆਂ ਦੀ ਫੌਜ ਵਿਚ ਜਾ ਧਸੀ॥ ੩੫॥

**ਸ੍ਵੈਯਾ॥ ਲੈ ਕਰਿ ਚੰਡ ਕੁਵੰਡ ਪ੍ਰਚੰਡ ਮਹਾਂ ਬਰਬੰਡ ਤਬੈ ਇਹ ਕੀਨੋ॥
ਏਕ ਹੀ ਬਾਰ ਨਿਹਾਰ ਹਕਾਰ ਸੁਧਾਰ ਬਿਦਾਰ ਸਭੈ ਦਲੁ ਦੀਨੋ॥
ਦੈਤ ਘਨੇ ਰਨ ਮਾਹਿ ਹਨੇ ਲਖਿ ਸ੍ਰੋਨ ਸੁਮੇ ਕਵਿ ਇਉ ਮਨੁ ਚੀਨੋ॥
ਜਿਉ ਖਗਰਾਜ ਬਡੋ ਅਹਿਰਾਜ ਸਮਾਜ ਕੈ ਕਾਟ ਕਤਾ ਕਰਿ ਲੀਨੋ॥ ੩੬॥**

ਪਦ ਅਰਥ - ਖਗਰਾਜ=ਗਰੁੜ। ਅਹਿਰਾਜ=ਸੱਪਾਂ ਦਾ ਰਾਜਾ। ਕਤਾ=ਟੁਕੜੇ।

ਮਹਾਨ ਬਲਵਾਨ ਦੁਰਗਾ ਨੇ ਆਪਣੇ ਹੱਥ ਵਿਚ ਬੜਾ ਕਰੜਾ ਧਨੁਖ ਲੈ ਕੇ ਇਹ ਕੰਮ ਕੀਤਾ ਕਿ ਇਕ ਵਾਰ ਵੇਖਕੇ ਦੁਰਗਾ ਨੇ ਲਲਕਾਰ ਕੇ ਸਾਰੀ ਸੈਨਾ ਨੂੰ ਬੜੇ ਜ਼ੋਰ ਨਾਲ ਪਿਛੇ ਧੱਕ ਦਿੱਤਾ। ਦੁਰਗਾ ਨੇ ਰਣਭੂਮੀ ਵਿਚ ਬਹੁਤ ਸਾਰੇ ਦੈਂਤ ਮਾਰ ਦਿੱਤੇ। ਲਹੂ ਨਾਲ ਭਿੱਜੇ ਦੈਂਤਾਂ ਨੂੰ ਵੇਖਕੇ ਕਵੀ ਨੇ ਮਨ ਵਿਚ ਇਉਂ ਜਾਣਿਆਂ ਕਿ ਜਿਵੇਂ ਗਰੁੜ ਨੇ ਸੱਪਾਂ ਦੇ ਰਾਜੇ ਅਜ਼ਦਹਾ ਨੂੰ ਜੁੱਧ ਵਿਚ ਕੱਟਕੇ ਟੁਕੜੇ ਟੁਕੜੇ ਕਰ ਦਿੱਤਾ ਹੋਵੇ॥ ੩੬॥

**ਦੋਹਰਾ॥ ਦੇਵੀ ਮਾਰੇ ਦੈਤ ਬਹੁ ਪ੍ਰਬਲ ਨਿਬਲ ਸੇ ਕੀਨ॥
ਸ਼ਸਤ੍ਰ ਧਾਰ ਕਰਿ ਕਰਨ ਮੈ ਚਮੂੰ ਚਾਲ ਕਰ ਦੀਨ॥ ੩੭॥**

ਦੁਰਗਾ ਨੇ ਰਣਭੂਮੀ ਵਿਚ ਬਹੁਤ ਸਾਰੇ ਦੈਂਤ ਮਾਰਕੇ ਦੈਂਤਾਂ ਦੇ ਜ਼ੋਰ ਨੂੰ ਘਟਾ ਦਿੱਤਾ। ਦੇਵੀ ਨੇ ਆਪਣੇ ਹੱਥਾਂ ਵਿਚ ਸ਼ਸਤਰ ਧਾਰਨ ਕਰਕੇ ਦੈਂਤਾਂ ਦੀ ਫੌਜ ਨੂੰ ਭਜਾ ਦਿੱਤਾ॥ ੩੭॥

**ਭਜੀ ਚਮੂੰ ਮਹਖਾਸੁਰੀ ਤਕੀ ਸ਼ਰਨਿ ਨਿਜ ਈਸ॥
ਧਾਇ ਜਾਇ ਤਿਨ ਇਉ ਕਹਿਓ ਹਨਿਓ ਪਦਮ ਭਟ ਬੀਸ॥ ੩੮॥**

ਮਹਿਖਾਸੁਰ ਦੈਂਤ ਦੀ ਫੌਜ ਭੱਜਕੇ ਆਪਣੇ ਮਾਲਕ ਮਹਿਖਾਸੁਰ ਦੀ ਸ਼ਰਨ ਵਿਚ ਜਾ ਪਹੁੰਚੀ। ਉਹਨਾਂ ਨੇ ਮਹਿਖਾਸੁਰ ਨੂੰ ਕਿਹਾ ਕਿ ਹੇ ਰਾਜਨ ! ਦੇਵੀ ਨੇ ਸਾਡੇ ਵੀਹ ਪਦਮ ਸੂਰਮੇ ਮਾਰ ਦਿੱਤੇ ਹਨ॥ ੩੮॥

**ਸੁਨ ਮਹਖਾਸੁਰ ਮੂੜ ਮਤ ਮਨ ਮੈ ਉਠਿਓ ਰਿਸਾਇ॥**
**ਆਗਜਾ ਦੀਨੀ ਸੈਨ ਕੋ ਘੇਰੋ ਦੇਵੀ ਜਾਇ॥ ੩੯॥**

ਆਪਣੇ ਸੈਨਕਾਂ ਕੋਲੋਂ ਜੰਗ ਦਾ ਇਹ ਸਮਾਚਾਰ ਸੁਣਕੇ ਮੂਰਖ ਮਤ ਵਾਲਾ ਮਹਿਖਾਸੁਰ ਆਪਣੇ ਮਨ ਵਿਚ ਕਰੋਧ ਨਾਲ ਭੜਕ ਉਠਿਆ। ਉਸ ਨੇ ਆਪਣੇ ਸੈਨਕਾਂ ਨੂੰ ਆਗਿਆ ਦਿੱਤੀ ਕਿ ਹੁਣੇ ਜਾ ਕੇ ਦੇਵੀ ਨੂੰ ਘੇਰਾ ਪਾ ਲਵੋ॥ ੩੯॥

**ਸਵੈਯਾ॥ ਬਾਤ ਸੁਨੀ ਪ੍ਰਭ ਕੀ ਸਭ ਸੈਨਹਿ ਸੂਰ ਮਿਲੇ ਇਕੁ ਮੰਤ੍ਰ ਕਰਿਓਹੈ॥**
**ਜਾਇ ਪਰੈਂ ਚਹੂੰ ਓਰ ਤੇ ਧਾਇ ਕੈ ਠਾਟ ਇਹੈ ਮਨ ਮੌਧਿ ਧਰਿਓ ਹੈ॥**
**ਮਾਰ ਹੀ ਮਾਰ ਪੁਕਾਰ ਪਰੇ ਅਸਿ ਲੈ ਕਰਿ ਮੈ ਦਲੁ ਇਉ ਬਿਹਰਿਓ ਹੈ॥**
**ਘੇਰਿ ਲਈ ਚਹੂੰ ਓਰ ਤੇ ਚੰਡ ਸੁ ਚੰਦ ਮਨੋ ਪਰਵੇਖ ਪਰਿਓ ਹੈ॥ ੪੦॥**

ਸਭ ਫੌਜੀਆਂ ਨੇ ਆਪਣੇ ਮਾਲਕ ਮਹਿਖਾਸੁਰ ਦਾ ਹੁਕਮ ਸੁਣਿਆ। ਫਿਰ ਸਭ ਸੂਰਮਿਆਂ ਨੇ ਇਕੱਠੇ ਹੋ ਕੇ ਇਕ ਸਲਾਹ ਕੀਤੀ। ਸਭਨਾਂ ਨੇ ਮਿਲਕੇ ਆਪਣੇ ਮਨ ਵਿਚ ਇਹ ਇਰਾਦਾ ਕੀਤਾ ਕਿ ਚਹੁੰ ਪਾਸਿਆਂ ਤੋਂ ਹੱਲਾ ਕਰਕੇ ਦੁਰਗਾ ਤੇ ਜਾ ਪਈਏ। ਉਹ ਦੈਂਤ 'ਮਾਰ ਲੌ-ਮਾਰ ਲੌ' ਦੀ ਪੁਕਾਰ ਕਰ ਰਹੇ ਸਨ ਤੇ ਹੱਥਾਂ ਵਿਚ ਤਲਵਾਰਾਂ ਲੈ ਕੇ ਫੌਜੀ ਮੈਦਾਨ ਵਿਚ ਫਿਰ ਰਹੇ ਸਨ। ਉਨ੍ਹਾਂ ਨੇ ਦੁਰਗਾ ਨੂੰ ਇਉਂ ਘੇਰ ਲਿਆ, ਜਿਵੇਂ ਚੰਦ੍ਰਮਾਂ ਬਦਲਾਂ ਵਿਚ ਘਿਰਿਆ ਹੁੰਦਾ ਹੈ॥ ੪੦॥

**ਸਵੈਯਾ॥ ਦੇਖਿ ਚਮੂੰ ਮਹਖਾਸੁਰ ਕੀ ਕਰਿ ਚੰਡ ਕੁਵੰਡ ਪ੍ਰਚੰਡ ਧਰਿਓ ਹੈ॥**
**ਦੱਛਨ ਬਾਮ ਚਲਾਇ ਘਨੇ ਸਰ ਕੋਪ ਭਯਾਨਕ ਜੁੱਧੁ ਕਰਿਓ ਹੈ॥**
**ਭੰਜਨ ਭੇ ਅਰਿ ਕੇ ਤਨ ਤੇ ਛੁਟ ਸ੍ਰੋਣ ਸਮੂਹ ਧਰਾਨ ਪਰਿਓ ਹੈ॥**
**ਆਠਵੋ ਸਿੰਧ ਪਚਾਯੋ ਹੁਤੋ ਮਨੋ ਯਾ ਰਨ ਮੈ ਬਿਧਿ ਨੇ ਉਗਰਿਓ ਹੈ॥ ੪੧**

ਮਹਿਖਾਸੁਰ ਦੀ ਸੈਨਾ ਆਉਂਦੀ ਵੇਖਕੇ ਚੰਡਕਾ ਨੇ ਆਪਣੇ ਹੱਥ ਵਿਚ ਬੜਾ ਕਰੜਾ ਧਨੁਖ ਫੜਿਆ। ਦੁਰਗਾ ਨੇ ਸੱਜੇ ਤੇ ਖੱਬੇ ਪਾਸੇ ਤੀਰ ਚਲਾਏ ਤੇ ਇਸ ਤਰ੍ਹਾਂ ਬੜਾ ਭਿਆਨਕ ਜੰਗ ਕੀਤਾ। ਵੈਰੀਆਂ ਦੇ ਜ਼ਖਮੀ ਹੋਣ ਨਾਲ ਉਹਨਾਂ ਦੇ ਸਰੀਰਾਂ ਵਿਚੋਂ ਲਹੂ ਵਗ ਵਗਕੇ ਸਾਰਾ ਧਰਤੀ ਤੇ ਪੈ ਰਿਹਾ ਸੀ। ਇਉਂ ਪ੍ਰਤੀਤ ਹੋ ਰਿਹਾ ਸੀ ਜਿਵੇਂ ਬਿਧਾਤਾ ਨੇ ਅੱਠਵਾਂ ਲਹੂ ਦਾ ਸਮੁੰਦਰ ਹੁਣ ਤਕ ਆਪਣੇ ਅੰਦਰ ਲੁਕਾਇਆ ਹੋਵੇ ਤੇ ਹੁਣ ਇਸ ਜੰਗ ਵਿਚ ਬਿਧਾਤਾ ਨੇ ਉਸ ਨੂੰ ਉਗਲ ਦਿੱਤਾ ਹੋਵੇ॥ ੪੧॥

**ਦੋਹਰਾ॥ ਕੋਪ ਭਈ ਅਰਿ ਦਲ ਬਿਖੈ ਚੰਡੀ ਚੱਕ੍ਰ ਸੰਭਾਰ॥**
**ਏਕ ਮਾਰਿ ਕੈ ਦ੍ਵੈ ਕੀਏ ਦ੍ਵੈ ਤੇ ਕੀਨੇ ਚਾਰ॥ ੪੨॥**

ਦੁਰਗਾ ਆਪਣਾ ਚੱਕਰ ਸੰਭਾਲ ਕੇ ਵੈਰੀਆਂ ਦੀ ਫੌਜ ਵਿਚ ਆ ਗਈ। ਉਸ ਨੇ ਚੱਕਰ ਨਾਲ ਦੈਂਤਾਂ ਦੇ ਦੋ ਦੋ ਟੁਕੜੇ ਕਰ ਦਿੱਤੇ, ਫਿਰ ਦੋ ਦੋ ਟੁਕੜਿਆਂ ਦੇ ਚਾਰ ਚਾਰ ਟੁਕੜੇ ਕਰ ਦਿੱਤੇ॥ ੪੨॥

**ਸਵੈਯਾ॥ ਇਹ ਭਾਂਤ ਕੋ ਜੁੱਧੁ ਕਰਿਓ ਸੁਨਿ ਕੈ ਕਵਲਾਸ ਮੈ ਧਯਾਨ ਛੁਟਿਓ ਹਰਿ ਕਾ॥**
**ਪੁਨਿ ਚੰਡ ਸੰਭਾਰ ਉਭਾਰ ਗਦਾ ਧੁਨਿ ਸੰਖ ਬਜਾਇ ਕਰਿਓ ਖਰਕਾ॥**
**ਸਿਰ ਸ਼ੱਤ੍ਰਨਿ ਕੇ ਪਰ ਚੱਕ੍ਰ ਪਰਿਓ ਛੁਟ ਐਸੋ ਬਹਿਓ ਕਰਿ ਕੇ ਬਰਕਾ॥**
**ਜਨੁ ਖੇਲਨ ਕੋ ਸਰਤਾ ਤਟ ਜਾਇ ਚਲਾਵਤ ਹੈ ਛਿਛਲੀ ਲਰਕਾ॥ ੪੩॥**

ਚੰਡੀ ਦਾ ਇਸ ਤਰ੍ਹਾਂ ਦਾ ਭਿਆਨਕ ਜੁੱਧ ਕਰਨਾ ਸੁਣਕੇ ਕੈਲਾਸ਼ ਪਰਬਤ ਤੇ ਬੈਠੇ ਸ਼ਿਵ ਜੀ ਦੀ ਸਮਾਧੀ ਭੰਗ ਹੋ ਗਈ। ਫਿਰ ਚੰਡੀ ਨੇ ਗਦਾ ਨੂੰ ਫੜਿਆ ਤੇ ਉਭਾਰਿਆ। ਸੰਖ ਵਜਾਕੇ ਉਸ ਨੇ ਬੜੇ ਜ਼ੋਰ ਦਾ ਖੜਕਾ ਕੀਤਾ। ਵੈਰੀਆਂ ਦੇ ਸਿਰ ਤੇ ਚੱਕਰ ਜਾਕੇ ਪਿਆ। ਉਹ ਦੇਵੀ ਦੇ ਹੱਥ ਦਾ ਚਲਾਇਆ ਹੋਇਆ ਚੱਕਰ ਇਉਂ ਚਲਿਆ ਜਿਵੇਂ ਨਦੀ ਦੇ ਕੰਢੇ ਤੇ ਜਾਕੇ ਖੇਡਣ ਲਈ ਲੜਕੇ ਪਾਣੀ ਤੇ ਠੀਕਰੀ ਚਲਾਉਂਦੇ ਸਨ। ਠੀਕਰੀ ਵਾਂਗੂੰ ਦੇਵੀ ਦਾ ਚੱਕਰ ਸਿਰਾਂ ਨੂੰ ਕੱਟਦਾ ਹੋਇਆ ਅਗੇ ਹੀ ਅਗੇ ਤੁਰਿਆ ਜਾਂਦਾ ਸੀ॥ ੪੩॥

**ਦੋਹਰਾ॥ ਦੇਖ ਚਮੂੰ ਮਹਿਖਾਸੁਰੀ ਦੇਵੀ ਬਲਹਿ ਸੰਭਾਰਿ॥**
**ਕਛੁ ਸਿੰਘਹਿ ਕਛੁ ਚੱਕ੍ਰ ਸੋਂ ਡਾਰੇ ਸਭੈ ਸੰਘਾਰਿ॥ ੪੪॥**

ਮਹਿਖਾਸੁਰ ਦੈਂਤ ਦੀ ਸੈਨਾ ਨੂੰ ਵੇਖਕੇ ਦੇਵੀ ਨੇ ਆਪਣੇ ਬਲ ਨੂੰ ਸੰਭਾਲਿਆ। ਉਸ ਨੇ ਕੁਝ ਸੈਨਾ ਆਪਣੇ ਸ਼ੇਰ ਨਾਲ ਤੇ ਕੁਝ ਸੈਨਾ ਚੱਕਰ ਨਾਲ ਸਾਰੀ ਦੀ ਸਾਰੀ ਹੀ ਮਾਰ ਦਿੱਤੀ॥ ੪੪॥

**ਇਕ ਭਾਜੇ ਨ੍ਰਿਪ ਪੈ ਗਏ ਕਹਿਓ ਹਤੀ ਸਭ ਸੈਨ॥**
**ਇਉ ਸੁਨਿਕੈ ਕੋਪਿਓ ਅਸੁਰ ਚੜ੍ਹਿ ਆਇਓ ਰਨ ਐਨ॥ ੪੫॥**

ਦੇਵੀ ਦੀ ਮਾਰ ਤੋਂ ਬਚਕੇ ਕੁਛ ਸੈਨਕ ਰਾਜੇ ਮਹਿਖਾਸੁਰ ਕੋਲ ਜਾ ਕੇ ਕਹਿਣ ਲਗੇ-ਹੇ ਰਾਜਨ ! ਦੇਵੀ ਨੇ ਸਾਡੀ ਸਾਰੀ ਸੈਨਾ ਮਾਰ ਦਿੱਤੀ ਹੈ। ਇਹ ਖਬਰ ਸੁਣ ਕੇ ਮਹਿਖਾਸੁਰ ਬੜੇ ਕਰੋਧ ਵਿਚ ਆਇਆ ਤੇ ਉਹ ਆਪ ਚੜ੍ਹਾਈ ਕਰਕੇ ਰਣਭੂਮੀ ਵਿਚ ਪਹੁੰਚਿਆ॥ ੪੫॥

**ਸਵੈਯਾ॥ ਜੂਝ ਪਰੀ ਸਭ ਸੈਨ ਲਖੀ ਜਬ ਤੌ ਮਹਖਾਸੁਰ ਖੱਗ ਸੰਭਾਰਿਓ॥**
**ਚੰਡ ਪ੍ਰਚੰਡ ਕੇ ਸਾਮੁਹ ਜਾਏ ਭਇਆਨਕ ਭਾਲਕ ਜਿਉ ਭਭਕਾਰਿਓ॥**
**ਮੁਗਦਰੁ ਲੈ ਅਪਨੇ ਕਰਿ ਚੰਡ ਸੁ ਕੈਬਰਿ ਤਾ ਤਨ ਊਪਰ ਡਾਰਿਓ॥**
**ਜਿਉ ਹਨੂਮਾਨ ਉਖਾਰ ਪਹਾਰ ਕੋ ਰਾਵਨ ਕੇ ਉਰ ਭੀਤਰ ਮਾਰਿਓ॥ ੪੬॥**

ਜਦੋਂ ਮਹਿਖਾਸੁਰ ਨੇ ਇਹ ਜਾਣ ਲਿਆ ਕਿ ਮੇਰੀ ਬੇਅੰਤ ਸੈਨਾ ਦੇਵੀ ਨੇ ਮਾਰ ਮੁਕਾਈ ਹੈ ਤਾਂ ਉਸ ਨੇ ਆਪਣਾ ਖੰਡਾ ਫੜ ਲਿਆ। ਕਰੋਧ ਭਰੀ ਚੰਡਕਾ ਦੇ ਸਾਹਮਣੇ ਜਾ ਕੇ ਮਹਿਖਾਸੁਰ ਨੇ ਬੜੇ ਭਿਆਨਕ ਰਿੱਛ ਵਾਂਗੂੰ ਲਲਕਾਰਾ ਮਾਰਿਆ। ਚੰਡਕਾ ਨੇ ਆਪਣੇ ਹਥ ਵਿਚ ਮੁਗਦਰ ਲੈ ਕੇ ਮਹਿਖਾਸੁਰ ਦੇ ਸਰੀਰ ਉਤੇ ਇਸ ਤਰ੍ਹਾਂ ਮਾਰਿਆ ਜਿਵੇਂ ਹਨੂੰਮਾਨ ਨੇ ਪਹਾੜ ਨੂੰ ਪੁਟ ਕੇ ਰਾਵਣ ਦੀ ਛਾਤੀ ਵਿਚ ਮਾਰਿਆ ਸੀ॥ ੪੬॥

**ਫੇਰ ਸਰਾਸਨ ਕੋ ਗਹਿਕੈ ਕਰ ਬੀਰ ਸਨੇ ਤਿਨ ਪਾਨ ਨ ਮੰਗੇ॥**
**ਘਾਇਲ ਘੂਮ ਰਹੇ ਰਨ ਮਾਂਹਿ ਕਰਾਹਤ ਹੈਂ ਗਿਰ ਸੇ ਗਜ ਲੰਗੇ॥**
**ਸੂਰਨ ਕੇ ਤਨ ਕਉਚਨ ਸਾਥਿ ਪਰੇ ਧਰ ਭਾਉ ਉਠੇ ਤਹ ਚੰਗੇ॥**
**ਜਾਨੋ ਦਵਾ ਬਨ ਮਾਝ ਲਗੇ ਤਹ ਕੀਟਨ ਭੱਛ ਕੋ ਦਉਰੇ ਭੁਜੰਗੇ॥ ੪੭॥**

ਫੇਰ ਦੁਰਗਾ ਨੇ ਆਪਣੇ ਹਥ ਵਿਚ ਧਨੁਖ ਲੈ ਕੇ ਤੀਰ ਛੱਡੇ। ਉਹ ਤੀਰ ਜਿਸ ਸੂਰਮੇ ਨੂੰ ਲਗਦਾ ਸੀ, ਉਹ ਐਸਾ ਡਿੱਗਦਾ ਸੀ ਕਿ ਮੁੜਕੇ ਪਾਣੀ ਨਹੀਂ ਸੀ ਮੰਗਦਾ। ਰਣਭੂਮੀ ਵਿਚ ਜ਼ਖਮੀ ਹੋ ਹੋ ਕੇ ਸੂਰਮੇ ਡਿੱਗ ਰਹੇ ਸਨ ਤੇ ਪਹਾੜਾਂ ਵਰਗੇ ਹਾਥੀ ਲੰਙੇ ਹੋ ਕੇ ਕਰਾਹ ਰਹੇ ਸਨ। ਸੰਜੋਆਂ ਨਾਲ ਮੜ੍ਹੇ ਹੋਏ ਸੂਰਮਿਆਂ ਦੇ ਸਰੀਰ ਧਰਤੀ ਤੇ ਡਿਗੇ ਪਏ ਵੇਖਕੇ ਕਵੀ ਦੇ ਮਨ ਵਿਚ ਉਪਮਾ ਦੇਣ ਲਈ ਬੜੇ ਚੰਗੇ ਖਿਆਲ ਇਸ ਪ੍ਰਕਾਰ ਉਠੇ ਮਾਨੋ ਵਣ ਵਿਚ ਅੱਗ ਲੱਗ ਜਾਣ ਕਰਕੇ ਕੀੜਿਆਂ ਨੂੰ ਖਾਣ ਲਈ ਸੱਪ ਦੌੜਦੇ ਫਿਰਦੇ ਸਨ॥ ੪੭॥

**ਸਵੈਯਾ॥ ਕੋਪ ਭਰੀ ਰਨ ਚੰਡ ਪ੍ਰਚੰਡ ਸੁ ਪ੍ਰੇਰ ਕੇ ਸਿੰਘ ਧਸੀ ਰਨ ਮੈ॥**
**ਕਰ ਵਾਰ ਲੈ ਲਾਲ ਕੀਏ ਅਰਿ ਖੇਤ ਲਗੀ ਬੜਵਾਨਲ ਜਿਉ ਬਨ ਮੈ॥**
**ਤਬ ਘੇਰਿ ਲਈ ਚਹੂੰ ਓਰ ਤੇ ਦੈਤਨ ਇਉ ਉਪਮਾ ਉਪਜੀ ਮਨ ਮੈ॥**
**ਮਨ ਤੇ ਤਨ ਤੇਜੁ ਚਲਿਓ ਜਗ ਮਾਤ ਕੋ ਦਾਮਨ ਜਾਨ ਚਲੇ ਘਨ ਮੈ॥ ੪੮॥**

ਬੜੇ ਕਰੋਧ ਵਿਚ ਭਰੀ ਹੋਈ ਚੰਡਕਾ ਨੇ ਬੜੀ ਤੇਜ਼ੀ ਨਾਲ ਸ਼ੇਰ ਨੂੰ ਮੋੜਿਆ ਤੇ ਰਣਭੂਮੀ ਵਿਚ ਵੈਰੀਆਂ ਦੀ ਫੌਜ ਵਿਚ ਜਾ ਧਸੀ। ਦੁਰਗਾ ਨੇ ਤਲਵਾਰ ਨਾਲ ਦੁਸ਼ਮਨਾਂ ਨੂੰ ਵੱਢ ਕੇ ਲਹੂ ਲੁਹਾਨ ਕਰ ਦਿੱਤਾ, ਇਉਂ ਲਗ ਰਿਹਾ ਸੀ ਕਿ ਜਿਵੇਂ ਵਣ ਵਿਚ ਅੱਗ ਲਗੀ ਹੋਈ ਹੋਵੇ। ਤਦ ਦੈਂਤਾਂ ਨੇ ਦੁਰਗਾ ਨੂੰ ਚੌਂਹਾਂ ਪਾਸਿਆਂ ਤੋਂ ਘੇਰ ਲਿਆ। ਇਸ ਦ੍ਰਿਸ਼ ਨੂੰ ਵੇਖਕੇ ਕਵੀ ਦੇ ਮਨ ਵਿਚ ਇਸ ਤਰ੍ਹਾਂ ਦੀ ਉਪਮਾ ਪੈਦਾ ਹੋਈ ਹੈ ਕਿ ਜਗਤ-ਮਾਤਾ ਦੁਰਗਾ ਦਾ ਸਰੀਰ ਮਨ ਨਾਲੋਂ ਵੀ ਤੇਜ਼ੀ ਨਾਲ ਇਸ ਤਰ੍ਹਾਂ ਜ਼ਾ ਰਿਹਾ ਸੀ ਜਿਵੇਂ ਕਾਲੇ ਬਦਲਾਂ ਵਿਚ ਬਿਜਲੀ ਜਾ ਰਹੀ ਹੋਵੇ॥ ੪੮॥

**ਫੂਟ ਗਈ ਧੁਜਨੀ ਸਗਰੀ ਅਸਿ ਚੰਡ ਪ੍ਰਚੰਡ ਜਬੈ ਕਰਿ ਲੀਨੋ॥**
**ਦੈਤ ਮਰੈ ਨਹਿ ਬੇਖ ਕਰੈ ਬਹੁ ਤਉ ਬਰਬੰਡ ਮਹਾਂਬਲ ਕੀਨੋ॥**

ਚੱਕ੍ਰ ਚਲਾਇ ਦਯੋ ਕਰਿ ਤੇ ਸਿਰ ਸ਼ੱਤ੍ਰ ਕੋ ਮਾਰ ਜੁਦਾ ਕਰਿ ਦੀਨੋ॥
ਸ੍ਰੋਣਤ ਧਾਰ ਚਲੀ ਨਭ ਕੋ ਜਨੁ ਸੂਰ ਕੋ ਰਾਮ ਜਲਾਂਜਲ ਦੀਨੋ॥ ੪੯॥

ਜਦੋਂ ਚੰਡਕਾ ਨੇ ਬੜੀ ਤੇਜ਼ ਤਲਵਾਰ ਹੱਥ ਵਿਚ ਲੈ ਕੇ ਦੈਂਤਾਂ ਨੂੰ ਵੱਢਣਾ ਸ਼ੁਰੂ ਕੀਤਾ ਤਾਂ ਦੈਂਤਾਂ ਦੀ ਸਾਰੀ ਫੌਜ ਖਿੰਡ ਗਈ। ਜਦ ਦੁਰਗਾ ਨੇ ਬੜੇ ਬਲ ਨਾਲ ਦੈਂਤਾਂ ਨੂੰ ਮਾਰਿਆ, ਤਦ ਦੈਂਤ ਮਰ ਗਏ, ਹੁਣ ਉਹ ਬਹੁਤੇ ਰੂਪ ਧਾਰਨ ਨਹੀਂ ਕਰਦੇ ਸਨ। ਦੁਰਗਾ ਨੇ ਆਪਣੇ ਹੱਥ ਨਾਲ ਚੱਕਰ ਚਲਾਕੇ ਵੈਰੀਆਂ ਦੇ ਸਿਰ ਲਾਹ ਲਾਹ ਕੇ ਸੁਟ ਦਿੱਤੇ। ਲਹੂ ਦੀ ਧਾਰ ਆਕਾਸ਼ ਵਲ ਚਲਦੀ ਇਉਂ ਪ੍ਰਤੀਤ ਹੋ ਰਹੀ ਸੀ ਜਿਵੇਂ ਰਾਮ ਨੇ ਸੂਰਜ ਨੂੰ ਜਲ ਅਰਪਣ ਕੀਤਾ ਹੋਵੇ॥ ੪੯॥

ਸਵੈਯਾ॥ ਸਭ ਸੂਰ ਸੰਘਾਰ ਦਏ ਤਿਹ ਖੇਤ ਮਹਾਂ ਬਰਬੰਡ ਪਰਾਕ੍ਰਮ ਕੈ॥
ਤਹ ਸ੍ਰੋਣਤ ਸਿੰਧ ਭਇਓ ਧਰਨੀ ਪਰਿ ਪੁੰਜ ਗਿਰੇ ਅਸਿ ਕੈ ਧਮ ਕੈ॥
ਜਗਮਾਤ ਪ੍ਰਤਾਪ ਸਨੇ ਸੁਰ ਤਾਪ ਸੁ ਦਾਨਵ ਸੈਨ ਗਈ ਜਮ ਕੈ॥
ਬਹੁਰੌ ਅਰਿ ਸਿੰਧੁਰ ਤੇ ਦਲ ਪੈਠ ਕੈ ਦਾਮਨ ਜਿਉ ਦੁਰਗਾ ਦਮਕੈ॥ ੫੦॥

ਮਹਾਨ ਬਲ ਵਾਲੀ ਦੁਰਗਾ ਨੇ ਪਰਾਕ੍ਰਮ ਕਰਕੇ ਰਣਭੂਮੀ ਵਿਚ ਸਭ ਸੂਰਮਿਆਂ ਨੂੰ ਮਾਰ ਦਿੱਤਾ। ਰਣਭੂਮੀ ਵਿਚ ਲਹੂ ਦਾ ਸਮੁੰਦਰ ਬਣ ਗਿਆ। ਤਲਵਾਰ ਦੀ ਧਮਕ ਨਾਲ ਸਭ ਸੂਰਮੇ ਧਰਤੀ ਤੇ ਡਿੱਗ ਪਏ। ਜਗਤ ਮਾਤਾ ਦੁਰਗਾ ਦੇ ਪ੍ਰਤਾਪ ਨਾਲ ਦੇਵਤਿਆਂ ਦੇ ਤਾਪ ਦੁਖ ਦੂਰ ਹੋ ਗਏ ਤੇ ਦੈਂਤਾਂ ਦੀ ਸੈਨਾ ਜਮਲੋਕ ਨੂੰ ਚਲੀ ਗਈ। ਫਿਰ ਦੁਰਗਾ ਦੈਂਤਾਂ ਦੇ ਹਾਥੀਆਂ ਦੇ ਦਲ ਵਿਚ ਜਾ ਕੇ ਬਿਜਲੀ ਵਾਂਗੂੰ ਦਮਕਣ ਲੱਗੀ॥ ੫੦॥

ਦੋਹਰਾ॥ ਜਬ ਮਹਖਾਸੁਰ ਮਾਰਿਓ ਸਭ ਦੈਤਨ ਕੋ ਰਾਜ॥
ਤਬ ਕਾਇਰ ਭਾਜੇ ਸਭੈ ਛਾਡਿਓ ਸਕਲ ਸਮਾਜ॥ ੫੧॥

ਜਦੋਂ ਦੁਰਗਾ ਨੇ ਸਭ ਦੈਂਤਾਂ ਦੇ ਰਾਜੇ ਮਹਿਖਾਸੁਰ ਨੂੰ ਮਾਰ ਦਿੱਤਾ ਤਦ ਬੁਜ਼ਦਿਲ ਦੈਂਤ ਡਰ ਦੇ ਮਾਰੇ ਭੱਜ ਗਏ ਤੇ ਸਭ ਜੰਗੀ ਸਾਜੋ ਸਮਾਨ ਮੈਦਾਨ ਵਿਚ ਹੀ ਛੱਡ ਗਏ॥ ੫੧॥

ਕਬਿੱਤੁ॥ ਮਹਾਬੀਰ ਕਹਰੀ ਦੁਪਹਰੀ ਕੋ ਭਾਨ ਮਾਨੋ
ਦੇਵਨ ਕੈ ਕਾਜ ਦੇਵੀ ਡਾਰਿਓ ਦੈਤ ਮਾਰਿਕੈ॥
ਅਉਰ ਦਲੁ ਭਾਜਿਓ ਜੈਸੇ ਪਉਨ ਹੂੰ ਤੇ ਭਾਜੇ ਮੇਘ
ਇੰਦ੍ਰ ਦੀਨੋ ਰਾਜ ਬਲੁ ਆਪਨੋ ਸੋ ਧਾਰਿਕੈ॥
ਦੇਸ ਦੇਸ ਕੇ ਨਰੇਸ਼ ਡਾਰੇ ਹੈ ਸੁਰੇਸ਼ ਪਾਇ

**ਕੀਨੋ ਅਭਖੇਕ ਸੁਰਮੰਡਲ ਬਿਚਾਰਿ ਕੈ॥**
**ਈਹਾਂ ਭਈ ਗੁਪਤਿ ਪ੍ਰਗਟ ਜਾਇ ਤਹਾਂ ਭਈ**
**ਜਹਾਂ ਬੈਠੇ ਹਰਿ ਹਰਿਅੰਬਰਿ ਕੋ ਡਾਰਿਕੈ॥੫੨॥**

ਪਦ ਅਰਥ - ਅਭਖੇਕ=ਰਾਜ ਤਿਲਕ। ਹਰਿ=ਸ਼ਿਵਜੀ। ਹਰਿਅੰਬਰਿ=ਸ਼ੇਰ ਦੀ ਖੱਲ।

ਜਿਹੜਾ ਮਹਾਂ ਜੋਧਾ ਮਹਿਖਾਸੁਰ ਦੁਪਹਿਰ ਦੇ ਸੂਰਜ ਵਾਂਗੂੰ ਬੜਾ ਤੇਜਵਾਨ ਮੰਨਿਆ ਜਾਂਦਾ ਸੀ, ਉਸ ਨੂੰ ਦੇਵੀ ਨੇ ਦੇਵਤਿਆਂ ਦੇ ਕਲਿਆਣ ਵਾਸਤੇ ਖਤਮ ਕਰ ਦਿੱਤਾ। ਮਹਿਖਾਸੁਰ ਦੇ ਮਾਰੇ ਜਾਣ ਤੋਂ ਪਿਛੋਂ ਜਿਹੜੀ ਦੈਂਤਾਂ ਦੀ ਸੈਨਾ ਬਚ ਰਹੀ ਸੀ, ਉਹ ਇਉਂ ਭੱਜ ਗਈ ਜਿਵੇਂ ਜ਼ੋਰ ਦੀ ਹਵਾ ਨਾਲ ਬੱਦਲ ਭੱਜ ਜਾਂਦੇ ਸਨ। ਦੁਰਗਾ ਨੇ ਆਪਣੇ ਬਲ ਨਾਲ ਦੈਂਤਾਂ ਨੂੰ ਮਾਰਕੇ ਇੰਦਰ ਨੂੰ ਸੁਰਗਪੁਰੀ ਦਾ ਰਾਜ ਬਖਸ਼ਿਆ। ਦੇਵੀ ਨੇ ਦੇਸ਼ਾਂ ਦੇਸ਼ਾਂਤਰਾਂ ਦੇ ਰਾਜੇ, ਇੰਦਰ ਦੇ ਅਧੀਨ ਕਰ ਦਿੱਤੇ। ਸਾਰਿਆਂ ਦੇਵਤਿਆਂ ਨਾਲ ਵਿਚਾਰ ਕਰਕੇ ਇੰਦਰ ਨੂੰ ਰਾਜ ਤਿਲਕ ਦਿੱਤਾ ਗਿਆ। ਇੰਦਰ ਨੂੰ ਸੁਰਗਪੁਰੀ ਦਾ ਰਾਜ ਸੌਂਪਕੇ ਦੁਰਗਾ ਇਥੋਂ ਲੋਪ ਹੋ ਗਈ ਤੇ ਜਿਥੇ ਸ਼ਿਵਜੀ ਸ਼ੇਰ ਦੀ ਖੱਲ ਦੇ ਆਸਣ ਤੇ ਬੈਠੇ ਤਪੱਸਿਆ ਵਿਚ ਲੀਨ ਸਨ, ਉਸ ਕੈਲਾਸ਼ ਪਰਬਤ ਤੇ ਜਾ ਕੇ ਪ੍ਰਗਟ ਹੋ ਗਈ॥੫੨॥

ਇਤਿ ਸ੍ਰੀ ਮਾਰਕੰਡੇ ਪੁਰਾਨੇ ਸ੍ਰੀ ਚੰਡੀ ਚਰਿਤ੍ਰ ਉਕਤਿ ਬਿਲਾਸ ਮਹਖਾਸੁਰ ਬਧਹਿ ਨਾਮ ਦੁਤੀਆ ਧਿਆਇ ਸਮਾਪਤਮ॥੨॥੫੨॥ ਅਫਜੂੰ

ਸ੍ਰੀ ਮਾਰਕੰਡੇ ਪੁਰਾਨ ਸ੍ਰੀ ਚੰਡੀ ਚਰਿੱਤਰ, ਉਕਤਿ ਬਿਲਾਸ, ਮਹਿਖਾਸੁਰ ਦੈਂਤ ਦਾ ਕਤਲ, ਅਧਿਆਏ ਦੂਸਰਾ ਸਮਾਪਤ॥੨॥੫੨॥ ਚਲਦਾ॥

# ਅਧਿਆਏ ਤੀਸਰਾ

## ਧੂਮਰ ਨੈਨ ਦੈਂਤ ਦਾ ਕਤਲ

**ਦੋਹਰਾ॥ ਲੋਪ ਚੰਡਕਾ ਹੋਇ ਗਈ ਸੁਰਪਤਿ ਕੌ ਦੇ ਰਾਜ॥**
**ਦਾਨਵ ਮਾਰ ਅਭੇਖ ਕਰਿ ਕੀਨੇ ਸੰਤਨ ਕਾਜ॥੫੩॥**

ਇੰਦਰ ਨੂੰ ਸੁਰਗਪੁਰੀ ਦਾ ਰਾਜ ਦੇ ਕੇ ਚੰਡਕਾ ਲੋਪ ਹੋ ਗਈ। ਦੈਂਤਾਂ ਦਾ ਮਲੀਆਮੇਟ ਕਰ ਦਿੱਤਾ ਤੇ ਸੰਤਾਂ ਭਗਤਾਂ ਦੇ ਕਾਰਜ ਸਵਾਰ ਦਿੱਤੇ॥੫੩॥

**ਸਵੈਯਾ॥ ਯਾਤੇ ਪ੍ਰਸੰਨ ਭਏ ਹੈ ਮਹਾਂ ਮੁਨਿ ਦੇਵਨ ਕੇ ਤਪ ਮੈ ਸੁਖ ਪਾਵੈਂ॥**
**ਜੱਗਜ ਕਰੈ ਇਕ ਬੇਦ ਰਰੈ ਭਵ ਤਾਪ ਹਰੈ ਮਿਲਿ ਧਜਾਨਹਿ ਲਾਵੈਂ॥**

**ਝਾਲਰ ਤਾਲ ਮ੍ਰਿਦੰਗ ਉਪੰਗ ਰਬਾਬ ਲੀਏ ਸੁਰ ਸਾਜ ਮਿਲਾਵੈਂ॥**
**ਕਿੰਨਰ ਗੰਧ੍ਰਬ ਗਾਨ ਕਰੈ ਗਨਿ ਜੱਛ ਅਪੱਛਰ ਨਿਰਤ ਦਿਖਾਵੈਂ॥ ੫੪॥**

ਸਭ ਰਿਸ਼ੀ ਮੁਨੀ ਬੜੇ ਪ੍ਰਸੰਨ ਹੋ ਗਏ। ਉਹ ਦੇਵਤਿਆਂ ਦੇ ਤਪ ਤੇਜ ਵਿਚ ਬੜੇ ਸੁਖ ਪ੍ਰਾਪਤ ਕਰਦੇ ਸਨ। ਕਈ ਰਿਸ਼ੀ ਜੱਗ ਕਰਦੇ ਸਨ ਤੇ ਕਈ ਵੇਦਾਂ ਦਾ ਪਾਠ ਕਰਦੇ ਸਨ। ਕਈ ਪ੍ਰਭੂ ਦੇ ਸਿਮਰਨ ਵਿਚ ਧਿਆਨ ਲਾ ਕੇ ਸੰਸਾਰ ਦੇ ਜਨਮ ਮਰਨ ਦੇ ਦੁਖ ਨਾਸ ਕਰ ਰਹੇ ਸਨ। ਖੁਸ਼ੀ ਵਿਚ ਆਏ ਹੋਏ ਰਿਸ਼ੀ ਮੁਨੀ ਤੇ ਦੇਵਤੇ ਛੈਣੇ, ਕੈਂਸੀਆਂ, ਮ੍ਰਿਦੰਗ, ਢੋਲਕ ਤੇ ਰਬਾਬ ਆਦਿ ਸਾਜ ਵਜਾਕੇ ਇਨ੍ਹਾਂ ਸਾਜ਼ਾਂ ਨਾਲ ਆਪਣੀ ਸੁਰ ਮਿਲਾਕੇ ਗਾਇਨ ਕਰਦੇ ਸਨ। ਕਿੰਨਰ, ਗੰਧਰਬ ਤੇ ਜੱਛ ਖੁਸ਼ੀ ਦੇ ਗੀਤ ਗਾਉਂਦੇ ਸਨ ਤੇ ਸੁਰਗ ਦੀਆਂ ਅਪੱਛਰਾਂ ਨਾਚ ਕਰਕੇ ਵਿਖਾ ਰਹੀਆਂ ਸਨ॥ ੫੪॥

**ਸੰਖਨ ਕੀ ਧੁਨ ਘੰਟਨਿ ਕੀ ਕਰਿ ਫੂਲਨਕੀ ਬਰਖਾ ਬਰਖਾਵੈਂ॥**
**ਆਰਤੀ ਕੋਟਿ ਕਰੈ ਸੁਰ ਸੁੰਦਰ ਪੇਖ ਪੁਰੰਦਰ ਕੇ ਬਲਿ ਜਾਵੈਂ॥**
**ਦਾਨਤ ਦੱਛਨ ਦੈ ਕੈ ਪ੍ਰਦੱਛਨ ਭਾਲ ਮੈ ਕੁੰਕਮ ਅੱਛਤ ਲਾਵੈਂ॥**
**ਹੋਤ ਕੁਲਾਸਨ ਦੇਵਪੁਰੀ ਮਿਲਿ ਦੇਵਨ ਕੇ ਕੁਲਿ ਮੰਗਲਿ ਗਾਵੈਂ॥ ੫੫॥**

ਪਦ ਅਰਥ - ਪੁਰੰਦਰ=ਇੰਦਰ।

ਸਾਰੇ ਦੇਵਤੇ ਮਿਲਕੇ ਸੰਖਾਂ ਤੇ ਘੰਟਿਆਂ ਦੀ ਧੁਨਿ ਕਰਦੇ ਸਨ ਤੇ ਫੁਲਾਂ ਦੀ ਵਰਖਾ ਕਰ ਰਹੇ ਸਨ। ਕਰੋੜਾਂ ਸੁੰਦਰ ਦੇਵਤੇ ਇੰਦਰ ਦੀ ਆਰਤੀ ਉਤਾਰ ਰਹੇ ਸਨ ਤੇ ਉਸ ਤੋਂ ਬਲਿਹਾਰ ਜਾ ਰਹੇ ਸਨ। ਕਈ ਦੇਵਤੇ ਇੰਦਰ ਤੋਂ ਵਾਰ ਕੇ ਦਾਨ ਦੇਂਦੇ ਸਨ, ਕਈ ਪ੍ਰਕਰਮਾਂ ਕਰਦੇ ਸਨ ਤੇ ਕਈ ਇੰਦਰ ਦੇ ਮੱਥੇ ਤੇ ਕੇਸਰ ਤੇ ਚੌਲਾਂ ਦਾ ਤਿਲਕ ਲਾਉਂਦੇ ਸਨ। ਇਸ ਤਰ੍ਹਾਂ ਦਾ ਉਤਸ਼ਾਹ ਤੇ ਖੁਸ਼ੀਆਂ ਸੁਰਗਪੁਰੀ ਵਿਚ ਹੋ ਰਹੀਆਂ ਸਨ ਤੇ ਦੇਵਤਿਆਂ ਦੀਆਂ ਕੁਲਾਂ ਮੰਗਲਮਈ ਗੀਤ ਗਾ ਰਹੀਆਂ ਸਨ॥ ੫੫॥

**ਦੋਹਰਾ॥ ਐਸੇ ਚੰਡ ਪ੍ਰਤਾਪ ਤੇ ਦੇਵਨ ਬਢਿਓ ਪ੍ਰਤਾਪ॥**
**ਤੀਨ ਲੋਕ ਜੈ ਜੈ ਕਰੈ ਰਰੈ ਨਾਮ ਸਤਿ ਜਾਪ॥ ੫੬॥**

ਇਸ ਤਰ੍ਹਾਂ ਦੇਵੀ ਦੀ ਕਿਰਪਾ ਨਾਲ ਦੇਵਤਿਆਂ ਦਾ ਬੜਾ ਤੇਜ ਪ੍ਰਤਾਪ ਵਧਿਆ। ਤਿੰਨਾਂ ਲੋਕਾਂ ਵਿਚ ਦੁਰਗਾ ਦੀ ਜੈ ਜੈਕਾਰ ਹੋਣ ਲੱਗ ਪਈ ਤੇ ਦੇਵਤੇ 'ਦੁਰਗਾ ਸਪਤ ਸਈ' ਦਾ ਪਾਠ ਕਰਦੇ ਸਨ॥ ੫੬॥

**ਇਸੀ ਭਾਂਤਿ ਸੋ ਦੇਵਤਨ ਰਾਜ ਕੀਯੋ ਸੁਖੁ ਮਾਨ॥**
**ਬਹੁਰ ਸੁੰਭ ਨੈਸੁੰਭ ਦੁਇ ਦੈਤ ਬਡੇ ਬਲਿਵਾਨ॥ ੫੭॥**

ਇਸ ਤਰ੍ਹਾਂ ਦੇਵੀ ਦੀ ਕਿਰਪਾ ਨਾਲ ਦੇਵਤਿਆਂ ਨੇ ਰਾਜ ਪ੍ਰਾਪਤ ਕਰਕੇ ਬੜਾ ਸੁਖ ਭੋਗਿਆ।

ਫਿਰ ਸੁੰਭ ਤੇ ਨਿਸੁੰਭ ਨਾਂ ਦੇ ਦੋ ਬੜੇ ਬਲਵਾਨ ਦੈਂਤ ਪੈਦਾ ਹੋਏ॥ ੫੭॥

**ਦੋਹਰਾ॥ ਇੰਦ੍ਰਲੋਕ ਕੇ ਰਾਜ ਹਿਤ ਚੜਿ ਧਾਏ ਨ੍ਰਿਪ ਸੁੰਭ॥**
**ਸੈਨਾ ਚਤੁਰੰਗਨਿ ਰਚੀ ਪਾਇਕ ਰਥ ਹੈ ਕੁੰਭ॥ ੫੮॥**

ਇੰਦਰਲੋਕ ਸੁਰਗਪੁਰੀ ਦਾ ਰਾਜ ਪ੍ਰਾਪਤ ਕਰਨ ਵਾਸਤੇ ਸੁੰਭ ਚਤੁਰੰਗਨੀ ਸੈਨਾ ਭਾਵ ਪੈਦਲ, ਰਥ, ਘੋੜੇ ਤੇ ਹਾਥੀ ਆਪਣੇ ਨਾਲ ਲੈ ਕੇ ਚੜ੍ਹਾਈ ਕਰਕੇ ਆ ਗਿਆ॥ ੫੮॥

**ਸਵੈਯਾ॥ ਬਾਜਤ ਡੰਕ ਪਰੀ ਧੁਨ ਕਾਨ ਸੁ ਸੰਕ ਪੁਰੰਦਰ ਮੂੰਦਤ ਪਉਰੈ॥**
**ਸੂਰਮੈ ਨਾਹਿ ਰਹੀ ਦੁਤ ਦੇਖਿ ਕੈ ਜੁੱਧ ਕੋ ਦੈਤ ਭਏ ਇਕ ਠਉਰੈ॥**
**ਕਾਂਪ ਸਮੁੰਦ੍ਰ ਉਠੇ ਸਿਗਰੇ ਬਹੁ ਭਾਰ ਭਈ ਧਰਨੀ ਗਤਿ ਅਉਰੈ॥**
**ਮੇਰੁ ਹਲਿਓ ਦਹਲਿਓ ਸੁਰ ਲੋਕ ਜਬੈ ਦਲ ਸੁੰਭ ਨਿਸੁੰਭ ਕੇ ਦਉਰੈ॥ ੫੯॥**

ਪਦ ਅਰਥ - ਪਉਰੈ=ਦਰਵਾਜ਼ੇ।

ਧੌਂਸਿਆਂ ਤੇ ਨਗਾਰਿਆਂ ਦੀ ਆਵਾਜ਼ ਜਦੋਂ ਦੇਵਤਿਆਂ ਦੇ ਕੰਨਾਂ ਵਿਚ ਪਈ ਤਾਂ ਉਹ ਬੜੇ ਸ਼ੰਕਾਵਾਨ ਹੋਏ ਤੇ ਉਹਨਾਂ ਨੇ ਇੰਦਰਪੁਰੀ ਦੇ ਦਰਵਾਜ਼ੇ ਬੰਦ ਕਰ ਲਏ। ਇਹ ਵੇਖਕੇ ਕਿ ਸੂਰਮਿਆਂ ਵਿਚ ਆਹਮੋ ਸਾਹਮਣੇ ਲੜਨ ਦੀ ਹਿੰਮਤ ਨਹੀਂ ਰਹੀ ਤਾਂ ਸਾਰੇ ਦੈਂਤ ਇਕ ਥਾਂ ਇੱਕਠੇ ਹੋ ਗਏ। ਦੈਂਤਾਂ ਦੀ ਚੜ੍ਹਾਈ ਵੇਖਕੇ ਸਭ ਸਮੁੰਦਰ ਕੰਬ ਉਠੇ ਤੇ ਧਰਤੀ ਦੀ ਦਸ਼ਾ ਵੀ ਭਾਰ ਨਾਲ ਹੋਰ ਦੀ ਹੋਰ ਹੋ ਗਈ। ਸੁਮੇਰ ਪਰਬਤ ਹਿੱਲਣ ਲੱਗ ਪਿਆ ਤੇ ਇੰਦ੍ਰ ਲੋਕ ਡਰ ਨਾਲ ਸਹਿਮ ਗਿਆ, ਜਦ ਪਤਾ ਲੱਗਾ ਕਿ ਸੁੰਭ ਨਿਸੁੰਭ ਦੀ ਸੈਨਾ ਜੰਗ ਕਰਨ ਲਈ ਤੁਰ ਪਈ ਹੈ॥ ੫੯॥

**ਦੋਹਰਾ॥ ਦੇਵ ਸਭੈ ਮਿਲਿ ਕੈ ਤਬੈ ਗਏ ਸੱਕ੍ਰ ਪਹਿ ਧਾਇ॥**
**ਕਹਿਓ ਦੈਤ ਆਏ ਪ੍ਰਬਲ ਕੀਜੈ ਕਹਾ ਉਪਾਇ॥ ੬੦॥**

ਪਦ ਅਰਥ - ਸੱਕ੍ਰ=ਇੰਦਰ।

ਤਦ ਸਾਰੇ ਦੇਵਤੇ ਇਕੱਠੇ ਹੋ ਕੇ ਇੰਦਰ ਰਾਜਾ ਕੋਲ ਗਏ ਤੇ ਜਾ ਕੇ ਕਹਿਣ ਲਗੇ ਕਿ ਹੇ ਰਾਜਨ ! ਦੈਂਤ ਬੜੇ ਜ਼ੋਰ ਸ਼ੋਰ ਨਾਲ ਸਾਡੇ ਤੇ ਚੜ੍ਹਾਈ ਕਰਕੇ ਆ ਪਹੁੰਚੇ ਸਨ। ਕੋਈ ਬਚਾਅ ਦਾ ਉਪਾਅ ਕਰੋ॥ ੬੦॥

**ਦੋਹਰਾ॥ ਸੁਨਿ ਕੋਪਿਓ ਸੁਰਪਾਲ ਤਬ ਕੀਨੋ ਜੁੱਧ ਉਪਾਇ॥**
**ਸੇਖ ਦੇਵਗਨ ਜੇ ਹੁਤੇ ਤੇ ਸਭ ਲੀਏ ਬੁਲਾਇ॥ ੬੧॥**

ਦੇਵਤਿਆਂ ਕੋਲੋਂ ਇਹ ਦੁਖਦਾਈ ਸਮਾਚਾਰ ਸੁਣਕੇ ਇੰਦਰ ਬੜੇ ਕਰੋਧ ਵਿਚ ਆਇਆ ਤੇ ਉਸ ਨੇ ਜੁੱਧ ਦੀ ਤਿਆਰੀ ਕਰ ਦਿੱਤੀ। ਬਾਕੀ ਦੇਵਤਿਆਂ ਦੇ ਜਿਹੜੇ ਦਲ ਸਨ, ਉਸ ਨੇ ਸਭ

ਨੂੰ ਜੁਧ ਵਿਚ ਸ਼ਾਮਲ ਹੋਣ ਲਈ ਬੁਲਾ ਲਿਆ॥ ੬੧॥

**ਸਵੈਯਾ॥ ਭੂੰਮ ਕੋ ਭਾਰ ਉਤਾਰਨ ਕੋ ਜਗਦੀਸ਼ ਬਿਚਾਰਕੈ ਜੁੱਧੁ ਠਟਾ॥
ਗਰਜੈ ਮਦਮੱਤ ਕਰੀ ਬਦਰਾ ਬਗ ਪੰਤ ਲਸੈ ਜਨ ਦੰਤ ਗਟਾ॥
ਪਹਰੇ ਤਨ ਤ੍ਰਾਨ ਫਿਰੈ ਤਹ ਬੀਰ ਲੀਏ ਬਰਛੀ ਕਰਿ ਬਿੱਜੁ ਛਟਾ॥
ਦਲ ਦੈਤਨ ਕੋ ਅਰਿ ਦੇਵਨ ਪੈ ਉਮਡਿਓ ਮਾਨੋ ਘੋਰ ਘਮੰਡ ਘਟਾ॥ ੬੨॥**

ਪਦ ਅਰਥ - ਕਰੀ=ਹਾਥੀ। ਬਾਦਰਾ=ਬੱਦਲ। ਗਟਾ=ਚਟਾਨ। ਤਨ ਤ੍ਰਾਨ=ਸੰਜੋਅ। ਬਿੱਜੁ=ਬਿਜਲੀ।

ਧਰਤੀ ਤੋਂ ਦੁਸ਼ਟ ਪੁਰਸ਼ਾਂ ਦਾ ਭਾਰ ਲਾਹੁਣ ਲਈ ਪ੍ਰਭੂ ਨੇ ਜੁੱਧ ਦਾ ਸਾਧਨ ਬਣਾਇਆ ਸੀ। ਇਹ ਜੋ ਸ਼ਰਾਬ ਨਾਲ ਮਸਤ ਹੋਏ ਹਾਥੀ ਚਿੰਘਾੜਦੇ ਸਨ, ਇਹ ਮਾਨੋਂ ਕਾਲੇ ਕਾਲੇ ਬੱਦਲ ਗਰਜ ਰਹੇ ਸਨ ਤੇ ਹਾਥੀਆਂ ਦੇ ਦੰਦਾਂ ਦੀ ਸਫੈਦੀ ਮਾਨੋਂ ਬਗਲਿਆਂ ਦੀ ਡਾਰ ਸੀ, ਜੋ ਕਾਲੇ ਬੱਦਲਾਂ ਵਿਚ ਚਮਕ ਰਹੀ ਸੀ। ਇਹ ਜੋ ਸਰੀਰ ਤੇ ਸੰਜੋਆਂ ਪਹਿਨਕੇ ਸੂਰਮੇ ਫਿਰਦੇ ਸਨ ਤੇ ਉਹਨਾਂ ਦੇ ਹੱਥਾਂ ਵਿਚ ਜੋ ਚਮਕਦਾਰ ਬਰਛੀਆਂ ਸਨ, ਇਹ ਮਾਨੋਂ ਬਿਜਲੀ ਲਿਸ਼ਕ ਰਹੀ ਸੀ। ਇਹ ਜੋ ਦੈਂਤਾਂ ਦੀਆਂ ਫੌਜਾਂ ਆਪਣੇ ਦੁਸ਼ਮਨ ਦੇਵਤਿਆਂ ਤੇ ਚੜ੍ਹਕੇ ਆਈਆਂ ਸਨ, ਇਹ ਜਾਣੋਂ ਕਾਲੀਆਂ ਘਟਾਵਾਂ ਸਨ॥ ੬੨॥

**ਦੋਹਰਾ॥ ਸਗਲ ਦੈਤ ਇਕਠੇ ਭਏ ਕਰਜੋ ਜੁੱਧ ਕੋ ਸਾਜ॥
ਅਮਰ ਪੁਰੀ ਮਹਿ ਜਾਇ ਕੈ ਘੇਰਿ ਲੀਓ ਸੁਰਰਾਜ॥ ੬੩॥**

ਸਾਰੇ ਦੈਂਤ ਇਕੱਠੇ ਹੋ ਗਏ ਤੇ ਉਹਨਾਂ ਨੇ ਜੁੱਧ ਦਾ ਸਾਜੋ ਸਮਾਨ ਤਿਆਰ ਕੀਤਾ। ਸੁਰਗਪੁਰੀ ਵਲ ਚੜ੍ਹਾਈ ਕਰਕੇ ਉਨ੍ਹਾਂ ਨੇ ਇੰਦਰ ਦੇਵਤੇ ਨੂੰ ਘੇਰ ਲਿਆ॥ ੬੩॥

**ਸਵੈਯਾ॥ ਖੋਲਿ ਕੈ ਦੁਆਰ ਕਿਵਾਰ ਸਭੈ ਨਿਕਸੀ ਅਸੁਰਾਰ ਕੀ ਸੈਨ ਚਲੀ॥
ਰਨ ਮੈ ਤਬ ਆਨਿ ਇਕੱਤ੍ਰ ਭਏ ਲਖਿ ਸ਼ੱਤ੍ਰ ਕੀ ਪੱਤ੍ਰ ਜਿਉ ਸੈਨ ਹਲੀ॥
ਦ੍ਰੁਮ ਦੀਰਘ ਜਿਉ ਗਜ ਬਾਜ ਹਲੇ ਰਥ ਪਾਇਕ ਜਿਉ ਫਲ ਫੂਲ ਕਲੀ॥
ਦਲ ਸੁੰਭ ਕੋ ਮੇਘ ਬਿਡਾਰਨ ਕੋ ਨਿਕਸਿਓ ਮਘਵਾ ਮਾਨੋ ਪਉਨ ਬਲੀ॥ ੬੪॥**

ਪਦ ਅਰਥ - ਅਸੁਰਾਰ=ਦੇਵਤੇ।

ਸੁਰਗਪੁਰੀ ਦੇ ਦਰਵਾਜ਼ੇ ਖੋਲ੍ਹ ਕੇ ਦੇਵਤਿਆਂ ਦੀਆਂ ਫੌਜਾਂ ਦੈਂਤਾਂ ਨਾਲ ਜੁੱਧ ਕਰਨ ਲਈ ਮੈਦਾਨ ਵਿਚ ਨਿਕਲ ਆਈਆਂ। ਜਦੋਂ ਦੇਵਤਿਆਂ ਦੀਆਂ ਫੌਜਾਂ ਰਣਭੂਮੀ ਵਿਚ ਨਿਕਲ ਆਈਆਂ ਤਦ ਉਹਨਾਂ ਨੂੰ ਵੇਖਕੇ ਵੈਰੀਆਂ ਦੀਆਂ ਫੌਜਾਂ ਪਿੱਪਲ ਦੇ ਪੱਤਰਾਂ ਵਾਂਗੂੰ ਕੰਬਣ ਲਗੀਆਂ। ਵਡੇ ਬ੍ਰਿਛਾਂ

ਵਾਂਗੂੰ ਹਾਥੀ, ਫਲਾਂ ਵਾਂਗੂੰ ਘੋੜੇ, ਫੁਲਾਂ ਵਾਂਗੂੰ ਰਥ ਤੇ ਕਲੀਆਂ ਵਾਂਗੂੰ ਪੈਦਲ ਫੌਜਾਂ ਹਰਕਤ ਕਰਨ ਲੱਗੀਆਂ। ਸੁੰਭ ਦੈਂਤ ਦੀ ਬੱਦਲਾਂ ਰੂਪੀ ਫੌਜ ਨੂੰ ਨਾਸ ਕਰਨ ਵਾਸਤੇ ਮਾਨੋ ਹਵਾ ਰੂਪ ਇੰਦਰ ਮੈਦਾਨ ਵਿਚ ਨਿਕਲ ਆਇਆ ਸੀ॥ ੬੪॥

**ਇਤ ਕੋਪ ਪੁਰੰਦਰ ਦੇਵ ਚੜੇ ਉਤ ਜੁੱਧ ਕੋ ਸੁੰਭ ਚੜੇ ਰਨ ਮੈ॥**
**ਕਰ ਬਾਨ ਕਮਾਨ ਕ੍ਰਿਪਾਨ ਗਦਾ ਪਹਿਰੇ ਤਨ ਤ੍ਰਾਨ ਤਬੈ ਤਨ ਮੈ॥**
**ਤਬ ਮਾਰ ਮਚੀ ਦੁਹੂੰ ਓਰਨ ਤੇ ਨ ਰਹਿਓ ਭ੍ਰਮ ਸੂਰਨ ਕੇ ਮਨ ਮੈ॥**
**ਬਹੁ ਜੰਬੁਕ ਗ੍ਰਿੱਝ ਚਲੇ ਸੁਨਿ ਕੈ ਅਤਿ ਮੋਦ ਬਢਿਓ ਸ਼ਿਵ ਕੇ ਗਨ ਮੈ॥ ੬੫॥**

ਇਕ ਪਾਸਿਓਂ ਬੜੇ ਰੋਹ ਨਾਲ ਇੰਦਰ ਦੇਵਤਾ ਮੈਦਾਨ ਵਿਚ ਆ ਪਹੁੰਚਾ ਤੇ ਦੂਜੇ ਬੰਨਿਓਂ ਜੁੱਧ ਕਰਨ ਲਈ ਸੁੰਭ ਰਣਭੂਮੀ ਵਿਚ ਆ ਗਿਆ। ਦੋਹਾਂ ਪਾਸਿਆਂ ਦੇ ਸੂਰਮਿਆਂ ਨੇ ਆਪਣੇ ਹਥਾਂ ਵਿਚ ਤੀਰ ਕਮਾਨ, ਤਲਵਾਰਾਂ ਤੇ ਗਦਾ ਆਦਿ ਹਥਿਆਰ ਫੜੇ ਹੋਏ ਸਨ ਤੇ ਸਰੀਰਾਂ ਤੇ ਸੰਜੋਆਂ ਪਹਿਨੀਆਂ ਹੋਈਆਂ ਸਨ। ਤਦ ਦੋਹਾਂ ਪਾਸਿਆਂ ਤੋਂ ਜੁੱਧ ਆਰੰਭ ਹੋ ਗਿਆ। ਸੂਰਮਿਆਂ ਦੇ ਮਨਾਂ ਵਿਚ ਕਿਸੇ ਪ੍ਰਕਾਰ ਦਾ ਸ਼ੰਕਾ ਨਾ ਰਿਹਾ। ਜੰਗ ਆਰੰਭ ਹੋਇਆ ਵੇਖਕੇ ਮਾਸ ਖਾਣ ਲਈ ਬਹੁਤ ਸਾਰੇ ਗਿੱਦੜ ਤੇ ਗਿਰਝਾਂ ਮੈਦਾਨ ਵਿਚ ਆ ਗਈਆਂ ਤੇ ਲਹੂ ਪੀਣ ਵਾਲੇ ਸ਼ਿਵ ਜੀ ਦੇ ਗਣ ਵੀ ਮਨ ਵਿਚ ਬੜੇ ਪ੍ਰਸੰਨ ਹੋਏ॥ ੬੫॥

**ਰਾਜ ਪੁਰੰਦਰ ਕੋਪ ਕੀਓ ਇਤ ਜੁੱਧ ਕੋ ਦੈਤ ਜੁਰੇ ਉਤ ਕੈਸੇ॥**
**ਸਿਆਮ ਘਟਾ ਘੁਮਰੀ ਘਨਘੋਰ ਕੈ ਘੇਰਿ ਲੀਓ ਹਰਿ ਕੋ ਰਵਿ ਤੈਸੇ॥**
**ਸੱਕ੍ਰ ਕਮਾਨ ਕੇ ਬਾਨ ਲਗੇ ਸਰ ਫੋਕ ਲਸੈ ਅਰਿ ਕੈ ਉਰ ਐਸੇ॥**
**ਮਾਨੋ ਪਹਾਰ ਕਰਾਰ ਮੈ ਚੋਂਚ ਪਸਾਰ ਰਹੇ ਸਿਸੁ ਸਾਰਕ ਜੈਸੇ॥ ੬੬॥**

ਇਧਰੋਂ ਇੰਦਰ ਰਾਜਾ ਬੜੇ ਰੋਹ ਨਾਲ ਆਇਆ ਤੇ ਓਧਰੋਂ ਜੁੱਧ ਲਈ ਦੈਂਤ ਵੀ ਆ ਜੁੜੇ ਜਿਵੇਂ ਕਾਲੀਆਂ ਘਟਾਂ ਗਰਜਦੀਆਂ ਹੋਈਆਂ ਸੂਰਜ ਨੂੰ ਘੇਰਾ ਪਾ ਲੈਂਦੀਆਂ ਹਨ, ਇਸੇ ਤਰ੍ਹਾਂ ਇੰਦਰ ਨੇ ਦੈਂਤਾਂ ਦੀਆਂ ਫੌਜਾਂ ਨੂੰ ਘੇਰ ਲਿਆ । ਇੰਦਰ ਦੇ ਧਨੁਖ ਵਿਚੋਂ ਨਿਕਲੇ ਤੀਰ ਵੈਰੀਆਂ ਦੀ ਛਾਤੀ ਵਿਚ ਡੰਡੀ ਸਮੇਤ ਇਉਂ ਧਸ ਗਏ ਜਿਵੇਂ ਪਹਾੜ ਦੀ ਦਰਾੜ ਵਿਚ ਗੁਟਾਰ ਦੇ ਬੱਚੇ ਚੁੰਜ ਪਸਾਰ ਰਹੇ ਸਨ॥ ੬੬॥

**ਸਵੈਯਾ॥ ਬਾਨ ਲਗੇ ਲਖ ਸੁੰਭ ਦਈਤ ਧਸੇ ਰਨ ਲੈ ਕਰਵਾਰਨ ਕੋ॥**
**ਰੰਗ ਭੂਮ ਮੈ ਸ਼ੱਤ੍ਰੁ ਗਿਰਾਇ ਦਏ ਬਹੁ ਸ੍ਰੂਉਨ ਬਹਿਓ ਅਸੁਰਾਰਨ ਕੋ॥**
**ਪ੍ਰਗਟੇ ਗਨ ਜੰਬੁਕ ਗ੍ਰਿੱਝ ਪਿਸਾਚ ਸੁ ਯੌ ਰਨ ਭਾਂਤਿ ਪੁਕਾਰਨ ਕੋ॥**

**ਸੁ ਮਨੋ ਭਟ ਸਾਰਸੁਤੀ ਤਟ ਨ੍ਹਾਤ ਹੈ ਪੂਰਬ ਪਾਪ ਉਤਾਰਨ ਕੋ॥ ੬੭॥**

ਜਦੋਂ ਸੁੰਭ ਦੈਂਤ ਦੇ ਸੈਨਕਾਂ ਨੂੰ ਇੰਦਰ ਦੇ ਤੀਰ ਵੱਜੇ, ਤਦ ਉਹ ਤਲਵਾਰਾਂ ਲੈ ਕੇ ਮੈਦਾਨ ਵਿਚ ਧਸ ਗਏ। ਦੈਂਤਾਂ ਨੇ ਰਣਭੂਮੀ ਵਿਚ ਵੈਰੀਆਂ ਨੂੰ ਮਾਰ ਮਾਰਕੇ ਸੁੱਟ ਦਿੱਤਾ, ਦੇਵਤਿਆਂ ਦੇ ਸਰੀਰਾਂ ਵਿਚੋਂ ਲਹੂ ਵਗ ਤੁਰਿਆ। ਮੈਦਾਨਿ ਜੰਗ ਵਿਚ ਰੌਲਾ ਗੌਲਾ ਕਰਨ ਲਈ ਗਿੱਦੜ, ਗਿਰਝਾਂ ਤੇ ਪਿਸਾਚਾਂ ਦੇ ਝੁੰਡ ਇਸ ਤਰ੍ਹਾਂ ਆ ਗਏ ਜਿਵੇਂ ਸੂਰਮੇ ਪਿਛਲੇ ਜਨਮ ਦੇ ਪਾਪਾਂ ਨੂੰ ਨਵਿਰਤ ਕਰਨ ਲਈ ਸੁਰਸਤੀ ਨਦੀ ਤੇ ਨਹਾ ਰਹੇ ਸਨ॥ ੬੭॥

**ਜੁੱਧ ਨਿਸੁੰਭ ਭਇਆਨ ਰਚਿਓ ਅਸ ਆਗੇ ਨ ਦਾਨਵ ਕਾਹੂ ਕਰਿਓ ਹੈ॥**
**ਲੋਥਨ ਊਪਰਿ ਲੋਥ ਪਰੀ ਤਹ ਗੀਧ ਸ੍ਰਿੰਗਾਲਨਿ ਮਾਸੁ ਚਰਿਓ ਹੈ॥**
**ਗੂਦ ਬਹੈ ਸਿਰ ਕੇਸਨ ਤੇ ਸਿਤ ਪੁੰਜ ਪ੍ਰਵਾਹ ਧਰਾਨ ਪਰਿਓ ਹੈ॥**
**ਮਾਨਹੁ ਜਟਾ ਧਰ ਕੀ ਜਟ ਤੇ ਜਨੁ ਰੋਸ ਕੈ ਗੰਗ ਕੋ ਨੀਰ ਢਰਿਓ ਹੈ॥ ੬੮॥**

ਪਦ ਅਰਥ - ਜਟਾਧਰ=ਸ਼ਿਵਜੀ।

ਨਿਸੁੰਭ ਭਰਾਵਾਂ ਨੇ ਇਸ ਤਰ੍ਹਾਂ ਦਾ ਭਿਆਨਕ ਜੁੱਧ ਕੀਤਾ ਕਿ ਇਸ ਤੋਂ ਪਹਿਲਾਂ ਕਿਸੇ ਦੈਂਤ ਨੇ ਇਹੋ ਜਿਹਾ ਜੁੱਧ ਨਹੀਂ ਸੀ ਕੀਤਾ। ਰਣਭੂਮੀ ਵਿਚ ਦੋਹਾਂ ਪਾਸਿਆਂ ਦੇ ਸੂਰਮਿਆਂ ਦੀਆਂ ਲੋਥਾਂ ਤੇ ਲੋਥਾਂ ਚੜ੍ਹੀਆਂ ਹੋਈਆਂ ਸਨ ਤੇ ਗਿਰਝਾਂ ਤੇ ਗਿੱਦੜ ਉਹਨਾਂ ਮੁਰਦਿਆਂ ਦਾ ਮਾਸ ਖਾ ਰਹੇ ਸਨ। ਕਈਆਂ ਦੇ ਪਾਟੇ ਸਿਰਾਂ ਦੇ ਵਾਲਾਂ ਵਿਚੋਂ ਚਿੱਟੀ ਚਿੱਟੀ ਮਿੱਝ ਨਿਕਲ ਰਹੀ ਸੀ ਤੇ ਉਸ ਦਾ ਤੇਜ ਪ੍ਰਵਾਹ ਧਰਤੀ ਤੇ ਪੈ ਰਿਹਾ ਸੀ। ਉਹ ਮਿੱਝ ਦਾ ਪ੍ਰਵਾਹ ਇਉਂ ਪ੍ਰਤੀਤ ਹੋ ਰਿਹਾ ਸੀ, ਮਾਨੋ ਸ਼ਿਵ ਜੀ ਦੀਆਂ ਜਟਾਂ ਵਿਚੋਂ ਗੁੱਸੇ ਨਾਲ ਗੰਗਾ ਦਾ ਜਲ ਵਗ ਰਿਹਾ ਹੋਵੇ॥ ੬੮॥

**ਬਾਰ ਸਿਵਾਰ ਭਏ ਤਿਹ ਠਉਰ ਸੁ ਫੇਨ ਜਿਉ ਛੱਤ੍ਰ ਫਿਰੇ ਤਰਤਾ॥**
**ਕਰ ਅੰਗੁਲਕਾ ਸਫਰੀ ਤਲਫੈ ਭੁਜ ਕਾਟ ਭੁਜੰਗ ਕਰੇ ਕਰਤਾ॥**
**ਹਯ ਨੱਕ੍ਰ ਧੁਜਾ ਦ੍ਰੁਮ ਸ੍ਰਉਣਤ ਨੀਰ ਮੈ ਚੱਕ੍ਰ ਜਿਉ ਚੱਕ੍ਰ ਫਿਰੈ ਗਰਤਾ॥**
**ਤਬ ਸੁੰਭ ਨਿਸੁੰਭ ਦੁਹੂੰ ਮਿਲ ਦਾਨਵ ਮਾਰ ਕਰੀ ਮਨ ਮੈ ਸਰਤਾ॥ ੬੯॥**

ਪਦ ਅਰਥ - ਬਾਰ=ਵਾਲ। ਸਿਵਾਰ=ਜਾਲਾ। ਫੇਨ=ਝੱਗ। ਅੰਗੁਲਕਾ=ਉਂਗਲੀਆਂ। ਸਫਰੀ=ਮੱਛੀ। ਹਯ=ਘੋੜੇ। ਨੱਕ੍ਰ=ਤੰਦੂਏ। ਸਰਤਾ=ਨਦੀ।

(ਇਸ ਸਵੈਯੇ ਵਿਚ ਕਵੀ ਜੀ ਨੇ ਬੜੇ ਸੁੰਦਰ ਢੰਗ ਨਾਲ ਰੂਪਕ ਅਲੰਕਾਰ ਦਵਾਰਾ ਰਣਭੂਮੀ ਨੂੰ ਨਦੀ ਦਾ ਰੂਪ ਵਰਣਨ ਕੀਤਾ ਹੈ। ਇਸ ਦਾ ਅਰਥ ਕਰਨ ਲਿਗਆਂ ਜੇ ਪਹਿਲਾਂ ਚੌਥੀ ਭਾਵ ਅਖੀਰਲੀ ਤੁਕ ਤੋਂ ਅਰਥ ਸ਼ੁਰੂ ਕਰੀਏ ਤਾਂ ਅਲੰਕਾਰ ਦਾ ਪੂਰਾ ਪੂਰਾ ਰੂਪਕ ਬੱਝਦਾ ਹੈ।) ਤਦ ਸੁੰਭ

ਤੇ ਨਿਸੁੰਭ ਦੋਹਾਂ ਦੈਂਤਾਂ ਨੇ ਮਿਲਕੇ ਅਜਿਹੀ ਮਾਰ ਮਾਰੀ ਕਿ ਰਣਭੂਮੀ ਨੂੰ ਨਦੀ ਦਾ ਰੂਪ ਬਣਾ ਦਿੱਤਾ। ਰਣਭੂਮੀ ਵਿਚ ਜੋ ਲਹੂ ਦੀ ਨਦੀ ਵਗ ਰਹੀ ਸੀ, ਉਸ ਵਿਚ ਸੂਰਮਿਆਂ ਦੇ ਸਿਰਾਂ ਦੇ ਵਾਲ ਜਾਲ ਵਾਂਗ ਪ੍ਰਤੀਤ ਹੁੰਦੇ ਸਨ ਤੇ ਰਥਾਂ ਦੀਆਂ ਛੱੜੀਆਂ ਪਾਣੀ ਤੇ ਝੱਗ ਵਾਂਗੂ ਤਰਦੀਆਂ ਲੱਗਦੀਆਂ ਸਨ। ਸੂਰਮਿਆਂ ਦੇ ਹੱਥਾਂ ਦੀਆਂ ਕੱਟੀਆਂ ਉਂਗਲਾਂ ਮੱਛੀਆਂ ਵਾਂਗੂੰ ਤਰ ਰਹੀਆਂ ਸਨ ਤੇ ਕੱਟੀਆਂ ਹੋਈਆਂ ਬਾਂਹਾਂ ਉਸ ਨਦੀ ਵਿਚ ਸੱਪ ਲੱਗ ਰਹੇ ਸਨ। ਮੁਰਦੇ ਘੋੜੇ ਤੰਦੂਏ ਸਨ, ਟੁੱਟੇ ਹੋਏ ਝੰਡੇ ਬ੍ਰਿਛ ਸਨ, ਟੁੱਟੇ ਹੋਏ ਰਥਾਂ ਦੇ ਚੱਕ੍ਰ ਇੰਝ ਲੱਗ ਰਹੇ ਸਨ ਜਿਵੇਂ ਪਾਣੀ ਵਿਚ ਘੁੰਮਣ ਘੇਰੀਆਂ ਪੈ ਰਹੀਆਂ ਸਨ॥ ੬੯॥

**ਦੋਹਰਾ॥ ਸੁਰ ਹਾਰੇ ਜੀਤੇ ਅਸੁਰ ਲੀਨੇ ਸਕਲ ਸਮਾਜ॥**
**ਦੀਨੋ ਇੰਦ੍ਰ ਭਜਾਇਕੈ ਮਹਾਂ ਪ੍ਰਬਲ ਦਲ ਸਾਜ॥ ੭੦॥**

ਦੇਵਤੇ ਹਾਰ ਗਏ ਤੇ ਦੈਂਤਾਂ ਦੀ ਫ਼ਤਹਿ ਹੋਈ। ਦੇਵਤਿਆ ਦਾ ਸਾਰਾ ਜੰਗੀ ਸਮਾਨ ਦੈਂਤਾਂ ਨੇ ਖੋਹ ਲਿਆ। ਦੈਂਤਾਂ ਦੀਆਂ ਫੌਜਾਂ ਨੇ ਬੜੇ ਜ਼ੋਰ ਨਾਲ ਜੰਗ ਕਰਕੇ ਇੰਦਰ ਨੂੰ ਰਣਭੂਮੀ ਵਿਚੋਂ ਭਜਾ ਦਿੱਤਾ॥ ੭੦॥

**ਸਵੈਯਾ॥ ਛੀਨ ਭੰਡਾਰ ਲਇਓ ਹੈ ਕੁਬੇਰ ਤੇ ਸ਼ੇਸ਼ਹੁੰ ਤੇ ਮਨਮਾਲ ਛੁਡਾਈ॥**
**ਜਿਤ ਲੁਕੇਸ਼ ਦਿਨੇਸ਼ ਨਿਸ਼ੇਸ਼ ਗਨੇਸ਼ ਜਲੇਸ਼ ਦੀਓ ਹੈ ਭਜਾਈ॥**
**ਲੋਕ ਕੀਏ ਤਿਨ ਤੀਨਹੁ ਆਪਨੇ ਦੈਤ ਪਠੈ ਤਹ ਦੈ ਠਕੁਰਾਈ॥**
**ਜਾਇ ਬਸੇ ਸੁਰ ਧਾਮ ਤੇਊ ਤਿਨ ਸੁੰਭ ਨਿਸੁੰਭ ਕੀ ਫੇਰੀ ਦੁਹਾਈ॥ ੭੧॥**

ਦੈਂਤਾਂ ਨੇ ਦੇਵਤਿਆਂ ਨੂੰ ਹਰਾਕੇ ਕੁਬੇਰ ਦਾ ਸਾਰਾ ਖਜ਼ਾਨਾ ਖੋਹ ਲਿਆ ਤੇ ਸ਼ੇਸ਼ਨਾਗ ਕੋਲੋਂ ਮਣੀਆਂ ਦੀ ਮਾਲਾ ਖੋਹ ਲਈ। ਬ੍ਰਹਮਾ, ਸੂਰਜ, ਚੰਦਰਮਾਂ ਤੇ ਗਣੇਸ਼ ਨੂੰ ਜਿੱਤਕੇ ਵਰਣ ਦੇਵਤਾ ਨੂੰ ਵੀ ਭਜਾ ਦਿੱਤਾ। ਸੁੰਭ ਨਿਸੁੰਭ ਨੇ ਤਿੰਨਾਂ ਲੋਕਾਂ ਨੂੰ ਜਿੱਤਕੇ ਆਪਣੇ ਅਧੀਨ ਕਰ ਲਿਆ ਤੇ ਸਭ ਥਾਵਾਂ ਤੇ ਆਪਣੇ ਦੈਂਤਾਂ ਨੂੰ ਭੇਜਕੇ ਆਪਣੀ ਹਕੂਮਤ ਕਾਇਮ ਕਰ ਦਿੱਤੀ। ਦੈਂਤ ਸੁਰਗਪੁਰੀ ਵਿਚ ਜਾ ਵਸੇ। ਉਹਨਾਂ ਨੇ ਸੁੰਭ ਨਿਸੁੰਭ ਦੇ ਨਾਂ ਦੀ ਦੁਹਾਈ ਫਿਰਾ ਦਿੱਤੀ। ਭਾਵ ਸੁੰਭ ਨਿਸੁੰਭ ਦੀ ਹਕੂਮਤ ਹਰ ਥਾਂ ਤੇ ਕਾਇਮ ਕਰ ਦਿੱਤੀ॥ ੭੧॥

**ਦੋਹਰਾ॥ ਖੇਤ ਜੀਤ ਦੈਤਨ ਲੀਓ ਗਏ ਦੇਵਤੇ ਭਾਜ॥**
**ਇਹੈ ਬਿਚਾਰਿਓ ਮਨ ਬਿਖੈ ਲੇਹੁ ਸ਼ਿਵਾ ਤੇ ਰਾਜ॥ ੭੨॥**

ਦੈਂਤਾਂ ਨੇ ਜੁੱਧ ਜਿੱਤ ਲਿਆ ਤੇ ਸਭ ਦੇਵਤੇ ਭੱਜ ਗਏ। ਹੁਣ ਦੇਵਤੇ ਆਪਣੇ ਮਨਾਂ ਵਿਚ ਇਹ ਵਿਚਾਰ ਕਰਦੇ ਸਨ ਕਿ ਦੁਰਗਾ ਦੀ ਸਹਾਇਤਾ ਨਾਲ ਹੀ ਅਸੀਂ ਆਪਣਾ ਰਾਜ ਲੈ ਸਕਾਂਗੇ॥ ੭੨॥

**ਸਵੈਯਾ॥ ਦੇਵ ਸੁਰੇਸ਼ ਦਿਨੇਸ਼ ਨਿਸ਼ੇਸ਼ ਮਹੇਸ਼ ਪੁਰੀ ਮਹਿ ਜਾਇ ਬਸੇ ਹੈ॥**
**ਭੇਸ ਬੁਰੇ ਤਹਾਂ ਜਾਇ ਦੁਰੇ ਸਿਰ ਕੇਸ ਜੁਰੇ ਰਨ ਤੇ ਜੁ ਤ੍ਰਸੇ ਹੈ॥**
**ਹਾਲ ਬਿਹਾਲ ਮਹਾ ਬਿਕਰਾਲ ਸੰਭਾਲ ਨਹੀ ਜਨੁ ਕਾਲ ਗ੍ਰਸੇ ਹੈ॥**
**ਬਾਰ ਹੀ ਬਾਰ ਪੁਕਾਰ ਕਰੀ ਅਤਿ ਆਰਤਵੰਤ ਦਰੀਨ ਧਸੇ ਹੈ॥ ੭੩॥**

ਪਦ ਅਰਥ - ਆਰਤਵੰਤ=ਦੁਖੀ। ਦਰੀਨ=ਪਹਾੜ ਦੀਆਂ ਕੰਦਰਾਂ।

ਦੈਂਤਾਂ ਤੋਂ ਡਰਦੇ ਮਾਰੇ ਇੰਦਰ, ਸੂਰਜ ਤੇ ਚੰਦਰਮਾਂ ਆਦਿਕ ਸਭ ਦੇਵਤੇ ਸ਼ਿਵਪੁਰੀ ਕੈਲਾਸ਼ ਪਰਬਤ ਵਿਚ ਜਾ ਵਸੇ ਸਨ। ਜੁੱਧ ਤੋਂ ਡਰਕੇ ਭੱਜੇ ਦੇਵਤੇ ਬੁਰੀ ਦਸ਼ਾ ਵਿਚ ਸ਼ਿਵਪੁਰੀ ਵਿਚ ਜਾ ਕੇ ਲੁਕੇ ਸਨ, ਉਹਨਾਂ ਦੇ ਸਿਰ ਦੇ ਕੇਸ ਜੁੜਕੇ ਲਿਟਾਂ ਬਣ ਗਈਆਂ ਸਨ। ਉਹ ਦੇਵਤੇ ਹਾਲੋਂ ਬੇਹਾਲ ਹੋਏ ਸਨ, ਉਹਨਾਂ ਦੀਆਂ ਸ਼ਕਲਾਂ ਬੜੀਆਂ ਭਿਆਨਕ ਬਣੀਆਂ ਹੋਈਆਂ ਸਨ। ਉਹਨਾਂ ਨੂੰ ਆਪਣੇ ਸਰੀਰਾਂ ਦੀ ਵੀ ਕੋਈ ਸੁੱਧ ਨਹੀਂ ਸੀ ਤੇ ਉਹ ਇਉਂ ਜਾਪਦੇ ਸਨ ਜਿਵੇਂ ਉਹਨਾਂ ਨੂੰ ਮੌਤ ਨੇ ਗ੍ਰੱਸਿਆ ਹੁੰਦਾ ਹੈ। ਉਹ ਬਾਰ ਬਾਰ ਚੀਕ ਪੁਕਾਰ ਕਰ ਰਹੇ ਸਨ। ਬੜੇ ਦੁਖੀ ਹੋਏ ਦੇਵਤੇ ਪਹਾੜਾਂ ਦੀਆਂ ਕੰਦਰਾਂ ਵਿਚ ਲੁਕੇ ਹੋਏ ਸਨ॥ ੭੩॥

**ਕਾਨ ਸੁਨੀ ਧੁਨਿ ਦੇਵਨ ਕੀ ਸਭ ਦਾਨਵ ਮਾਰਨ ਕੋ ਪ੍ਰਨ ਕੀਨੋ॥**
**ਹੁਇ ਕੈ ਪ੍ਰਤੱਛ ਮਹਾ ਬਰਚੰਡ ਸੁ ਕ੍ਰੁੱਧ ਹ੍ਵੈ ਜੁੱਧ ਬਿਖੈ ਮਨ ਦੀਨੋ॥**
**ਭਾਲ ਕੋ ਫੋਰਿ ਕੈ ਕਾਲੀ ਭਈ ਲਖਿ ਤਾ ਛਬਿ ਕੋ ਕਬਿ ਕੋ ਮਨ ਭੀਨੋ॥**
**ਦੈਤ ਸਮੂਹਿ ਬਿਨਾਸਨ ਕੋ ਜਮ ਰਾਜ ਤੇ ਮ੍ਰਿਤ ਮਨੋ ਭਵ ਲੀਨੋ॥ ੭੪॥**

ਜਦੋਂ ਦੁਰਗਾ ਨੇ ਦੇਵਤਿਆਂ ਦੀ ਦੁੱਖ ਭਰੀ ਪੁਕਾਰ ਸੁਣੀ ਤਾਂ ਉਸ ਨੇ ਸਭ ਦੈਂਤਾਂ ਦੇ ਮਾਰਨ ਦਾ ਪ੍ਰਣ ਕਰ ਲਿਆ। ਉਸ ਸਮੇਂ ਮਹਾਂ ਬਲਵਾਨ ਚੰਡਕਾਂ ਨੇ ਪ੍ਰਤੱਖ ਹੋ ਕੇ ਦੇਵਤਿਆਂ ਨੂੰ ਦਰਸ਼ਨ ਦਿੱਤੇ ਤੇ ਬੜੇ ਕਰੋਧ ਵਿਚ ਆ ਕੇ ਜੁੱਧ ਕਰਨ ਦਾ ਮਨ ਬਣਾਇਆ। ਦੁਰਗਾ ਦੇ ਮੱਥੇ ਨੂੰ ਪਾੜਕੇ ਉਸ ਵਿਚੋਂ ਕਾਲੀ ਪ੍ਰਗਟ ਹੋਈ, ਉਸ ਦੀ ਸੁੰਦਰਤਾ ਨੂੰ ਵੇਖਕੇ ਕਵੀ ਦਾ ਮਨ ਉਪਮਾ ਦੇਣ ਲਈ ਲਲਚਾਇਆ ਹੈ। ਇਉਂ ਪ੍ਰਤੀਤ ਹੋ ਰਿਹਾ ਸੀ ਕਿ ਜਿਵੇਂ ਸਾਰੇ ਦੈਂਤਾਂ ਨੂੰ ਨਾਸ ਕਰਨ ਵਾਸਤੇ ਜਮਰਾਜ ਤੋਂ ਮੌਤ ਨੇ ਜਨਮ ਧਾਰਨ ਕੀਤਾ ਸੀ। ੭੪॥

**ਸਵੈਯਾ॥ ਪਾਨ ਕ੍ਰਿਪਾਨ ਧਰੇ ਬਲਵਾਨ ਸੁ ਕੋਪ ਕੈ ਬਿੱਜੁਲ ਜਿਉ ਗਰਜੀ ਹੈ॥**
**ਮੇਰ ਸਮੇਤ ਹਲੇ ਗਰੂਏ ਗਿਰ ਸ਼ੇਸ਼ ਕੇ ਸੀਸ ਧਰਾ ਲਰਜੀ ਹੈ॥**
**ਬ੍ਰਹਮ ਧਨੇਸ਼ ਦਿਨੇਸ ਡਰਿਓ ਸੁਨਿਕੈ ਹਰਿ ਕੀ ਛਤੀਆ ਤਰਜੀ ਹੈ॥**
**ਚੰਡ ਪ੍ਰਚੰਡ ਅਖੰਡ ਲੀਏ ਕਰ ਕਾਲਕਾ ਕਾਲ ਹੀ ਜਿਉ ਅਰਜੀ ਹੈ॥ ੭੫॥**

ਦੁਰਗਾ ਦੇ ਮੱਥੇ ਵਿਚੋਂ ਪ੍ਰਗਟ ਹੋਈ ਬਲਵਾਨ ਕਾਲੀ ਨੇ ਹੱਥ ਵਿਚ ਤਲਵਾਰ ਫੜੀਂ ਹੋਈ ਸੀ ਤੇ ਉਹ ਬੜੇ ਕਰੋਧ ਨਾਲ ਬਿਜਲੀ ਵਾਂਗੂੰ ਕੜਕ ਰਹੀ ਸੀ। ਕਾਲੀ ਦੀ ਗਰਜਨਾ ਸੁਣਕੇ ਸੁਮੇਰ ਪਰਬਤ ਦੇ ਸਮੇਤ ਵੱਡੇ ਵੱਡੇ ਪਹਾੜ ਹਿਲ ਗਏ ਤੇ ਸ਼ੇਸ਼ਨਾਗ ਦੇ ਸਿਰ ਉਪਰਲੀ ਧਰਤੀ ਵੀ ਕੰਬਣ ਲੱਗ ਪਈ। ਕਾਲੀ ਦੀ ਕੜਕ ਨੂੰ ਸੁਣਕੇ ਬ੍ਰਹਮਾ, ਕੁਬੇਰ ਤੇ ਸੂਰਜ ਡਰ ਗਏ ਤੇ ਸ਼ਿਵ ਜੀ ਦੀ ਛਾਤੀ ਵੀ ਧੜਕਣ ਲੱਗ ਪਈ। ਕਾਲਕਾ ਬੜੇ ਤੇਜ ਤੇ ਅਖੰਡ ਕਰੋਧ ਵਿਚ ਭਰੀ ਹੋਈ ਕਾਲ ਦਾ ਰੂਪ ਬਣਕੇ ਪ੍ਰਗਟ ਹੋਈ ਸੀ॥੭੫॥

**ਦੋਹਰਾ॥ ਨਿਰਖ ਚੰਡਕਾ ਤਾਸ ਕੋ ਤਬੈ ਬਚਨ ਇਹ ਕੀਨ॥**
**ਹੇ ਪੁੱਤ੍ਰੀ ਤੂੰ ਕਾਲਕਾ ਹੋਹੁ ਜੁ ਮੁਝ ਮੈ ਲੀਨ॥੭੬॥**

ਜਦੋਂ ਚੰਡਕਾ ਨੇ ਆਪਣੇ ਮੱਥੇ ਵਿਚੋਂ ਪ੍ਰਗਟ ਹੋਈ ਕਾਲਕਾ ਨੂੰ ਵੇਖਿਆ ਤਾਂ ਉਸ ਨੇ ਕਿਹਾ, "ਹੇ ਕਾਲਕਾ ਪੁੱਤਰੀ! ਤੂੰ ਮੇਰੇ ਵਿਚ ਲੀਨ ਹੋ ਜਾਹ"॥੭੬॥

**ਸੁਨਤ ਬਚਨ ਯਹ ਚੰਡ ਕੋ ਤਾਂ ਮਹਿ ਗਈ ਸਮਾਇ॥**
**ਜਿਉ ਗੰਗਾ ਕੀ ਧਾਰ ਮੈ ਜਮਨਾ ਪੈਠੀ ਧਾਇ॥੭੭॥**

ਚੰਡੀ ਦਾ ਇਹ ਬਚਨ ਸੁਣਕੇ ਕਾਲਕਾ ਚੰਡੀ ਦੇ ਸਰੀਰ ਵਿਚ ਇਉਂ ਸਮਾ ਗਈ, ਜਿਵੇਂ ਗੰਗਾ ਦੀ ਧਾਰ ਵਿਚ ਜਮਨਾ ਭੱਜਕੇ ਜਾ ਮਿਲਦੀ ਹੈ॥੭੭॥

**ਸਵੈਯਾ॥ ਬੈਠ ਤਬੈ ਗਿਰਜਾ ਅਰ ਦੇਵਨ ਬੁੱਧਿ ਇਹੈ ਮਨ ਮੱਧਿ ਬਿਚਾਰੀ॥**
**ਜੁੱਧ ਕੀਏ ਬਿਨੁ ਫੇਰ ਫਿਰੈ ਨਹਿ ਭੂਮ ਸਭੈ ਅਪਨੀ ਅਵਧਾਰੀ॥**
**ਇੰਦ੍ਰ ਕਹਿਓ ਅਬ ਢੀਲ ਬਨੇ ਨਹਿ ਮਾਤ ਸੁਨੋ ਯਹ ਬਾਤ ਹਮਾਰੀ॥**
**ਦੈਤਨ ਕੇ ਬਧ ਕਾਜ ਚਲੀ ਰਣ ਚੰਡ ਪ੍ਰਚੰਡ ਭੁਜੰਗਨਿ ਕਾਰੀ॥੭੮॥**

ਤਦ ਦੁਰਗਾ ਤੇ ਸਭ ਦੇਵਤਿਆਂ ਨੇ ਬੈਠਕੇ ਆਪਣੇ ਮਨਾਂ ਵਿਚ ਇਹ ਵਿਚਾਰ ਕੀਤੀ ਕਿ ਜਿਹੜੀ ਪ੍ਰਿਥਵੀ ਦਾ ਰਾਜ ਸਾਥੋਂ ਦੈਂਤਾਂ ਨੇ ਖੋਹ ਲਿਆ ਹੈ, ਉਹ ਹੁਣ ਜੰਗ ਕੀਤੇ ਤੋਂ ਬਿਨਾਂ ਵਾਪਸ ਨਹੀਂ ਮਿਲ ਸਕਦਾ। ਇੰਦਰ ਦੇਵ ਨੇ ਕਿਹਾ ਕਿ ਹੇ ਦੁਰਗਾ ਮਾਤਾ ! ਮੇਰੀ ਬੇਨਤੀ ਸੁਣੋ ਕਿ ਹੁਣ ਸਾਨੂੰ ਜੁੱਧ ਕਰਨ ਵਿਚ ਦੇਰ ਨਹੀਂ ਕਰਨੀ ਚਾਹੀਦੀ। ਬੜੀ ਤੇਜ਼ੀ ਨਾਲ ਕਾਲੀ ਨਾਗਨ ਵਾਂਗੂੰ ਦੁਰਗਾ, ਦੈਂਤਾਂ ਦੇ ਮਾਰਨ ਵਾਸਤੇ ਰਣਭੂਮੀ ਵਲ ਤੁਰ ਪਈ॥੭੮॥

**ਸਵੈਯਾ॥ ਕੰਚਨ ਸੇ ਤਨ ਖੰਜਨ ਸੇ ਦ੍ਰਿਗ ਕੰਜਨ ਕੀ ਸੁਖਮਾ ਸਕੁਚੀ ਹੈ॥**
**ਲੈ ਕਰਤਾਰ ਸੁਧਾ ਕਰ ਮੈ ਮਧੁ ਮੂਰਤ ਸੀ ਅੰਗ ਅੰਗ ਰਚੀ ਹੈ॥**
**ਆਨਨ ਕੀ ਸਰ ਕੋ ਸਸ ਨਾਹਿਨ ਅਉਰ ਕਛੂ ਉਪਮਾ ਨ ਬਚੀ ਹੈ॥**

**ਸ੍ਰਿੰਗ ਸੁਮੇਰ ਕੇ ਚੰਡ ਬਿਰਾਜਤ ਮਾਨੋ ਸਿੰਘਾਸਨ ਬੈਠੇ ਸਚੀ ਹੈ ॥ ੭੯ ॥**

ਪਦ ਅਰਥ - ਕੰਚਨ=ਸੋਨਾ। ਖੰਜਨ=ਮਮੋਲਾ। ਸੁਖਮਾ=ਸੁੰਦਰਤਾ।

ਦੁਰਗਾ ਮਾਤਾ ਦਾ ਸਰੀਰ ਸੋਨੇ ਵਾਂਗੂੰ ਚਮਕ ਰਿਹਾ ਸੀ, ਮਮੋਲੇ ਵਰਗੀਆਂ ਸੁੰਦਰ ਅੱਖਾਂ ਸਨ, ਜਿਨ੍ਹਾਂ ਦੀ ਸੁੰਦਰਤਾ ਨੂੰ ਵੇਖਕੇ ਕੌਲ ਫੁਲ ਦੀ ਸੁੰਦਰਤਾ ਵੀ ਸ਼ਰਮਿੰਦੀ ਹੋ ਰਹੀ ਸੀ। ਇਉਂ ਪ੍ਰਤੀਤ ਹੁੰਦਾ ਹੈ ਕਿ ਬਿਧਾਤਾ ਨੇ ਆਪਣੇ ਹੱਥ ਵਿਚ ਅੰਮ੍ਰਿਤ ਲੈ ਕੇ ਉਸ ਅੰਮ੍ਰਿਤ ਦੀ ਪੁਤਲੀ ਬਣਾਕੇ ਅੰਗ ਅੰਗ ਰਚ ਦਿੱਤਾ ਹੈ। ਮਾਤਾ ਦੁਰਗਾ ਦੇ ਮੁਖ ਦੀ ਬਰਾਬਰੀ ਚੰਦਰਮਾਂ ਵੀ ਨਹੀਂ ਕਰ ਸਕਦਾ। ਹੋਰ ਕੋਈ ਐਸੀ ਵਸਤੂ ਨਹੀਂ ਬਚੀ, ਜਿਸ ਨਾਲ ਉਪਮਾ ਦਿੱਤੀ ਜਾ ਸਕੇ। ਇਹੋ ਜਿਹੀ ਸੁੰਦਰ ਚੰਡਕਾ ਸੁਮੇਰ ਪਰਬਤ ਦੀ ਚੋਟੀ ਤੇ ਬੈਠੀ ਹੋਈ ਇਉਂ ਲੱਗ ਰਹੀ ਸੀ, ਜਿਵੇਂ ਸਿੰਘਾਸਨ ਤੇ ਇੰਦਰ ਦੀ ਪਤਨੀ ਸਚੀ ਬੈਠੀ ਹੋਵੇ ॥ ੭੯ ॥

**ਦੋਹਰਾ ॥ ਐਸੇ ਸ੍ਰਿੰਗ ਸੁਮੇਰ ਕੇ ਸੋਭਤ ਚੰਡ ਪ੍ਰਚੰਡ ॥**
**ਚੰਦ੍ਰਹਾਸ ਕਰਿ ਬਰ ਧਰੇ ਜਨ ਜਮ ਲੀਨੇ ਦੰਡ ॥ ੮੦ ॥**

ਇਸ ਤਰ੍ਹਾਂ ਸੁਮੇਰ ਪਰਬਤ ਦੀ ਚੋਟੀ ਤੇ ਬੜੇ ਤੇਜ ਵਾਲੀ ਚੰਡਕਾ ਬੈਠੀ ਸ਼ੋਭ ਰਹੀ ਸੀ। ਉਸ ਨੇ ਆਪਣੇ ਹੱਥ ਵਿਚ ਤਲਵਾਰ ਫੜੀ ਹੋਈ ਸੀ ਮਾਨੋ ਜਮਰਾਜ ਡੰਡਾ ਲੈ ਕੇ ਬੈਠਾ ਹੋਇਆ ਹੋਵੇ ॥ ੮੦ ॥

**ਕਿਸੀ ਕਾਜ ਕੋ ਦੈਤ ਇਕੁ ਆਇਓ ਹੈ ਤਿਹ ਠਾਇ ॥**
**ਨਿਰਖ ਰੂਪ ਬਰਚੰਡ ਕੋ ਗਿਰਓ ਮੂਰਛਾ ਖਾਇ ॥ ੮੧ ॥**

ਸੁਮੇਰ ਪਰਬਤ ਦੇ ਟਿਲੇ ਤੇ ਜਿਥੇ ਕਿ ਦੁਰਗਾ ਬੈਠੀ ਸੀ ਉਸ ਪਾਸੇ ਇਕ ਦੈਂਤ ਕਿਸੇ ਕੰਮ ਵਾਸਤੇ ਆਇਆ, ਜਦੋਂ ਉਸ ਨੇ ਦੁਰਗਾ ਦੇ ਸੁੰਦਰ ਰੂਪ ਨੂੰ ਵੇਖਿਆ ਤਾਂ ਉਹ ਬੇਸੁਧ ਹੋ ਕੇ ਉਥੇ ਹੀ ਡਿਗ ਪਿਆ ॥ ੮੧ ॥

**ਉਠਿ ਸੰਭਾਰਿ ਕਰਿ ਜੋਰ ਕੈ ਕਹੀ ਚੰਡ ਸੋ ਬਾਤ ॥**
**ਨ੍ਰਿਪਤਿ ਸੁੰਭ ਕੋ ਭ੍ਰਾਤ ਹੌਂ ਕਹਯੋ ਬਚਨ ਸੁਕਚਾਤ ॥ ੮੨ ॥**

ਜਦੋਂ ਉਸ ਦੈਂਤ ਨੂੰ ਸੁਧ ਆਈ ਤਾਂ ਉਸ ਨੇ ਹੱਥ ਜੋੜ ਕੇ ਚੰਡਕਾ ਨੂੰ ਕਿਹਾ ਕਿ ਮੈਂ ਸੁੰਭ ਦੈਂਤ ਦਾ ਭਰਾ ਹਾਂ, ਮੈਂ ਇਕ ਗੱਲ ਆਪ ਨੂੰ ਬੜਾ ਸੰਗਦਾ ਹੋਇਆ ਕਹਿੰਦਾ ਹਾਂ ॥ ੮੨ ॥

**ਤੀਨ ਲੋਕ ਜਿਨ ਬਸਿ ਕੀਏ ਅਤਿ ਬਲ ਭੁਜਾ ਅਖੰਡ ॥**
**ਐਸੋ ਭੂਪਤਿ ਸੁੰਭ ਹੈ ਤਾਹਿ ਬਰੋ ਬਰਿ ਚੰਡ ॥ ੮੩ ॥**

ਜਿਸ ਨੇ ਆਪਣੇ ਬਾਹੂ ਬਲ ਨਾਲ ਤਿੰਨਾਂ ਲੋਕਾਂ ਨੂੰ ਆਪਣੇ ਅਧੀਨ ਕਰ ਰਖਿਆ ਹੈ, ਉਹ

ਐਸਾ ਬਲਵਾਨ ਰਾਜਾ ਸੁੰਭ ਹੈ। ਹੇ ਸੁੰਦਰੀ ! ਤੂੰ ਉਸ ਨੂੰ ਵਰ ਲੈ॥ ੯੩॥

**ਸਨਿ ਰਾਕਸ਼ ਕੀ ਬਾਤ ਕੋ ਦੇਵੀ ਉੱਤਰ ਦੀਨ॥**
**ਜੁੱਧ ਕਰੈ ਬਿਨ ਨਹਿ ਬਰੌ ਸੁਨਹੁ ਦੈਤ ਮਤਹੀਨ॥ ੯੪॥**

ਉਸ ਦੈਂਤ ਦੀ ਇਹ ਗੱਲ ਸੁਣਕੇ ਦੇਵੀ ਦੁਰਗਾ ਨੇ ਇਹ ਉੱਤਰ ਦਿੱਤਾ ਕਿ ਹੇ ਮੂਰਖ ਦੈਂਤ ! ਮੈਂ ਜੰਗ ਕੀਤੇ ਤੋਂ ਬਗੈਰ ਕਿਸੇ ਨੂੰ ਨਹੀਂ ਵਰਾਂਗੀ ਭਾਵ ਜਿਹੜਾ ਸੂਰਮਾਂ ਮੇਰੇ ਨਾਲ ਜੁੱਧ ਕਰਕੇ ਮੈਨੂੰ ਜਿਤੇਗਾ, ਮੈਂ ਉਸੇ ਸੂਰਮੇ ਨੂੰ ਆਪਣਾ ਪਤੀ ਮੰਨਾਂਗੀ॥ ੯੪॥

**ਦੋਹਰਾ॥ ਇਹ ਸੁਨ ਦਾਨਵ ਚਪਲ ਗਤਿ ਗਇਓ ਸੁੰਭ ਕੇ ਪਾਸ॥**
**ਪਰ ਪਾਸਿਨ ਕਰ ਜੋਰ ਕੈ ਕਰੀ ਏਕ ਅਰਦਾਸ॥ ੯੫॥**

ਦੁਰਗਾ ਦਾ ਇਹ ਉੱਤਰ ਸੁਣਕੇ ਉਹ ਦੈਂਤ ਬੜੀ ਤੇਜ਼ੀ ਨਾਲ ਰਾਜੇ ਸੁੰਭ ਕੋਲ ਗਿਆ। ਉਸ ਨੂੰ ਨਮਸ਼ਕਾਰ ਕਰਕੇ ਉਸ ਨੇ ਇਕ ਬੇਨਤੀ ਕੀਤੀ॥ ੯੫॥

**ਅਉਰ ਰਤਨ ਨ੍ਰਿਪ ਧਾਮ ਤੁਅ ਤ੍ਰਿਆ ਰਤਨ ਤੇ ਹੀਨ॥**
**ਬਧੂ ਏਕ ਬਨ ਮੈ ਬਸੈ ਤਿਹ ਤੁਮ ਬਰੋ ਪ੍ਰਬੀਨ॥ ੯੬॥**

ਹੇ ਰਾਜਨ ! ਹੋਰ ਸਾਰੇ ਰਤਨ ਤਾਂ ਆਪ ਦੇ ਘਰ ਵਿਚ ਸਨ, ਪਰ ਇਕ ਇਸਤਰੀ ਰਤਨ ਤੋਂ ਆਪ ਦਾ ਘਰ ਖਾਲੀ ਹੈ। ਇਕ ਸੁੰਦਰ ਇਸਤਰੀ ਵਣ ਵਿਚ ਰਹਿੰਦੀ ਹੈ। ਹੇ ਚਤੁਰ ਰਾਜਨ! ਉਹ ਇਸਤਰੀ ਆਪ ਦੇ ਵਰਨ ਯੋਗ ਹੈ, ਇਸ ਲਈ ਤੁਸੀਂ ਉਸ ਨੂੰ ਵਰੋ॥ ੯੬॥

**ਸੋਰਠ॥ ਸੁਨੀ ਮਨੋਹਰਿ ਬਾਤ ਨ੍ਰਿਪ ਬੂਝਿਓ ਪੁਨਿ ਤਾਹਿ ਕੋ॥**
**ਮੋਸੋ ਕਹਿਯੈ ਭ੍ਰਾਤ ਬਰਨਨ ਤਾਹਿ ਸਰੀਰ ਕੋ॥ ੯੭॥**

ਜਦੋਂ ਇਹ ਮਨ ਨੂੰ ਮੋਹਨ ਵਾਲੀ ਗੱਲ ਰਾਜੇ ਨੇ ਸੁਣੀ ਤਾਂ ਉਸ ਨੇ ਦੈਂਤ ਨੂੰ ਕਿਹਾ ਕਿ ਹੇ ਭਰਾ ! ਮੈਨੂੰ ਉਸ ਸੁੰਦਰੀ ਦੇ ਸਰੀਰ ਦੀ ਸੁੰਦਰਤਾ ਬਾਰੇ ਕੁਝ ਦੱਸ॥ ੯੭॥

**ਸਵੈਯਾ॥ ਹਰਿ ਸੋ ਮੁਖ ਹੈ ਹਰਿਤੀ ਦੁਖ ਹੈ ਅਲਿਕੈ ਹਰਿ ਹਾਰ ਪ੍ਰਭਾ ਹਰਨੀ ਹੈ॥**
**ਲੋਚਨ ਹੈ ਹਰਿਸੇ ਸਰਸੇ ਹਰਿਸੇ ਭ੍ਰਟੇ ਹਰਿਸੀ ਬਰੁਨੀ ਹੈ॥**
**ਕੇਹਰਿ ਸੋ ਕਰਹਾ ਚਲਬੋ ਹਰਿ ਪੈ ਹਰਿ ਕੀ ਹਰਿਨੀ ਤਰਨੀ ਹੈ॥**
**ਹੈ ਕਰ ਮੈ ਹਰਿ ਪੈ ਹਰਿ ਸੋ ਹਰਿ ਰੂਪ ਕੀਏ ਹਰਿ ਕੀ ਧਰਨੀ ਹੈ॥ ੯੮॥**

ਪਦ ਅਰਥ - ਹਰਿ=ਕਮਲ। ਹਰਿ=ਧਨੁਖ। ਹਰਿ=ਤੀਰ। ਹਰਿ=ਚੰਦ੍ਰਮਾਂ। ਹਰਿਤੀ=ਨਾਸ ਕਰਦੀ ਹੈ। ਹਰਿਹਾਰ=ਸ਼ਿਵ ਜੀ ਦਾ ਹਾਰ-ਸੱਪ। ਕੇਹਰਿ=ਸ਼ੇਰ। ਹਰਿ=ਹਾਥੀ। - ਹਰਿ=ਤਲਵਾਰ।

ਹਰਿ=ਸ਼ੇਰ। ਹਰਿ=ਸੂਰਜ। ਹਰਿ ਕੀ ਧਰਨੀ=ਸ਼ਿਵ ਜੀ ਦੀ ਅਰਧਾਂਗਨੀ=ਦੁਰਗਾ।

ਉਸਦੇ ਭਰਾ ਨੇ ਕਿਹਾ, "ਹੇ ਰਾਜਨ ! ਉਸ ਦੀ ਸੁੰਦਰਤਾ ਦਾ ਵਰਣਨ ਸੁਣੋ, ਉਸ ਦਾ ਮੁਖ ਚੰਦ੍ਰਮਾਂ ਵਰਗਾ ਸੁੰਦਰ ਹੈ। ਉਹ ਸਾਰੇ ਦੁਖਾਂ ਨੂੰ ਨਵਿਰਤ ਕਰਨ ਵਾਲੀ ਹੈ। ਉਸ ਦੀਆਂ ਜ਼ੁਲਫਾਂ ਸ਼ਿਵਜੀ ਦੇ ਗਲ ਵਿਚ ਪਏ ਸੱਪਾਂ ਦੇ ਹਾਰ ਵਾਂਗੂੰ ਟੇਢੀਆਂ ਹਨ ਤੇ ਉਹ ਸੱਪ ਦੀ ਟੇਢਤਾ ਰੂਪ ਸੁੰਦਰਤਾ ਨੂੰ ਚੁਰਾਉਂਦੀਆਂ ਹਨ। ਉਸ ਦੀਆਂ ਅੱਖਾਂ ਖਿੜੇ ਹੋਏ ਕੌਲ ਫੁਲ ਵਰਗੀਆਂ ਹਨ, ਭਰਵੱਟੇ ਧਨੁਖ ਵਾਂਗੂੰ ਹਨ ਤੇ ਤੀਰ ਵਰਗੀ ਤਿੱਖੀ ਨਜ਼ਰ ਹੈ। ਉਸ ਦਾ ਲੱਕ ਸ਼ੇਰ ਦੇ ਲੱਕ ਵਰਗਾ ਪਤਲਾ ਹੈ। ਮਸਤ ਹਾਥੀ ਵਰਗੀ ਉਸ ਦੀ ਚਾਲ ਹੈ ਅਤੇ ਉਹ ਕਾਮ ਦੀ ਇਸਤਰੀ ਰੱਤੀ ਦੀ ਸ਼ੋਭਾ ਨੂੰ ਨਾਸ ਕਰਨ ਵਾਲੀ ਹੈ। ਉਸ ਦੇ ਹੱਥ ਵਿਚ ਤਲਵਾਰ ਹੈ, ਉਹ ਸ਼ੇਰ ਤੇ ਅਸਵਾਰ ਹੈ। ਉਸ ਦਾ ਰੂਪ ਸੂਰਜ ਵਰਗਾ ਬੜੇ ਤੇਜ ਵਾਲ਼ਾ ਹੈ। ਇਹੋ ਜਿਹੀ ਉਹ ਸੁੰਦਰ ਇਸਤਰੀ ਸ਼ਿਵ ਜੀ ਦੀ ਅਰਧਾਂਗਨੀ ਦੁਰਗਾ ਹੈ॥੮੮॥

**ਕਬਿਤੁ॥ ਮੀਨ ਮੁਰਝਾਨੇ ਕੰਜ ਖੰਜਨ ਖਿਸਾਨੇ ਅਲਿ ਫਿਰਤ ਦਿਵਾਨੇ ਬਨ ਡੋਲੇ ਜਿਤ ਤਿਤਹੀ॥ ਕੀਰ ਅਉ ਕਪੋਤ ਬਿੰਬ ਕੋਕਲਾ ਕਲਾਪੀ ਬਨ ਲੂਟੇ ਫੂਟੇ ਫਿਰੈ ਮਨ ਚੈਨ ਹੂੰ ਨ ਕਿਤਹੀ॥ ਦਾਰਮ ਦਰਕ ਗਇਓ ਪੇਖ ਦਸਨਨਿ ਪਾਂਤ ਰੂਪ ਹੀ ਕੀ ਕ੍ਰਾਂਤ ਜਗ ਫੈਲ ਰਹੀ ਸਿਤਹੀ॥ ਐਸੀ ਗੁਨ ਸਾਗਰ ਉਜਾਗਰ ਸੁ ਨਾਗਰ ਹੈ ਲੀਨੋ ਮਨ ਮੇਰੋ ਹਰਿ ਨੈਨ ਕੋਰ ਚਿਤ ਹੀ॥੮੯॥**

ਪਦ ਅਰਥ - ਕਲਾਪੀ=ਆਵਾਜ਼। ਦਾਰਮ=ਅਨਾਰ। ਸਿਤ=ਚਾਂਦਨੀ।

ਹੇ ਰਾਜਨ ! ਉਸ ਦੀਆਂ ਅੱਖਾਂ ਦੀ ਚੰਚਲਤਾ ਵੇਖਕੇ ਮੱਛੀ ਸ਼ਰਮਿੰਦੀ ਹੁੰਦੀ ਹੈ। ਉਸ ਦੀ ਕੋਮਲਤਾ ਵੇਖਕੇ ਕੌਲ ਫੁਲ ਤੇ ਸੁੰਦਰਤਾ ਨੂੰ ਵੇਖਕੇ ਮਮੋਲਾ ਲੱਜਿਤ ਹੁੰਦਾ ਹੈ। ਉਸ ਦੇ ਮੁਖ ਨੂੰ ਕਮਲ ਦਾ ਫੁਲ ਸਮਝਕੇ ਭੌਰੇ ਦੀਵਾਨੇ ਹੋਏ ਜੰਗਲ ਵਿਚ ਏਧਰ ਉਧਰ ਭਟਕ ਰਹੇ ਸਨ। ਉਸ ਦੇ ਨੱਕ ਨੂੰ ਵੇਖਕੇ ਤੋਤੇ ਤੇ ਧੌਣ ਨੂੰ ਵੇਖਕੇ ਕਬੂਤਰ, ਬੁੱਲ੍ਹਾਂ ਨੂੰ ਵੇਖਕੇ ਕੰਦੂਰੀ ਤੇ ਆਵਾਜ਼ ਨੂੰ ਸੁਣਕੇ ਕੋਇਲ ਵਣ ਵਿਚ ਲੁਟੇ ਗਿਆਂ ਵਾਂਗੂੰ ਫਿਰਦੇ ਹਨ, ਉਹਨਾਂ ਦੇ ਮਨ ਨੂੰ ਕਿਤੇ ਵੀ ਚੈਨ ਨਹੀਂ ਮਿਲਦਾ। ਉਸ ਦੇ ਦੰਦਾਂ ਦੀ ਪੰਕਤੀ ਨੂੰ ਵੇਖਕੇ ਅਨਾਰ ਦਾ ਹਿਰਦਾ ਫੱਟ ਗਿਆ ਹੈ। ਉਸ ਦੇ ਰੂਪ ਦੀ ਸੁੰਦਰਤਾ ਸਾਰੇ ਸੰਸਾਰ ਵਿਚ ਚਾਂਦਨੀ ਬਣਕੇ ਫੈਲ ਰਹੀ ਹੈ। ਹੇ ਰਾਜਨ ! ਉਹ ਸੁੰਦਰ ਇਸਤਰੀ ਇਹੋ ਜਿਹੇ ਗੁਣਾਂ ਦਾ ਸਮੁੰਦਰ ਪ੍ਰਗਟ ਹੋਈ ਹੈ ਕਿ ਉਸ ਦੇ ਨੈਣਾਂ ਦੀ ਤੱਕਣੀ ਨੇ ਮੇਰੇ ਮਨ ਨੂੰ ਚੁਰਾ ਲਿਆ ਹੈ"॥੮੯॥

**ਦੋਹਰਾ॥ ਬਾਤ ਦੈਤ ਕੀ ਸੁੰਭ ਸੁਨਿ ਬੋਲਿਓ ਕਛੁ ਮੁਸਕਾਤ॥**
**ਚਤੁਰ ਦੂਤ ਕੋਊ ਭੇਜੀਏ ਲਖਿ ਆਵੈ ਤਿਹ ਘਾਤ॥੯੦॥**

ਉਸ ਦੈਂਤ ਦੀ ਸਾਰੀ ਵਾਰਤਾ ਸੁਣਕੇ ਸੁੰਭ ਰਾਜਾ ਕੁਝ ਮੁਸਕਰਾਉਂਦਾ ਹੋਇਆ ਕਹਿਣ ਲੱਗਾ ਕਿ ਕਿਸੇ ਸਿਆਣੇ ਦੂਤ ਨੂੰ ਭੇਜਣਾ ਚਾਹੀਦਾ ਹੈ, ਜਿਹੜਾ ਉਸ ਇਸਤਰੀ ਦੇ ਸਾਰੇ ਦਾਅ-ਪੇਚ ਵੇਖ ਆਵੇ॥੯੦॥

**ਦੋਹਰਾ॥ ਬਹੁਰਿ ਕਹੀ ਉਨ ਦੈਤ ਅਬ ਕੀਜੈ ਏਕ ਬਿਚਾਰ॥**
**ਜੋ ਲਾਇਕ ਭਟ ਸੈਨ ਮੈ ਭੇਜਹੁ ਦੈ ਅਧਿਕਾਰ॥੯੧॥**

ਫੇਰ ਉਸ ਦੈਂਤ ਨੇ ਕਿਹਾ-ਹੇ ਰਾਜਨ ! ਹੁਣ ਇਕ ਇਹ ਵਿਚਾਰ ਕਰੋ ਕਿ ਜਿਹੜਾ ਸੂਰਮਾ ਸੈਨਾ ਵਿਚ ਇਸ ਕੰਮ ਕਰਨ ਦੇ ਯੋਗ ਸਮਝਦੇ ਹੋ, ਉਸ ਨੂੰ ਸਾਰੇ ਅਧਿਕਾਰ ਦੇ ਕੇ ਉਸ ਇਸਤਰੀ ਵਲ ਭੇਜ ਦਿਓ॥੯੧॥

**ਸ੍ਵੈਯਾ॥ ਬੈਠੋ ਹੁਤੋ ਨ੍ਰਿਪ ਮੱਧਿ ਸਭਾ ਉਠਿ ਕੈ ਕਰਿ ਜੋਰ ਕਹਿਓ ਮਮ ਜਾਉਂ॥**
**ਬਾਤਨ ਤੇ ਰਿਝਵਾਇ ਮਿਲਾਇ ਹੋਂ ਨਾਤਰਿ ਕੇਸਨ ਤੇ ਗਹਿ ਲਿਆਊਂ॥**
**ਕ੍ਰੁੱਧ ਕਰੈ ਤਬ ਜੁੱਧੁ ਕਰੌਂ ਰਣ ਸ੍ਰੋਣਤ ਕੀ ਸਰਤਾਨ ਬਹਾਊਂ॥**
**ਲੋਚਨ ਧੂਮ ਕਹੈ ਬਲ ਆਪਨੋ ਸ੍ਵਾਸਨ ਸਾਥ ਪਹਾਰ ਉਡਾਊਂ॥੯੨॥**

ਪਦ ਅਰਥ - ਸਰਤਾਨ=ਨਦੀਆਂ।

ਰਾਜੇ ਸੁੰਭ ਦੀ ਸਭਾ ਵਿਚ ਧੂਮਰਲੋਚਨ ਨਾਂ ਵਾਲਾ ਇਕ ਦੈਂਤ ਬੈਠਾ ਹੋਇਆ ਸੀ। ਉਹ ਉਠਕੇ ਹੱਥ ਜੋੜਕੇ ਕਹਿਣ ਲੱਗਾ ਕਿ ਹੇ ਰਾਜਨ ! ਜੇ ਆਪ ਦਾ ਹੁਕਮ ਹੋਵੇ ਤਾਂ ਇਸ ਕੰਮ ਲਈ ਮੈਂ ਜਾਂਦਾ ਹਾਂ। ਪਹਿਲਾਂ ਤਾਂ ਮੈਂ ਉਸ ਨੂੰ ਗੱਲਾਂ ਬਾਤਾਂ ਨਾਲ ਪ੍ਰਸੰਨ ਕਰਕੇ ਤੁਹਾਡੇ ਕੋਲ ਲਿਆਕੇ ਤੁਹਾਨੂੰ ਮਿਲਾਵਾਂਗਾ ਤੇ ਜੇ ਇਸ ਤਰ੍ਹਾਂ ਉਹ ਨਾ ਮੰਨੀ ਤਾਂ ਫਿਰ ਮੈਂ ਉਸ ਨੂੰ ਕੇਸਾਂ ਤੋਂ ਫੜ ਕੇ ਲੈ ਆਵਾਂਗਾ। ਜੇ ਉਸ ਨੇ ਮੇਰੀਆਂ ਗੱਲਾਂ ਸੁਣਕੇ ਕਰੋਧ ਕੀਤਾ ਤਾਂ ਮੈਂ ਉਸ ਨਾਲ ਜੰਗ ਕਰਾਂਗਾ ਤੇ ਜੰਗ ਵਿਚ ਲਹੂ ਦੀਆਂ ਨਦੀਆਂ ਵਹਾ ਦਿਆਂਗਾ। ਸਭਾ ਵਿਚ ਧੂਮਰਲੋਚਨ ਦੈਂਤ ਆਪਣਾ ਬਲ ਇਉਂ ਦੱਸਣ ਲੱਗਾ ਕਿ ਮੈਂ ਫੂਕਾਂ ਨਾਲ ਪਹਾੜ ਉਡਾ ਸਕਦਾ ਹਾਂ॥੯੨॥

**ਦੋਹਰਾ॥ ਉਠੇ ਬੀਰ ਕੋ ਦੇਖ ਕੈ ਸੁੰਭ ਕਹੀ ਤੁਮ ਜਾਹੁ॥**
**ਰੀਝੈ ਆਵੈ ਆਨੀਓ ਖੀਝੈ ਜੁੱਧ ਕਰਾਹੁ॥੯੩॥**

ਸੁੰਭ ਨੇ ਧੂਮਰਲੋਚਨ ਨੂੰ ਜਾਣ ਲਈ ਤਿਆਰ ਵੇਖਕੇ ਆਗਿਆ ਦਿੱਤੀ ਕਿ ਤੂੰ ਜਾ ! ਜੇ ਉਹ ਦੁਰਗਾ ਪ੍ਰਸੰਨਤਾ ਨਾਲ ਤੇਰੇ ਨਾਲ ਚਲੀ ਆਵੇ ਤਾਂ ਲੈ ਆਵੀਂ ਤੇ ਜੇ ਉਹ ਕਰੋਧ ਵਿਚ ਆ

ਕੇ ਆਉਣ ਤੋਂ ਨਾਂਹ ਕਰ ਤਾਂ ਫਿਰ ਤੂੰ ਜੁੱਧ ਕਰੀਂ ॥ ੬੩ ॥

**ਤਹਾ ਧੂਮ੍ਰਲੋਚਨ ਚਲੇ ਚਤੁਰੰਗਨ ਦਲੁ ਸਾਜ ॥**
**ਗਿਰ ਘੇਰਿਓ ਘਨ ਘਟਾ ਜਿਉ ਗਰਜ ਗਰਜ ਗਜਰਾਜ ॥ ੬੪ ॥**

ਚਾਰ ਪ੍ਰਕਾਰ ਦੀ ਸੈਨਾ ਨੂੰ ਆਪਣੇ ਨਾਲ ਲੈ ਕੇ ਧੂਮਰਲੋਚਨ ਦੁਰਗਾ ਵਲ ਤੁਰ ਪਿਆ। ਸਾਵਣ ਦੀਆਂ ਘਟਾਂ ਵਾਂਗੂੰ ਉਸ ਨੇ ਜਾਕੇ ਕੈਲਾਸ਼ ਪਰਬਤ ਨੂੰ ਘੇਰ ਲਿਆ ਤੇ ਮਸਤ ਹਾਥੀ ਵਾਂਗੂ ਗਰਜਿਆ ॥ ੬੪ ॥

**ਧੂਮ੍ਰ ਨੈਨ ਗਿਰਰਾਜ ਤਟ ਊਚੈ ਕਹੀ ਪੁਕਾਰ ॥**
**ਕੈ ਬਰ ਸੁੰਭ ਨ੍ਰਿਪਾਲ ਕੋ ਕੈ ਲਰ ਚੰਡ ਸੰਭਾਰ ॥ ੬੫ ॥**

ਧੂਮਰਨੈਨ ਨੇ ਕੈਲਾਸ਼ ਪਰਬਤ ਤੇ ਜਾ ਕੇ ਬੜੀ ਉੱਚੀ ਆਵਾਜ਼ ਨਾਲ ਕਿਹਾ ਕਿ ਹੇ ਦੁਰਗਾ! ਜਾਂ ਤਾਂ ਮੇਰੇ ਨਾਲ ਚਲਕੇ ਰਾਜੇ ਸੁੰਭ ਨੂੰ ਵਰ ਲੈ ਤੇ ਜੇ ਤੈਨੂੰ ਇਹ ਗੱਲ ਪ੍ਰਵਾਨ ਨਹੀਂ, ਤਾਂ ਮੈਦਾਨ ਵਿਚ ਆ ਕੇ ਮੇਰੇ ਨਾਲ ਜੰਗ ਕਰ ॥ ੬੫ ॥

**ਰਿਪ ਕੇ ਬਚਨ ਸੁਨੰਤ ਹੀ ਸਿੰਘ ਭਈ ਅਸਵਾਰ ॥**
**ਗਿਰ ਤੇ ਉਤਰੀ ਬੇਗ ਦੈ ਕਰ ਆਯੁਧ ਸਭ ਧਾਰ ॥ ੬੬ ॥**

ਵੈਰੀ ਧੂਮਰਲੋਚਨ ਦੇ ਬਚਨ ਸੁਣ ਕੇ ਦੁਰਗਾ ਸ਼ੇਰ ਤੇ ਅਸਵਾਰ ਹੋ ਗਈ। ਸਭ ਤਰ੍ਹਾਂ ਦੇ ਸ਼ਸਤਰ ਧਾਰਨ ਕਰਕੇ ਉਹ ਛੇਤੀ ਨਾਲ ਪਹਾੜ ਤੋਂ ਹੇਠਾਂ ਉਤਰ ਆਈ ॥ ੬੬ ॥

**ਸਵੈਯਾ ॥ ਕੋਪ ਕੈ ਚੰਡ ਪ੍ਰਚੰਡ ਚੜੀ ਇਤ ਕ੍ਰੁੱਧ ਕੈ ਧੂਮ੍ਰ ਚੜੈ ਉਤ ਸੈਨੀ ॥**
**ਬਾਨ ਕ੍ਰਿਪਾਨਨ ਮਾਰ ਮਚੀ ਤਬ ਦੇਵੀ ਲਈ ਬਰਛੀ ਕਰ ਪੈਨੀ ॥**
**ਦਉਰ ਦਈ ਅਰਿ ਕੇ ਮੁਖਿ ਮੈ ਕਟਿ ਓਠ ਦਏ ਜਿਮੁ ਲੋਹ ਕੌ ਛੈਨੀ ॥**
**ਦਾਂਤ ਗੰਗਾ ਜਮੁਨਾ ਤਨ ਸਜਾਮ ਸੋ ਲਹੂ ਬਹਿਓ ਤਿਨ ਮਾਹਿ ਤ੍ਰਿਬੈਨੀ ॥ ੬੭ ॥**

ਇਕ ਪਾਸਿਓਂ ਦੁਰਗਾ ਬੜੇ ਕਰੋਧ ਨਾਲ ਅਗੇ ਵਧੀ ਤੇ ਦੂਜੇ ਪਾਸਿਓਂ ਧੂਮਰਲੋਚਨ ਸੈਨਾ ਨੂੰ ਲੈ ਕੇ ਮੈਦਾਨ ਵਿਚ ਆ ਗਿਆ। ਜਦੋਂ ਤੀਰਾਂ ਤੇ ਤਲਵਾਰਾਂ ਦੇ ਵਾਰ ਹੋਣ ਲੱਗ ਪਏ, ਤਦੋਂ ਦੁਰਗਾ ਨੇ ਆਪਣੇ ਹੱਥ ਵਿਚ ਬੜੀ ਤਿੱਖੀ ਬਰਛੀ ਫੜ ਲਈ। ਦੁਰਗਾ ਨੇ ਬੜੀ ਫੁਰਤੀ ਨਾਲ ਦੌੜਕੇ ਬਰਛੀ ਵੈਰੀ ਧੂਮਰਲੋਚਨ ਦੇ ਮੂੰਹ ਵਿਚ ਧਸਾ ਦਿੱਤੀ। ਬਰਛੀ ਨੇ ਧੂਮਰਲੋਚਨ ਦੇ ਬੁੱਲ੍ਹ ਨੂੰ ਇਸ ਤਰ੍ਹਾਂ ਕਟ ਦਿੱਤਾ, ਜਿਵੇਂ ਛੈਣੀ ਲੋਹੇ ਨੂੰ ਕੱਟ ਦਿੰਦੀ ਹੈ। ਧੂਮਰਲੋਚਨ ਦੇ ਗੰਗਾ ਦੇ ਜਲ ਵਰਗੇ ਚਿੱਟੇ ਦੰਦ ਸਨ, ਜਮਨਾ ਦੇ ਜਲ ਵਰਗਾ ਕਾਲਾ ਸਰੀਰ ਸੀ ਤੇ ਸਰਸੁਤੀ ਦੇ ਪਾਣੀ ਵਰਗਾ ਲਾਲ ਲਹੂ ਵਗ ਤੁਰਿਆ। ਇਉਂ ਪ੍ਰਤੀਤ ਹੋ ਰਿਹਾ ਹੈ, ਜਿਵੇਂ ਇਥੇ ਹੀ ਤ੍ਰਿਬੇਣੀ ਦਾ ਸੰਗਮ ਹੋ ਗਿਆ ਹੋਵੇ ॥ ੬੭ ॥

**ਘਾਉ ਲਗੈ ਰਿਸਕੈ ਦ੍ਰਿਗ ਧੂਮ੍ਰ ਸੁ ਕੈ ਬਲਿ ਆਪਨੋ ਖੱਗੁ ਸੰਭਾਰਿਓ ॥**
**ਬੀਸ ਪਚੀਸਕ ਵਾਰ ਕਰੇ ਤਿਨ ਕੇਹਰਿ ਕੋ ਪਗੁ ਨੈਕੁ ਨ ਹਾਰਿਓ ॥**
**ਧਾਇ ਗਦਾ ਗਹਿ ਫੇਰਿਕੈ ਫਉਜ ਕੋ ਘਾਉ ਸ਼ਿਵਾ ਸਿਰ ਦੈਤ ਕੇ ਮਾਰਿਓ ॥**
**ਸ੍ਰਿੰਗ ਧਰਾ ਧਰ ਊਪਰਿ ਕੋ ਕੋਪ ਪੁਰੰਦ੍ਰ ਨੈ ਬੱਜ੍ਰ ਪ੍ਰਹਾਰਿਓ ॥ ੯੮ ॥**

ਜਦੋਂ ਧੂਮਰਲੋਚਨ ਨੂੰ ਦੁਰਗਾ ਦੀ ਬਰਛੀ ਨਾਲ ਜ਼ਖਮ ਲੱਗਾ, ਤਦ ਉਸ ਨੇ ਬੜੇ ਕ੍ਰੋਧ ਕਰਕੇ ਜ਼ੋਰ ਨਾਲ ਆਪਣੀ ਤਲਵਾਰ ਫੜ ਲਈ। ਉਸ ਨੇ ਤਲਵਾਰ ਨਾਲ ਵੀਹ ਪੰਝੀ ਵਾਰ ਦੁਰਗਾ ਤੇ ਕੀਤੇ, ਪਰ ਦੇਵੀ ਦਾ ਸ਼ੇਰ ਇਕ ਪੈਰ ਵੀ ਪਿਛੇ ਨਾ ਹਟਿਆ। ਧੂਮਰਲੋਚਨ ਦੇ ਵਾਰਾਂ ਨੂੰ ਬਚਾਕੇ ਦੁਰਗਾ ਨੇ ਗਦਾ ਫੜ ਲਈ, ਦੈਂਤਾਂ ਦੀ ਫੌਜ ਵਿਚੋਂ ਲੰਘਕੇ ਉਸ ਨੇ ਦੈਂਤ ਦੇ ਸਿਰ ਤੇ ਗਦਾ ਦਾ ਵਾਰ ਕੀਤਾ। ਦੁਰਗਾ ਦੀ ਗਦਾ ਦੈਂਤ ਦੇ ਸਿਰ ਵਿਚ ਵੱਜੀ ਇਉਂ ਪ੍ਰਤੀਤ ਹੋਈ ਕਿ ਜਿਵੇਂ ਇੰਦਰ ਨੇ ਪਹਾੜ ਦੀ ਚੋਟੀ ਤੇ ਆਪਣਾ ਬੱਜਰ ਮਾਰਿਆ ਹੋਵੇ ॥ ੯੮ ॥

**ਲੋਚਨ ਧੂਮ ਉਠੇ ਕਿਲਕਾਰ ਲਏ ਸੰਗ ਦੈਤਨ ਕੇ ਕੁਰਮਾ ॥**
**ਗਹਿ ਪਾਨ ਕ੍ਰਿਪਾਨ ਅਚਾਨਕ ਤਾਨ ਲਗਾਈ ਹੈ ਕੇਹਰਿ ਕੇ ਉਰਮਾ ॥**
**ਹਰਿ ਚੰਡ ਲਇਓ ਬਰਿ ਕੈ ਕਰ ਤੇ ਅਰੁ ਮੂੰਡ ਕਟਿਓ ਅਸਰੁ ਪੁਰਮਾ ॥**
**ਮਾਨੋ ਆਂਧੀ ਬਹੇ ਧਰਨੀ ਪਰ ਛੂਟ ਖਜੂਰ ਤੇ ਟੂਟ ਪਰਿਓ ਖੁਰਮਾ ॥ ੯੯ ॥**

ਪਦ ਅਰਥ - ਹਰਿ=ਖੰਡਾ। ਖੁਰਮਾ=ਛੁਹਾਰਾ।

ਗਦਾ ਵੱਜਣ ਨਾਲ ਧੂਮਰਲੋਚਨ ਨੇ ਚੀਕ ਮਾਰੀ। ਉਸ ਨੇ ਉਸੇ ਵੇਲੇ ਆਪਣੇ ਨਾਲ ਦੈਂਤਾਂ ਦਾ ਇਕ ਟੋਲਾ ਲਿਆ ਤੇ ਉਸ ਨੇ ਆਪਣੇ ਹੱਥ ਵਿਚ ਤਲਵਾਰ ਫੜਕੇ ਬੜੇ ਜ਼ੋਰ ਨਾਲ ਸ਼ੇਰ ਦੀ ਛਾਤੀ ਵਿਚ ਮਾਰੀ। ਦੁਰਗਾ ਨੇ ਆਪਣੇ ਹੱਥ ਵਿਚ ਖੰਡਾ ਫੜ ਲਿਆ ਤੇ ਬੜੇ ਜ਼ੋਰ ਨਾਲ ਮਾਰਕੇ ਵੈਰੀ ਧੂਮਰਲੋਚਨ ਦਾ ਸਿਰ ਕੱਟ ਦਿੱਤਾ। ਦੈਂਤ ਦਾ ਸਿਰ ਅਸੁਰ ਪੁਰੀ ਵਿਚ ਇਉਂ ਜਾ ਡਿੱਗਾ ਜਿਵੇਂ ਹਨੇਰੀ ਦੇ ਵਗਣ ਨਾਲ ਖਜੂਰ ਦੇ ਦਰਖਤ ਨਾਲੋਂ ਛੁਹਾਰਾ ਟੁੱਟਕੇ ਧਰਤੀ ਤੇ ਡਿੱਗ ਪਿਆ ਹੋਵੇ ॥ ੯੯ ॥

**ਦੋਹਰਾ ॥ ਧੂਮ੍ਰਨੈਨ ਜਬ ਮਾਰਿਓ ਦੇਵੀ ਇਹ ਪਰਕਾਰ ॥**
**ਅਸੁਰ ਸੈਨ ਬਿਨ ਚੈਨ ਹੁਇ ਕੀਨੋ ਹਾਹਾਕਾਰ ॥ ੧੦੦ ॥**

ਜਦੋਂ ਦੁਰਗਾ ਨੇ ਧੂਮਰਲੋਚਨ ਨੂੰ ਇਸ ਤਰ੍ਹਾਂ ਖਤਮ ਕਰ ਦਿੱਤਾ, ਤਦ ਦੈਂਤਾਂ ਦੀ ਸੈਨਾ ਵਿਚ ਹਲਚਲ ਮਚ ਗਈ ਤੇ ਉਹ ਬੇਚੈਨ ਹੋ ਕੇ ਹਾਹਾਕਾਰ ਕਰਨ ਲਗ ਪਏ ॥ ੧੦੦ ॥

ਇਤਿ ਸ੍ਰੀ ਮਾਰਕੰਡੇ ਪੁਰਾਨੇ ਚੰਡੀ ਚਰਿਤ੍ਰ ਉਕਤਿ ਬਿਲਾਸ ਧੂਮ੍ਰਨੈਣ ਬਧਹਿ ਨਾਮ ਤ੍ਰਿਤਯ ਧਯਾਇ ਸਮਾਪਤਮ ॥ ੩ ॥ ੧੦੦ ॥ ਅਫਜੂੰ ॥

ਅਧਿਆਏ ਤੀਸਰਾ ਸਮਾਪਤ ॥ ੩ ॥ ੧੦੦ ॥ ਚਲਦਾ ॥

# ਅਧਿਆਏ ਚੌਥਾ

## ਚੰਡ ਤੇ ਮੁੰਡ ਦੈਂਤਾਂ ਦਾ ਕਤਲ

**ਸਵੈਯਾ ॥ ਸ਼ੋਰੁ ਸੁਨਿਓ ਜਬ ਦੈਤਨ ਕੋ ਤਬ ਚੰਡ ਪ੍ਰਚੰਡ ਤਚੀ ਅਖੀਆਂ ॥**
**ਹਰਿ ਧਿਆਨੁ ਛੁਟਿਓ ਮੁਨ ਕੋ ਸੁਨਿਕੈ ਧੁਨਿ ਟੂਟਿ ਖਗੇਸ ਗਈ ਪਖੀਆਂ ॥**
**ਦ੍ਰਿਗ ਜ੍ਵਾਲ ਬਢੀ ਬੜਵਾਨਲ ਜਿਉ ਕਵਿ ਨੇ ਉਪਮਾ ਤਿਹ ਕੀ ਲਖੀਆਂ ॥**
**ਸਭੁ ਛਾਰੁ ਭਇਓ ਦਲੁ ਦਾਨਵ ਕੋ ਜਿਮੁ ਘੂਮ ਹਲਾਹਲ ਕੀ ਮਖੀਆਂ ॥ ੧੦੧ ॥**

ਪਦ ਅਰਥ - ਖਗੇਸ=ਗਰੁੜ। ਪਖੀਆਂ=ਖੰਭ। ਘੂਮ=ਖੁਮਾਰੀ। ਹਲਾਹਲ=ਜ਼ਹਿਰ। ਤਚੀ=ਕਰੋਧ ਨਾਲ ਅੱਖਾਂ ਲਾਲ ਹੋ ਜਾਣੀਆਂ।

ਜਦੋਂ ਦੇਵੀ ਦੁਰਗਾ ਨੇ ਦੈਂਤਾਂ ਦਾ ਰੌਲਾ ਗੌਲਾ ਸੁਣਿਆਂ ਤਦ ਉਸ ਨੇ ਬੜੇ ਕਰੋਧ ਨਾਲ ਅੱਖਾਂ ਲਾਲ ਕਰ ਲਈਆਂ। ਜਦੋਂ ਕਰੋਧ ਦੀ ਭਰੀ ਹੋਈ ਦੁਰਗਾ ਦੀ ਆਵਾਜ਼ ਸ਼ਿਵ ਜੀ ਨੇ ਸੁਣੀ ਤਾਂ ਉਸ ਦੀ ਸਮਾਧੀ ਛੁਟ ਗਈ ਤੇ ਗਰੁੜ ਦੇ ਖੰਭ ਟੁੱਟ ਗਏ। ਦੁਰਗਾ ਦੀਆਂ ਅੱਖਾਂ ਦਾ ਤੇਜ ਬੜਵਾ ਅਗਨੀ ਵਾਂਗੂੰ ਵਧ ਗਿਆ। ਕਵੀ ਨੇ ਇਸ ਦ੍ਰਿਸ਼ ਨੂੰ ਵੇਖਕੇ ਇਸ ਪ੍ਰਕਾਰ ਦੀ ਉਪਮਾ ਸੋਚੀ ਹੈ। ਦੈਂਤਾਂ ਦੀ ਸਾਰੀ ਸੈਨਾ ਸੜਕੇ ਇਉਂ ਸੁਆਹ ਹੋ ਗਈ, ਜਿਵੇਂ ਜ਼ਹਿਰ ਦੇ ਖੁਮਾਰੀ ਅਸਰ ਨਾਲ ਮੇਖੀਆਂ ਨਾਸ ਹੋ ਜਾਂਦੀਆਂ ਹਨ ॥ ੧੦੧ ॥

**ਦੋਹਰਾ ॥ ਅਉਰ ਸਕਲ ਸੈਨਾ ਜਰੀ ਬਚਿਓ ਸੁ ਏਕੈ ਪ੍ਰੇਤ ॥**
**ਚੰਡ ਬਚਾਇਓ ਜਾਨਿਕੈ ਅਉਰਨ ਮਾਰਨ ਹੇਤ ॥ ੧੦੨ ॥**

ਦੈਂਤਾਂ ਦੀ ਸਾਰੀ ਸੈਨਾ ਸੜ ਗਈ, ਸਿਰਫ ਇਕੋ ਦੈਂਤ ਬਿਚਆ। ਹੋਰ ਦੈਂਤਾਂ ਨੂੰ ਮਾਰਨ ਵਾਸਤੇ ਦੁਰਗਾ ਨੇ ਉਸ ਨੂੰ ਜਾਣ ਬੁੱਝਕੇ ਬਚਾ ਲਿਆ ॥ ੧੦੨ ॥

**ਭਾਜ ਨਿਸਾਚਰ ਮੰਦ ਮਤ ਕਹੀ ਸੁੰਭ ਪਹਿ ਜਾਇ ॥**
**ਧੂਮ੍ਰ ਨੈਨ ਸੈਨਾ ਸਹਿਤ ਡਾਰਿਓ ਚੰਡ ਖਪਾਇ ॥ ੧੦੩ ॥**

ਉਹ ਮੂਰਖ ਦੈਂਤ ਉਥੋਂ ਭੱਜ ਗਿਆ ਤੇ ਜੰਗ ਦੀ ਸਾਰੀ ਵਾਰਤਾ ਸੁੰਭ ਨੂੰ ਜਾ ਸੁਣਾਈ ਕਿ

ਦੁਰਗਾ ਨੇ ਧੂਮਰਨੈਨ ਨੂੰ ਫੌਜ ਸਮੇਤ ਮਾਰਕੇ ਖਤਮ ਕਰ ਦਿੱਤਾ ਹੈ॥੧੦੩॥

**ਸਕਲ ਕਟੇ ਭਟ ਕਟਕ ਕੇ ਪਾਇਕ ਰੱਥ ਹੈ ਕੁੰਭ॥**
**ਯੌ ਸੁਨਿ ਬਚਨ ਅਚਰਜ ਹ੍ਵੈ ਕੋਪ ਕੀਓ ਨ੍ਰਿਪ ਸੁੰਭ॥੧੦੪॥**

ਉਸ ਦੈਂਤ ਨੇ ਜੰਗ ਦਾ ਹੋਰ ਸਮਾਚਾਰ ਦੱਸਿਆ ਕਿ ਸੈਨਾ ਦੇ ਸਾਰੇ ਸੂਰਮੇ, ਪੈਦਲ, ਰਥ, ਘੋੜੇ ਤੇ ਹਾਥੀ ਸਭ ਮਾਰੇ ਗਏ ਸਨ। ਇਹ ਸਾਰੀ ਵਾਰਤਾ ਸੁਣਕੇ ਰਾਜਾ ਸੁੰਭ ਬਹੁਤ ਹੈਰਾਨ ਹੋਇਆ ਤੇ ਉਸ ਨੇ ਆਪਣੇ ਮਨ ਵਿਚ ਬਹੁਤ ਕਰੋਧ ਕੀਤਾ॥੧੦੪।

**ਦੋਹਰਾ॥ ਚੰਡ ਮੁੰਡ ਦ੍ਵੈ ਦੈਤ ਤਬ ਲੀਨੇ ਸੁੰਭ ਹਕਾਰ॥**
**ਚਲਿ ਆਏ ਨ੍ਰਿਪ ਸਭਾ ਮਹਿ ਕਰਿ ਲੀਨੇ ਅਸਿ ਢਾਰ॥੧੦੫॥**

ਸੁੰਭ ਨੇ ਬੜੇ ਗੁਸੇ ਨਾਲ ਚੰਡ ਤੇ ਮੁੰਡ ਦੋ ਦੈਂਤਾਂ ਨੂੰ ਸੱਦ ਲਿਆ। ਉਹ ਦੋਵੇਂ ਦੈਂਤ ਹਥ ਵਿਚ ਢਾਲ ਤੇ ਤਲਵਾਰ ਲੈ ਕੇ ਸੁੰਭ ਦੀ ਸਭਾ ਵਿਚ ਆ ਪਹੁੰਚੇ॥੧੦੫॥

**ਅਭਬੰਦਨ ਦੋਨੋ ਕੀਓ ਬੈਠਾਏ ਨ੍ਰਿਪ ਤੀਰ॥**
**ਪਾਨ ਦਏ ਮੁਖ ਤੇ ਕਹਿਓ ਤੁਮ ਦੋਨੋ ਮਮ ਬੀਰ॥੧੦੬॥**

ਪਦ ਅਰਥ - ਅਭਬੰਦਨ=ਨਮਸ਼ਕਾਰ। ਬੀਰ=ਬਹਾਦਰ ਸੂਰਮੇ।

ਦੋਹਾਂ ਦੈਂਤਾਂ ਨੇ ਸਭਾ ਵਿਚ ਹਾਜ਼ਰ ਹੋ ਕੇ ਨਮਸ਼ਕਾਰ ਕੀਤੀ। ਰਾਜੇ ਨੇ ਉਹਨਾਂ ਨੂੰ ਆਪਣੇ ਕੋਲ ਬਿਠਾ ਲਿਆ ਤੇ ਉਨ੍ਹਾਂ ਨੂੰ ਪਾਨ ਦਾ ਬੀੜਾ ਦਿੱਤਾ ਤੇ ਮੂੰਹੋਂ ਇਹ ਕਿਹਾ ਕਿ ਤੁਸੀਂ ਦੋਵੇਂ ਮੇਰੇ ਬਹਾਦਰ ਸੂਰਬੀਰ ਹੋ॥੧੦੬॥

**ਨਿਜ ਕਟ ਕੋ ਫੈਂਟਾ ਦਇਓ ਅਰੁ ਜਮਧਰ ਕਰ ਵਾਰ॥**
**ਲਜਾਵਹੁ ਚੰਡੀ ਬਾਂਧ ਕੇ ਨਾ ਤਰ ਡਾਰੋ ਮਾਰ॥੧੦੭॥**

ਰਾਜੇ ਸੁੰਭ ਨੇ ਉਹਨਾਂ ਦੋਹਾਂ ਦੈਂਤਾਂ ਨੂੰ ਆਪਣੇ ਲੱਕ ਦਾ ਕਰਮਬੰਦ, ਕਟਾਰ ਤੇ ਤਲਵਾਰ ਦਿੱਤੀ ਤੇ ਹੁਕਮ ਦਿੱਤਾ ਕਿ ਚੰਡੀ ਦੁਰਗਾ ਨੂੰ ਬੰਨਕੇ ਮੇਰੇ ਕੋਲ ਲੈ ਆਓ, ਜੇ ਉਹ ਨਾ ਆਵੇ ਤਾਂ ਜੁੱਧ ਕਰਕੇ ਉਸ ਨੂੰ ਮਾਰ ਦਿਓ॥੧੦੭॥

**ਸਵੈਯਾ॥ ਕੋਪ ਚੜ੍ਹੇ ਰਨ ਚੰਡ ਅਉ ਮੁੰਡ ਸੁ ਲੈ ਚਤੁਰੰਗਨ ਸੈਨ ਭਲੀ॥**
**ਤਬ ਸ਼ੇਸ਼ ਕੇ ਸੀਸ ਧਰਾ ਲਰਜੀ ਜਨ ਮੱਧਿ ਤਰੰਗਨਿ ਨਾਵ ਹਲੀ॥**
**ਖੁਰ ਬਾਜਨ ਧੂਰ ਉਡੀ ਨਭਿ ਕੋ ਕਵਿ ਕੇ ਮਨ ਤੇ ਉਪਮਾ ਨ ਟਲੀ॥**

**ਭਵ ਭਾਰ ਅਪਾਰ ਨਿਵਾਰਨ ਕੋ ਧਰਨੀ ਮਨੋ ਬ੍ਰਹਮ ਕੇ ਲੋਕ ਚਲੀ॥ ੧੦੮॥**

ਦੁਰਗਾ ਨਾਲ ਜੰਗ ਕਰਨ ਵਾਸਤੇ ਚੰਡ ਤੇ ਮੁੰਡ ਚਾਰ ਪ੍ਰਕਾਰ ਦੀ ਸੈਨਾ ਲੈ ਕੇ ਬੜੇ ਕਰੋਧ ਨਾਲ ਚੜ੍ਹਾਈ ਕਰਕੇ ਤੁਰ ਪਏ। ਤਦ ਸ਼ੇਸ਼ਨਾਗ ਦੇ ਸਿਰ ਉਪਰਲੀ ਧਰਤੀ ਇਉਂ ਕੰਬਣ ਲੱਗ ਪਈ ਜਿਵੇਂ ਪਾਣੀ ਦੀਆਂ ਲਹਿਰਾਂ ਵਿਚ ਬੇੜੀ ਹਿਲਦੀ ਹੈ। ਘੋੜਿਆਂ ਦੇ ਖੁਰਾਂ ਨਾਲ ਉਡਕੇ ਜਿਹੜੀ ਧੂੜ ਅਕਾਸ਼ ਵਲ ਨੂੰ ਗਈ, ਉਸ ਨੂੰ ਵੇਖਕੇ ਕਵੀ ਦੇ ਮਨ ਵਿਚ ਉਪਮਾ ਆਉਣੋਂ ਨਹੀਂ ਰਹਿ ਸਕੀ ਕਿ ਇਉਂ ਪ੍ਰਤੀਤ ਹੋ ਰਿਹਾ ਸੀ ਜਿਵੇਂ ਸੰਸਾਰ ਦੇ ਅਥਾਹ ਭਾਰ ਨੂੰ ਨਵਿਰਤ ਕਰਨ ਲਈ ਧਰਤੀ ਫਰਿਆਦ ਕਰਨ ਵਾਸਤੇ ਬ੍ਰਹਮ ਲੋਕ ਨੂੰ ਜਾ ਰਹੀ ਹੋਵੇ। ੧੦੮॥

**ਦੋਹਰਾ॥ ਚੰਡ ਮੁੰਡ ਦੈਤਨ ਦੁਹੂੰ ਸਬਲ ਪ੍ਰਬਲ ਦਲੁ ਲੀਨ॥**
**ਨਿਕਟਿ ਜਾਇ ਗਿਰ ਘੇਰਿਕੈ ਮਹਾਂ ਕੁਲਾਸਨ ਕੀਨ॥ ੧੦੯॥**

ਚੰਡ ਤੇ ਮੁੰਡ ਦੋਹਾਂ ਦੈਂਤਾਂ ਨੇ ਸੂਰਮਿਆਂ ਦਾ ਬੜਾ ਭਾਰੀ ਦਲ ਆਪਣੇ ਨਾਲ ਲੈ ਕੇ ਦੁਰਗਾ ਤੇ ਚੜ੍ਹਾਈ ਕੀਤੀ। ਫੌਜ ਨੇ ਨੇੜੇ ਪਹੁੰਚਕੇ ਪਹਾੜ ਨੂੰ ਘੇਰਾ ਪਾ ਲਿਆ ਤੇ ਰੌਲਾ ਗੌਲਾ ਮਚਾਉਣਾ ਸ਼ੁਰੂ ਕਰ ਦਿੱਤਾ॥ ੧੦੯॥

**ਸਵੈਯਾ॥ ਜਬ ਕਾਨ ਸੁਨੀ ਧੁਨਿ ਦੈਤਨ ਕੀ ਤਬ ਕੋਪੁ ਕੀਓ ਗਿਰਜਾ ਮਨ ਮੈ॥**
**ਚੜ ਸਿੰਘ ਸੁ ਸੰਖ ਬਜਾਇ ਚਲੀ ਸਭਿ ਆਯੁਧ ਧਾਰ ਤਬੈ ਤਨ ਮੈ॥**
**ਗਿਰ ਤੇ ਉਤਰੀ ਦਲ ਬੈਰਨ ਕੇ ਪਰ ਯੌ ਉਪਮਾ ਉਪਜੀ ਮਨ ਮੈ॥**
**ਨਭ ਤੇ ਬਹਰੀ ਲਖ ਛੂਟ ਪਰੀ ਜਨੁ ਕੂਕ ਕੁਲੰਗਨ ਕੇ ਗਨ ਮੈ॥ ੧੧੦॥**

ਪਦ ਅਰਥ - ਬਹਰੀ=ਇਕ ਸ਼ਿਕਾਰੀ ਪੰਛੀ। ਕੂਕ=ਕੂੰਜਾਂ। ਕੁਲੰਗਨ=ਚਿੜੀਆਂ।

ਜਦੋਂ ਦੁਰਗਾ ਨੇ ਦੈਂਤਾਂ ਦਾ ਰੌਲਾ ਗੌਲਾ ਸੁਣਿਆਂ ਤਾਂ ਉਸ ਨੇ ਆਪਣੇ ਮਨ ਵਿਚ ਬਹੁਤ ਗੁੱਸਾ ਕੀਤਾ। ਦੁਰਗਾ ਨੇ ਸਾਰੇ ਸ਼ਸਤਰ ਆਪਣੇ ਸਰੀਰ ਤੇ ਸਜਾ ਲਏ, ਸੰਖ ਦੀ ਧੁਨੀ ਕਰਕੇ ਤੇ ਸ਼ੇਰ ਤੇ ਸਵਾਰ ਹੋ ਕੇ ਉਹ ਦੈਂਤਾਂ ਨਾਲ ਜੁੱਧ ਕਰਨ ਲਈ ਰਣਭੂਮੀ ਵਲ ਤੁਰ ਪਈ। ਵੈਰੀਆਂ ਦੇ ਦਲ ਤੇ ਝਪਟਨ ਲਈ ਦੁਰਗਾ ਪਹਾੜ ਤੋਂ ਹੇਠਾਂ ਉਤਰੀ। ਇਸ ਦ੍ਰਿਸ਼ ਨੂੰ ਵੇਖਕੇ ਮੇਰੇ ਮਨ ਵਿਚ ਇਹ ਉਪਮਾ ਪੈਦਾ ਹੋਈ ਹੈ ਕਿ ਮਾਨੋ ਬਹਰੀ ਕੂੰਜਾਂ ਤੇ ਚਿੜੀਆਂ ਦੇ ਝੁੰਡ ਨੂੰ ਵੇਖਕੇ ਉਹਨਾਂ ਤੇ ਅਸਮਾਨ ਤੋਂ ਝਪਟਕੇ ਪਈ ਹੋਵੇ॥ ੧੧੦॥

**ਚੰਡ ਕੁਵੰਡ ਤੇ ਬਾਨ ਛੁਟੇ ਇਕ ਤੇ ਦਸ ਸਉ ਤੇ ਸਹੰਸ ਤਹ ਬਾਢੇ॥**
**ਲੱਛਕ ਹੁਇ ਕਰਿ ਜਾਇ ਲਗੇ ਤਨ ਦੈਤਨ ਮਾਂਝ ਰਹੇ ਗਡਿ ਗਾਢੇ॥**
**ਕੋ ਕਵਿ ਤਾਹਿ ਸਰਾਹ ਕਰੈ ਅਤਿਸੈ ਉਪਮਾ ਜੁ ਭਈ ਬਿਨੁ ਕਾਢੇ॥**

**ਫਾਗਨ ਪਉਨ ਕੇ ਗਉਨ ਭਏ ਜਨੁ ਪਾਤੁ ਬਿਹੀਨ ਰਹੇ ਤਰੁ ਠਾਢੇ॥ ੧੧੧॥**

ਦੁਰਗਾ ਦੀ ਕਮਾਨ ਤੋਂ ਛੁਟਿਆ ਤੀਰ ਇਕ ਤੋਂ ਦਸ ਤੇ ਦਸ ਤੋਂ ਸੌ ਤੇ ਸੌ ਤੋਂ ਹਜ਼ਾਰ ਹਜ਼ਾਰ ਤਕ ਹੋ ਗਏ। ਉਹ ਤੀਰ ਹਜ਼ਾਰਾਂ ਤੋਂ ਲੱਖਾਂ ਹੋ ਕੇ ਵੈਰੀਆਂ ਦੇ ਸਰੀਰਾਂ ਨੂੰ ਜਾ ਲੱਗੇ। ਫਿਰ ਉਹ ਤੀਰ ਸਰੀਰਾਂ ਵਿਚ ਬੜੀ ਪੱਕੀ ਤਰ੍ਹਾਂ ਖੁਭ ਗਏ। ਇਨ੍ਹਾਂ ਤੀਰਾਂ ਦੇ ਲੱਗਣ ਦੀ ਪ੍ਰਸੰਸਾ ਕਿਹੜਾ ਕਵੀ ਕਰ ਸਕਦਾ ਹੈ ? ਵਡੀ ਉਪਮਾ ਇਹੋ ਹੈ ਕਿ ਉਹ ਤੀਰ ਐਸੇ ਗੱਡੇ ਗਏ ਸਨ ਕਿ ਸਰੀਰਾਂ ਵਿਚੋਂ ਨਿਕਲਦੇ ਨਹੀਂ ਸਨ। ਇਉਂ ਪ੍ਰਤੀਤ ਹੋ ਰਿਹਾ ਸੀ ਕਿ ਜਿਵੇਂ ਫਗਣ ਦੇ ਮਹੀਨੇ ਵਿਚ ਹਵਾ ਚਲਣ ਨਾਲ ਪੱਤਿਆਂ ਤੋਂ ਸੱਖਣੇ ਹੋਏ ਬ੍ਰਿਛ ਖੜੋਤੇ ਸਨ॥੧੧੧॥

**ਸਵੈਯਾ॥ ਮੁੰਡ ਲਈ ਕਰਵਾਰ ਹਕਾਰ ਕੈ ਕੇਹਰਿ ਕੇ ਅੰਗ ਅੰਗ ਪ੍ਰਹਾਰੇ॥**
**ਫੇਰ ਦਈ ਤਨ ਦਉਰ ਕੇ ਗਉਰ ਕੋ ਘਾਇਲ ਕੈ ਨਿਕਸੀ ਅੰਗ ਧਾਰੇ॥**
**ਸ੍ਰੋਣ ਭਰੀ ਥਹਰੈ ਕਰ ਦੈਤ ਕੇ ਕੋ ਉਪਮਾ ਕਵਿ ਅਉਰ ਬਿਚਾਰੇ॥**
**ਪਾਨ ਗੁਮਾਨ ਸੋ ਖਾਇ ਅਘਾਇ ਮਨੋ ਜਮੁ ਆਪਨੀ ਜੀਭ ਨਿਹਾਰੇ॥ ੧੧੨॥**

ਮੁੰਡ ਦੈਂਤ ਨੇ ਲਲਕਾਰਾ ਮਾਰਕੇ ਤਲਵਾਰ ਫੜ ਲਈ, ਤੇ ਸ਼ੇਰ ਦੇ ਹਰ ਇਕ ਅੰਗ ਤੇ ਵਾਰ ਕੀਤੇ।

ਫਿਰ ਮੁੰਡ ਦੈਂਤ ਨੇ ਬੜੀ ਫੁਰਤੀ ਨਾਲ ਦੁਰਗਾ ਉਤੇ ਤਲਵਾਰ ਦਾ ਵਾਰ ਕੀਤਾ। ਫਿਰ ਤਲਵਾਰ ਵਜੱਣ ਨਾਲ ਦੁਰਗਾ ਦਾ ਸਰੀਰ ਫਟੜ ਹੋ ਗਿਆ ਤੇ ਲਹੂ ਦੀ ਧਾਰ ਨਿਕਲੀ। ਦੈਂਤ ਦੀ ਲਹੂ ਨਾਲ ਭਰੀ ਤਲਵਾਰ ਉਸ ਦੇ ਹਥ ਵਿਚ ਕੰਬ ਰਹੀ ਸੀ। ਕੋਈ ਕਵੀ ਇਸ ਤੋਂ ਬਿਨਾਂ ਹੋਰ ਉਪਮਾ ਕੀ ਵਿਚਾਰ ਸਕਦਾ ਹੈ ਕਿ ਮਾਨੋ ਖਾਣਾ ਖਾਣ ਤੋਂ ਬਾਅਦ ਪਾਨ ਖਾ ਕੇ ਆਪਣੀ ਜੀਭ ਨੂੰ ਹਿਲਾ ਹਿਲਾ ਕੇ ਵੇਖ ਰਿਹਾ ਸੀ॥੧੧੨॥

**ਘਾਉ ਕੈ ਦੈਤ ਚਲਿਓ ਜਬਹੀ ਤਬ ਦੇਵੀ ਨਿਖੰਗ ਤੇ ਬਾਨ ਸੁ ਕਾਢੇ॥**
**ਕਾਨ ਪ੍ਰਮਾਨ ਲਉ ਖੈਂਚ ਕਮਾਨ ਚਲਾਵਤ ਏਕ ਅਨੇਕ ਹੁਇ ਬਾਢੇ॥**
**ਮੁੰਡ ਲੈ ਢਾਲ ਦਈ ਮੁਖ ਓਟ ਧਸੇ ਤਿਹ ਮੌਧਿ ਰਹੇ ਗਡਿ ਗਾਢੇ॥**
**ਮਾਨਹੁ ਕੂਰਮ ਪੀਠ ਪੈ ਨੀਠ ਭਏ ਹੈ ਸਹਸ ਫਨ ਕੇ ਫਨ ਠਾਢੇ॥ ੧੧੩॥**

ਜਦੋਂ ਦੈਂਤ ਦੁਰਗਾ ਨੂੰ ਜ਼ਖਮੀ ਕਰਕੇ ਮੁੜਿਆ, ਤਦ ਦੁਰਗਾ ਨੇ ਬੜੇ ਰੋਹ ਨਾਲ ਭੱਥੇ ਵਿਚੋਂ ਤੀਰ ਕੱਢੇ। ਦੁਰਗਾ ਨੇ ਧਨੁਖ ਨੂੰ ਕੰਨ ਤਕ ਖਿੱਚਕੇ ਇਕ ਤੀਰ ਚਲਾਇਆ, ਜੋ ਵਧਕੇ ਇਕ ਤੋਂ ਅਨੇਕਾਂ ਹੋ ਗਏ। ਮੁੰਡ ਨੇ ਤੀਰਾਂ ਤੋਂ ਬਚਣ ਲਈ ਆਪਣੇ ਮੂੰਹ ਅਗੇ ਢਾਲ ਦੀ ਓਟ ਕਰ ਲਈ। ਉਹ ਤੀਰ ਢਾਲ ਵਿਚ ਹੀ ਫਸਕੇ ਗੱਡੇ ਰਹੇ। ਢਾਲ ਵਿਚ ਗੱਡੇ ਤੀਰ ਇਉਂ ਜਾਪ ਰਹੇ ਸਨ ਜਿਵੇਂ ਕੱਛੂ ਦੀ ਪਿੱਠ ਤੇ ਬੈਠੇ ਹੋਏ ਸ਼ੇਸ਼ਨਾਗ ਦੇ ਫਨ ਖੜੇ ਹੋਣ॥੧੧੩॥

ਸਿੰਘਹਿ ਪ੍ਰੇਰਕੈ ਆਗੈ ਭਈ ਕਰਿ ਮੈ ਅਸਿ ਲੈ ਬਰ ਚੰਡ ਸੰਭਾਰਿਓ ॥
ਮਾਰਿਕੈ ਧੂਰਿ ਕੀਏ ਚਕਚੂਰ ਗਿਰੇ ਅਰਿਪੂਰ ਮਹਾਂ ਰਨ ਪਾਰਿਓ ॥
ਫੇਰਿ ਕੈ ਘੇਰਿ ਲਇਓ ਰਨ ਮਾਹਿ ਸੁ ਮੁੰਡ ਕੋ ਮੰਡ ਜੁਦਾ ਕਰਿ ਮਾਰਿਓ ॥
ਐਸੇ ਪਰਿਓ ਧਰਿ ਊਪਰ ਜਾਇ ਜਿਉ ਬੇਲਹਿ ਤੇ ਕਦੂਆ ਕਟਿ ਡਾਰਿਓ ॥ ੧੧੪ ॥

ਦੁਰਗਾ ਸ਼ੇਰ ਨੂੰ ਮੋੜਕੇ ਅਗੇ ਵਧੀ, ਹਥ ਵਿਚ ਤਲਵਾਰ ਲੈ ਕੇ ਚੰਡੀ ਨੇ ਆਪਣੇ ਬਲ ਨੂੰ ਸੰਭਾਲਿਆ। ਦੁਰਗਾ ਨੇ ਵੈਰੀਆਂ ਨੂੰ ਮਾਰ ਮਾਰ ਕੇ ਖਾਕ ਵਿਚ ਮਿਲਾ ਦਿੱਤਾ ਤੇ ਦੁਸ਼ਮਨਾਂ ਦੇ ਪੂਰਾਂ ਦੇ ਪੂਰ ਰਣਭੂਮੀ ਵਿਚ ਚਕਨਾਚੂਰ ਕਰ ਦਿੱਤੇ। ਸ਼ੇਰ ਨੂੰ ਮੋੜਕੇ ਦੁਰਗਾ ਨੇ ਮੁੰਡ ਦੈਂਤ ਨੂੰ ਰਣਭੂਮੀ ਵਿਚ ਘੇਰ ਲਿਆ ਤੇ ਇਕ ਭਰਵੇਂ ਵਾਰ ਨਾਲ ਮੁੰਡ ਦੇ ਸਿਰ ਨੂੰ ਕੱਟਕੇ ਸੁੱਟ ਦਿੱਤਾ। ਮੁੰਡ ਦਾ ਸਿਰ ਧਰਤੀ ਤੇ ਜਾ ਕੇ ਇਉਂ ਡਿੱਗਾ, ਜਿਵੇਂ ਕਿਸਾਨ ਵੇਲ ਨਾਲੋਂ ਕੱਦੂ ਕੱਟਕੇ ਸੁੱਟ ਦੇਂਦਾ ਹੈ॥ ੧੧੪ ॥

ਸਵੈਯਾ ॥ ਸਿੰਘ ਚੜੀ ਮੁਖ ਸੰਖ ਬਜਾਵਤ ਜਿਉ ਘਨ ਮੈ ਤੜਤਾ ਦੁਤ ਮੰਡੀ ॥
ਚਕ੍ਰ ਚਲਾਇ ਗਿਰਾਇ ਦਇਓ ਅਰਿ ਭਾਜਤ ਦੈਤ ਬਡੇ ਬਰਬੰਡੀ ॥
ਭੂਤ ਪਿਸਾਚਨਿ ਮਾਸ ਅਹਾਰ ਕਰੈ ਕਿਲਕਾਰ ਖਿਲਾਰ ਕੈ ਝੰਡੀ ॥
ਮੁੰਡ ਕੋ ਮੁੰਡ ਉਤਾਰ ਦਇਓ ਅਬ ਚੰਡ ਕੋ ਹਾਥ ਲਗਾਵਤ ਚੰਡੀ ॥ ੧੧੫ ॥

ਸ਼ੇਰ ਤੇ ਚੜ੍ਹੀ ਦੁਰਗਾ ਆਪਣੀ ਜਿੱਤ ਦਾ ਸੰਖ ਵਜਾ ਰਹੀ ਸੀ। ਰਣਭੂਮੀ ਵਿਚ ਉਹ ਇਉਂ ਸ਼ੋਭ ਰਹੀ ਸੀ, ਜਿਵੇਂ ਬੱਦਲਾਂ ਵਿਚ ਬਿਜਲੀ ਚਮਕਦੀ ਹੈ। ਦੁਰਗਾ ਨੇ ਆਪਣਾ ਚੱਕਰ ਚਲਾਕੇ ਦੁਸ਼ਮਨਾਂ ਨੂੰ ਮਾਰ ਮਾਰ ਕੇ ਸੁੱਟ ਦਿੱਤਾ। ਵੱਡੇ-ਵੱਡੇ ਬਲਵਾਨ ਦੈਂਤ ਰਣਭੂਮੀ ਵਿਚੋਂ ਭੱਜ ਉਠੇ। ਭੂਤ ਤੇ ਪਿਸਾਚ ਮੁਰਦਿਆਂ ਦਾ ਮਾਸ ਖਾ ਰਹੇ ਸਨ ਤੇ ਸਿਰ ਦੀ ਝੰਡ ਖਿਲਾਰ ਕੇ ਖੁਸ਼ੀ ਵਿਚ ਕਿਲਕਾਰੀਆਂ ਮਾਰ ਰਹੇ ਸਨ। ਦੁਰਗਾ ਨੇ ਮੁੰਡ ਦੈਂਤ ਦਾ ਸਿਰ ਤਾਂ ਲਾਹ ਦਿੱਤਾ, ਹੁਣ ਉਹ ਚੰਡ ਨੂੰ ਨਾਸ ਕਰਨ ਲਈ ਹੱਥ ਵਿਚ ਤਲਵਾਰ ਫੜ ਕੇ ਤਿਆਰ ਹੋ ਗਈ॥ ੧੧੫ ॥

ਸ੍ਵੈਯਾ ॥ ਮੁੰਡ ਮਹਾਂ ਰਨ ਮੱਧਿ ਹਨਿਓ ਫਿਰ ਕੈਬਰ ਚੰਡ ਤਬੈ ਇਹ ਕੀਨੋ ॥
ਮਾਰ ਬਿਦਾਰ ਦਈ ਸਭ ਸੈਨ ਸੁ ਚੰਡਕਾ ਚੰਡ ਸੋ ਆਹਵ ਕੀਨੋ ॥
ਲੈ ਬਰਛੀ ਕਰ ਮੈ ਅਰਿ ਕੋ ਸਿਰ ਕੈਬਰ ਮਾਰ ਜੁਦਾ ਕਰਿ ਦੀਨੋ ॥
ਲੈ ਕੈ ਮਹੇਸ਼ ਤ੍ਰਿਸੂਲ ਗਨੇਸ਼ ਕੋ ਰੁੰਡ ਕੀਓ ਜਨ ਮੁੰਡ ਬਿਹੀਨੋ ॥ ੧੧੬ ॥

ਜਦੋਂ ਦੁਰਗਾ ਨੇ ਆਪਣੇ ਮਹਾਂ ਬਲਵਾਨ ਵੈਰੀ ਮੁੰਡ ਨੂੰ ਮਾਰ ਦਿੱਤਾ, ਫਿਰ ਉਸ ਨੇ ਅਗਲਾ ਕੰਮ ਇਹ ਕੀਤਾ ਕਿ ਦੈਂਤਾਂ ਦੀ ਸਾਰੀ ਸੈਨਾ ਦੁਰਗਾ ਨੇ ਮਾਰ ਕੇ ਖਤਮ ਕਰ ਦਿੱਤੀ। ਫਿਰ ਚੰਡਕਾ ਨੇ ਚੰਡ ਦੈਂਤ ਨਾਲ ਜੰਗ ਕੀਤਾ। ਦੁਰਗਾ ਨੇ ਆਪਣੀ ਬਰਛੀ ਬੜੇ ਜ਼ੋਰ ਨਾਲ ਮਾਰਕੇ ਦੁਸ਼ਮਨ

ਦਾ ਸਿਰ ਕੱਟ ਕੇ ਧੜ ਨਾਲੋਂ ਵਖਰਾ ਕਰ ਦਿੱਤਾ। ਕਵੀ ਦੇ ਮਨ ਵਿਚ ਇਸ ਦ੍ਰਿਸ਼ ਬਾਰੇ ਇਹ ਉਪਮਾ ਫੁਰੀ ਹੈ ਕਿ ਮਾਨੋ ਸ਼ਿਵ ਜੀ ਨੇ ਆਪਣੇ ਤ੍ਰਿਸ਼ੂਲ ਨਾਲ ਗਣੇਸ਼ ਦੇ ਧੜ ਨੂੰ ਸਿਰ ਤੋਂ ਬਿਹੀਨ ਕਰ ਦਿੱਤਾ ਸੀ॥ ੧੧੬॥

ਇਤਿ ਸ੍ਰੀ ਮਾਰਕੰਡੇ ਪੁਰਾਨੇ ਸ੍ਰੀ ਚੰਡੀ ਚਰਿਤ੍ਰ ਉਕਤਿ ਬਿਲਾਸ ਚੰਡਮੁੰਡ ਬਧਿਹ ਚਤੁਰਥ ਧਿਆਇ ਸਮਾਪਤਮ॥ ੪॥ ੧੧੬॥ ਅਫਜੂੰ॥

ਸ੍ਰੀ ਮਾਰਕੰਡੇ ਪੁਰਾਨ, ਸ੍ਰੀ ਚੰਡੀ ਚਰਿੱਤਰ ਉਕਤਿ ਬਿਲਾਸ, ਚੰਡ ਮੁੰਡ ਦੈਂਤਾਂ ਦਾ ਕਤਲ, ਅਧਿਆਏ ਚੌਥਾ ਸਮਾਪਤ॥ ੪॥ ੧੧੬॥ ਚਲਦਾ॥

# ਅਧਿਆਏ ਪੰਜਵਾਂ

## ਰਕਤਬੀਜ ਦੈਂਤ ਦਾ ਕਤਲ

**ਸੋਰਠ॥ ਘਾਇਲ ਘੂਮਤ ਕੋਟ ਜਾਇ ਪੁਕਾਰੇ ਸੁੰਭ ਪੈ॥**
**ਮਾਰੇ ਦੇਵੀ ਘੋਟ ਸੁਭਟ ਕਟਕ ਕੇ ਬਿਕਟ ਅਤਿ॥ ੧੧੭॥**

ਦੁਰਗਾ ਨਾਲ ਜੁੱਧ ਕਰਕੇ ਕਰੋੜਾਂ ਜ਼ਖਮੀ ਹੋਏ ਦੈਂਤ ਸੁੰਭ ਕੋਲ ਜਾ ਕੇ ਹਾਲ ਪਾਹਰਿਆ ਕਰਨ ਲੱਗੇ ਕਿ ਦੇਵੀ ਨੇ ਸਾਡੇ ਬੜੇ ਬੜੇ ਸੂਰਮੇ, ਜੋ ਕਿਸੇ ਕੋਲੋਂ ਮਰਨ ਵਾਲੇ ਨਹੀਂ ਸਨ, ਫੜ ਫੜ ਕੇ ਮਾਰ ਦਿੱਤੇ ਹਨ॥ ੧੧੭॥

**ਦੋਹਰਾ॥ ਰਾਜ ਗਾਤ ਕੇ ਬਾਤ ਇਹ ਜੁ ਤਾਹੀ ਠਉਰ॥**
**ਮਰਿਹੋ ਜੀਅਤਿ ਨ ਛਾਡਿਹੋ ਕਹਿਓ ਸੌਤ ਨਹਿ ਅਉਰ॥ ੧੧੮॥**

ਰਾਜੇ ਸੁੰਭ ਨੇ ਆਪਣੇ ਮੂੰਹ ਤੋਂ ਇਹ ਗੱਲ ਕਹੀ ਕਿ 'ਮੈਂ ਉਸੇ ਜਗ੍ਹਾ ਤੇ ਮਰਾਂਗਾ, ਉਸਨੂੰ ਜਿਉਂਦਾ ਨਹੀਂ ਛਡਾਂਗਾ।' ਅਗੋਂ ਇਹ ਜਵਾਬ ਮਿਲਿਆ ਕਿ 'ਸੱਚ ਹੈ, ਝੂਠ ਨਹੀਂ'॥ ੧੧੮॥

ਭਾਵਰਥ- ਰਾਜੇ ਸੁੰਭ ਨੇ ਸ਼ਿਵ ਜੀ ਦੀ ਬੜੀ ਕਠਨ ਤਪੱਸਿਆ ਕਰਕੇ ਉਹਨਾਂ ਤੋਂ ਇਹ ਵਰ ਲਿਆ ਹੋਇਆ ਸੀ ਕਿ ਜਦੋਂ ਤਕ ਮੈਂ ਆਪਣੇ ਮੂੰਹੋਂ 'ਮਰਾਂ' ਨਾ ਆਖਾਂ, ਤਦ ਤਕ ਮੇਰੀ ਮੌਤ ਨਾ ਹੋਵੇ। ਹੁਣ ਉਸ ਦੇ ਮੂੰਹੋਂ ਅਚਾਨਕ ਨਿਕਲ ਗਿਆ ਕਿ 'ਮੈਂ ਉਸੇ ਜਗ੍ਹਾ ਤੇ ਮਰਾਂਗਾ'। ਅਗੋਂ ਅਕਾਸ਼ ਬਾਣੀ ਹੋਈ ਕਿ ਸ਼ਿਵ ਜੀ ਦੀ ਬਾਣੀ ਸੱਚ ਹੈ। ਹੁਣ ਤੂੰ ਆਪ ਹੀ 'ਮਰਾਂ' ਕਿਹਾ ਹੈ, ਇਸ ਲਈ ਹੁਣ ਤੇਰੀ ਮੌਤ ਅਵੱਸ਼ ਹੋਵੇਗੀ॥

**ਤੁੰਡ ਸੁੰਭ ਕੇ ਚੰਡਕਾ ਚਢਿ ਬੋਲੀ ਇਹ ਭਾਇ॥**

**ਮਾਨੋ ਅਪਨੀ ਮ੍ਰਿਤ ਕੋ ਲੀਨੋ ਅਸੁਰ ਬੁਲਾਇ॥੧੧੯॥**

ਪਦ ਅਰਥ - ਤੁੰਡ=ਮੂੰਹ। ਮ੍ਰਿਤ=ਮੌਤ।

ਇਸ ਤਰ੍ਹਾਂ ਸੁੰਭ ਦੈਂਤ ਦੇ ਮੂੰਹ ਤੇ ਚੜ੍ਹਕੇ ਚੰਡਕਾ ਬੋਲੀ ਸੀ। ਇਉਂ ਪ੍ਰਤੀਤ ਹੁੰਦਾ ਸੀ, ਜਿਵੇਂ ਦੈਂਤ ਨੇ ਆਪਣੀ ਮੌਤ ਨੂੰ ਆਪ ਹੀ ਬੁਲਾ ਲਿਆ ਸੀ॥੧੧੯॥

**ਦੋਹਰਾ॥ ਸੁੰਭ ਨਿਸੁੰਭ ਸੁ ਦੂਹੂੰ ਮਿਲਿ ਬੈਠ ਮਤ੍ਰੰ ਤਬ ਕੀਨ॥**
**ਸੈਨਾ ਸਕਲ ਬੁਲਾਇ ਕੈ ਸੁਭਟ ਬੀਰ ਚੁਨ ਲੀਨ॥੧੨੦॥**

ਤਦੋਂ ਸੁੰਭ ਤੇ ਨਿਸੁੰਭ, ਦੋਹਾਂ ਦੈਂਤਾਂ ਨੇ ਅਗੋਂ ਚੁਕਣ ਵਾਲੇ ਕਦਮ ਬਾਰੇ ਮਿਲਕੇ ਸਲਾਹ ਕੀਤੀ। ਉਹਨਾਂ ਨੇ ਆਪਣੀ ਸਾਰੀ ਸੈਨਾ ਬੁਲਾਕੇ ਉਹਨਾਂ ਵਿਚੋਂ ਚੋਣਵੇਂ ਸੂਰਮਿਆਂ ਨੂੰ ਚੁਣ ਲਿਆ॥੧੨੦॥

**ਰਕਤਬੀਜ ਕੋ ਭੇਜੀਏ ਮੰਤ੍ਰਨਿ ਕਹੀ ਬਿਚਾਰ॥**
**ਪਾਥਰ ਜਿਉ ਗਿਰ ਡਾਰ ਕੈ ਚੰਡਹਿ ਸਨੈ ਹਕਾਰ॥੧੨੧॥**

ਸਾਰੇ ਮੰਤ੍ਰੀਆਂ ਸਲਾਹਕਾਰਾਂ ਨੇ ਵਿਚਾਰਕੇ ਇਹ ਸਲਾਹ ਦਿੱਤੀ ਕਿ ਇਸ ਕੰਮ ਲਈ ਰਕਤਬੀਜ ਨੂੰ ਭੇਜਣਾ ਚਾਹੀਦਾ ਹੈ। ਉਹ ਚੰਡਕਾ ਨੂੰ ਪਹਾੜ ਤੋਂ ਹੇਠਾਂ ਸੁਟ ਕੇ ਮਾਰ ਦੇਵੇਗਾ, ਇਸ ਲਈ ਰਕਤਬੀਜ ਨੂੰ ਬੁਲਾਉਣਾ ਚਾਹੀਦਾ ਹੈ॥੧੨੧॥

**ਸੋਰਠ॥ ਭੇਜੋ ਕੋਊ ਦੂਤ ਗ੍ਰਿਹ ਤੇ ਲਿਆਵੈ ਤਾਹਿ ਕੋ॥**
**ਜੀਤਿਓ ਜਿਨ ਪੁਰਹੂਤ ਭੁਜ ਬਲਿ ਜਾਕੇ ਅਮਿਤ ਹੈ॥੧੨੨॥**

ਰਾਜੇ ਸੁੰਭ ਨੇ ਉਸੇ ਵੇਲੇ ਇਕ ਦੂਤ ਨੂੰ ਹੁਕਮ ਦਿੱਤਾ ਕਿ ਰਕਤਬੀਜ ਨੂੰ ਉਸ ਦੇ ਘਰੋਂ ਬੁਲਾ ਕੇ ਲੈ ਆਵੇ ਕਿਉਂਕਿ ਇਸ ਸੂਰਮੇ ਨੇ ਇੰਦਰ ਨੂੰ ਜਿੱਤ ਲਿਆ ਹੈ ਅਤੇ ਇਸ ਦੀਆਂ ਬਾਹਾਂ ਵਿਚ ਅਥਾਹ ਬਲ ਹੈ॥੧੨੨॥

**ਦੋਹਰਾ॥ ਸ੍ਰੋਣਤ ਬਿੰਦ ਪੈ ਦੈਤ ਇਕੁ ਗਇਓ ਕਰੀ ਅਰਦਾਸ॥**
**ਰਾਜ ਬੁਲਾਵਤ ਸਭਾ ਮੈ ਬੇਗ ਚਲੋ ਤਿਹ ਪਾਸ॥੧੨੩॥**

ਰਾਜੇ ਸੁੰਭ ਦਾ ਭੇਜਿਆ ਦੂਤ ਰਕਤਬੀਜ ਕੋਲ ਗਿਆ ਤੇ ਜਾ ਕੇ ਬੇਨਤੀ ਕਿ ਆਪ ਨੂੰ ਰਾਜਾ ਸੁੰਭ ਨੇ ਸਭਾ ਵਿਚ ਬੁਲਾਇਆ ਹੈ ਇਸ ਲਈ ਆਪ ਛੇਤੀ ਉਹਨਾਂ ਪਾਸ ਪਹੁੰਚੋ॥੧੨੩॥

**ਰਕਤਬੀਜ ਨ੍ਰਿਪ ਸੁੰਭ ਕੋ ਕੀਨੋ ਆਨ ਪ੍ਰਨਾਮ॥**
**ਅਸੁਰ ਸਭਾ ਮਧਿ ਭਾਉ ਕਰਿ ਕਹਿਓ ਕਰਹੁ ਮਮ ਕਾਮ॥੧੨੪॥**

ਰਕਤਬੀਜ ਨੇ ਸਭਾ ਵਿਚ ਪਹੁੰਚ ਕੇ ਰਾਜੇ ਸੁੰਭ ਨੂੰ ਨਮਸ਼ਕਾਰ ਕੀਤੀ। ਸੁੰਭ ਨੇ ਰਕਤਬੀਜ

ਦਾ ਦੈਂਤਾਂ ਦੀ ਸਭਾ ਵਿਚ ਬੜਾ ਮਾਨ ਸਤਕਾਰ ਕੀਤਾ ਤੇ ਕਿਹਾ ਕਿ ਹੇ ਸੂਰਬੀਰ ਰਕਤਬੀਜ ! ਮੇਰਾ ਇਕ ਕੰਮ ਕਰੋ॥੧੨੪॥

**ਸਵੈਯਾ॥ ਸ੍ਰੋਣਤ ਬਿੰਦ ਕੋ ਸੁੰਭ ਨਿਸੁੰਭ ਬੁਲਾਇ ਬੈਠਾਇ ਕੈ ਆਦਰੁ ਕੀਨੋ॥**
**ਦੈ ਸਿਰ ਤਾਜ ਬਡੇ ਗਜ ਰਾਜ ਸੁ ਬਾਜ ਦਏ ਰਿਝਵਾਇਕੈ ਲੀਨੋ॥**
**ਪਾਨ ਲੈ ਦੈਤ ਕਹੀ ਇਹ ਚੰਡ ਕੋ ਰੁੰਡ ਕਰੋ ਅਬ ਮੁੰਡ ਬਿਹੀਨੋ॥**
**ਐਸੇ ਕਹਿਓ ਤਿਨ ਮੱਧਿ ਸਭਾ ਨ੍ਰਿਪ ਰੀਝਕੈ ਮੇਘ ਅਡੰਬਰ ਦੀਨੋ॥੧੨੫॥**

ਪਦ ਅਰਥ - ਮੇਘ ਅਡੰਬਰ=ਵੱਡਾ ਤੰਬੂ, ਛਤਰੀ ਵਾਲੀ ਹਾਥੀ ਦੀ ਅੰਬਾਰੀ, ਵਡਾ ਨਗਾਰਾ।

ਸੁੰਭ ਤੇ ਨਿਸੁੰਭ ਨੇ ਰਕਤਬੀਜ ਨੂੰ ਘਰੋਂ ਬੁਲਾਕੇ ਆਪਣੇ ਕੋਲ ਬਿਠਾਇਆ ਤੇ ਬੜਾ ਆਦਰ ਮਾਨ ਕੀਤਾ। ਰਾਜੇ ਨੇ ਰਕਤਬੀਜ ਨੂੰ ਸਿਰੋਪਾਉ, ਵਡੇ ਵਡੇ ਹਾਥੀ ਤੇ ਘੋੜੇ ਦਿੱਤੇ। ਇਉਂ ਉਸ ਨੂੰ ਬਹੁਤ ਪ੍ਰਸੰਨ ਕੀਤਾ ਤੇ ਆਪਣਾ ਮਨਸ਼ਾ ਦੱਸਿਆ। ਰਕਤਬੀਜ ਨੇ ਰਾਜੇ ਸੁੰਭ ਕੋਲੋਂ ਪਾਨ ਦਾ ਬੀੜਾ ਲੈ ਕੇ ਕਿਹਾ ਕਿ ਮੈਂ ਹੁਣੇ ਜਾ ਕੇ ਦੁਰਗਾ ਦਾ ਸਿਰ ਧੜ ਨਾਲੋਂ ਵਖਰਾ ਕਰ ਦੇਂਦਾ ਹਾਂ। ਜਦੋਂ ਰਕਤਬੀਜ ਨੇ ਭਰੀ ਸਭਾ ਵਿਚ ਇਸ ਤਰ੍ਹਾਂ ਬੜੇ ਹੌਂਸਲੇ ਵਾਲੇ ਸ਼ਬਦ ਕਹੇ, ਤਦ ਰਾਜੇ ਸੁੰਭ ਨੇ ਪ੍ਰਸੰਨ ਹੋ ਕੇ ਉਸ ਨੂੰ 'ਮੇਘ ਆਡੰਬਰ' ਦੀ ਬਖਸ਼ਿਸ਼ ਕੀਤੀ॥੧੨੫॥

**ਸ੍ਰੋਣਤਬਿੰਦ ਕੋ ਸੁੰਭ ਨਿਸੁੰਭ ਕਹਿਓ ਤੁਮ ਜਾਹੁ ਮਹਾਂ ਦਲੁ ਲੈ ਕੈ॥**
**ਛਾਰ ਕਰੋ ਗਰੂਏ ਗਿਰ ਰਾਜਹਿ ਚੰਡ ਪਚਾਰ ਹਨੋ ਬੁਲ ਕੈ ਕੈ॥**
**ਕਾਨਨ ਮੈ ਨ੍ਰਿਪ ਕੀ ਸੁਨਿ ਬਾਤ ਰਿਸਾਤ ਚਲਿਓ ਚੜ੍ਹਿ ਊਪਰਿ ਗੈ ਕੈ॥**
**ਮਾਨੋ ਪ੍ਰਤੱਛ ਹੋਇ ਅੰਤਕ ਦੰਤ ਕੋ ਲੈ ਕੈ ਚਲਿਓ ਰਨ ਹੇਤ ਜੁ ਛੈ ਕੈ॥੧੨੬॥**

ਪਦ ਅਰਥ - ਅੰਤਕ=ਜਮਰਾਜ।

ਸੁੰਭ ਤੇ ਨਿਸੁੰਭ ਨੇ ਰਕਤਬੀਜ ਨੂੰ ਕਿਹਾ ਕਿ ਤੂੰ ਬਹੁਤ ਸਾਰੀ ਫੌਜ ਆਪਣੇ ਨਾਲ ਲੈ ਕੇ ਦੁਰਗਾ ਤੇ ਚੜ੍ਹਾਈ ਕਰਕੇ ਜਾਓ। ਉਸ ਵਡੇ ਸੁਮੇਰ ਪਰਬਤ ਨੂੰ ਖਾਕ ਵਿਚ ਮਿਲਾ ਦੇਵੋ, ਜਿਥੇ ਕਿ ਦੁਰਗਾ ਰਹਿੰਦੀ ਹੈ। ਆਪਣੇ ਬਲ ਨਾਲ ਚੰਡਕਾ ਨੂੰ ਨਾਸ ਕਰ ਦੇਵੋ। ਰਾਜੇ ਸੁੰਭ ਦੀ ਇਹ ਗੱਲ ਕੰਨਾਂ ਨਾਲ ਸੁਣਕੇ ਰਕਤਬੀਜ ਬੜੇ ਕਰੋਧ ਨਾਲ ਹਾਥੀ ਤੇ ਸਵਾਰ ਹੋ ਕੇ ਦੁਰਗਾ ਨਾਲ ਜੁੱਧ ਕਰਨ ਲਈ ਤੁਰ ਪਿਆ। ਇਉਂ ਪ੍ਰਤੀਤ ਹੋ ਰਿਹਾ ਸੀ, ਜਿਵੇਂ ਜਮਰਾਜ ਹਾਥੀ ਰੂਪ ਵਿਚ ਪ੍ਰਗਟ ਹੋ ਕੇ ਦੈਂਤ ਨੂੰ ਖਤਮ ਕਰਨ ਲਈ ਆਪਣੇ ਉਪਰ ਚੜ੍ਹਾਕੇ ਰਣਭੂਮੀ ਨੂੰ ਲੈ ਤੁਰਿਆ ਸੀ॥੧੨੬॥

**ਸਵੈਯਾ॥ ਬੀਜਰਕਤ੍ਰ ਸੁ ਬੰਬ ਬਜਾਇ ਕੈ ਆਗੈ ਕੀਏ ਗਜ ਬਾਜ ਰਥਈਆ॥**

**ਏਕ ਤੇ ਏਕ ਮਹਾਂ ਬਲਿ ਦਾਨਵ ਮੇਰ ਕੋ ਪਾਇਨ ਸਾਥ ਮਥਈਆ॥
ਦੇਖਿ ਤਿਨੈ ਸਭ ਅੰਗ ਸੁ ਦੀਰਘ ਕਉਚ ਸਜੇ ਕਟ ਬਾਂਧਿ ਭਥਈਆ॥
ਲੀਨੇ ਕਮਾਨਨ ਬਾਨ ਕ੍ਰਿਪਾਨ ਸਮਾਨ ਕੈ ਸਾਥ ਲਏ ਜੁ ਸਥਈਆ॥੧੨੭॥**

ਰਕਤਬੀਜ ਧੌਂਸਾ ਵਜਾਕੇ ਰਣਭੂਮੀ ਵਲ ਤੁਰ ਪਿਆ। ਉਸ ਨੇ ਆਪਣੇ ਅਗੇ ਹਾਥੀ, ਘੋੜੇ ਤੇ ਰਥਾਂ ਵਾਲੀ ਸੈਨਾ ਲਾ ਲਈ। ਉਹ ਦੈਂਤ ਇਕ ਤੋਂ ਇਕ ਵਧਕੇ ਬਲਵਾਨ ਸਨ। ਉਹ ਐਨੇ ਬਲਵਾਨ ਸੂਰਮੇ ਸਨ ਕਿ ਆਪਣੇ ਪੈਰਾਂ ਨਾਲ ਸੁਮੇਰ ਪਰਬਤ ਨੂੰ ਮਿਧਣ ਦੀ ਸ਼ਕਤੀ ਰਖਦੇ ਸਨ। ਉਹਨਾਂ ਸੂਰਮਿਆ ਦੇ ਸੋਹਣੇ ਤੇ ਵਡੇ ਅੰਗ ਦਿਖਾਈ ਦੇਂਦੇ ਸਨ। ਉਹਨਾਂ ਨੇ ਸੰਜੋਆਂ ਪਹਿਨੀਆਂ ਹੋਈਆਂ ਸਨ ਤੇ ਲੱਕ ਨਾਲ ਤੀਰਾਂ ਦੇ ਭੱਥੇ ਬੰਨ੍ਹੇ ਹੋਏ ਸਨ। ਰਕਤਬੀਜ ਦੇ ਸੈਨਕਾਂ ਨੇ ਕਮਾਨਾਂ, ਤੀਰ ਤੇ ਤਲਵਾਰਾਂ ਆਦਿ ਜੰਗੀ ਸ਼ਸਤਰ ਧਾਰਨ ਕੀਤੇ ਹੋਏ ਸਨ। ਇਹੋ ਜਿਹੇ ਸ਼ਸਤਰਧਾਰੀਆਂ ਸੂਰਮਿਆਂ ਨੂੰ ਆਪਣੇ ਨਾਲ ਲੈ ਕੇ ਰਕਤਬੀਜ ਰਣਭੂਮੀ ਵਲ ਵਧਕੇ ਜਾ ਰਿਹਾ ਸੀ॥੧੨੭॥

**ਦੋਹਰਾ॥ ਰਕਤਬੀਜ ਦਲ ਸਾਜਿਕੈ ਉਤਰੇ ਤਟ ਗਿਰਰਾਜ॥
ਸ੍ਰਵਣ ਕੁਲਾਹਲ ਸੁਨਿ ਸ਼ਿਵਾ ਕਰਿਓ ਜੁੱਧ ਕੋ ਸਾਜ॥੧੨੮॥**

ਰਕਤਬੀਜ ਨੇ ਆਪਣੀ ਫੌਜ ਨੂੰ ਤਿਆਰ ਬਰ ਤਿਆਰ ਕਰਕੇ ਸੁਮੇਰ ਪਰਬਤ ਦੇ ਕੋਲ ਪਹੁੰਚਕੇ ਡੇਰਾ ਲਾ ਦਿੱਤਾ। ਦੂਜੇ ਪਾਸੇ ਜਦੋਂ ਦੁਰਗਾ ਨੇ ਦੈਂਤਾਂ ਦੀ ਸੈਨਾ ਦਾ ਰੌਲਾ ਗੌਲਾ ਸੁਣਿਆਂ ਤਾਂ ਉਸ ਨੇ ਵੀ ਜੁੱਧ ਦੀ ਤਿਆਰੀ ਸ਼ੁਰੂ ਕਰ ਦਿੱਤੀ॥੧੨੮॥

**ਸੋਰਠਾ॥ ਹੁਇ ਸਿੰਘਹਿ ਅਸਵਾਰ ਗਾਜ ਗਾਜ ਕੈ ਚੰਡਕਾ॥
ਚਲੀ ਪ੍ਰਬਲ ਅਸਿ ਧਾਰ ਰਕਤਿ ਬੀਜ ਕੇ ਬਧ ਨਮਿਤ॥੧੨੯॥**

ਪਦ ਅਰਥ - ਗਾਜ=ਬਿਜਲੀ। ਗਾਜ=ਕੜਕਕੇ।

ਦੁਰਗਾ ਸ਼ੇਰ ਤੇ ਸਵਾਰ ਹੋ ਕੇ, ਬਿਜਲੀ ਵਾਂਗੂੰ ਕੜਕਦੀ ਹੋਈ, ਬੜੇ ਜ਼ੋਰ ਨਾਲ ਹੱਥ ਵਿਚ ਤਲਵਾਰ ਫੜਕੇ ਰਕਤਬੀਜ ਨੂੰ ਮਾਰਨ ਲਈ ਰਣਭੂਮੀ ਵਲ ਤੁਰ ਪਈ॥੧੨੯॥

**ਸਵੈਯਾ॥ ਆਵਤ ਦੇਖ ਕੈ ਚੰਡ ਪ੍ਰਚੰਡ ਕੋ ਸ੍ਰੋਣਤਬਿੰਦ ਮਹਾ ਹਰਖਿਓ ਹੈ॥
ਆਗੈ ਹ੍ਵੈ ਸ਼ੱਤ੍ਰ ਧਸੇ ਰਨ ਮੱਧਿ ਸੁ ਕ੍ਰੱਧ ਕੈ ਜੁੱਧਹਿ ਕੋ ਸਰਖਿਓ ਹੈ॥
ਲੈ ਉਮਡਿਓ ਦਲੁ ਬਾਦਲੁ ਸੋ ਕਵਿ ਨੈਂ ਜਸੁ ਇਆ ਛਬਿ ਕੋ ਪਰਖਿਓ ਹੈ॥
ਤੀਰ ਚਲੇ ਇਮ ਬੀਰਨ ਕੇ ਬਹੁ ਮੇਘ ਮਨੋ ਬਲੁ ਕੈ ਬਰਖਿਓ ਹੈ॥੧੩੦॥**

ਜਦੋਂ ਰਕਤਬੀਜ ਨੇ ਦੁਰਗਾ ਨੂੰ ਬੜੀ ਤੇਜੀ ਨਾਲ ਰਣਭੂਮੀ ਵਲ ਆਉਂਦਿਆਂ ਵੇਖਿਆ ਤਾਂ

ਉਹ ਬਹੁਤ ਖੁਸ਼ ਹੋਇਆ। ਉਹ ਅਗੇ ਵੱਧਕੇ ਵੈਰੀਆਂ ਦੀ ਸੈਨਾ ਵਿਚ ਧਸ ਗਿਆ ਤੇ ਬੜੇ ਕਰੋਧ ਨਾਲ ਜੁੱਧ ਕਰਨ ਲਈ ਮੈਦਾਨ ਵਿਚ ਆ ਗਿਆ। ਉਹ ਸੈਨਾ ਰੂਪ ਬੱਦਲ ਨੂੰ ਲੈ ਕੇ ਚੜ੍ਹਕੇ ਆਇਆ। ਇਸ ਦ੍ਰਿਸ਼ ਦੀ ਸੁੰਦਰਤਾ ਨੂੰ ਵੇਖਕੇ ਕਵੀ ਦੇ ਮਨ ਵਿਚ ਇਹ ਉਪਮਾ ਉਪਜੀ ਹੈ। ਸੂਰਮਿਆਂ ਦੇ ਤੀਰਾਂ ਦੀ ਇਉਂ ਵਰਖਾ ਹੋ ਰਹੀ ਸੀ, ਜਿਵੇਂ ਬੱਦਲ ਬੜੇ ਜ਼ੋਰ ਨਾਲ ਵਸ ਰਿਹਾ ਸੀ॥੧੩੦॥

**ਸਵੈਯਾ॥ ਬੀਰਨ ਕੇ ਕਰ ਤੇ ਛੁਟ ਤੀਰ ਸਰੀਰਨ ਚੀਰ ਕੇ ਪਾਰ ਪਰਾਨੇ॥**
**ਤੋਰ ਸਰਾਸਨ ਫੋਰਕੈ ਕਉਚਨ ਮੀਨਨ ਕੇ ਰਿਪ ਜਿਉ ਥਹਰਾਨੇ॥**
**ਘਾਉ ਲਗੇ ਤਨ ਚੰਡ ਅਨੇਕ ਸੁ ਸ੍ਰਉਣ ਚਲਿਓ ਬਹਿ ਕੈ ਸਰਤਾਨੇ॥**
**ਮਾਨਹੁ ਫਾਰ ਪਹਾਰ ਹੂੰ ਕੋ ਸੁਤ ਤਛੱਕ ਕੇ ਨਿਕਸੇ ਕਰ ਬਾਨੇ॥੧੩੧॥**

ਪਦ ਅਰਥ - ਮੀਨਨ ਕੇ ਰਿਪ=ਦੁਧੀਰਾ ਪੰਛੀ। ਸਰਤਾਨੇ=ਨਦੀਆਂ।

ਸੂਰਮਿਆਂ ਦੇ ਹੱਥਾਂ ਵਿਚੋਂ ਤੀਰ ਨਿਕਲਕੇ ਵੈਰੀਆਂ ਦੇ ਸਰੀਰਾਂ ਨੂੰ ਚੀਕਰੇ ਪਾਰ ਨਿਕਲ ਜਾਂਦੇ ਸਨ। ਉਹ ਤੀਰ ਮਨੁਖਾਂ ਨੂੰ ਚੀਰਕੇ, ਸੰਜੋਆਂ ਨੂੰ ਭੰਨਕੇ, ਦਧੀਰੇ ਪੰਛੀ ਵਾਂਗੂੰ ਸੂਰਮਿਆਂ ਉਪਰ ਮੰਡਲਾ ਰਹੇ ਸਨ। ਤੀਰਾਂ ਦੀ ਮਾਰ ਨਾਲ ਦੁਰਗਾ ਦੇ ਸਰੀਰ ਉਤੇ ਅਨੇਕਾਂ ਘਾਉ ਲੱਗੇ, ਜਿਨ੍ਹਾਂ ਵਿਚੋਂ ਨਦੀਆਂ ਵਾਂਗੂੰ ਲਹੂ ਵਹਿ ਤੁਰਿਆ। ਉਹ ਤੀਰ ਇਉਂ ਪ੍ਰਤੀਤ ਹੋ ਰਹੇ ਸਨ ਮਾਨੋ ਪਹਾੜ ਨੂੰ ਭੰਨਕੇ ਸੱਪ ਹੀ ਰੂਪ ਵਟਾ ਵਟਾ ਕੇ ਨਿਕਲ ਰਹੇ ਸਨ॥੧੩੧॥

**ਬੀਰਨ ਕੇ ਕਰ ਤੇ ਛੁਟ ਤੀਰ ਸੁ ਚੰਡਕਾ ਸਿੰਘਨਿ ਜਿਉ ਭਭਕਾਰੀ॥**
**ਲੈ ਕਰਿ ਬਾਨ ਕਮਾਨ ਕ੍ਰਿਪਾਨ ਗਦਾ ਗਹਿ ਚਕ੍ਰ ਛੁਰੀ ਅਉ ਕਟਾਰੀ॥**
**ਕਾਟ ਕੈ ਦਾਮਨ ਛੇਦ ਕੈ ਭੇਦ ਕੈ ਸਿੰਧਰ ਕੀ ਕਰੀ ਭਿੰਨ ਅੰਬਾਰੀ॥**
**ਮਾਨਹੁ ਆਗ ਲਗਾਇ ਹਨੂ ਗੜ ਲੰਕਾ ਅਵਾਸ ਕੀ ਡਾਰੀ ਅਟਾਰੀ॥੧੩੨॥**

ਪਦ ਅਰਥ - ਸਿੰਧੁਰ=ਹਾਥੀ।

ਜਦੋਂ ਦੈਂਤਾਂ ਦੀ ਫੋਜ ਨੇ ਤੀਰਾਂ ਦੀ ਬੇਅੰਤ ਵਰਖਾ ਕੀਤੀ, ਤਦ ਦੁਰਗਾ ਨੇ ਸ਼ੇਰ ਵਾਂਗੂ ਭੱਬਕ ਮਾਰੀ। ਦੁਰਗਾ ਨੇ ਆਪਣੇ ਹੱਥਾਂ ਵਿਚ ਤੀਰ, ਕਮਾਨ, ਤਲਵਾਰ, ਗਦਾ, ਚੱਕ੍ਰ, ਛੁਰੀ ਤੇ ਕਟਾਰੀ ਆਦਿ ਸ਼ਸਤਰ ਫੜ ਲਏ। ਦੁਰਗਾ ਨੇ ਸਾਰੇ ਗੱਸੇ ਕੱਟ ਦਿੱਤੇ, ਤੰਗ ਤੋੜ ਦਿੱਤੇ ਤੇ ਹਾਥੀ ਦੀ ਅੰਬਾਰੀ ਉਡਾ ਦਿੱਤੀ। ਉਹ ਉੱਡਦੀ ਅੰਬਾਰੀ ਇਉਂ ਪ੍ਰਤੀਤ ਹੋ ਰਹੀ ਸੀ ਜਿਵੇਂ ਹਨੂੰਮਾਨ ਨੇ ਅੱਗ ਲਾ ਕੇ ਲੰਕਾ ਦੇ ਕਿਲ੍ਹੇ ਵਿਚਲੇ ਮਹੱਲ ਦੀ ਅਟਾਰੀ ਸੁੱਟ ਦਿੱਤੀ ਹੋਵੇ॥੧੩੨॥

**ਤੋਰਕੈ ਮੋਰਕੈ ਦੈਤਨ ਕੇ ਮੁਖ ਘੋਰਕੈ ਚੰਡ ਮਹਾਂ ਅਸਿ ਲੀਨੋ॥**
**ਜੋਰ ਕੈ ਕੋਰ ਕੈ ਠੋਰ ਕੈ ਬੀਰ ਸੁ ਰਾਛਸ ਕੋ ਹਤਿ ਕੈ ਤਿਹ ਦੀਨੋ॥**

**ਖੋਰ ਕੈ ਤੋਰ ਕੈ ਬੋਰਕੈ ਦਾਨਵ ਲੈ ਤਿਨ ਕੇ ਕਰੇ ਹਾਡ ਚਬੀਨੋ॥**
**ਸ੍ਰੋਣ ਕੋ ਪਾਨ ਕਰਿਓ ਜਿਓ ਦਵਾ ਹਰਿ ਸਾਗਰ ਕੋ ਜਲ ਜਿਉ ਰਿਖਿ ਪੀਨੋ॥ ੧੩੩॥**

ਪਦ ਅਰਥ - ਦਵਾ=ਅੱਗ। ਹਰਿ=ਕ੍ਰਿਸਨ ਜੀ। ਰਿਖਿ=ਅਗਸਤ ਰਿਖੀ। ਤੋਰ ਕੈ ਖੋਰ ਕੈ=ਭੈ ਭੀਤ ਕਰਕੇ। ਖੋਰ=ਨਿਕੰਮਾ।

ਦੁਰਗਾ ਨੇ ਆਪਣੇ ਹੱਥ ਵਿਚ ਵੱਡਾ ਖੰਡਾ ਫੜ ਲਿਆ ਤੇ ਉਸ ਖੰਡੇ ਦੀ ਮਾਰ ਨਾਲ ਉਸ ਨੇ ਵੈਰੀਆਂ ਦੀਆਂ ਸਫਾਂ ਤੋੜ ਦਿੱਤੀਆਂ ਤੇ ਦੈਂਤਾਂ ਦੇ ਮੂੰਹ ਮੋੜ ਦਿੱਤੇ। ਜਿਨ੍ਹਾਂ ਸੂਰਮਿਆਂ ਨੇ ਕਤਾਰਾ ਬੰਨ੍ਹਕੇ ਬੜੇ ਜ਼ੋਰ ਨਾਲ ਦੁਰਗਾ ਦਾ ਰਾਹ ਰੋਕਿਆ ਹੋਇਆ ਸੀ, ਉਹਨਾਂ ਦੈਂਤਾਂ ਨੂੰ ਦੇਵੀ ਨੇ ਨਾਸ਼ ਕਰ ਦਿੱਤਾ। ਦੁਰਗਾ ਨੇ ਪਹਿਲਾਂ ਦੈਂਤਾਂ ਨੂੰ ਭੈ ਭੀਤ ਕਰਕੇ ਨਿਕੰਮਾ ਕਰ ਦਿੱਤਾ, ਫਿਰ ਉਹਨਾਂ ਦੀਆਂ ਹੱਡੀਆਂ ਨੂੰ ਚੱਬਿਆ ਭਾਵ ਬੁਰੀ ਤਰ੍ਹਾਂ ਨਾਸ ਕੀਤਾ। ਦੁਰਗਾ ਨੇ ਦੈਂਤਾਂ ਦਾ ਇਉਂ ਲਹੂ ਪੀਤਾ, ਜਿਵੇਂ ਕ੍ਰਿਸ਼ਨ ਜੀ ਨੇ ਅੱਗ ਨੂੰ ਤੇ ਅਗਸਤ ਰਿਖੀ ਨੇ ਸਮੁੰਦਰ ਨੂੰ ਪੀ ਲਿਆ ਸੀ॥ ੧੩੩॥

**ਸਵੈਯਾ॥ ਚੰਡ ਪ੍ਰਚੰਡ ਕੁਵੰਡ ਕਰੰ ਗਹਿ ਜੁੱਧ ਕਰਿਓ ਨ ਗਨੇ ਭਟ ਆਨੇ॥**
**ਮਾਰ ਦਈ ਸਭ ਦੈਤ ਚਮੂੰ ਤਿਹ ਸ੍ਰੋਣਤ ਜੰਬੁਕ ਗ੍ਰਿਝ ਅਘਾਨੇ॥**
**ਭਾਲ ਭਯਾਨਕ ਦੇਖਿ ਭਵਾਨੀ ਕੋ ਦਾਨਵ ਇਉ ਰਨ ਛਾਡ ਪਰਾਨੇ॥**
**ਪਉਨ ਕੇ ਗਉਨ ਕੇ ਤੇਜ ਪ੍ਰਤਾਪ ਤੇ ਪੀਪਰ ਕੇ ਜਿਉ ਪਾਤ ਉਡਾਨੇ॥ ੧੩੪॥**

ਦੁਰਗਾ ਨੇ ਆਪਣੇ ਹੱਥ ਵਿਚ ਬੜੀ ਫੁਰਤੀ ਨਾਲ ਧਨੁਖ ਫੜ ਲਿਆ ਤੇ ਇਸ ਤਰ੍ਹਾਂ ਦਾ ਭਿਆਨਕ ਜੁੱਧ ਕੀਤਾ ਕਿ ਕਿਸੇ ਹੋਰ ਸੂਰਮੇ ਦੀ ਇਸ ਦੇ ਮੁਕਾਬਲੇ ਵਿਚ ਕੋਈ ਗਿਣਤੀ ਨਹੀਂ ਕੀਤੀ ਜਾ ਸਕਦੀ। ਚੰਡੀ ਨੇ ਦੈਂਤਾਂ ਦੀ ਸਾਰੀ ਸੈਨਾ ਖਤਮ ਕਰ ਦਿੱਤੀ। ਦੈਂਤਾਂ ਦੇ ਲਹੂ ਪੀ ਕੇ ਤੇ ਮਾਸ ਖਾਕੇ ਗਿੱਦੜ ਤੇ ਗਿਰਝਾਂ ਰੱਜ ਗਏ। ਦੁਰਗਾ ਦਾ ਰੋਹ ਨਾਲ ਭਰਿਆ ਭਿਆਨਕ ਚਿਹਰਾ ਵੇਖਕੇ ਦੈਂਤ ਰਣਭੂਮੀ ਛੱਡ ਕੇ ਇਉਂ ਭੱਜ ਗਏ ਜਿਵੇਂ ਤੇਜ ਹਵਾ ਦੇ ਚਲਣ ਨਾਲ ਪਿੱਪਲ ਦੇ ਸੁੱਕੇ ਪੱਤਰ ਉੱਡ ਜਾਂਦੇ ਸਨ॥ ੧੩੪॥

**ਸਵੈਯਾ॥ ਆਹਵ ਮੈ ਖਿਝ ਕੈ ਬਰਚੰਡ ਕਰੰ ਧਰ ਕੈ ਹਰਿ ਪੈ ਅਰ ਮਾਰੇ॥**
**ਏਕਨ ਤੀਰਨ ਚੱਕ੍ਰ ਗਦਾ ਹਤਿ ਏਕਨ ਤਨ ਕੇਹਰਿ ਫਾਰੇ॥**
**ਹੈ ਦਲ ਗੈ ਦਲ ਪੈ ਦਲ ਘਾਇ ਕੈ ਮਾਰ ਰਥੀ ਕਰ ਡਾਰੇ॥**
**ਸਿੰਧੁਰ ਐਸੇ ਪਰੇ ਤਿਹ ਠਉਰ ਜਿਉ ਭੂਮ ਮੈ ਝੂਮਿ ਗਿਰੇ ਗਿਰ ਭਾਰੇ॥ ੧੩੫॥**

ਪਦ ਅਰਥ - ਆਹਵ=ਜੁੱਧ। ਹਰਿ=ਖੰਡਾ।

ਜੁੱਧ ਵਿਚ ਬਲਵਾਨ ਚੰਡਕਾ ਨੇ ਬੜਾ ਗੁੱਸਾ ਖਾ ਕੇ ਆਪਣੇ ਹੱਥ ਵਿਚ ਖੰਡਾ ਧਾਰਨ ਕਰਕੇ

ਬੇਅੰਤ ਸ਼ਤਰੂਆਂ ਨੂੰ ਮੌਤ ਦੇ ਘਾਟ ਉਤਾਰਿਆ। ਕਈਆਂ ਦੈਂਤਾਂ ਨੂੰ ਦੁਰਗਾ ਨੇ ਤੀਰਾਂ, ਚੱਕਰਾਂ ਤੇ ਗਦਾ ਆਦਿ ਸ਼ਸਤਰਾਂ ਦੀ ਮਾਰ ਨਾਲ ਮਾਰ ਦਿੱਤਾ ਤੇ ਕਈਆਂ ਦੇ ਸਰੀਰ ਦੁਰਗਾ ਦੇ ਸ਼ੇਰ ਨੇ ਪਾੜ ਦਿੱਤੇ। ਦੁਰਗਾ ਨੇ ਘੋੜ ਸਵਾਰ ਸੈਨਾ ਨੂੰ, ਹਾਥੀਆਂ ਵਾਲੀ ਫੌਜ ਨੂੰ ਤੇ ਪੈਦਲ ਫੌਜੀਆਂ ਨੂੰ ਘਾਇਲ ਕਰਕੇ ਰਥਾਂ ਵਾਲੀ ਫੌਜ ਨੂੰ ਮਾਰਕੇ ਰਥ ਖਾਲੀ ਕਰ ਦਿੱਤੇ। ਰਣਭੂਮੀ ਵਿਚ ਹਾਥੀ ਇਉਂ ਡਿੱਗੇ ਪਏ ਸਨ, ਜਿਵੇਂ ਭੂਚਾਲ ਆਉਣ ਨਾਲ ਵਡੇ ਵਡੇ ਪਹਾੜ ਡਿੱਗੇ ਹੁੰਦੇ ਸਨ॥੧੩੫॥

**ਦੋਹਰਾ॥ ਰਕਤਬੀਜ ਕੀ ਚਮੂੰ ਸਭ ਭਾਗੀ ਕਰਿ ਤਿਹ ਤ੍ਰਾਸ॥**
**ਕਹਿਓ ਦੈਤ ਪੁਨਿ ਘੇਰਿ ਕੈ ਕਰੌਂ ਚੰਡ ਕੋ ਨਾਸ॥੧੩੬॥**

ਰਕਤਬੀਜ ਦੀ ਸਾਰੀ ਫੌਜ ਚੰਡਕਾ ਦੀ ਮਾਰ ਤੋਂ ਡਰਦੀ ਮੈਦਾਨ ਛੱਡਕੇ ਭੱਜ ਉਠੀ। ਰਕਤਬੀਜ ਨੇ ਸਾਰਿਆਂ ਦੈਂਤਾਂ ਨੂੰ ਰੋਕ ਕੇ ਕਿਹਾ ਘਬਰਾਓ ਨਾ ਮੈਂ ਦੁਰਗਾ ਨੂੰ ਨਾਸ ਕਰ ਦਿਆਂਗਾ॥੧੩੬॥

**ਸਵੈਯਾ॥ ਕਾਨਨ ਮੈ ਸੁਨਿਕੈ ਇਹ ਬਾਤ ਸੁ ਬੀਰ ਫਿਰੇ ਕਰ ਮੈ ਅਸਿ ਲੈ ਕੈ॥**
**ਚੰਡ ਪ੍ਰਚੰਡ ਸੁ ਜੁੱਧੁ ਕਰਿਓ ਬਲਿ ਕੈ ਅਤਿ ਹੀ ਮਨ ਕ੍ਰੋਧੱਤ ਹ੍ਵੈਕੈ॥**
**ਘਾਉ ਲਗੇ ਤਿਨ ਕੈ ਤਨ ਮੈ ਇਮ ਸ੍ਰੋਣਿਤ ਗਿਰਿਓ ਧਰਨੀ ਪਰੁ ਹ੍ਵੈ ਕੈ॥**
**ਆਗ ਲਗੇ ਜਿਮੁ ਕਾਨਨ ਮੈ ਤਨ ਤਿਉ ਰਹੀ ਬਾਨਨ ਕੀ ਧੁਨਿ ਹ੍ਵੈਕੇ॥੧੩੭॥**

ਰਕਤਬੀਜ ਦੀ ਇਹ ਲਲਕਾਰ ਜਦੋਂ ਦੈਂਤਾਂ ਨੇ ਆਪਣੇ ਕੰਨਾਂ ਵਿਚ ਪਈ ਸੁਣੀ ਤਾਂ ਫਿਰ ਹੱਥਾਂ ਵਿਚ ਤਲਵਾਰਾਂ ਲੈ ਕੇ ਮੁੜ ਪਏ। ਉਹਨਾਂ ਦੈਂਤਾਂ ਨੇ ਕਰੋਧ ਵਿਚ ਆ ਕੇ ਦੁਰਗਾ ਨਾਲ ਬੜੇ ਘਮਸਾਨ ਦਾ ਜੰਗ ਕੀਤਾ। ਦੈਂਤਾਂ ਦੇ ਸਰੀਰਾਂ ਵਿਚੋਂ ਸ਼ਸਤਰਾਂ ਦੀ ਮਾਰ ਨਾਲ ਇਉਂ ਲਹੂ ਚੋ ਚੋ ਕੇ ਧਰਤੀ ਤੇ ਡਿੱਗ ਰਿਹਾ ਸੀ ਜਿਵੇਂ ਪਹਾੜੀ ਝਰਨਿਆਂ ਵਿਚੋਂ ਪਾਣੀ ਹੇਠਾਂ ਡਿੱਗਦਾ ਹੈ। ਜਿਵੇਂ ਜੰਗਲ ਵਿਚ ਅੱਗ ਲੱਗਣ ਕਰਕੇ ਝਾੜੀਆਂ ਤੇ ਬੂਟਿਆਂ ਦੇ ਸੜਨ ਨਾਲ ਤੜ ਤੜ ਦੀ ਆਵਾਜ਼ ਹੁੰਦੀ ਹੈ, ਇਉਂ ਦੈਂਤਾਂ ਦੇ ਸਰੀਰਾਂ ਵਿਚ ਤੀਰਾਂ ਦੇ ਲੱਗਣ ਨਾਲ ਕੜ ਕੜ ਦੀ ਆਵਾਜ਼ ਹੋ ਰਹੀ ਸੀ॥੧੩੭॥

**ਸਵੈਯਾ॥ ਆਇਸ ਪਾਇਕੈ ਦਾਨਵ ਕੋ ਦਲ ਚੰਡ ਕੇ ਸਾਮੁਹਿ ਆਇ ਅਰਿਓ ਹੈ॥**
**ਢਾਰ ਅਉ ਸਾਂਗ ਕ੍ਰਿਪਾਨਨਿ ਲੈ ਕਰ ਮੈ ਬਰ ਬੀਰਨ ਜੁੱਧ ਕਰਿਓ ਹੈ॥**
**ਫੇਰ ਫਿਰੇ ਨਹਿ ਆਹਵ ਤੇ ਮਨ ਮਹਿ ਤਿਹ ਧੀਰਜ ਗਾਢੋ ਧਰਿਓ ਹੈ॥**
**ਰੋਕ ਲਈ ਚਹੂੰ ਓਰ ਤੇ ਚੰਡ ਸੁ ਭਾਨ ਮਨੋ ਪਰਬੇਖ ਪਰਿਓ ਹੈ॥੧੩੮॥**

ਰਕਤਬੀਜ ਦਾ ਹੁਕਮ ਮਿਲਣ ਤੇ ਸਾਰੀ ਦੈਂਤਾਂ ਦੀ ਫੌਜ ਦੁਰਗਾ ਨਾਲ ਜੰਗ ਕਰਨ ਲਈ ਸਾਹਮਣੇ ਆ ਕੇ ਅੜ ਖੜੋਤੀ। ਦੈਂਤ ਸੂਰਮਿਆਂ ਨੇ ਹੱਥਾਂ ਵਿਚ ਢਾਲਾਂ, ਬਰਛੇ ਤੇ ਤਲਵਾਰਾਂ ਆਦਿ

ਲੈ ਕੇ ਦੁਰਗਾ ਨਾਲ ਜੁੱਧ ਕੀਤਾ। ਹੁਣ ਉਹ ਇਸ ਤਰ੍ਹਾਂ ਮੈਦਾਨ ਵਿਚ ਪੈਰ ਜਮਾਕੇ ਬੜੇ ਹੌਂਸਲੇ ਨਾਲ ਅੜ ਗਏ ਕਿ ਕਿਸੇ ਤਰ੍ਹਾਂ ਵੀ ਪਿਛੇ ਨਹੀਂ ਹਟਦੇ ਸਨ। ਉਹਨਾਂ ਦੈਂਤਾਂ ਨੇ ਚੰਡਕਾਂ ਨੂੰ ਦੋਹਾਂ ਪਾਸਿਆਂ ਤੋਂ ਇਉਂ ਘੇਰ ਲਿਆ, ਮਾਨੋ ਸੂਰਜ ਨੂੰ ਬਦਲਾਂ ਢੱਕ ਲਿਆ ਹੋਵੇ॥੧੩੮॥

**ਕੋਪ ਕੈ ਚੰਡ ਪ੍ਰਚੰਡ ਕੁਵੰਡ ਮਹਾ ਬਲ ਕੈ ਬਲਵੰਡ ਸੰਭਾਰਿਓ॥**
**ਦਾਮਨ ਜਿਉ ਘਨ ਸੇ ਦਲ ਪੈਠਕੈ ਕੈ ਪੁਰਜੇ ਪੁਰਜੇ ਦਲੁ ਮਾਰਿਓ॥**
**ਬਾਨਨਿ ਸਾਥ ਬਿਦਾਰ ਦਏ ਅਰਿ ਤਾ ਛਬਿ ਕੋ ਕਵਿ ਭਾਉ ਬਿਚਾਰਿਓ॥**
**ਸੂਰਜ ਕੀ ਕਿਰਨੇ ਸਰਮਾਸਹਿ ਰੇਨ ਅਨੇਕ ਤਹਾਂ ਕਰਿ ਡਾਰਿਓ॥ ੧੩੯॥**

ਪਦ ਅਰਥ - ਸਰਮਾਸਹਿ=ਕੁ ਹੀੜ। ਰੇਨ=ਕਿਨਕੇ।

ਬੜੇ ਕਰੋਧ ਵਿਚ ਆ ਕੇ ਦੁਰਗਾ ਨੇ ਬੜੇ ਬਲ ਨਾਲ ਆਪਣੇ ਬਲਵਾਨ ਧਨੁਖ ਨੂੰ ਫੜ ਲਿਆ। ਬੱਦਲ ਰੂਪ ਦੈਂਤਾਂ ਦੀ ਫੌਜ ਵਿਚ ਬਿਜਲੀ ਵਾਂਗੂੰ ਧਸ ਕੇ ਦੁਰਗਾ ਨੇ ਸਾਰੇ ਦੈਂਤਾਂ ਨੂੰ ਟੁਕੜੇ ਟੁਕੜੇ ਕਰ ਦਿੱਤਾ। ਦੁਰਗਾ ਨੇ ਆਪਣੇ ਤੀਰਾਂ ਦੀ ਵਰਖਾ ਨਾਲ ਦੁਸ਼ਮਨਾਂ ਨੂੰ ਨਾਸ ਕਰ ਦਿੱਤਾ। ਇਸ ਦ੍ਰਿਸ਼ ਦੀ ਸੁੰਦਰਤਾ ਨੂੰ ਕਵੀ ਨੇ ਆਪਣੇ ਮਨ ਵਿਚ ਇਉਂ ਵਿਚਾਰਿਆ ਹੈ ਕਿ ਜਿਵੇਂ ਸੂਰਜ ਦੀਆਂ ਕਿਰਨਾਂ ਕੁਹੀੜ ਦੇ ਕਿਨਕੇ ਉਡਾ ਦਿੰਦੀਆਂ ਸਨ, ਇਸੇਤਰ੍ਹਾਂ ਦੁਰਗਾ ਦੇ ਤੀਰਾਂ ਨੇ ਦੈਂਤਾਂ ਦੇ ਸਰੀਰਾਂ ਦੇ ਟੁਕੜੇ ਉਡਾ ਦਿੱਤੇ॥੧੩੯॥

**ਸਵੈਯਾ॥ ਚੰਡ ਚਮੂੰ ਬਹੁ ਦੈਤਨ ਕੀ ਹਤਿ ਫੇਰਿ ਪ੍ਰਚੰਡ ਕੁਵੰਡ ਸੰਭਾਰਿਓ॥**
**ਬਾਨਨ ਸੋਂ ਦਲ ਫੋਰ ਦਇਓ ਬਲ ਕੈ ਬਰ ਸਿੰਘ ਮਹਾ ਭਭਕਾਰਿਓ॥**
**ਮਾਰ ਦਏ ਸਿਰਦਾਰ ਬਡੇ ਧਰ ਸ੍ਰੋਉਣ ਬਹਾਇ ਬਡੋ ਰਨ ਪਾਰਿਓ॥**
**ਏਕ ਕੇ ਸੀਸ ਦਇਓ ਧਨ ਯੋ ਜਨੁ ਕੋਪ ਕੇ ਗਾਜ ਕੇ ਮੰਡਪ ਮਾਰਿਓ॥ ੧੪੦॥**

ਪਦ ਅਰਥ - ਗਾਜ=ਬਿਜਲੀ। ਮੰਡਪ=ਮਹੱਲ।

ਚੰਡੀ ਦੇਵੀ ਨੇ ਦੈਂਤਾਂ ਦੀ ਬੇਅੰਤ ਸੈਨਾ ਮਾਰਕੇ ਫਿਰ ਬੜੀ ਫੁਰਤੀ ਨਾਲ ਆਪਣੇ ਧਨੁਖ ਨੂੰ ਸੰਭਾਲਿਆ। ਆਪਣੇ ਤੀਰਾਂ ਨਾਲ ਦੇਵੀ ਨੇ ਦੈਂਤਾਂ ਦੇ ਦਲ ਨੂੰ ਪਾੜ ਦਿੱਤਾ। ਦੁਰਗਾ ਦਾ ਸ਼ੇਰ ਵੀ ਬੜੇ ਰੋਹ ਨਾਲ ਗਰਜਿਆ। ਦੁਰਗਾ ਨੇ ਦੈਂਤਾਂ ਦੀ ਸੈਨਾਂ ਦੇ ਵਡੇ ਵਡੇ ਸਾਰੇ ਸਰਦਾਰ ਮਾਰ ਦਿੱਤੇ। ਧਰਤੀ ਤੇ ਲਹੂ ਵਗ ਤੁਰਿਆ, ਇਸ ਤਰ੍ਹਾਂ ਦੇਵੀ ਨੇ ਬੜੇ ਘਮਸਾਨ ਦਾ ਜੁੱਧ ਕੀਤਾ। ਕਈਆਂ ਦੈਂਤਾਂ ਦੇ ਸਿਰਾਂ ਤੇ ਧਨੁਖ ਮਾਰ ਮਾਰ ਕੇ ਦੇਵੀ ਨੇ ਉਹਨਾਂ ਨੂੰ ਧਰਤੀ ਤੇ ਇਉਂ ਸੁੱਟ ਦਿੱਤਾ, ਮਾਨੋ ਬੜੇ ਕਰੋਧ ਨਾਲ ਬਿਜਲੀ ਨੇ ਮਹੱਲ ਢਾਹ ਦਿੱਤਾ ਹੋਵੇ॥੧੪੦॥

**ਦੋਹਰਾ॥ ਚੰਡ ਚਮੂੰ ਸਭ ਦੈਤ ਕੀ ਐਸੇ ਦਈ ਸੰਘਾਰ॥**

**ਪਉਨ ਪੂਤ ਜਿਉ ਲੰਕ ਕੋ ਡਾਰਿਓ ਬਾਗ ਉਖਾਰ॥੧੪੧॥**

ਪਦ ਅਰਥ - ਪਉਨ ਪੂਤ=ਹਵਾ ਦਾ ਪੁੱਤਰ-ਹਨੂੰਮਾਨ।

ਦੁਰਗਾ ਨੇ ਰਕਤਬੀਜ ਦੀ ਸਾਰੀ ਫੌਜ ਇਉਂ ਮਾਰ ਦਿੱਤੀ, ਜਿਸ ਤਰ੍ਹਾਂ ਹਨੂੰਮਾਨ ਨੇ ਲੰਕਾ ਦੇ ਬਾਗ ਨੂੰ ਪੁੱਟ ਕੇ ਨਾਸ ਕਰ ਦਿੱਤਾ ਸੀ॥੧੪੧॥।

**ਸਵੈਯਾ॥ ਗਾਜ ਕੈ ਚੰਡ ਮਹਾਂਬਲਿ ਮੇਘ ਸੀ ਬੂੰਦਨ ਜਿਉ ਅਰ ਪੈ ਸਰ ਡਾਰੇ॥**
**ਦਾਮਨ ਸੋ ਖਗ ਲੈ ਕਰਿ ਮੈ ਬਹੁ ਬੀਰ ਅਧੰਧਰ ਕੈ ਧਰ ਮਾਰੇ॥**
**ਘਾਇਲ ਘੂਮ ਪਰੇ ਤਿਹ ਇਉ ਉਪਮਾ ਮਨ ਮੈ ਕਵਿ ਯੌ ਅਨੁਸਾਰੇ॥**
**ਸ੍ਰਉਣ ਪ੍ਰਵਾਹ ਮਨੋ ਸਰਤਾ ਤਿਹ ਮੱਧਿ ਧਸੀ ਕਰਿ ਲੋਥ ਕਰਾਰੇ॥੧੪੨॥**

ਪਦ ਅਰਥ - ਸਰਤਾ=ਨਦੀ। ਕਰਾਰੇ=ਕੰਢੇ। ਕਰਿ=ਹਾਥੀ।

ਮਹਾਨ ਬਲਵਾਨ ਦੁਰਗਾ ਨੇ ਵੈਰੀਆਂ ਦੀ ਸੈਨਾ ਤੇ ਬੱਦਲਾਂ ਦੀਆਂ ਬੂੰਦਾਂ ਵਾਂਗੂੰ ਬੇਅੰਤ ਤੀਰ ਚਲਾਏ। ਬਿਜਲੀ ਵਰਗੀ ਚਮਕਦੀ ਤਲਵਾਰ ਆਪਣੇ ਹੱਥ ਵਿਚ ਲੈ ਕੇ ਦੁਰਗਾ ਨੇ ਬੜੇ ਸੂਰਮਿਆਂ ਦੇ ਧੜ ਅੱਧੋ ਅੱਧ ਕਰ ਦਿੱਤੇ। ਸੂਰਮੇ ਫਟੜ ਹੋ ਹੋ ਕੇ ਰਣਭੂਮੀ ਵਿਚ ਡਿੱਗ ਰਹੇ ਸਨ। ਇਸ ਦ੍ਰਿਸ਼ ਵੇਖਕੇ ਕਵੀ ਦੇ ਮਨ ਵਿਚ ਇਸ ਪ੍ਰਕਾਰ ਦੀ ਉਪਮਾ ਉਪਜੀ ਹੈ। ਲਹੂ ਦਾ ਪ੍ਰਵਾਹ ਇਕ ਨਦੀ ਵਾਂਗ ਵਹਿ ਰਿਹਾ ਸੀ। ਇਸ ਨਦੀ ਦੇ ਕੰਢੇ ਦੈਂਤਾਂ ਦੀਆਂ ਲੋਥਾਂ ਪਈਆਂ ਇਉਂ ਜਾਪਦੀਆਂ ਸਨ, ਜਿਵੇਂ ਹਾਥੀਆਂ ਦੀਆਂ ਲੋਥਾਂ ਪਈਆਂ ਹੋਈਆਂ ਸਨ॥੧੪੨॥

**ਐਸੇ ਪਰੇ ਧਰਨੀ ਪਰ ਬੀਰ ਸੁ ਕੈ ਕੈ ਦੁਖੰਡ ਜੁ ਚੰਡਹਿ ਡਾਰੇ॥**
**ਲੋਥਨ ਊਪਰ ਲੋਥ ਗਿਰੀ ਬਹਿ ਸ੍ਰਉਨ ਚਲਿਓ ਜਨੁ ਕੋਟ ਪਨਾਰੇ॥**
**ਲੈ ਕਰਿ ਮੈ ਬਜਾਲ ਸੋ ਬਜਾਲ ਬਜਾਵਤ ਸੋ ਉਪਮਾ ਕਵਿ ਯੌ ਮਨ ਧਾਰੇ॥**
**ਮਾਨੋ ਮਹਾਂ ਪ੍ਰਲਏ ਬਹੇ ਪਉਨ ਸੋ ਆਪਸਿ ਮੈ ਭਿਰਹੈਂ ਗਿਰ ਭਾਰੇ॥੧੪੩॥**

ਉਹ ਬੜੇ ਬੜੇ ਸੂਰਬੀਰ ਦੈਂਤ ਧਰਤੀ ਤੇ ਡਿੱਗੇ ਪਏ ਸਨ, ਜਿਨ੍ਹਾਂ ਨੂੰ ਦੁਰਗਾ ਨੇ ਦੋ ਟੁਕੜੇ ਕਰ ਕੇ ਸੁੱਟ ਦਿੱਤਾ ਸੀ। ਰਣਭੂਮੀ ਵਿਚ ਲੋਥਾਂ ਤੇ ਲੋਥਾਂ ਚੜ੍ਹੀਆਂ ਹੋਈਆਂ ਸਨ, ਲਹੂ ਇਉਂ ਵਹਿ ਰਿਹਾ ਸੀ ਜਿਵੇਂ ਕਰੋੜਾਂ ਪਰਨਾਲੇ ਇਕੱਠੇ ਵਹਿ ਰਹੇ ਸਨ। ਸੂਰਮੇ ਹੱਥ ਵਿਚ ਹਾਥੀ ਨੂੰ ਲੈ ਕੇ ਹਾਥੀ ਨਾਲ ਇਉ ਟਕਰਾਉਂਦੇ ਸਨ ਮਾਨੋ ਮਹਾਂ ਪਰਲੋ ਸਮੇਂ ਦੀ ਹਵਾ ਵਗਣ ਨਾਲ ਜਿਵੇਂ ਵਡੇ ਵਡੇ ਭਾਰੇ ਪਹਾੜ ਆਪਸ ਵਿਚ ਭਿੜ ਰਹੇ ਹੋਣ॥੧੪੩॥

**ਸਵੈਯਾ॥ ਲੈ ਕਰ ਮੈ ਅਸਿ ਦਾਰੁਨ ਕਾਮ ਕਰੇ ਰਨ ਮੈ ਅਰ ਸੋ ਅਰਨੀ ਹੈ॥**
**ਸੂਰ ਸਨੈ ਬਲਿਕੈ ਬਲੁਵਾਨ ਸੁ ਸ੍ਰਉਨ ਚਲਿਓ ਬਹਿ ਬੈਤਰਨੀ ਹੈ॥**

**ਬਾਂਹ ਕਟੀ ਅਧ ਬੀਚ ਤੇ ਸੁੰਡ ਸੀ ਸੋ ਉਪਮਾ ਕਵਿ ਨੇ ਬਰਨੀ ਹੈ॥**
**ਆਪਸਿ ਮੈ ਲਰ ਕੈ ਸੁ ਮਨੋ ਗਿਰ ਤੇ ਸਰਪ ਕੀ ਦੁਇ ਘਰਨੀ॥ ੧੪੪॥**

ਪਦ ਅਰਥ - ਸਰਪ ਕੀ ਦੁਇ ਘਰਨੀ=ਸੱਪ ਦੀਆਂ ਦੋ ਇਸਤ੍ਰੀਆਂ-ਭਾਵ ਦੋ ਸਪਨੀਆਂ।

ਹੱਥ ਵਿਚ ਤਲਵਾਰਾਂ ਲੈ ਕੇ ਰਣਭੂਮੀ ਵਿਚ ਦੁਸ਼ਮਨ ਤੇ ਦੁਸ਼ਮਨ ਦੀ ਫੌਜ ਬੜੇ ਬੜੇ ਕਠਨ ਕੰਮ ਕਰਦੀ ਹੈ। ਬੜੇ ਬਲ ਨਾਲ ਬੜੇ ਬੜੇ ਬਲਵਾਨ ਯੋਧੇ ਮਾਰ ਦਿੱਤੇ ਗਏ। ਰਣਭੂਮੀ ਵਿਚ ਲਹੂ ਇਉਂ ਵਹਿ ਰਿਹਾ ਸੀ, ਜਿਵੇਂ ਇਹੋ ਬੈਤਰਨੀ ਨਦੀ ਸੀ। ਸੂਰਮਿਆਂ ਦੀਆਂ ਬਾਂਹਾਂ ਹਾਥੀ ਦੀ ਸੁੰਢ ਵਾਂਗੂੰ ਅੱਧ-ਵਿਚਾਲਿਓਂ ਕੱਟੀਆਂ ਗਈਆਂ ਸਨ। ਇਸ ਦ੍ਰਿਸ਼ ਦੀ ਉਪਮਾ ਕਵੀ ਨੇ ਇਉਂ ਵਰਣਨ ਕੀਤੀ ਹੈ ਮਾਨੋਂ ਆਪਸ ਵਿਚ ਲੜ ਕੇ ਦੋ ਸਪਨੀਆਂ ਪਹਾੜ ਤੋਂ ਹੇਠਾਂ ਡਿੱਗ ਪਈਆਂ ਸਨ॥ ੧੪੪॥

**ਦੋਹਰਾ॥ ਸਕਲ ਪ੍ਰਬਲ ਦਲ ਦੈਤ ਕੋ ਚੰਡੀ ਦਯੋ ਭਜਾਇ॥**
**ਪਾਪ ਤਾਪ ਹਰਿ ਜਾਪ ਤੇ ਜੈਸੇ ਜਾਤ ਪਰਾਏ॥ ੧੪੫॥**

ਦੁਰਗਾ ਨੇ ਦੈਂਤਾਂ ਦੀ ਸਾਰੀ ਸੈਨਾ ਨੂੰ ਰਣਭੂਮੀ ਵਿਚੋਂ ਇਉਂ ਭਜਾ ਦਿੱਤਾ, ਜਿਸ ਤਰ੍ਹਾਂ ਪ੍ਰਭੂ ਦੇ ਸਿਮਰਨ ਕਰਨ ਨਾਲ ਪਾਪ ਤੇ ਸੰਤਾਪ ਨਾਸ ਹੋ ਜਾਂਦੇ ਸਨ॥ ੧੪੫॥

**ਸਵੈਯਾ॥ ਭਾਨ ਤੇ ਜਿਉ ਤਮ ਪਉਨ ਤੇ ਜਿਉ ਘਨ ਮੋਰ ਤੇ ਜਿਉ ਫਨ ਤਿਉ ਸੁਕਚਾਨੇ॥**
**ਸੂਰ ਤੇ ਕਾਤੁਰੁ ਕੂਰ ਤੇ ਚਾਤੁਰੁ ਸਿੰਘ ਤੇ ਸਾਤੁਰੁ ਏਣਿ ਡਰਾਨੇ॥**
**ਸੂਮ ਤੇ ਜਿਉ ਜਸ ਬਿਓਗ ਤੇ ਜਿਉ ਰਸ ਪੂਤ ਕਪੂਤ ਤੇ ਜਿਉ ਬੰਸੁ ਹਾਨੇ॥**
**ਧਰਮ ਜਿਉ ਕ੍ਰੂਧ ਤੇ ਭਰਮ ਸੁਬੁੱਧ ਤੇ ਚੰਡ ਕੇ ਜੁੱਧ ਤੇ ਦੈਤ ਪਰਾਨੇ॥ ੧੪੬॥**

ਜਿਵੇਂ ਸੂਰਜ ਦੇ ਚੜ੍ਹਨ ਨਾਲ ਹਨੇਰਾ, ਪਉਣ ਦੇ ਵਗਣ ਨਾਲ ਬੱਦਲ ਤੇ ਮੋਰ ਨੂੰ ਵੇਖਕੇ ਸੱਪ ਨਸ ਜਾਂਦਾ ਹੈ, ਇਸੇ ਤਰ੍ਹਾਂ ਦੁਰਗਾ ਦੇ ਰੋਹ ਤੋਂ ਡਰਦੇ ਦੈਂਤ ਨਸ ਗਏ ਸਨ। ਜਿਵੇਂ ਸੂਰਮੇਂ ਤੋਂ ਕਾਇਰ, ਝੂਠ ਤੋਂ ਸਿਆਣਪ ਤੇ ਸ਼ੇਰ ਤੋਂ ਹਿਰਨ ਤੇ ਸਹਿਆ ਡਰ ਜਾਂਦਾ ਹੈ, ਇਸੇ ਤਰ੍ਹਾਂ ਦੈਂਤ ਦੁਰਗਾ ਤੋਂ ਡਰਕੇ ਨਠ ਭੱਜ ਗਏ ਸਨ। ਜਿਵੇਂ ਸੂਮ ਤੋਂ ਜਸ, ਵਿਛੋੜੇ ਤੋਂ ਮੇਲ ਦੇ ਰਸ ਤੇ ਖੋਟੇ ਪੁੱਤਰ ਤੋਂ ਵੰਸ਼ ਦੀ ਹਾਨੀ ਹੁੰਦੀ ਹੈ। ਜਿਵੇਂ ਕਰੋਧ ਤੋਂ ਧਰਮ ਤੇ ਵਿਦਿਆ ਤੋਂ ਭਰਮ ਨਾਸ ਹੋ ਜਾਂਦਾ ਹੈ, ਇਸੇ ਤਰ੍ਹਾਂ ਚੰਡਕਾ ਦੇ ਜੁੱਧ ਤੋਂ ਦੈਂਤ ਨਸ ਗਏ ਸਨ॥ ੧੪੬॥।

**ਫੇਰ ਫਿਰੇ ਸਭ ਜੁੱਧ ਕੇ ਕਾਰਨ ਲੈ ਕਰਵਾਰਨ ਕ੍ਰੂਧ ਹੁਇ ਧਾਏ॥**
**ਏਕ ਲੈ ਬਾਨ ਕਮਾਨਨ ਤਾਨ ਕੈ ਤੁਰਤ ਤੇਜ ਤੁਰੰਗ ਤੁਰਾਏ॥**
**ਧੂਰ ਉਡੀ ਖੁਰ ਪੂਰਨ ਤੇ ਪਥ ਊਰਧ ਹੁਇ ਰਵਿ ਮੰਡਲ ਛਾਏ॥**

ਮਾਨਹੁ ਫੇਰ ਰਚੇ ਬਿਧਿ ਲੋਕ ਧਰਾ ਖਟ ਆਠ ਅਕਾਸ਼ ਬਨਾਏ॥ ੧੪੭॥

ਥੋੜੇ ਚਿਰ ਪਿਛੋਂ ਜੁੱਧ ਕਰਨ ਲਈ ਦੈਂਤ ਫੇਰ ਵਾਪਸ ਮੁੜ ਪਏ ਤੇ ਉਨ੍ਹਾਂ ਨੇ ਬੜੇ ਕਰੋਧ ਨਾਲ ਤਲਵਾਰਾਂ ਲੈ ਕੇ ਹੱਲਾ ਬੋਲਿਆ। ਕਈ ਦੈਂਤਾਂ ਨੇ ਧਨੁਖਾਂ ਵਿਚ ਬਾਨ ਚੜ੍ਹਾਕੇ ਬੜੇ ਜ਼ੋਰ ਨਾਲ ਘੋੜਿਆਂ ਨੂੰ ਦੁੜਾ ਕੇ ਹੱਲਾ ਕੀਤਾ। ਘੋੜਿਆਂ ਦੇ ਖੁਰਾਂ ਨਾਲ ਜੋ ਧਰਤੀ ਤੋਂ ਧੂੜ ਉਡ ਰਹੀ ਸੀ, ਉਸ ਨਾਲ ਅਕਾਸ਼ ਦਾ ਰਸਤਾ ਭਰ ਗਿਆ ਤੇ ਉਸ ਧੂੜ ਦੇ ਬੱਦਲਾਂ ਨਾਲ ਸੂਰਜ ਲੁਕ ਗਿਆ। ਇਉਂ ਜਾਪਦਾ ਸੀ ਜਿਵੇਂ ਬਿਧਾਤਾ ਨੇ ਮੁੜਕੇ ਚੌਦਾਂ ਲੋਕਾਂ ਦੀ ਰਚਨਾਂ ਕੀਤੀ ਸੀ। ਇਸ ਦਫਾ ਬਿਧਾਤਾ ਨੇ ਧਰਤੀਆਂ ਛੇ ਤੇ ਅਕਾਸ਼ ਅੱਠ ਬਣਾਏ ਸਨ ਭਾਵ ਇਕ ਧਰਤੀ ਧੂੜ ਦੇ ਰੂਪ ਵਿਚ ਬਣ ਗਈ ਸੀ, ਇਸ ਤਰ੍ਹਾਂ ਧਰਤੀਆਂ ਛੇ ਤੇ ਅਕਾਸ਼ ਅੱਠ ਹੋ ਗਏ ਸਨ॥ ੧੪੭॥

ਚੰਡ ਪ੍ਰਚੰਡ ਕੁਵੰਡ ਲੈ ਬਾਨਨਿ ਦੈਤਨ ਕੇ ਤਨ ਤੂਲਿ ਜਿਉ ਤੂੰਬੇ॥
ਮਾਰ ਗਇੰਦ ਦਏ ਕਰਵਾਰ ਲੈ ਦਾਨਵ ਮਾਨ ਗਇਓ ਉਡ ਪੂੰਬੇ॥
ਬੀਰਨ ਕੇ ਸਿਰ ਕੀ ਸਿਤ ਪਾਗ ਚਲੀ ਬਹਿ ਸ੍ਰੋਨਤ ਊਪਰ ਖੂੰਬੇ॥
ਮਾਨਹੁ ਸਾਰਸੁਤੀ ਕੇ ਪ੍ਰਵਾਹ ਮੈ ਸੂਰਨ ਕੇ ਜਸ ਕੇ ਉਠੇ ਬੂੰਬੇ॥ ੧੪੮॥

ਦੁਰਗਾ ਨੇ ਬੜਾ ਕਰੜਾ ਧਨੁਖ ਲੈ ਕੇ ਤੀਰਾਂ ਨਾਲ ਦੈਂਤਾਂ ਦੇ ਸਰੀਰ ਰੂੰ ਵਾਂਗੂੰ ਤੂੰਬੇ ਤੂੰਬੇ ਕਰ ਦਿੱਤੇ। ਚੰਡਕਾ ਨੇ ਤਲਵਾਰ ਨਾਲ ਦੈਂਤਾਂ ਦੇ ਹਾਥੀਆਂ ਨੂੰ ਮਾਰ ਦਿੱਤਾ, ਜਿਸ ਕਰਕੇ ਉਨ੍ਹਾਂ ਦਾ ਘੁਮੰਡ ਅੱਕ ਦੀਆਂ ਡੋਡੀਆਂ ਵਿਚੋਂ ਨਿਕਲੇ ਰੂੰ ਵਾਂਗੂੰ ਉੱਡ ਗਿਆ। ਸੂਰਮਿਆਂ ਦੇ ਸਿਰਾਂ ਦੀਆਂ ਚਿੱਟੀਆਂ ਖੁੰਬ ਪੱਗਾਂ ਲਹੂ ਦੇ ਉਪਰ ਰੁੜ੍ਹੀਆਂ ਇਉਂ ਪ੍ਰਤੀਤ ਹੋ ਰਹੀਆਂ ਸਨ-ਮਾਨੋ ਸਰਸੁਤੀ ਨਦੀ ਦੇ ਵਹਿਣ ਵਿਚ ਸੂਰਮਿਆਂ ਦੇ ਜਸ ਦੇ ਬੁਲਬੁਲੇ ਉੱਠ ਰਹੇ ਸਨ॥ ੧੪੮॥

ਸਵੈਯਾ॥ ਦੈਤਨ ਸਾਥ ਗਦਾ ਗਹਿ ਹਾਥ ਸੁ ਕ੍ਰੁੱਧ ਹ੍ਵੈ ਜੁੱਧੁ ਨਿਸ਼ੰਗ ਕਰਿਓ ਹੈ॥
ਪਾਨ ਕ੍ਰਿਪਾਨ ਲਏ ਬਲਵਾਨ ਸੁ ਮਾਰ ਤਬੈ ਦਲ ਛਾਰ ਕਰਿਓ ਹੈ॥
ਪਾਗ ਸਮੇਤ ਗਿਰਿਓ ਸਿਰ ਏਕ ਕੋ ਭਾਉ ਇਹੈ ਕਬਿ ਤਾਕੋ ਧਰਿਓ ਹੈ॥
ਪੂਰਨ ਭਏ ਨਭ ਤੇ ਸੁ ਮਨੋ ਭੂਅ ਟੂਟ ਨਛੱਤ੍ਰ ਪਰਿਓ ਹੈ॥ ੧੪੯॥

ਫਿਰ ਦੁਰਗਾ ਨੇ ਬੜੇ ਕਰੋਧ ਵਿਚ ਆ ਕੇ ਹੱਥ ਵਿਚ ਗਦਾ ਲੈ ਕੇ ਨਿਸ਼ੰਗ ਹੋ ਕੇ ਦੈਂਤਾਂ ਨਾਲ ਜੰਗ ਕੀਤਾ। ਹੱਥ ਵਿਚ ਤਲਵਾਰ ਲੈ ਕੇ ਦੁਰਗਾ ਨੇ ਬੜੇ ਬੜੇ ਬਲੀ ਦੈਂਤਾਂ ਨੂੰ ਮਾਰਕੇ ਖਾਕ ਵਿਚ ਮਿਲਾ ਦਿੱਤਾ। ਇਕ ਦੈਂਤ ਦਾ ਸਿਰ ਪੱਗ ਸਮੇਤ ਕੱਟ ਕੇ ਧਰਤੀ ਤੇ ਡਿੱਗ ਪਿਆ। ਇਸ ਦ੍ਰਿਸ਼ ਦੀ ਉਪਮਾ ਕਵੀ ਦੇ ਮਨ ਵਿਚ ਇਉਂ ਉਪਜੀ ਹੈ ਜਿਵੇਂ ਪੁੰਨਾਂ ਦੇ ਖਤਮ ਹੋ ਜਾਣ ਤੇ ਆਕਾਸ਼ ਤੋਂ ਤਾਰਾ ਟੁੱਟ ਕੇ ਜ਼ਮੀਨ ਤੇ ਆ ਡਿੱਗਾ ਹੋਵੇ। ੧੪੯॥

**ਬਾਰਦ ਬਾਰਨ ਜਿਉ ਨਿਰਵਾਰ ਮਹਾਂ ਬਲ ਧਾਰ ਤਬੈ ਇਹ ਕੀਆ॥**
**ਪਾਨ ਲੈ ਬਾਨ ਕਮਾਨ ਕੋ ਤਾਨ ਸੰਘਾਹ ਸਨੇਹ ਤੇ ਸ੍ਰਉਨਤ ਪੀਆ॥**
**ਏਕ ਗਏ ਕੁਮਲਾਇ ਪਰਾਇ ਕੈ ਏਕਨ ਕੋ ਧਰਕਿਓ ਤਨ ਹੀਆ॥**
**ਚੰਡ ਕੇ ਬਾਨ ਕਿਧੋ ਕਰ ਭਾਨਹਿ ਦੇਖਿਕੈ ਦੈਤ ਗਈ ਦੁਤ ਦੀਆ॥ ੧੫੦॥**

ਪਦ ਅਰਥ - ਕਰਿ=ਕਿਰਨਾਂ। ਭਾਨਹਿ=ਸੂਰਜ। ਦੁਤ=ਰੌਸ਼ਨੀ। ਦੀਆ=ਦੀਵਾ।

ਫਿਰ ਬੱਦਲ ਵਰਗੇ ਹਾਥੀਆਂ ਨੂੰ ਨਾਸ ਕਰਕੇ ਦੁਰਗਾ ਨੇ ਬੜਾ ਬਲ ਧਾਰਕੇ ਇਹ ਕੰਮ ਕੀਤਾ। ਆਪਣੇ ਹੱਥ ਵਿਚ ਦੁਰਗਾ ਨੇ ਕਮਾਨ ਲੈ ਕੇ ਤੀਰ ਮਾਰਿਆ ਤੇ ਬੜੇ ਪ੍ਰੇਮ ਨਾਲ ਲਹੂ ਪੀਤਾ। ਇਹ ਨਜ਼ਾਰਾ ਵੇਖਕੇ ਕਈ ਤਾਂ ਘਬਰਾਕੇ ਭੱਜ ਗਏ ਤੇ ਕਈਆਂ ਦੇ ਕਲੇਜੇ ਧੜਕਣ ਲੱਗ ਪਏ। ਦੁਰਗਾ ਦੇ ਤੀਰ ਮਾਨੋ ਸੂਰਜ ਦੀਆਂ ਕਿਰਨਾਂ ਸਨ ਜਿਨ੍ਹਾਂ ਨੂੰ ਵੇਖਕੇ ਦੈਂਤ ਰੂਪ ਦੀਵੇ ਦੀ ਰੌਸ਼ਨੀ ਫਿੱਕੀ ਪੈ ਗਈ ਸੀ॥ ੧੫੦॥

**ਲੈ ਕਰ ਮੈ ਅਸਿ ਕੋਪ ਭਈ ਅਤਿ ਧਾਰ ਮਹਾਂਬਲ ਕੋ ਰਨ ਪਾਰਿਓ॥**
**ਦਉਰ ਕੈ ਠਉਰ ਹਤੇ ਬਹੁ ਦਾਨਵ ਏਕ ਗਇੰਦ੍ਰ ਬਡੋ ਰਨ ਮਾਰਿਓ॥**
**ਕਉਤਕਿ ਤਾ ਛਬਿ ਕੋ ਰਨ ਪੇਖ ਤਬੈ ਕਬਿ ਇਉ ਮਨ ਮੱਧਿ ਬਿਚਾਰਿਓ॥**
**ਸਾਗਰ ਬਾਂਧਨ ਕੇ ਸਮਏ ਨਲ ਮਾਨੋ ਪਹਾਰ ਉਖਾਰ ਕੇ ਡਾਰਿਓ॥ ੧੫੧॥**

ਦੁਰਗਾ ਨੇ ਹੱਥ ਵਿਚ ਤਲਵਾਰ ਲੈ ਕੇ ਕਰੋਧ ਨਾਲ ਬਲ ਧਾਰਕੇ ਘਮਸਾਨ ਦਾ ਯੁੱਧ ਕੀਤਾ। ਦੁਰਗਾ ਨੇ ਬੜੀ ਫੁਰਤੀ ਨਾਲ ਆਪਣੀ ਥਾਂ ਦੌੜਕੇ ਬਹੁਤ ਸਾਰੇ ਦੈਂਤਾਂ ਵਿਚੋਂ ਇਕ ਹਾਥੀ ਤੇ ਸਵਾਰ ਦੈਂਤ ਨੂੰ ਜਾ ਮਾਰਿਆ। ਰਣਭੂਮੀ ਵਿਚ ਇਸ ਸੁੰਦਰ ਨਜ਼ਾਰੇ ਨੂੰ ਵੇਖਕੇ ਕਵੀ ਨੇ ਆਪਣੇ ਮਨ ਵਿਚ ਇਉਂ ਵਿਚਾਰਿਆ ਕਿ ਮਾਨੋ ਸਮੁੰਦਰ ਤੇ ਪੁਲ ਬੰਨ੍ਹਣ ਸਮੇਂ ਨਲ ਨੇ ਪਹਾੜ ਨੂੰ ਪੁੱਟਕੇ ਸਮੁੰਦਰ ਵਿਚ ਸੁੱਟ ਦਿੱਤਾ ਹੋਵੇ॥ ੧੫੧॥

**ਦੋਹਰਾ॥ ਮਾਰ ਜਬੈ ਸੈਨਾ ਲਈ ਤਬੈ ਦੈਤ ਇਹ ਕੀਨ**
**ਸ਼ਸਤਰ ਧਾਰ ਕਰ ਚੰਡ ਕੇ ਬਧਿਬੇ ਕੋ ਮਨ ਦੀਨ॥ ੧੫੨॥**

ਜਦੋਂ ਦੁਰਗਾ ਨੇ ਰਕਤਬੀਜ ਦੀ ਬਹੁਤ ਸਾਰੀ ਸੈਨਾ ਮਾਰ ਕੇ ਖਤਮ ਕਰ ਦਿੱਤੀ, ਤਦ ਉਸ ਨੇ ਇਹ ਕੰਮ ਕੀਤਾ ਕਿ ਸ਼ਸਤਰ ਧਾਰਨ ਕੀਤੇ ਤੇ ਚੰਡਕਾ ਨੂੰ ਮਾਰਨ ਦਾ ਯਤਨ ਕੀਤਾ॥ ੧੫੨॥

**ਸਵੈਯਾ॥ ਬਾਹਨਿ ਸਿੰਘ ਭਿਆਨਕ ਰੂਪ ਲਖਿਓ ਸਭ ਦੈਤ ਮਹਾਂ ਡਰਪਾਇਓ॥**
**ਸੰਖ ਲੀਏ ਕਰ ਚੱਕ੍ਰ ਅਉ ਬੱਕ੍ਰ ਸਰਾਸਨ ਪੱਤ੍ਰ ਬਚਿੱਤ੍ਰ ਬਨਾਇਓ॥**

**ਧਾਇ ਭੁਜਾ ਬਲ ਆਪਨ ਹ੍ਵੈ ਹਮ ਸੋ ਤਿਨ ਯੌ ਅਤਿ ਜੁੱਧੁ ਮਚਾਇਓ ॥**
**ਕ੍ਰੁੱਧ ਕੈ ਸ੍ਰਉਣਤ ਬਿੰਦ ਕਹੈ ਰਨ ਇਆਹੀ ਤੇ ਚੰਡਕਾ ਨਾਮ ਕਹਾਇਓ ॥ ੧੫੩ ॥**

ਪਦ ਅਰਥ - ਚੰਡਕਾ=ਬੜੇ ਉੱਗ੍ਰ ਸੁਭਾਅ ਵਾਲੀ। ਬਾਹਨਿ ਸਿੰਘ=ਸ਼ੇਰ ਦੀ ਸਵਾਰੀ ਕਰਨ ਵਾਲੀ ਦੁਰਗਾ।

ਸ਼ੇਰ ਦੀ ਸਵਾਰੀ ਕਰਨ ਵਾਲੀ ਦੁਰਗਾ ਦਾ ਭਿਆਨਕ ਰੂਪ ਵੇਖਕੇ ਸਾਰੇ ਦੈਂਤ ਡਰ ਗਏ। ਦੁਰਗਾ ਨੇ ਆਪਣੇ ਹੱਥ ਵਿਚ ਸੰਖ ਤੇ ਚੱਕਰ ਫੜਿਆ ਹੋਇਆ ਸੀ ਤੇ ਬੜਾ ਸੁੰਦਰ ਧਨੁਖ ਤੇ ਬਾਣ ਵੀ ਧਾਰਨ ਕੀਤਾ ਹੋਇਆ ਸੀ। ਰਕਤਬੀਜ ਭੱਜਕੇ ਅਗੇ ਆਇਆ ਤੇ ਉਸ ਨੇ ਦੁਰਗਾ ਨੂੰ ਕਿਹਾ ਕਿ ਜੇ ਤੇਰੀਆਂ ਬਾਹਾਂ ਵਿਚ ਬਲ ਹੈ ਤਾਂ ਮੇਰੇ ਨਾਲ ਸਾਹਮਣੇ ਆ ਕੇ ਜੰਗ ਕਰ। ਦੁਰਗਾ ਨੇ ਬੜੇ ਕਰੋਧ ਨਾਲ ਰਕਤਬੀਜ ਨੂੰ ਉੱਤਰ ਦਿੱਤਾ ਕਿ ਤੇਰੇ ਵਰਗਿਆਂ ਨਾਲ ਜੁੱਧ ਕਰਨ ਵਾਸਤੇ ਹੀ ਮੈਂ ਆਪਣਾ ਨਾਂ ਚੰਡਕਾ ਕਹਾਇਆ ਹੈ॥੧੫੩॥

**ਮਾਰਿ ਲਇਓ ਦਲਿ ਅਉਰ ਭਜਿਓ ਤਬ ਕੋਪ ਕੈ ਆਪਨ ਹੀ ਸੁ ਭਿਰਿਓ ਹੈ ॥**
**ਚੰਡਿ ਪ੍ਰਚੰਡਿ ਸੋ ਜੁੱਧੁ ਕਰਿਓ ਅਸ ਹਾਥਿ ਛੁਟਿਓ ਮਨ ਨਾਹਿ ਗਿਰਿਓ ਹੈ ॥**
**ਲੈ ਕੈ ਕੁਵੰਡ ਕਰੰ ਬਲ ਧਾਰਕੈ ਸ੍ਰੋਨ ਸਮੂਹ ਮੈ ਐਸੇ ਤਰਿਓ ਹੈ ॥**
**ਦੇਵ ਅਦੇਵ ਸਮੁੰਦ੍ਰ ਮਥਿਓ ਮਾਨੋ ਮੇਰ ਕੋ ਮੱਧਿ ਧਰਿਓ ਸੁ ਫਿਰਿਓ ਹੈ ॥ ੧੫੪ ॥**

ਜਦੋਂ ਦੁਰਗਾ ਨੇ ਦੈਂਤਾਂ ਦੀ ਬਹੁਤ ਸਾਰੀ ਸੈਨਾ ਮਾਰ ਦਿੱਤੀ ਤਾਂ ਬਾਕੀ ਰਹਿੰਦੀ ਫੌਜ ਭੱਜ ਗਈ। ਤਦ ਰਕਤਬੀਜ ਬੜੇ ਕਰੋਧ ਨਾਲ ਆਪ ਹੀ ਜੰਗ ਕਰਨ ਲੱਗਾ। ਬੜੇ ਤੇਜ ਵਾਲੀ ਦੁਰਗਾ ਨਾਲ ਰਕਤਬੀਜ ਨੇ ਐਸਾ ਜੁੱਧ ਕੀਤਾ ਕਿ ਉਸ ਦੇ ਹਥੋਂ ਤਲਵਾਰ ਡਿੱਗ ਪਈ, ਪਰ ਫਿਰ ਵੀ ਉਸ ਨੇ ਮਨ ਨਹੀਂ ਹਾਰਿਆ। ਰਕਤਬੀਜ ਹੱਥ ਵਿਚ ਧਨੁਖ ਲੈ ਕੇ ਬੜਾ ਬਲ ਧਾਰਕੇ ਲਹੂ ਦੇ ਸਮੂਹ ਵਹਿਣ ਵਿਚ ਇਉਂ ਤਰਿਆ ਜਿਵੇਂ ਦੇਵਤਿਆਂ ਤੇ ਦੈਂਤਾਂ ਨੇ ਸਮੁੰਦਰ ਮਥਣ ਸਮੇਂ ਵਿਚਾਲੇ ਪਹਾੜ ਨੂੰ ਧਰਿਆ ਹੋਇਆ ਸੀ ਭਾਵ ਜਿਸ ਤਰ੍ਹਾਂ ਸਮੁੰਦਰ ਵਿਚ ਪਹਾੜ ਫਿਰਦਾ ਸੀ, ਇਸੇ ਤਰ੍ਹਾਂ ਰਕਤਬੀਜ ਲਹੂ ਵਿਚ ਫਿਰ ਰਿਹਾ ਸੀ॥੧੫੪॥

**ਕ੍ਰੁੱਧ ਕੈ ਜੁੱਧ ਕੋ ਦੈਤ ਬਲੀ ਨਦ ਸ੍ਰੋਨ ਕੈ ਪੈਰ ਕੇ ਪਾਰ ਪਧਾਰਿਓ ॥**
**ਲੈ ਕਰਵਾਰ ਅਉ ਢਾਰ ਸੰਭਾਰ ਕੇ ਸਿੰਘ ਕੋ ਦਉਰ ਕੈ ਜਾਇ ਹਕਾਰਿਓ ॥**
**ਆਵਤ ਪੇਖਿਕੈ ਚੰਡ ਕੁਵੰਡ ਤੇ ਬਾਨ ਲਗਿਓ ਤਨ ਮੂਰਛ ਪਾਰਿਓ ॥**
**ਰਾਮ ਕੇ ਭ੍ਰਾਤਨ ਜਿਉ ਹਾਨੂਮਾਨ ਕੋ ਸੈਲ ਸਮੇਤ ਧਰਾ ਪਰ ਡਾਰਿਓ ॥ ੧੫੫ ॥**

ਬਲਵਾਨ ਦੈਂਤ ਨੇ ਬੜੇ ਕਰੋਧ ਨਾਲ ਜੰਗ ਕੀਤਾ ਤੇ ਲਹੂ ਦੇ ਸਮੁੰਦਰ ਨੂੰ ਤਰ ਕੇ ਪਾਰ

ਲੰਘ ਗਿਆ। ਉਸ ਨੇ ਹੱਥ ਵਿਚ ਤਲਵਾਰ ਤੇ ਢਾਲ ਲੈ ਕੇ ਦੌੜਕੇ ਦੁਰਗਾ ਦੇ ਸ਼ੇਰ ਨੂੰ ਜਾ ਲਲਕਾਰਿਆ। ਰਕਤਬੀਜ ਨੂੰ ਆਪਣੇ ਵਲ ਆਉਂਦਾ ਵੇਖਕੇ ਦੁਰਗਾ ਨੇ ਇਕ ਤੀਰ ਛਡਿਆ, ਤੀਰ ਲਗਣ ਨਾਲ ਰਕਤਬੀਜ ਬੇਸੁਧ ਹੋ ਗਿਆ ਤੇ ਇਸ ਤਰ੍ਹਾਂ ਧਰਤੀ ਤੇ ਡਿੱਗ ਪਿਆ ਜਿਸ ਤਰ੍ਹਾਂ ਸ੍ਰੀ ਰਾਮ ਜੀ ਦੇ ਛੋਟੇ ਭਰਾ ਭਰਥ ਨੇ ਪਹਾੜ ਸਮੇਤ ਹਨੂੰਮਾਨ ਨੂੰ ਧਰਤੀ ਤੇ ਸੁਟ ਦਿੱਤਾ ਸੀ॥ ੧੫੫॥

**ਸਵੈਯਾ॥ ਫੇਰਿ ਉਠਿਓ ਕਰ ਲੈ ਕਰਵਾਰ ਕੋ ਚੰਡ ਪ੍ਰਚੰਡ ਸਿਉ ਜੁੱਧੁ ਕਰਿਓ ਹੈ॥**
**ਘਾਇਲ ਕੈ ਤਨ ਕੇਹਰਿ ਤੇ ਬਹਿ ਸ੍ਰੋਉਨ ਸਮੂਹ ਧਰਾਨ ਪਰਿਓ ਹੈ॥**
**ਸੋ ਉਪਮਾ ਕਬਿ ਨੇ ਬਰਨੀ ਮਨ ਕੀ ਹਰਨੀ ਤਿਹ ਨਾਉ ਧਰਿਓ ਹੈ॥**
**ਗੇਰੂ ਨਗੰ ਪਰ ਕੈ ਬਰਖਾ ਧਰਨੀ ਪਰਿ ਮਾਨਹੁ ਰੰਗ ਢਰਿਓ ਹੈ॥ ੧੫੬॥**

ਰਕਤਬੀਜ ਦੀ ਮੂਰਛਾ ਦੂਰ ਹੋਈ ਤਾਂ ਉਹ ਫੇਰ ਉਠਿਆ ਤੇ ਤਲਵਾਰ ਲੈ ਕੇ ਬੜੇ ਜ਼ੋਰ ਨਾਲ ਦੁਰਗਾ ਨਾਲ ਜੰਗ ਕਰਨ ਲੱਗਾ। ਉਸ ਨੇ ਵਾਰ ਕਰਕੇ ਦੁਰਗਾ ਦੇ ਸ਼ੇਰ ਨੂੰ ਜ਼ਖਮੀ ਕਰ ਦਿੱਤਾ, ਜਿਸ ਕਰਕੇ ਸ਼ੇਰ ਦੇ ਸਰੀਰ ਵਿਚੋਂ ਲਹੂ ਵਗ ਕੇ ਧਰਤੀ ਤੇ ਪੈ ਰਿਹਾ ਸੀ। ਉਸ ਦ੍ਰਿਸ਼ ਦੀ ਜਿਹੜੀ ਉਪਮਾ ਕਵੀ ਨੇ ਵਰਣਨ ਕੀਤੀ ਹੈ, ਉਸ ਦਾ ਨਾਂ 'ਮਨ ਨੂੰ ਹਰਨ ਵਾਲੀ' ਰਖਿਆ ਹੈ। ਇਉਂ ਪ੍ਰਤੀਤ ਹੋ ਰਿਹਾ ਸੀ, ਜਿਵੇਂ ਗੇਰੂ ਦੇ ਪਹਾੜ ਤੇ ਵਰਖਾ ਹੋਣ ਨਾਲ ਪਹਾੜ ਵਿਚੋਂ ਰੰਗ ਵਹਿ ਰਿਹਾ ਹੋਵੇ॥ ੧੫੬॥

**ਸ੍ਰੋਣਤ ਬਿੰਦੁ ਸੋ ਚੰਡ ਪ੍ਰਚੰਡ ਸੁ ਜੁੱਧੁ ਕਰਿਓ ਰਨ ਮੱਧਿ ਰੁਹੇਲੀ॥**
**ਪੈ ਦਲ ਮੈ ਦਲ ਮੀਜ ਦਇਓ ਤਿਲ ਤੇ ਜਿਮੁ ਤੇਲ ਨਿਕਾਰਤ ਤੇਲੀ॥**
**ਸ੍ਰੋਉਨ ਪਰਿਓ ਧਰਨੀ ਪਰ ਚ੍ਵੈ ਰੰਗਰੇਜ਼ ਕੀ ਰੈਨੀ ਜਿਉ ਫੂਟ ਕੈ ਫੈਲੀ॥**
**ਘਾਉ ਲਸੈ ਤਨ ਦੈਤ ਕੇ ਯੌ ਜਨ ਦੀਪਕ ਮੱਧਿ ਫਨੂਸ ਕੀ ਥੈਲੀ॥ ੧੫੭॥**

ਪਦ ਅਰਥ - ਰੰਗਰੇਜ=ਲਲਾਰੀ। ਰੈਨੀ=ਰੰਗ ਦੀ ਮਟਕੀ।

ਬੜੇ ਗੁਸੇ ਨਾਲ ਭਰੀ ਚੰਡਕਾ ਨੇ ਰਕਤਬੀਜ ਨਾਲ ਬੜਾ ਘਮਸਾਨ ਦਾ ਜੰਗ ਕੀਤਾ। ਦੁਰਗਾ ਨੇ ਪਿਆਦਾ ਫੌਜ ਤੇ ਘੋੜ ਅਸਵਾਰ ਰਕਤਬੀਜ ਦੀ ਸੈਨਾ ਨੂੰ ਇਉਂ ਨਪੀੜ ਦਿੱਤਾ, ਜਿਵੇਂ ਤੇਲੀ ਤੇਲ ਕਢਣ ਲਈ ਤਿਲਾਂ ਨੂੰ ਕੋਹਲੂ ਵਿਚ ਨਪੀੜ ਦੇਂਦਾ ਹੈ। ਘਾਇਲ ਹੋਏ ਸੂਰਮਿਆਂ ਦਾ ਲਹੂ ਇਉਂ ਚੋ ਰਿਹਾ ਸੀ ਜਿਵੇਂ ਲਲਾਰੀ ਦੀ ਰੰਗ ਦੀ ਮਟਕੀ ਟੁੱਟ ਜਾਣ ਤੇ ਰੰਗ ਧਰਤੀ ਤੇ ਫੈਲ ਜਾਂਦਾ ਹੈ। ਦੈਂਤਾਂ ਦੇ ਸਰੀਰਾਂ ਤੇ ਲਗੇ ਜ਼ਖਮ ਇਉਂ ਚਮਕਦੇ ਸਨ, ਜਿਵੇਂ ਦੀਵਿਆਂ ਦੇ ਵਿਚ ਫਾਨੂਸ ਦੀ ਥੈਲੀ ਸ਼ੋਭਾ ਪਾ ਰਹੀ ਹੋਵੇ॥ ੧੫੭॥

**ਸ੍ਰੋਣਤ ਬਿੰਦ ਕੋ ਸ੍ਰੋਉਨ ਪਰਿਓ ਧਰਿ ਸ੍ਰੋਉਨਤਾ ਬਿੰਦ ਅਨੇਕ ਭਏ ਹੈ॥**
**ਚੰਡਿ ਪ੍ਰਚੰਡਿ ਕੁਵੰਡਿ ਸੰਭਾਰਿ ਕੈ ਬਾਨਨਿ ਸਾਥ ਸੰਘਾਰ ਦਏ ਹੈ॥**

**ਸ੍ਰੋਣ ਸਮੂਹ ਸਮਾਇ ਗਏ ਬਹੁਰੋ ਸੁ ਭਏ ਹਤਿ ਫੇਰਿ ਲਏ ਹੈ॥**
**ਬਾਰਦ ਧਾਰ ਪਰੈ ਧਰਨੀ ਮਾਨੋ ਬਿੰਬਰ ਹ੍ਵੈ ਮਿਟ ਕੈ ਜੁ ਗਏ ਹੈ॥ ੧੫੮॥**

ਰਕਤਬੀਜ ਦੇ ਸਰੀਰ ਵਿਚੋਂ ਚੋ ਚੋ ਕੇ ਲਹੂ ਧਰਤੀ ਉੱਤੇ ਪਿਆ ਤਾਂ ਉਸ ਲਹੂ ਦੀਆਂ ਬੂੰਦਾਂ ਵਿਚੋਂ ਅਨੇਕਾਂ ਰਕਤਬੀਜ ਪੈਦਾ ਹੋ ਗਏ। ਦੁਰਗਾ ਨੇ ਆਪਣਾ ਧਨੁਖ ਫੜਕੇ ਤੀਰ ਮਾਰ ਮਾਰ ਕੇ ਸਾਰਿਆਂ ਨੂੰ ਮਾਰ ਦਿੱਤਾ। ਚੰਡਕਾ ਦੇ ਤੀਰਾਂ ਨਾਲ ਸਾਰੇ ਰਕਤਬੀਜ ਮਰ ਗਏ ਤਾਂ ਉਸ ਲਹੂ ਵਿਚੋਂ ਉਹ ਹੋਰ ਪੈਦਾ ਹੋ ਗਏ। ਦੁਰਗਾ ਉਹਨਾਂ ਨੂੰ ਵੀ ਨਾਸ ਕਰ ਦਿੱਤਾ। ਉਹ ਰਕਤਬੀਜ ਇਉਂ ਪੈਦਾ ਹੁੰਦੇ ਤੇ ਮਰਦੇ ਜਾਂਦੇ ਸਨ, ਜਿਵੇਂ ਬੱਦਲਾਂ ਦੇ ਵਸਣ ਨਾਲ ਧਰਤੀ ਤੇ ਪਾਣੀ ਦੀ ਧਾਰ ਪੈਣ ਨਾਲ ਬੁਲਬੁਲੇ ਬਣਦੇ ਤੇ ਮਿਟਦੇ ਜਾਂਦੇ ਹਨ॥ ੧੫੮॥

**ਸਵੈਯਾ॥ ਜੇਤਕ ਸ੍ਰੋਣ ਕੀ ਬੂੰਦ ਗਿਰੈ ਰਨ ਤੇਤਕ ਸ੍ਰੋਣਤ ਬਿੰਦ ਹ੍ਵੈ ਆਈ॥**
**ਮਾਰ ਹੀ ਮਾਰ ਪੁਕਾਰ ਹਕਾਰ ਕੈ ਚੰਡਿ ਪ੍ਰਚੰਡਿ ਕੈ ਸਾਮੁਹਿ ਧਾਈ॥**
**ਪੇਖਿਕੈ ਕੌਤਕਿ ਤਾ ਛਿਨ ਮੈ ਕਵਿ ਨੇ ਮਨ ਮੈ ਉਪਮਾ ਠਹਰਾਈ॥**
**ਮਾਨਹੁ ਸ਼ੀਸ਼ ਮਹੱਲ ਕੈ ਬੀਚ ਸੁ ਮੂਰਤਿ ਏਕ ਅਨੇਕ ਕੀ ਝਾਈ॥ ੧੫੯॥**

ਰਕਤਬੀਜ ਦੇ ਸਰੀਰ ਵਿਚੋਂ ਜਿੰਨੀਆਂ ਲਹੂ ਦੀਆਂ ਬੂੰਦਾਂ ਰਣਭੂਮੀ ਵਿਚ ਡਿੱਗਦੀਆਂ ਸਨ, ਓਨੇ ਹੀ ਰਕਤਬੀਜ ਹੋਰ ਪੈਦਾ ਹੋ ਜਾਂਦੇ ਸਨ। 'ਮਾਰ ਲੋ, ਮਾਰ ਲੋ' ਦੇ ਲਲਕਾਰੇ ਮਾਰਦੇ ਹੋਏ ਉਹ ਨਵੇਂ ਬਣੇ ਰਕਤਬੀਜ ਦੁਰਗਾ ਦੇ ਸਾਹਮਣੇ ਜੰਗ ਕਰਨ ਲਈ ਧਾਵਾ ਕਰਕੇ ਆਉਂਦੇ ਸਨ। ਉਸ ਸਮੇਂ ਦੇ ਇਸ ਤਮਾਸ਼ੇ ਨੂੰ ਵੇਖਕੇ ਕਵੀ ਨੇ ਆਪਣੇ ਮਨ ਵਿਚ ਇਹ ਉਪਮਾ ਬਣਾਈ ਹੈ। ਇਉਂ ਜਾਣੋਂ ਜਿਵੇਂ ਸ਼ੀਸ਼ ਮਹੱਲ ਵਿਚ ਇਕੋ ਮੂਰਤ ਅਨੇਕਾਂ ਮੂਰਤਾਂ ਬਣ ਕੇ ਦਿਖਾਈ ਦੇ ਰਹੀ ਹੋਵੇ॥ ੧੫੯॥

**ਸ੍ਰੋਣਤ ਬਿੰਦ ਅਨੇਕ ਉਠੇ ਰਨ ਕ੍ਰੁਧ ਕੈ ਜੁੱਧ ਕੋ ਫੇਰ ਜੁਟੈ ਹੈ॥**
**ਚੰਡਿ ਪ੍ਰਚੰਡਿ ਕਮਾਨ ਤੇ ਬਾਨ ਸੁ ਭਾਨ ਕੀ ਅੰਸ ਸਮਾਨ ਛੁਟੇ ਹੈ॥**
**ਮਾਰ ਬਿਦਾਰ ਦਏ ਸੁ ਭਏ ਫਿਰ ਲੈ ਮੁੰਗਰਾ ਜਿਮੁ ਧਾਨ ਕੁਟੇ ਹੈ॥**
**ਚੰਡਦਏ ਸਿਰ ਖੰਡ ਜੁਦੋ ਕਰਿ ਬਿੱਲਨ ਤੇ ਜਨ ਬਿੱਲ ਤੁਟੇ ਹੈ॥ ੧੬੦॥**

ਪਦ ਅਰਥ - ਭਾਨ ਕੀ ਅੰਸ=ਸੂਰਜ ਦੀਆਂ ਕਿਰਨਾਂ।

ਰਣਭੂਮੀ ਵਿਚ ਅਨੇਕਾਂ ਨਵੇਂ ਰਕਤਬੀਜ ਉਠ ਕੇ ਖੜੇ ਹੋ ਰਹੇ ਸਨ ਤੇ ਬੜੇ ਕਰੋਧ ਨਾਲ ਜੰਗ ਕਰ ਰਹੇ ਸਨ। ਦੁਰਗਾ ਦੇ ਕਰੜੇ ਧਨੁਖ ਤੋਂ ਸੂਰਜ ਦੀਆਂ ਕਿਰਨਾਂ ਵਾਂਗੂੰ ਤੀਰ ਚਲ ਰਹੇ ਸਨ। ਦੁਰਗਾ ਨੇ ਉਨ੍ਹਾਂ ਸਾਰੇ ਨਵੇਂ ਪੈਦਾ ਹੋਏ ਰਕਤਬੀਜਾਂ ਨੂੰ ਮਾਰ ਕੇ ਖਤਮ ਕਰ ਦਿੱਤਾ, ਉਹ ਫਿਰ ਪੈਦਾ ਹੋ ਗਏ। ਚੰਡਕਾ ਦੁਰਗਾ ਉਹਨਾਂ ਨੂੰ ਇਉਂ ਮਾਰਦੀ ਸੀ, ਜਿਵੇਂ ਕੋਈ ਇਸਤਰੀ ਮੋਹਲਾ ਲੈ ਕੇ ਧਾਨ ਕੁੱਟਦੀ ਹੈ।

ਨੇ ਆਪਣੇ ਖੰਡੇ ਨਾਲ ਰਕਤਬੀਜਾਂ ਦੇ ਸਿਰ ਇਉਂ ਕੱਟ ਕੱਟਕੇ ਧਰਤੀ ਤੇ ਸੁਟੇ ਸਨ, ਜਿਵੇਂ ਬਿੱਲ ਦੇ ਬ੍ਰਿਛਾਂ ਨਾਲੋਂ ਬਿੱਲ ਦੇ ਫਲ ਟੁੱਟ ਟੁੱਟ ਕੇ ਧਰਤੀ ਤੇ ਡਿੱਗਦੇ ਹਨ॥ ੧੯੦॥

**ਸ੍ਰੋਣਤ ਬਿੰਦ ਅਨੇਕ ਭਏ ਅਸਿ ਲੈ ਕਰਿ ਚੰਡਿ ਸੁ ਐਸੇ ਉਠੇ ਹੈ॥**
**ਬੂੰਦਨ ਤੇ ਉਠਿਕੈ ਬਹੁ ਦਾਨਵ ਬਾਨਨ ਬਾਰਦ ਜਾਨ ਵੁਠੇ ਹੈ॥**
**ਫੇਰਿ ਕੁਵੰਡਿ ਪ੍ਰਚੰਡਿ ਸੰਭਾਰਕੈ ਬਾਨ ਪ੍ਰਹਾਰ ਸੰਘਾਰ ਸੁਟੇ ਹੈ॥**
**ਐਸੇ ਉਠੇ ਫਿਰ ਸ੍ਰੋਣ ਤੇ ਦੈਤ ਸੁ ਮਾਨਹੁ ਸੀਤ ਤੇ ਰੋਮ ਉਠੇ ਹੈ॥ ੧੯੧॥**

ਅਨੇਕਾਂ ਰਕਤਬੀਜ ਪੈਦਾ ਹੋ ਕੇ ਹੱਥ ਵਿਚ ਤਲਵਾਰਾਂ ਫੜਕੇ ਦੁਰਗਾ ਵਲ ਉੱਠ ਉੱਠ ਆ ਰਹੇ ਸਨ। ਲਹੂ ਦੀਆਂ ਬੂੰਦਾਂ ਤੋਂ ਬੇਅੰਤ ਦੈਂਤ ਪੈਦਾ ਹੋ ਹੋ ਕੇ ਇਉਂ ਤੀਰ ਚਲਾ ਰਹੇ ਸਨ, ਜਿਵੇਂ ਬੱਦਲ ਵਸ ਰਿਹਾ ਹੋਵੇ। ਦੁਰਗਾ ਨੇ ਧਨੁੱਖ ਫੜਕੇ, ਤੀਰ ਮਾਰ ਮਾਰਕੇ ਉਹਨਾਂ ਸਾਰਿਆਂ ਰਕਤਬੀਜਾਂ ਨੂੰ ਮਾਰ ਦਿੱਤਾ। ਬਾਰ ਬਾਰ ਲਹੂ ਦੀਆਂ ਬੂੰਦਾਂ ਤੋਂ ਪੈਦਾ ਹੋ ਕੇ ਦੈਂਤ ਇਉਂ ਖੜੇ ਹੋ ਰਹੇ ਸਨ, ਮਾਨੋ ਠੰਢ ਨਾਲ ਰੋਮ ਖੜੇ ਹੋ ਗਏ ਸਨ॥ ੧੯੧॥

**ਸਵੈਯਾ॥ ਸ੍ਰੋਣਤ ਬਿੰਦ ਭਏ ਇਕਠੇ ਬਰਚੰਡ ਪ੍ਰਚੰਡ ਕੋ ਘੇਰਿ ਲਇਓ ਹੈ॥**
**ਚੰਡ ਅਉ ਸਿੰਘ ਦੁਹੂ ਮਿਲਿਕੈ ਸਭ ਦੈਤਨ ਕੋ ਦਲ ਮਾਰ ਦਇਓ ਹੈ॥**
**ਫੇਰਿ ਉਠੇ ਧੁਨ ਕੋ ਕਰਿਕੈ ਸੁਨਿ ਕੇ ਮੁਨਿ ਕੋ ਛੁਟਿ ਧਯਾਨੁ ਗਇਓ ਹੈ॥**
**ਭੂਲ ਗਏ ਸੁਰ ਕੇ ਅਵਸਾਨ ਗੁਮਾਨ ਨ ਸ੍ਰੋਣਤ ਬਿੰਦ ਗਇਓ ਹੈ॥ ੧੯੨॥**

ਰਕਤ ਦੀਆਂ ਬੂੰਦਾਂ ਤੋਂ ਜਿੰਨੇ ਨਵੇਂ ਰਕਤਬੀਜ ਬਣੇ ਸਨ, ਉਹਨਾਂ ਸਾਰਿਆਂ ਨੇ ਇੱਕਠੇ ਹੋ ਕੇ ਬੜੇ ਬਲ ਨਾਲ ਚੰਡਕਾ ਨੂੰ ਚੌਂਹਾਂ ਪਾਸਿਆਂ ਤੋਂ ਘੇਰ ਲਿਆ। ਦੁਰਗਾ ਤੇ ਸ਼ੇਰ, ਦੋਹਾਂ ਨੇ ਮਿਲਕੇ ਦੈਂਤਾਂ ਦੀ ਸਾਰੀ ਸੈਨਾ ਨੂੰ ਨਾਸ ਕਰ ਦਿੱਤਾ। ਰਕਤ ਦੀਆਂ ਬੂੰਦਾਂ ਤੋਂ ਫਿਰ ਅਨੇਕਾਂ ਰਕਤਬੀਜ ਪੈਦਾ ਹੋ ਕੇ ਉਠ ਖੜੇ ਹੋਏ, ਉਹਨਾਂ ਦੇ ਹੱਲੇ ਗੁੱਲੇ ਨੂੰ ਸੁਣਕੇ ਮੁਨੀਆਂ ਦੇ ਧਿਆਨ ਸਮਾਧੀਆਂ ਟੁੱਟ ਗਏ। ਰਕਤਬੀਜ ਦਾ ਇਹ ਭਿਆਨਕ ਰੂਪ ਵੇਖਕੇ ਦੇਵਤਿਆਂ ਦੇ ਹੋਸ਼ ਹਵਾਸ ਗੁੰਮ ਹੋ ਗਏ, ਪਰ ਰਕਤਬੀਜ ਦਾ ਘੁਮੰਡ ਨਾਸ ਨਾ ਹੋਇਆ॥ ੧੯੨॥

**ਦੋਹਰਾ॥ ਰਕਤਬੀਜ ਸੋ ਚੰਡਕਾ ਇਉ ਕੀਨੋ ਬਰ ਜੁੱਧੁ॥**
**ਅਗਨਤ ਭਏ ਦਾਨਵ ਤਬੈ ਕਛੁ ਨ ਬਸਾਇਓ ਕ੍ਰੁੱਧ॥ ੧੯੩॥**

ਰਕਤਬੀਜ ਦੈਂਤ ਨਾਲ ਦੇਵੀ ਨੇ ਇਸ ਤਰ੍ਹਾਂ ਦਾ ਭਿਆਨਕ ਜੰਗ ਕੀਤਾ, ਜਿਸ ਤੋਂ ਬੇਸ਼ੁਮਾਰ ਦੈਂਤ ਪੈਦਾ ਹੋ ਕੇ ਜੰਗ ਲਈ ਮੈਦਾਨ ਵਿਚ ਆ ਗਏ। ਉਹਨਾਂ ਸਾਹਮਣੇ ਦੇਵੀ ਦੇ ਕਰੋਧ ਦਾ ਵੀ ਕੋਈ ਵਸ ਨਾ ਚਲਿਆ॥ ੧੯੩॥

ਸਵੈਯਾ॥ ਪੇਖਿ ਦਸੋ ਦਿਸ ਤੇ ਬਹੁ ਦਾਨਵ ਚੰਡ ਪ੍ਰਚੰਡ ਤਚੀ ਅਖੀਆਂ॥
ਤਬ ਲੈ ਕੇ ਕ੍ਰਿਪਾਨ ਜੁ ਕਾਟ ਦਏ ਅਰਿ ਫੂਲ ਗੁਲਾਬ ਕੀ ਜਿਉ ਪਖੀਆ॥
ਸ੍ਰੋਣਿਤ ਕੀ ਛੀਟ ਪਰੀ ਤਨ ਚੰਡ ਕੇ ਸੋ ਉਪਮਾ ਕਵਿ ਨੇ ਲਖੀਆਂ॥
ਜਨੁ ਕੰਚਨ ਮੰਦਰ ਮੈ ਜਰੀਆ ਜਰਿ ਲਾਲ ਮਨੀ ਜੁ ਬਨਾ ਰਖੀਆਂ॥ ੧੬੪॥

ਤੇਜਵਾਨ ਦੁਰਗਾ ਨੇ ਦਸਾਂ ਦਿਸ਼ਾਂ ਵਿਚ ਬੇਸ਼ੁਮਾਰ ਦੈਂਤਾਂ ਨੂੰ ਵੇਖਕੇ ਆਪਣੀਆਂ ਅੱਖਾਂ ਕਰੋਧ ਨਾਲ ਲਾਲ ਕਰ ਲਈਆਂ। ਤਦ ਦੇਵੀ ਨੇ ਤਲਵਾਰ ਹੱਥ ਵਿਚ ਫੜਕੇ ਸਾਰੇ ਦੁਸ਼ਮਨਾਂ ਨੂੰ ਗੁਲਾਬ ਦੀਆਂ ਪੰਖੜੀਆਂ ਵਾਂਗੂੰ ਕੱਟਕੇ ਧਰਤੀ ਤੇ ਸੁੱਟ ਦਿੱਤਾ। ਦੁਰਗਾ ਦੇ ਸਰੀਰ ਤੇ ਲਹੂ ਦੀਆਂ ਛਿਟਾਂ ਪਈਆਂ ਸਨ, ਜਿਸ ਨੂੰ ਵੇਖ ਕੇ ਕਵੀ ਨੇ ਇਹ ਉਪਮਾ ਬਣਾਈ ਹੈ। ਮਾਨੋ ਸੋਨੇ ਦੇ ਮੰਦਰ ਵਿਚ ਕਾਰੀਗਰ ਨੇ ਲਾਲ ਮਨੀਆਂ ਨੂੰ ਜੜਕੇ ਫਬਾਇਆ ਹੋਵੇ ਹੈ॥੧੬੪॥

ਕ੍ਰੁੱਧ ਕੈ ਜੁੱਧ ਕਰਿਓ ਬਹੁ ਚੰਡਨ ਏਤੋ ਕਰਿਓ ਮਧੁ ਸੋ ਅਬਿਨਾਸੀ॥
ਦੈਤਨ ਕੇ ਬਧ ਕਾਰਨ ਕੋ ਨਿਜ ਭਾਲ ਤੇ ਜ੍ਵਾਲ ਕੀ ਲਾਟ ਨਿਕਾਸੀ॥
ਕਾਲੀ ਪ੍ਰਤੱਛ ਭਈ ਤਿਹ ਤੇ ਰਨ ਫੈਲ ਰਹੀ ਭਯ ਭੀਰ ਪ੍ਰਭਾ ਸੀ॥
ਮਾਨਹੁ ਸ੍ਰਿੰਗ ਸੁਮੇਰ ਕੋ ਫੋਰਿਕੈ ਧਾਰ ਪਰੀ ਧਰ ਪੈ ਜਮੁਨਾ ਸੀ॥ ੧੬੫॥

ਬੜੇ ਰੋਹ ਨਾਲ ਚੰਡਕਾ ਨੇ ਦੈਂਤਾਂ ਨਾਲ ਜੰਗ ਕੀਤਾ। ਇਸ ਤਰ੍ਹਾਂ ਦਾ ਭਿਆਨਕ ਜੰਗ ਕੀਤਾ ਜਿਸ ਤਰ੍ਹਾਂ ਵਿਸ਼ਨੂੰ ਜੀ ਨੇ ਮਧੁ ਦੈਂਤ ਨਾਲ ਕੀਤਾ ਸੀ। ਦੈਂਤਾਂ ਦੇ ਨਾਸ ਕਰਨ ਲਈ ਦੁਰਗਾ ਨੇ ਆਪਣੇ ਮੱਥੇ ਵਿਚੋਂ ਇਕ ਭਿਆਨਕ ਅੱਗ ਦੀ ਲਾਟ ਕਢੀ। ਦੇਵੀ ਦੇ ਮੱਥੇ ਵਿਚੋਂ ਨਿਕਲੀ ਉਸ ਲਾਟ ਵਿਚੋਂ ਕਾਲਕਾ ਦੇਵੀ ਪ੍ਰਗਟ ਹੋ ਕੇ ਰਣਭੂਮੀ ਵਿਚ ਆ ਗਈ। ਉਸ ਪ੍ਰਗਟ ਹੋਈ ਕਾਲਕਾ ਦੀ ਆਭਾ ਨੂੰ ਵੇਖਕੇ ਕਾਇਰਾਂ ਦੇ ਮਨ ਡਰ ਨਾਲ ਸਹਿਮ ਗਏ। ਕਾਲੀ ਦਾ ਪ੍ਰਗਟ ਹੋਣਾ ਇਉਂ ਪ੍ਰਤੀਤ ਹੋ ਰਿਹਾ ਸੀ ਜਿਵੇਂ ਸੁਮੇਰ ਪਰਬਤ ਦੇ ਟਿੱਲੇ ਨੂੰ ਪਾੜਕੇ ਜਮਨਾਂ ਦੀ ਧਾਰ ਧਰਤੀ ਤੇ ਆਣ ਡਿੱਗੀ ਹੈ॥੧੬੫॥

ਸਵੈਯਾ॥ ਮੇਰੁ ਹਲਿਓ ਦਹਲਿਓ ਸੁਰ ਲੋਕੁ ਦਸੋ ਦਿਸ ਭੂਧਰ ਭਾਜਤ ਭਾਰੀ॥
ਚਾਲਿ ਪਰਿਓ ਤਿਹ ਚਉਦਹਿ ਲੋਕ ਮੈ ਬ੍ਰਹਮ ਭਇਓ ਮਨ ਮੈ ਭ੍ਰਮ ਭਾਰੀ॥
ਧਜਾਨ ਰਹਿਓ ਨ ਜਟੀ ਸੁ ਫਟੀ ਧਰ ਯੋ ਬਲਿ ਕੈ ਰਨ ਮੈ ਕਿਲਕਾਰੀ॥
ਦੈਤਨ ਕੇ ਬਧਿ ਕਾਰਨ ਕੋ ਕਰਿ ਕਾਲਸੀ ਕਾਲੀ ਕ੍ਰਿਪਾਨ ਸੰਭਾਰੀ॥ ੧੬੬॥

ਜਦੋਂ ਕਾਲੀ ਪ੍ਰਤੱਖ ਹੋ ਕੇ ਮੈਦਾਨ ਵਿਚ ਆਈ, ਤਦ ਸੁਮੇਰ ਪਰਬਤ ਹਿੱਲ ਗਿਆ ਸਵਰਗ ਵਿਚ ਸਹਿਮ ਛਾ ਗਿਆ ਤੇ ਵਡੇ ਵਡੇ ਪਹਾੜ ਕੰਬਣ ਲਗ ਪਏ। ਤਦੋਂ ਚੌਦਾਂ ਲੋਕਾਂ ਵਿਚ ਹਲਚਲ

ਮਚ ਗਈ ਤੇ ਬ੍ਰਹਮਾ ਦੇ ਮਨ ਵਿਚ ਵੀ ਭਾਰੀ ਭਰਮ ਪੈਦਾ ਹੋ ਗਿਆ ਕਿ ਇਹ ਕੀ ਭਾਣਾ ਵਰਤਣ ਲੱਗਾ ਹੈ ? ਸ਼ਿਵ ਜੀ ਦੀ ਸਮਾਧੀ ਟੁੱਟ ਗਈ ਤੇ ਧਰਤੀ ਪਾਟ ਗਈ ਜਦੋਂ ਕਾਲੀ ਨੇ ਰਣਭੂਮੀ ਵਿਚ ਪ੍ਰਗਟ ਹੋ ਕੇ ਬੜੇ ਜ਼ੋਰ ਨਾਲ ਕਿਲਕਾਰੀ ਮਾਰੀ। ਦੈਂਤਾਂ ਦੇ ਨਾਸ ਕਰਨ ਲਈ ਕਾਲੀ ਨੇ ਆਪਣੇ ਹੱਥ ਕਾਲ ਦਾ ਰੂਪ ਤਲਵਾਰ ਫੜ ਲਈ ਤੇ ਰਣਭੂਮੀ ਵਿਚ ਆ ਗਈ॥ ੧੯੬॥

**ਦੋਹਰਾ॥ ਚੰਡੀ ਕਾਲੀ ਦੁਹੂੰ ਮਿਲਿ ਕੀਨੋ ਇਹੈ ਬਿਚਾਰ॥**
**ਹਉ ਹਨਿਹੋ ਤੂੰ ਸ੍ਰੋਨ ਪੀ ਅਰਿ ਦਲਿ ਡਾਰਹਿ ਮਾਰਿ॥ ੧੯੭॥**

ਚੰਡੀ ਦੁਰਗਾ ਤੇ ਕਾਲੀ ਦੁਹਾਂ ਨੇ ਸਲਾਹ ਕੀਤੀ ਕਿ ਮੈਂ ਵੈਰੀਆਂ ਨੂੰ ਮਾਰਦੀ ਹਾਂ ਤੇ ਤੂੰ ਭਾਵ ਕਾਲੀ ਉਹਨਾਂ ਦਾ ਲਹੂ ਪੀ। ਇਸ ਤਰ੍ਹਾਂ ਅਸੀਂ ਦੈਂਤਾਂ ਦੀ ਸਾਰੀ ਸੈਨਾ ਨੂੰ ਮਾਰ ਸੁਟਾਂਗੀਆਂ॥ ੧੯੭॥

**ਸਵੈਯਾ॥ ਕਾਲੀ ਅਉ ਕੇਹਰਿ ਸੰਗਿ ਲੈ ਚੰਡਿ ਸੁ ਘੇਰੇ ਸਭੈ ਬਨ ਜੈਸੇ ਦਵਾ ਪੈ॥**
**ਚੰਡ ਕੇ ਬਾਨਨ ਤੇਜ ਪ੍ਰਭਾਵ ਤੇ ਦੈਤ ਜਰੈ ਜੈਸੇ ਈਟ ਅਵਾ ਪੈ॥**
**ਕਾਲਕਾ ਸ੍ਰੋਨ ਪੀਓ ਤਿਨ ਕੋ ਕਵਿ ਨੇ ਮਨ ਮੈ ਲੀਯੋ ਭਾਉ ਭਵਾ ਪੈ॥**
**ਮਾਨਹੁ ਸਿੰਧ ਕੋ ਨੀਰ ਸਭੈ ਮਿਲਿ ਧਾਇਕੈ ਜਾਇ ਪਰੇ ਹੈ ਤਵਾ ਪੈ॥ ੧੯੮॥**

ਦੁਰਗਾ ਨੇ ਕਾਲੀ ਤੇ ਸ਼ੇਰ ਨੂੰ ਆਪਣੇ ਨਾਲ ਲੈ ਕੇ ਸਾਰੇ ਨਵੇਂ ਬਣੇ ਰਕਤਬੀਜਾਂ ਨੂੰ ਇਉਂ ਘੇਰ ਲਿਆ, ਜਿਵੇਂ ਜੰਗਲ ਦੀ ਅੱਗ ਚਾਰੇ ਪਾਸੇ ਫੈਲ ਜਾਂਦੀ ਹੈ। ਦੁਰਗਾ ਦੇ ਤੇਜ ਤੀਰਾਂ ਦੇ ਪ੍ਰਭਾਵ ਨਾਲ ਸਾਰੇ ਦੈਂਤ ਇਉਂ ਸੜਨ ਲਗੇ, ਜਿਵੇਂ ਆਵੇ ਵਿਚ ਇੱਟਾਂ ਸੜਦੀਆਂ ਸਨ। ਕਾਲਕਾ ਰਕਤਬੀਜਾਂ ਦਾ ਜਿੰਨਾਂ ਲਹੂ ਨਿਕਲਦਾ ਸੀ, ਉਹ ਸਾਰਾ ਨਾਲੋ ਨਾਲ ਪੀਂਦੀ ਜਾ ਰਹੀ ਸੀ ਤੇ ਧਰਤੀ ਤੇ ਲਹੂ ਦੀ ਇਕ ਬੂੰਦ ਵੀ ਨਹੀਂ ਸੀ ਡਿੱਗਦੀ। ਕਵੀ ਦੇ ਮਨ ਵਿਚ ਕਾਲੀ ਦੇ ਇਸ ਕੌਤਕ ਨੂੰ ਵੇਖਕੇ ਇਹ ਅਲੰਕਾਰ ਉਪਜਿਆ ਹੈ ਮਾਨੋ ਸਾਰੇ ਸਮੁੰਦਰਾਂ ਦਾ ਪਾਣੀ ਇਕੱਠਾ ਹੋ ਕੇ ਤੱਤੇ ਤਵੇ ਤੇ ਪੈ ਕੇ ਨਾਲੋ ਨਾਲ ਸੁਕ ਰਿਹਾ ਸੀ॥ ੧੯੮॥

**ਚੰਡ ਹਨੇ ਅਰੁ ਕਾਲਕਾ ਕੋਪ ਕੈ ਸ੍ਰੋਨਤ ਬਿੰਦਨ ਸੋ ਇਹ ਕੀਨੋ॥**
**ਖੱਗ ਸੰਭਾਰ ਹਕਾਰ ਤਬੈ ਕਿਲਕਾਰ ਬਿਦਾਰ ਸਭੈ ਦਲੁ ਦੀਨੋ॥**
**ਆਮਿਖ ਸ੍ਰੋਨ ਅਚਿਓ ਬਹੁ ਕਾਲਕਾ ਤਾ ਛਬਿ ਮੈ ਕਵਿ ਇਉ ਮਨ ਚੀਨੋ॥**
**ਮਾਨੋ ਛੁਧਾਤਰੁ ਹੁਇਕੈ ਮਨੁੱਛ ਸੁ ਸਾਲਨ ਲਾਸਹਿ ਸੋ ਬਹੁ ਪੀਨੋ॥ ੧੯੯॥**

ਦੁਰਗਾ ਸਾਰੇ ਦੈਂਤਾਂ ਨੂੰ ਮਾਰ ਰਹੀ ਸੀ ਤੇ ਕਾਲਕਾ ਬੜੇ ਕਰੋਧ ਵਿਚ ਰਕਤਬੀਜ ਨਾਲ ਇਹ ਸਲੂਕ ਕਰ ਰਹੀ ਸੀ। ਕਾਲਕਾ ਨੇ ਖੜਗ ਫੜਕੇ ਲਲਕਾਰੇ ਤੇ ਕਿਲਕਾਰੀਆਂ ਮਾਰਕੇ ਦੈਂਤਾਂ ਦੀ ਸਾਰੀ ਸੈਨਾ ਮਾਰ ਦਿੱਤੀ। ਕਾਲਕਾ ਨੇ ਵੈਰੀਆਂ ਦਾ ਮਾਸ ਖਾਧਾ ਤੇ ਲਹੂ ਪੀਤਾ। ਇਸ ਦ੍ਰਿਸ਼ ਨੂੰ

ਵੇਖਕੇ ਕਵੀ ਦੇ ਮਨ ਵਿਚ ਉਪਮਾ ਆਈ ਹੈ ਕਿ ਮਾਨੋ ਭੁਖ ਨਾਲ ਦੁਖੀ ਹੋਏ ਮਨੁੱਖ ਨੇ ਸਾਲਣ ਸਲੂਣਾ ਖਾਧਾ ਸੀ ਤੇ ਸ਼ੋਰਬਾ ਪੀਤਾ ਸੀ॥੧੬੯॥

**ਸਵੈਯਾ॥ ਜੁੱਧ ਰਕਤ੍ਰ ਬੀਜ ਕਰਿਯੋ ਧਰਨੀ ਪਰ ਯੋ ਸੁਰ ਦੇਖਤ ਸਾਰੇ॥**
**ਜੇਤਕ ਸ੍ਰੋਨ ਕੀ ਬੂੰਦ ਗਿਰੈ ਉਠਿ ਤੇਤਕ ਰੂਪ ਅਨੇਕਹਿ ਧਾਰੇ॥**
**ਜੁਗਨਿ ਆਨ ਫਿਰੀ ਚਹੂੰ ਓਰ ਤੇ ਸੀਸ ਜਟਾ ਕਰ ਖੱਪਰ ਭਾਰੇ॥**
**ਸ੍ਰੋਨਦ ਬੂੰਦ ਪਰੈ ਅਚਵੈ ਸਭ ਖੱਗ ਲੈ ਚੰਡ ਪ੍ਰਚੰਡ ਸੰਘਾਰੇ॥੧੭੦॥**

ਰਕਤਬੀਜ ਨੇ ਜਿਹੜਾ ਭਿਆਨਕ ਜੁੱਧ ਇਸ ਧਰਤੀ ਤੇ ਕੀਤਾ, ਉਸ ਨੂੰ ਸਾਰੇ ਦੇਵਤੇ ਵੇਖਦੇ ਸਨ। ਰਕਤਬੀਜ ਦੇ ਸਰੀਰ ਵਿਚੋਂ ਜਿੰਨੀਆਂ ਲਹੂ ਦੀਆਂ ਬੂੰਦਾਂ ਧਰਤੀ ਤੇ ਡਿਗਦੀਆਂ ਸਨ, ਦੈਂਤ ਉਸ ਵਿਚੋਂ ਉਠ ਖੜੇ ਹੁੰਦੇ ਸਨ। ਚੌਂਹਾਂ ਪਾਸਿਆਂ ਤੋਂ ਜੋਗਨੀਆਂ ਰਣਭੂਮੀ ਵਿਚ ਆ ਇਕੱਠੀਆਂ ਹੋਈਆਂ। ਉਹਨਾਂ ਦੇ ਸਿਰ ਤੇ ਜਟਾਂ ਸਨ ਤੇ ਹੱਥ ਵਿਚ ਭਾਰੇ ਖੱਪਰ ਫੜੇ ਹੋਏ ਸਨ। ਜਿੰਨੀਆਂ ਲਹੂ ਦੀਆਂ ਬੂੰਦਾਂ ਡਿਗਦੀਆਂ ਸਨ, ਉਹਨਾਂ ਨੂੰ ਕਾਲਕਾ ਪੀ ਜਾਂਦੀ ਸੀ ਤੇ ਦੁਰਗਾ-ਖੜਗ ਫੜਕੇ ਦੈਂਤਾਂ ਨੂੰ ਮਾਰਦੀ ਜਾਂਦੀ ਸੀ॥੧੭੦॥

**ਕਾਲੀ ਅਉ ਚੰਡ ਕੁਵੰਡ ਸੰਭਾਰ ਕੈ ਦੈਤ ਸੋ ਜੁੱਧ ਨਿਸ਼ੰਗ ਸਜਿਓ ਹੈ॥**
**ਮਾਰ ਮਹਾਂ ਰਨ ਮੱਧ ਭਈ ਪਹਰੇਕ ਲਉ ਸਾਰ ਸੋਂ ਸਾਰ ਬਜਿਓ ਹੈ॥**
**ਸ੍ਰਉਨਤਬਿੰਦ ਗਿਰਿਓ ਧਰਨੀ ਪਰ ਇਉ ਅਸਿ ਸੋ ਅਰਿ ਸੀਸ ਭਜਿਓ ਹੈ॥**
**ਮਾਨੋ ਅਤੀਤ ਕਰਿਯੋ ਚਿਤ ਕੋ ਧਨਵੰਤ ਸਭੈ ਨਿਜ ਮਾਲ ਤਜਿਓ ਹੈ॥੧੭੧॥**

ਕਾਲਕਾ ਤੇ ਚੰਡਕਾ ਨੇ ਆਪੋ ਆਪਣੇ ਧਨੁਖ ਸੰਭਾਲਕੇ ਦੈਂਤਾਂ ਨਾਲ ਨਿਸ਼ੰਗ ਬੇਖੌਫ ਹੋ ਕੇ ਜੁੱਧ ਕੀਤਾ। ਰਣਭੂਮੀ ਵਿਚ ਘਮਸਾਨ ਦਾ ਜੁੱਧ ਹੋਇਆ, ਇਕ ਪਹਿਰ ਤਕ ਸ਼ਸਤਰਾਂ ਨਾਲ ਸ਼ਸਤਰ ਖੂਬ ਖੜਕੇ। ਫਿਰ ਚੰਡੀ ਨੇ ਐਸੇ ਜ਼ੋਰ ਨਾਲ ਵਾਰ ਕੀਤਾ ਕਿ ਰਕਤਬੀਜ ਲੱਥ ਕੇ ਧਰਤੀ ਤੇ ਡਿੱਗ ਪਿਆ। ਇਸਤਰ੍ਹਾਂ ਪ੍ਰਤੀਤ ਹੋ ਰਿਹਾ ਸੀ ਜਿਵੇਂ ਕਿਸੇ ਧਨਵਾਨ ਨੇ ਵੈਰਾਗੀ ਹੋ ਕੇ ਆਪਣੀ ਸਾਰੀ ਦੌਲਤ ਨੂੰ ਤਿਆਗ ਦਿੱਤਾ ਹੋਵੇ॥੧੭੧॥

**ਸੋਰਠਾ॥ ਚੰਡੀ ਦਇਓ ਬਿਦਾਰ ਸ੍ਰਉਨ ਪਾਨ ਕਾਲੀ ਕਰਿਓ॥**
**ਛਿਨ ਮੈ ਡਾਰਿਓ ਮਾਰ ਸ੍ਰਉਨਤ ਬਿੰਦ ਦਾਨਵ ਮਹਾਂ॥੧੭੨॥**

ਦੁਰਗਾ ਨੇ ਰਕਤਬੀਜ ਨੂੰ ਮਾਰਿਆ ਤੇ ਕਾਲਕਾ ਨੇ ਉਸ ਦਾ ਲਹੂ ਪੀਤਾ। ਇਸ ਤਰ੍ਹਾਂ ਰਕਤਬੀਜ ਬਲੀ ਦੈਂਤ ਨੂੰ ਚੰਡਕਾ ਤੇ ਕਾਲਕਾ ਨੇ ਮਿਲਕੇ ਇਕ ਛਿਨ ਵਿਚ ਮਾਰ ਸੁਟਿਆ॥੧੭੨॥

ਇਤਿ ਸ੍ਰੀ ਮਾਰਕੰਡੇ ਪੁਰਾਨੇ ਸ੍ਰੀ ਚੰਡੀ ਚਰਿਤ੍ਰ ਉਕਤਿ ਬਿਲਾਸ ਰਕਤਬੀਜ ਬਧਹਿ ਨਾਮ ਪੰਚਮੋ

ਧਿਆਇ ਸਮਾਪਤਮ॥੫॥੧੭੨॥ਅਫਜੂੰ॥

ਸ੍ਰੀ ਮਾਰਕੰਡੇ ਪੁਰਾਨ, ਸ੍ਰੀ ਚੰਡੀ ਚਰਿੱਤਰ ਉਕਤਿ ਬਿਲਾਸ, ਰਕਤਬੀਜ ਦੈਂਤ ਦਾ ਕਤਲ, ਅਧਿਆਏ ਪੰਜਵਾਂ ਸਮਾਪਤ॥੫॥੧੭੨॥ਚਲਦਾ॥

# ਅਧਿਆਏ ਛੇਵਾਂ

## *ਨਿਸੁੰਭ ਦੈਂਤ ਦਾ ਕਤਲ*

**ਸਵੈਯਾ॥ ਤੁੱਛ ਬਚੇ ਭੱਜ ਕੈ ਰਨ ਤਜਾਗ ਕੈ ਸੁੰਭ ਨਿਸੁੰਭ ਪੈ ਜਾਇ ਪੁਕਾਰੇ॥**
**ਸ੍ਰਉਨਤਬੀਜ ਹਨਿਓ ਦੁਹ ਨੇ ਮਿਲਿ ਅਉਰ ਮਹਾਂ ਭਟ ਮਾਰ ਬਦਾਰੇ॥**
**ਇਉ ਸੁਨਿਕੈ ਉਨਿ ਕੇ ਮੁਖ ਤੇ ਤਬ ਬੋਲਿ ਉਠਿਓ ਕਰਿ ਖੱਗ ਸੰਭਾਰੇ॥**
**ਇਉ ਹਨਿਹੋ ਬਰਚੰਡਿ ਪ੍ਰਚੰਡਿ ਅਜਾ ਬਨ ਮੈ ਜਿਮ ਸਿੰਘ ਪਛਾਰੇ॥੧੭੩॥**

ਰਕਤਬੀਜ ਦੇ ਮਰਨ ਤੋਂ ਬਾਅਦ ਜਿਹੜੇ ਥੋੜੇ ਜਿਹੇ ਦੈਂਤ ਬਚ ਰਹੇ, ਉਹ ਰਣਭੂਮੀ ਵਿਚੋਂ ਭੱਜ ਗਏ ਤੇ ਵਾਪਸ ਪਹੁੰਚਕੇ ਸੁੰਭ ਨਿਸੁੰਭ ਅਗੇ ਜਾ ਕੇ ਫਰਿਆਦ ਕਰਨ ਲਗੇ ਕਿ ਹੇ ਰਾਜਨ! ਦੁਰਗਾ ਤੇ ਕਾਲਕਾ ਦੋਹਾਂ ਨੇ ਮਿਲਕੇ ਰਕਤਬੀਜ ਨੂੰ ਮਾਰ ਦਿੱਤਾ ਹੈ ਤੇ ਸਾਡੇ ਹੋਰ ਵੀ ਬਹੁਤ ਸਾਰੇ ਸੂਰਮੇ ਉਹਨਾਂ ਨੇ ਮਾਰਕੇ ਖਤਮ ਕਰ ਦਿੱਤੇ ਸਨ। ਉਨ੍ਹਾਂ ਰਣਭੂਮੀ ਵਿਚੋਂ ਭੱਜਕੇ ਆਏ ਦੈਂਤਾਂ ਦੇ ਮੂਹੋਂ ਜੁੱਧ ਦੇ ਸਮਾਚਾਰ ਤੇ ਰਕਤਬੀਜ ਦੇ ਮਾਰੇ ਜਾਣ ਦਾ ਹਾਲ ਸੁਣਕੇ ਸੁੰਭ ਬੜੇ ਕਰੋਧ ਨਾਲ ਆਪਣੇ ਖੜਗ ਨੂੰ ਫੜਕੇ ਉਠਿਆ ਤੇ ਕਹਿਣ ਲੱਗਾ ਮੈਂ ਇਸ ਤਰ੍ਹਾਂ ਬੜੇ ਜ਼ੋਰ ਨਾਲ ਦੁਰਗਾ ਤੇ ਹੱਲਾ ਕਰਕੇ ਉਸ ਨੂੰ ਮਾਰ ਦਿਆਂਗਾ, ਜਿਵੇਂ ਜੰਗਲ ਵਿਚ ਸ਼ੇਰ ਬੱਕਰੀ ਨੂੰ ਮਾਰ ਕੇ ਸੁੱਟ ਦਿੰਦਾ ਹੈ॥੧੭੩॥

**ਦੋਹਰਾ॥ ਸਕਲ ਕਟਕ ਕੇ ਭਟਨ ਕੋ ਦਇਓ ਜੁੱਧ ਕੋ ਸਾਜ॥**
**ਸ਼ਸਤਰ ਪਹਰ ਕੈ ਇਉ ਕਹਿਓ ਹਨਿਹੋ ਚੰਡਹਿ ਆਜੁ॥੧੭੪॥**

ਸੁੰਭ ਨੇ ਆਪਣੀ ਫੌਜ ਦੇ ਸਾਰੇ ਸੂਰਮਿਆਂ ਨੂੰ ਜੁੱਧ ਦਾ ਸਮਾਨ ਭਾਵ ਸ਼ਸਤਰ ਆਦਿ ਦਿੱਤੇ। ਉਸ ਨੇ ਆਪ ਸ਼ਸਤਰ ਸਜਾਕੇ ਇਸ ਤਰ੍ਹਾਂ ਕਿਹਾ ਕਿ ਮੈਂ ਰਣਭੂਮੀ ਵਿਚ ਜਾ ਕੇ ਅੱਜ ਹੀ ਚੰਡਕਾ ਤੇ ਕਾਲਕਾ ਨੂੰ ਮਾਰ ਦਿਆਂਗਾ॥੧੭੪॥

**ਸਵੈਯਾ॥ ਕੋਪ ਕੈ ਸੁੰਭ ਨਿਸੁੰਭ ਚਢੇ ਧੁਨਿ ਦੁੰਦਭ ਕੀ ਦਸ ਹੂੰ ਦਿਸ ਧਾਈ॥**
**ਪਾਇਕ ਅਗ੍ਰ ਭਏ ਮਧਿ ਬਾਜ ਰਥੀ ਰਥ ਸਾਜ ਕੈ ਪਾਂਤਿ ਬਨਾਈ॥**

**ਮਾਤੇ ਮਤੰਗ ਕੇ ਪੁੰਜਨ ਊਪਰਿ ਸੁੰਦਰ ਤੁੰਗ ਧੁਜਾ ਫਹਰਾਈ॥**
**ਸੱਕ੍ਰ ਸੋ ਜੁੱਧ ਕੇ ਹੇਤ ਮਨੋ ਧਰਿ ਛਾਡਿ ਸਪੱਛ ਉਡੇ ਗਿਰ ਰਾਈ॥ ੧੭੫॥**

ਸੁੰਭ ਤੇ ਨਿਸੁੰਭ ਦੋਵੇਂ ਭਰਾ ਬੜੇ ਕਰੋਧ ਨਾਲ ਦੁਰਗਾ ਨਾਲ ਜੰਗ ਕਰਨ ਲਈ ਚੜ੍ਹਾਈ ਕਰਕੇ ਤੁਰ ਪਏ। ਦਸਾਂ ਦਿਸ਼ਾਂ ਵਿਚ ਨਗਾਰਿਆਂ ਦੀ ਗੂੰਜ ਹੋਣ ਲੱਗ ਪਈ। ਸਭ ਤੋਂ ਅਗੇ ਪੈਦਲ ਸੈਨਾ ਲਾਈ ਗਈ, ਵਿਚਕਾਰ ਘੋੜ ਸਵਾਰ ਸੂਰਮੇ ਰਖੇ ਗਏ ਤੇ ਇਨ੍ਹਾਂ ਤੋਂ ਪਿਛੋਂ ਰਥਾਂ ਵਾਲਿਆਂ ਨੇ ਰਥਾਂ ਨੂੰ ਸਜਾਕੇ ਕਤਾਰ ਬਣਾ ਲਈ। ਮਸਤ ਹਾਥੀਆਂ ਦੇ ਹੌਦਿਆਂ ਉਤੇ ਬੜੇ ਸੁੰਦਰ ਉਚੇ ਝੰਡੇ ਲਹਿਰਾ ਰਹੇ ਸਨ। ਇਉਂ ਪ੍ਰਤੀਤ ਹੋ ਰਿਹਾ ਸੀ ਜਿਵੇਂ ਇੰਦਰ ਨਾਲ ਜੰਗ ਕਰਨ ਲਈ ਬੜੇ ਵਡੇ ਵਡੇ ਖੰਭਾਂ ਵਾਲੇ ਪਹਾੜ ਧਰਤੀ ਨੂੰ ਛੱਡ ਕੇ ਉਡੇ ਜਾ ਰਹੇ ਸਨ॥ ੧੭੫॥

**ਦੋਹਰਾ॥ ਸੁੰਭ ਨਿਸੁੰਭ ਬਨਾਇ ਦਲੁ ਘੇਰਿ ਲਇਓ ਗਿਰ ਰਾਜ॥**
**ਕਵਚ ਅੰਗ ਕਸਿ ਕੋਪ ਕਰਿ ਉਠੇ ਸਿੰਘ ਜਿਉ ਗਾਜ॥ ੧੭੬॥**

ਸੁੰਭ ਤੇ ਨਿਸੁੰਭ ਨੇ ਸੈਨਾ ਨਾਲ ਚੜ੍ਹਾਈ ਕਰਕੇ ਪਹਾੜ ਨੂੰ ਘੇਰਾ ਪਾ ਲਿਆ। ਉਹਨਾਂ ਨੇ ਸਰੀਰਾਂ ਤੇ ਸੰਜੋਆਂ ਪਹਿਨੀਆਂ ਹੋਈਆਂ ਸਨ ਤੇ ਸ਼ੇਰ ਵਾਂਗੂੰ ਗਰਜ ਰਹੇ ਸਨ॥ ੧੭੬॥

**ਸਵੈਯਾ॥ ਸੁੰਭ ਨਿਸੁੰਭ ਸੁ ਬੀਰ ਬਲੀ ਮਨ ਕੋਪ ਭਰੇ ਰਨ ਭੂਮਹਿ ਆਏ॥**
**ਦੇਖਨ ਮੈ ਸੁਭ ਅੰਗ ਉਤੰਗ ਤੁਰਾ ਕਰਿ ਤੇਜ ਧਰਾ ਪਰ ਧਾਏ॥**
**ਧੂਰ ਉਡੀ ਤਬ ਤਾ ਛਿਨ ਮੈ ਤਿਹ ਕੇ ਕਨਕਾ ਪਗ ਸੋਂ ਲਪਟਾਏ॥**
**ਠਉਰ ਅਡੀਠ ਕੇ ਜੈ ਕਰਬੇ ਕਹ ਤੇਜ ਮਨੋ ਮਨ ਸੀਖਨ ਆਏ॥ ੧੭੭॥**

ਬੜੇ ਬਹਾਦਰ ਸੂਰਮੇ ਸੁੰਭ ਤੇ ਨਿਸੁੰਭ ਬੜੇ ਕਰੋਧ ਨਾਲ ਭਰੇ ਹੋਏ ਰਣਭੂਮੀ ਵਿਚ ਆ ਪਹੁੰਚੇ। ਉਹਨਾਂ ਦੈਂਤਾਂ ਦੇ ਸੋਹਣੇ ਤੇ ਉੱਚੇ ਸਰੀਰ ਦਿਖਾਈ ਦੇ ਰਹੇ ਸਨ ਤੇ ਉਹ ਘੋੜਿਆਂ ਨੂੰ ਬੜੀ ਤੇਜ਼ੀ ਨਾਲ ਧਰਤੀ ਤੇ ਭਜਾ ਰਹੇ ਸਨ। ਉਹਨਾਂ ਦੇ ਘੋੜਿਆਂ ਦੇ ਬੜੀ ਤੇਜ ਚਾਲ ਚਲਣ ਕਰਕੇ ਉਸ ਸਮੇਂ ਬੜੀ ਧੂੜ ਉਡੀ। ਧੂੜ ਦੇ ਕਿਨਕੇ ਉਹਨਾਂ ਦੇ ਪੈਰਾਂ ਨੂੰ ਲੱਗ ਕੇ ਇਸ ਤਰ੍ਹਾਂ ਪ੍ਰਤੀਤ ਹੁੰਦੇ ਸਨ ਜਿਵੇਂ ਨਾਂ ਦਿੱਸਣ ਵਾਲੀ ਥਾਂ ਨੂੰ ਫ਼ਤਹਿ ਕਰਨ ਵਾਸਤੇ ਘੋੜਿਆਂ ਦੇ ਖੁਰਾਂ ਕੋਲੋਂ ਤੇਜ਼ੀ ਸਿੱਖਣ ਲਈ ਮਨ ਕਿਨਕਾ ਰੂਪ ਹੋ ਕੇ ਆਇਆ ਹੈ॥ ੧੭੭॥

**ਦੋਹਰਾ॥ ਚੰਡ ਕਾਲਕਾ ਸ੍ਰਵਨ ਮੈ ਤਨਕ ਭਨਕ ਸੁਨਿ ਲੀਨ॥**
**ਉਤਰ ਸ੍ਰਿੰਗ ਗਿਰ ਰਾਜ ਤੇ ਮਹਾਂ ਕੁਲਾਹਲਿ ਕੀਨ॥ ੧੭੮॥**

ਚੰਡਕਾ ਤੇ ਕਾਲਕਾ ਦੇ ਕੰਨਾਂ ਵਿਚ ਦੈਂਤਾਂ ਦੇ ਆਉਣ ਦੀ ਕੁਝ ਕੁ ਭਿਨਕ ਪੈ ਗਈ। ਉਹਨਾਂ ਨੇ ਵੀ ਸੁਮੇਰ ਪਰਬਤ ਤੋਂ ਹੇਠਾਂ ਆ ਕੇ ਬਹੁਤ ਰੌਲਾ ਗੌਲਾ ਸ਼ੁਰੂ ਕਰ ਦਿੱਤਾ॥ ੧੭੮॥

ਸਵੈਯਾ॥ ਆਵਤ ਦੇਖਿ ਕੈ ਚੰਡ ਪ੍ਰਚੰਡਿ ਕੋ ਕੋਪ ਕਰਿਓ ਮਨ ਮੈ ਅਤਿ ਦਾਨੋ॥
ਨਾਸ ਕਰੋ ਇਹ ਕੋ ਛਿਨ ਮੈ ਕਰਿ ਬਾਨ ਸੰਭਾਰ ਬਡੋ ਧਨੁ ਤਾਨੋ॥
ਕਾਲੀ ਕੇ ਬੱਕ੍ਰ ਬਿਲੋਕਨ ਤੇ ਸੁ ਉਠਿਓ ਮਨ ਮੈ ਭ੍ਰਮ ਜਿਉ ਜਮ ਜਾਨੋ॥
ਬਾਨ ਸਮੂਹ ਚਲਾਇ ਦਏ ਕਿਲਕਾਰ ਉਠਿਓ ਜੁ ਪ੍ਰਲੈ ਘਨ ਮਾਨੋ॥ ੧੭੯॥

ਤੇਜਵਾਨ ਦੁਰਗਾ ਨੂੰ ਰਣਭੂਮੀ ਵਲ ਆਉਂਦਾ ਵੇਖਕੇ ਸੁੰਭ ਦੈਂਤ ਨੇ ਆਪਣੇ ਮਨ ਵਿਚ ਬੜਾ ਕਰੋਧ ਕੀਤਾ। ਉਸ ਨੇ ਆਪਣੇ ਮਨ ਵਿਚ ਵਿਚਾਰ ਕੀਤੀ ਕਿ ਮੈਂ ਦੁਰਗਾ ਨੂੰ ਇਕ ਛਿਨ ਵਿਚ ਮਾਰ ਦੇਵਾਂ, ਇਸ ਕਰਕੇ ਉਸ ਨੇ ਧਨੁਖ ਤੇ ਤੀਰ ਚੜ੍ਹਾਕੇ ਧਨੁਖ ਨੂੰ ਖਿੱਚਿਆ। ਕਾਲਕਾ ਦੀ ਭਿਆਨਕ ਸ਼ਕਲ ਵੇਖਦਿਆਂ ਹੀ ਸੁੰਭ ਦੇ ਮਨ ਵਿਚ ਭਰਮ ਅਤੇ ਡਰ ਪੈਦਾ ਹੋ ਗਿਆ। ਉਸ ਨੂੰ ਕਾਲਕਾ ਦਾ ਰੂਪ ਜਮ ਵਾਂਗੂੰ ਪ੍ਰਤੀਤ ਹੋਇਆ। ਫਿਰ ਵੀ ਹੌਸਲਾ ਕਰਕੇ ਸੁੰਭ ਨੇ ਸਾਰੇ ਤੀਰ ਚਲਾ ਦਿੱਤੇ ਤੇ ਉਹ ਇਉਂ ਗਰਜਿਆ ਜਿਵੇਂ ਪ੍ਰਲੈ ਕਾਲ ਦੇ ਬੱਦਲ ਗੱਜਦੇ ਸਨ॥ ੧੭੯॥

ਬੈਰਨ ਕੇ ਘਨ ਸੇ ਦਲ ਪੈਠਿ ਲਇਓ ਕਰਿ ਮੈ ਧਨੁ ਸਾਇਕੁ ਐਸੇ॥
ਸਜਾਮ ਪਹਾਰ ਸੇ ਦੈਤ ਹਨੇ ਤਮ ਜੈਸੇ ਹਰੇ ਰਵਿ ਕੀ ਕਿਰਨੈ ਸੇ॥
ਭਾਜ ਗਈ ਧੁਜਨੀ ਡਰਿਕੈ ਕਬਿ ਕੋਊ ਕਹੈ ਤਿਹ ਕੀ ਛਬਿ ਕੈਸੇ॥
ਭੀਮ ਕੋ ਸ੍ਰਉਨ ਭਰਿਓ ਮੁਖ ਦੇਖਿ ਕੈ ਛਾਡਿ ਚਲੇ ਰਨ ਕਉਰਊ ਜੈਸੇ॥ ੧੮੦॥

ਦੁਰਗਾ ਨੇ ਵੈਰੀਆਂ ਦੀ ਬੱਦਲ ਵਰਗੀ ਸੈਨਾ ਵਿਚ ਵੜਕੇ ਆਪਣੇ ਹੱਥ ਵਿਚ ਤੀਰ ਤੇ ਕਮਾਨ ਫੜ ਲਿਆ। ਦੁਰਗਾ ਨੇ ਕਾਲੇ ਪਹਾੜ ਵਰਗੇ ਦੈਂਤਾਂ ਨੂੰ ਇਉਂ ਨਾਸ ਕਰ ਦਿੱਤਾ, ਜਿਵੇਂ ਸੂਰਜ ਦੀਆਂ ਕਿਰਨਾਂ ਹਨ੍ਹੇਰੇ ਨੂੰ ਨਾਸ ਕਰ ਦੇਂਦੀਆਂ ਸਨ। ਦੁਰਗਾ ਦੇ ਭਿਆਨਕ ਜੁੱਧ ਤੋਂ ਡਰਕੇ ਦੈਂਤਾਂ ਦੀ ਸਾਰੀ ਫੌਜ ਭੱਜ ਗਈ। ਕੋਈ ਕਵੀ ਇਸ ਦ੍ਰਿਸ਼ ਦੀ ਉਪਮਾ ਕਿਵੇਂ ਵਰਣਨ ਕਰ ਸਕਦਾ ਹੈ? ਇਹ ਦ੍ਰਿਸ਼ ਇਉਂ ਪ੍ਰਤੀਤ ਹੋ ਰਿਹਾ ਸੀ, ਜਿਵੇਂ ਭੀਮਸੈਨ ਦਾ ਲਹੂ ਨਾਲ ਭਰਿਆ ਮੂੰਹ ਵੇਖਕੇ ਕੌਰਵ ਰਣਭੂਮੀ ਵਿਚੋਂ ਭੱਜ ਗਏ ਸਨ॥ ੧੮੦॥

ਕਬਿਤੁ॥ ਆਗਜਾ ਪਾਇ ਸੁੰਭ ਕੀ ਸੁ ਮਹਾਂ ਬੀਰ
ਧੀਰ ਜੋਧੇ ਆਏ ਚੰਡ ਊਪਰ ਸੁ ਕ੍ਰੋਧ ਕੈ ਬਨੀ ਠਨੀ॥
ਚੰਡਕਾ ਲੈ ਬਾਨ ਅਉ ਕਮਾਨ ਕਾਲੀ ਕਿਰਪਾਨ
ਛਿਨ ਮਧਿ ਕੈ ਕੈ ਬਲ ਸੁੰਭ ਕੀ ਸਨੀ ਅਨੀ॥
ਡਰਤ ਜਿ ਖੇਤ ਮਹਾਂ ਪ੍ਰੇਤ ਕੀਨੇ ਬਾਨਨ ਸੋ

**ਬਿਚਲ ਬਿਥਰ ਐਸੇ ਭਾਜਗੀ ਅਨੀ ਕਨੀ॥ ਜੈਸੇ ਬਾਰੂਥਲ ਮੈ ਸਬੂਹ ਬਹੇ ਪਉਨ ਹੂੰਕੇ ਧੂਰਿ ਉਡਿ ਚਲੇ ਹੁਇਕੈ ਕੋਟਿਕ ਕਨੀ ਕਨੀ॥੧੮੧॥**

ਰਾਜੇ ਸੁੰਭ ਦਾ ਹੁਕਮ ਮਿਲਣ ਤੇ ਬੜੇ ਬਹਾਦਰ ਤੇ ਧੀਰਜ ਵਾਲੇ ਯੋਧੇ ਬੜੇ ਕਰੋਧ ਨਾਲ ਸ਼ਸਤਰਾਂ ਨਾਲ ਤਿਆਰ ਬਰ ਤਿਆਰ ਹੋ ਕੇ ਚੰਡਕਾ ਤੇ ਚੜ੍ਹਾਈ ਕਰਕੇ ਮੈਦਾਨ ਵਿਚ ਆ ਗਏ। ਦੁਰਗਾ ਨੇ ਤੀਰ ਕਮਾਨ ਤੇ ਕਾਲੀ ਨੇ ਤਲਵਾਰ ਲੈ ਕੇ ਇਕ ਛਿਨ ਵਿਚ ਹੀ ਸੁੰਭ ਦੀ ਬੜੀ ਬਲਵਾਨ ਸੈਨਾ ਨੂੰ ਨਾਸ ਕਰ ਦਿੱਤਾ। ਜਦ ਦੁਰਗਾ ਨੇ ਆਪਣੇ ਤੀਰਾਂ ਨਾਲ ਬਹੁਤ ਸਾਰੇ ਦੈਂਤਾਂ ਨੂੰ ਮਾਰ ਦਿੱਤਾ, ਤਦ ਬਾਕੀ ਦੀ ਰਹਿੰਦੀ ਸੈਨਾ ਆਪਣੀ ਥਾਂ ਤੋਂ ਹਿਲਕੇ ਇਸ ਤਰ੍ਹਾਂ ਭੱਜ ਗਈ ਜਿਵੇਂ ਰੇਗਸਤਾਨ ਵਿਚ ਬੜੇ ਜ਼ੋਰ ਦੀ ਹਵਾ ਚਲਣ ਨਾਲ ਰੇਤ ਦੇ ਕਰੋੜਾਂ ਕਿਣਕੇ ਉੱਡ ਤੁਰਦੇ ਹਨ॥੧੮੧॥

**ਸਵੈਯਾ। ਖੱਗ ਲੈ ਕਾਲੀ ਅਉ ਚੰਡੀ ਕੁਵੰਡਿ ਬਿਲੋਕ ਕੈ ਦਾਨਵ ਇਉ ਦਬਟੇ ਹੈ॥ ਕੇਤਨ ਚਾਬ ਗਈ ਮੁਖਿ ਕਾਲਕਾ ਕੇਤਿਨ ਕੇ ਸਿਰ ਚੰਡਿ ਕਟੇ ਹੈ॥ ਸ੍ਰਉਨਤ ਸਿੰਧ ਭਇਓ ਧਰ ਮੈ ਰਨ ਛਾਡ ਗਏ ਇਕ ਦੈਤ ਫਟੇ ਹੈ॥ ਸੁੰਭ ਪੈ ਜਾਇ ਕਹੀ ਤਿਨ ਇਉ ਬਹੁ ਬੀਰ ਮਹਾਂ ਤਿਹ ਠਉਰ ਲਟੇ ਹੈ॥੧੮੨॥**

ਕਾਲੀ ਨੇ ਤਲਵਾਰ ਤੇ ਚੰਡਕਾ ਨੇ ਧਨੁਖ ਫੜ ਲਿਆ ਤੇ ਦੈਂਤਾਂ ਨੂੰ ਵੇਖਕੇ ਚੰਗੀ ਤਰ੍ਹਾਂ ਦਬਾਇਆ। ਕਈਆਂ ਦੈਂਤਾਂ ਨੂੰ ਕਾਲਕਾ ਨੇ ਆਪਣੇ ਮੂੰਹ ਨਾਲ ਚਬ ਲਿਆ ਤੇ ਕਈਆਂ ਦੈਂਤਾਂ ਦੇ ਸਿਰ ਦੁਰਗਾ ਨੇ ਕੱਟ ਦਿੱਤੇ। ਰਣਭੂਮੀ ਵਿਚ ਲਹੂ ਦਾ ਸਮੁੰਦਰ ਚਲ ਪਿਆ। ਕਈ ਦੈਂਤ ਤਾਂ ਡਰ ਦੇ ਮਾਰੇ ਮੈਦਾਨ ਵਿਚੋਂ ਭੱਜ ਗਏ ਤੇ ਕਈ ਜ਼ਖਮੀ ਹੋਏ ਮੈਦਾਨ ਵਿਚ ਪਏ ਸਨ। ਜਿਹੜੇ ਦੈਂਤ ਜੁੱਧ ਤੋਂ ਡਰਕੇ ਭੱਜ ਗਏ ਸਨ ਉਹਨਾਂ ਨੇ ਰਾਜੇ ਸੁੰਭ ਨੂੰ ਜਾ ਕੇ ਇਸ ਤਰ੍ਹਾਂ ਕਿਹਾ ਹੇ ਰਾਜਨ ! ਸਾਡੇ ਅਨੇਕਾਂ ਬੜੇ ਬੜੇ ਸੂਰਮੇ ਰਣਭੂਮੀ ਵਿਚ ਮੁਰਦਾ ਹੋਏ ਪਏ ਹਨ॥੧੮੨॥

**ਦੋਹਰਾ॥ ਦੇਖਿ ਭਇਆਨਕ ਜੁੱਧ ਕੋ ਕੀਨੋ ਬਿਸ਼ਨ ਬਿਚਾਰ॥ ਸ਼ਕਤਿ ਸਹਾਇਤ ਕੇ ਨਮਿਤ ਭੇਜੀ ਰਨਹਿ ਮੰਝਾਰ॥੧੮੩॥**

ਦੁਰਗਾ ਤੇ ਕਾਲੀ ਦਾ ਦੈਂਤਾਂ ਨਾਲ ਹੁੰਦਾ ਭਿਆਨਕ ਜੁੱਧ ਵੇਖਕੇ ਵਿਸ਼ਨੂੰ ਜੀ ਨੇ ਆਪਣੇ ਮਨ ਵਿਚ ਵਿਚਾਰ ਕੀਤੀ ਕਿ ਦੁਰਗਾ ਦੀ ਸਹਾਇਤਾ ਵਾਸਤੇ ਸਾਨੂੰ ਕੋਈ ਯਤਨ ਕਰਨਾ ਚਾਹੀਦਾ ਹੈ। ਸੋ ਉਹਨਾਂ ਨੇ ਦੇਵੀ ਦੀ ਸਹਾਇਤਾ ਵਾਸਤੇ ਸਾਰਿਆਂ ਦੇਵਤਿਆਂ ਦੀਆਂ ਸ਼ਕਤੀਆਂ ਰਣਭੂਮੀ ਵਿਚ ਭੇਜ ਦਿੱਤੀਆਂ॥੧੮੩॥

**ਸਵੈਯਾ॥ ਆਇਸ ਪਾਇ ਸਭੈ ਸ਼ਕਤੀ ਚਲਿ ਕੈ ਤਹਾਂ ਚੰਡ ਪ੍ਰਚੰਡ ਪੈ ਆਈ॥**

ਦੇਵੀ ਕਹਿਓ ਤਿਨ ਕੋ ਕਰ ਆਦਰੁ ਆਈ ਭਲੇ ਜਨੁ ਬੋਲ ਪਠਾਈ॥
ਤਾ ਛਬਿ ਕੀ ਉਪਮਾ ਅਤਿ ਹੀ ਕਵਿ ਨੇ ਅਪਨੇ ਮਨ ਮੈ ਲਖਿ ਪਾਈ॥
ਮਾਨਹੁ ਸਾਵਨ ਮਾਸ ਨਦੀ ਚਲਿ ਕੈ ਜਲ ਰਾਸ ਮੈ ਆਨ ਸਮਾਈ॥ ੧੮੪॥

ਵਿਸ਼ਨੂੰ ਜੀ ਦੀ ਆਗਿਆ ਪ੍ਰਾਪਤ ਕਰਕੇ ਸਭ ਦੇਵਤਿਆਂ ਦੀਆਂ ਸ਼ਕਤੀਆਂ ਆਪੋ ਆਪਣਿਆਂ ਅਸਥਾਨਾਂ ਤੋਂ ਚਲਕੇ ਦੁਰਗਾ ਦੀ ਸਹਾਇਤਾ ਕਰਨ ਵਾਸਤੇ ਰਣਭੂਮੀ ਵਿਚ ਤੇਜਵਾਨ ਦੁਰਗਾ ਕੋਲ ਪਹੁੰਚ ਗਈਆਂ। ਦੁਰਗਾ ਦੇਵੀ ਨੇ ਉਹਨਾਂ ਸ਼ਕਤੀਆਂ ਦਾ ਬੜਾ ਆਦਰ ਮਾਣ ਕੀਤਾ ਤੇ ਜਿਵੇਂ ਸੱਦੇ ਹੋਏ ਮਹਿਮਾਨਾਂ ਨੂੰ ਜੀਉ ਆਇਆਂ ਆਖੀਦਾ ਹੈ, ਇਸੇ ਤਰ੍ਹਾਂ ਦੁਰਗਾ ਨੇ ਉਹਨਾਂ ਨੂੰ 'ਜੀਉ ਆਇਆਂ' ਕਿਹਾ। ਇਸ ਦ੍ਰਿਸ਼ ਦੀ ਸੁੰਦਰਤਾ ਨੂੰ ਵੇਖ ਕੇ ਕਵੀ ਨੇ ਆਪਣੇ ਮਨ ਵਿਚ ਇਹ ਉਪਮਾ ਜਾਣੀ ਹੈ। ਮਾਨੋ ਸਾਵਣ ਮਹੀਨੇ ਦੀ ਭਰਪੂਰ ਨਦੀ ਸਮੁੰਦਰ ਵਿਚ ਆ ਕੇ ਲੀਨ ਹੋ ਗਈ ਹੈ ਭਾਵ ਦੇਵਤਿਆਂ ਦੀਆਂ ਸ਼ਕਤੀਆਂ ਦੁਰਗਾ ਵਿਚ ਇਉਂ ਲੀਨ ਹੋ ਗਈਆਂ ਸਨ, ਜਿਵੇਂ ਬਰਸਾਤੀ ਨਦੀਆਂ ਸਮੁੰਦਰ ਵਿਚ ਜਾ ਕੇ ਲੀਨ ਹੋ ਜਾਂਦੀਆਂ ਸਨ॥੧੮੪॥

ਸਵੈਯਾ॥ ਦੇਖਿ ਮਹਾਂ ਦਲੁ ਦੇਵਨ ਕੋ ਬਰ ਬੀਰ ਸੁ ਸਾਮੁਹਿ ਜੁੱਧ ਕੋ ਧਾਏ॥
ਬਾਨਨਿ ਸਾਥਿ ਸਨੇ ਬਲੁ ਕੈ ਰਨ ਮੈ ਬਹੁ ਆਵਤ ਬੀਰ ਗਿਰਾਏ॥
ਦਾੜ੍ਹਨ ਸਾਥਿ ਚਬਾਇ ਗਈ ਕਲਿ ਅਉਰ ਗਹੇ ਚਹੂੰ ਓਰ ਬਗਾਏ॥
ਰਾਵਨ ਸੋ ਰਿਸਕੋ ਰਨ ਮੈ ਪਤਿ ਭਾਲਕ ਜਿਉ ਗਿਰ ਰਾਜ ਚਲਾਏ॥ ੧੮੫॥

ਪਦ ਅਰਥ - ਪਤਿ ਭਾਲਕ=ਜਾਮਵੰਤ।

ਦੇਵਤਿਆਂ ਦੀ ਬੇਅੰਤ ਸੈਨਾ ਨੂੰ ਵੇਖਕੇ ਬੜੇ ਬੜੇ ਬਹਾਦਰ ਦੈਂਤ ਜੁੱਧ ਕਰਨ ਲਈ ਰਣਭੂਮੀ ਵਿਚ ਆਹਮੋ ਸਾਹਮਣੇ ਆ ਪਹੁੰਚੇ। ਦੁਰਗਾ ਨੇ ਆਪਣੇ ਤੀਰਾਂ ਦੇ ਜ਼ੋਰ ਨਾਲ ਰਣਭੂਮੀ ਵਿਚ ਵਡੇ ਵਡੇ ਸੂਰਮਿਆਂ ਨੂੰ ਮਾਰ ਕੇ ਸੁੱਟ ਦਿੱਤਾ। ਕਾਲੀ ਕਈਆਂ ਦੈਂਤਾਂ ਨੂੰ ਆਪਣੀਆਂ ਦਾਹੜਾਂ ਹੇਠ ਚਬ ਗਈ ਤੇ ਕਈਆਂ ਨੂੰ ਫੜ ਫੜ ਕੇ ਚੌਂਹਾਂ ਪਾਸਿਆਂ ਵਲ ਸੁੱਟ ਦਿੱਤਾ। ਕਾਲੀ ਵਲੋਂ ਸੁਟੇ ਹੋਏ ਦੈਂਤ ਇਉਂ ਪ੍ਰਤੀਤ ਹੋ ਰਹੇ ਸਨ, ਜਿਵੇਂ ਰਾਵਣ ਨਾਲ ਜੁੱਧ ਕਰਦਿਆਂ ਜਾਮਵੰਤ ਨੇ ਬੜੇ ਕਰੋਧ ਨਾਲ ਵਡੇ ਵਡੇ ਪਹਾੜ ਚੁਕ ਕੇ ਸੁਟੇ ਸਨ॥੧੮੫॥

ਫੇਰ ਲੈ ਪਾਨ ਕ੍ਰਿਪਾਨ ਸੰਭਾਰ ਕੈ ਦੈਤਨ ਸੋ ਬਹੁ ਜੁੱਧੁ ਕਰਿਓ ਹੈ॥
ਮਾਰ ਬਿਦਾਰ ਸੰਘਾਰ ਦਏ ਬਹੁ ਭੂਮ ਪਰੇ ਭਟ ਸ੍ਰੋਉਨ ਝਰਿਓ ਹੈ॥
ਗੂਦ ਬਹਿਓ ਅਰ ਸੀਸਨ ਤੇ ਕਵਿ ਨੇ ਤਿਹ ਕੋ ਇਹ ਭਾਉ ਧਰਿਓ ਹੈ॥
ਮਾਨੋ ਪਹਾਰ ਕੋ ਸ੍ਰਿੰਗਹੁ ਤੇ ਧਰਨੀ ਪਰ ਆਨ ਤੁਸਾਰ ਪਰਿਓ ਹੈ॥ ੧੮੬॥

ਪਦ ਅਰਥ - ਤੁਸਾਰ=ਬਰਫ।

ਅਰਥ - ਕਾਲੀ ਨੇ ਫੇਰ ਆਪਣੇ ਹੱਥ ਵਿਚ ਤਲਵਾਰ ਲੈ ਕੇ ਦੈਂਤਾਂ ਨਾਲ ਬੜਾ ਭਿਆਨਕ ਜੰਗ ਕੀਤਾ। ਕਾਲੀ ਨੇ ਆਪਣੀ ਤਲਵਾਰ ਨਾਲ ਬੇਅੰਤ ਦੈਂਤ ਮਾਰਕੇ ਨਾਸ ਕਰ ਦਿੱਤੇ। ਅਨੇਕਾਂ ਦੈਂਤ ਜ਼ਖਮੀ ਹੋਏ ਧਰਤੀ ਤੇ ਤੜਫ ਰਹੇ ਸਨ ਤੇ ਉਹਨਾਂ ਦੇ ਅੰਗਾਂ ਵਿਚੋਂ ਲਹੂ ਵਹਿ ਰਿਹਾ ਸੀ। ਵੈਰੀਆਂ ਦੈਂਤਾਂ ਦੇ ਸਿਰਾਂ ਵਿਚੋਂ ਜਿਹੜੀ ਮਿੱਝ ਨਿਕਲਕੇ ਵਹਿ ਰਹੀ ਸੀ, ਉਸ ਨੂੰ ਵੇਖਕੇ ਕਵੀ ਨੇ ਇਹ ਉਪਮਾ ਬਣਾਈ ਹੈ ਕਿ ਮਾਨੋ ਪਹਾੜ ਦੀਆਂ ਚੋਟੀਆਂ ਤੋਂ ਧਰਤੀ ਤੇ ਬਰਫ ਆਣਕੇ ਡਿੱਗੀ ਹੋਵੇ॥੧੮੬॥

## ਦੋਹਰਾ॥ ਭਾਜ ਗਈ ਧੁਜਨੀ ਸਭੈ ਰਹਿਓ ਨ ਕਛੂ ਉਪਾਉ॥
## ਸੁੰਭ ਨਿਸੁੰਭਹਿ ਸੋ ਕਹਿਓ ਦਲੁ ਲੈ ਤੁਮਹੂੰ ਜਾਉ॥੧੮੭॥

ਜਦੋਂ ਜੰਗ ਵਿਚ ਜਿੱਤ ਦਾ ਕੋਈ ਉਪਾਅ ਨਜ਼ਰ ਨਾ ਆਇਆ ਤਾਂ ਦੈਂਤਾਂ ਦੀ ਸਾਰੀ ਸੈਨਾ ਮੈਦਾਨ ਛੱਡ ਕੇ ਭੱਜ ਉਠੀ, ਤਦੋਂ ਰਾਜੇ ਸੁੰਭ ਨੇ ਆਪਣੇ ਭਰਾ ਨਿਸੁੰਭ ਨੂੰ ਕਿਹਾ ਕਿ ਹੁਣ ਤੂੰ ਫੌਜ ਲੈ ਕੇ ਜੰਗ ਕਰਨ ਲਈ ਰਣਭੂਮੀ ਵਿਚ ਜਾਹ॥੧੮੭॥

## ਸਵੈਯਾ॥ ਮਾਨ ਕੈ ਸੁੰਭੁ ਕੋ ਬੋਲ ਨਿਸੁੰਭੁ ਚਲਿਓ ਦਲ ਸਾਜ ਮਹਾਂ ਬਲ ਐਸੇ॥
## ਭਾਰਥ ਜਿਉ ਰਨ ਮੈ ਰਿਸ ਪਾਰਥ ਕ੍ਰੁੱਧ ਕੈ ਜੁੱਧੁ ਕਰਿਓ ਕਰਨੈ ਸੇ॥
## ਚੰਡਿ ਕੇ ਬਾਨ ਲਗੇ ਬਹੁ ਦੈਤ ਕਉ ਫੋਰਿਕੈ ਪਾਰ ਭਏ ਤਨ ਕੈਸੇ॥
## ਸਾਵਨਮਾਸ ਕ੍ਰਿਸਾਨ ਕੇ ਖੇਤ ਉਗੇ ਮਨੋ ਧਾਨ ਕੇ ਅੰਕੁਰ ਜੈਸੇ॥੧੮੮॥

ਆਪਣੇ ਭਰਾ ਸੁੰਭ ਦਾ ਬਚਨ ਮੰਨਕੇ ਮਹਾਂ ਬਲੀ ਨਿਸੁੰਭ ਸੈਨਾ ਲੈ ਕੇ ਰਣਭੂਮੀ ਵਲ ਇਸ ਤਰ੍ਹਾਂ ਤੁਰ ਪਿਆ।

ਜਿਵੇਂ ਅਰਜਨ ਨੇ ਮਹਾਂਭਾਰਤ ਦੇ ਜੰਗ ਵਿਚ ਬੜੇ ਕਰੋਧ ਨਾਲ ਕਰਨ ਨਾਲ ਯੁੱਧ ਕੀਤਾ ਸੀ। ਨਿਸੁੰਭ ਦੈਂਤ ਨੂੰ ਦੁਰਗਾ ਦੇ ਬਹੁਤ ਤੀਰ ਲੱਗੇ। ਉਹ ਦੈਂਤ ਦੇ ਸਰੀਰ ਨੂੰ ਚੀਰ ਕੇ ਪਾਰ ਹੋ ਗਏ ਪ੍ਰਤੀਤ ਹੁੰਦੇ ਸਨ। ਉਹ ਤੀਰ ਇਉਂ ਪ੍ਰਤੀਤ ਹੁੰਦੇ ਸਨ ਮਾਨੋ ਸਾਵਣ ਦੇ ਮਹੀਨੇ ਵਿਚ ਜ਼ਿਮੀਂਦਾਰ ਦੇ ਖੇਤ ਵਿਚ ਧਾਨ ਦੇ ਅੰਕੁਰ ਉਗੇ ਹੋਏ ਸਨ॥੧੮੮॥

## ਸਵੈਯਾ॥ ਬਾਨਨ ਸਾਥ ਗਿਰਾਇ ਦਏ ਬਹੁਰੋ ਅਸਿ ਲੈ ਕਰਿ ਇਉ ਰਨ ਕੀਨੋ॥
## ਮਾਰਿ ਬਿਦਾਰਿ ਦਈ ਧੁਜਨੀ ਸਭ ਦਾਨਵ ਕੋ ਬਲੁ ਹੁਇ ਗਇਓ ਛੀਨੋ॥
## ਸ੍ਰੋਉਨ ਸਮੂਹਿ ਪਰਿਓ ਤਿਹ ਠਉਰ ਤਹਾਂ ਕਵਿ ਨੇ ਜਸੁ ਇਉ ਮਨ ਚੀਨੋ॥
## ਸਾਤ ਹੂੰ ਸਾਗਰ ਕੋ ਰਚਿਕੈ ਬਿਧਿ ਆਠਵੋ ਸਿੰਧ ਕਰਿਓ ਹੈ ਨਵੀਨੋ॥ ੧੮੯॥

ਦੁਰਗਾ ਨੇ ਪਹਿਲਾਂ ਤੀਰਾਂ ਨਾਲ ਅਨੇਕਾਂ ਦੈਂਤਾਂ ਨੂੰ ਧਰਤੀ ਤੇ ਸੁੱਟ ਦਿੱਤਾ, ਫਿਰ ਉਸ ਨੇ

ਹੱਥ ਵਿਚ ਤਲਵਾਰ ਲੈ ਕੇ ਇਸ ਤਰ੍ਹਾਂ ਦਾ ਜੰਗ ਕੀਤਾ। ਦੁਰਗਾ ਨੇ ਬੜੀ ਕਰਾਰੀ ਮਾਰ ਮਾਰ ਕੇ ਦੈਂਤਾਂ ਦੀ ਸਾਰੀ ਸੈਨਾ ਖਤਮ ਕਰ ਦਿੱਤੀ, ਜਿਸ ਕਰਕੇ ਦੈਂਤਾਂ ਦਾ ਜ਼ੋਰ ਘਟ ਗਿਆ। ਰਣਭੂਮੀ ਵਿਚ ਹਰ ਪਾਸੇ ਲਹੂ ਹੀ ਲਹੂ ਡੁੱਲ੍ਹਿਆ ਪਿਆ ਸੀ। ਇਸ ਦ੍ਰਿਸ਼ ਦੀ ਉਪਮਾ ਕਵੀ ਨੇ ਆਪਣੇ ਮਨ ਵਿਚ ਇਸ ਪ੍ਰਕਾਰ ਦੀ ਜਾਣੀ ਹੈ। ਮਾਨੋ ਬਿਧਾਤਾ ਨੇ ਪਹਿਲਾਂ ਸਤ ਸਮੁੰਦਰਾਂ ਦੀ ਰਚਨਾ ਕੀਤੀ ਸੀ, ਹੁਣ ਉਸ ਨੇ ਇਹ ਲਹੂ ਦਾ ਅਠਵਾਂ ਨਵਾਂ ਸਮੁੰਦਰ ਬਣਾਇਆ ਸੀ॥ ੧੮੯॥

**ਲੈ ਕਰ ਮੈ ਅਸਿ ਚੰਡ ਪ੍ਰਚੰਡ ਸੁ ਕ੍ਰੁੱਧ ਭਈ ਰਨ ਮੱਧਿ ਲਰੀ ਹੈ॥**
**ਫੋਰ ਦਈ ਚਤੁਰੰਗ ਚਮੂੰ ਬਲੁ ਕੈ ਬਹੁ ਕਾਲਕਾ ਮਾਰ ਧਰੀ ਹੈ॥**
**ਰੂਪ ਦਿਖਾਇ ਭਇਆਨਕ ਇਉ ਅਸੁਰੰਪਤਿ ਭ੍ਰਾਤ ਕੀ ਕ੍ਰਾਂਤ ਹਰੀ ਹੈ॥**
**ਸ੍ਰੋਣ ਸੋ ਲਾਲ ਭਈ ਧਰਨੀ ਸੁ ਮਨੋ ਅੰਗ ਸੂਹੀ ਕੀ ਸਾਰੀ ਕਰੀ ਹੈ॥ ੧੯੦॥**

ਪਦ ਅਰਥ - ਅਸੁਰੰਪਤਿ ਭ੍ਰਾਤ=ਦੈਂਤ ਰਾਜੇ ਸੁੰਭ ਦਾ ਭਰਾ--ਨਿਸੁੰਭ।

ਬੜੀ ਤੇਜਵਾਨ ਚੰਡੀ ਹੱਥ ਵਿਚ ਤਲਵਾਰ ਲੈ ਕੇ ਬੜੇ ਕਰੋਧ ਨਾਲ ਰਣਭੂਮੀ ਵਿਚ ਲੜ ਰਹੀ ਸੀ। ਚਾਰ ਪ੍ਰਕਾਰ ਦੀ ਸੈਨਾ ਨੂੰ ਦੁਰਗਾ ਨੇ ਮਾਰ ਕੇ ਫਨਾਹ ਕਰ ਦਿੱਤਾ ਸੀ ਤੇ ਕਾਲਕਾ ਨੇ ਵੀ ਬੜੇ ਬਲ ਨਾਲ ਬਹੁਤ ਸਾਰੀ ਦੈਂਤਾਂ ਦੀ ਸੈਨਾ ਮਾਰ ਦਿੱਤੀ ਸੀ। ਕਾਲਕਾ ਨੇ ਆਪਣਾ ਇਸ ਤਰ੍ਹਾਂ ਦਾ ਭਿਆਨਕ ਰੂਪ ਦਿਖਾਇਆ ਜਿਸ ਨਾਲ ਨਿਸੁੰਭ ਦੇ ਚਿਹਰੇ ਦੀ ਆਭਾ ਤੇ ਜੋਤ ਨਾਸ ਹੋ ਗਈ। ਧਰਤੀ ਸੂਰਮਿਆ ਦੇ ਲਹੂ ਡੁਲ੍ਹਣ ਨਾਲ ਇਉਂ ਲਾਲ ਹੋ ਗਈ ਸੀ, ਜਿਵੇਂ ਧਰਤੀ ਨੇ ਲਾਲ ਰੰਗ ਦੀ ਸਾਹੜੀ ਪਹਿਲੀ ਹੋਈ ਸੀ॥ ੧੯੦॥

**ਦੈਤ ਸੰਭਾਰ ਸਭੈ ਅਪਨੋ ਬਲਿ ਚੰਡਿ ਸੋ ਜੁੱਧੁ ਕੋ ਫੇਰਿ ਅਰੇ ਹੈ॥**
**ਆਯੁਧ ਧਾਰਿ ਲਰੇ ਰਨ ਇਉ ਜਨੁ ਦੀਪਕ ਮੱਧਿ ਪਤੰਗ ਪਰੇ ਹੈ॥**
**ਚੰਡ ਪ੍ਰਚੰਡ ਕੁਵੰਡ ਸੰਭਾਰ ਸਭੈ ਰਨ ਮੱਧਿ ਦੁ ਟੂਕ ਕਰੇ ਹੈ॥**
**ਮਾਨੋ ਮਹਾਂ ਬਨ ਮੈ ਬਰ ਬ੍ਰਿੱਛਨ ਕਾਟਿ ਕੈ ਬਾਢੀ ਜੁਦੇ ਕੈ ਧਰੇ ਹੈ॥ ੧੯੧॥**

ਦੈਂਤਾਂ ਦੀ ਸੈਨਾ ਆਪਣੇ ਬਲ ਨੂੰ ਸੰਭਾਲਕੇ ਮੁੜ ਕੇ ਫੇਰ ਦੁਰਗਾ ਨਾਲ ਜੰਗ ਕਰਨ ਲਈ ਮੈਦਾਨ ਵਿਚ ਆ ਕੇ ਡਟ ਗਈ। ਦੈਂਤ ਸ਼ਸਤਰ ਪਹਿਨਕੇ ਰਣਭੂਮੀ ਵਿਚ ਇਉਂ ਲੜ ਰਹੇ ਸਨ, ਮਾਨੋ ਦੀਵੇ ਦੀ ਲ੍ਹਾਟ ਉਤੇ ਸੜਨ ਲਈ ਪਤੰਗੇ ਪੈ ਰਹੇ ਸਨ। ਦੁਰਗਾ ਨੇ ਆਪਣਾ ਕਰੜਾ ਧਨੁਖ ਫੜਕੇ ਤੀਰ ਮਾਰੁ ਮਾਰ ਕੇ ਦੈਂਤਾਂ ਨੂੰ ਰਣਭੂਮੀ ਵਿਚ ਦੋ ਦੋ ਟੁਕੜੇ ਕਰ ਦਿੱਤਾ। ਰਣਭੂਮੀ ਵਿਚ ਵੱਢੇ ਪਏ ਦੈਂਤ ਇਉਂ ਪ੍ਰਤੀਤ ਹੁੰਦੇ ਸਨ ਜਿਵੇਂ ਤਰਖਾਣ ਨੇ ਬਨ ਵਿਚ ਬ੍ਰਿਛਾਂ ਨੂੰ ਵਢ ਵਢ ਕੇ ਵਖੋ ਵਖਰੇ ਕਰਕੇ ਧਰਿਆ ਹੋਇਆ ਸੀ॥ ੧੯੧॥

**ਸਵੈਯਾ॥ ਮਾਰ ਲਇਓ ਦਲੁ ਅਉਰ ਭਜਿਓ ਮਨ ਮੈ ਤਬ ਕੋਪ ਨਿਸੁੰਭ ਕਰਿਓ ਹੈ॥**

**ਚੰਡ ਕੇ ਸਾਮੁਹਿ ਆਨਿ ਅਰਿਓ ਅਤਿ ਜੁੱਧੁ ਕਰਿਓ ਪਗੁ ਨਾਹਿ ਟਰਿਓ ਹੈ॥**
**ਚੰਡ ਕੇ ਬਾਨ ਲਗਿਓ ਮੁਖ ਦੈਤ ਕੇ ਸ੍ਰੋਣ ਸਮੂਹ ਧਰਾਨ ਪਰਿਓ ਹੈ॥**
**ਮਾਨਹੁ ਰਾਹੁ ਗ੍ਰਸਿਓ ਨਭ ਭਾਨ ਸੁ ਸ੍ਰੋਣਤ ਕੋ ਅਤ ਬਓਨ ਕਰਿਓ ਹੈ॥ ੧੯੨॥**

ਪਦ ਅਰਥ - ਬਓਨ=ਬਮਨ, ਉਕਾਰੀ, ਉਲਟੀ।

ਜਦੋਂ ਦੁਰਗਾ ਨੇ ਦੈਂਤਾਂ ਦੀ ਕੁਝ ਸੈਨਾ ਮਾਰ ਦਿੱਤੀ ਤੇ ਕੁਝ ਫੌਜ ਭੱਜ ਗਈ, ਤਦ ਨਿਸੁੰਭ ਨੇ ਇਹ ਵੇਖਕੇ ਆਪਣੇ ਮਨ ਵਿਚ ਬੜਾ ਕਰੋਧ ਕੀਤਾ। ਨਿਸੁੰਭ ਦੈਂਤ ਦੁਰਗਾ ਦੇ ਸਾਹਮਣੇ ਆਣਕੇ ਡਟ ਗਿਆ, ਉਸ ਨੇ ਬੜਾ ਭਿਆਨਕ ਜੰਗ ਕੀਤਾ, ਉਹ ਇਕ ਪੈਰ ਵੀ ਪਿਛੇ ਨਾ ਹਟਿਆ। ਦੁਰਗਾ ਦੇ ਤੀਰ ਨਿਸੁੰਭ ਦੇ ਮੂੰਹ ਤੇ ਲੱਗੇ, ਜਿਸ ਨਾਲ ਬਹੁਤ ਸਾਰਾ ਲਹੂ ਧਰਤੀ ਤੇ ਆਣ ਪਿਆ। ਉਹ ਲਹੂ ਇਉਂ ਪ੍ਰਤੀਤ ਹੋ ਰਿਹਾ ਸੀ ਮਾਨੋ ਅਕਾਸ਼ ਵਿਚ ਰਾਹੂ ਨੇ ਸੂਰਜ ਨੂੰ ਗ੍ਰਸ ਲਿਆ ਹੋਵੇ ਤੇ ਸੂਰਜ ਨੇ ਲਹੂ ਦੀ ਬਹੁਤ ਵਡੀ ਉਲਟੀ ਕੀਤੀ ਹੋਵੇ॥ ੧੯੨॥

**ਸਾਂਗ ਸੰਭਾਰ ਕਰੰ ਬਲੁ ਧਾਰ ਕੈ ਚੰਡ ਦਈ ਰਿਪ ਭਾਲ ਮੈ ਐਸੇ॥**
**ਜੋਰ ਕੇ ਫੋਰ ਗਈ ਸਿਰ ਤ੍ਰਾਨ ਕੋ ਪਾਰ ਭਈ ਪਟ ਫਾਰ ਅਨੈਸੇ॥**
**ਸ੍ਰੋਣ ਕੀ ਧਾਰ ਚਲੀ ਪਥ ਊਰਧ ਸੋ ਉਪਮਾ ਸੁ ਭਈ ਕਹੁ ਕੈਸੇ॥**
**ਮਾਨੋ ਮਹੇਸ਼ ਕੇ ਤੀਸਰੇ ਨੈਨ ਕੀ ਜੋਤ ਉਦੋਤ ਭਈ ਖੁਲ ਤੈਸੇ॥ ੧੯੩॥**

ਪਦ ਅਰਥ - ਸਿਰਤ੍ਰਾਨ=ਸਿਰ ਦੀ ਰਖਿਆ ਕਰਨ ਵਾਲਾ ਲੋਹੇ ਦਾ ਟੋਪ। ਅਨੈਸੇ=ਨੇਜੇ ਦੀ ਨੋਕ।

ਦੁਰਗਾ ਨੇ ਬਰਛੀ ਫੜਕੇ ਬੜੇ ਜ਼ੋਰ ਨਾਲ ਨਿਸੁੰਭ ਦੇ ਮੱਥੇ ਵਿਚ ਮਾਰੀ। ਦੁਰਗਾ ਦੀ ਬਰਛੀ ਬੜੇ ਜ਼ੋਰ ਨਾਲ ਵੱਜ ਕੇ ਲੋਹੇ ਦੇ ਟੋਪ ਨੂੰ ਪਾੜ ਗਈ ਤੇ ਨੇਜੇ ਦੀ ਨੋਕ ਪਟਕੇ ਨੂੰ ਪਾੜਕੇ ਪਾਰ ਲੰਘ ਗਈ। ਨਿਸੁੰਭ ਦੇ ਮਥੇ ਵਿਚੋਂ ਲਹੂ ਦੀ ਧਾਰ ਨਿਕਲਕੇ ਉਪਰ ਦੇ ਰਸਤੇ ਚਲ ਪਈ, ਉਸਦੀ ਉਪਮਾ ਇਸ ਤਰ੍ਹਾਂ ਦੀ ਪ੍ਰਤੀਤ ਹੋ ਰਹੀ ਸੀ? ਮਾਨੋ ਸ਼ਿਵ ਜੀ ਦੇ ਤੀਸਰੇ ਨੇਤ੍ਰ ਦੇ ਖੁਲ੍ਹ ਜਾਣ ਨਾਲ ਜੋ ਜੋਤ ਪ੍ਰਗਟ ਹੋਈ ਸੀ, ਉਸ ਤਰ੍ਹਾਂ ਇਹ ਲਹੂ ਦੀ ਧਾਰਾ ਚਲ ਰਹੀ ਸੀ॥ ੧੯੩॥

**ਦੈਤ ਨਿਕਾਸ ਕੈ ਸਾਂਗ ਵਹੈ ਬਲਿ ਕੈ ਤਬ ਚੰਡ ਪ੍ਰਚੰਡ ਕੇ ਦੀਨੀ॥**
**ਜਾਇ ਲਗੇ ਤਿਹ ਕੇ ਮੁਖ ਮੈ ਬਹਿ ਸ੍ਰੋਣ ਪਰਿਓ ਅਤਿ ਹੀ ਛਬਿ ਕੀਨੀ॥**
**ਇਉ ਉਪਮਾ ਉਪਜੀ ਮਨ ਮੈ ਕਬਿ ਨੇ ਇਹ ਭਾਂਤ ਸੋਈ ਕਹਿ ਦੀਨੀ॥**
**ਮਾਨਹੁ ਸਿੰਗਲ ਦੀਪ ਕੀ ਨਾਰ ਗਰੇ ਮੈ ਤੰਬੋਲ ਕੀ ਪੀਕ ਨਵੀਨੀ॥ ੧੯੪॥**

ਪਦ ਅਰਥ - ਸਿੰਗਲਦੀਪ ਦੀ ਨਾਰ=ਸੰਗਲਾਦੀਪ ਦੀ ਇਸਤਰੀ ਪਦਮਨੀ ਇਸਤਰੀ। ਪੀਕ=ਥੁਕ।

ਦੈਂਤ ਨਿਸੁੰਭ ਨੇ ਉਹ ਬਰਛੀ ਆਪਣੇ ਮਥੇ ਵਿਚੋਂ ਕਢਕੇ ਬੜੀ ਫੁਰਤੀ ਨਾਲ ਦੁਰਗਾ ਨੂੰ ਮਾਰੀ। ਉਹ ਬਰਛੀ ਦੁਰਗਾ ਦੇ ਮੂੰਹ ਤੇ ਜਾ ਕੇ ਵੱਜੀ, ਜਿਸ ਕਰਕੇ ਉਸ ਦੇ ਮੂੰਹ ਵਿਚੋਂ ਲਹੂ ਵਗ ਤੁਰਿਆ। ਉਸ ਲਹੂ ਦੀ ਧਾਰ ਨੇ ਬੜੀ ਨਿਰਾਲੀ ਸੁੰਦਰਤਾ ਬਣਾ ਦਿੱਤੀ ਸੀ। ਇਸ ਸ਼ੋਭਾ ਵੇਖਕੇ ਕਵੀ ਦੇ ਮਨ ਵਿਚ ਇਹ ਉਪਮਾ ਉਪਜੀ ਹੈ, ਜੋ ਇਸ ਤਰ੍ਹਾਂ ਵਰਣਨ ਕੀਤੀ ਹੈ। ਮਾਨੋ ਸੰਗਲਾਦੀਪ ਦੀ ਪਦਮਨੀ ਇਸਤਰੀ ਦੇ ਗਲ ਵਿਚ ਤਾਜ਼ੇ ਚਬਾਏ ਹੋਏ ਪਾਨ ਦੀ ਪੀਕ ਦਿਖਾਈ ਦੇ ਰਹੀ ਸੀ॥ ੧੯੪॥

**ਸਵੈਯਾ॥ ਜੁੱਧੁ ਨਿਸੁੰਭ ਕਰਿਓ ਅਤਿ ਹੀ ਜਸੁ ਇਆ ਛਬਿ ਕੋ ਕਬਿ ਕੋ ਬਰਨੈ॥**
**ਨਹਿ ਭੀਖਮ ਦ੍ਰੋਣਿ ਕ੍ਰਿਪਾ ਅਰੁ ਦ੍ਰੋਣਜ ਭੀਮ ਨ ਅਰਜਨ ਅਉ ਕਰਨੈ॥**
**ਬਹੁ ਦਾਨਵ ਕੇ ਤਨ ਸ੍ਰੂਉਨ ਕੀ ਧਾਰ ਛੁਟੀ ਸੁ ਲਗੇ ਸਰ ਕੇ ਫਰਨੈ॥**
**ਜਨੁ ਰਾਤ ਕੇ ਦੂਰਿ ਬਿਭਾਸ ਦਸੋਦਿਸ ਫੈਲਿ ਚਲੀ ਰਵਿ ਕੀ ਕਿਰਨੈ॥ ੧੯੫॥**

ਪਦ ਅਰਥ - ਭੀਖਮ=ਭੀਸ਼ਮ ਪਿਤਾਮਾ। ਦ੍ਰੋਣਿ=ਦਰੋਣਾਚਾਰਜ। ਕ੍ਰਿਪਾ=ਕ੍ਰਿਪਾਚਾਰਯ। ਭੀਮ=ਭੀਮਸੈਨ ਤੇ ਅਰਜਨ।

ਅਰਥ - ਨਿਸੁੰਭ ਨੇ ਬਹੁਤ ਭਿਆਨਕ ਜੰਗ ਕੀਤਾ। ਇਸ ਜੰਗ ਦੀ ਸੁੰਦਰਤਾ ਨੂੰ ਕਿਹੜਾ ਕਵੀ ਵਰਣਨ ਕਰ ਸਕਦਾ ਹੈ ? ਨਿਸੁੰਭ ਨੇ ਐਸਾ ਭਿਆਨਕ ਯੁਧ ਕੀਤਾ ਕਿ ਭੀਸ਼ਮ ਪਿਤਾਮਾ, ਦਰੋਣਾਚਾਰਜ, ਕ੍ਰਿਪਾਚਾਰਯ, ਦ੍ਰੋਣਿ, ਭੀਮਸੈਨ, ਅਰਜਨ ਤੇ ਕਰਣ ਨੇ ਵੀ ਇਹੋ ਜਿਹਾ ਭਿਅੰਕਰ ਜੰਗ ਨਹੀਂ ਸੀ ਕੀਤਾ। ਬਹੁਤ ਸਾਰੇ ਦੈਂਤਾਂ ਦੇ ਸਰੀਰਾਂ ਵਿਚੋਂ ਤੀਰਾਂ ਦੀਆਂ ਮੁਖੀਆਂ ਲਗਣ ਨਾਲ ਲਹੂ ਦੀਆਂ ਧਾਰਾਂ ਵਗ ਰਹੀਆਂ ਸਨ। ਇਹ ਦ੍ਰਿਸ਼ ਇਉਂ ਪ੍ਰਤੀਤ ਹੋ ਰਿਹਾ ਸੀ ਜਿਵੇਂ ਰਾਤ ਦੇ ਹਨ੍ਹੇਰੇ ਨੂੰ ਦੂਰ ਕਰਨ ਵਾਸਤੇ ਪ੍ਰਭਾਤ ਵੇਲੇ ਸੂਰਜ ਦੀਆਂ ਕਿਰਨਾਂ ਦਸਾਂ ਦਿਸਾਂ ਵਿਚ ਫੈਲ ਰਹੀਆਂ ਸਨ॥ ੧੯੫॥

**ਚੰਡ ਲੈ ਚੱਕ੍ਰ ਧਸੀ ਰਨ ਮੈ ਰਿਸ ਕ੍ਰੁੱਧ ਕੀਓ ਬਹੁ ਦਾਨਵ ਮਾਰੇ॥**
**ਫੇਰਿ ਗਦਾ ਗਹਿਕੈ ਲਹਿਕੈ ਚਹਿਕੈ ਰਿਪ ਸੈਨ ਹਤੀ ਲਲਕਾਰੇ॥**
**ਲੈ ਕਰ ਖੱਗ ਅਦੱਗ ਮਹਾਂ ਸਿਰ ਦੈਤਨ ਕੇ ਬਹੁ ਭੂ ਪਰ ਝਾਰੇ॥**
**ਰਾਮ ਕੇ ਜੁੱਧ ਸਮੈ ਹਨੂਮਾਨ ਜੁ ਆਨ ਮਨੋ ਗਰੂਏ ਗਿਰ ਡਾਰੇ॥ ੧੯੬॥**

ਦੁਰਗਾ ਬੜੇ ਕਰੋਧ ਨਾਲ ਚੱਕਰ ਲਾ ਕੇ ਰਣਭੂਮੀ ਵਿਚ ਧਸ ਗਈ ਤੇ ਉਸ ਨੇ ਬਹੁਤ ਸਾਰੇ ਦੈਂਤਾਂ ਨੂੰ ਮਾਰ ਦਿੱਤਾ। ਫੇਰ ਦੁਰਗਾ ਨੇ ਗਦਾ ਫੜਕੇ ਫਿਰਾਈ, ਜੋ ਲਹਿਰਾਉਂਦੀ ਹੋਈ ਚਮਕਦੀ ਸੀ। ਲਲਕਾਰੇ ਮਾਰਕੇ ਦੁਰਗਾ ਨੇ ਗਦਾ ਨਾਲ ਵੈਰੀਆਂ ਦੀ ਸੈਨਾ ਨੂੰ ਮਾਰਿਆ। ਦੁਰਗਾ ਨੇ ਝਮਝਮ ਕਰਦਾ ਖੜਗ ਹੱਥ ਵਿਚ ਫੜਕੇ ਵਡੇ ਵਡੇ ਸੂਰਮੇ ਦੈਂਤਾਂ ਦੇ ਸਿਰ ਲਾਹ ਲਾਹ ਧਰਤੀ ਤੇ ਸੁੱਟ ਦਿੱਤੇ। ਦੈਂਤਾਂ ਦੇ ਕੱਟੇ ਹੋਏ ਸਿਰ ਰਣਭੂਮੀ ਵਿਚ ਪਏ ਇਉਂ ਦਿਖਾਈ ਦੇਂਦੇ ਸਨ ਜਿਵੇਂ ਰਾਮ ਜੀ ਦੇ ਰਾਵਣ

ਨਾਲ ਜੁੱਧ ਸਮੇਂ ਹਨੂੰਮਾਨ ਨੇ ਵਡੇ ਵਡੇ ਪਹਾੜ ਲਿਆਕੇ ਸੁੱਟੇ ਸਨ॥੧੯੬॥

**ਸਵੈਯਾ॥ ਦਾਨਵ ਏਕ ਬਡੋ ਬਲਿ ਵਾਨ ਕ੍ਰਿਪਾਨ ਲੈ ਪਾਨ ਹਕਾਰ ਕੈ ਧਾਇਓ॥**
**ਕਾਢ੍ਕੈ ਖੱਗੁ ਸੁ ਚੰਡਕਾ ਮਿਆਨ ਤੇ ਤਾ ਤਨ ਬੀਚ ਭਲੇ ਬਰ ਲਾਇਓ॥**
**ਟੂਟ ਪਰਿਓ ਸਿਰ ਵਾ ਧਰ ਤੇ ਜਸੁ ਇਆ ਛਬਿ ਕੋ ਕਵਿ ਕੇ ਮਨ ਆਇਓ॥**
**ਊਚ ਧਰਾਧਰ ਊਪਰਿ ਤੇ ਗਿਰਿਓ ਕਾਕ ਕਰਾਲ ਭੁਜੰਗਮ ਖਾਇਓ॥੧੯੭॥**

ਇਕ ਬੜਾ ਬਲੀ ਦੈਂਤ ਹੱਥ ਵਿਚ ਤਲਵਾਰ ਲੈ ਕੇ ਲਲਕਾਰੇ ਮਾਰਦਾ ਰਣਭੂਮੀ ਦੇ ਵਿਚ ਭੱਜਕੇ ਆਇਆ। ਅਗੋਂ ਦੁਰਗਾ ਨੇ ਮਿਆਨ ਵਿਚੋਂ ਖੜਗ ਕਢਕੇ ਉਸ ਦੈਂਤ ਦੇ ਸਰੀਰ ਤੇ ਬੜੇ ਜ਼ੋਰ ਨਾਲ ਮਾਰਿਆ। ਦੁਰਗਾ ਦੇ ਖੜਗ ਲੱਗਣ ਨਾਲ ਉਸ ਦੈਂਤ ਦਾ ਸਿਰ ਟੁਟ ਕੇ ਧਰਤੀ ਤੇ ਡਿੱਗ ਪਿਆ। ਇਸ ਦ੍ਰਿਸ਼ ਦੀ ਸੁੰਦਰਤਾ ਦੀ ਉਪਮਾ ਕਵੀ ਦੇ ਮਨ ਵਿਚ ਇਸ ਪ੍ਰਕਾਰ ਦੀ ਆਈ ਹੈ। ਜਿਵੇਂ ਉਚੇ ਪਹਾੜ ਤੋਂ ਭਿਆਨਕ ਸੱਪ ਦਾ ਖਾਧਾ ਹੋਇਆ ਕਾਂ ਜ਼ਮੀਨ ਤੇ ਡਿੱਗ ਪਿਆ ਹੋਵੇ॥੧੯੭॥

**ਸਵੈਯਾ॥ ਬੀਰ ਨਿਸੁੰਭ ਕੋ ਦੈਤ ਬਲੀ ਇਕ ਪ੍ਰੇਰ ਤੁਰੰਗ ਗਇਓ ਰਨ ਸਾਮੁਹਿ॥**
**ਦੇਖਤ ਧੀਰਜ ਨਾਹਿ ਰਹੇ ਅਬਿ ਕੋ ਸਮਰੱਥ ਹੈ ਬਿਕ੍ਰਮ ਜਾ ਮਹਿ॥**
**ਚੰਡ ਲੈ ਪਾਨ ਕ੍ਰਿਪਾਨ ਹਨੇ ਅਰਿ ਫੇਰਿ ਦਈ ਸਿਰ ਦਾਨਵ ਤਾ ਮਹਿ॥**
**ਮੁੰਡਹਿ ਤੁੰਡਹਿ ਰੁੰਡਹਿ ਚੀਰ ਪਲਾਨ ਕਿਕਾਨ ਧਸੀ ਬਸੁਧਾ ਮਹਿ॥੧੯੮॥**

ਪਦ ਅਰਥ - ਬਿਕ੍ਰਮ=ਹੌਸਲਾ। ਜਾਮਹਿ=ਜਾਣ ਦਾ। ਕਿਕਾਨ=ਘੋੜਾ।

ਰਾਜੇ ਨਿਸੁੰਭ ਦਾ ਇਕ ਬਹਾਦਰ ਦੈਂਤ ਘੋੜਾ ਦੁੜਾਕੇ ਦੁਰਗਾ ਦੇ ਸਾਹਮਣੇ ਰਣਭੂਮੀ ਵਿਚ ਗਿਆ। ਉਸ ਦੈਂਤ ਨੂੰ ਵੇਖਦਿਆਂ ਕਿਸੇ ਵਿਚ ਵੀ ਧੀਰਜ ਨਾ ਰਿਹਾ। ਕਿਸੇ ਸੂਰਮੇ ਵਿਚ ਏਨੀ ਤਾਕਤ ਸੀ ਜੋ ਉਸ ਦੇ ਸਾਹਮਣੇ ਜਾਣ ਦਾ ਹੌਸਲਾ ਕਰ ਸਕੇ ? ਚੰਡੀ ਨੇ ਆਪਣੇ ਹੱਥ ਵਿਚ ਤਲਵਾਰ ਫੜਕੇ ਬੇਅੰਤ ਵੈਰੀਆਂ ਨੂੰ ਮਾਰ ਦਿੱਤਾ। ਦੁਰਗਾ ਨੇ ਉਸੇ ਵੇਲੇ ਉਸ ਸਾਹਮਣੇ ਆਏ ਦੈਂਤ ਦੇ ਸਿਰ ਤੇ ਵੀ ਤਲਵਾਰ ਦਾ ਵਾਰ ਕੀਤਾ। ਦੇਵੀ ਦੀ ਤਲਵਾਰ ਦੈਂਤ ਦੇ ਸਿਰ ਨੂੰ, ਮੂੰਹ ਨੂੰ, ਧੜ ਨੂੰ, ਪਲਾਨ ਤੇ ਘੋੜੇ ਨੂੰ ਚੀਰਕੇ ਧਰਤੀ ਵਿਚ ਜਾ ਧਸੀ॥੧੯੮॥

**ਇਉ ਜਬ ਦੈਤ ਹਤਿਓ ਬਰ ਚੰਡ ਸੁ ਅਉਰ ਚਲਿਓ ਰਨ ਮੌਧਿ ਪਚਾਰੇ॥**
**ਕੇਹਰਿ ਕੇ ਸਮੁਹਾਇ ਰਿਸਾਇ ਕੈ ਧਾਇਕੇ ਘਾਇ ਦੁ ਤੀਨਕ ਝਾਰੇ॥**
**ਚੰਡਿ ਲਈ ਕਰਵਾਰ ਸੰਭਾਰ ਹਕਾਰਕੈ ਸੀਸ ਦਈ ਬਲੁ ਧਾਰੇ॥**
**ਜਾਇ ਪਰਿਓ ਸਿਰ ਦੂਰ ਪਰਾਇ ਜਿਉ ਟੂਟਤ ਅੰਬ ਬਯਾਰ ਕੇ ਮਾਰੇ॥੧੯੯॥**

ਜਦੋਂ ਇਸ ਤਰ੍ਹਾਂ ਬਲਵਾਨ ਦੁਰਗਾ ਨੇ ਉਸ ਦੈਂਤ ਨੂੰ ਮਾਰ ਦਿੱਤਾ, ਤਦ ਇਕ ਹੋਰ ਦੈਂਤ

ਬੜੇ ਲਲਕਾਰੇ ਮਾਰਦਾ ਹੋਇਆ ਮੈਦਾਨ ਵਿਚ ਆ ਗਿਆ। ਉਸ ਦੈਂਤ ਨੇ ਬੜੇ ਕਰੋਧ ਨਾਲ ਧਾਵਾ ਕਰਕੇ ਸ਼ੇਰ ਨੂੰ ਦੋ ਤਿੰਨ ਜ਼ਖਮ ਲਾ ਦਿੱਤੇ। ਦੁਰਗਾ ਨੇ ਤਲਵਾਰ ਫੜਕੇ ਬੜੇ ਜ਼ੋਰ ਦਾ ਲਲਕਾਰਾ ਮਾਰਕੇ ਦੈਂਤ ਦੇ ਸਿਰ ਤੇ ਤਲਵਾਰ ਮਾਰੀ। ਉਸ ਦੈਂਤ ਦਾ ਸਿਰ ਦੁਰਗਾ ਦੀ ਤਲਵਾਰ ਲੱਗਣ ਨਾਲ ਕੱਟਕੇ ਇਉਂ ਦੂਰ ਜਾ ਡਿੱਗਾ, ਜਿਵੇਂ ਤੇਜ਼ ਹਵਾ ਚਲਣ ਨਾਲ ਬ੍ਰਿਛ ਨਾਲੋਂ ਅੰਬ ਟੁਟਕੇ ਧਰਤੀ ਤੇ ਡਿੱਗ ਪੈਂਦਾ ਹੈ॥੧੯੯॥

**ਜਾਨ ਨਿਦਾਨ ਕੋ ਜੁੱਧੁ ਬਨਿਓ ਰਨ ਦੈਤ ਸਬੂਹ ਸਭੈ ਉਠਿ ਧਾਏ॥**
**ਸਾਰ ਸੌਂ ਸਾਰ ਕੀ ਮਾਰ ਮਚੀ ਤਬ ਕਾਇਰ ਛਾਡ ਕੈ ਖੇਤ ਪਰਾਏ॥**
**ਚੰਡ ਕੇ ਖੱਗ ਗਦਾ ਲਗ ਦਾਨਵ ਰੰਚਕ ਰੰਚਕ ਹੁਇ ਤਨ ਆਏ॥**
**ਮੁੰਗਰ ਲਾਇ ਹੁਲਾਇ ਮਨੋ ਤਰੁ ਕਾਛੀ ਨੇ ਪੇਡ ਤੇ ਤੂਤ ਗਿਰਾਏ॥ ੨੦੦॥**

ਪਦ ਅਰਥ - ਕਾਛੀ=ਮਾਲੀ।

ਰਣਭੂਮੀ ਵਿਚ ਬੜਾ ਭਿਆਨਕ ਜੁੱਧ ਮਚਿਆ ਵੇਖਕੇ ਸਾਰੇ ਦੈਂਤ ਜੰਗ ਕਰਨ ਲਈ ਚੜ੍ਹਾਈ ਕਰਕੇ ਮੈਦਾਨ ਵਿਚ ਆ ਗਏ। ਲੋਹੇ ਨਾਲ ਲੋਹਾ ਖੜਕਿਆ, ਭਾਵ ਸ਼ਸਤਰਾਂ ਨਾਲ ਸ਼ਸਤਰ ਟਕਰਾਏ ਇਸ ਭਿਆਨਕ ਜੁੱਧ ਨੂੰ ਵੇਖਕੇ ਕਾਇਰ ਮਨੁੱਖ ਰਣਭੂਮੀ ਵਿਚੋਂ ਭੱਜ ਗਏ। ਦੁਰਗਾ ਦੇ ਖੜਗ ਤੇ ਗਦਾ ਆਦਿਕ ਸ਼ਸਤਰਾਂ ਦੇ ਲੱਗਣ ਨਾਲ ਦੈਂਤਾਂ ਦੇ ਸਰੀਰ ਟੁਕੜੇ ਟੁਕੜੇ ਹੋ ਕੇ ਧਰਤੀ ਤੇ ਡਿੱਗ ਪਏ। ਇਉਂ ਪ੍ਰਤੀਤ ਹੋ ਰਿਹਾ ਸੀ ਜਿਵੇਂ ਮਾਲੀ ਬ੍ਰਿਛ ਨੂੰ ਮੋਹਲੇ ਮਾਰ ਮਾਰ ਕੇ ਤੇ ਹਿਲਾ ਹਿਲਾ ਕੇ ਦਰਖਤ ਤੋਂ ਤੂਤ ਡੇਗ ਰਿਹਾ ਹੋਵੇ। ੨੦੦॥

**ਸਵੈਯਾ॥ ਪੇਖਿ ਚਮੂੰ ਬਹੁ ਦੈਤਨ ਕੀ ਪੁਨਿ ਚੰਡਕਾ ਆਪਨੇ ਸ਼ਸਤਰ ਸੰਭਾਰੇ॥**
**ਬੀਰਨ ਤੇ ਤਨ ਚੀਰ ਪਚੀਰ ਸੇ ਦੈਤ ਹਕਾਰ ਪਛਾਰ ਸੰਘਾਰੇ॥**
**ਘਾਉ ਲਗੇ ਤਿਨ ਕੋ ਰਨ ਭੂਮ ਮੈ ਟੂਟ ਪਰੇ ਧਰ ਤੇ ਸਿਰ ਨਜਾਰੇ॥**
**ਜੁੱਧ ਸਮੈ ਸੁਤ ਭਾਨ ਮਨੋ ਸਸਿ ਕੇ ਸਭ ਟੂਕ ਜੁਦੇ ਕਰ ਡਾਰੇ॥ ੨੦੧॥**

ਪਦ ਅਰਥ - ਪਟੀਰ=ਚੰਦਨ। ਸੁਤ ਭਾਨ=ਛਨਿਛਰ। ਸਸਿ=ਚੰਦਰਮਾਂ।

ਜਦੋਂ ਚੰਡੀ ਨੇ ਮੈਦਾਨ ਵਿਚ ਦੈਂਤਾਂ ਦੀ ਬੇਅੰਤ ਸੈਨਾ ਹੋਰ ਆਉਂਦੀ ਵੇਖੀ, ਤਾਂ ਉਸ ਨੇ ਆਪਣੇ ਸ਼ਸਤਰਾਂ ਨੂੰ ਫੜ ਲਿਆ। ਦੁਰਗਾ ਨੇ ਸੂਰਮਿਆਂ ਦੇ ਚੰਦਨ ਵਰਗੇ ਸਰੀਰਾਂ ਨੂੰ ਚੀਰ ਚੀਰ ਕੇ ਸੁੱਟ ਦਿੱਤਾ ਤੇ ਦੈਂਤਾਂ ਨੂੰ ਵੰਗਾਰਕੇ ਪਟਕਾ ਕੇ ਨਾਸ ਕਰ ਦਿੱਤਾ। ਰਣਭੂਮੀ ਵਿਚ ਸ਼ਸਤਰਾਂ ਦੀ ਮਾਰ ਨਾਲ ਦੈਂਤਾਂ ਦੇ ਸਰੀਰ ਫਟੜ ਹੋ ਗਏ ਤੇ ਸਿਰ ਧੜ ਨਾਲੋਂ ਵਖਰੇ ਹੋ ਹੋ ਕੇ ਧਰਤੀ ਤੇ ਡਿੱਗ ਪਏ। ਇਹ ਦ੍ਰਿਸ਼ ਇਉਂ ਭਾਸ ਰਿਹਾ ਸੀ ਜਿਵੇਂ ਜੁੱਧ ਵਿਚ ਛਨਿਛਰ ਨੇ ਚੰਦਰਮਾਂ ਨੂੰ ਟੁਕੜੇ ਟੁਕੜੇ ਕਰ ਕੇ ਸੁੱਟ ਦਿੱਤਾ ਹੋਵੇ॥ ੨੦੧॥

ਸਵੈਯਾ॥ ਚੰਡ ਪ੍ਰਚੰਡ ਤਬੈ ਬਲ ਧਾਰ ਸੰਭਾਰ ਲਈ ਕਰਵਾਰ ਕਰੀ ਕਰ॥
ਕੋਪ ਦਈਅ ਨਿਸੁੰਭ ਕੇ ਸੀਸ ਬਹੀ ਇਹ ਭਾਂਤ ਰਹੀ ਤਰਵਾ ਤਰ॥
ਕਉਨ ਸਰਾਹ ਕਰੈ ਕਹਿ ਤਾ ਛਿਨ ਸੋ ਬਿਬ ਹੋਇ ਪਰੇ ਧਰਨੀ ਪਰ॥
ਮਾਨਹੁ ਸਾਰ ਕੀ ਤਾਰ ਲੈ ਹਾਥ ਚਲਾਈ ਹੈ ਸਾਬਨ ਕੋ ਸਬੁਨੀਗਰ॥ ੨੦੨॥

ਪਦ ਅਰਥ - ਤਰਵਾ ਤਰ=ਇਧਰ ਤੋਂ ਉਧਰ। ਆਰ ਪਾਰ। ਕਰੀ ਕਰਿ=ਬੜੀ ਪੱਕੀ ਤਰ੍ਹਾਂ। ਸਾਰ ਕੀ ਤਾਰ=ਲੋਹੇ ਦੀ ਤਾਰ। ਸਬੁਨੀਗਰ=ਸਾਬਣ ਬਣਾਉਣ ਵਾਲਾ।

ਤੇਜਵਾਨ ਦੁਰਗਾ ਨੇ ਬੜੇ ਜ਼ੋਰ ਨਾਲ ਆਪਣੇ ਹੱਥ ਵਿਚ ਪੱਕੀ ਤਰ੍ਹਾਂ ਤਲਵਾਰ ਫੜ ਲਈ। ਦੁਰਗਾ ਨੇ ਬੜੇ ਕਰੋਧ ਨਾਲ ਨਿਸੁੰਭ ਦੇ ਸਿਰ ਤੇ ਤਲਵਾਰ ਮਾਰੀ, ਜੋ ਇਸ ਤਰ੍ਹਾਂ ਚਲੀ ਕਿ ਇਧਰ ਤੋਂ ਉਧਰ ਤਕ ਨਿਕਲ ਗਈ। ਦੁਰਗਾ ਦੀ ਚਲ ਰਹੀ ਤਲਵਾਰ ਦੀ ਸ਼ਲਾਘਾ ਕੌਣ ਕਰ ਸਕਦਾ ਹੈ ? ਤਲਵਾਰ ਲੱਗਣ ਨਾਲ ਨਿਸੁੰਭ ਦੋ ਟੁਕੜੇ ਹੋਕੇ ਧਰਤੀ ਤੇ ਡਿੱਗ ਪਿਆ। ਦੁਰਗਾ ਦੀ ਤਲਵਾਰ ਦੈਂਤ ਦੇ ਸਰੀਰ ਵਿਚੋਂ ਆਰ ਪਾਰ ਹੋਈ ਇਉਂ ਪ੍ਰਤੀਤ ਹੁੰਦੀ ਸੀ ਜਿਉਂ ਕਿਸੇ ਸਾਬਣ ਬਣਾਉਣ ਵਾਲੇ ਨੇ ਲੋਹੇ ਦੀ ਤਾਰ ਨਾਲ ਸਾਬਣ ਨੂੰ ਦੋ ਟੁਕੜੇ ਕਰ ਦਿੱਤਾ ਹੋਵੇ। ੨੦੨॥

ਇਤਿ ਸ੍ਰੀ ਮਾਰਕੰਡੇ ਪੁਰਾਨੇ ਚੰਡੀ ਚਰਿਤ੍ਰ ਉਕਤਿ ਬਿਲਾਸ ਨਿਸੁੰਭ ਬਧਹਿ ਖਸ਼ਟਮੋ ਧਿਆਇ ਸਮਾਪਤਮ॥ ੬॥ ੨੦੨॥ ਅਫਜੂੰ॥

ਸ੍ਰੀ ਮਾਰਕੰਡੇ ਪੁਰਾਨ, ਚੰਡੀ ਚਰਿੱਤਰ ਉਕਤਿ ਬਿਲਾਸ, ਨਿਸੁੰਭ ਦੈਂਤ ਦਾ ਕਤਲ, ਅਧਿਆਏ ਛੇਵਾਂ ਸਮਾਪਤ॥ ੬॥ ੨੦੨॥ ਚਲਦਾ॥

# ਅਧਿਆਏ ਸਤਵਾਂ

## ਸੁੰਭ ਦੈਂਤ ਦਾ ਕਤਲ

ਦੋਹਰਾ॥ ਜਬ ਨਿਸੁੰਭ ਰਨ ਮਾਰਿਓ ਦੇਵੀ ਇਹ ਪਰਕਾਰ॥
ਭਾਜ ਦੈਤ ਇਕ ਸੁੰਭ ਪੈ ਗਇਓ ਤੁਰੰਗਮ ਡਾਰਿ॥ ੨੦੩॥

ਪਦ ਅਰਥ - ਤੁਰੰਗਮ ਡਾਰਿ=ਘੋੜੀ ਦੁੜਾਕੇ।

ਜਦੋਂ ਦੁਰਗਾ ਨੇ ਇਸ ਤਰ੍ਹਾਂ ਰਣਭੂਮੀ ਵਿਚ ਨਿਸੁੰਭ ਨੂੰ ਮਾਰ ਦਿੱਤਾ, ਤਦ ਇਕ ਦੈਂਤ ਸੁੰਭ ਨੂੰ ਖਬਰ ਦੇਣ ਲਈ ਘੋੜੀ ਭਜਾਕੇ ਉਸ ਵਲ ਗਿਆ॥ ੨੦੩॥

ਆਨ ਸੁੰਭ ਪੈ ਤਿਨ ਕਹੀ ਸਕਲ ਜੁੱਧ ਕੀ ਬਾਤ॥

**ਤਵ ਭਾਜੇ ਦਾਨਵ ਸਭੈ ਮਾਰਿ ਲਇਓ ਤੁਅ ਭ੍ਰਾਤ॥੨੦੪॥**

ਰਣਭੂਮੀ ਵਿਚੋਂ ਖਬਰ ਦੇਣ ਲਈ ਆਏ ਦੈਂਤ ਨੇ ਜੁੱਧ ਦਾ ਸਾਰਾ ਸਮਾਚਾਰ ਰਾਜੇ ਸੁੰਭ ਨੂੰ ਦੱਸਿਆ। ਉਸ ਨੇ ਕਿਹਾ ਕਿ ਜਦੋਂ ਆਪ ਦੇ ਭਰਾ ਨੂੰ ਦੇਵੀ ਨੇ ਮਾਰ ਦਿੱਤਾ, ਤਦ ਸਾਰੇ ਦੈਂਤ ਰਣਭੂਮੀ ਵਿਚੋਂ ਭੱਜ ਉਠੇ॥੨੦੪॥

**ਸਵੈਯਾ॥ ਸੁੰਭ ਨਿਸੁੰਭ ਹਨਿਓ ਸੁਨਿ ਕੈ ਬਰ ਬੀਰਨ ਕੇ ਚਿਤ ਛੋਭ ਸਮਾਇਓ॥**
**ਸਾਜ ਚੜਿਓ ਗਜ ਬਾਜ ਸਮਾਜ ਕੈ ਦਾਨਵ ਪੁੰਜ ਲੀਏ ਰਨ ਆਇਓ॥**
**ਭੂਮ ਭਇਆਨਕ ਲੋਥ ਪਰੀ ਲਖਿ ਸ੍ਰੋਉਨ ਸਮੂਹ ਮਹਾਂ ਬਿਸਮਾਇਓ॥**
**ਮਾਨਹੁ ਸਾਰਸੁਤੀ ਉਮਡੀ ਜਲ ਸਾਗਰ ਕੇ ਮਿਲਿਬੇ ਕੱਹ ਧਾਇਓ॥੨੦੫॥**

ਰਾਜੇ ਸੁੰਭ ਨੇ ਆਪਣੇ ਭਰਾ ਨਿਸੁੰਭ ਦਾ ਦੁਰਗਾ ਦੇ ਹਥੋਂ ਮਰਨਾ ਸੁਣਿਆਂ ਤਾਂ ਉਸ ਸੂਰਮੇ ਦੇ ਮਨ ਵਿਚ ਕਰੋਧ ਨਾ ਸਮਾ ਸਕਿਆ। ਉਹ ਬੜੇ ਕਰੋਧ ਵਿਚ ਭਰਿਆ ਜੰਗੀ ਸਮਾਨ, ਹਾਥੀ, ਘੋੜੇ ਤੇ ਦੈਂਤਾਂ ਦੀ ਬੇਅੰਤ ਸੈਨਾ ਲੈ ਕੇ ਰਣਭੂਮੀ ਵਿਚ ਆ ਗਿਆ। ਰਣਭੂਮੀ ਵਿਚ ਪਹੁੰਚਕੇ ਜਦੋਂ ਸੁੰਭ ਨੇ ਭਿਆਨਕ ਰਣਭੂਮੀ ਵਿਚ ਸੂਰਮਿਆਂ ਦੀਆਂ ਲੋਥਾਂ ਤੇ ਲਹੂ ਦੇ ਵਹਿਣ ਵਗਦੇ ਵੇਖੇ ਤਾਂ ਉਹ ਬੜਾ ਹੈਰਾਨ ਹੋਇਆ। ਇਉਂ ਪ੍ਰਤੀਤ ਹੁੰਦਾ ਸੀ ਜਿਵੇਂ ਸਾਰਸੁਤੀ ਨਦੀ ਲਹੂ ਦਾ ਵਹਿਣ ਸਮੁੰਦਰ ਵਿਚ ਲੀਨ ਹੋਣ ਲਈ ਜਾ ਰਹੀ ਸੀ॥੨੦੫॥

**ਸਵੈਯਾ॥ ਚੰਡਿ ਪ੍ਰਚੰਡਿ ਸੁ ਕੇਹਰਿ ਕਾਲਕਾ ਅਉ ਸ਼ਕਤੀ ਮਿਲਿ ਜੁੱਧ ਕਰਿਓ ਹੈ॥**
**ਦਾਨਵ ਸੈਨ ਹਤੀ ਹਿਨਹੂੰ ਸਭ ਇਉ ਕਹਿ ਕੈ ਮਨ ਕੋਪ ਭਰਿਓ ਹੈ॥**
**ਬੰਧ ਕਬੰਧ ਪਰਿਓ ਅਵਲੋਕ ਕੈ ਸ਼ੋਕ ਕੈ ਪਾਇ ਨ ਆਗੈ ਧਰਿਓ ਹੈ॥**
**ਧਾਇ ਸਕਿਓ ਨ ਭਇਓ ਭਯਭੀਤਹ ਚੀਤਹ ਮਾਨਹੁ ਲੰਗ ਪਰਿਓ ਹੈ॥੨੦੬॥**

ਪਦ ਅਰਥ - ਕਬੰਧ=ਧੜ, ਮੁਰਦਾ ਸਰੀਰ।

ਤੇਜਵਾਨ ਦੁਰਗਾ, ਦੇਵੀ ਦੇ ਸ਼ੇਰ, ਕਾਲਕਾ ਤੇ ਦੇਵੀ ਸ਼ਕਤੀਆਂ ਨੇ ਮਿਲਕੇ ਬੜਾ ਭਿਆਨਕ ਜੰਗ ਕੀਤਾ। ਸੁੰਭ ਨੇ ਇਹ ਕਹਿਕੇ ਕਿ 'ਇਨ੍ਹਾਂ ਨੇ ਸਾਡੀ ਦੈਂਤਾਂ ਦੀ ਸਾਰੀ ਸੈਨਾ ਨਾਸ ਕਰ ਦਿੱਤੀ ਹੈ' ਆਪਣੇ ਮਨ ਵਿਚ ਬਹੁਤ ਕਰੋਧ ਕੀਤਾ। ਸੁੰਭ ਰਣਭੂਮੀ ਵਿਚ ਆਪਣੇ ਭਰਾ ਨਿਸੁੰਭ ਦਾ ਧੜ ਪਿਆ ਵੇਖਕੇ ਸ਼ੋਕ ਨਾਲ ਭਰ ਗਿਆ ਤੇ ਉਸ ਦਾ ਪੈਰ ਅਗੇ ਨਾ ਵਧ ਸਕਿਆ। ਸੁੰਭ ਭੈਭੀਤ ਹੋ ਗਿਆ ਤੇ ਅਗੇ ਨਾ ਵਧ ਸਕਿਆ, ਉਸ ਦੀ ਦਸ਼ਾ ਇਉਂ ਹੋ ਗਈ, ਜਿਵੇਂ ਚਿਤਰਾ ਲੰਗੜਾ ਹੋ ਜਾਏ ਤਾਂ ਚਲ ਫਿਰ ਨਹੀਂ ਸਕਦਾ ਭਾਵ ਭਰਾ ਦੀ ਲਾਸ਼ ਵੇਖਕੇ ਸੁੰਭ ਦਾ ਮਨ ਬਹੁਤ ਦੁਖੀ ਹੋਇਆ ਤੇ ਉਹ ਕੁਛ ਸਮੇਂ ਲਈ ਠਠੰਬਰ ਗਿਆ॥੨੦੬॥

**ਸਵੈਯਾ॥ ਫੇਰ ਕਹਿਓ ਦਲ ਕੋ ਜਬ ਸੁੰਭ ਸੁ ਮਾਨਿ ਚਲੇ ਤਬ ਦੈਤ ਘਨੇ॥**

**ਗਜ ਰਾਜ ਸੁ ਬਾਜਨ ਕੇ ਅਸਵਾਰ ਰਥੀ ਰਥੁ ਪਾਇਕ ਕਉਨ ਗਨੇ॥**
**ਤਹਾ ਘੇਰ ਲਈ ਚਹੂੰ ਓਰ ਤੇ ਚੰਡ ਮਹਾਂ ਤਿਨ ਕੇ ਤਨ ਦੀਹ ਬਨੇ॥**
**ਮਨੋ ਭਾਨ ਕੋ ਛਾਇ ਲਇਓ ਉਮਡੇ ਘਨਘੋਰ ਘਮੰਡ ਘਟਾ ਨਿਸ ਨੇ॥ ੨੦੭॥**

ਪਦ ਅਰਥ - ਦੀਹ=ਭਾਰੇ, ਵਡੇ ਵਡੇ। ਭਾਨ=ਸੂਰਜ। ਛਾਇ ਲਇਓ=ਢੱਕ ਲਿਆ। ਨਿਸਨੇ=ਗਰਜਦੀਆਂ।

ਫੇਰ ਜਦੋਂ ਸੁੰਭ ਨੂੰ ਕੁਛ ਚੇਤੰਨਤਾ ਆਈ ਤਾਂ ਉਸ ਨੇ ਸਭ ਦੈਂਤਾਂ ਨੂੰ ਚੜ੍ਹਾਈ ਕਰਨ ਦਾ ਹੁਕਮ ਦਿੱਤਾ। ਉਸ ਦਾ ਹੁਕਮ ਮੰਨਕੇ ਸਭ ਦੈਂਤ ਰਣਭੂਮੀ ਵਲ ਤੁਰ ਪਏ। ਹਾਥੀਆਂ ਤੇ ਘੋੜਿਆਂ ਦੇ ਅਸਵਾਰ, ਰਥਾਂ ਤੇ ਚੜ੍ਹੇ ਸੂਰਮੇ ਤੇ ਪੈਦਲ ਸੈਨਾ ਸਭ ਮੈਦਾਨ ਵਲ ਚਲ ਪਏ। ਇਨ੍ਹਾਂ ਦੀ ਗਿਣਤੀ ਕੌਣ ਕਰ ਸਕਦਾ ਸੀ ? ਬੜੇ ਵਡੇ ਵਡੇ ਸਰੀਰਾਂ ਵਾਲੇ ਦੈਂਤਾਂ ਨੇ ਦੁਰਗਾ ਨੂੰ ਰਣਭੂਮੀ ਵਿਚ ਜਾ ਕੇ ਚੌਹਾਂ ਪਾਸਿਆਂ ਤੋਂ ਘੇਰਾ ਪਾ ਲਿਆ। ਇਹ ਦ੍ਰਿਸ਼ ਇਸ ਤਰ੍ਹਾਂ ਦਾ ਭਾਸ ਰਿਹਾ ਸੀ ਮਾਨੋ ਗਰਜਦੀਆਂ ਹੋਈਆਂ ਕਾਲੇ ਬੱਦਲਾਂ ਦੀਆਂ ਘਟਾਂ ਨੇ ਸੂਰਜ ਨੂੰ ਢੱਕ ਲਿਆ ਹੋਵੇ॥ ੨੦੭॥

**ਦੋਹਰਾ॥ ਚਹੂੰ ਓਰ ਘੇਰੋ ਪਰਿਓ ਤਬੈ ਚੰਡ ਇਹ ਕੀਨ॥**
**ਕਾਲੀ ਸੋ ਹਸਿ ਤਿਨ ਕਹੀ ਨੈਨ ਸੈਨ ਕਰਿ ਦੀਨ॥ ੨੦੮॥**

ਜਦੋਂ ਦੁਰਗਾ ਨੇ ਆਪਣੇ ਚੌਂਹੀ ਪਾਸੀਂ ਦੈਂਤਾਂ ਦਾ ਘੇਰਾ ਪਿਆ ਵੇਖਿਆ ਤਾਂ ਉਸਨੇ ਇਹ ਕੰਮ ਕੀਤਾ ਕਿ ਕਾਲਕਾ ਨੂੰ ਹੱਸਕੇ ਕੁਛ ਬਚਨ ਕਹੇ ਤੇ ਅੱਖਾਂ ਦਾ ਕੁਝ ਇਸ਼ਾਰਾ ਕੀਤਾ ਭਾਵ ਦੁਰਗਾ ਨੇ ਕਾਲੀ ਨੂੰ ਇਹ ਜਣਾਇਆ ਕਿ ਇਸ ਨੂੰ ਵੀ ਖਤਮ ਕਰ ਦੇਣਾ ਚਾਹੀਦਾ ਹੈ॥ ੨੦੮॥

**ਕਬਿੱਤੁ॥ ਕੇਤੇ ਮਾਰ ਡਾਰੇ ਅਉਰ ਕੇਤਕ ਚਬਾਇ ਡਾਰੇ**
**ਕੇਤਕ ਬਗਾਇ ਡਾਰੇ ਕਾਲੀ ਕੋਪ ਤਬਹੀ॥**
**ਬਾਜ ਗਜ ਭਾਰੇ ਤੇਤੋ ਨਖਨ ਸੋਂ ਫਾਰ ਡਾਰੇ**
**ਐਸੋ ਰਨ ਭੈਕਰ ਨ ਭਇਓ ਆਗੇ ਕਬਹੀ॥**
**ਭਾਗੇ ਬਹੁ ਬੀਰ ਕਾਹੂ ਸੁੱਧ ਨ ਰਹੀ ਸਰੀਰ**
**ਹਾਲ ਚਾਲ ਪਰੀ ਮਾਰੇ ਆਪਸ ਮੇਂ ਦਬਹੀ॥**
**ਪੇਖ ਸੁਰਰਾਇ ਮਨ ਹਰਖ ਬਢਾਇ ਸੁਰ**
**ਪੁੰਜਨ ਬੁਲਾਇ ਕਰੈ ਜੈਜੈਕਾਰ ਸਬਹੀ॥ ੨੦੯॥**

ਦੁਰਗਾ ਦੇ ਇਸ਼ਾਰੇ ਨੂੰ ਸਮਝਕੇ ਕਾਲੀ ਨੇ ਉਸੇ ਵੇਲੇ ਬੜੇ ਕਰੋਧ ਨਾਲ ਕਈ ਦੈਂਤਾਂ ਨੂੰ

ਮਾਰ ਦਿੱਤਾ, ਕਈਆਂ ਨੂੰ ਦੰਦਾਂ ਨਾਲ ਚੱਬ ਲਿਆ ਤੇ ਕਈਆਂ ਨੂੰ ਚੁੱਕ ਚੁੱਕ ਕੇ ਦੂਰ ਸੁੱਟ ਦਿੱਤਾ। ਕਾਲਕਾ ਨੇ ਵਡੇ ਵਡੇ ਹਾਥੀਆਂ ਤੇ ਘੋੜਿਆਂ ਨੂੰ ਆਪਣੇ ਨੌਹਾਂ ਨਾਲ ਹੀ ਚੀਰ ਸੁਟਿਆ। ਇਹੋ ਜਿਹਾ ਭਿਆਨਕ ਜੰਗ ਅਗੇ ਕਦੇ ਵੀ ਨਹੀਂ ਸੀ ਹੋਇਆ। ਬਹੁਤ ਸਾਰੇ ਸੂਰਮੇ ਰਣਭੂਮੀ ਵਿਚੋਂ ਭੱਜ ਗਏ, ਕਿਸੇ ਨੂੰ ਵੀ ਆਪਣੇ ਸਰੀਰ ਦੀ ਸੁੱਧ ਬੁੱਧ ਨਾ ਰਹੀ। ਇਹੋ ਜਹੀ ਹਲਚਲ ਮਚੀ ਕਿ ਆਪੇ ਵਿਚ ਟਕਰਾਕੇ ਹੀ ਅਨੇਕਾਂ ਯੋਧੇ ਮਾਰੇ ਗਏ। ਰਣਭੂਮੀ ਵਿਚ ਦੈਂਤਾਂ ਨੂੰ ਮਰਦਿਆਂ ਵੇਖਕੇ ਦੇਵਤਿਆਂ ਦਾ ਰਾਜਾ ਇੰਦਰ ਮਨ ਵਿਚ ਬਹੁਤ ਪ੍ਰਸੰਨ ਹੋਇਆ। ਉਹ ਸਾਰੇ ਦੇਵਤਿਆਂ ਨੂੰ ਬੁਲਾਕੇ ਦੇਵੀ ਦੀ ਜੈ ਜੈ ਕਾਰ ਕਰਨ ਲੱਗਾ॥ ੨੦੯॥

**ਕਬਿੱਤੁ॥ ਕ੍ਰੋਧਮਾਨ ਭਇਓ ਕਹਿਓ ਰਾਜਾ ਸਭ ਦੈਤਨ ਕੋ
ਐਸੋ ਜੁੱਧ ਕੀਨੋ ਕਾਲੀ ਡਾਰਿਯੋ ਬੀਰ ਮਾਰ ਕੈ॥
ਬਲ ਕੋ ਸੰਭਾਰ ਕਰ ਲੀਨੀ ਕਰਵਾਰ ਢਾਰ ਪੈਠੋ
ਰਨ ਮੱਧਿ ਮਾਰਿ ਮਾਰਿ ਇਉਂ ਉਚਾਰ ਕੈ॥
ਸਾਥ ਭਏ ਸੁੰਭ ਕੇ ਸੁ ਮਹਾਂ ਬੀਰ ਧੀਰ ਜੋਧੇ
ਲੀਨੇ ਹਥਿਆਰ ਆਪ ਆਪਨੇ ਸੰਭਾਰ ਕੈ॥
ਐਸੇ ਚਲੇ ਦਾਨੋ ਰਵਿ ਮੰਡਲ ਛਪਾਨੋ ਮਾਨੋ
ਸਲਭ ਉਡਾਨੋ ਪੁੰਜ ਪੰਖਨ ਸੁ ਧਾਰ ਕੈ॥ ੨੧੦॥**

ਪਦ ਅਰਥ - ਸਲਭ=ਟਿੱਡੀ।

ਜੰਗ ਦਾ ਇਹ ਭਿਆਨਕ ਦ੍ਰਿਸ਼ ਵੇਖਕੇ ਰਾਜਾ ਸੁੰਭ ਕਰੋਧ ਨਾਲ ਭਰ ਗਿਆ ਤੇ ਉਸ ਨੇ ਸਭ ਦੈਂਤਾਂ ਨੂੰ ਕਿਹਾ ਕਿ ਕਾਲੀ ਨੇ ਇਹੋ ਜਿਹਾ ਘੋਰ ਜੁੱਧ ਕੀਤਾ ਹੈ ਉਸ ਨੇ ਸਾਡੇ ਸਾਰੇ ਸੂਰਮਿਆਂ ਨੂੰ ਮਾਰ ਦਿੱਤਾ ਹੈ। ਸੁੰਭ ਨੇ ਆਪਣੇ ਬਲ ਨੂੰ ਸੰਭਾਲਿਆ ਤੇ ਆਪਣੇ ਹੱਥ ਵਿਚ ਤਲਵਾਰ ਤੇ ਢਾਲ ਫੜ ਲਈ। 'ਮਾਰ ਲੌ--ਮਾਰ ਲੌ' ਕਹਿੰਦਾ ਹੋਇਆ ਉਹ ਰਣਭੂਮੀ ਵਿਚ ਧਸ ਗਿਆ। ਆਪੋ ਆਪਣੇ ਸ਼ਸਤਰਾਂ ਨੂੰ ਹੱਥਾਂ ਵਿਚ ਫੜਕੇ ਖੜੇ ਖੜੇ ਬਹਾਦਰ ਤੇ ਧੀਰਜਵਾਨ ਸੂਰਮੇ ਸੁੰਭ ਦੇ ਨਾਲ ਰਣਭੂਮੀ ਵਲ ਤੁਰ ਪਏ। ਦੈਂਤਾਂ ਨੇ ਇਸ ਤਰ੍ਹਾਂ ਚੜ੍ਹਾਈ ਕੀਤੀ ਮਾਨੋ ਸੂਰਜ ਨੂੰ ਢੱਕਣ ਲਈ ਟਿੱਡੀ ਦਲ ਖੰਭ ਧਾਰਨ ਕਰਕੇ ਉੱਡਕੇ ਤੁਰਿਆ ਜਾਂਦਾ ਹੈ॥ ੨੧੦॥

**ਸਵੈਯਾ॥ ਦਾਨਵ ਸੈਨ ਲਖੈ ਬਲਿਵਾਨ ਸੁ ਬਾਹਨਿ ਚੰਡਿ ਪ੍ਰਚੰਡਿ ਭ੍ਰਮਾਨੋ॥
ਚਕ੍ਰ ਅਲਾਤ ਕੀ ਬਾਤ ਬਘੂਰਨ ਛੱਤ੍ਰਨ ਹੀ ਸਮ ਆਉ ਪਰਸਾਨੋ॥
ਤਾਰਨ ਮਾਂਹਿ ਸੁ ਐਸੋ ਫਿਰਿਓ ਜਲ ਭਉਰ ਨਹੀ ਸਰ ਤਾਹਿ ਬਖਾਨੋ॥**

**ਅਉਰ ਨਹੀ ਉਪਮਾ ਉਪਜੈ ਸੁ ਦੁਹੂੰ ਰੁਖੁ ਕੇਹਰਿ ਕੇ ਮੁਖਿ ਮਾਨੋ॥ ੨੧੧॥**

ਪਦ ਅਰਥ - ਚਕ੍ਰ ਅਲਾਤਕੀ=ਆਤਸ਼ਬਾਜ਼ੀ ਦੀ ਚਰਖੀ। ਬਾਤ ਬਘੂਰਨ=ਹਵਾ ਦਾ ਵਾਵਰੋਲਾ। ਸਾਨੋ=ਸਾਣ। ਜਲ ਭਉਰ=ਘੁੰਮਨਘੇਰੀ।

ਦੈਂਤਾਂ ਦੀ ਬਲਵਾਨ ਸੈਨਾ ਨੂੰ ਰਣਭੂਮੀ ਵਲ ਆਉਂਦਿਆਂ ਵੇਖਕੇ ਦੁਰਗਾ ਨੇ ਬੜੀ ਤੇਜ਼ੀ ਨਾਲ ਆਪਣੇ ਸ਼ੇਰ ਨੂੰ ਮੋੜਿਆ। ਮੈਦਾਨ ਵਿਚ ਸ਼ੇਰ ਇਸ ਤਰ੍ਹਾਂ ਤੇਜ਼ੀ ਨਾਲ ਫਿਰਦਾ ਸੀ ਕਿ ਉਸ ਵਾਂਗੂੰ ਆਤਸ਼ਬਾਜ਼ੀ ਦੀ ਚਰਖੀ, ਵਾਵਰੋਲਾ, ਲਾੜੇ ਦੇ ਸਿਰ ਦਾ ਛੱਤ੍ਰ ਤੇ ਸ਼ਸਤਰ ਤੇਜ਼ ਕਰਨ ਵਾਲੀ ਸਾਣ ਵੀ ਨਹੀਂ ਫਿਰਦੀ। ਉਸ ਰਣਭੂਮੀ ਵਿਚ ਸ਼ੇਰ ਇਸ ਤਰ੍ਹਾਂ ਨਾਲ ਫਿਰਦਾ ਸੀ ਕਿ ਉਸ ਵਾਂਗੂੰ ਦਰਿਆ ਦੀ ਘੁੰਮਨਘੇਰੀ ਵੀ ਫਿਰਦੀ ਨਹੀਂ ਕਹੀ ਜਾ ਸਕਦੀ। ਸ਼ੇਰ ਦੇ ਇਸ ਤਰ੍ਹਾਂ ਤੇਜ਼ੀ ਨਾਲ ਫਿਰਨ ਦੀ ਹੋਰ ਤਾਂ ਕੋਈ ਉਪਮਾ ਨਹੀਂ ਲਭਦੀ ਇਹੋ ਪ੍ਰਤੀਤ ਹੁੰਦਾ ਹੈ ਮਾਨੋ ਸ਼ੇਰ ਦੇ ਦੋ ਮੂੰਹ ਸਨ ਭਾਵ ਹਰ ਪਾਸੇ ਸ਼ੇਰ ਦਾ ਮੂੰਹ ਹੀ ਦਿਖਾਈ ਦੇ ਰਿਹਾ ਸੀ॥ ੨੧੧॥

**ਜੁੱਧੁ ਮਹਾਂ ਅਸੁਰੰਗਨਿ ਸਾਥ ਭਇਓ ਤਬ ਚੰਡ ਪ੍ਰਚੰਡਹਿ ਭਾਰੀ॥**
**ਸੈਨ ਅਪਾਰ ਹਕਾਰ ਸੁਧਾਰ ਬਿਦਾਰ ਸੰਘਾਰ ਦਈ ਰਨ ਕਾਰੀ॥**
**ਖੇਤ ਭਇਓ ਤਹ ਚਾਰ ਸਉ ਕੋਸ ਲਉ ਸੋ ਉਪਮਾ ਕਵਿ ਦੇਖਿ ਬਿਚਾਰੀ॥**
**ਪੂਰਨ ਏਕ ਘਰੀ ਨ ਪਰੀ ਜਿ ਗਿਰੇ ਧਰ ਪੈ ਬਰ ਜਿਉ ਪਤਿ ਝਾਰੀ॥ ੨੧੨॥**

ਪਦ ਅਰਥ - ਬਰ=ਫਲ। ਪਤਿ ਝਾਰੀ=ਪਤਝੜ ਦੀ ਰੁਤ।

ਤਦੋਂ ਬੇਅੰਤ ਦੈਂਤਾਂ ਨਾਲ ਤੇਜਵਾਨ ਦੁਰਗਾ ਦਾ ਬੜਾ ਭਾਰੀ ਜੰਗ ਹੋਇਆ। ਕਾਲੀ ਨੇ ਦੈਂਤਾਂ ਦੀ ਬੇਅੰਤ ਸੈਨਾ ਨੂੰ ਵੰਗਾਰਕੇ, ਸੁਧਾਰਕੇ ਤੇ ਖਬਰਦਾਰ ਕਰਕੇ ਰਣਭੂਮੀ ਵਿਚ ਨਾਸ ਕਰ ਦਿੱਤਾ। ਉਥੇ ਚਾਰ ਸੌ ਕੋਹਾਂ ਤਕ ਜੰਗ ਹੋਇਆ। ਇਸ ਦ੍ਰਿਸ਼ ਦੀ ਉਪਮਾ ਕਵੀ ਨੇ ਇਉਂ ਵਿਚਾਰੀ ਹੈ। ਇਕ ਘੜੀ ਦਾ ਸਮਾਂ ਵੀ ਨਹੀਂ ਸੀ ਬੀਤਿਆ ਕਿ ਬੜੇ ਬੜੇ ਬਲਵਾਨ ਦੈਂਤ ਧਰਤੀ ਤੇ ਇਉਂ ਡਿੱਗ ਪਏ, ਜਿਵੇਂ ਪਤਝੜ ਦੀ ਰੁੱਤ ਵਿਚ ਬ੍ਰਿਛਾਂ ਨਾਲੋਂ ਪੱਤੇ ਝੜ ਕੇ ਡਿੱਗ ਪੈਂਦੇ ਸਨ॥ ੨੧੨॥

**ਮਾਰ ਚਮੂੰ ਚਤੁਰੰਗ ਲਈ ਤਬ ਲੀਨੋ ਹੈ ਸੁੰਭ ਚਮੁੰਡ ਕੋ ਆਗਾ॥**
**ਚਾਲ ਪਰਿਓ ਅਵਨੀ ਸਿਗਰੀ ਹਰਿਜੂ ਹਰਿ ਆਸਿਨ ਤੇ ਉਠਿ ਭਾਗਾ॥**
**ਸੂਖ ਗਇਓ ਤ੍ਰਸ ਕੈ ਹਰਿ ਹਾਰਿ ਸੁ ਸੰਕਤਿ ਅੰਕ ਮਹਾਂ ਭਇਓ ਜਾਗਾ॥**
**ਲਾਗ ਰਹਿਓ ਲਪਟਾਇ ਗਰੇ ਮਧਿ ਮਾਨਹੁ ਮੁੰਡ ਕੀ ਮਾਲ ਕੋ ਤਾਗਾ॥ ੨੧੩॥**

ਪਦ ਅਰਥ - ਚਮੂੰ ਚਤੁਰੰਗ=ਚਾਰ ਤਰ੍ਹਾਂ ਦੀ ਸੈਨਾਂ। ਚਮੁੰਡ=ਦੁਰਗਾ। ਚਾਲ=ਹਲਚਲ। ਅਵਨੀ=ਧਰਤੀ। ਹਰਿ ਜੂ=ਸ਼ਿਵ ਜੀ। ਹਰਿਆਸਨਿ=ਸ਼ੇਰ ਦੀ ਖੱਲ। ਹਰਿ ਹਾਰਿ=ਸ਼ਿਵ ਜੀ ਦੇ ਗਲ ਵਿਚ ਹਾਰ ਵਾਂਗੂੰ ਪਿਆ ਸੱਪ।

ਜਦੋਂ ਦੁਰਗਾ ਨੇ ਦੈਂਤਾਂ ਦੀ ਚੌਂਹਾਂ ਤਰ੍ਹਾਂ ਦੀ ਸੈਨਾ ਮਾਰ ਦਿੱਤੀ, ਤਦ ਸੁੰਭ ਦੁਰਗਾ ਦੇ ਸਾਹਮਣੇ ਜੰਗ ਕਰਨ ਲਈ ਆਪ ਆ ਗਿਆ। ਸੁੰਭ ਦੇ ਮੈਦਾਨ ਵਿਚ ਆਉਣ ਨਾਲ ਸਾਰੀ ਧਰਤੀ ਤੇ ਹਲਚਲ ਮਚ ਗਈ, ਸ਼ਿਵ ਜੀ ਦੀ ਸਮਾਧੀ ਟੁੱਟ ਗਈ ਤੇ ਉਹ ਆਪਣੇ ਆਸਣ ਤੋਂ ਉਠਕੇ ਭੱਜ ਤੁਰੇ। ਸ਼ਿਵ ਜੀ ਦੇ ਗਲ ਵਿਚ ਹਾਰ ਵਾਂਗੂੰ ਪਿਆ ਸੱਪ ਸੁਕ ਗਿਆ ਤੇ ਉਹ ਆਪਣੇ ਮਨ ਵਿਚ ਡਰ ਕਰਕੇ ਕੰਬਣ ਲੱਗ ਪਿਆ। ਉਹ ਸੱਪ ਸ਼ਿਵ ਜੀ ਦੇ ਗਲ ਨਾਲ ਇਸ ਤਰ੍ਹਾਂ ਲੱਗ ਗਿਆ, ਮਾਨੋ ਰੁੰਡ ਮੁੰਡ ਸਿਰਾਂ ਦੀ ਮਾਲਾ ਦਾ ਇਹ ਧਾਗਾ ਹੈ॥ ੨੧੩॥

**ਸਵੈਯਾ॥ ਚੰਡਿ ਕੇ ਸਾਮੁਹਿ ਆਇਕੈ ਸੁੰਭ ਕਹਿਓ ਮੁਖਿ ਸੋ ਇਹ ਮੈ ਸਭ ਜਾਨੀ॥**
**ਕਾਲੀ ਸਮੇਤ ਸਭੈ ਸ਼ਕਤੀ ਮਿਲਿ ਦੀਨੋ ਖਪਾਇ ਸਭੈ ਦਲੁ ਬਾਨੀ॥**
**ਚੰਡ ਕਹਿਓ ਮੁਖ ਤੇ ਉਨ ਕੋ ਤੇਊ ਤਾ ਛਿਨ ਗਉਰ ਕੇ ਮੌਧਿ ਸਮਾਨੀ॥**
**ਜਿਉ ਸਰਤਾ ਕੇ ਪ੍ਰਵਾਹ ਕੇ ਬੀਚ ਮਿਲੈ ਬਰਖਾ ਬਹੁ ਬੂੰਦਨ ਪਾਨੀ॥ ੨੧੪॥**

ਪਦ ਅਰਥ - ਦਲਿ ਬਾਨੀ=ਸੈਨਾਪਤੀ

ਸੁੰਭ ਨੇ ਦੁਰਗਾ ਦੇ ਸਾਹਮਣੇ ਆ ਕੇ ਆਪਣੇ ਮੂੰਹੋਂ ਇਹ ਕਿਹਾ ਕਿ ਮੈਂ ਇਹ ਗੱਲ ਜਾਣੀ ਹੈ ਕਿ ਹੇ ਦੁਰਗਾ ! ਤੂੰ ਕਾਲੀ ਤੇ ਹੋਰ ਸਾਰੀਆਂ ਦੈਵੀ ਸ਼ਕਤੀਆਂ ਨੂੰ ਆਪਣੇ ਨਾਲ ਮਿਲਾਕੇ ਮੇਰੀ ਸਾਰੀ ਸੈਨਾ ਤੇ ਮੇਰੇ ਵਡੇ ਵਡੇ ਸੈਨਾਪਤੀਆਂ ਨੂੰ ਖਤਮ ਕਰ ਦਿੱਤਾ ਹੈ, ਇਹ ਕੋਈ ਬਹਾਦਰਾਂ ਵਾਲੀ ਗੱਲ ਨਹੀਂ, ਹੁਣ ਤੈਨੂੰ ਚਾਹੀਦਾ ਹੈ ਕਿ ਮੇਰੇ ਨਾਲ ਇਕੱਲੀ ਜੰਗ ਕਰ। ਸੁੰਭ ਦੀ ਇਹ ਵੰਗਾਰ ਸੁਣਕੇ ਦੁਰਗਾ ਨੇ ਕਾਲੀ ਤੇ ਹੋਰ ਦੈਵੀ ਸ਼ਕਤੀਆਂ ਨੂੰ ਕਿਹਾ ਕਿ ਤੁਸੀਂ ਸਾਰੀਆਂ ਮੇਰੇ ਵਿਚ ਸਮਾ ਜਾਓ। ਦੁਰਗਾ ਨੇ ਇਹ ਬਚਨ ਸੁਣ ਕੇ ਸਾਰੀਆਂ ਸ਼ਕਤੀਆਂ ਉਸੇ ਵੇਲੇ ਉਸ ਵਿਚ ਇਉਂ ਸਮਾ ਗਈਆਂ ਜਿਵੇਂ ਬਰਸਾਤ ਰੁੱਤ ਵਿਚ ਮੀਂਹ ਦਾ ਪਾਣੀ ਨਦੀ ਦੇ ਵਹਿਣ ਵਿਚ ਮਿਲਕੇ ਅਭੇਦ ਹੋ ਜਾਂਦਾ ਹੈ॥ ੨੧੪॥

**ਸਵੈਯਾ॥ ਕੈ ਬਲਿ ਚੰਡਿ ਮਹਾਂ ਰਨ ਮੌਧਿ ਸੁ ਲੈ ਜਮਦਾੜ ਕੀ ਤਾ ਪਰਿ ਲਈ॥**
**ਬੈਠ ਗਈ ਅਰਿ ਕੇ ਉਰ ਮੈ ਤਿਹ ਸ੍ਰਉਨਤ ਜੁੱਗਨਿ ਪੂਰ ਅਘਾਈ॥**
**ਦੀਰਘ ਜੁੱਧੁ ਬਿਲੋਕ ਕੈ ਬੁੱਧ ਕਵੀਸ੍ਵਰ ਕੇ ਮਨ ਮੈ ਇਹ ਆਈ॥**
**ਲੋਥ ਪੈ ਲੋਥ ਗਈ ਪਰ ਇਉ ਸੁ ਮਨੋ ਸੁਰਲੋਗ ਕੀ ਸੀਢੀ ਬਨਾਈ॥ ੨੧੫॥**

ਪਦ ਅਰਥ - ਸੁਰਲੋਗ=ਸੁਰਗ। ਸੀਢੀ=ਪੌੜੀ।

ਰਣਭੂਮੀ ਵਿਚ ਦੁਰਗਾ ਨੇ ਬੜਾ ਬਲ ਧਾਰਕੇ ਆਪਣੇ ਹੱਥ ਵਿਚ ਕਟਾਰ ਫੜਕੇ ਸੁੰਭ ਨੂੰ ਮਾਰੀ। ਦੁਰਗਾ ਦੀ ਚਲਾਈ ਕਟਾਰ ਸੁੰਭ ਦੀ ਛਾਤੀ ਵਿਚ ਧਸ ਗਈ। ਉਸ ਦੀ ਛਾਤੀ ਵਿਚੋਂ ਨਿਕਲੇ ਲਹੂ ਨਾਲ ਜੋਗਨੀਆਂ ਪੂਰੀ ਤਰ੍ਹਾਂ ਰੱਜ ਗਈਆਂ। ਦੁਰਗਾ ਤੇ ਸੁੰਭ ਦਾ ਇਹ ਭਿਅੰਕਰ ਜੰਗ ਵੇਖਕੇ

ਕਵੀ ਦੇ ਮਨ ਵਿਚ ਇਹ ਵਿਚਾਰ ਉਪਜੀ ਹੈ, ਲੋਥ ਤੇ ਲੋਥ ਇਉਂ ਚੜ੍ਹੀ ਪਈ ਸੀ, ਮਾਨੋ ਸੁਰਗ ਵਿਚ ਜਾਣ ਲਈ ਸੂਰਮਿਆਂ ਨੇ ਇਹ ਪੌੜੀ ਬਣਾ ਦਿੱਤੀ ਸੀ॥੨੧੫॥

**ਸੁੰਭ ਚਮੂੰ ਸੰਗ ਚੰਡਕਾ ਕ੍ਰੁੱਧ ਕੈ ਜੁੱਧ ਅਨੇਕਿਨ ਵਾਰ ਮਚਿਓ ਹੈ॥**
**ਜੰਬਕ ਜੁੱਗਨ ਗ੍ਰਿੱਝ ਮਜੂਰ ਰਕਤ੍ਰ ਕੀ ਕੀਚ ਮੈ ਈਸ. ਨਚਿਓ ਹੈ॥**
**ਲੁੱਥ ਪੈ ਲੁੱਥ ਸੁਭੀਤੈ ਭਈ ਸਿਤ ਗੂਦ ਅਉ ਮੇਦ ਲੈ ਤਾਹਿ ਗਚਿਓ ਹੈ॥**
**ਭਉਨ ਰੰਗੀਨ ਬਨਾਇ ਮਨੋ ਕਰਿਮਾਵਿਸ਼ ਚਿੱਤ੍ਰ ਬਚਿੱਤ੍ਰ ਰਚਿਓ ਹੈ॥ ੨੧੬॥**

ਪਦ ਅਰਥ - ਭੀਤੈ--ਕੰਧ। ਸਿਤ=ਕਲੀ--ਚੂਨਾ। ਗੂਦ=ਰਤੂਬਤ। ਮੇਦ=ਚਰਬੀ। ਕਰਮਾਵਿਸੁ=ਵਿਸ਼ਕਰਮਾ। ਬਚਿਤ੍ਰ=ਸੁੰਦਰ।

ਦੁਰਗਾ ਨੇ ਬੜੇ ਕਰੋਧ ਕਰਕੇ ਸੁੰਭ ਦੀ ਸੈਨਾ ਨਾਲ ਕਈ ਵਾਰ ਜੰਗ ਕੀਤਾ।

ਗਿੱਦੜ, ਜੋਗਨੀਆਂ, ਤੇ ਗਿਰਝਾਂ ਇਹ ਮਜ਼ਦੂਰ ਸਨ, ਲਹੂ ਦਾ ਗਾਰਾ ਸੀ, ਇਸ ਵਿਚ ਸ਼ਿਵ ਜੀ ਘਾਣੀ ਕਰਨ ਵਾਲਾ ਬਣਕੇ ਨਚ ਰਿਹਾ ਸੀ। ਜੋ ਸੂਰਮਿਆਂ ਦੀਆਂ ਲੋਥਾਂ ਤੇ ਲੋਥਾਂ ਚੜ੍ਹੀਆਂ ਸਨ ਇਹ ਕੰਧ ਬਣੀ ਸੀ, ਚਿੱਟੀ ਰਤੂਬਤ ਤੇ ਚਰਬੀ ਦਾ ਕੰਧ ਤੇ ਚਿੱਟਾ ਪਲਸਤਰ ਹੋਇਆ ਸੀ। ਇਹ ਰਣਭੂਮੀ ਨਹੀਂ ਜਾਪਦੀ ਸੀ ਇਹ ਤਾਂ ਇਉਂ ਪ੍ਰਤੀਤ ਹੋ ਰਿਹਾ ਸੀ, ਜਿਵੇਂ ਵਿਸ਼ਕਰਮਾ ਨੇ ਬੜੀ ਸੁੰਦਰ ਤਸਵੀਰ ਬਣਾਈ ਹੋਵੇ॥੨੧੬॥

**ਸਵੈਯਾ॥ ਦੁੰਦ ਸੁ ਜੁੱਧੁ ਭਇਓ ਰਨ ਮੈ ਉਤ ਸੁੰਭ ਇਤੈ ਬਰਚੰਡ ਸੰਭਾਰੀ॥**
**ਘਾਇ ਅਨੇਕ ਭਏ ਦੁਹੂੰ ਕੇ ਤਨ ਪਉਰਖ ਗਜੋ ਸਭ ਦੈਤ ਕੋ ਹਾਰੀ॥**
**ਹੀਨ ਭਈ ਬਲ ਤੇ ਭੁਜ ਕਾਂਪਤ ਸੋ ਉਪਮਾ ਕਵਿ ਐਸੇ ਬਿਚਾਰੀ॥**
**ਮਾਨਹੁ ਗਾਰੁੜ ਕੇ ਬਲ ਤੇ ਲਟੀ ਪੰਚ ਮੁਖੀ ਜੁਗ ਸਾਂਪਨ ਕਾਰੀ॥ ੨੧੭॥**

ਪਦ ਅਰਥ - ਪਉਰਖ=ਬਲ, ਜ਼ੋਰ।

ਰਣਭੂਮੀ ਵਿਚ ਦੋਹਾਂ ਦਾ ਦ੍ਵੰਦ ਜੁੱਧ ਮਚਿਆ, ਇਕ ਪਾਸੇ ਸੁੰਭ ਸੀ ਤੇ ਦੂਜੇ ਪਾਸੇ ਦੁਰਗਾ ਬੜੇ ਬਲ ਨਾਲ ਲੜ ਰਹੀ ਸੀ। ਜੰਗ ਕਰਦਿਆਂ ਦੋਹਾਂ ਦੇ ਸਰੀਰ ਤੇ ਅਨੇਕਾਂ ਜ਼ਖਮ ਲੱਗੇ, ਸੁੰਭ ਦਾ ਸਾਰਾ ਜ਼ੋਰ ਖਤਮ ਹੋ ਗਿਆ। ਸੁੰਭ ਦੀਆਂ ਬਾਂਹਾਂ ਬਲਹੀਨ ਹੋ ਕੇ ਕੰਬਣ ਲੱਗ ਪਈਆਂ। ਇਸ ਦ੍ਰਿਸ਼ ਦੀ ਉਪਮਾ ਕਵੀ ਨੇ ਇਸ ਤਰ੍ਹਾਂ ਵਿਚਾਰੀ ਹੈ। ਸੁੰਭ ਦੀਆਂ ਬਲਹੀਨ ਹੋਈਆਂ ਬਾਂਹਾਂ ਇਉਂ ਪ੍ਰਤੀਤ ਹੋ ਰਹੀਆਂ ਸਨ ਮਾਨੋ ਪੰਜ ਮੂੰਹਾਂ ਵਾਲੀਆਂ ਦੋ ਕਾਲੀਆਂ ਸਪਨੀਆਂ ਗਾਰੜੂ ਮੰਤ੍ਰ ਦੇ ਜ਼ੋਰ ਨਾਲ ਲਟਕ ਰਹੀਆਂ ਸਨ॥੨੧੭॥

**ਕੋਪ ਭਈ ਬਰਚੰਡ ਮਹਾਂ ਬਹੁ ਜੁੱਧ ਕਰਿਓ ਰਨ ਮੈ ਬਲ ਧਾਰੀ॥**

**ਲੈ ਕੈ ਕ੍ਰਿਪਾਨ ਮਹਾਂ ਬਲਵਾਨ ਪ੍ਰਚਾਰ ਕੈ ਸੁੰਭ ਕੇ ਊਪਰਿ ਝਾਰੀ॥
ਸਾਰ ਸੋ ਸਾਰ ਕੀ ਧਾਰ ਬਜੀ ਝਨਕਾਰ ਉਠੀ ਤਿਹ ਤੇ ਚਿਨਗਾਰੀ॥
ਮਾਨਹੁ ਭਾਦਵ ਮਾਸ ਕੀ ਰੈਨ ਲਸੈ ਪਟਬੀਜਨ ਕੀ ਚਮਤਕਾਰੀ॥ ੨੧੮॥**

ਪਦ ਅਰਥ - ਪਟਬੀਜਨ=ਟਟਹਿਣੇ।

ਰਣਭੂਮੀ ਵਿਚ ਦੁਰਗਾ ਬੜੀ ਕਰੋਧਵਾਨ ਹੋਈ ਤੇ ਉਸ ਨੇ ਬਲ ਧਾਰਕੇ ਬੜਾ ਭਿਅੰਕਰ ਜੁੱਧ ਕੀਤਾ। ਬਲਵਾਨ ਦੁਰਗਾ ਨੇ ਤਲਵਾਰ ਫੜਕੇ, ਸੁੰਭ ਨੂੰ ਵੰਗਾਰਕੇ ਉਸ ਨੂੰ ਬੜੇ ਜ਼ੋਰ ਨਾਲ ਮਾਰੀ। ਸ਼ਸਤਰ ਨਾਲ ਸ਼ਸਤਰ ਵਜਕੇ ਬੜੀ ਛਣਕਾਰ ਹੋ ਰਹੀ ਸੀ ਤੇ ਚਿੰਗਾੜੀਆਂ ਨਿਕਲ ਰਹੀਆਂ ਸਨ। ਉਨ੍ਹਾਂ ਚਿੰਗਾੜੀਆਂ ਦੀ ਚਮਕ ਇਉਂ ਪ੍ਰਤੀਤ ਹੋ ਰਹੀ ਸੀ। ਜਿਵੇਂ ਭਾਦਰੋਂ ਮਹੀਨੇ ਦੀ ਰਾਤ ਸਮੇਂ ਟਟਹਿਣੇ ਚਮਕ ਰਹੇ ਸਨ॥ ੨੧੮॥

**ਘਾਇਨ ਤੇ ਬਹੁ ਸ੍ਰਉਨ ਪਰਿਓ ਬਲ ਛੀਨ ਭਇਓ ਨ੍ਰਿਪ ਸੁੰਭ ਕੋ ਕੈਸੇ॥
ਜੋਤ ਘਟੀ ਮੁਖ ਕੀ ਤਨ ਕੀ ਮਨੋ ਪੂਰਨ ਤੇ ਪਰਿਵਾ ਸਸਿ ਜੈਸੇ॥
ਚੰਡ ਲਇਓ ਕਰਿ ਸੁੰਭ ਉਠਾਇ ਕਹਿਓ ਕਵਿ ਨੇ ਮੁਖਿ ਤੇ ਜਸੁ ਐਸੇ॥
ਰੱਛਕ ਗੋਧਿਨ ਕੇ ਹਿਤ ਕਾਨ੍ਹ ਉਠਾਇ ਲਇਓ ਗਿਰ ਗੋਧਨੁ ਜੈਸੇ॥ ੨੧੯॥**

ਪਦ ਅਰਥ - ਗੋਧਨਿ=ਗਊਆਂ ਦਾ ਵੱਗ। ਗਿਰ ਗੋਧਨ=ਗੋਵਰਧਨ ਪਰਬਤ।

ਸੁੰਭ ਦੇ ਜ਼ਖਮਾਂ ਤੋਂ ਬਹੁਤ ਸਾਰਾ ਲਹੂ ਵਗ ਗਿਆ, ਜਿਸ ਕਰਕੇ ਉਸ ਦਾ ਬਲ ਨਾਸ ਹੋ ਗਿਆ। ਉਹ ਕਮਜ਼ੋਰ ਪ੍ਰਤੀਤ ਹੋ ਰਿਹਾ ਸੀ। ਰਾਜੇ ਸੁੰਭ ਦੇ ਮੂੰਹ ਦੀ ਕਰਾਂਤੀ ਤੇ ਸਰੀਰ ਦੀ ਸ਼ਕਤੀ ਇਸ ਤਰ੍ਹਾਂ ਘਟ ਗਈ ਸੀ, ਜਿਵੇਂ ਪੂਰਨਮਾਸ਼ੀ ਤੋਂ ਬਾਅਦ ਏਕਮ ਨੂੰ ਚੰਦਰਮਾਂ ਦੀ ਜੋਤ ਘਟ ਜਾਂਦੀ ਹੈ। ਚੰਡੀ ਨੇ ਆਪਣੇ ਹੱਥ ਨਾਲ ਸੁੰਭ ਨੂੰ ਚੁੱਕ ਲਿਆ। ਇਸ ਦ੍ਰਿਸ਼ ਦੀ ਉਪਮਾ ਕਵੀ ਨੇ ਇਸ ਪ੍ਰਕਾਰ ਦੀ ਕਥਨ ਕੀਤੀ ਹੈ ਜਿਵੇਂ ਗਊਆਂ ਦੇ ਵੱਗ ਦੀ ਰਖਿਆ ਕਰਨ ਲਈ ਕ੍ਰਿਸ਼ਨ ਜੀ ਨੇ ਗੋਵਰਧਨ ਪਰਬਤ ਨੂੰ ਚੁਕ ਲਿਆ ਸੀ॥ ੨੧੯॥

**ਦੋਹਰਾ॥ ਕਰ ਤੇ ਗਿਰ ਧਰਨੀ ਪਰਿਓ ਧਰ ਤੇ ਗਇਓ ਅਕਾਸ॥
ਸੁਭ ਸੰਘਾਰਨ ਕੇ ਨਮਿਤ ਗਈ ਚੰਡ ਤਿਹ ਪਾਸ॥ ੨੨੦॥**

ਦੁਰਗਾ ਦੇ ਹੱਥ ਵਿਚੋਂ ਸੁੰਭ ਧਰਤੀ ਤੇ ਡਿੱਗ ਪਿਆ ਤੇ ਧਰਤੀ ਤੋਂ ਅਕਾਸ਼ ਵਲ ਉੱਡਕੇ ਚਲਾ ਗਿਆ। ਸੁੰਭ ਨੂੰ ਮਾਰਨ ਲਈ ਦੇਵੀ ਦੁਰਗਾ ਉਸ ਦੇ ਕੋਲ ਅਕਾਸ਼ ਵਿਚ ਜਾ ਪਹੁੰਚੀ॥ ੨੨੦॥

**ਸ੍ਵੈਯਾ॥ ਬੀਚ ਤਬੈ ਨਭ ਮੰਡਲ ਚੰਡਿਕਾ ਜੁੱਧੁ ਕਰਿਓ ਜਿਮ ਆਗੇ ਨ ਹੋਊ॥
ਸੂਰਜ ਚੰਦੁ ਨਿੱਛਤ੍ਰ ਸਚੀਪਤਿ ਅਉਰ ਸਭੈ ਸੁਰ ਪੇਖਤ ਸੋਊ॥**

ਖੈਚ ਕੈ ਮੂੰਡ ਦਈ ਕਰਵਾਰ ਕੀ ਏਕ ਕੋ ਮਾਰ ਕੀਏ ਤਨ ਦੋਊ॥
ਸੁੰਭ ਦੁ ਟੂਕ ਹ੍ਵੈ ਭੂਮਿ ਪਰਿਓ ਤਨ ਜਿਉ ਕਲਵਤ੍ਰ ਸੋ ਚੀਰਤ ਕੋਊ॥ ੨੨੧॥

ਪਦ ਅਰਥ - ਨਿਛੱਤ੍ਰ=ਤਾਰੇ। ਸਚੀਪਤਿ=ਸਚੀ ਦਾ ਪਤੀ, ਇੰਦਰ ਦੇਵਤਾ।

ਦੁਰਗਾ ਨੇ ਅਕਾਸ਼ ਮੰਡਲ ਵਿਚ ਸੁੰਭ ਨਾਲ ਇਹੋ ਜਿਹਾ ਭਿਆਨਕ ਜੁੱਧ ਕੀਤਾ, ਜਿਸ ਵਰਗਾ ਅਗੇ ਕਦੀ ਹੋਇਆ ਹੀ ਨਹੀਂ ਸੀ ਇਸ ਜੁੱਧ ਨੂੰ ਸੂਰਜ, ਚੰਦ੍ਰਮਾ, ਤਾਰੇ, ਇੰਦਰ ਦੇਵਤਾ ਤੇ ਹੋਰ ਅਨੇਕਾਂ ਦੇਵਤੇ ਵੇਖ ਰਹੇ ਸਨ। ਦੁਰਗਾ ਨੇ ਬੜੇ ਜ਼ੋਰ ਨਾਲ ਤਲਵਾਰ ਖਿੱਚਕੇ ਸੁੰਭ ਨੂੰ ਮਾਰੀ ਤੇ ਇਕ ਸਰੀਰ ਦੇ ਦੋ ਟੁਕੜੇ ਕਰ ਦਿੱਤੇ। ਸੁੰਭ ਦਾ ਸਰੀਰ ਟੋਟੇ ਹੋ ਕੇ ਇਸ ਤਰ੍ਹਾਂ ਜ਼ਮੀਨ ਤੇ ਡਿੱਗ ਪਿਆ, ਜਿਵੇਂ ਕਲਵੱਤ੍ਰ ਆਰਾ ਚੀਰ ਕੇ ਸੁੱਟ ਦੇਂਦਾ ਹੈ॥ ੨੨੧॥

ਦੋਹਰਾ॥ ਸੁੰਭ ਮਾਰ ਕੈ ਚੰਡਕਾ ਉਠੀ ਸੁ ਸੰਖ ਬਜਾਇ॥
ਤਬ ਧੁਨਿ ਘੰਟਾ ਕੀ ਕਰੀ ਮਹਾਂ ਮੋਦ ਮਨ ਪਾਇ॥ ੨੨੨॥

ਰਣਭੂਮੀ ਵਿਚ ਦੈਂਤਾਂ ਦੇ ਰਾਜੇ ਸੁੰਭ ਨੂੰ ਮਾਰਕੇ ਦੁਰਗਾ ਨੇ ਸੰਖ ਵਜਾਇਆ। ਦੁਰਗਾ ਨੇ ਪ੍ਰਸੰਨ ਹੋ ਕੇ ਆਪਣੀ ਜਿੱਤ ਦਾ ਘੰਟਾ ਵਜਾਇਆ॥ ੨੨੨॥

ਦੈਤ ਰਾਜ ਛਿਨ ਮੈ ਹਨਿਓ ਦੇਵੀ ਇਹ ਪਰਿਕਾਰ॥
ਅਸ਼ਟ ਕਰਨ ਮਹਿ ਸ਼ਸਤ੍ਰ ਗਹਿ ਸੈਨਾ ਦਈ ਸੰਘਾਰ॥ ੨੨੩॥

ਪਦ ਅਰਥ - ਅਸ਼ਟ ਕਰਨ=ਅੱਠ ਹੱਥ। ਸੰਘਾਰ=ਨਾਸ।

ਦੇਵੀ ਦੁਰਗਾ ਨੇ ਇਸ ਤਰ੍ਹਾਂ ਦੈਂਤ ਰਾਜੇ ਸੁੰਭ ਨੂੰ ਇਕ ਛਿਨ ਵਿਚ ਮਾਰ ਦਿੱਤਾ। ਫਿਰ ਆਪਣੇ ਅੱਠਾਂ ਹੱਥਾ ਵਿਚ ਅੱਠ ਪ੍ਰਕਾਰ ਦੇ ਸ਼ਸਤਰ ਫੜਕੇ ਦੈਂਤਾਂ ਦੀ ਸਾਰੀ ਸੈਨਾ ਦਾ ਨਾਸ ਕਰ ਦਿੱਤਾ।।੨੨੩।।

ਸਵੈਯਾ॥ ਚੰਡ ਕੇ ਕੋਪ ਨ ਓਪ ਰਹੀ ਰਨ ਮੈ ਅਸਿ ਧਾਰ ਭਈ ਸਮੁਹਾਈ॥
ਮਾਰਿ ਬਿਦਾਰਿ ਸੰਘਾਰ ਦਏ ਤਬ ਭੂਪ ਬਿਨਾ ਕਰੈ ਕਉਨ ਲਰਾਈ॥
ਕਾਂਪ ਉਠੇ ਅਰਿ ਤ੍ਰਾਸ ਹੀਏ ਧਰਿ ਛਾਡਿ ਦਈ ਸਭ ਪਉਰਖਤਾਈ॥
ਦੈਤ ਚਲੇ ਤਜਿ ਖੇਤ ਇਉ ਜੈਸੇ ਬਡੇ ਗੁਨ ਲੋਭ ਤੇ ਜਾਤ ਪਰਾਈ॥ ੨੨੪॥

ਜਦੋਂ ਦੁਰਗਾ ਆਪਣੇ ਹੱਥ ਵਿਚ ਤਲਵਾਰ ਫੜਕੇ ਦੈਂਤਾਂ ਦੇ ਸਾਹਮਣੇ ਆਈ ਤਾਂ ਉਸ ਦੇ ਕਰੋਧ ਅਗੇ ਕਿਉਂ: ਦੈਂਤ ਦਾ ਜ਼ੋਰ ਨਾ ਰਿਹਾ। ਦੁਰਗਾ ਨੇ ਸਾਰੇ ਦੈਂਤਾਂ ਨੂੰ ਤੇ ਦੈਂਤਾਂ ਦੇ ਰਾਜੇ ਸੁੰਭ ਨੂੰ ਮਾਰ ਕੇ ਖਤਮ ਕਰ ਦਿੱਤਾ। ਰਾਜੇ ਦੇ ਮਰ ਜਾਣ ਤੋਂ ਬਾਅਦ ਹੁਣ ਜੰਗ ਕੋਣ ਕਰੇ ? ਵੈਰੀ ਦੈਂਤਾਂ ਦੇ ਮਨ ਡਰ ਨਾਲ ਕੰਬ ਉਠੇ ਤੇ ਉਹਨਾਂ ਨੇ ਆਪਣੀ ਬਹਾਦਰੀ ਦਾ ਜ਼ੋਰ ਛੱਡ ਦਿੱਤਾ।

ਦੈਂਤ ਰਣਭੂਮੀ ਨੂੰ ਛੱਡ ਕੇ ਇਸ ਤਰ੍ਹਾਂ ਭੱਜ ਗਏ, ਜਿਵੇਂ ਲੋਭ ਕਰਕੇ ਅਨੇਕਾਂ ਗੁਣ ਦੂਰ ਚਲੇ ਜਾਂਦੇ ਹਨ॥ ੨੨੪॥

ਇਤਿ ਸ੍ਰੀ ਮਾਰਕੰਡੇ ਪੁਰਾਨੇ, ਚੰਡੀ ਚਰਿਤ੍ਰੇ ਉਕਾਤ ਬਿਲਾਸ ਸੁੰਭ ਬਧਹਿ ਨਾਮ ਸਪਤਮੋ ਧਿਆਯ ਸਪੂੰਰਨ॥ ੭॥ ੨੨੪॥ ਅਫਜੂੰ॥

ਸ੍ਰੀ ਮਾਰਕੰਡੇ ਪੁਰਾਨ, ਚੰਡੀ ਚਰਿੱਤਰ ਉਕਤਿੰ ਬਿਲਾਸ ਸੁੰਭ ਦੈਂਤ ਦਾ ਕਤਲ, ਅਧਿਆਏ ਸੱਤਵਾਂ ਸਮਾਪਤ॥ ੭॥ ੨੨੪॥ ਚਲਦਾ॥

# ਅਧਿਆਏ ਅਠਵਾਂ

## ਸ੍ਰੀ ਚੰਡੀ ਦੀ ਜੈ ਜੈਕਾਰ

**ਸਵੈਯਾ॥ ਭਾਜਿ ਗਇਓ ਮਘਵਾ ਜਿਨ ਕੇ ਡਰ ਬ੍ਰਹਮ ਤੇ ਆਦਿ ਸਭੈ ਭੈ ਭੀਤੇ॥**
**ਤੇਈ ਵੈ ਦੈਤ ਪਰਾਇ ਗਏ ਰਨ ਹਾਰ ਨਿਹਾਰ ਭਏ ਬਲੁ ਰੀਤੇ॥**
**ਜੰਬੁਕ ਗ੍ਰਿਝ ਨਿਰਾਸ ਭਏ ਬਨ ਬਾਸ ਗਏ ਜੁਗ ਜਾਮ ਨ ਬੀਤੇ॥**
**ਸੰਤ ਸਹਾਇ ਸਦਾ ਜਗ ਮਾਇ ਸੁ ਸੁੰਭ ਨਿਸੁੰਭ ਬਡੇ ਅਰਿ ਜੀਤੇ॥ ੨੨੫॥**

ਪਦ ਅਰਥ - ਮਘਵਾ=ਇੰਦਰ। ਭੈਭੀਤੇ=ਡਰੇ ਹੋਏ ਸਨ। ਨਿਹਾਰਿ=ਵੇਖਕੇ। ਬਲੁ ਰੀਤੇ=ਜ਼ੋਰ ਤੋਂ ਖਾਲੀ।

ਜਿਨ੍ਹਾਂ ਦੈਂਤਾਂ ਦੇ ਡਰ ਕਰਕੇ ਇੰਦਰ ਸੁਰਗ ਛਡ ਕੇ ਭੱਜ ਗਿਆ ਸੀ ਤੇ ਬ੍ਰਹਮਾ ਆਦਿਕ ਦੇਵਤੇ ਵੀ ਭੈ ਭੀਤ ਹੋਏ ਫਿਰਦੇ ਸਨ ਓਹੋ ਦੈਂਤ ਰਣਭੂਮੀ ਵਿਚ ਆਪਣੀ ਹਾਰ ਵੇਖਕੇ ਬਲਹੀਨ ਹੋਏ ਮੈਦਾਨ ਛੱਡ ਕੇ ਭੱਜ ਗਏ। ਅਜੇ ਦੋ ਪਹਿਰ ਵੀ ਜੰਗ ਹੁੰਦਿਆਂ ਨਹੀਂ ਸਨ ਬੀਤੇ ਕਿ ਗਿੱਦੜ ਤੇ ਗਿਰਝਾਂ ਨਿਰਾਸ ਹੋ ਕੇ ਬਨ ਨੂੰ ਚਲੀਆਂ ਗਈਆਂ ਭਾਵ ਦੋ ਪਹਿਰ ਬੀਤਣ ਤੋਂ ਪਹਿਲਾਂ ਹੀ ਦੁਰਗਾ ਨੇ ਸਭ ਦੈਂਤ ਮਾਰਕੇ ਖਤਮ ਕਰ ਦਿੱਤੇ। ਸੰਤਾ ਤੇ ਭਗਤਾਂ ਦੀ ਹਰ ਸਮੇਂ ਸਹਾਇਤਾ ਕਰਨ ਵਾਲੀ ਜਗਤ ਮਾਤਾ ਦੁਰਗਾ ਨੇ ਸੁੰਭ ਤੇ ਨਿਸੁੰਭ ਵਰਗੇ ਵਡੇ ਵਡੇ ਦੁਸ਼ਮਨਾਂ ਨੂੰ ਜਿੱਤ ਲਿਆ॥ ੨੨੫॥

**ਦੇਵ ਸਭੈ ਮਿਲਿਕੈ ਇਕ ਠਉਰ ਸੁ ਅੱਛਤ ਕੁੰਕਮ ਚੰਦਨ ਲੀਨੋ॥**
**ਤੱਛਨ ਲੱਛਨ ਦੈਕੈ ਪ੍ਰਦੱਛਨ ਟੀਕਾ ਸੁ ਚੰਡ ਕੇ ਭਾਲ ਮੈ ਦੀਨੋ॥**
**ਤਾ ਛਬਿ ਕੋ ਉਪਜਯੋ ਤਹ ਭਾਵ ਇਹੈ ਕਵਿ ਨੇ ਮਨ ਮੈ ਲਖਿ ਲੀਨੋ॥**

ਮਾਨਹੁ ਚੰਦ ਕੇ ਮੰਡਲ ਮੈ ਸਭੁ ਮੰਗਲ ਆਨ ਪ੍ਰਵੇਸ਼ਹਿ ਕੀਨੋ॥ ੨੨੬॥

ਪਦ ਅਰਥ - ਅੱਛਤ=ਚੌਲ। ਕੁੰਕਮ=ਕੇਸਰ।

ਅਰਥ - ਸਭ ਦੇਵਤਿਆਂ ਨੇ ਇਕ ਜਗ੍ਹਾ ਇਕੱਠੇ ਹੋ ਕੇ ਚੌਲ, ਕੇਸਰ ਤੇ ਚੰਦਨ ਆਪਣੇ ਹੱਥਾਂ ਵਿਚ ਲੈ ਕੇ ਝਟਪਟ ਹੀ ਦੁਰਗਾ ਦੀਆਂ ਪ੍ਰਦੱਖਣਾਂ ਲੈ ਕੇ ਉਸ ਦੇ ਮੱਥੇ ਤੇ ਜਿੱਤ ਦਾ ਤਿਲਕ ਲਾ ਦਿੱਤਾ। ਇਸ ਦ੍ਰਿਸ਼ ਦੀ ਸੁੰਦਰਤਾ ਦਾ ਭਾਵ ਕਵੀ ਨੇ ਮਨ ਵਿਚ ਇਸ ਪ੍ਰਕਾਰ ਜਾਣਿਆ ਹੈ। ਦੁਰਗਾ ਦੇ ਮਸਤਕ ਤੇ ਦੇਵਤਿਆਂ ਵਲੋਂ ਲਾਇਆ ਤਿਲਕ ਇਉਂ ਪ੍ਰਤੀਤ ਹੋ ਰਿਹਾ ਸੀ ਜਿਵੇਂ ਚੰਦ੍ਰ ਮੰਡਲ ਵਿਚ ਸ਼ੁਭ ਮੰਗਲ ਨੇ ਆਕੇ ਕੇ ਪ੍ਰਵੇਸ਼ ਕੀਤਾ ਸੀ। ਜੋਤਿਸ਼ ਮਤ ਅਨੁਸਾਰ ਚੰਦ੍ਰ ਮੰਡਲ ਵਿਚ ਸ਼ੁਭ ਮੰਗਲ ਗ੍ਰਹਿ ਦਾ ਪ੍ਰਵੇਸ਼ ਹੋਣਾ, ਮੰਗਲਮਈ ਮੰਨਿਆਂ ਜਾਂਦਾ ਹੈ॥ ੨੨੬॥

ਕਬਿੱਤੁ॥ ਮਿਲਿ ਕੈ ਸੁ ਦੇਵਨ ਬਡਾਈ ਕਰੀ ਕਾਲਕਾ ਕੀ
ਏਹੋ ਜਗ ਮਾਤ ਤੈ ਤੋ ਕਟਿਓ ਬਡੋ ਪਾਪੁ ਹੈ॥
ਦੈਤਨ ਕੋ ਮਾਰ ਰਾਜ ਦੀਨੋ ਤੈ ਸੁਰੇਸ਼ ਹੂੰ ਕੋ
ਬਡੋ ਜਸੁ ਲੀਨੋ ਜਗ ਤੇਰੋ ਈ ਪ੍ਰਤਾਪੁ ਹੈ॥
ਦੇਤ ਹੈ ਅਸੀਸ ਦਿਜ ਰਾਜ ਰਿਖ ਬਾਰਿ ਬਾਰਿ
ਤਹਾ ਹੀ ਪੜਿਓ ਹੈ ਬ੍ਰਹਮ ਕਉਚ ਹੂੰ ਕੋ ਜਾਪੁ ਹੈ॥
ਐਸੇ ਜਸੁ ਪੂਰ ਰਹਿਓ ਚੰਡਕਾ ਕੋ ਤੀਨ ਲੋਕ
ਜੈਸੇ ਧਾਰ ਸਾਗਰ ਮੈ ਗੰਗਾ ਜੀ ਕੋ ਆਪੁ ਹੈ॥ ੨੨੭॥

ਸਾਰੇ ਦੇਵਤਿਆਂ ਨੇ ਮਿਲਕੇ ਕਾਲਕਾ ਮਾਤਾ ਦੀ ਬੜੀ ਵਡਿਆਈ ਕੀਤੀ ਤੇ ਕਿਹਾ, "ਹੇ ਜਗਤਮਾਤਾ ਕਾਲਕਾ ! ਤੂੰ ਅਪਾਰ ਕਿਰਪਾ ਕਰਕੇ ਸਾਡੇ ਗਲੋਂ ਬੜੇ ਭਾਰੀ ਪਾਪਾਂ ਨੂੰ ਕੱਟ ਦਿੱਤਾ ਹੈ। ਹੇ ਮਾਤਾ! ਤੂੰ ਸਾਰੇ ਦੈਂਤਾਂ ਨੂੰ ਨਾਸ ਕਰਕੇ ਇੰਦਰ ਨੂੰ ਸੁਰਗਪੁਰੀ ਦਾ ਰਾਜ ਬਖਸ਼ਿਆ ਹੈ। ਇਹ ਕਾਰਜ ਕਰਕੇ ਤੂੰ ਬੜਾ ਜਸ ਲਿਆ ਹੈ। ਸਾਰੇ ਸੰਸਾਰ ਵਿਚ ਤੇਰਾ ਹੀ ਤੇਜ ਪ੍ਰਤਾਪ ਫੈਲ ਰਿਹਾ ਹੈ। ਸਭ ਬ੍ਰਹਮਰਿਸ਼ੀ ਤੇ ਰਾਜਰਿਸ਼ੀ ਤੇਰੇ ਇਸ ਉਪਕਾਰ ਨੂੰ ਵੇਖਕੇ ਤੈਨੂੰ ਬਾਰ ਬਾਰ ਸ਼ੁਭ ਅਸੀਸਾਂ ਦਿੰਦੇ ਹਨ। ਤੇਰੇ ਸਾਹਮਣੇ ਹੀ ਤੇਰੀ ਉਪਮਾ ਕਰਨ ਲਈ ਉਹ 'ਬ੍ਰਹਮ ਕੋਚ' ਰੂਪ ਜਾਪ ਜਪ ਰਹੇ ਹਨ।" ਦੁਰਗਾ ਮਾਤਾ ਦਾ ਜਸ ਤਿੰਨਾਂ ਲੋਕਾਂ ਵਿਚ ਇਸ ਤਰ੍ਹਾਂ ਪੂਰਨ ਹੋ ਰਿਹਾ ਸੀ, ਜਿਸ ਤਰ੍ਹਾਂ ਗੰਗਾ ਜੀ ਦਾ ਉਜਲ ਪ੍ਰਵਾਹ ਸਮੁੰਦਰ ਵਿਚ ਮਿਲ ਰਿਹਾ ਹੋਵੇ॥ ੨੨੭॥

ਸਵੈਯਾ॥ ਦੇਹਿ ਅਸੀਸ ਸਭੈ ਸੁਰ ਨਾਰਿ ਸੁ ਧਾਰਿ ਕੈ ਆਰਤੀ ਦੀਪ ਜਗਾਇਓ॥
ਫੂਲ ਸੁੰਗਧ ਸੁ ਅੱਛਤ ਦੱਛਨ ਜੱਛਨ ਜੀਤ ਕੋ ਗੀਤ ਸੁ ਗਾਇਓ॥

**ਧੂਪ ਜਗਾਇਕੈ ਸੰਖ ਬਜਾਇਕੈ ਸੀਸ ਨਿਵਾਇਕੈ ਬੈਨ ਸੁਨਾਇਓ॥**
**ਹੇ ਜਗਮਾਇ ਸਦਾ ਸੁਖਦਾਇ ਤੈ ਸੁੰਭ ਕੋ ਘਾਇ ਬਡੋ ਜਸੁ ਪਾਇਓ॥ ੨੨੮॥**

ਪਦ ਅਰਥ - ਦੱਛਨ=ਵਾਰਨਾ। ਜੱਛਨ=ਜੱਛਾਂ ਦੀਆਂ ਇਸਤਰੀਆਂ।

ਦੇਵਤਿਆਂ ਦੀਆਂ ਇਸਤ੍ਰੀਆਂ ਬੜੀਆਂ ਪ੍ਰਸੰਨ ਹੋ ਕੇ ਦੁਰਗਾ ਮਾਤਾ ਨੂੰ ਸ਼ੁਭ ਅਸੀਸਾਂ ਦੇ ਰਹੀਆਂ ਸਨ। ਉਹਨਾਂ ਨੇ ਆਰਤੀ ਦਾ ਥਾਲ ਸਜਾਕੇ ਉਸ ਵਿਚ ਦੀਵੇ ਜਗਾਏ ਸਨ। ਸੁਗੰਧੀ ਵਾਲੇ ਫੁਲ ਤੇ ਚੌਲ ਲੈ ਕੇ ਦੇਵਤਿਆਂ ਦੀਆਂ ਇਸਤਰੀਆਂ ਦੁਰਗਾ ਤੋਂ ਵਾਰ ਰਹੀਆਂ ਸਨ ਤੇ ਜੱਛਾਂ ਦੀਆਂ ਇਸਤਰੀਆਂ ਜਿੱਤ ਦੇ ਗੀਤ ਗਾਉਂਦੀਆਂ ਸਨ। ਧੂਪ ਧੁਖਾਕੇ, ਸੰਖ ਵਜਾਕੇ ਤੇ ਸਿਰ ਨਿਵਾਕੇ ਦੇਵਤਿਆਂ ਦੀਆਂ ਇਸਤਰੀਆਂ ਇਸ ਤਰ੍ਹਾਂ ਬਚਨ ਕਰਦੀਆਂ ਸਨ। ਹੇ ਸਦਾ ਸੁਖ ਦੇਣ ਵਾਲੀ ਮਾਤਾ ਦੁਰਗਾ! ਤੁਸੀ ਸੁੰਭ ਤੇ ਨਿਸੁੰਭ ਦੈਂਤਾਂ ਨੂੰ ਮਾਰ ਕੇ ਬੜਾ ਜਸ ਪ੍ਰਾਪਤ ਕੀਤਾ ਹੈ॥ ੨੨੮॥

**ਸੱਕ੍ਰਹਿ ਸਾਜਿ ਸਮਾਜਿ ਦੈ ਚੰਡ ਸੁ ਮੋਦ ਮਹਾ ਮਨ ਮਾਹਿ ਰਈ ਹੈ॥**
**ਸੂਰ ਸਸੀ ਨਭ ਥਾਪਿ ਕੈ ਤੇਜੁ ਦੈ ਆਪ ਤਹਾ ਤੇ ਸੁ ਲੋਪ ਭਈ ਹੈ॥**
**ਬੀਚ ਅਕਾਸ਼ ਪ੍ਰਕਾਸ਼ ਬਢਿਓ ਤਹ ਕੀ ਉਪਮਾ ਮਨ ਤੇ ਨ ਗਈ ਹੈ॥**
**ਧੂਰ ਕੈ ਪੂਰ ਮਲੀਨ ਹੁਤੋ ਰਵਿ ਮਾਨਹੁ ਚੰਡਕਾ ਓਪ ਦਈ ਹੈ॥ ੨੨੯॥**

ਇੰਦਰ ਦੇਵਤਾ ਨੂੰ ਸੁਰਗਪੁਰੀ ਦਾ ਰਾਜ ਸਾਜ ਸੌਂਪਕੇ ਦੁਰਗਾ ਦਾ ਮਨ ਬੜਾ ਪ੍ਰਸੰਨ ਹੋ ਰਿਹਾ ਸੀ। ਸੂਰਜ ਤੇ ਚੰਦਰਮਾਂ ਨੂੰ ਆਕਾਸ਼ ਵਿਚ ਕਾਇਮ ਕਰਕੇ ਤੇ ਉਹਨਾਂ ਨੂੰ ਤੇਜ ਪ੍ਰਤਾਪ ਬਖਸ਼ਕੇ ਦੁਰਗਾ ਓਥੋਂ ਅੰਤਰਧਿਆਨ ਹੋ ਗਈ। ਸੂਰਜ ਤੇ ਚੰਦਰਮਾਂ ਦਾ ਪ੍ਰਕਾਸ਼ ਅਕਾਸ਼ ਵਿਚ ਵਧ ਗਿਆ ਹੈ। ਇਸ ਦ੍ਰਿਸ਼ ਦੀ ਉਪਮਾ ਕਵੀ ਦੇ ਮਨ ਵਿਚੋਂ ਵਿਸਰੀ ਨਹੀਂ। ਉਹ ਉਪਮਾ ਇਸ ਪ੍ਰਕਾਰ ਹੈ ਰਣਭੂਮੀ ਵਿਚੋਂ ਸੂਰਮਿਆਂ ਦੇ ਪੈਰਾਂ ਨਾਲ ਉਡੀ ਧੂੜ ਨਾਲ ਮਾਨੋ ਸੂਰਜ ਮਲੀਨ ਹੋ ਗਿਆ ਸੀ ਤੇ ਦੁਰਗਾ ਨੇ ਉਸ ਨੂੰ ਤੇਜ ਬਖਸ਼ ਕੇ ਪ੍ਰਕਾਸ਼ਵਾਨ ਕਰ ਦਿੱਤਾ ਹੈ।। ੨੨੯।।

**ਕਬਿੱਤੁ॥ ਪ੍ਰਥਮ ਮਧੁਕੈਟ ਮਦ ਮਥਨ ਮਹਿਖਾਸੁਰੈ ਮਾਨ ਮਰਦਨ ਕਰਨ ਤਰਨ ਬਰ ਬੰਡ ਕਾ॥**
**ਧੂਮ੍ਰ ਦ੍ਰਿਗ ਧਰਨ ਧਰ ਧੂਰ ਧਾਨੀ ਕਰਨ ਚੰਡ ਅਰੁ ਮੁੰਡ ਕੇ ਮੁੰਡ ਖੰਡ ਖੰਡਕਾ॥**
**ਰਕਤਬੀਜ ਹਰਨ ਰਕਤ ਭੱਛਨ ਕਰਨ ਦਰਨ ਅਨ ਸੁੰਭ ਰਨ ਰਾਰ ਰਿਸ ਮੰਡਕਾ॥**

**ਸੁੰਭ ਬਲੁ ਧਾਰ ਸੰਘਾਰ ਕਰਵਾਰ ਕਰਿ ਸਕਲ ਖਲੁ ਅਸੁਰ ਦਲੁ ਜੈਤ ਜੈ ਚੰਡਕਾ॥੨੩੦॥**

ਪਦ ਅਰਥ - ਤਰਨ=ਫੁਰਤੀਲੀ। ਬੰਡਕਾ=ਦੇਣਾ।

ਇਹ ਦੁਰਗਾ ਪਹਿਲਾਂ ਮਧੁ ਤੇ ਕੈਟਭ ਦੈਂਤ ਦੇ ਹੰਕਾਰ ਨੂੰ ਤੋੜਨ ਵਾਲੀ ਹੈ, ਫਿਰ ਮਹਿਖਾਸੁਰ ਦੈਂਤ ਦੇ ਘੁਮੰਡ ਨੂੰ ਨਾਸ ਕਰਨ ਵਾਲੀ ਹੈ ਤੇ ਵਰ ਦੇਣ ਵਿਚ ਬੜੀ ਫੁਰਤੀਲੀ ਹੈ ਭਾਵ ਆਪਣੇ ਭਗਤਾਂ ਤੇ ਪ੍ਰਸੰਨ ਹੋ ਕੇ ਝਟ ਪਟ ਵਰ ਬਖਸ਼ਦੀ ਹੈ। ਦੁਰਗਾ ਸ਼ੋਰ ਸ਼ਰਾਬਾ ਕਰਨ ਵਾਲੇ ਧੂਮ੍ ਦ੍ਰਿਗ ਦੈਂਤ ਨੂੰ ਧਰਤੀ ਤੇ ਪਟਕਾਉਣ ਵਾਲੀ ਹੈ ਤੇ ਚੰਡ ਤੇ ਮੁੰਡ ਦੈਂਤ ਦੇ ਸਿਰਾਂ ਨੂੰ ਟੁਕੜੇ ਟੁਕੜੇ ਕਰਨ ਵਾਲੀ ਹੈ। ਦੁਰਗਾ ਮਾਤਾ ਰਕਤਬੀਜ ਦੈਂਤ ਨੂੰ ਨਾਸ ਕਰਨ ਵਾਲੀ ਤੇ ਉਸਦਾ ਲਹੂ ਪੀਣ ਵਾਲੀ ਹੈ। ਬੜੇ ਬਲਵਾਨ ਵੈਰੀਆਂ ਨੂੰ ਦਲਣ ਵਾਲੀ ਤੇ ਬੜਾ ਕਰੋਧ ਕਰਕੇ ਨਿਸੁੰਭ ਨਾਲ ਰਣਭੂਮੀ ਵਿਚ ਜੁੱਧ ਕਰਨ ਵਾਲੀ ਹੈ। ਜੋ ਬੜੇ ਬਲਧਾਰੀ ਸੁੰਭ ਨੂੰ ਆਪਣੇ ਹਥ ਵਿਚ ਤਲਵਾਰ ਫੜਕੇ ਨਾਸ ਕਰਨ ਵਾਲੀ ਹੈ ਤੇ ਮੂਰਖ ਦੈਂਤਾਂ ਦੇ ਸਾਰੇ ਦਲਾਂ ਨੂੰ ਜਿੱਤਣ ਵਾਲੀ ਹੈ। ਐਸੀ ਮਾਤਾ ਦੁਰਗਾ ਦੀ ਜੈ ਜੈਕਾਰ ਹੋਵੇ॥੨੩੦॥

**ਸਵੈਯਾ॥ ਦੇਹਿ ਸ਼ਿਵਾ ਬਰਮੋਹਿ ਇਹੈ ਸ਼ੁਭ ਕਰਮਨ ਤੇ ਕਬਹੂੰ ਨ ਟਰੋਂ॥**
**ਨ ਡਰੋਂ ਅਰਿ ਸੋਂ ਜਬ ਜਾਇ ਲਰੋਂ ਨਿਸਚੈ ਕਰ ਆਪਨੀ ਜੀਤ ਕਰੋਂ॥**
**ਅਰੁ ਸਿੱਖ ਹੌਂ ਆਪਨੇ ਹੀ ਮਨ ਕੋ ਇਹ ਲਾਲਚ ਹਉ ਗੁਨ ਤਉ ਉਚਰੋਂ॥**
**ਜਬ ਆਵ ਕੀ ਅਉਧ ਨਿਦਾਨ ਬਨੈ ਅਤਿ ਹੀ ਰਨ ਮੈ ਤਬ ਜੂਝ ਮਰੋਂ॥੨੩੧॥**

ਹੇ ਸ਼ਿਵਾ ਕਲਿਆਣਕਾਰੀ ਸ਼ਕਤੀ ! ਕਿਰਪਾ ਕਰਕੇ ਮੈਨੂੰ ਇਹ ਵਰ ਬਖਸ਼ ਕਿ ਮੈਂ ਸ਼ੁਭ ਕਰਮਾਂ ਤੋਂ ਕਦੀ ਵੀ ਪਿਛੇ ਨਾ ਹਟਾਂ ਅਤੇ ਜਦੋਂ ਮੈਂ ਰਣਭੂਮੀ ਵਿਚ ਜਾ ਕੇ ਵੈਰੀਆਂ ਨਾਲ ਜੁੱਧ ਕਰਾਂ ਤਾਂ ਮੈਂ ਉਨ੍ਹਾਂ ਤੋਂ ਜ਼ਰਾ ਨਾ ਡਰਾਂ ਅਤੇ ਨਿਸਚੇ ਪੂਰਬਕ ਆਪਣੀ ਜਿੱਤ ਪ੍ਰਾਪਤ ਕਰਾਂ। ਮੈਂ ਆਪਣੇ ਮਨ ਨੂੰ ਸ਼ੁਭ ਸਿਖਿਆ ਦੇਵਾਂ ਤੇ ਮੈਨੂੰ ਇਹੋ ਲਾਲਚ ਹੋਵੇ ਕਿ ਮੈਂ ਤੇਰੇ ਗੁਣਾਂ ਦਾ ਉਚਾਰਨ ਕਰਦਾ ਰਹਾਂ। ਜਦੋਂ ਮੇਰੀ ਉਮਰ ਦਾ ਅੰਤ ਸਮਾਂ ਆਵੈ ਤਦੋਂ ਮੈਂ ਰਣਭੂਮੀ ਵਿਚ ਲੜਦਾ ਲੜਦਾ ਹੀ ਮਰ ਜਾਵਾਂ ਭਾਵ ਧਰਮ ਦੀ ਖਾਤਰ ਲੜਦਾ ਹੋਇਆ ਮੈਂ ਜੰਗ ਦੇ ਮੈਦਾਨ ਵਿਚ ਹੀ ਸ਼ਹੀਦ ਹੋ ਜਾਵਾਂ॥੨੩੧॥

**ਚੰਡ ਚਰਿਤ੍ਰ ਕਵਿੱਤਨ ਮੈ ਬਰਨਿਓ ਸਭਹੀ ਰਸ ਰੁਦ੍ਰ ਮਈ ਹੈ॥**
**ਏਕ ਤੇ ਏਕ ਰਸਾਲ ਭਇਓ ਨਖ ਤੇ ਸਿੱਖ ਲਉ ਉਪਮਾ ਸੁ ਨਈ ਹੈ॥**
**ਕਉਤਕ ਹੇਤ ਕਰੀ ਕਵਿ ਨੇ ਸਤਿਸਯ ਕੀ ਕਥਾ ਇਹ ਪੂਰੀ ਭਈ ਹੈ॥**
**ਜਾਹਿ ਨਮਿੱਤ ਪੜੈ ਸੁਨਿ ਹੈ ਨਰ ਸੋ ਨਿਸਚੈ ਕਰਿ ਤਾਹਿ ਦਈ ਹੈ॥੨੩੨॥**

ਅਰਥ - ਮੈਂ ਇਹ ਚੰਡੀ ਦੇ ਕੌਤਕ ਕਵਿਤਾ ਵਿਚ ਵਰਣਨ ਕੀਤੇ ਸਨ। ਇਸ ਸਾਰੀ ਕਵਿਤਾ ਵਿਚ ਬੀਰ ਰਸ ਹੀ ਪ੍ਰਧਾਨ ਹੈ। ਹਰ ਇਕ ਛੰਦ ਇਕ ਤੋਂ ਇਕ ਸੁੰਦਰ ਰਚਿਆ ਹੈ। ਪੈਰ ਦੇ ਨੌਹਾਂ ਤੋਂ ਲੈ ਕੇ ਸਿਰ ਤਕ ਹਰ ਇਕ ਉਪਮਾ ਨਵੀਂ ਤੋਂ ਨਵੀਂ ਲਿਖੀ ਹੈ। ਮੈਂ ਆਪਣੇ ਚਿਤ ਦੀ ਪ੍ਰਸੰਨਤਾ ਵਾਸਤੇ ਇਸ ਕਥਾ ਦੀ ਕਵਿਤਾ ਵਿਚ ਰਚਨਾ ਕੀਤੀ ਹੈ। ਦੁਰਗਾ ਸਪਤਸਈ ਪੁਸਤਕ ਦੀ ਕਥਾ ਦਾ ਅਨੁਵਾਦ ਇਥੇ ਸਮਾਪਤ ਹੋ ਗਿਆ ਹੈ। ਜਿਹੜਾ ਪੁਰਸ਼ ਜਿਸ ਭਾਵਨਾਂ ਨੂੰ ਮੁਖ ਰਖਕੇ ਇਸ ਕਥਾ ਨੂੰ ਨਿਸਚੇ ਨਾਲ ਪੜ੍ਹੇਗਾ ਜਾਂ ਸੁਣੇਗਾ, ਦੁਰਗਾ ਉਸ ਦੀ ਉਸ ਮਨੋਕਾਮਨਾ ਨੂੰ ਪੂਰਾ ਕਰੇਗੀ॥ ੨੩੨॥

ਦੁਰਗਾ ਸਪਤਸਈ ਗ੍ਰੰਥ ਦੇ ਅਖੀਰ ਵਿਚ ਇਸ ਕਥਾ ਦੇ ਪੜ੍ਹਨ ਸੁਣਨ ਦਾ ਮਹਾਤਮ ਬੜੇ ਵਿਸਥਾਰ ਨਾਲ ਵਰਣਨ ਕੀਤਾ ਹੈ। ਸਤਿਗੁਰੂ ਜੀ ਨੇ ਉਸ ਮਹਾਤਮ ਨੂੰ ਸੰਖੇਪ ਵਿਚ ਹੀ ਲਿਖ ਦਿੱਤਾ ਹੈ।

**ਦੋਹਰਾ॥ ਗ੍ਰੰਥ ਸਤਿਸਯ ਕੋ ਕਰਿਓ ਜਾ ਸਮ ਅਵਰੁ ਨ ਕੋਇ॥**
**ਜਿਹ ਨਮਿੱਤ ਕਵਿ ਨੇ ਕਹਿਓ ਸੁ ਦੇਹ ਚੰਡਕਾ ਸੋਇ॥ ੨੩੩॥**

ਮੈਂ ਇਸ ਸਤਸਇਆ ਗ੍ਰੰਥ ਦਾ ਸੰਸਕ੍ਰਿਤ ਤੋਂ ਅਨੁਵਾਦ ਕੀਤਾ ਹੈ, ਜਿਸ ਵਰਗਾ ਰੌਦ੍ਰ ਰਸ ਪੂਰਤ ਹੋਰ ਕੋਈ ਗ੍ਰੰਥ ਨਹੀਂ ਹੈ। ਮੈਂ ਜਿਸ ਮਨੋਰਥ ਨੂੰ ਮੁਖ ਰਖਕੇ ਇਸ ਕਥਾ ਨੂੰ ਲਿਖਿਆ ਹੈ, ਦੁਰਗਾ ਮੇਰਾ ਉਹ ਮਨੋਰਥ ਪੂਰਨ ਕਰੇ॥ ੨੩੩॥

ਸ੍ਰੀ ਦਸਮੇਸ਼ ਪਿਤਾ ਜੀ ਨੇ ਮਾਰਕੰਡੇਯ ਪੁਰਾਣ ਵਿਚੋਂ ਇਸ ਚੰਡੀ ਚਰਿਤ੍ਰ ਦਾ ਅਨੁਵਾਦ ਕਿਸ ਮਨੋਰਥ ਨੂੰ ਸਾਹਮਣੇ ਰਖਕੇ ਕੀਤਾ ਹੈ। ਆਪਣੇ ਮਨੋਰਥ ਦਾ ਪ੍ਰਗਟਾਅ ਸਤਿਗੁਰੂ ਜੀ ਨੇ ਇਸ ਇਕੋ ਤੁਕ ਵਿਚ ਇਸ ਪ੍ਰਕਾਰ ਕਰ ਦਿੱਤਾ ਹੈ:-

ਅਰਥਾਤ ਮੇਰੇ ਮਨ ਵਿਚ ਹੋਰ ਕੋਈ ਕਾਮਨਾ ਨਹੀਂ ਹੈ, ਮੈਂ ਕੇਵਲ ਮੁਰਦਾ ਹੋ ਚੁਕੇ ਭਾਰਤਵਾਸੀਆਂ ਵਿਚ ਧਰਮ-ਜੁੱਧ ਦਾ ਚਾਅ ਤੇ ਬੀਰ ਰਸ ਪੈਦਾ ਕਰਨ ਲਈ ਹੀ ਦੁਰਗਾ ਤੇ ਦੈਂਤਾਂ ਦੇ ਜੰਗਾਂ ਦਾ ਵਰਣਨ ਆਪਣੀ ਬੀਰ ਰਸੀ ਕਵਿਤਾ ਵਿਚ ਕੀਤਾ ਹੈ, ਤਾਂਕਿ ਇਨ੍ਹਾਂ ਬਹਾਦਰੀ ਭਰੇ ਕਾਰਨਾਮਿਆਂ ਨੂੰ ਪੜ੍ਹ ਸੁਣ ਕੇ ਕਾਇਰ ਬਣ ਚੁਕੇ ਮਨੁੱਖਾਂ ਦਾ ਖ਼ੂਨ ਖੌਲਣ ਲੱਗ ਪਵੇ ਤੇ ਉਹ ਜ਼ਾਲਮਾਂ ਨਾਲ ਟੱਕਰ ਲੈ ਕੇ ਜ਼ੁਲਮ ਰਾਜ ਨੂੰ ਨਾਸ ਕਰਨ ਲਈ ਸ਼ਕਤੀ ਪ੍ਰਾਪਤ ਕਰ ਸਕਣ।

ਇਤਿ ਸ੍ਰੀ ਮਾਰਕੰਡੇ ਪੁਰਾਨੇ ਸ੍ਰੀ ਚੰਡੀ ਚਰਿਤ੍ਰੇ ਉਕਤਿ ਬਿਲਾਸ ਦੇਵ ਸੁਰੇਸ ਸਹਿਤ ਜੈਕਾਰ ਸਬਦੁ ਕਰਾ ਅਸਟਮੋ ਧਿਆਇ ਸੰਪੂਰਨਮ ਸਤੁ ਸੁਭਮ ਸਤੁ॥ ੮॥ ੨੩੩॥ ਅਫਜੂੰ॥

ਸ੍ਰੀ ਮਾਰਕੰਡੇ ਪੁਰਾਨ, ਸ੍ਰੀ ਚੰਡੀ ਚਰਿੱਤਰ ਉਕਤਿ ਬਿਲਾਸ, ਦੇਵਤਿਆਂ ਨੇ ਇੰਦਰ ਸਹਿਤ ਜਗਮਾਤ ਦੁਰਗਾ ਦੀ ਜੈ ਜੈਕਾਰ ਕੀਤੀ, ਅਧਿਆਏ ਅਠਵਾਂ ਸਮਾਪਤ ਸਤ ਸ਼ੁਭਮ ਸਤ॥ ੮॥ ੨੩੩॥ ਸਮੁੱਚਾ ਜੋੜ॥

# ਅਥ ਸ੍ਰੀ ਚੰਡੀ ਚਰਿਤ੍ਰ ਦੁਤੀਆ ਲਿਖਯਤੇ

## ਸ੍ਰੀ ਮੁਖਵਾਕ ਪਾਤਿਸ਼ਾਹੀ ੧੦

ੴ ਸਤਿਗੁਰ ਪ੍ਰਸਾਦਿ॥
ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ॥
ਸ੍ਰੀ ਭਗਉਤੀ ਜੀ ਸਹਾਇ॥

# ਚੰਡੀ ਚਰਿੱਤਰ ਦੂਸਰਾ

## ਅਧਿਆਏ ਪਹਿਲਾ

## ਮਹਿਖਾਸੁਰ ਯੁੱਧ ਵਰਣਨ

**ਨਰਾਜ ਛੰਦ॥ ਮਹਿਖ ਦਈਤ ਸੂਰਯੰ॥ ਬਢਿਯੋ ਸੁ ਲੋਹ ਪੂਰਯੰ॥ ਸੁ ਦੇਵ ਰਾਜ ਜੀਤਯੰ॥ ਤ੍ਰਿਲੋਕ ਰਾਜ ਕੀਤਯੰ॥੧॥**

ਪਦ ਅਰਥ - ਬਢਿਯੋ=ਜ਼ੋਰ ਵਧ ਗਿਆ। ਲੋਹ ਪੂਰਯੰ=ਲੋਹੇ ਨਾਲ ਮੜ੍ਹਿਆ ਹੋਇਆ। ਦੇਵਰਾਜ=ਇੰਦਰ ਰਾਜਾ। ਤ੍ਰਿਲੋਕ=ਤਿੰਨ ਲੋਕ।

ਜਿਹੜਾ ਲੋਹੇ ਨਾਲ ਮੜ੍ਹਿਆ ਹੋਇਆ ਸੂਰਮਾ ਮਹਿਖਾਸੁਰ ਦੈਂਤ ਸੀ, ਉਸ ਦਾ ਜ਼ੋਰ ਬਹੁਤ ਵਧ ਗਿਆ। ਉਸਨੇ ਦੇਵਤਿਆਂ ਦੇ ਰਾਜੇ ਇੰਦਰ ਨੂੰ ਜਿੱਤ ਲਿਆ ਤੇ ਤਿੰਨਾਂ ਲੋਕਾਂ ਧਰਤੀ, ਪਤਾਲ ਤੇ ਸੁਰਗਪੁਰੀ ਵਿਚ ਆਪਣਾ ਰਾਜ ਕਾਇਮ ਕਰ ਲਿਆ॥੧॥

**ਭਜੇ ਸੁ ਦੇਵਤਾ ਤਬੈ॥ ਇਕੱਤ੍ਰ ਹੋਇ ਕੈ ਸਭੈ॥ ਮਹੇਸ਼ੁਰਾ ਚਲੰ ਬਸੇ॥ ਬਿਸੇਖ ਚਿੱਤ ਮੋ ਤ੍ਰਸੇ॥੨॥**

ਪਦ ਅਰਥ - ਮਹੇਸਰਾਚਲੰ=ਸ਼ਿਵ ਜੀ ਦਾ ਨਿਵਾਸ ਅਸਥਾਨ ਕੈਲਾਸ਼ ਪਰਬਤ। ਤ੍ਰਸੇ=ਡਰੇ ਹੋਏ।

ਸਾਰੇ ਦੇਵਤੇ ਇਕੱਠੇ ਹੋ ਕੇ ਭੱਜ ਗਏ। ਉਹ ਚਿੱਤ ਵਿਚ ਦੈਂਤਾਂ ਤੋਂ ਡਰਦੇ ਹੋਏ ਕੈਲਾਸ਼ ਪਰਬਤ ਵਿਚ ਜਾ ਵਸੇ॥੨॥

**ਜੁਗੇਸ਼ ਭੇਸ ਧਾਰ ਕੈ॥ ਭਜੇ ਹਥਿਆਰ ਡਾਰ ਕੈ॥ ਪੁਕਾਰ ਆਰਤੰ ਚਲੇ॥ ਬਿਸੂਰ ਸੂਰਮਾ ਭਲੇ॥੩॥**

ਸਾਰੇ ਦੇਵਤੇ ਜੋਗੀਆਂ ਦਾ ਭੇਸ ਧਾਰਨ ਕਰਕੇ ਅਤੇ ਆਪਣੇ ਸ਼ਸਤਰ ਸੁੱਟਕੇ ਭੱਜ ਗਏ। ਉਹ ਆਪਣੀਆਂ ਜਾਨਾਂ ਬਚਾਉਣ ਲਈ ਦੁੱਖੀ ਹੋਏ ਕਰਲਾਉਂਦੇ ਫਿਰ ਰਹੇ ਸਨ। ਵੱਡੇ ਵੱਡੇ ਸੂਰਮੇ ਵੀ ਡੋਲ ਗਏ ਸਨ॥੩॥

**ਬਰਖ ਕਿਤੇ ਤਹਾ ਰਹੇ॥ ਸੁ ਦੂੱਖ ਦੇਹ ਮੋ ਸਹੇ॥**
**ਜਗਤ੍ਰਮਾਤਿ ਧਜਾਇਯੰ॥ ਸੁ ਜੈਤ ਪੱਤ੍ਰ ਪਾਇਯੰ॥੪॥**

ਪਦ ਅਰਥ - ਜਗਤ੍ਰ ਮਾਤਿ=ਦੁਰਗਾ। ਜੈਤਪੱਤ੍ਰ=ਜਿੱਤ।

ਦੇਵਤੇ ਬੜਾ ਦੁਖ ਸਹਿੰਦੇ ਹੋਏ ਕਈ ਸਾਲ ਕੈਲਾਸ਼ ਪਰਬਤ ਵਿਚ ਟਿਕੇ ਰਹੇ। ਉਨਾਂ ਨੇ ਮਹਿਖਾਸੁਰ ਦੈਂਤ ਤੇ ਜਿੱਤ ਪ੍ਰਾਪਤ ਕਰਨ ਲਈ ਜਗਤ ਮਾਤਾ ਦੁਰਗਾ ਦੀ ਅਰਾਧਨਾ ਕੀਤੀ॥੪॥

**ਪ੍ਰਸੰਨ ਦੇਵਤਾ ਭਏ॥ ਚਰੰਨ ਪੂਜਬੇ ਧਏ॥**
**ਸਨੰਮੁਖਾਨ ਠੱਢੀਯੰ॥ ਪ੍ਰਣਾਮ ਪਾਨ ਪੱਢੀਯੰ॥੫॥**

ਦੇਵਤਿਆਂ ਨੇ ਜਦੋਂ ਦੁਰਗਾ ਦੀ ਅਰਾਧਨਾ ਕੀਤੀ ਤਾਂ ਦੁਰਗਾ ਨੇ ਪ੍ਰਗਟ ਹੋ ਕੇ ਦੇਵਤਿਆਂ ਨੂੰ ਦਰਸ਼ਨ ਦਿੱਤੇ। ਦੁਰਗਾ ਦੇ ਦਰਸ਼ਨ ਕਰਕੇ ਦੇਵਤੇ ਬੜੇ ਪ੍ਰਸੰਨ ਹੋਏ ਤੇ ਦੁਰਗਾ ਦੇ ਚਰਨ ਪੂਜਣ ਲਈ ਅੱਗੇ ਵਧੇ। ਸਾਰੇ ਦੇਵਤੇ ਦੇਵੀ ਅੱਗੇ ਆ ਖੜੇ ਹੋ ਗਏ ਤੇ ਉਸਤਿਤ ਦਾ ਪਾਠ ਪੜ੍ਹਨ ਲੱਗੇ ॥੫॥

## *ਰਸਾਵਲ ਛੰਦ॥*

**ਤਬੈ ਦੇਵ ਧਾਏ॥ ਸਭੋ ਸੀਸ ਨਿਆਏ॥ ਸੁਮਨ ਧਾਰ ਬਰਖੈ॥ ਸਭੈ ਸਾਧ ਹਰਖੇ॥੬॥**

ਪਦ ਅਰਥ - ਸੁਮਨ=ਫੁਲ। ਸਾਧ=ਦੇਵਤੇ, ਭਲੇ ਪੁਰਸ਼।

ਸਭ ਦੇਵਤਿਆਂ ਨੇ ਦੇਵੀ ਦੁਰਗਾ ਅੱਗੇ ਵਧਕੇ ਦੇਵੀ ਦੇ ਚਰਨਾਂ ਤੇ ਸਿਰ ਨਿਵਾਏ ਤੇ ਫੁਲਾਂ ਦੀ ਵਰਖਾ ਕੀਤੀ। ਦੇਵਤੇ ਦੇਵੀ ਦੇ ਦਰਸ਼ਨ ਕਰਕੇ ਬਹੁਤ ਪ੍ਰਸੰਨ ਹੋਏ॥੬॥

**ਕਰੀ ਦੇਬਿ ਅਰਚਾ॥ ਬ੍ਰਹਮ ਬੇਦ ਚਰਚਾ॥ ਜਬੈ ਪਾਇ ਲਾਗੇ॥ ਤਬੈ ਸੋਗ ਭਾਗੇ॥੭॥**

ਸਭ ਦੇਵਤਿਆਂ ਨੇ ਦੇਵੀ ਦੁਰਗਾ ਦੀ ਪੂਜਾ ਕੀਤੀ ਤੇ ਬ੍ਰਹਮਾ ਨੇ ਵੇਦ-ਮੰਤਰਾਂ ਦਾ ਉਚਾਰਨ ਕੀਤਾ। ਜਦੋਂ ਦੇਵਤਿਆਂ ਨੇ ਦੇਵੀ ਦੇ ਚਰਨਾਂ ਤੇ ਨਮਸ਼ਕਾਰ ਕੀਤੀ ਤਦੋਂ ਉਨ੍ਹਾਂ ਦੇ ਮਨਾਂ ਵਿਚੋਂ ਸਭ ਤਰ੍ਹਾਂ ਦੇ ਸ਼ੋਕ ਦੂਰ ਹੋ ਗਏ॥੭॥

**ਬਿਨੰਤੀ ਸੁਨਾਈ॥ ਭਵਾਨੀ ਰਿਝਾਈ॥ ਸਭੈ ਸ਼ਸਤਰ ਧਾਰੀ॥ ਕਰੀ ਸਿੰਘ ਸੁਆਰੀ॥੮॥**

ਦੇਵਤਿਆਂ ਨੇ ਦੁਰਗਾ ਨੂੰ ਪ੍ਰਸੰਨ ਕਰਕੇ ਆਪਣੀ ਦੁਖਾਂ ਦੀ ਵਾਰਤਾ ਸੁਣਾਈ ਤੇ ਸਹਾਇਤਾ ਕਰਨ ਲਈ ਬੇਨਤੀ ਕੀਤੀ, ਦੇਵਤਿਆਂ ਦੇ ਦੁਖ ਸੁਣਕੇ ਦੁਰਗਾ ਸ਼ਸਤਰ ਧਾਰਨ ਕਰਕੇ ਸ਼ੇਰ ਤੇ ਸੁਆਰ ਹੋ ਗਈ॥੮॥

**ਕਰੇ ਘੰਟ ਨਾਦੰ॥ ਧੁਨੰ ਨਿਰਬਿਖਾਦੰ॥ ਸੁਣੇ ਦਈਤ ਰਾਜੰ॥ ਸਜਿਯੋ ਜੁੱਧ ਸਾਜੰ॥੯॥**

ਦੇਵੀ ਨੇ ਜਦੋਂ ਰਣਭੂਮੀ ਵਲ ਜਾਣ ਦੀ ਤਿਆਰੀ ਕੀਤੀ ਤਾਂ ਘੰਟੇ ਦਾ ਸ਼ਬਦ ਕੀਤਾ, ਜਿਸ ਦੀ ਬੜੀ ਗਰਜਵੀਂ ਆਵਾਜ਼ ਹੋਈ। ਘੰਟੇ ਦੀ ਆਵਾਜ਼ ਮਹਿਖਾਸੁਰ ਨੇ ਸੁਣੀ ਤਾਂ ਉਸ ਨੇ ਵੀ ਜੰਗ ਦੀ ਤਿਆਰੀ ਆਰੰਭ ਦਿੱਤੀ॥੯॥

**ਚੜਿਯੋ ਰਾਛਸੇਸੰ॥ ਰਚੇ ਚਾਰ ਅਨੇਸੰ॥ ਬਲੀ ਚਾਮਰੇਵੰ॥ ਹਠੀ ਚਿੱਛਰੇਵੰ॥ ੧੦॥**

ਦੈਂਤਾਂ ਦਾ ਰਾਜਾ ਮਹਿਖਾਸੁਰ ਜੰਗ ਲਈ ਤਿਆਰ ਹੋਇਆ। ਉਸਨੇ ਆਪਣੀ ਸੈਨਾ ਦੇ ਚਾਰ ਸੈਨਾਪਤੀ ਬਣਾਏ ਇਕ 'ਚਮਰਦੇਵ' ਸੂਰਮਾ ਤੇ ਦੂਜਾ ਮਹਾਨ ਯੋਧਾ 'ਚਿੱਛੁਰਦੇਵ'॥੧੦॥

**ਬਿੜਾਲੱਛ ਬੀਰੰ॥ ਚੜੇ ਬੀਰ ਧੀਰੰ॥ ਬਡੇ ਇੱਖੁ ਧਾਰੀ॥ ਘਟਾ ਜਾਨ ਕਾਰੀ॥ ੧੧॥**

ਤੀਜਾ ਸੈਨਾਪਤੀ ਬੜਾ ਬਹਾਦਰ 'ਬਿੜਾਲੱਛ' ਥਾਪਿਆ। ਇਹ ਬੜੇ ਧੀਰਜਵਾਨ ਯੋਧੇ ਜੰਗ ਕਰਨ ਲਈ ਚੜ੍ਹੇ। ਸ਼ੜੇ ਬੜੇ ਧਨੁਖਧਾਰੀ ਸੂਰਮੇ ਇਉਂ ਚੜ੍ਹਾਈ ਕਰਕੇ ਰਣਭੂਮੀ ਵਲ ਚਲੇ, ਜਿਵੇਂ ਅਕਾਸ਼ ਤੇ ਕਾਲੀਆਂ ਘਟਾਂ ਚੜ੍ਹਦੀਆਂ ਸਨ॥੧੧॥

**ਦੋਹਰਾ॥ ਬਾਣਿ ਜਿਤੇ ਰਾਛਸਨਿ ਮਿਲਿ ਛਾਡਤ ਭਏ ਅਪਾਰ॥**
**ਫੂਲ਼ਮਾਲ ਹ੍ਵੈ ਮਾਤ ਉਰ ਸੋਭੇ ਸਭੇ ਸੁ ਧਾਰ ੧੨॥**

ਸਾਰੇ ਦੈਂਤਾਂ ਨੇ ਇਕੱਠੇ ਹੋ ਕੇ ਜਿੰਨੇ ਤੀਰ ਦੇਵੀ ਦੁਰਗਾ ਨੂੰ ਮਾਰੇ, ਉਹ ਸਾਰੇ ਇਉਂ ਪ੍ਰਤੀਤ ਹੋ ਰਹੇ ਸਨ, ਜਿਵੇਂ ਫੁਲਾਂ ਦੇ ਹਾਰ ਦੇਵੀ ਦੇ ਗਲ ਵਿਚ ਪਏ ਸ਼ੋਭ ਰਹੇ ਸਨ॥੧੨॥

## *ਭੁਜੰਗ ਪ੍ਰਯਾਤ ਛੰਦ॥*

**ਜਿਤੇ ਦਾਨਵੇਂ ਬਾਨ ਪਾਨੀ ਚਲਾਏ॥ ਤਿਤੇ ਦੇਵਤਾ ਆਪ ਕਾਟੇ ਬਚਾਏ॥**
**ਕਿਤੇ ਢਾਲ ਢਾਹੇ ਕਿਤੇ ਪਾਸ ਪੇਲੇ॥ ਭਰੇ ਬਸਤ੍ਰ ਲੋਹੂ ਜਨੋ ਫਾਗ ਖੇਲੇ॥ ੧੩॥**

ਦੈਂਤਾਂ ਨੇ ਜਿੰਨੇ ਵੀ ਤੀਰ ਆਪਣੇ ਹੱਥਾਂ ਨਾਲ ਚਲਾਏ, ਉਹ ਸਾਰੇ ਦੁਰਗਾ ਨੇ ਕੱਟ ਦਿੱਤੇ ਤੇ ਆਪਣਾ ਆਪ ਬਚਾ ਲਿਆ। ਦੇਵੀ ਨੇ ਕਈਆਂ ਦੈਂਤਾਂ ਨੂੰ ਢਾਲ ਮਾਰਕੇ ਸੁੱਟ ਦਿੱਤਾ ਤੇ ਕਈਆਂ ਨੂੰ ਫਾਹੀ ਵਿਚ ਫਸਾਕੇ ਮਾਰ ਦਿੱਤਾ। ਸੂਰਮਿਆਂ ਦੇ ਕੱਪੜੇ ਲਹੂ ਨਾਲ ਲਿਬੜੇ ਇਉਂ ਦਿੱਸ ਰਹੇ ਸਨ ਜਿਵੇਂ ਹੋਲੀ ਖੇਡਕੇ ਆਏ ਹੋਣ॥੧੩॥

**ਦੁਰਗਾ ਹੂੰ ਕੀਯੰ ਖੇਤ ਧੁੰਕੇ ਨਗਾਰੇ॥ ਕਰੰ ਪਟਿਸੰ ਪਰਘ ਪਾਸੀ ਸੰਭਾਰੇ॥**
**ਤਹਾਂ ਗੋਫਨੈ ਗੁਰਜ ਗੋਲੇ ਸੰਭਾਰੇ॥ ਹਠੀ ਮਾਰਹੀ ਮਾਰ ਕੈ ਕੈ ਪੁਕਾਰੇ॥ ੧੪॥**

ਪਦ ਅਰਥ - ਧੁੱਕੇ=ਵੱਜੇ। ਪਟਿਸੰ=ਪਟੇ। ਪਰਘ=ਕੁਹਾੜਾ। ਗੋਫਨੈ=ਗੋਪੀਏ।

ਨਗਾਰੇ ਵਜਾਕੇ ਦੁਰਗਾ ਨੇ ਜੰਗ ਸ਼ੁਰੂ ਕਰ ਦਿੱਤਾ। ਸੂਰਮਿਆਂ ਨੇ ਆਪਣਿਆਂ ਹੱਥਾਂ ਵਿਚ ਗੋਪੀਆ ਸੀ, ਕਿਸੇ ਪਟੇ, ਕੁਹਾੜੇ ਤੇ ਫਾਹੀਆ ਫੜੀਆਂ ਹੋਈਆਂ ਸਨ। ਕਿਸੇ ਸੂਰਮੇ ਨੇ ਹੱਥ ਵਿਚ

ਦੇ ਹੱਥ ਵਿਚ ਗੁਰਜ ਸੀ ਤੇ ਕਿਸੇ ਨੇ ਗੋਲੇ ਫੜੇ ਹੋਏ ਸਨ। ਬੜੇ ਹਠੀਲ ਯੋਧੇ 'ਮਾਰ ਲੌ-ਮਾਰ ਲੌ' ਦਾ ਰੌਲਾ ਗੌਲਾ ਪਾ ਰਹੇ ਸਨ॥੧੪॥

**ਤਬੈ ਅਸ਼ਟ ਅਸ਼ਟਾ ਹਥਿਆਰੰ ਸੰਭਾਰੇ॥ ਸਿਰੰ ਦਾਨ ਵੇਂਦ੍ਰਾਨ ਕੇ ਤਾਕਿ ਝਾਰੇ॥**
**ਬੱਬਕਜੋ ਬਲੀ ਸਿੰਘ ਜੁੱਧੰ ਮਝਾਰੰ॥ ਕਰੇ ਖੰਡ ਖੰਡੰ ਸੁ ਜੋਧਾ ਅਪਾਰੰ॥ ੧੫॥**

ਤਦੋਂ ਅਸ਼ਟਭੁਜੀ ਦੇਵੀ ਦੁਰਗਾ ਨੇ ਆਪਣੇ ਅੱਠਾਂ ਹੱਥਾਂ ਵਿਚ ਅੱਠਾਂ ਤਰ੍ਹਾਂ ਦੇ ਸ਼ਸਤਰ ਫੜ ਲਏ। ਉਸ ਨੇ ਉਹ ਸ਼ਸਤਰ ਦੈਂਤਾਂ ਦੇ ਰਾਜੇ ਮਹਿਖਾਸੁਰ ਦਾ ਨਿਸ਼ਾਨਾ ਬੰਨ੍ਹਕੇ ਚਲਾ ਦਿੱਤੇ। ਦੁਰਗਾ ਦਾ ਬਹਾਦਰ ਸ਼ੇਰ ਰਣਭੂਮੀ ਵਿਚ ਗਰਜਿਆ। ਉਸ ਨੇ ਅਨੇਕਾਂ ਸੂਰਮਿਆਂ ਨੂੰ ਟੁਕੜੇ ਟੁਕੜੇ ਕਰ ਦਿੱਤਾ॥੧੫॥

## *ਤੋਟਕ ਛੰਦ॥*

**ਤਬ ਦਾਨਵ ਰੋਸ ਭਰੇ ਸਭ ਹੀ॥ ਜਗਮਾਤਿ ਕੇ ਬਾਨ ਲਗੇ ਜਬ ਹੀ॥**
**ਬਿਬਿਧਾਯੁਧੁ ਲੈ ਸੁ ਬਲੀ ਹਰਖੇ॥ ਘਨ ਬੂੰਦਨ ਜਜੋਂ ਬਿਸਖੰ ਬਰਖੇ॥ ੧੬॥**

ਜਦੋਂ ਜਗਤ ਮਾਤਾ ਦੁਰਗਾ ਦੇ ਬਾਣ ਦੈਂਤਾਂ ਨੂੰ ਲੱਗੇ ਤਾਂ ਸਾਰੇ ਦੈਂਤ ਬੜੇ ਕਰੋਧ ਨਾਲ ਭਰ ਗਏ। ਉਹ ਸੂਰਮੇ ਦੈਂਤ ਕਈ ਤਰ੍ਹਾਂ ਦੇ ਸ਼ਸਤਰ ਫੜਕੇ ਬੜੇ ਉਤਸ਼ਾਹ ਨਾਲ ਜੰਗ ਕਰਨ ਲੱਗੇ ਤੇ ਬੱਦਲ ਦੀਆਂ ਬੂੰਦਾਂ ਵਾਂਗੂੰ ਬੜੇ ਤਿਖੇ ਤੀਰ ਛੱਡਣ ਲੱਗੇ॥੧੬॥

**ਜਨੁ ਘੋਰ ਕੈ ਸਿਆਮ ਘਟਾ ਘੁਮਡੀ॥ ਅਸੁਰੇਸ ਅਨੀਕਨਿ ਤਜੋ ਉਮਡੀ॥**
**ਜਗ ਮਾਤ ਬਿਰੂਥਨਿ ਮੋਂ ਧਸਿਕੈ॥ ਧਨੁ ਸਾਇਕ ਹਾਥ ਗਹਿਯੋ ਹਸਿਕੈ॥ ੧੭॥**

ਜਿਵੇਂ ਸਾਵਣ ਮਹੀਨੇ ਵਿਚ ਬੜੀਆਂ ਕਾਲੀਆਂ ਘਟਾਂ ਗਰਜਦੀਆਂ ਹੋਈਆਂ ਆਉਂਦੀਆਂ ਸਨ, ਇਸੇ ਤਰ੍ਹਾਂ ਦੈਂਤ ਰਾਜ ਮਹਿਖਾਸੁਰ ਦੀਆਂ ਫੌਜਾਂ ਮੈਦਾਨ ਵਿਚ ਆ ਗਈਆਂ। ਜਗਤ ਮਾਤਾ ਦੁਰਗਾ ਫੌਜਾਂ ਵਿਚ ਜਾ ਧਸੀ ਤੇ ਉਸ ਨੇ ਹਸਦਿਆਂ ਹੋਇਆਂ ਆਪਣੇ ਹੱਥਾਂ ਵਿਚ ਤੀਰ ਕਮਾਨ ਫੜ ਲਿਆ॥੧੭॥

**ਰਣ ਕੁੰਜਰ ਪੁੰਜ ਗਿਰਾਇ ਦੀਏ॥ ਇਕ ਖੰਡ ਅਖੰਡ ਦੁਖੰਡ ਕੀਏ॥**
**ਸਿਰ ਏਕਨਿ ਚੋਟ ਨਿਫੋਟ ਬਹੀ॥ ਤਰਵਾ ਤਰ ਹ੍ਵੈ ਤਰਵਾਰ ਰਹੀ॥ ੧੮॥**

ਦੁਰਗਾ ਨੇ ਤੀਰ ਮਾਰ ਮਾਰ ਕੇ ਹਾਥੀਆਂ ਦੇ ਝੁੰਡਾਂ ਦੇ ਝੁੰਡ ਧਰਤੀ ਤੇ ਸੁੱਟ ਦਿੱਤੇ। ਅਖੰਡ ਸਰੀਰਾਂ ਦੇ ਇਕ ਤੋਂ ਦੋ ਟੁਕੜੇ ਕਰ ਦਿੱਤੇ। ਕਈਆਂ ਸੂਰਮਿਆਂ ਦੇ ਸਿਰਾਂ ਤੇ ਐਡੀ ਕਰਾਰੀ ਚੋਟ ਕੀਤੀ ਕਿ ਉਨ੍ਹਾਂ ਦੇ ਸਿਰਾਂ ਤੇ ਸਰੀਰਾਂ ਨੂੰ ਚੀਰਕੇ ਤਲਵਾਰ ਪੈਰਾਂ ਦੀ ਤਲੀ ਦੇ ਹੇਠੋਂ ਨਿਕਲ ਗਈ॥੧੮॥

**ਤਨ ਝੱਝਰ ਹ੍ਵੈ ਰਣ ਭੂਮ ਗਿਰੇ॥ ਇਕ ਭਾਜ ਚਲੇ ਫਿਰਕੈ ਨ ਫਿਰੇ॥**
**ਇਕਿ ਹਾਥ ਹਥਿਆਰ ਲੈ ਆਨ ਬਹੇ॥ ਲਰਿ ਕੈ ਮਰਿ ਕੈ ਗਿਰਿ ਖੇਤ ਰਹੇ॥ ੧੯॥**

ਕਈਆਂ ਦੈਂਤਾਂ ਦੇ ਸਰੀਰ ਜ਼ਰ ਜਰਾ ਹੋ ਕੇ ਮੈਦਾਨ ਵਿਚ ਡਿੱਗ ਪਏ। ਕਈ ਰਣਭੂਮੀ ਵਿਚੋਂ ਭੱਜ ਗਏ ਤੇ ਉਹ ਮੁੜਕੇ ਫੇਰ ਮੈਦਾਨ ਵਿਚ ਨਾ ਆਏ। ਕਈ ਜੰਗ ਤੋਂ ਡਰਦੇ ਲੈ ਕੇ ਰਣਭੂਮੀ ਵਿਚ ਆ ਪਹੁੰਚੇ ਤੇ ਉਹ ਲੜਦੇ ਮਰ ਕੇ ਜੁੱਧ ਦੇ ਮੈਦਾਨ ਵਿਚ ਹੀ ਮਰ ਗਏ॥੧੯॥ ਕਈ ਸੂਰਮੇ ਹੱਥ ਵਿਚ ਸ਼ਸਤਰ

## ਨਰਾਜ ਛੰਦ॥

ਤਹਾਂ ਸੁ ਦੈਤ ਰਾਜਯੰ॥ ਸਜੇ ਸੁ ਸਰਬ ਸਾਜਯੰ॥
ਤੁਰੰਗ ਆਪ ਬਾਹੀਯੰ॥ ਬਧੰ ਸੁ ਮਾਤ ਚਾਹੀਯੰ॥੨੦॥

ਦੈਂਤ ਰਾਜ ਮਹਿਖਾਸੁਰ ਨੇ ਜੰਗ ਦਾ ਸਾਰਾ ਸਮਾਨ ਆਪਣੇ ਸਰੀਰ ਤੇ ਸਜਾਇਆ।ਉਹ ਮਾਤਾ ਦੁਰਗਾ ਨੂੰ ਮਾਰਨ ਵਾਸਤੇ ਘੋੜਾ ਦੁੜਾਕੇ ਅਗੇ ਵਧਿਆ॥੨੦॥

ਤਬੈ ਦ੍ਰੁਗਾ ਬਕਾਰਿਕੈ॥ ਕਮਾਣ ਬਾਣ ਧਾਰਿਕੈ॥
ਸੁ ਘਾਵ ਚਾਮਰੰ ਕੀਯੋ॥ ਉਤਾਰ ਹਸਤ ਤੇਂ ਦੀਯੋ॥੨੧॥

ਤਦੋਂ ਦੁਰਗਾ ਨੇ ਲਲਕਾਰਾ ਮਾਰ ਕੇ ਤੀਰ ਚਲਾਏ। ਦੈਂਤਾਂ ਦੇ ਸੈਨਾਪਤੀ ਨੂੰ ਜ਼ਖਮੀ ਕਰਕੇ ਹਾਥੀ ਤੋਂ ਹੇਠਾਂ ਸੁੱਟ ਦਿੱਤਾ॥੨੧॥

## ਭੁਜੰਗ ਪ੍ਰਯਾਤ ਛੰਦ॥

ਤਬੈ ਬੀਰ ਕੋਪੰ ਬਿੜਾਲਾਛ ਨਾਮੰ॥ ਸਜੇ ਸ਼ਸਤਰ ਦੇਹੰ ਚਲੇ ਜੁੱਧ ਧਾਮੰ॥
ਸਿਰੰ ਸਿੰਘ ਕੇ ਆਨ ਘਾਯੰ ਪ੍ਰਹਾਰੰ॥ ਬਲੀ ਸਿੰਘ ਸੋ ਹਾਥ ਸੋ ਮਾਰਿ ਡਾਰੰ॥੨੨॥

ਤਦੋਂ ਬਿੜਾਲਾਛ ਨਾਮ ਦਾ ਦੈਂਤ ਬੜੇ ਕਰੋਧ ਵਿਚ ਆ ਕੇ ਸ਼ਸਤਰ ਸਜਾ ਕੇ ਰਣਭੂਮੀ ਵਲ ਤੁਰ ਪਿਆ। ਉਸ ਨੇ ਜੰਗ ਵਿਚ ਆਉਂਦਿਆਂ ਹੀ ਇਕ ਬੜਾ ਤਕੜਾ ਵਾਰ ਕਰਕੇ ਦੁਰਗਾ ਦੇ ਸ਼ੇਰ ਨੂੰ ਘਾਇਲ ਕਰ ਦਿੱਤਾ। ਜ਼ਖਮੀ ਹੋਏ ਸ਼ੇਰ ਨੇ ਇਕੋ ਪੰਜਾ ਮਾਰਕੇ ਦੈਂਤ ਨੂੰ ਖਤਮ ਕਰ ਦਿੱਤਾ॥੨੨॥

ਬਿੜਾਲਾਛ ਮਾਰੇ ਸੁ ਪਿੰਗਾਛ ਧਾਏ॥ ਦ੍ਰੁਗਾ ਸਾਮੁਹੇ ਬੋਲ ਬਾਂਕੇ ਸੁਨਾਏ॥
ਕਰੀ ਅੱਭ੍ਰਿ ਜਜੋਂ ਗਰਜ ਕੈ ਬਾਣ ਬਰਖੰ॥ ਮਹਾਂ ਸੂਰਬੀਰੰ ਭਰੇ ਜੁੱਧ ਹਰਖੰ॥੨੩॥

ਜਦੋਂ ਬਿੜਾਲਾਛ ਦੈਂਤ ਨੂੰ ਸ਼ੇਰ ਨੇ ਮਾਰ ਦਿੱਤਾ ਤਾਂ ਫਿਰ ਪਿੰਗਾਛ ਨਾਂ ਦਾ ਦੈਂਤ ਭੱਜਕੇ ਮੈਦਾਨ ਵਿਚ ਆ ਗਿਆ। ਦੁਰਗਾ ਦੇ ਸਾਹਮਣੇ ਆ ਕੇ ਉਸ ਨੂੰ ਬੜੇ ਸੋਹਣੇ ਬਚਨਾਂ ਨਾਲ ਲੜਨ ਲਈ ਕਿਹਾ। ਉਹ ਬਹਾਦਰ ਯੋਧਾ ਉਤਸ਼ਾਹ ਨਾਲ ਭਰ ਗਿਆ ਤੇ ਉਸ ਨੇ ਬੱਦਲਾਂ ਵਾਂਗੂੰ ਤੀਰ ਵਰਸਾਏ॥੨੩॥

ਤਬੈ ਦੇਵੀਅੰ ਪਾਣ ਬਾਣੰ ਸੰਭਾਰੰ॥ ਸਨਜੋ ਦੁਸ਼ਟ ਕੇ ਘਾਇ ਸੀਸੰ ਮਝਾਰੰ॥

**ਗਿਰਜੋ ਝੂਮ ਭੂਮੰ ਗਏ ਪ੍ਰਾਣ ਛੁੱਟੰ॥ ਮਨੋ ਮੇਰੁ ਕੋ ਸਾਤਵੋ ਸ੍ਰਿੰਗ ਟੁੱਟੰ॥ ੨੪॥**

ਤਦ ਦੇਵੀ ਦੁਰਗਾ ਨੇ ਆਪਣੇ ਹੱਥਾਂ ਵਿਚ ਤੀਰ ਕਮਾਨ ਫੜਕੇ ਉਸ ਦੈਂਤ ਨੂੰ ਮਾਰ ਦਿੱਤਾ। ਉਹ ਭੁਆਂਟਣੀਆਂ ਖਾਂਦਾ ਹੋਇਆ ਧਰਤੀ ਤੇ ਮੁਰਦਾ ਹੋ ਕੇ ਡਿੱਗ ਪਿਆ। ਉਹ ਧਰਤੀ ਤੇ ਡਿੱਗਾ ਇਉਂ ਪ੍ਰਤੀਤ ਹੋ ਰਿਹਾ ਸੀ ਜਿਵੇਂ ਸੁਮੇਰ ਪਰਬਤ ਦੀ ਸਤਵੀਂ ਚੋਟੀ ਡਿੱਗੀ ਪਈ ਹੋਵੇ॥ ੨੪॥

**ਗਿਰੇ ਬੀਰ ਪਿੰਗਾਛ ਦੇਬੀ ਸੰਘਾਰੇ॥ ਚਲੇ ਅਉਰੁ ਬੀਰੰ ਹਥਜਾਰੰ ਉਘਾਰੇ॥**
**ਤਬੈ ਰੋਸ ਦੇਬਿਯੰ ਸਰੋਘੰ ਚਲਾਏ॥ ਬਿਨਾ ਪ੍ਰਾਨ ਕੈ ਜੁੱਧ ਮੱਧੰ ਗਿਰਾਏ॥ ੨੫॥**

ਜਦੋਂ ਦੇਵੀ ਦੁਰਗਾ ਨੇ ਬਹਾਦਰ ਪਿੰਗਾਛ ਨੂੰ ਮਾਰ ਦਿੱਤਾ ਤਾਂ ਫਿਰ ਹੋਰ ਦੈਂਤ ਸ਼ਸਤਰ ਫੜਕੇ ਜੰਗ ਕਰਨ ਲਈ ਰਣਭੂਮੀ ਵਿਚ ਆ ਗਏ। ਦੇਵੀ ਨੇ ਹੋਰ ਦੈਂਤਾਂ ਨੂੰ ਮੈਦਾਨ ਵਿਚ ਆਇਆ ਵੇਖਕੇ ਬੜੇ ਕਰੋਧ ਨਾਲ ਤੀਰ ਚਲਾਏ। ਇਨ੍ਹਾਂ ਤੀਰਾਂ ਨੇ ਬਹੁਤ ਸਾਰੇ ਦੈਂਤਾਂ ਨੂੰ ਪ੍ਰਾਨ-ਹੀਨ ਕਰਕੇ ਰਣਭੂਮੀ ਵਿਚ ਸੁੱਟ ਦਿੱਤਾ॥ ੨੫॥

**ਚੌਪਈ॥ ਜੇ ਜੇ ਸ਼ੱਤ੍ਰ ਸਾਮੁਹੇ ਆਏ॥ ਸਭੈ ਦੇਵਤਾ ਮਾਰਿ ਗਿਰਾਏ॥**
**ਸੈਨਾ ਸਕਲ ਜਬੈ ਹਨਿ ਡਾਰੀ॥ ਆਸੁਰੇਸ ਕੋਪਾ ਅਹੰਕਾਰੀ॥ ੨੬॥**

ਜਿਹੜਾ ਵੈਰੀ ਵੀ ਦੁਰਗਾ ਦੇ ਸਾਹਮਣੇ ਆਇਆ, ਉਸੇ ਨੂੰ ਹੀ ਦੇਵੀ ਨੇ ਮਾਰਕੇ ਧਰਤੀ ਤੇ ਸੁੱਟ ਦਿੱਤਾ। ਜਦੋਂ ਦੇਵੀ ਨੇ ਦੈਂਤਾਂ ਦੀ ਸਾਰੀ ਸੈਨਾ ਮਾਰ ਦਿੱਤੀ ਤਾਂ ਇਹ ਵੇਖਕੇ ਅੰਹਕਾਰੀ ਦੈਂਤ ਰਾਜਾ ਬਹੁਤ ਕਰੋਧ ਵਿਚ ਆਇਆ॥ ੨੬॥

**ਆਪ ਜੁੱਧ ਤਬ ਕੀਆ ਭਵਾਨੀ॥ ਚੁਨ ਚੁਨ ਹਨੇ ਪਖਰੀਆ ਬਾਨੀ॥**
**ਕ੍ਰੋਧ ਜ੍ਵਾਲ ਮਸਤਕ ਤੇ ਬਿਗਸੀ॥ ਤਾ ਤੇ ਆਪ ਕਾਲਕਾ ਨਿਕਸੀ॥ ੨੭॥**

ਪਦ ਅਰਥ - ਪਖਰੀਆਂ ਬਾਨੀ=ਸੰਜੋਆਂ ਪਹਿਨਣ ਵਾਲੇ ਸੂਰਮੇ।

ਕਰੋਧਵਾਨ ਹੋਏ ਦੈਂਤਾਂ ਦੇ ਰਾਜੇ ਮਹਿਖਾਸੁਰ ਨੇ ਦੁਰਗਾ ਨਾਲ ਆਪ ਜੰਗ ਕੀਤਾ। ਦੇਵੀ ਨੇ ਬੜੇ ਬੜੇ ਸੰਜੋਆਧਾਰੀ ਸੂਰਮਿਆਂ ਨੂੰ ਚੁਣ ਚੁਣ ਕੇ ਮਾਰਿਆ। ਦੁਰਗਾ ਦੇ ਮੱਥੇ ਵਿਚੋਂ ਕਰੋਧ ਦੀ ਅਗਨੀ ਨਿਕਲੀ, ਜਿਸ ਵਿਚੋਂ ਕਾਲਕਾ ਪ੍ਰਗਟ ਹੋ ਕੇ ਮੈਦਾਨ ਵਿਚ ਆ ਗਈ॥ ੨੭॥

## ਮਧੁਭਾਰ ਛੰਦ॥

**ਮੁਖ ਬਮਤ ਜ੍ਵਾਲ॥ ਨਿਕਸੀ ਕਪਾਲ॥ ਮਾਰੇ ਗਜੇਸ॥ ਛੁੱਟੇ ਹੈਏਸ॥ ੨੮॥**

ਦੇਵੀ ਦੇ ਮੱਥੇ ਵਿਚੋਂ ਜਿਹੜੀ ਕਾਲਕਾ ਨਿਕਲੀ, ਓਹ ਮੂੰਹ ਵਿਚੋਂ ਅੱਗ ਉਗਲ ਰਹੀ ਸੀ। ਉਸ ਕਾਲਕਾ ਨੇ ਹਾਥੀ ਸਵਾਰ ਸੂਰਮਿਆਂ ਤੇ ਘੋੜ-ਸਵਾਰ ਯੋਧਿਆਂ ਨੂੰ ਮਾਰ ਦਿੱਤਾ॥ ੨੮॥

**ਛੁੱਟੰਤ ਬਾਣ॥ ਝਮਕਤ ਕ੍ਰਿਪਾਣ॥ ਸਾਂਗੰ ਪ੍ਰਹਾਰ॥ ਖੇਲਤ ਧਮਾਰ॥ ੨੯॥**

ਸੂਰਮੇ ਤੀਰ ਚਲਾਉਂਦੇ ਸਨ, ਤਲਵਾਰਾਂ ਚਮਕਾਉਂਦੇ ਸਨ ਤੇ ਬਰਛੀਆਂ ਦੇ ਵਾਰ ਕਰਦੇ ਸਨ। ਇਸ ਤਰ੍ਹਾਂ ਪ੍ਰਤੀਤ ਹੋ ਰਿਹਾ ਸੀ, ਜਿਵੇਂ ਸੂਰਮੇ ਧਮਾਲਾਂ ਪਾ ਰਹੇ ਹੋਣ॥ ੨੯॥

**ਬਾਹੈਂ ਨਿਸ਼ੰਗ॥ ਉੱਠੈਂ ਝੜੰਗ॥ ਤੁੱਪਕ ਤੜਾਕ॥ ਉੱਠਤ.ਕੜਾਕ॥ ੩੦॥**

ਸੂਰਮੇ ਬੜੇ ਨਿਸ਼ੰਗ ਹੋ ਕੇ ਸ਼ਸਤਰ ਚਲਾਉਂਦੇ ਸਨ। ਸ਼ਸਤਰਾਂ ਦੇ ਚਲਣ ਦੀਆਂ ਆਵਾਜ਼ਾਂ ਹੋ ਰਹੀਆਂ ਸਨ।

ਬੰਦੂਕਾਂ ਚਲਣ ਨਾਲ ਤੜ ਤੜ ਦਾ ਸ਼ਬਦ ਹੁੰਦਾ ਸੀ ਤੇ ਜਵਾਨਾਂ ਨੂੰ ਗੋਲੀਆਂ ਲੱਗਣ ਨਾਲ ਕਾੜ ਕਾੜ ਦੀ ਆਵਾਜ਼ ਉਠਦੀ ਸੀ॥ ੩੦॥

**ਬਬਕੰਤ ਮਾਇ॥ ਭਭਕੰਤ ਘਾਇ॥ ਜੁੱਝੇ ਜੁਆਣ॥ ਨੱਚੇ ਕਿਕਾਣ॥ ੩੧॥**

ਮਾਤਾ ਦੁਰਗਾ ਦੈਂਤਾਂ ਨੂੰ ਲਲਕਾਰਦੀ ਸੀ। ਜ਼ਖਮੀਆਂ ਦੇ ਅੰਗਾਂ ਵਿਚੋਂ ਭੱਕ ਭੱਕ ਕਰਕੇ ਲਹੂ ਨਿਕਲਦਾ ਸੀ ਸੂਰਮੇ ਬੜੇ ਜੋਸ਼ ਨਾਲ ਲੜਦੇ ਸਨ ਤੇ ਘੋੜੇ ਨਚਦੇ ਸਨ॥ ੩੧॥

## *ਰੂਆਮਲ ਛੰਦ॥*

**ਧਾਇਯੋ ਅਸੁਰੇਂਦ੍ਰ ਤੱਹ ਨਿਜ ਕੋਪ ਓਪ ਬਢਾਇ॥**
**ਸੰਗ ਲੈ ਚਤੁਰੰਗ ਸੈਨਾ ਸੁੱਧ ਸ਼ਸਤਰ ਨਚਾਇ॥**
**ਦੇਬਿ ਸ਼ਸਤ੍ਰ ਲਗੈ ਗਿਰੇ ਰਣ ਰੁੱਝਿ ਜੁੱਝਿ ਜੁਆਣ॥**
**ਪੀਲ ਰਾਜ ਫਿਰੇ ਕਹੂੰ ਰਣ ਸੁੱਛ ਛੁੱਛ ਕਿਕਾਣ॥ ੩੨॥**

ਤਦ ਦੈਂਤ ਰਾਜ ਮਹਿਖਾਸੁਰ ਨੇ ਬੜੇ ਕਰੋਧ ਨਾਲ ਦੁਰਗਾ ਤੇ ਹੱਲਾ ਕੀਤਾ। ਉਸ ਨੇ ਆਪਣੇ ਨਾਲ ਚਾਰ ਤਰ੍ਹਾਂ ਦੀ ਸੈਨਾ ਲਈ। ਸੈਨਕ ਸ਼ਸਤਰਾਂ ਨੂੰ ਘੁਮਾ ਰਹੇ ਸਨ। ਜਿਨ੍ਹਾਂ ਦੈਂਤਾਂ ਨੂੰ ਦੇਵੀ ਦੇ ਚਲਾਏ ਹੋਏ ਸ਼ਸਤਰ ਲਗਦੇ ਸਨ, ਉਹ ਲੜਦੇ ਮਰਦੇ ਹੋਏ ਧਰਤੀ ਤੇ ਡਿੱਗ ਪੈਂਦੇ ਸਨ। ਮੈਦਾਨ ਵਿਚ ਕਿਸੇ ਪਾਸੇ ਹਾਥੀ ਡਿੱਗੇ ਪਏ ਸਨ, ਕਿਤੇ ਘੋੜੇ ਮੁਰਦਾ ਹੋਏ ਪਏ ਸਨ ਤੇ ਕਿਤੇ ਬੜੇ ਸੁੰਦਰ ਘੋੜੇ ਪ੍ਰਾਨ-ਹੀਨ ਹੋ ਕੇ ਲੇਟੇ ਪਏ ਸਨ॥ ੩੨॥

**ਚੀਰ ਚਾਮਰ ਪੁੰਜ ਕੁੰਜਰ ਬਾਜ ਰਾਜ ਅਨੇਕ॥**
**ਸ਼ਸਤਰ ਅਸਤ੍ਰ ਸੁਭੇ ਕਹੂੰ ਸਰਦਾਰ ਸੁਆਰ ਅਨੇਕ॥**
**ਤੇਗ ਤੀਰ ਤੁਫੰਗ ਤਬਰ ਕੁਹੁਕ ਬਾਨ ਅਨੰਤ॥**
**ਬੇਧਿ ਬੇਧਿ ਗਿਰੇ ਬਰੱਛਿਨ ਸੂਰ ਸੋਭਾਵੰਤ॥ ੩੩॥**

ਅਰਥ - ਰਣਭੂਮੀ ਵਿਚ ਕੀਤੇ ਕੱਪੜੇ, ਚੌਰ, ਅਨੇਕਾਂ ਹਾਥੀ ਤੇ ਘੋੜੇ, ਸ਼ਸਤਰ ਅਸਤਰ ਤੇ ਸੈਨਾ ਦੇ ਸਰਦਾਰ ਸੈਨਾਪਤੀ ਤਲਵਾਰਾਂ, ਤੀਰ, ਬੰਦੂਕਾਂ, ਕੁਹਾੜੇ ਤੇ ਬੇਅੰਤ ਤੱਬਰ ਬਾਣ ਡਿੱਗੇ ਪਏ ਸਨ। ਬੜੇ ਬੜੇ ਸ਼ੋਭਾ ਵਾਲੇ ਸੂਰਮੇ ਬਰਛੀਆਂ ਨਾਲ ਵਿੰਨ੍ਹੇ ਹੋਏ ਮੈਦਾਨ ਵਿਚ ਡਿੱਗੇ ਪਏ ਸਨ॥ ੩੩॥

**ਗ੍ਰਿੱਧ ਬ੍ਰਿੱਧ ਉਡੇ ਤਹਾ ਫਿਕਰੰਤ ਸੁਆਨ ਸਿੰਗ੍ਰਾਲ॥**
**ਮੱਤ ਦੰਤ ਸਪੱਛ ਪੱਬੈ ਕੰਕ ਬੰਕ ਰਸਾਲ॥**
**ਛੁੱਦ੍ਰ ਮੀਨ ਛੁਰੱਧ੍ਰਕਾ ਅਰੁ ਚਰਮ ਕਛਪ ਅਨੰਤ॥**
**ਨੱਕ੍ਰ ਬੱਕ੍ਰ ਸੁਬਰਮ ਸੋਭਿਤ ਸ੍ਰੋਣ ਨੀਰ ਦੁਰੰਤ॥ ੩੪॥**

ਪਦ ਅਰਥ - ਫਿਕਰੰਤ=ਬੋਲਦੇ ਸਨ। ਮੱਤ ਦੰਤ=ਮਸਤ ਹਾਥੀ। ਸਪੱਛ=ਖੰਭਾਂ ਵਾਲੇ। ਕੰਕ=ਇਕ ਮਾਸਾਹਾਰੀ ਪੰਛੀ। ਛੁਦ੍ਰ ਮੀਨ=ਛੋਟੀਆਂ ਮੱਛੀਆਂ। ਨੱਕ੍ਰ=ਤੰਦੂਏ। ਦੁਰੰਤ=ਅਥਾਹ।

ਰਣਭੂਮੀ ਵਿਚ ਵੱਡੀਆਂ ਵੱਡੀਆਂ ਗਿਰਝਾਂ ਉੱਡਦੀਆਂ ਸਨ, ਕੁੱਤੇ ਤੇ ਗਿੱਦੜ ਬੋਲਦੇ ਸਨ। ਮਸਤ ਹਾਥੀ ਖੰਭਾਂ ਵਾਲੇ ਪਹਾੜ ਜਾਪਦੇ ਸਨ, ਉਨ੍ਹਾਂ ਉਤੇ ਜੋ ਕੰਕ ਪੰਛੀ ਬੈਠੇ ਸਨ, ਉਹ ਮਾਨੋ ਤਿਖੀਆਂ ਨੋਕਾਂ ਵਾਲੀ ਦੱਭ ਸੀ। ਛੋਟੀਆਂ ਛੁਰੀਆਂ ਮਾਨੋ ਨਿਕੀਆਂ ਮੱਛੀਆਂ ਸਨ। ਢਾਲਾਂ ਕੱਛੂ ਕੁੰਮੇ ਜਾਪਦੇ ਸਨ। ਸੰਜੋਆਂ ਭਿਆਨਕ ਤੰਦੂਏ ਸ਼ੋਭ ਰਹੇ ਸਨ ਅਤੇ ਜਿਹੜਾ ਲਹੂ ਵਹਿ ਰਿਹਾ ਸੀ, ਇਹ ਬੇਅੰਤ ਪਾਣੀ ਦਾ ਦਰਿਆ ਵਗਦਾ ਸਮਝੋ॥ ੩੪॥

**ਨਵ ਸੂਰ ਨਵਕਾ ਸੇ ਰਥੀ ਅਤਰਥੀ ਜਾਨ ਜਹਾਜ॥**
**ਲਾਦਿ ਲਾਦਿ ਮਨੋ ਚਲੇ ਧਨ ਧੀਰ ਬੀਰ ਸਲਾਜ॥**
**ਮੋਲੁ ਬੀਚ ਫਿਰੈ ਚੁਕਾਤ ਦਲਾਲ ਖੇਤ ਖਤੰਗ॥**
**ਗਾਹਿ ਗਾਹਿ ਫਿਰੇ ਫਵੱਜਨਿ ਝਾਰਿ ਦਿਰਬ ਨਿਖੰਗ॥ ੩੫॥**

ਨਵੇਂ ਸੂਰਮੇ ਮਾਨੋ ਬੇੜੀਆਂ ਸਨ, ਰਥੀ ਬੇੜੇ ਸਨ ਤੇ ਅਤਰਥੀ ਮਾਨੋ ਜਹਾਜ਼ ਸਨ। ਲੱਜਾ ਸਮੇਤ ਯੋਧੇ ਧੀਰਜ ਰੂਪ ਧਨ ਲੱਦ ਲੱਦ ਕੇ ਜਾ ਰਹੇ ਸਨ। ਇਸ ਧੀਰਜ ਰੂਪ ਧਨ ਦਾ ਮੁੱਲ ਕਰਨ ਵਾਲੇ ਦਲਾਲ ਤੀਰ ਸਨ, ਜੋ ਮੈਦਾਨਿ-ਜੰਗ ਵਿਚ ਚਲ ਰਹੇ ਸਨ। ਫੌਜਾਂ ਨੂੰ ਮਾਰ ਮਾਰ ਕੇ ਜੋ ਭੱਥੇ ਖਾਲੀ ਹੋਏ ਸਨ, ਮਾਨੋ ਇਹ ਮੁੱਲ ਤਾਰਿਆ ਗਿਆ ਸੀ॥ ੩੫॥

**ਅੰਗ ਭੰਗ ਗਿਰੇ ਕਹੂੰ ਬਹੁ ਰੰਗ ਰੰਗਿਤ ਬਸਤ੍ਰ॥**
**ਚਰਮ ਬਰਮ ਸੁਭੰ ਕਹੂੰ ਰਣ ਭੂਮ ਸ਼ਸਤਰ ਰੁਅਸਤ੍ਰ॥**
**ਮੁੰਡ ਤੁੰਡ ਧੁਜਾ ਪਤਾਕਾ ਟੂਕ ਟਾਕ ਅਰੇਕ॥**
**ਜੂਝ ਜੂਝ ਪਰੇ ਸਭੈ ਅਰਿ ਬਾਚਿਯੋ ਨਹਿ ਏਕ॥ ੩੬॥**

ਰਣਭੂਮੀ ਵਿਚ ਕਿਤੇ ਕੋਈ ਸੂਰਮਾ ਅੰਗਹੀਨ ਹੋਇਆ ਡਿੱਗਾ ਪਿਆ ਸੀ ਤੇ ਉਸ ਦੇ ਕੱਪੜੇ ਲਹੂ ਨਾਲ ਰੰਗੇ ਪਏ ਸਨ। ਮੈਦਾਨਿ-ਜੰਗ ਵਿਚ ਕਿਸੇ ਪਾਸੇ ਢਾਲਾਂ, ਸੰਜੋਆਂ, ਸ਼ਸਤਰ ਤੇ ਅਸਤਰ ਪਏ ਸ਼ੋਭ ਰਹੇ ਸਨ। ਕਿਤੇ ਸਿਰ, ਕਿਤੇ ਮੂੰਹ, ਕਿਤੇ ਝੰਡਾ ਤੇ ਕਿਸੇ ਪਾਸੇ ਝੰਡੀਆਂ ਟੁੱਕੜੇ ਟੁੱਕੜੇ ਹੋਏ ਡਿੱਗੀਆਂ ਪਈਆਂ ਸਨ। ਸਾਰੇ ਵੈਰੀ ਲੜ ਲੜ ਕੇ ਮੈਦਾਨਿ-ਜੰਗ ਵਿਚ ਪਏ ਹੋਏ ਸਨ। ਉਨ੍ਹਾਂ ਵਿਚੋਂ ਇਕ ਵੀ ਜਿਉਂਦਾ ਨਹੀਂ ਬਚਿਆ ਸੀ॥ ੩੬॥

**ਕੋਪ ਕੈ ਮਹਿਖੇਸ ਦਾਨੋ ਧਾਇਯੋ 'ਤਿਹ ਕਾਲ॥**
**ਅਸਤ੍ਰ ਸ਼ਸਤਰ ਸੰਭਾਰ ਸੂਰੋ ਰੂਪ ਕੈ ਬਿਕਰਾਲ॥**
**ਕਾਲ ਪਾਣ ਕ੍ਰਿਪਾਣ ਲੈ ਤਿਹ ਮਾਰਿਯੋ ਤਤਕਾਲ॥**
**ਜੋਤਿ ਜੋਤਿ ਬਿਖੈ ਮਿਲੀ ਤਜ ਬ੍ਰਹਮ ਰੰਧ੍ਰ ਉਤਾਲ॥ ੩੭॥**

ਪਦ ਅਰਥ - ਬ੍ਰਹਮਰੰਧ੍ਰ=ਦਸਮ ਦੁਆਰ ਦੀ ਇਕ ਜੀਵਨ ਨਾੜੀ।

ਉਸ ਵੇਲੇ ਦੈਂਤਾਂ ਦਾ ਰਾਜਾ ਮਹਿਖਾਸੁਰ ਬੜੇ ਕਰੋਧ ਨਾਲ ਹੱਲਾ ਕਰਕੇ ਆਇਆ। ਉਸ ਨੇ ਸ਼ਸਤਰ ਤੇ ਅਸਤਰ ਫੜੇ ਹੋਏ ਸਨ ਤੇ ਉਸਦਾ ਰੂਪ ਬੜਾ ਡਰਾਉਣਾ ਬਣਿਆਂ ਹੋਇਆ ਸੀ। ਕਾਲਕਾ ਨੇ ਤਲਵਾਰ ਮਾਰ ਕੇ ਉਸ ਨੂੰ ਝਟ ਪਟ ਮਾਰ ਦਿੱਤਾ। ਮਹਿਖਾਸੁਰ ਦੀ ਜੀਵਨ-ਜੋਤ ਦਸਮ ਦਵਾਰ ਦੀ ਨਾੜੀ ਪਾੜਕੇ ਝਟ ਪਟ ਪ੍ਰਭੂ ਦੀ ਜੋਤ ਵਿਚ ਜਾ ਮਿਲੀ॥ ੩੭॥

**ਦੋਹਰਾ॥ ਮਹਿਖਾਸਰ ਕੱਹ ਮਾਰ ਕਰ ਪ੍ਰਫੁੱਲਤ ਭੀ ਜਗ ਮਾਇ॥**
**ਤਾ ਦਿਨ ਤੇ ਮਹਿਖੇ ਬਲੈ ਦੇਤ ਜਗਤ ਸੁਖ ਪਾਇ॥ ੩੮॥**

ਜਗਤ-ਮਾਤਾ ਦੁਰਗਾ ਮਹਿਖਾਸੁਰ ਦੈਂਤ ਨੂੰ ਮਾਰ ਕੇ ਬੜੀ ਪ੍ਰਸੰਨ ਹੋਈ। ਉਸ ਦਿਨ ਤੋਂ ਸੰਸਾਰ ਦੇ ਲੋਕ ਦੁਨਿਆਵੀ ਸੁਖਾਂ ਨੂੰ ਪ੍ਰਾਪਤ ਕਰਨ ਵਾਸਤੇ ਕਾਲਕਾ ਦੇਵੀ ਅਗੇ ਝੋਟੇ ਦੀ ਬਲੀ ਦੇਂਦੇ ਹਨ॥ ੩੮॥

ਇਤਿ ਸ੍ਰੀ ਬਚਿਤ੍ਰ ਨਾਟਕੇ ਚੰਡੀ ਚਰਿਤ੍ਰੇ ਮਹਿਖਾਸੁਰ ਬਧਹ ਪ੍ਰਥਮ ਧਿਆਇ ਸੰਪੂਰਨਮ ਸਤੁ ਸੁਭਮ ਸਤੁ॥ ੧॥ ੩੮॥ ਅਫਜੂੰ॥

ਸ੍ਰੀ ਬਚਿੱਤਰ ਨਾਟਕ ਗ੍ਰੰਥ, ਚੰਡੀ ਚਰਿੱਤਰ, ਮਹਿਖਾਸੁਰ ਦੈਂਤ ਦਾ ਕਤਲ, ਅਧਿਆਏ ਪਹਿਲਾ ਸਮਾਪਤ॥ ਸਤ ਸ਼ੁਭਮ ਸਤ॥ ੧॥ ੩੮॥ ਚਲਦਾ॥

# ਅਧਿਆਇ ਦੂਸਰਾ

## ਧੂਮਰ ਨੈਨ ਯੁੱਧ ਵਰਣਨ

### ਕੁਲਕ ਛੰਦ॥

**ਦੇਵਿਸ ਤਬ ਗਾਜਿਯ॥ ਅਨਹਦ ਬਾਜਿਯ॥ ਭਈ ਬਧਾਈ॥ ਸਭ ਸੁਖਦਾਈ॥ ੧॥ ੩੯॥**

ਤਦੋਂ ਦੇਵੀ ਦੁਰਗਾ ਗੱਜੀ। ਇਕ ਰਸ ਧੌਂਸੇ ਵੱਜੇ। ਸਭਨਾਂ ਨੂੰ ਸੁਖ ਦੇਣ ਵਾਲੀ ਖੁਸ਼ੀ ਹੋਈ॥ ੧॥ ੩੯॥

**ਦੁੰਦਭ ਬਾਜੇ॥ ਸਭ ਸੁਰ ਗਾਜੇ॥ ਕਰਤ ਬਡਾਈ॥ ਸੁਮਨ ਬ੍ਰਖਾਈ॥ ੨॥ ੪੦॥**

ਦੇਵਤੇ ਜਿੱਤ ਦੇ ਧੌਂਸੇ ਵਜਾਉਂਦੇ ਸਨ ਤੇ ਲਲਕਾਰੇ ਮਾਰ ਰਹੇ ਸਨ। ਦੇਵੀ ਦੀ ਵਡਿਆਈ ਕਰਦੇ ਸਨ ਤੇ ਦੇਵੀ ਤੇ ਫੁਲਾਂ ਦੀ ਵਰਖਾ ਕਰ ਰਹੇ ਸਨ॥ ੨॥ ੪੦॥

**ਕੀਨੀ ਬਹੁ ਅਰਚਾ॥ ਜਸ ਧਨੁ ਚਰਚਾ॥ ਪਾਇਨ ਲਾਗੇ॥ ਸਭ ਦੁਖ ਭਾਗੇ॥ ੩॥ ੪੧॥**

ਦੇਵਤਿਆਂ ਨੇ ਦੇਵੀ ਦੀ ਕਈ ਤਰ੍ਹਾਂ ਦੀ ਪੂਜਾ ਕੀਤੀ ਤੇ ਜੈਜੈਕਾਰ ਦੀ ਧੁਨੀ ਕੀਤੀ ਉਹ ਦੇਵੀ ਦੇ ਚਰਨੀਂ ਲੱਗੇ, ਜਿਸ ਕਰਕੇ ਉਨ੍ਹਾਂ ਦੇ ਸਾਰੇ ਦੁਖ ਨਵਿਰਤ ਹੋ ਗਏ॥ ੩॥ ੪੧॥

**ਗਾਏ ਜੈ ਕਰਖਾ॥ ਪੁਹਪਨਿ ਬਰਖਾ॥ ਸੀਸ ਨਿਵਾਏ॥ ਸਭ ਸੁਖ ਪਾਏ॥ ੪॥ ੪੨॥**

ਦੇਵਤਿਆਂ ਨੇ ਦੇਵੀ ਦੀ ਜਿੱਤ ਦੇ ਛੰਦ ਗਾਏ ਤੇ ਫੁਲਾਂ ਦੀ ਵਰਖਾ ਕੀਤੀ। ਉਨ੍ਹਾਂ ਨੇ ਦੇਵੀ ਅਗੇ ਸਿਰ ਨਿਵਾਕੇ ਹਰ ਤਰ੍ਹਾਂ ਦੇ ਸੁਖ ਪ੍ਰਾਪਤ ਕੀਤੇ॥ ੪॥ ੪੨॥

**ਦੋਹਰਾ॥ ਲੋਪ ਚੰਡਕਾ ਜੂ ਭਏ ਦੈ ਦੇਵਨ ਕੋ ਰਾਜੁ॥**
**ਬਹੁਰ ਸੁੰਭ ਨੈਸੁੰਭ ਦ੍ਵੈ ਦੈਤ ਬਡੇ ਸਿਰਤਾਜ॥ ੫॥ ੪੩॥**

ਦੇਵੀ ਦੁਰਗਾ ਦੇਵਤਿਆਂ ਨੂੰ ਰਾਜ ਸੌਂਪਕੇ ਆਪ ਅੰਤਰ-ਧਿਆਨ ਹੋ ਗਈ। ਫੇਰ ਕੁਛ ਸਮੇਂ ਬਾਅਦ ਸੁੰਭ ਤੇ ਨੈਸੁੰਭ ਦੋ ਭਰਾ ਦੈਂਤਾਂ ਦੇ ਰਾਜੇ ਬਣੇ, ਜੋ ਬੜਾ ਜ਼ੋਰ ਫੜ ਗਏ॥ ੫॥ ੪੩॥

**ਚੌਪਈ॥ ਸੁੰਭ ਨਿਸੁੰਭ ਚੜੇ ਲੈਕੈ ਦਲ॥ ਅਰਿ ਅਨੇਕ ਜੀਤੇ ਜਨ ਜਲ ਥਲ॥**
**ਦੇਵ ਰਾਜ ਕੋ ਰਾਜ ਛਿਨਾਵਾ॥ ਸ਼ੇਸ਼ ਮੁਕਟ ਮਨ ਭੇਟ ਪਠਾਵਾ॥ ੬॥ ੪੪॥**

ਦੇਵਤਿਆਂ ਕੋਲੋਂ ਸੁਰਗਪੁਰੀ ਦਾ ਰਾਜ ਖੋਹਣ ਲਈ ਸੁੰਭ ਤੇ ਨਿਸੁੰਭ ਨੇ ਬੜੀ ਭਾਰੀ ਸੈਨਾ ਲੈ ਕੇ ਚੜ੍ਹਾਈ ਕਰ ਦਿੱਤੀ। ਉਨ੍ਹਾਂ ਜਲਾਂ ਤੇ ਥਲਾਂ ਵਿਚ ਵਸਣ ਵਾਲੇ ਅਨੇਕਾਂ ਵੈਰੀਆਂ ਨੂੰ ਜਿੱਤ

ਲਿਆ। ਉਨ੍ਹਾਂ ਨੇ ਦੇਵਤਿਆਂ ਦੇ ਰਾਜੇ ਇੰਦਰ ਦਾ ਰਾਜ ਖੋਹ ਲਿਆ। ਉਨ੍ਹਾਂ ਤੋਂ ਡਰਦਿਆਂ ਸ਼ੇਸ਼ਨਾਗ ਨੇ ਆਪਣੇ ਸਿਰ ਦੀ ਮਣੀ ਉਨ੍ਹਾਂ ਨੂੰ ਭੇਟਾ ਵਜੋਂ ਭੇਜੀ॥ ੬ ॥ ੪੪ ॥

**ਛੀਨ ਲਯੋ ਅਲਕੇਸ ਭੰਡਾਰਾ॥ ਦੇਸ ਦੇਸ ਕੇ ਜੀਤਿ ਨ੍ਰਿਪਾਰਾ॥**
**ਜਹਾਂ ਤਹਾਂ ਕੱਹ ਦੈਤ ਪਠਾਏ॥ ਦੇਸ ਬਿਦੇਸ ਜੀਤ ਫਿਰ ਆਏ॥ ੭ ॥ ੪੫ ॥**

ਪਦ ਅਰਥ - ਅਲਕੇਸ=ਕੁਬੇਰ। ਨ੍ਰਿਪਾਰਾ=ਰਾਜੇ।

ਸੁੰਭ ਨਿਸੁੰਭ ਨੇ ਕੁਬੇਰ ਦਾ ਖਜਾਨਾਂ ਖੋਹ ਲਿਆ ਤੇ ਦੇਸਾਂ ਦੇਸਾਂਤਰਾਂ ਦੇ ਰਾਜਿਆਂ ਨੂੰ ਜਿੱਤ ਲਿਆ, ਉਨ੍ਹਾਂ ਨੇ ਹਰ ਪਾਸੇ ਆਪਣੇ ਦੈਂਤਾਂ ਨੂੰ ਭੇਜ ਦਿੱਤਾ। ਜਿਹੜੇ ਕਿ ਦੇਸਾਂ ਬਦੇਸਾਂ ਦੇ ਰਾਜਿਆਂ ਨੂੰ ਆਪਣੇ ਅਧੀਨ ਕਰਕੇ ਵਾਪਸ ਆ ਗਏ॥ ੭ ॥ ੪੫ ॥

**ਦੋਹਰਾ॥ ਦੇਵ ਸਭੈ ਤ੍ਰਾਸਿਤ ਭਏ ਮਨ ਮੋਂ ਕਿਯੋ ਬਿਚਾਰ॥**
**ਸ਼ਰਨ ਭਵਾਨੀ ਕੀ ਸਭੈ ਭਾਜਿ ਪਰੇ ਨਿਰਧਾਰ॥ ੮ ॥ ੪੬ ॥**

ਸਭ ਦੇਵਤੇ ਦੈਂਤਾਂ ਦੇ ਜ਼ੁਲਮਾਂ ਤੋਂ ਬੜੇ ਭੈਭੀਤ ਹੋਏ ਤੇ ਉਹਨਾਂ ਨੇ ਆਪਣੇ ਮਨ ਵਿਚ ਵਿਚਾਰ ਕੀਤੀ। ਉਹ ਬੇਸਹਾਰਾ ਹੋ ਕੇ ਭੱਜਕੇ ਦੇਵੀ ਦੁਰਗਾ ਦੀ ਸ਼ਰਨੀ ਜਾ ਪਏ॥ ੮ ॥ ੪੬ ॥

**ਨਰਾਜ ਛੰਦ॥ ਸੁ ਤ੍ਰਾਸ ਦੇਵ ਭਾਜੀਅੰ॥ ਬਸੇਖ ਲਾਜ ਲਾਜੀਅੰ॥**
**ਬਿਸਿਖ ਕਾਰਮੰ ਕਸੇ॥ ਸੁ ਦੇਵ ਲੋਕ ਮੋ ਬਸੇ॥ ੯ ॥ ੪੭ ॥**

ਪਦ ਅਰਥ - ਕਾਰਮੰ=ਧਨੁਖ। ਬਿਸਿੱਖ=ਜ਼ਹਿਰੀਲੇ ਤੀਰ।

ਦੇਵਤੇ ਬੜੇ ਸ਼ਰਮਸਾਰ ਹੋ ਕੇ ਦੈਂਤਾਂ ਤੋਂ ਡਰਦੇ ਮਾਰੇ ਭੱਜ ਗਏ। ਉਨ੍ਹਾਂ ਨੇ ਆਪਣੇ ਧਨੁਖਾਂ ਵਿਚ ਬੜੇ ਜ਼ਹਿਰੀਲੇ ਤੀਰ ਕਸੇ ਹੋਏ ਸਨ। ਇਸ ਤਰ੍ਹਾਂ ਉਹ ਦੇਵੀ ਦੁਰਗਾ ਦੇ ਨਿਵਾਸ ਅਸਥਾਨ ਵਿਚ ਜਾ ਵਸੇ॥ ੯ ॥ ੪੭ ॥

**ਤਬੈ ਪ੍ਰਕੋਪ ਦੇਬ ਹ੍ਵੈ॥ ਚਲੀ ਸੁ ਸ਼ਸਤਰ ਅਸਤ੍ਰ ਲੈ॥**
**ਸੁ ਮੁਦ ਪਾਨ ਪਾਨ ਕੈ॥ ਗਜੀ ਕ੍ਰਿਪਾਨ ਪਾਨ ਲੈ॥ ੧੦ ॥ ੪੮ ॥**

ਦੇਵੀ ਨੇ ਜਦੋਂ ਦੇਵਤਿਆਂ ਨੂੰ ਦੁਖੀ ਹੋਇਆ ਵੇਖਿਆ ਤਦੋਂ ਉਹ ਬੜੀ ਕਰੋਧਵਾਨ ਹੋ ਕੇ ਸ਼ਸਤਰ ਸਜਾਕੇ ਜੰਗ ਕਰਨ ਲਈ ਚਲ ਪਈ। ਉਹ ਖੁਸ਼ੀ ਨਾਲ ਅੰਮ੍ਰਿਤ ਪਾਨ ਕਰਕੇ ਹੱਥ ਵਿਚ ਤਲਵਾਰ ਫੜਕੇ ਬੜੀ ਗਰਜੀ॥ ੧੦ ॥ ੪੮ ॥

### *ਰਸਾਵਲ ਛੰਦ॥*

**ਸੁਣੀ ਦੇਵ ਬਾਨੀ॥ ਚੜ੍ਹੀ ਸਿੰਘ ਰਾਨੀ॥ ਸੁਭੰ ਸ਼ਸਤਰ ਧਾਰੇ॥ ਸਭੈ ਪਾਪ ਟਾਰੇ॥ ੧੧ ॥ ੪੯ ॥**

ਸ਼ੇਰ ਤੇ ਅਸਵਾਰ ਹੋਈ ਦੇਵੀ ਦੁਰਗਾ ਦੀ ਗਰਜ ਸਭ ਨੇ ਸੁਣੀ। ਉਸ ਨੇ ਬੜੇ ਸੁੰਦਰ ਸ਼ਸਤਰ ਧਾਰਨ ਕੀਤੇ ਹੋਏ ਸਨ। ਉਹ ਸਭ ਪਾਪੀਆਂ ਦੇ ਪਾਪਾਂ ਨੂੰ ਨਾਸ ਕਰਨ ਵਾਲੀ ਸੀ॥੧੧॥੪੯॥

**ਕਰੇ ਨੱਦ ਨਾਦੰ॥ ਮੀਹਾਂ ਮੱਦ ਮਾਦੰ॥ ਭਯੋ ਸੰਖ ਸ਼ੋਰੰ॥ ਸੁਨਿਯੋ ਚਾਰ ਓਰੰ॥ ੧੨॥ ੫੦॥**

ਦੇਵੀ ਨੇ ਆਪਣੇ ਸੇਵਕਾਂ ਨੂੰ ਹੁਕਮ ਦਿੱਤਾ ਕਿ ਧੌਂਸਿਆਂ ਦਾ ਸ਼ਬਦ ਕਰੋ, ਜੋ ਸੂਰਮਿਆਂ ਨੂੰ ਮਸਤ ਕਰਨ ਵਾਲਾ ਸੀ। ਉਸ ਵੇਲੇ ਸੰਖ ਦਾ ਸ਼ੋਰ ਹੋਇਆ, ਜੋ ਚੌਹਾਂ ਪਾਸਿਆਂ ਵਿਚ ਸੁਣਿਆਂ ਗਿਆ॥੧੨॥੫੦॥

**ਉਤੇ ਦੈਤ ਧਾਏ॥ ਬਡੀ ਸੈਨ ਲਿਆਏ॥ ਮੁਖੰ ਰਕਤ ਨੈਣੰ॥ ਬਕੈ ਬੰਕ ਬੈਣੰ॥ ੧੩॥ ੫੧॥**

ਓਧਰੋਂ ਦੈਂਤ ਬੇਅੰਤ ਸੈਨਾ ਲੈ ਕੇ ਧਾਵਾ ਕਰਕੇ ਆਏ। ਉਨ੍ਹਾਂ ਦੇ ਮੂੰਹ ਤੇ ਅੱਖਾਂ ਕਰੋਧ ਨਾਲ ਲਾਲ ਸਨ। ਉਹ ਬੜੇ ਤਿਖੇ ਸ਼ਬਦ ਬੋਲ ਰਹੇ ਸਨ॥੧੫॥੫੧॥

**ਚਵੰ ਚਾਰ ਢੂਕੇ॥ ਮੁਖੰ ਮਾਰ ਕੂਕੇ॥ ਲਏ ਬਾਣ ਪਾਣੰ॥ ਸੁ ਕਾਤੀ ਕ੍ਰਿਪਾਣੰ॥ ੧੪॥ ੫੨॥**

ਦੈਂਤਾਂ ਦੀ ਚੌਂਹਾਂ ਤਰ੍ਹਾਂ ਦੀ ਸੈਨਾ ਮੈਦਾਨ ਵਿਚ ਆ ਗਈ। ਉਹ ਮੂੰਹੋਂ 'ਮਾਰ ਲੌ-ਮਾਰ ਲੌ' ਦਾ ਸ਼ੋਰ ਕਰ ਰਹੇ ਸਨ। ਉਨ੍ਹਾਂ ਨੇ ਆਪਣਿਆਂ ਹੱਥਾਂ ਵਿਚ ਤੀਰ, ਛੁਰੀਆਂ ਤੇ ਤਲਵਾਰਾਂ ਫੜੀਆਂ ਹੋਈਆਂ ਸਨ॥੧੪॥੫੨॥

**ਮੰਡੇ ਮੱਧ ਜੰਗੰ॥ ਪ੍ਰਹਾਰੰ ਖਤੰਗੰ॥ ਕਰਉਤੀ ਕਟਾਰੰ॥ ਉਠੀ ਸ਼ਸਤਰ ਝਾਰੰ॥ ੧੫॥ ੫੩॥**

ਸੂਰਮੇ ਜੰਗ ਕਰਨ ਵਿਚ ਰੁੱਝ ਗਏ ਤੇ ਤੀਰਾਂ ਦੀ ਵਰਖਾ ਹੋਣ ਲੱਗੀ। ਤਲਵਾਰਾਂ ਤੇ ਕਟਾਰਾਂ ਆਦਿ ਸ਼ਸਤਰਾਂ ਵਿਚੋਂ ਬੜੀ ਚਮਕ ਉੱਠ ਰਹੀ ਸੀ॥੧੫॥੫੩॥

**ਮਹਾਂਬੀਰ ਧਾਏ॥ ਸਰੋਘੰ ਚਲਾਏ॥ ਕਰੈਂ ਬਾਰ ਬੈਰੀ॥ ਫਿਰੇ ਜਜੋ ਗੰਗੈਰੀ॥ ੧੬॥ ੫੪॥**

ਪਦ ਅਰਥ - ਗੰਗੈਰੀ=ਜਲ ਭੌਰਾ।

ਬੜੇ ਬੜੇ ਬਹਾਦਰ ਜੋਧੇ ਰਣਭੂਮੀ ਵਿਚ ਆ ਗਏ ਸਨ ਤੇ ਤੀਰ ਚਲਾਉਂਦੇ ਸਨ। ਉਹ ਇਸ ਤਰ੍ਹਾਂ ਫੁਰਤੀ ਨਾਲ ਵੈਰੀਆਂ ਤੇ ਵਾਰ ਕਰਦੇ ਸਨ, ਜਿਵੇ ਜਲ ਭੌਰਾ ਪਾਣੀ ਉਤੇ ਬੜੀ ਤੇਜੀ ਨਾਲ ਘੁੰਮਦਾ ਹੈ॥੧੬॥੫੪॥

## ਭੁਜੰਗ ਪ੍ਰਯਾਤ ਛੰਦ॥

**ਕ੍ਰੋਪਤਸਟਾਯੰ ਉਤੇ ਸਿੰਘ ਧਾਯੋ॥ ਇਤੇ ਸੰਖ ਲੈ ਹਾਥ ਦੇਵੀ ਬਜਾਯੋ॥
ਪੁਰੀ ਚਉਦਹੂਯੰ ਰਹਿਯੋ ਨਾਦ ਪੂਰੰ॥ ਚਮੱਕਯੋ ਮੁਖੰ ਜੁੱਧ ਕੇ ਮੱਧਿ ਨੂਰੰ॥ ੧੭॥ ੫੫॥**

ਪਦ ਅਰਥ - ਕਰੋਪਤ=ਉੱਚੀ ਕਰਕੇ। ਸਟਾਯੰ=ਪੂਛ।

ਓਧਰੋਂ ਦੇਵੀ ਦਾ ਸ਼ੇਰ ਬੜੇ ਕਰੋਧ ਨਾਲ ਪੂਛ ਉਚੀ ਕਰਕੇ ਦੌੜਦਾ ਹੋਇਆ ਮੈਦਾਨ ਵਿਚ ਆ

ਗਿਆ। ਏਧਰੋਂ ਦੇਵੀ ਨੇ ਹੱਥ ਵਿਚ ਸੰਖ ਲੈ ਕੇ ਬੜੀ ਉੱਚੀ ਵਜਾਇਆ। ਸੰਖ ਦੀ ਆਵਾਜ਼ ਚੌਦਾਂ ਲੋਕਾਂ ਵਿਚ ਫੈਲ ਗਈ। ਜੁੱਧ ਵਿਚਕਾਰ ਦੇਵੀ ਦੁਰਗਾ ਦਾ ਮੁਖ ਪ੍ਰਕਾਸ਼ ਨਾਲ ਚਮਕਣ ਲੱਗਾ॥੧੭॥੫੫॥

**ਤਬੈ ਧੂਮ੍ਰ ਨੈਣੰ ਮਚਿਯੋ ਸ਼ਸਤਰ ਧਾਰੀ॥ ਲਏ ਸੰਗ ਜੋਧਾ ਬਡੇ ਬੀਰ ਭਾਰੀ॥**
**ਲਯੋ ਬੇੜ੍ਹ ਪੱਬੰ ਕੀਯੋ ਨਾਦ ਉੱਚੰ॥ ਸੁਣੇ ਗਰਭਣੀਆਨਿ ਕੇ ਗਰਭ ਮੁੱਚੰ॥ ੧੮ ॥ ੫੬ ॥**

ਦੇਵੀ ਨੂੰ ਰਣਭੂਮੀ ਵਿਚ ਆਇਆ ਵੇਖਕੇ ਸ਼ਸਤਰਧਾਰੀ ਧੂਮ੍ਰਨੈਣ ਬੜਾ ਗਰਜਿਆ। ਉਸ ਨੂੰ ਆਪਣੇ ਨਾਲ ਬੜੇ ਬੜੇ ਬਹਾਦਰ ਸੂਰਮੇ ਲਏ ਹੋਏ ਸਨ। ਉਨ੍ਹਾਂ ਸੂਰਮਿਆਂ ਨੇ ਪਹਾੜਾਂ ਨੂੰ ਘੇਰ ਲਿਆ ਤੇ ਬਹੁਤ ਸ਼ੋਰ ਸ਼ਰਾਬਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦੇ ਰੌਲੇ ਗੌਲੇ ਨੂੰ ਸੁਣਕੇ ਗਰਭਵਤੀ ਇਸਤਰੀਆਂ ਦੇ ਗਰਭ ਪਾਤ ਹੋ ਗਏ॥੧੮॥੫੬॥

**ਸੁਣਜੋ ਨਾਦ ਸ੍ਰਵਣੰ ਕੀਯੋ ਦੇਵ ਕੋਪੰ॥ ਸਜੇ ਚਰਮ ਬਰਮੰ ਧਰੇ ਸੀਸ ਟੋਪੰ॥**
**ਭਈ ਸਿੰਘ ਸ੍ਵਾਰੰ ਕੀਯੋ ਨਾਦ ਉੱਚੰ॥ ਸੁਣੇ ਦੀਹ ਦਾਨਵਾਨ ਕੇ ਮਾਨ ਮੁੱਚੰ॥ ੧੯ ॥ ੫੭ ॥**

ਜਦੋਂ ਦੇਵੀ ਨੇ ਧੂਮ੍ਰਨੈਣ ਦਾ ਰੌਲਾ ਗੌਲਾ ਆਪਣੇ ਕੰਨਾਂ ਨਾਲ ਸੁਣਿਆਂ ਤਾਂ ਉਸ ਨੇ ਬਹੁਤ ਕਰੋਧ ਕੀਤਾ। ਉਸ ਨੇ ਢਾਲ ਤੇ ਸੰਜੋਅ ਪਹਿਨ ਲਈ ਸਿਰ ਤੇ ਲੋਹੇ ਦਾ ਟੋਪ ਧਰ ਲਿਆ। ਦੇਵੀ ਦੁਰਗਾ ਸ਼ੇਰ ਤੇ ਸੁਆਰ ਹੋ ਗਈ ਤੇ ਬੜਾ ਉੱਚਾ ਸ਼ਬਦ ਕੀਤਾ, ਜਿਸ ਨੂੰ ਸੁਣਕੇ ਵਡੇ ਵਡੇ ਬਹਾਦਰ ਦੈਂਤਾਂ ਦਾ ਅੰਹਕਾਰ ਨਾਸ ਹੋ ਗਿਆ॥੧੯॥੫੭॥

**ਮਹਾ ਕੋਪ ਦੇਵੀ ਧਸੀ ਸੈਨ ਮੱਧੰ॥ ਕਰੇ ਬੀਰ ਬੰਕੇ ਤਹਾਂ ਅੱਧ ਅੱਧੰ॥**
**ਜਿਸੈ ਧਾਇ ਕੈ ਸੂਲ ਸੈਹਥੀ ਪ੍ਰਹਾਰਿਯੋ॥ ਤਿਨੇ ਫੇਰਿ ਪਾਣੰ ਨ ਬਾਣੰ ਸੰਭਾਰਿਯੋ॥ ੨੦ ॥ ੫੮ ॥**

ਬੜੇ ਕਰੋਧ ਨਾਲ ਦੁਰਗਾ ਦੈਂਤ ਦੀ ਸੈਨਾ ਵਿਚ ਜਾ ਧਸੀ। ਉਸ ਨੇ ਬੜੇ ਬੜੇ ਬਾਂਕੇ ਸੂਰਮਿਆਂ ਨੂੰ ਵਢ ਵਢ ਕੇ ਦੋ ਟੁਕੜੇ ਕਰ ਦਿੱਤਾ। ਦੇਵੀ ਨੇ ਹੱਲਾ ਕਰਕੇ ਜਿਸ ਜਿਸ ਤੇ ਤ੍ਰਿਸੂਲ ਜਾਂ ਸੈਹਥੀ ਦਾ ਵਾਰ ਕੀਤਾ ਉਹ ਮੁੜ ਕੇ ਫਿਰ ਆਪਣੇ ਹੱਥ ਵਿਚ ਬਾਣ ਨ ਫੜ ਸਕਿਆ॥੨੦॥੫੮॥

## *ਰਸਾਵਲ ਛੰਦ॥*

**ਜਿਸੈ ਬਾਣ ਮਾਰਜੋ॥ ਤਿਸੈ ਮਾਰ ਡਾਰਜੋ॥ ਜਿਤੈ ਸਿੰਘ ਧਾਯੋ॥ ਤਿਤੈ ਸੈਨ ਘਾਯੋ॥ ੨੧ ॥ ੫੯ ॥**

ਦੇਵੀ ਨੇ ਜਿਸ ਦੈਂਤ ਨੂੰ ਤੀਰ ਮਾਰਿਆ ਉਸ ਨੂੰ ਮਾਰਕੇ ਸੁੱਟ ਦਿੱਤਾ। ਦੇਵੀ ਦਾ ਸ਼ੇਰ ਜਿਸ ਪਾਸੇ ਵਲ ਧਾਵਾ ਕਰਕੇ ਜਾਂਦਾ ਸੀ, ਉਸ ਪਾਸੇ ਦੀ ਸਾਰੀ ਸੈਨਾ ਖਤਮ ਕਰ ਦੇਂਦਾ ਸੀ॥੨੧॥੫੯॥

**ਜਿਤੇ ਘਾਇ ਡਾਲੇ॥ ਤਿਤੇ ਘਾਰਿ ਘਾਲੇ॥ ਸਮੁਹ ਸ਼ੱਤ੍ਰ ਆਯੋ॥ ਸੁ ਜਾਨੇ ਨ ਪਾਯੋ॥ ੨੨ ॥ ੬੦ ॥**

ਜਿੰਨੇ ਦੈਂਤਾਂ ਨੂੰ ਦੇਵੀ ਨੇ ਮਾਰਿਆਂ, ਓਨਿਆਂ ਨੂੰ ਹੀ ਪਹਾੜਾਂ ਤੋਂ ਹੇਠਾਂ ਖੱਡਾਂ ਵਿਚ ਸੁੱਟ ਦਿੱਤਾ। ਜਿਹੜਾ ਵੈਰੀ ਵੀ ਦੇਵੀ ਦੇ ਸਾਹਮਣੇ ਆਇਆ, ਉਹ ਜਿਊਂਦਾ ਬਚਕੇ ਨਾ ਜਾ ਸਕਿਆ॥੨੨॥੬੦॥

**ਜਿੱਤੇ ਜੁੱਝ ਰੁੱਝੇ॥ ਤਿਤੇ ਅੰਤ ਜੁੱਝੇ॥ ਜਿਨੈ ਸ਼ਸਤਰ ਘਾਲੇ॥ ਤਿਤੇ ਮਾਰ ਡਾਲੇ॥ ੨੩॥ ੬੧॥**

ਜਿਹੜੇ ਸੂਰਮੇ ਜੰਗ ਵਿਚ ਜੁੱਟੇ ਹੋਏ ਸਨ, ਉਹ ਅੰਤ ਨੂੰ ਸਾਰੇ ਮਾਰੇ ਗਏ। ਜਿਹੜੇ ਦੈਂਤ ਸ਼ਸਤਰ ਫੜ ਕੇ ਦੇਵੀ ਦੇ ਸਾਹਮਣੇ ਆਏ, ਉਨ੍ਹਾਂ ਸਾਰਿਆਂ ਨੂੰ ਦੇਵੀ ਨੇ ਮਾਰ ਦਿੱਤਾ॥ ੨੩॥ ੬੧॥

**ਤਬੈ ਮਾਤ ਕਾਲੀ॥ ਤਪੀ ਤੇਜ ਜ੍ਵਾਲੀ॥**
**ਜਿਸੈ ਘਾਵ ਡਾਰਜੋ॥ ਸੁ ਸੁਰਗੰ ਸਿਧਾਰਜੋ॥ ੨੪॥ ੬੨॥**

ਤਦੋਂ ਕਾਲਕਾ ਮਾਤਾ ਅਗਨੀ ਵਾਂਗ ਤਪਾਇਮਾਨ ਹੋ ਗਈ। ਉਸ ਨੇ ਜਿਸ ਤੇ ਵੀ ਵਾਰ ਕੀਤਾ, ਉਹੋ ਸੁਰਗਾਂ ਨੂੰ ਚਲਾ ਗਿਆ ਭਾਵ ਮਰ ਗਿਆ॥ ੨੪॥ ੬੨॥

**ਘਰੀ ਅੱਧ ਮੱਧੰ॥ ਹਨਜੋ ਸੈਨ ਸੁੱਧੰ॥**
**ਹਨਜੋ ਧੂਮ੍ਰ ਨੈਣੰ॥ ਸੁਨਜੋ ਦੇਵ ਗੈਣੰ॥ ੨੫॥ ੬੩॥**

ਕਾਲਕਾ ਨੇ ਅੱਧੀ ਘੜੀ ਵਿਚ ਹੀ ਸਾਰੀ ਸੈਨਾ ਨੂੰ ਮਾਰ ਦਿੱਤਾ। ਧੂਮ੍ਰਨੈਨ ਵੀ ਦੇਵੀ ਹਥੋਂ ਮਾਰਿਆ ਗਿਆ। ਇਹ ਖੁਸ਼ੀ ਭਰੀ ਖਬਰ ਦੇਵਤਿਆਂ ਨੇ ਅਕਾਸ਼ ਵਿਚ ਸੁਣੀ॥ ੨੫॥ ੬੩॥

**ਦੋਹਰਾ॥ ਭਜੀ ਬਿਰੂਥਨ ਦਾਨਵੀ ਗਈ ਭੂਪ ਕੇ ਪਾਸ॥**
**ਧੂਮ੍ਰ ਨੈਣ ਕਾਲੀ ਹਨਜੋ ਭਜੀਯੋ ਸੈਨ ਨਿਰਾਸ॥ ੨੬॥ ੬੪॥**

ਜਦੋਂ ਦੈਂਤਾਂ ਦੀ ਬੇਅੰਤ ਸੈਨਾ ਮਾਰੀ ਗਈ, ਤਦੋਂ ਬਾਕੀ ਰਹਿੰਦੀ ਦੈਂਤਾਂ ਦੀ ਸੈਨਾ ਮੈਦਾਨ ਵਿਚੋਂ ਭਜਕੇ ਆਪਣੇ ਰਾਜੇ ਸੁੰਭ ਕੋਲ ਚਲੀ ਗਈ। ਉਨ੍ਹਾਂ ਸੈਨਕਾਂ ਨੇ ਰਾਜੇ ਨੂੰ ਦੱਸਿਆ ਕਿ ਕਾਲੀ ਨੇ ਧੂਮ੍ਰਨੈਨ ਨੂੰ ਮਾਰ ਦਿੱਤਾ ਹੈ ਤੇ ਸਾਡੀ ਬਾਕੀ ਬਚਦੀ ਸੈਨਾ ਨਿਰਾਸ ਹੋ ਕੇ ਰਣਭੂਮੀ ਵਿਚੋਂ ਭੱਜ ਗਈ ਹੈ॥ ੨੬॥ ੬੪॥

ਇਤਿ ਸ੍ਰੀ ਬਚਿਤ੍ਰ ਨਾਟਕੇ ਚੰਡੀ ਚਰਿਤ੍ਰੇ ਧੂਮ੍ਰ ਨੈਨ ਬਧਹ ਦੁਤੀਆ ਧਿਆਇ ਸੰਪੂਰਨਮ ਸਤੁ ਸੁਭਮ ਸਤੁ॥੨॥ ੨੬॥ ੬੪॥ ਅਫਜੂੰ॥

ਸ੍ਰੀ ਬਚਿੱਤਰ ਨਾਟਕ, ਚੰਡੀ ਚਰਿੱਤਰ, ਧੂਮਰ ਨੈਣ ਦੈਂਤ ਦਾ ਕਤਲ, ਅਧਿਆਏ ਦੂਸਰਾ ਸਮਾਪਤ॥ ਸਤ ਸੁਭਮ ਸਤ॥ ੨॥ ੨੬॥ ੬੪॥ ਚਲਦਾ॥

# ਅਧਿਆਏ ਤੀਸਰਾ

## ਚੰਡ ਮੁੰਡ ਯੁੱਧ ਵਰਣਨ

**ਦੋਹਰਾ॥ ਇਹ ਬਿਧ ਦੈਤ ਸੰਘਾਰ ਕਰ ਧਵਲਾ ਚਲੀ ਅਵਾਸ॥**
**ਜੋ ਯਹ ਕਥਾ ਪੜੈ ਸੁਨੈ ਰਿੱਧਿ ਸਿੱਧਿ ਗ੍ਰਿਹ ਤਾਸ॥੧॥੬੫॥**

ਪਦ ਅਰਥ - ਧਵਲਾ=ਦੁਰਗਾ। ਅਵਾਸ=ਘਰ। ਰਿੱਧਿ=ਧਨ ਸੰਪਦਾ। ਸਿੱਧਿ=ਅਲੌਕਿਕ ਸ਼ਕਤੀ.

ਇਸ ਤਰ੍ਹਾਂ ਦੇਵਤਿਆਂ ਤੇ ਭਲੇ ਪੁਰਸ਼ਾਂ ਨੂੰ ਦੁਖ ਦੇਣ ਵਾਲੇ ਦੈਂਤਾਂ ਨੂੰ ਮਾਰਕੇ ਦੁਰਗਾ ਆਪਣੇ ਘਰ ਚਲੀ ਗਈ। ਦੇਵੀ ਭਾਗਵਤ ਵਿਚ ਇਸ ਕਥਾ ਦਾ ਇਹ ਮਹਾਤਮ ਲਿਖਿਆ ਹੈ ਕਿ ਜਿਹੜਾ ਪੁਰਸ਼ ਇਸ ਕਥਾ ਨੂੰ ਸ਼ਰਧਾ ਨਾਲ ਪੜ੍ਹੇਗਾ ਜਾਂ ਸੁਣੇਗਾ, ਉਸ ਦੇ ਘਰ ਬੇਅੰਤ ਧਨ ਸੰਪਦਾ ਤੇ ਅਲੌਕਿਕ ਸ਼ਕਤੀਆਂ ਨਿਵਾਸ ਕਰਨਗੀਆਂ॥੧॥੬੫

**ਚੌਪਈ॥ ਧੂਮ੍ਰਨੈਣ ਜਬ ਸੁਣੇ ਸੰਘਾਰੇ॥ ਚੰਡ ਮੁੰਡ ਤਬ ਭੂਪ ਹਕਾਰੇ॥**
**ਬਹੁ ਬਿਧਿ ਕਰ ਪਠਏ ਸਨੁਮਾਨਾ॥ ਹੈ ਗੈ ਪਤਿ ਦੀਏ ਰਥ ਨਾਨਾ॥੨॥੬੬**

ਜਦੋਂ ਰਾਜੇ ਸੁੰਭ ਨੇ ਸੁਣਿਆਂ ਕਿ ਧੂਮ੍ਰਨੈਣ ਜੰਗ ਵਿਚ ਮਾਰਿਆ ਗਿਆ ਹੈ, ਤਦੋਂ ਉਸ ਨੇ ਚੰਡ ਤੇ ਮੁੰਡ ਦੋਹਾਂ ਸੂਰਮਿਆਂ ਨੂੰ ਬੁਲਾਇਆ। ਉਨ੍ਹਾਂ ਦਾ ਬਹੁਤ ਸਾਰਾ ਸਨਮਾਨ ਕਰਕੇ ਦੁਰਗਾ ਨਾਲ ਜੰਗ ਕਰਨ ਲਈ ਰਣਭੂਮੀ ਵਲ ਭੇਜਿਆ। ਉਨ੍ਹਾਂ ਨੂੰ ਨਾਲ ਚਾਰ ਪ੍ਰਕਾਰ ਦੀ ਸੈਨਾ ਘੋੜੇ, ਹਾਥੀ, ਪੈਦਲ ਤੇ ਰਥ ਦਿੱਤੇ॥੨॥੬੬॥

**ਪ੍ਰਿਥਮ ਨਿਰਖਿ ਦੇਬੀਅਹਿ ਜੇ ਆਏ॥ ਤੇ ਧਵਲਾਗਿਰ ਓਰ ਪਠਾਏ॥**
**ਤਿਨ ਕੀ ਤਨਕ ਭਨਕ ਸੁਨਿ ਪਾਈ॥ ਨਿਸਿਰੀ ਸ਼ਸਤਰ ਅਸ਼ਤ੍ਰ ਲੈ ਮਾਈ॥੩॥੬੭॥**

ਪਦ ਅਰਥ - ਧਵਲਾਗਿਰ=ਦੇਵੀ ਦਾ ਨਿਵਾਸ ਅਸਥਾਨ-ਕੈਲਾਸ਼ ਪਰਬਤ। ਤਨਕ=ਥੋੜੀ ਜਿਹੀ। ਭਨਕ=ਕਨਸੋਅ, ਖਬਰ। ਨਿਸਿਰੀ=ਨਿਕਲੀ। ਮਾਈ=ਦੇਵੀ ਦੁਰਗਾ।

ਜਿਹੜੇ ਦੈਂਤ ਪਹਿਲੇ ਜੰਗ ਵਿਚ ਦੇਵੀ ਦੁਰਗਾ ਨੂੰ ਵੇਖ ਕੇ ਆਏ ਸਨ, ਉਨ੍ਹਾਂ ਨੂੰ ਸੂਹੀਆ ਬਣਾ ਕੇ ਕੈਲਾਸ਼ ਪਰਬਤ ਵਲ ਭੇਜਿਆ ਗਿਆ। ਦੇਵੀ ਨੇ ਜਦੋਂ ਦੈਂਤਾਂ ਦੀ ਚੜ੍ਹਾਈ ਕਰਕੇ ਆਉਣ ਦੀ ਥੋੜੀ ਜਿਹੀ ਕਨਸੋਅ ਸੁਣੀ ਤਾਂ ਉਹ ਸ਼ਸਤਰ ਅਸਤਰ ਲੈ ਕੇ ਰਣਭੂਮੀ ਵਿਚ ਨਿਕਲ ਆਈ॥੩॥੬੭॥

## ਰੁਆਲ ਛੰਦ ॥

ਸਾਜਿ ਸਾਜਿ ਚਲੇ ਤਹਾਂ ਰਣ ਰਾਛਸੇਂਦ੍ਰ ਅਨੇਕ॥
ਅਰਧ ਮੁੰਡਿਤ ਮੁੰਡਿਤੇਕ ਜਟਾ ਧਰੇ ਸੁ ਅਰੇਕ॥
ਕੋਪਿ ਓਪ ਦੈ ਸਭੈ ਕਰ ਸ਼ਸਤਰ ਅਸਤ੍ਰ ਨਚਾਇ॥
ਧਾਇ ਧਾਇ ਕਰੈਂ ਪ੍ਰਹਾਰਨਿ ਤਿੱਛ ਤੇਗ ਕੰਪਾਇ॥ ੪ ॥ ੬੮॥

ਦੈਂਤਾਂ ਦੇ ਅਨੇਕਾਂ ਸੈਨਾਪਤੀ ਆਪੋ ਆਪਣੇ ਫੌਜੀ ਦਸਤਿਆਂ ਨੂੰ ਸ਼ਸਤਰਾਂ ਨਾਲ ਤਿਆਰ-ਬਰ ਤਿਆਰ ਕਰਕੇ ਰਣਭੂਮੀ ਵਲ ਤੁਰ ਪਏ। ਉਨ੍ਹਾਂ ਵਿਚੋਂ ਕਈਆਂ ਦੇ ਅੱਧੇ ਸਿਰ ਮੁੰਨੇ ਹੋਏ ਸਨ। ਕਈਆਂ ਦੇ ਸਾਰੇ ਸਿਰ ਮੁੰਨੇ ਹੋਏ ਸਨ ਤੇ ਕਈ ਜਟਾਧਾਰੀ ਸਨ, ਸਭਨਾਂ ਨੂੰ ਕਰੋਧ ਨਾਲ ਭਰਪੂਰ ਕਰਕੇ ਉਨ੍ਹਾਂ ਦੇ ਹੱਥਾਂ ਵਿਚ ਸ਼ਸਤਰ ਅਸਤ੍ਰ ਦਿੱਤੇ ਗਏ। ਉਹ ਸ਼ਸਤਰਾਂ ਅਸਤ੍ਰਾਂ ਨੂੰ ਘੁਮਾਉਂਦੇ ਸਨ ਤੇ ਅਗੇ ਵਧ ਕੇ ਤਿੱਖੀਆਂ ਤੇਗਾਂ ਦੇ ਵਾਰ ਕਰਦੇ ਸਨ॥ ੪ ॥ ੬੮ ॥

ਸ਼ਸਤਰ ਅਸਤ੍ਰ ਲਗੇ ਜਿਤੇ ਸਭ ਫੂਲ ਮਾਲ ਹ੍ਵੈ ਗਏ॥
ਕੋਪ ਓਪ ਬਿਲੋਕਿ ਅਤਿਭੁਤ ਦਾਨਵੰ ਬਿਸਮੈ ਭਏ॥
ਦਉਰ ਦਉਰ ਅਨੇਕ ਆਯੁਧ ਫੇਰਿ ਪ੍ਰਹਾਰਹੀਂ॥
ਜੂਝ ਜੂਝ ਗਿਰੇ ਅਰੇਕ ਸੁ ਮਾਰ ਮਾਰ ਪੁਕਾਰਹੀਂ॥ ੫ ॥ ੬੯॥

ਦੈਤਾਂ ਦੇ ਚਲਾਏ ਹੋਏ ਜਿੰਨੇ ਵੀ ਸ਼ਸਤਰ ਅਸਤ੍ਰ ਦੇਵੀ ਨੂੰ ਲੱਗੇ, ਉਹ ਸਾਰੇ ਫੁਲਾਂ ਦੇ ਹਾਰ ਬਣ ਕੇ ਦੁਰਗਾਂ ਦੇ ਗਲ ਵਿਚ ਪੈ ਗਏ। ਕਰੋਧ ਨਾਲ ਭਰੇ ਦੈਂਤ ਇਸ ਅਦਭੁਤ ਕੌਤਕ ਨੂੰ ਵੇਖਕੇ ਬੜੇ ਹੈਰਾਨ ਹੋ ਗਏ। ਅਨੇਕਾਂ ਦੈਂਤ ਘੜੀ ਮੁੜੀ ਹੱਲਾ ਕਰਕੇ ਦੌੜ ਦੌੜ ਕੇ ਸ਼ਸਤਰ ਚਲਾਉਂਦੇ ਸਨ। ਕਈ ਦੈਂਤ ਲੜਦੇ ਮਾਰਦੇ ਮਰ ਗਏ, ਪਰ ਮੂੰਹੋਂ ਉਹ 'ਮਾਰ ਲੌ, ਮਾਰ ਲੌ' ਪੁਕਾਰਦੇ ਹੀ ਗਏ॥ ੫ ॥ ੬੯ ॥

ਰੇਲ ਰੇਲ ਚਲੇ ਹਏਂਦ੍ਰਨ ਪੇਲ ਪੇਲ ਗਜੇਂਦ੍ਰ॥
ਝੇਲ ਝੇਲ ਅਨੰਤ ਆਯੁਧ ਹੇਲ ਹੇਲ ਰਿਪੇਂਦ੍ਰ॥
ਗਾਹਿ ਗਾਹਿ ਫਿਰੇ ਫਵੱਜਨ ਬਾਹਿ ਬਾਹਿ ਖਤੰਗ॥
ਅੰਗ ਭੰਗ ਗਿਰੇ ਕਹੂੰ ਰਣ ਰੰਗ ਸੂਰ ਉਤੰਗ॥ ੬ ॥ ੭੦॥

ਪਦ ਅਰਥ - ਹਏਂਦ੍ਰਨ=ਘੋੜ ਸਵਾਰ। ਗਜੇਂਦ੍ਰ=ਹਾਥੀਆਂ ਦੇ ਸਵਾਰ। ਬਾਹਿ=ਬਾਂਹਾਂ। ਬਾਹਿ ਖਤੰਗ=ਤੀਰ ਚਲਾਉਂਦੇ ਸਨ।

ਘੋੜ-ਸਵਾਰ ਸੈਨਕ ਅਗੇ ਅਗੇ ਚਲ ਰਹੇ ਸਨ, ਫਿਰ ਹਾਥੀ-ਸਵਾਰ ਸੈਨਕ ਹਾਥੀਆਂ ਨੂੰ ਧੱਕ ਕੇ ਲਈ ਜਾ ਰਹੇ ਸਨ। ਅਗੋਂ ਵੈਰੀਆਂ ਦੇ ਸੈਨਾਪਤੀ ਸ਼ਸਤਰ ਚਲਾ ਰਹੇ ਸਨ, ਜਿੰਨ੍ਹਾਂ ਦੇ ਵਾਰਾਂ ਨੂੰ ਦੂਜੇ ਸੈਨਕ ਝੱਲਦੇ ਸਨ। ਸੂਰਮੇ ਇਕ ਦੂਜੇ ਦੀਆਂ ਫੌਜਾਂ ਗਾਹੁੰਦੇ ਤੇ ਦਬਾਉਂਦੇ ਫਿਰਦੇ ਸਨ ਤੇ ਬਾਹਾਂ ਦੇ ਜ਼ੋਰ ਨਾਲ ਤੀਰ ਚਲਾ ਰਹੇ ਸਨ। ਰਣਭੂਮੀ ਵਿਚ ਕਿਸੇ ਪਾਸੇ ਸੂਰਮੇ ਅੰਗਹੀਨ ਹੋਏ ਡਿੱਗੇ ਪਏ ਸਨ॥ ੬॥ ੭੦॥

**ਝਾਰ ਝਾਰ ਫਿਰੇ ਸਰੋਤਮ ਡਾਰਿ ਝਾਰਿ ਕ੍ਰਿਪਾਨ॥**
**ਸੈਲ ਸੇ ਰਣ ਪੁੰਜ ਕੁੰਜਰ ਸੂਰ ਸੀਸ ਬਖਾਨ॥**
**ਬੱਕ੍ਰ ਨੱਕ੍ਰ ਭੁਜਾ ਸੁ ਸੋਭਤ ਚੱਕ੍ਰ ਸੇ ਰਥ ਚੱਕ੍ਰ॥**
**ਕੇਸ ਪਾਸ ਸਿਬਾਲ ਸੋਹਤ ਅਸਥ ਚੂਰ ਸਰੱਕ੍ਰ॥ ੭॥ ੭੧॥**

ਤਿੱਖੇ ਤੀਰਾਂ ਨਾਲ ਸੂਰਮੇ ਝਾੜਾਂ ਝਾੜਦੇ ਫਿਰਦੇ ਸਨ ਤੇ ਤਲਵਾਰਾਂ ਨਾਲ ਇਕ ਦੂਜੇ ਨੂੰ ਝਾੜ ਕੇ ਸੁਟ ਰਹੇ ਸਨ। ਇਹ ਰਣਭੂਮੀ ਨਹੀਂ ਜਾਪਦੀ ਸੀ ਇਹ ਤਾਂ ਮਾਨੋ ਮਾਨਸਰੋਵਰ ਪ੍ਰਤੀਤ ਹੋ ਰਹੀ ਸੀ ਇਸ ਰਣਭੂਮੀ ਰੂਪੀ ਮਾਨਸਰੋਵਰ ਵਿਚ ਹਾਥੀਆਂ ਦੇ ਝੁੰਡ ਪਹਾੜਾਂ ਵਰਗੇ ਸਨ ਤੇ ਸੂਰਮਿਆਂ ਦੇ ਸਿਰ ਪੱਥਰਾਂ ਵਾਂਗੂੰ ਸਨ। ਸੂਰਮਿਆਂ ਦੀਆਂ ਟੇਢੀਆਂ ਬਾਂਹਾਂ ਤੰਦੂਏ ਵਾਂਗੂੰ ਸੋਭ ਰਹੀਆਂ ਸਨ ਤੇ ਰਥਾਂ ਦੇ ਪਹੀਏ ਕੱਛੂਆਂ ਵਰਗੇ ਜਾਪਦੇ ਸਨ। ਫਾਹੀਆਂ ਤੇ ਕੇਸ ਜਾਲੇ ਵਾਂਗੂੰ ਸ਼ੋਭ ਰਹੇ ਸਨ ਅਤੇ ਜੋਧਿਆਂ ਦੀਆਂ ਹੱਡੀਆਂ ਦਾ ਚੂਰਾ ਰੇਤ ਵਰਗਾ ਲੱਗ ਰਿਹਾ ਸੀ॥ ੭॥ ੭੧॥

**ਸੱਜਿ ਸੱਜਿ ਚਲੇ ਹਥਿਆਰਨ ਗੱਜਿ ਗੱਜਿ ਗਜੇਂਦ੍ਰ॥**
**ਬੱਜਿ ਬੱਜਿ ਸਬੱਜ ਬਾਜਨ ਭੱਜਿ ਭੱਜਿ ਹਏਂਦ੍ਰ॥**
**ਮਾਰ ਮਾਰ ਪੁਕਾਰਕੈ ਹਥਿਆਰ ਹਾਥ ਸੰਭਾਰ॥**
**ਧਾਇ ਧਾਇ ਪਰੇ ਨਿਸਾਚਰ ਬਾਇ ਸੰਖ ਅਪਾਰ॥ ੮॥ ੭੨॥**

ਹਾਥੀ · ਸਵਾਰ ਸੂਰਮੇ ਹਾਥੀਆਂ ਤੇ ਸ਼ਸਤਰਾਂ ਨੂੰ ਸਜਾ ਕੇ ਗੱਜਦੇ ਹੋਏ ਚਲ ਰਹੇ ਸਨ। ਵਾਜਿਆਂ ਵਾਲੇ ਮਾਰੂ ਵਾਜੇ ਵਜਾ ਰਹੇ ਸਨ। ਘੋੜ-ਸਵਾਰ ਯੋਧੇ ਘੋੜਿਆਂ ਨੂੰ ਭਜਾ ਰਹੇ ਸਨ ਤੇ ਆਪਣੇ ਸ਼ਸਤਰਾਂ ਨੂੰ ਹਵਾਂ ਵਿਚ ਫੜਕੇ ਮੂੰਹੋਂ 'ਮਾਰ ਲੋ' ਦਾ ਸ਼ਬਦ ਕਹਿ ਰਹੇ ਸਨ। ਦੈਂਤ ਦੌੜ ਕੇ ਅਗੇ ਵਧ ਰਹੇ ਸਨ ਤੇ ਅਨੇਕਾਂ ਸੰਖ ਵੱਜ ਰਹੇ ਸਨ॥ ੮॥ ੭੨॥

**ਸੰਖ ਗੋਯਮ ਗੱਜੀਯੰ ਅਰ ਸੱਜੀਯੰ ਰਿਪ ਰਾਜ॥**
**ਭਾਜਿ ਭਾਜਿ ਚਲੇ ਕਿਤੇ ਤਜ ਲਾਜ ਬੀਰ ਨ੍ਰਿਲਾਜ॥**
**ਭੀਮ ਭੇਰੀ ਭੁੰਕੀਅੰ ਅਰੁ ਧੁੰਕੀਅੰ ਸੁ ਨਿਸਾਣ॥**

**ਗਾਹਿ ਗਾਹਿ ਫਿਰੇ ਫਵੱਜਨ ਬਾਹਿ ਬਾਹਿ ਗਦਾਣ॥ ੯॥ ੭੩॥**

ਪਦ ਅਰਥ - ਗੋਯਮ=ਰਣ ਸਿੰਘੇ। ਭੀਮ=ਡਰਾਉਣੀ। ਗਦਾਣ=ਗਦਾ ਆਦਿਕ ਸ਼ਸਤਰ।

ਰਣਭੂਮੀ ਵਿਚ ਸੰਖ ਤੇ ਰਣ ਸਿੰਘੇ ਗੂੰਜ ਰਹੇ ਸਨ ਤੇ ਵੈਰੀਆਂ ਦੇ ਸੈਨਾਪਤੀ ਸਜ ਰਹੇ ਸਨ। ਸ਼ਰਮ ਤੇ ਡਰ ਤਿਆਗਕੇ ਸੂਰਮੇ ਬੜੀ ਨਿਸ਼ੰਗਤਾ ਨਾਲ ਏਧਰ ਓਧਰ ਭੱਜ ਰਹੇ ਸਨ। ਬੜੀਆਂ ਡਰਾਉਣੀਆਂ ਭੇਰੀਆਂ ਵੱਜ ਰਹੀਆਂ ਸਨ ਤੇ ਧੌਂਸੇ ਖੜਕ ਰਹੇ ਸਨ। ਥਾਂ ਥਾਂ ਫੌਜਾਂ ਫਿਰ ਰਹੀਆਂ ਸਨ ਤੇ ਗਦਾ ਆਦਿਕ ਸ਼ਸਤਰ ਚਲਾ ਰਹੀਆ ਸਨ॥ ੯॥ ੭੩॥

**ਬੀਰ ਕੰਗਨੇ ਬੰਧਹੀਂ ਅਰੁ ਅੱਛਰੈ ਸਿਰ ਤੇਲੁ॥**
**ਬੀਨਿ ਬੀਨਿ ਬਰੇ ਬਰੰਗਨ ਡਾਰਿ ਡਾਰਿ ਫੁਲੇਲ॥**
**ਘਾਲਿ ਘਾਲਿ ਬਿਵਾਨ ਲੇਗੀ ਫੇਰ ਫੇਰ ਸੁ ਬੀਰ॥**
**ਕੂਦਿ ਕੂਦਿ ਪਰੇ ਤਹਾਂ ਤੇ ਝਾਗਿ ਝਾਗਿ ਸੁ ਤੀਰ॥ ੧੦॥ ੭੪॥**

ਜੰਗ ਕਰਨ ਲਈ ਯੋਧੇ ਕੰਗਣ ਬੰਨ੍ਹਦੇ ਸਨ ਤੇ ਅਪੱਛਰਾਂ ਆਪਣੇ ਸਿਰਾਂ ਤੇ ਤੇਲ ਲਾਉਂਦੀਆਂ ਸਨ। ਜਿਹੜੇ ਸੂਰਮੇ ਰਣਭੂਮੀ ਵਿਚ ਲੜ ਰਹੇ ਸਨ ਦੇਵਤਿਆਂ ਦੀਆਂ ਇਸਤ੍ਰੀਆਂ ਉਨ੍ਹਾਂ ਦੇ ਸਿਰਾਂ ਉਤੇ ਇਤਰ ਫੁਲੇਲ ਸੁਟਕੇ ਉਨ੍ਹਾਂ ਨੂੰ ਵਰਦੀਆਂ ਸਨ।, ਅਪੱਛਰਾਂ ਉਨ੍ਹਾਂ ਸੂਰਮਿਆਂ ਨੂੰ ਬਿਬਾਨਾਂ ਵਿਚ ਬਿਠਾਕੇ ਸੁਰਗ-ਲੋਕ ਨੂੰ ਲਈ ਜਾਂਦੀਆਂ ਸਨ, ਪਰ ਉਹ ਯੋਧੇ ਬਿਬਾਨਾਂ ਵਿਚੋਂ ਕੁਦ ਕੁਦ ਕੇ ਮੁੜ ਕੇ ਜੰਗ ਕਰਨ ਲਈ ਮੈਦਾਨ ਵਿਚ ਆਉਂਦੇ ਸਨ ਤੇ ਤੀਰਾਂ ਦੀ ਮਾਰ ਸਹਿੰਦੇ ਹੋਏ ਅਗੇ ਵੱਧਦੇ ਸਨ॥ ੧੦॥ ੭੪॥

**ਹਾਂਕਿ ਹਾਂਕਿ ਲਰੇ ਤਹਾਂ ਰਦ ਰੀਝਿ ਰੀਝਿ ਭਟੇਂਦ੍ਰ॥**
**ਜੀਤਿ ਜੀਤਿ ਲਯੋ ਜਿਨੈ ਕਈ ਬਾਰ ਇੰਦ੍ਰ ਉਪੇਂਦ੍ਰ॥**
**ਕਾਟਿ ਕਾਟਿ ਦਏ ਕਪਾਲੀ ਬਾਂਟਿ ਬਾਂਟਿ ਦਿਸਾਨ॥**
**ਡਾਟਿ ਡਾਟਿ ਕਰੱਦਲੰ ਸੁਰ ਪੱਗੁ ਪੱਬ ਪਿਸਾਨ॥ ੧੧॥ ੭੫॥**

.ਬਹਾਦਰ ਸੂਰਮੇ ਲਲਕਾਰ ਲਲਕਾਰ ਕੇ ਤੇ ਬੜੀ ਰੀਝ ਉਤਸ਼ਾਹ ਨਾਲ ਰਣਭੂਮੀ ਵਿਚ ਲੜਦੇ ਸਨ, ਇਨ੍ਹਾਂ ਸੂਰਮਿਆਂ ਨੇ ਇੰਦਰ ਤੇ ਉਪਇੰਦ੍ਰ ਨੂੰ ਕਈ ਵਾਰੀ ਜਿੱਤਿਆ ਸੀ। ਇਨ੍ਹਾਂ ਯੋਧਿਆਂ ਨੇ ਆਪਣੇ ਸਿਰ ਕੱਟ ਕੇ ਸ਼ਿਵ ਜੀ ਦੀ ਭੇਟਾ ਕੀਤੇ ਸਨ ਜਾਂ ਦਸਾਂ ਦਿਸ਼ਾਂ ਵਿਚ ਵੰਡ ਦਿੱਤੇ ਸਨ। ਇਨ੍ਹਾ ਨੇ ਦੇਵਤਿਆਂ ਦੇ ਦਲਾਂ ਨੂੰ ਡੱਕ ਕੇ ਰਖਿਆ ਸੀ ਤੇ ਪਹਾੜਾਂ ਨੂੰ ਆਪਣੇ ਪੈਰਾਂ ਨਾਲ ਪੀਸ ਦਿੱਤਾ ਸੀ॥ ੧੧॥ ੭੫॥

**ਧਾਇ ਧਾਇ ਸੰਘਾਰੀਅੰ ਰਿਪੁ ਰਾਜ ਬਾਜ ਅਨੰਤ॥**

**ਸ੍ਰੋਨ ਕੀ ਸਰਤਾ ਉਠੀ ਰਣ ਮੱਧਿ ਰੂਪ ਦੁਰੰਤ॥
ਬਾਣ ਅਉਰ ਕਮਾਣ ਸੈਹਥੀ ਸੂਲ ਤਿੱਛ ਕੁਠਾਰ॥
ਚੰਡ ਮੁੰਡ ਹਨੇ ਦੋਊ ਕਰ ਕੋਪ ਕਾਲ ਕ੍ਰਵਾਰ॥੧੨॥੭੬॥**

ਉਹ ਸੂਰਮੇ ਦੌੜ ਦੌੜ ਕੇ ਵੈਰੀ ਰਾਜੇ ਦੇ ਘੋੜਿਆਂ ਨੂੰ ਮਾਰਦੇ ਸਨ। ਰਣਭੂਮੀ ਵਿਚ ਸੂਰਮਿਆਂ ਦੇ ਲਹੂ ਦੀ ਨਦੀ ਚਲ ਪਈ ਸੀ, ਜਿਸ ਵਿਚ ਬਾਣ, ਕਮਾਨ, ਸੈਹਥੀ, ਤ੍ਰਿਸੂਲ ਤੇ ਤਿਖੇ ਕੁਹਾੜੇ ਰੁੜ੍ਹੇ ਜਾਂਦੇ ਸਨ। ਕਾਲਕਾ ਨੇ ਬੜਾ ਕਰੋਧ ਧਾਰਨ ਕਰ ਕੇ ਤਲਵਾਰ ਦੇ ਵਾਰ ਨਾਲ ਚੰਡ ਤੇ ਮੁੰਡ ਦੋਹਾਂ ਦੈਂਤਾਂ ਨੂੰ ਮਾਰ ਦਿੱਤਾ॥੧੨॥੭੫॥

**ਦੋਹਰਾ॥ ਚੰਡ ਮੁੰਡ ਮਾਰੇ ਦੋਊ ਕਾਲੀ ਕੋਪ ਕ੍ਰਵਾਰ॥
ਅਉਰ ਜਿਤੀ ਸੈਨਾ ਹੁਤੀ ਛਿਨ ਮੋ ਦਈ ਸੰਘਾਰ॥੧੩॥੭੭॥**

ਕਾਲੀ ਨੇ ਬੜੇ ਕਰੋਧ ਨਾਲ ਵਾਰ ਕਰਕੇ ਚੰਡ ਤੇ ਮੁੰਡ ਦੋਹਾਂ ਦੈਂਤਾਂ ਨੂੰ ਮਾਰ ਦਿੱਤਾ। ਹੋਰ ਜਿੰਨੀ ਦੈਂਤਾਂ ਦੀ ਸੈਨਾ ਸੀ, ਉਹ ਵੀ ਇਕ ਛਿਨ ਵਿਚ ਖਤਮ ਕਰ ਦਿੱਤੀ॥੧੩॥੭੭॥

ਇਤਿ ਸ੍ਰੀ ਬਚਿਤ੍ਰ ਨਾਟਕੇ ਚੰਡੀ ਚਰਿਤ੍ਰੇ ਚੰਡ ਮੁੰਡ ਬਧਹ ਤ੍ਰਿਤੀਯੋ ਧਿਆਇ ਸੰਪੂਰਣਮ ਸਤੁ ਸੁਭਮ ਸਤੁ॥੩॥੧੩॥ ੭੭॥ਅਫਜੂੰ॥

ਸ੍ਰੀ ਬਚਿੱਤਰ ਨਾਟਕ, ਚੰਡੀ ਚਰਿੱਤਰ, ਚੰਡ ਮੁੰਡ ਦੈਂਤਾਂ ਦਾ ਕਤਲ, ਅਧਿਆਇ ਤੀਸਰਾ ਸਮਾਪਤ॥ ਸਤ ਸੁਭਮ ਸਤ॥੩॥ ੧੩॥ ੭੭॥ਚਲਦਾ॥

# ਅਧਿਆਏ ਚੌਥਾ

## ਰਕਤ ਬੀਜ ਯੁੱਧ ਵਰਣਨ

**ਸੋਰਠਾ॥ ਸੁਨੀ ਭੂਪ ਇਮ ਗਾਥ ਚੰਡ ਮੁੰਡ ਕਾਲੀ ਹਨੇ॥
ਬੈਠ ਭ੍ਰਾਤ ਸੌਂ ਭ੍ਰਾਤ ਮੰਤ੍ਰ ਕਰਤ ਇਹ ਬਿਧ ਭਏ॥੧॥੭੮॥**

ਜਦੋਂ ਰਾਜੇ ਸੁੰਭ ਨੇ ਇਹ ਖਬਰ ਸੁਣੀ ਕਿ ਕਾਲੀ ਨੇ ਚੰਡ ਤੇ ਮੁੰਡ ਦੋਹਾਂ ਨੂੰ ਮਾਰ ਦਿੱਤਾ ਹੈ, ਤਦ ਉਸਨੇ ਆਪਣੇ ਭਰਾ ਨਿਸੁੰਭ ਨਾਲ ਬੈਠ ਕੇ ਇਸ ਪ੍ਰਕਾਰ ਵਿਚਾਰ ਕੀਤੀ॥੧॥੭੮॥

**ਚੌਪਈ॥ ਰਕਤਬੀਜ ਤਬ ਭੂਪ ਬੁਲਾਯੋ॥ ਅਮਿਤ ਦਰਬੁ ਦੈ ਤਹਾਂ ਪਠਾਯੋ॥
ਬਹੁ ਬਿਧ ਦਈ ਬਿਰੂਥਨ ਸੰਗਾ॥ ਹੈ ਗੈ ਰਥ ਪੈਦਲ ਚਤੁਰੰਗ॥੨॥੭੯॥**

ਤਦ ਰਾਜੇ ਸੁੰਭ ਨੇ ਰਕਤਬੀਜ ਨੂੰ ਬੁਲਾਇਆ। ਬਹੁਤ ਸਾਰਾ ਧਨ ਦੇ ਕੇ ਉਸ ਨੇ ਰਕਤਬੀਜ ਨੂੰ ਦੇਵੀ ਨਾਲ ਜੰਗ ਕਰਨ ਲਈ ਭੇਜਿਆ। ਕਈ ਤਰ੍ਹਾਂ ਦੀ ਸੈਨਾ ਉਸ ਦੇ ਨਾਲ ਦਿੱਤੀ, ਜੋ ਘੋੜੇ, ਹਾਥੀ, ਰਥ ਤੇ ਪੈਦਲ ਚਾਰ ਪ੍ਰਕਾਰ ਦੀ ਸੀ॥ ੨॥ ੭੯॥

**ਰਕਤਬੀਜ ਦੈ ਚਲਿਯੋ ਨਗਾਰਾ॥ ਦੇਵ ਲੋਗ ਲਉ ਸੁਨੀ ਪੁਕਾਰਾ॥**
**ਕਿੰਪੀ ਭੂਮ ਗਗਨ ਥਹਰਾਨਾ॥ ਦੇਵਨ ਜੁਤਿ ਦਿਵਰਾਜ ਡਰਾਨਾ॥ ੩॥ ੮੦॥**

ਰਕਤਬੀਜ ਧੌਂਸਾ ਵਜਾਉਂਦਾ ਹੋਇਆ ਰਣਭੂਮੀ ਵਲ ਤੁਰ ਪਿਆ। ਉਸ ਦੀ ਚੜ੍ਹਾਈ ਦੀ ਖਬਰ ਸੁਰਗਪੁਰੀ ਤਕ ਪਹੁੰਚ ਗਈ। ਉਸ ਨੇ ਜੰਗ ਕਰਨ ਲਈ ਜਾਂਦਾ ਵੇਖਕੇ ਧਰਤੀ ਕੰਬਣ ਲੱਗ ਪਈ ਤੇ ਅਕਾਸ਼ ਹਿੱਲਣ ਲੱਗ ਪਿਆ। ਦੇਵਤਿਆਂ ਸਮੇਤ ਦੇਵਤਿਆਂ ਦਾ ਰਾਜਾ ਇੰਦਰ ਵੀ ਡਰ ਗਿਆ॥ ੩॥ ੮੦॥

**ਧਵਲਾਗਿਰ ਕੇ ਜਬ ਤਟ ਆਏ॥ ਦੂੰਦਭ ਢੋਲ ਮ੍ਰਿਦੰਗ ਬਜਾਏ॥**
**ਜਬ ਹੀ ਸੁਨਾ ਕੁਲਾਹਲ ਕਾਨਾ॥ ਉਤਰੀ ਸ਼ਸਤਰ ਅਸਤ੍ਰ ਲੈ ਨਾਨਾ॥ ੪॥ ੮੧॥**

ਪਦ ਅਰਥ - ਧਵਲਾ ਗਿਰ=ਕੈਲਾਸ਼ ਪਰਬਤ।

ਜਦੋਂ ਦੈਂਤ ਕੈਲਾਸ਼ ਪਰਬਤ ਦੇ ਕੋਲ ਆਏ, ਤਦ ਉਨ੍ਹਾਂ ਨੇ ਨਗਾਰੇ, ਢੋਲ ਤੇ ਮ੍ਰਿਦੰਗ ਆਦਿ ਜੰਗੀ ਵਾਜੇ ਵਜਾਏ। ਜਦੋਂ ਇਨ੍ਹਾਂ ਵਾਜਿਆਂ ਦੀ ਆਵਾਜ਼ ਦੇਵੀ ਦੇ ਕੰਨਾਂ ਵਿਚ ਪਈ ਤਾਂ ਉਹ ਸ਼ਸਤਰ ਅਸਤਰ ਸਜਾਕੇ ਕੈਲਾਸ਼ ਪਰਬਤ ਤੋਂ ਹੇਠਾਂ ਉੱਤਰ ਆਈ॥ ੪॥ ੮੧॥

**ਛਹਬਰ ਲਾਇ ਬਰਖੀਯੰ ਬਾਣੰ॥ ਬਾਜ ਰਾਜ ਅਰੁ ਗਿਰੇ ਕਿਕਾਣੰ॥**
**ਢਹਿ ਢਹਿ ਪਰੇ ਸੁਭਟ ਸਿਰਦਾਰਾ॥ ਜਨੁ ਕਰ ਕਟੇ ਬਿਰਛ ਸੰਗ ਆਰਾ॥ ੫॥ ੮੨॥**

ਦੇਵੀ ਨੇ ਮੀਂਹ ਵਾਂਗੂੰ ਤੀਰਾਂ ਦੀ ਵਰਖਾ ਸ਼ੁਰੂ ਕਰ ਦਿੱਤੀ। ਜਿੰਨ੍ਹਾਂ ਦੇ ਲੱਗਣ ਨਾਲ ਅਰਬੀ ਘੋੜੇ ਮੈਦਾਨ ਵਿਚ ਡਿੱਗ ਪਏ। ਸ਼ਸਤਰਾਂ ਦੇ ਲੱਗਣ ਨਾਲ ਬੜੇ ਬੜੇ ਸੂਰਮੇ ਤੇ ਸੈਨਾਪਤੀ ਵੀ ਰਣਭੂਮੀ ਵਿਚ ਡਿੱਗ ਪਏ। ਇਉਂ ਪ੍ਰਤੀਤ ਹੋ ਰਿਹਾ ਸੀ ਜਿਵੇਂ ਆਰੇ ਨਾਲ ਕੱਟ ਕੱਟ ਕੇ ਬਿਰਛ ਧਰਤੀ ਤੇ ਸੁਟੇ ਹੋਏ ਸਨ॥ ੫॥ ੮੨॥

**ਜੇ ਜੇ ਸ਼ੱਤ੍ਰੂ ਸਾਮੁਹੇ ਭਏ॥ ਬਹੁਰ ਜੀਅਤ ਗ੍ਰਿਹ ਕੋ ਨਹੀ ਗਏ॥**
**ਜਿਹ ਪਰ ਪਰਤ ਭਈ ਤਰਵਾਰਾ॥ ਇਕਿ ਇਕਿ ਤੇਂ ਭਏ ਦੋ ਦੋ ਚਾਰਾ॥ ੬॥ ੮੩॥**

ਜਿਹੜਾ ਵੈਰੀ ਲੜਨ ਲਈ ਸਾਹਮਣੇ ਆਇਆ, ਉਹ ਫਿਰ ਜਿਊਂਦਾ ਘਰ ਨਹੀਂ ਗਿਆ। ਜਿੰਨ੍ਹਾਂ ਸੂਰਮਿਆਂ ਨੂੰ ਤਲਵਾਰ ਵੱਜੀ, ਉਹ ਇਕ ਇਕ ਤੋਂ ਦੋ ਦੋ ਤੇ ਦੋਹਾਂ ਤੋਂ ਚਾਰ ਟੁਕੜੇ ਹੋ ਕੇ ਧਰਤੀ ਤੇ ਡਿੱਗ ਪਏ॥ ੬॥ ੮੩॥

## ਭੁਜੰਗ ਪ੍ਰਯਾਤ ਛੰਦ ॥

**ਝਿਮੀ ਤੇਜ ਤੇਗੰ ਸੁ ਰੋਸੰ ਪ੍ਰਹਾਰੰ ॥ ਖਿਮੀ ਦਾਮਨੀ ਜਾਣ ਭਾਦੋ ਮਝਾਰੰ ॥**
**ਉਠੇ ਨੱਦ ਨਾਦੰ ਕੜੱਕੇ ਕਮਾਣੰ ॥ ਮਚਜੇ ਲੋਹ ਕ੍ਰੋਹੰ ਅਭੂਤੰ ਭਯਾਣੰ ॥ ੭ ॥ ੮੪ ॥**

ਦੇਵੀ ਨੇ ਜਿਹੜੀ ਬੜੇ ਕਰੋਧ ਨਾਲ ਤਿੱਖੀ ਤਲਵਾਰ ਚਲਾਈ ਸੀ, ਉਹ ਇਉਂ ਚਮਕਦੀ ਸੀ, ਜਿਵੇਂ ਭਾਦਰੋਂ ਦੇ ਮਹੀਨੇ ਵਿਚ ਬੱਦਲਾਂ ਵਿਚ ਬਿਜਲੀ ਚਮਕਦੀ ਹੈ। ਨਗਾਰਿਆਂ ਦੀ ਗੁੰਜਾਰ ਤੇ ਕਮਾਨਾਂ ਦੀ ਕੜ ਕੜ ਹੋ ਰਹੀ ਸੀ। ਜਿਹੜੇ ਬੜੇ ਰੋਹ ਨਾਲ ਸ਼ਸਤਰ ਚਲਦੇ ਸਨ, ਉਹ ਬੜੇ ਅਸਚਰਜ ਤੇ ਭਿਆਨਕ ਲੱਗਦੇ ਸਨ॥੭॥੮੪॥

**ਬਜੇ ਭੇਰ ਭੇਰੀ ਜੁਝਾਰੇ ਝਣੰਕੇ ॥ ਪਰੀ ਕੁੱਟ ਕੁੱਟੰ ਲਗੇ ਧੀਰ ਧੱਕੇ ॥**
**ਰਵੀ ਚਾਵਡੀਯੰ ਨਫੀਰੰ ਰਣੰਕੰ ॥ ਮਨੋ ਬਿੰਚਰੰ ਬਾਘ ਬੰਕੇ ਬਬੱਕੰ ॥ ੮ ॥ ੮੫ ॥**

ਰਣਭੂਮੀ ਵਿਚ ਭੇਰੀਆਂ ਵੱਜ ਰਹੀਆਂ ਸਨ ਤੇ ਸੂਰਮੇ ਸ਼ਸਤਰ ਚਮਕਾ ਰਹੇ ਸਨ। ਮਾਰ ਕੁੱਟ ਤੇ ਧੱਕਮਧੱਕਾ ਹੋ ਰਿਹਾ ਸੀ। ਇੱਲਾਂ ਬੋਲ ਰਹੀਆਂ ਸਨ ਤੇ ਤੂਤੀਆਂ ਵੱਜ ਰਹੀਆਂ ਸਨ। ਇਉਂ ਪ੍ਰਤੀਤ ਹੋ ਰਿਹਾ ਸੀ ਜਿਵੇਂ ਭਿਆਨਕ ਸ਼ੇਰ ਭਬਕਦੇ ਹੋਏ ਫਿਰ ਰਹੇ ਸਨ॥੮॥੮੫॥

**ਉਤੇ ਕੋਪੀਯੰਗ ਸ੍ਰੋਣ ਬਿੰਦੰ ਸੁ ਬੀਰੰ ॥ ਪ੍ਰਹਾਰੇ ਭਲੀ ਭਾਂਤ ਸੋਂ ਆਨ ਤੀਰੰ ॥**
**ਉਤੇ ਦਉਰ ਦੇਵੀ ਕਰਜੋ ਖੱਗ ਪਾਤੰ ॥ ਗਿਰਯੋ ਮੂਰਛਾ ਹ੍ਵੈ ਭਯੋ ਜਾਨੁ ਘਾਤੰ ॥ ੯ ॥ ੮੬ ॥**

ਇਧਰੋਂ ਰਕਤਬੀਜ ਸੂਰਮਾ ਬੜੇ ਕਰੋਧ ਵਿਚ ਆਇਆ ਤੇ ਉਸਨੇ ਭਲੀ ਪ੍ਰਕਾਰ ਨਾਲ ਬੜੇ ਤਿੱਖੇ ਤੀਰ ਚਲਾਏ। ਓਧਰੋਂ ਦੇਵੀ ਦੁਰਗਾ ਨੇ ਦੌੜਕੇ ਖੜਗ ਦਾ ਵਾਰ ਕੀਤਾ, ਜਿਸ ਦੀ ਚੋਟ ਨਾਲ ਰਕਤਬੀਜ ਦੈਂਤ ਬੇਸੁਧ ਹੋ ਕੇ ਡਿੱਗਾ ਇੰਝ ਪ੍ਰਤੀਤ ਹੋਇਆ ਜਿਵੇਂ ਮਰ ਗਿਆ ਹੁੰਦਾ ਹੈ॥੯॥੮੭॥

**ਛੁਟੀ ਮੂਰਛਨਾਯੰ ਮਹਾਂ ਬੀਰ ਗਜੱਯੋ ॥ ਘਰੀ ਚਾਰ ਲਉ ਸਾਰ ਸੋ ਸਾਰ ਬੱਜਯੋ ॥**
**ਲਗੇ ਬਾਣ ਸ੍ਰੋਣੰ ਗਿਰਿਯੋ ਭੂਮਿ ਜੁੱਧੰ ॥ ਉਠੇ ਬੀਰ ਤੇਤੇ ਕੀਏ ਨਾਦ ਕ੍ਰੁੱਧੰ ॥ ੧੦ ॥ ੮੭ ॥**

ਜਦੋਂ ਰਕਤਬੀਜ ਦੀ ਮੂਰਛਾ ਦੂਰ ਹੋਈ ਤਾਂ ਉਹ ਫਿਰ ਉਠਕੇ ਮੈਦਾਨ ਵਿਚ ਗਰਜਿਆ। ਚਾਰ ਘੜੀ ਤਕ ਸ਼ਸਤਰ ਨਾਲ ਸ਼ਸਤਰ ਵੱਜੇ। ਜਦੋਂ ਰਕਤਬੀਜ ਨੂੰ ਦੇਵੀ ਦੇ ਤੀਰ ਲੱਗੇ ਤਾਂ ਉਸ ਦੇ ਸਰੀਰ ਵਿਚੋਂ ਲਹੂ ਧਰਤੀ ਤੇ ਡਿੱਗਿਆ, ਜਿੰਨੀਆਂ ਲਹੂ ਦੀਆਂ ਬੂੰਦਾਂ ਧਰਤੀ ਤੇ ਡਿੱਗੀਆਂ, ਉਸ ਦੀਆਂ ਬੂੰਦਾਂ ਵਿਚੋਂ ਓਨੇ ਹੀ ਰਕਤਬੀਜ ਪੈਦਾ ਹੋ ਗਏ, ਜੋ ਬੜੇ ਕਰੋਧ ਨਾਲ ਗਰਜਨ ਲੱਗੇ॥੧੦॥੮੭॥

**ਉਠੇ ਬੀਰ ਜੇਤੇ ਤਿਤੇ ਕਾਲ ਕੂਟੇ ॥ ਪਰੇ ਚਰਮ ਬਰਮੰ ਕਹੂੰ ਗਾਤ ਟੂਟੇ ॥**
**ਜਿਤੀ ਭੂਮ ਮੱਧੰ ਪਰੀ ਸ੍ਰੋਣ ਧਾਰੰ ॥ ਜਗੇ ਸੂਰ ਤੇਤੇ ਕੀਏ ਮਾਰ ਮਾਰੰ ॥ ੧੧ ॥ ੮੮ ॥**

ਰਕਤਬੀਜ ਦੇ ਲਹੂ ਤੋਂ ਜਿੰਨੇ ਸੂਰਮੇ ਪੈਦਾ ਹੋਏ, ਓਨਿਆਂ ਨੂੰ ਹੀ ਕਾਲ ਨੇ ਮਾਰ ਦਿੱਤਾ। ਕਿਸੇ ਪਾਸੇ ਢਾਲਾਂ, ਕਿਸੇ ਪਾਸੇ ਸੰਜੋਆਂ ਤੇ ਕਿਸੇ ਪਾਸੇ ਸੂਰਮਿਆਂ ਦੇ ਜ਼ਖਮੀ ਹੋਏ ਸਰੀਰ ਡਿੱਗੇ ਪਏ ਸਨ। ਰਕਤਬੀਜ ਦੇ ਲਹੂ ਦੀਆਂ ਜਿੰਨੀਆਂ ਬੂੰਦਾਂ ਧਰਤੀ ਤੇ ਡਿੱਗਦੀਆਂ ਸਨ, ਉਸ ਵਿਚੋਂ ਓਨੇ ਹੀ ਹੋਰ ਰਕਤਬੀਜ ਪੈਦਾ ਹੋ ਕੇ ਮੂੰਹੋਂ 'ਮਾਰ ਲੌਂ-ਮਾਰ ਲੌਂ' ਕਰਦੇ ਮੈਦਾਨ ਵਿਚ ਆ ਜਾਂਦੇ ਸਨ।

**ਪਰੀ ਕੁੱਟ ਕੁੱਟੰ ਰੁਲੇ ਤੱਛ ਮੁੱਛੰ॥ ਕਹੂੰ ਮੁੰਡ ਤੁੰਡੰ ਕਹੂੰ ਮਾਸੁ ਮੁਛੰ॥**
**ਭਯੋ ਚਾਰ ਸੈ ਕੋਸ ਲਉ ਬੀਰ ਖੇਤੰ॥ ਬਿਦਾਰੇ ਪਰੇ ਬੀਰ ਬ੍ਰਿੰਦੰ ਬਿਚੇਤੰ॥ ੧੨॥ ੮੯॥**

ਬੜੀ ਕੁੱਟ ਮਾਰ ਹੋਈ, ਤੱਛੇ ਮੁੱਛੇ ਸਰੀਰ ਮੈਦਾਨ ਵਿਚ ਰੁਲ ਰਹੇ ਸਨ। ਕਿਤੇ ਸਿਰ, ਕਿਤੇ ਮੂੰਹ ਤੇ ਕਿਤੇ ਮਾਸ ਦੇ ਟੁਕੜੇ ਪਏ ਸਨ। ਚਾਰ ਸੌ ਕੋਹਾਂ ਤਕ ਸੂਰਮਿਆਂ ਦੇ ਲੜਨ ਲਈ ਰਣਭੂਮੀ ਫੈਲੀ ਹੋਈ ਸੀ, ਜਿਸ ਵਿਚ ਬੇਅੰਤ ਸੂਰਮੇ ਮਰੇ ਪਏ ਸਨ ਤੇ ਕਈ ਬੇਹੋਸ਼ ਹੋਏ ਪਏ ਸਨ॥ ੧੨॥ ੮੯॥

## ਰਸਾਵਲ ਛੰਦ॥

**ਚਹੂੰ ਓਰ ਢੂਕੇ॥ ਮੁਖੰ ਮਾਰ ਕੂਕੇ॥ ਝੰਡਾ ਗੱਡ ਗਾਢੇ॥ ਮਚੇ ਰੋਸ ਬਾਢੇ॥ ੧੩॥ ੯੦॥**

ਸੂਰਮੇ ਜੰਗ ਕਰਨ ਲਈ ਚੌਹਾਂ ਪਾਸਿਆਂ ਤੋਂ ਅਗੇ ਵੱਧ ਰਹੇ ਸਨ ਤੇ ਮੂੰਹੋਂ ਮਾਰੋ ਮਾਰ ਦਾ ਸ਼ਬਦ ਬੋਲ ਰਹੇ ਸਨ। ਮੈਦਾਨ ਵਿਚ ਦੋਹਾਂ ਪਾਸਿਆਂ ਦੇ ਝੰਡੇ ਬੜੀ ਪਕਿਆਈ ਨਾਲ ਗੱਡੇ ਹੋਏ ਸਨ ਤੇ ਕਰੋਧ ਵਿਚ ਭਰੇ ਹੋਏ ਸੂਰਮੇ ਵਢ ਟੁਕ ਕਰ ਰਹੇ ਸਨ॥ ੧੩॥ ੯੦॥

**ਭਰੇ ਬੀਰ ਹਰਖੰ॥ ਕਰੀ ਬਾਣ ਬਰਖੰ॥ ਚਵੰ ਚਾਰ ਢੁੱਕੇ॥ ਪਛੇ ਆਹੁ ਰੁੱਕੇ॥ ੧੪॥ ੯੧॥**

ਸੂਰਮੇ ਬੜੇ ਉਤਸ਼ਾਹ ਨਾਲ ਭਰੇ ਹੋਏ ਸਨ ਤੇ ਤੀਰਾਂ ਦੀ ਵਰਖਾਂ ਕਰ ਰਹੇ ਸਨ। ਚੌਹਾਂ ਪਾਸਿਆਂ ਤੋਂ ਚਤੁਰੰਗਨੀ ਸੈਨਾ ਅੱਗੇ ਵਧ ਕੇ ਆਪੋ ਆਪਣੇ ਪੱਖ ਲਈ ਲੜ ਰਹੀ ਸੀ॥ ੧੪॥ ੯੧॥

**ਪਰੀ ਸ਼ਸਤ੍ਰ ਝਾਰੰ॥ ਚਲੀ ਸ੍ਰੋਣ ਧਾਰੰ॥ ਉਠੇ ਬੀਰ ਮਾਨੀ॥ ਧਰੇ ਬਾਨ ਪਾਨੀ॥ ੧੫॥ ੯੨॥**

ਸ਼ਸਤਰਾਂ ਦੀ ਝਾੜ ਪੈਣ ਨਾਲ ਲਹੂ ਦੀ ਨਦੀ ਵਗਣ ਲੱਗ ਪਈ। ਬੜੇ ਮਾਣ ਵਾਲੇ ਸੂਰਮੇ ਖੜੇ ਸਨ ਅਤੇ ਉਨ੍ਹਾਂ ਨੇ ਹੱਥਾਂ ਵਿਚ ਤੀਰ ਕਮਾਣ ਫੜੇ ਹੋਏ ਸਨ॥ ੧੫॥ ੯੨॥

**ਮਹਾ ਰੋਸ ਗੱਜੇ॥ ਤੁਰੀ ਨਾਦ ਬੱਜੇ॥ ਭਰੇ ਰੋਸ ਭਾਰੀ॥ ਮਚੇ ਛੱਤ੍ਰ ਧਾਰੀ॥ ੧੬॥ ੯੩॥**

ਸੂਰਮੇ ਬੜੇ ਕਰੋਧ ਵਿਚ ਭਰੇ ਹੋਏ ਗੱਜ ਰਹੇ ਸਨ ਅਤੇ ਤੁਰੀਆਂ ਤੇ ਨਗਾਰੇ ਵੱਜ ਰਹੇ ਸਨ। ਬੜੇ ਬੜੇ ਛੱਤ੍ਰਧਾਰੀ ਕਰੋਧ ਵਿਚ ਮਚੇ ਹੋਏ ਰਣਭੂਮੀ ਵਿਚ ਫਿਰ ਰਹੇ ਸਨ॥ ੧੬॥ ੯੩॥

**ਹਕੰ ਹਾਕ ਬੱਜੀ॥ ਫਿਰੈ ਸੈਣ ਭੱਜੀ॥ ਪਰਜੋ ਲੋਹ ਕ੍ਰੋਹੰ॥ ਛਕੇ ਸੂਰ ਸੋਹੰ॥ ੧੭॥ ੯੪॥**

ਸੂਰਮੇ ਲਲਕਾਰੇ ਤੇ ਲਲਕਾਰੇ ਮਾਰ ਰਹੇ ਸਨ। ਰਣਭੂਮੀ ਵਿਚ ਸੈਨਾ ਏਧਰ ਉਧਰ ਦੌੜ ਰਹੀ ਸੀ। ਬੜੇ ਰੋਹ ਨਾਲ ਸੂਰਮੇ ਜੰਗ ਕਰ ਰਹੇ ਸਨ ਤੇ ਬੀਰ ਰਸ ਵਿਚ ਮਸਤ ਹੋਏ ਸ਼ੋਭ ਰਹੇ ਸਨ॥ ੧੭॥ ੯੪॥

**ਗਿਰੇ ਅੰਗ ਭੰਗੰ ॥ ਦਵੰ ਜਾਨੁ ਦੰਗੰ ॥ ਕੜੰਕਾਰ ਛੁੱਟੇ ॥ ਝਣੰਕਾਰ ਉੱਠੇ ॥ ੧੮ ॥ ੯੫ ॥**

ਸੂਰਮਿਆਂ ਦੇ ਟੁੱਟੇ ਹੋਏ ਅੰਗ ਮੈਦਾਨ ਵਿਚ ਪਏ ਇਉਂ ਪ੍ਰਤੀਤ ਹੁੰਦੇ ਸਨ ਮਾਨੋ ਅੱਗ ਦੇ ਅੰਗਿਆਰ ਪਏ ਸਨ। ਕਾੜ ਕਾੜ ਕਰਦੇ ਬਾਣ ਚਲ ਰਹੇ ਸਨ ਤੇ ਤਲਵਾਰ ਚਲਣ ਦੀ ਝਣਕਾਰ ਉੱਠ ਰਹੀ ਸੀ ॥ ੧੮ ॥ ੯੫ ॥

**ਕਟਾ ਕੱਟ ਬਾਹੈ ॥ ਉਭੈ ਜੀਤ ਚਾਹੈ ॥ ਮਹਾਂ ਮੱਦ ਮਾਂਤੇ ॥ ਤਪੇ ਤੇਜ ਤਾਤੇ ॥ ੧੯ ॥ ੯੬ ॥**

ਯੋਧੇ ਆਪਣੀਆਂ ਬਲਵਾਨ ਬਾਂਹਾਂ ਨਾਲ ਇਕ ਦੂਜੇ ਨੂੰ ਕਟ ਕਟ ਕੇ ਸੁੱਟ ਰਹੇ ਸਨ। ਦੋਹਾਂ ਪਾਸਿਆਂ ਦੇ ਸੂਰਮੇ ਆਪੋ ਆਪਣੀ ਜਿੱਤ ਚਾਹ ਰਹੇ ਸਨ ਅਤੇ ਸ਼ਰਾਬੀਆਂ ਵਾਂਗੂ ਮਸਤ ਤੇ ਅੱਗ ਨਾਲੋਂ ਵੀ ਤੇਜ ਹੋਏ ਫਿਰਦੇ ਸਨ ॥ ੧੯ ॥ ੯੬ ॥

**ਰਸੰ ਰੁਦ੍ਰ ਰਾਚੇ ॥ ਉਭੇ ਜੁੱਧ ਮਾਚੇ ॥ ਕਰੈਂ ਬਾਣ ਅਰਚਾ ॥ ਧਨੁਰ ਬੇਦ ਚਰਚਾ ॥ ੨੦ ॥ ੯੭ ॥**

ਦੋਹਾਂ ਪਾਸਿਆਂ ਦੇ ਸੂਰਮੇ ਰੌਦ੍ਰ ਰਸ ਵਿਚ ਮਸਤ ਹੋਏ ਜੰਗ ਕਰ ਰਹੇ ਸਨ। ਸੂਰਮੇ ਤੀਰਾਂ ਦੀ ਭੇਟਾ ਕਰ ਰਹੇ ਸਨ ਤੇ ਧਨੁਖ ਵਿਦਿਆ ਦੀ ਚਰਚਾ ਕਰ ਰਹੇ ਸਨ ॥ ੨੦ ॥ ੯੭ ॥

**ਮਚੇ ਬੀਰ ਬੀਰੰ ॥ ਉਠੀ ਝਾਰ ਤੀਰੰ ॥ ਗਲੋ ਗੱਡ ਫੋਰੈਂ ॥ ਨਹੀ ਨੈਨ ਮੋਰੈਂ ॥ ੨੧ ॥ ੯੮ ॥**

ਪਦ ਅਰਥ - ਗਲੋ ਗੱਡ=ਦੁਰਗਾ ਵਯੂਹ, ਸੈਨਾ ਦੇ ਇਕ ਹਿੱਸੇ ਨੂੰ ਕਿਲ੍ਹੇ ਦੀ ਸ਼ਕਲ ਵਿਚ ਖੜੇ ਕਰਨ ਨੂੰ 'ਦੁਰਗ ਵਯੂਹ' ਕਹਿੰਦੇ ਸਨ।

ਸੂਰਮੇ ਸੂਰਮਗਤੀ ਵਿਚ ਮਸਤ ਹੋਏ ਫਿਰਦੇ ਸਨ ਅਤੇ ਤੀਰਾਂ ਦੀ ਵਾਛੜ ਪੈ ਰਹੀ ਸੀ। ਜੋਧੇ ਵੈਰੀਆਂ ਦੇ ਬਣਾਏ ਦੁਰਗ ਵਯੂਹ ਨੂੰ ਤੋੜਦੇ ਸਨ ਤੇ ਜੰਗ ਵਲੋਂ ਅੱਖਾਂ ਨਹੀਂ ਮੋੜਦੇ ਸਨ ਭਾਵ ਜੰਗ ਕਰਨ ਤੋਂ ਪਿਛਾਂਹ ਨਹੀਂ ਹਟਦੇ ਸਨ ॥ ੨੧ ॥ ੯੮ ॥

**ਸਮੁਹ ਸ਼ਸਤਰ ਬਰਖੇ ॥ ਮਹਿਖੁਆਸੁ ਕਰਖੇ ॥ ਕਰੈਂ ਤੀਰ ਮਾਰੰ ॥ ਬਹੈਂ ਲੋਹ ਧਾਰੰ ॥ ੨੨ ॥ ੯੯ ॥**

ਸੂਰਮੇ ਸਾਹਮਣੇ ਹੋ ਕੇ ਸ਼ਸਤਰ ਚਲਾ ਰਹੇ ਸਨ। ਕਮਾਣਾਂ ਨੂੰ ਖਿੱਚਦੇ ਹੋਏ ਤੀਰ ਛੱਡਦੇ ਸਨ। ਸੂਰਮਿਆਂ ਦੇ ਸਰੀਰਾਂ ਵਿਚੋਂ ਲਹੂ ਦੀਆਂ ਧਾਰਾਂ ਵਗ ਰਹੀਆਂ ਸਨ ॥ ੨੨ ॥ ੯੯ ॥

**ਨਦੀ ਸ੍ਰੋਣ ਪੂਰੰ ॥ ਫਿਰੀ ਗੈਣ ਹੂਰੰ ॥ ਗਜੈ ਗੈਣ ਕਾਲੀ ॥ ਹਸੀ ਖੱਪਰਾਲੀ ॥ ੨੩ ॥ ੧੦੦ ॥**

ਲਹੂ ਦੀ ਨਦੀ ਭਰਪੂਰ ਹੋ ਗਈ ਸੀ ਅਤੇ ਸੂਰਮਿਆਂ ਨੂੰ ਵਰਨ ਲਈ ਅਕਾਸ਼ ਵਿਚ ਹੂਰਾਂ ਫਿਰਦੀਆਂ ਸਨ। ਕਾਲਕਾ ਦੇਵੀ ਆਕਾਸ਼ ਵਿਚ ਗਰਜ ਰਹੀ ਸੀ। ਜੋਗਣੀਆਂ ਖੱਪਰ ਹੱਥ ਵਿਚ ਲੈ ਕੇ ਹੱਸ ਰਹੀਆਂ ਸਨ ॥ ੨੩ ॥ ੧੦੦ ॥

**ਕਹੂੰ ਬਾਜ ਮਾਰੇ ॥ ਕਹੂੰ ਸੂਰ ਭਾਰੇ ॥ ਕਹੂੰ ਚਰਮ ਟੂਟੇ ॥ ਫਿਰੈ ਗੱਜ ਛੂਟੇ ॥ ੨੪ ॥ ੧੦੧ ॥**

ਰਣਭੂਮੀ ਵਿਚ ਕਿਸੇ ਪਾਸੇ ਘੋੜੇ ਮਰੇ ਪਏ ਸਨ। ਕਿਸੇ ਪਾਸੇ ਵੱਡੇ ਵੱਡੇ ਸੂਰਮੇ ਡਿੱਗੇ ਪਏ ਸਨ। ਕਿਸੇ ਪਾਸੇ ਢਾਲਾਂ ਟੁੱਟੀਆਂ ਪਈਆਂ ਸਨ ਤੇ ਕਿਸੇ ਪਾਸੇ ਜ਼ਖਮੀ ਹੋਏ ਹਾਥੀ ਪਏ ਸਨ ॥ ੨੪ ॥ ੧੦੧ ॥

**ਕਹੂੰ ਬਰਮ ਬੇਧੇ ॥ ਕਹੂੰ ਚਰਮ ਛੇਦੇ ॥ ਕਹੂੰ ਪੀਲ ਪਰਮੰ ॥ ਕਟੇ ਬਾਜ ਬਰਮੰ ॥ ੨੫ ॥ ੧੦੨ ॥**

ਮੈਦਾਨਿ-ਜੰਗ ਵਿਚ ਕਿਸੇ ਪਾਸੇ ਸੰਜੋਆਂ ਵਿੰਨ੍ਹੀਆਂ ਪਈਆਂ ਸਨ ਕਿਸੇ ਪਾਸੇ ਢਾਲਾਂ ਟੁੱਟੀਆਂ ਸਨ। ਕਿਤੇ ਵਡੇ ਵਡੇ ਹਾਥੀ ਕੱਟੇ ਹੋਏ ਪਏ ਸਨ ਤੇ ਕਿਸੇ ਪਾਸੇ ਘੋੜਿਆਂ ਦੀਆਂ ਸੰਜੋਆਂ ਕੱਟੀਆਂ ਪਈਆਂ ਸਨ ॥ ੨੫ ॥ ੧੦੨ ॥

**ਬਲੀ ਬੈਰ ਰੁੱਝੇ ॥ ਸਮੂਹ ਸਾਰ ਜੁੱਝੇ ॥ ਲਖੇ ਬੀਰ ਖੇਤੰ ॥ ਨਚੇ ਭੂਤ ਪ੍ਰੇਤੰ ॥ ੨੬ ॥ ੧੦੩ ॥**

ਸਾਰੇ ਸੂਰਮੇ ਵੈਰ-ਭਾਵਨਾ ਵਿਚ ਮਸਤ ਹੋਏ ਸ਼ਸਤਰ ਲੈ ਕੇ ਜੰਗ ਕਰ ਰਹੇ ਸਨ। ਸੂਰਮਿਆਂ ਨੂੰ ਲੜਦਿਆਂ ਵੇਖਕੇ ਭੂਤ ਪ੍ਰੇਤ ਖੁਸ਼ੀ ਨਾਲ ਨੱਚ ਰਹੇ ਸਨ ॥ ੨੬ ॥ ੧੦੩ ॥

**ਨਚੇ ਮਾਸਹਾਰੀ ॥ ਹਸੇ ਬਯੋਮਚਾਰੀ ॥ ਕਿਲੱਕਾਰ ਕੰਕੰ ॥ ਮਚੇ ਬੀਰ ਬੰਕੰ ॥ ੨੭ ॥ ੧੦੪ ॥**

ਮੁਰਦਿਆਂ ਦਾ ਮਾਸ ਖਾਣ ਵਾਲੇ ਭੂਤ ਪ੍ਰੇਤ ਨੱਚ ਰਹੇ ਸਨ। ਆਕਾਸ਼ ਵਿਚ ਉਡਣ ਵਾਲੇ ਗਿਰਝਾਂ ਆਦਿ ਜੀਵ ਹੱਸ ਰਹੇ ਸਨ। ਕਾਂ ਕਿਲਕਾਂ ਮਾਰ ਰਹੇ ਸਨ ਤੇ ਬਾਂਕੇ ਸੂਰਮੇ ਜੰਗ ਵਿਚ ਮਸਤ ਸਨ ॥ ੨੭ ॥ ੧੦੪ ॥

**ਛੁਭੇ ਛੱਤ੍ਰਧਾਰੀ ॥ ਮਹਿਖੁਆਸ ਚਾਰੀ ॥ ਉਠੇ ਛਿੱਛ ਇੱਛੰ ॥ ਚਲੇ ਤੀਰ ਤਿੱਛੰ ॥ ੨੮ ॥ ੧੦੫ ॥**

ਛੱਤ੍ਰਧਾਰੀ ਸੂਰਮੇ ਕਰੋਧ ਨਾਲ ਭਰੇ ਹੋਏ ਸਨ ਤੇ ਤੀਰ ਚਲਾ ਰਹੇ ਸਨ। ਤਿੱਖੇ ਤੀਰਾਂ ਦੇ ਲੱਗਣ ਨਾਲ ਸੂਰਮਿਆਂ ਦੇ ਸਰੀਰਾਂ ਵਿਚੋਂ ਲਹੂ ਦੀਆਂ ਛਿੱਟਾਂ ਉਠ ਰਹੀਆਂ ਸਨ ॥ ੨੮ ॥ ੧੦੫ ॥

**ਗਣੰ ਗਾਂਧ੍ਰਬੇਯੰ ॥ ਚਰੰ ਚਾਰਣੇਯੰ ॥ ਹਸੇ ਸਿੰਧ ਸਿੱਧੰ ॥ ਮਚੇ ਬੀਰ ਕ੍ਰੁੱਧੰ ॥ ੨੯ ॥ ੧੦੬ ॥**

ਸ਼ਿਵ ਜੀ ਦੇ ਗਣ, ਗੰਧਰਬ, ਦੂਤ, ਭਟ ਤੇ ਸਿੱਧੀਆਂ ਵਾਲੇ ਸਿੱਧ ਹੱਸ ਰਹੇ ਸਨ। ਸੂਰਮੇ ਕ੍ਰੋਧ ਨਾਲ ਭੱਖ ਰਹੇ ਸਨ ॥ ੨੯ ॥ ੧੦੬ ॥

**ਡਕਾ ਡੱਕ ਡਾਕੈਂ ॥ ਹਕਾ ਹੱਕ ਹਾਕੈਂ ॥ ਭਕਾ ਭੁੰਕ ਭੇਰੀ ॥ ਡਮਕ ਡਾਮ ਡੇਰੀ ॥ ੩੦ ॥ ੧੦੭ ॥**

ਡਾਕਨੀਆਂ ਡਕਾਰ ਰਹੀਆਂ ਸਨ, ਹੰਕਾਰੀ ਸੂਰਮੇ ਲਲਕਾਰੇ ਮਾਰ ਰਹੇ ਸਨ। ਭੇਰੀਆਂ ਭੱਕ ਭੱਕ ਦਾ ਸ਼ਬਦ ਕਰਦੀਆਂ ਹੋਈਆਂ ਬੋਲ ਰਹੀਆਂ ਸਨ ਤੇ ਡੌਰੂ ਡੰਮ ਡੰਮ ਕਰਕੇ ਵੱਜ ਰਹੇ ਸਨ ॥ ੩੦ ॥ ੧੦੭ ॥

**ਮਹਾਂ ਬੀਰ ਗਾਜੇ ॥ ਨਵੰ ਨਾਦ ਬਾਜੇ ॥ ਧਰਾ ਗੋਮ ਗੱਜੇ ॥ ਦੁਰਗਾ ਦੈਤ ਬੱਜੇ ॥ ੩੧ ॥ ੧੦੮ ॥**

ਬਹਾਦਰ ਸੂਰਮੇ ਗਰਜ ਰਹੇ ਸਨ। ਨਵੇਂ ਨਵੇਂ ਨਗਾਰੇ ਵੱਜ ਰਹੇ ਸਨ। ਜੰਗ ਦੀ ਧਰਤੀ ਤੇ ਰਣ ਸਿੰਘੇ ਗੂੰਜ ਰਹੇ ਸਨ ਤੇ ਦੁਰਗਾ ਨਾਲ ਦੈਂਤ ਜੰਗ ਕਰ ਰਹੇ ਸਨ ॥ ੩੧ ॥ ੧੦੮ ॥

## ਬਿਜੈ ਛੰਦ ॥

**ਜੇਤਕ ਬਾਣ ਚਲੇ ਅਰਿ ਓਰ ਤੇ ਫੂਲ ਕੀ ਮਾਲ ਹ੍ਵੈ ਕੰਠ ਬਿਰਾਜੇ ॥**

**ਦਾਨਵ ਕੁੰਗਵ ਪੇਖ ਅਚੇਭਵ ਛੋਡ ਭਜੇ ਰਣ ਏਕ ਨ ਗਾਜੇ॥**
**ਕੁੰਜਰ ਪੁੰਜ ਗਿਰੇ ਤਿੱਹ ਠਉਰ ਭਰੇ ਸਭ ਸ੍ਰੋਨਤ ਪੈ ਗਨ ਤਾਜੇ॥**
**ਜਾਨੁਕ ਨੀਰਧ ਮੱਧਿ ਛਪੇ ਭ੍ਰਮਿ ਭੂਧਰ ਕੇ ਭਯ ਤੇ ਨਗ ਭਾਜੇ॥ ੩੨॥ ੧੦੯॥**

ਪਦ ਅਰਥ - ਭੂਧਰ=ਇੰਦਰ। ਨਗ=ਪਹਾੜ।

ਦੈਂਤਾਂ ਵਲੋਂ ਜਿੰਨੇ ਵੀ ਬਾਣ ਛਡੇ ਜਾ ਰਹੇ ਸਨ, ਉਹ ਸਾਰੇ ਫੁਲਾਂ ਦੇ ਹਾਰ ਬਣਕੇ ਦੁਰਗਾ ਦੇ ਗਲ ਵਿਚ ਪੈ ਰਹੇ ਸਨ। ਦੈਂਤਾਂ ਦੀ ਫੌਜ ਦੇ ਜੋਧੇ ਇਹ ਅਸਚਰਜ ਕੌਤਕ ਵੇਖਕੇ ਬਹੁਤ ਹੈਰਾਨ ਹੋਏ। ਉਹ ਰਣਭੂਮੀ ਨੂੰ ਛਡਕੇ ਭੱਜ ਗਏ, ਇਕ ਵੀ ਸੂਰਮਾ ਮੈਦਾਨ ਵਿਚ ਨਾ ਰਿਹਾ। ਜੰਗ ਦੇ ਮੈਦਾਨ ਵਿਚ ਅਨੇਕਾਂ ਹਾਥੀ ਮਰੇ ਪਏ ਸਨ ਤੇ ਅਰਬੀ ਘੋੜੇ ਲਹੂ ਨਾਲ ਲਥ ਪਥ ਹੋਏ ਪਏ ਸਨ। ਇਹ ਦ੍ਰਿਸ਼ ਇਸ ਤਰ੍ਹਾਂ ਦਾ ਪ੍ਰਤੀਤ ਹੋ ਰਿਹਾ ਹੈ; ਮਾਨੋ ਇੰਦਰ ਦੇ ਡਰ ਕਰਕੇ ਪਹਾੜ ਸਮੁੰਦਰ ਵਿਚ ਲੁਕੇ ਹੋਏ ਸਨ॥ ੩੨॥ ੧੦੯॥

## ਮਨੋਹਰ ਛੰਦ॥

**ਸ੍ਰੀ ਜਗਨਾਥ ਕਮਾਨ ਲੈ ਹਾਥ ਪ੍ਰਮਾਥਿਨ ਸੰਖ ਸ੍ਰਜਜੋ ਜਬ ਜੁੱਧੰ॥**
**ਗਾਹਤ ਸੈਨ ਸੰਘਾਰਤ ਸੂਰ ਬਬੱਕਤਿ ਸਿੰਘ ਭ੍ਰਮਯੋ ਰਣ ਕ੍ਰੁੱਧੰ॥**
**ਕਉਚਹ ਭੇਦ ਅਭੇਦਿਤ ਅੰਗ ਸੁ ਰੰਗ ਉਤੰਗ ਸੇ ਸੋਭਿਤ ਸੁੱਧੰ॥**
**ਮਾਨੋ ਬਿਸਾਲ ਬੜਵਾਨਲ ਜੁਆਲ ਸਮੁੰਦ੍ਰ ਕੇ ਮੱਧਿ ਬਿਰਾਜਤ ਉੱਧੰ॥ ੩੩॥ ੧੧੦॥**

ਪਦ ਅਰਥ - ਜਗਨਾਥ=ਸੰਸਾਰ ਦੀ ਮਾਲਕ ਦੇਵੀ ਦੁਰਗਾ। ਪ੍ਰਮਾਥਿਨ=ਵਜਾਇਆ।

ਜਦੋਂ ਜਗਤ ਮਾਤਾ ਦੇਵੀ ਨੇ ਕਮਾਨ ਫੜਕੇ ਦੈਂਤਾਂ ਨਾਲ ਜੰਗ ਸ਼ੁਰੂ ਕੀਤਾ, ਤਦ ਉਸਨੇ ਪਹਿਲਾਂ ਸੰਖ ਵਜਾਇਆ। ਫਿਰ ਦੇਵੀ ਦੈਂਤਾਂ ਦੀ ਸੈਨਾ ਨੂੰ ਲਤਾੜਦੀ ਤੇ ਮਾਰਦੀ ਫਿਰਦੀ ਸੀ। ਦੁਰਗਾ ਦਾ ਸ਼ੇਰ ਵੀ ਬੜੇ ਕਰੋਧ ਨਾਲ ਰਣਭੂਮੀ ਵਿਚ ਗਰਜ ਰਿਹਾ ਸੀ। ਦੇਵੀ ਨੇ ਦੈਂਤਾਂ ਦੀਆਂ ਉਨ੍ਹਾਂ ਸੰਜੋਆਂ ਨੂੰ ਤੋੜ ਭੰਨ ਦਿੱਤਾ, ਜਿਹੜੀਆਂ ਸੰਜੋਆਂ ਕਿ ਉਨ੍ਹਾਂ ਦੇ ਸਰੀਰਾਂ ਨਾਲ ਚੰਬੜੀਆਂ ਹੋਈਆਂ ਸਨ। ਦੈਂਤਾਂ ਦੀਆਂ ਸੰਜੋਆਂ ਵਿਚੋਂ ਲਹੂ ਉਪਰ ਨਿਕਲਕੇ ਸ਼ੋਭ ਰਿਹਾ ਸੀ। ਇਹ ਦ੍ਰਿਸ਼ ਇਉਂ ਜਾਪਦਾ ਮਾਨੋ ਬੜਵਾ ਅਗਨੀ ਦੀ ਲਾਟ ਸਮੁੰਦਰ ਵਿਚ ਬਿਰਾਜ ਰਹੀ ਸੀ ਭਾਵ ਸੰਜੋਆਂ ਵਿਚੋਂ ਨਿਕਲਦਾ ਲਹੂ ਬੜਵਾ ਅਗਨੀ ਦੀ ਲਾਟ ਵਾਂਗੂੰ ਪ੍ਰਤੀਤ ਹੋ ਰਿਹਾ ਸੀ॥ ੩੩॥ ੧੧੦॥

## ਬਿਜੇ ਛੰਦ॥

**ਪੂਰ ਰਹੀ ਭਵ ਪੂਰ ਧਨੁਰ ਧੁਨਿ ਧੂਰ ਉਡੀ ਨਭ ਮੰਡਲ ਛਾਯੋ॥**

**ਨੂਰ ਭਰੇ ਮੁਖ ਮਾਰ ਗਿਰੇ ਰਣ ਹੂਰਨ ਹੇਰ ਹੀਯੋ ਹੁਲਸਾਯੋ॥**
**ਪੂਰਣ ਰੋਸ ਭਰੇ ਅਰ ਤੂਰਣ ਪੂਰਿ ਪਰੇ ਰਣ ਭੂਮਿ ਸੁਹਾਯੋ॥**
**ਚੂਰ ਭਏ ਅਰਿ ਰੂਰੇ ਗਿਰੇ ਭਟ ਚੂਰਣ ਜਾਨੁਕ ਬੈਦ ਬਨਾਯੋ॥ ੩੪॥ ੧੧੧॥**

ਧਨੁਖ ਦੀ ਬਹੁਤ ਉੱਚੀ ਆਵਾਜ਼ ਸੰਸਾਰ ਵਿਚ ਫੈਲ ਰਹੀ ਸੀ। ਸੂਰਮਿਆਂ ਤੇ ਘੋੜਿਆਂ ਦੀ ਭੱਜ ਨੱਠ ਨਾਲ ਜੋ ਧੂੜ ਉਡ ਰਹੀ ਸੀ, ਉਸ ਨਾਲ ਆਕਾਸ਼ ਮੰਡਲ ਢਕਿਆ ਗਿਆ ਸੀ। ਸੂਰਮਿਆਂ ਦੇ ਨੂਰ ਭਰੇ ਚਿਹਰੇ ਗਰਦ ਨਾਲ ਭਰੇ ਹੋਏ ਸਨ ਅਤੇ ਉਹ ਮੂੰਹੋਂ 'ਮਾਰ ਲੌ'-ਮਾਰ ਲੌ' ਕਹਿੰਦੇ ਮੈਦਾਨ ਵਿਚ ਡਿੱਗ ਰਹੇ ਸਨ। ਉਨ੍ਹਾਂ ਸੂਰਮਿਆਂ ਨੂੰ ਵੇਖ ਕੇ ਅਪੱਛਰਾਂ ਦੇ ਹਿਰਦੇ ਪ੍ਰਸੰਨ ਹੋ ਰਹੇ ਸਨ। ਬੜੇ ਕਰੋਧ ਵਿਚ ਭਰੇ, ਸੂਰਮੇ, ਜੋ ਬੜੀ ਤੇਜੀ ਨਾਲ ਜੰਗ ਕਰਦੇ ਸਨ, ਉਨ੍ਹਾਂ ਦੇ ਪੂਰਾਂ ਦੇ ਪੂਰ ਪਾਰ ਲੰਘ ਗਏ। ਇਸ ਦ੍ਰਿਸ਼ ਨਾਲ ਰਣਭੂਮੀ ਸ਼ੋਭਾ ਵਾਲੀ ਹੋ ਰਹੀ ਸੀ। ਜਿਹੜੇ ਵੈਰੀਆਂ ਦੇ ਬਾਂਕੇ ਜਵਾਨ ਸੂਰਮੇ ਮੈਦਾਨ ਵਿਚ ਡਿੱਗੇ ਪਏ ਸਨ, ਉਹ ਪੈਰਾਂ ਨਾਲ ਲਤਾੜੇ ਜਾਣ ਕਰਕੇ ਚੂਰ ਚੂਰ ਹੋ ਗਏ ਸਨ। ਇਉਂ ਪ੍ਰਤੀਤ ਹੋ ਰਿਹਾ ਸੀ ਮਾਨੋ ਕਿਸੇ ਵੈਦ ਨੇ ਚੂਰਨ ਬਣਾਇਆ ਹੋਵੇ॥ ੩੪॥ ੧੧੧॥

## *ਸੰਗੀਤ ਭੁਜੰਗ ਪ੍ਰਯਾਤ ਛੰਦ॥*

**ਕਾਗੜਦੰਗ ਕਾਤੀ ਕਟਾਰੀ ਕੜਾਕੰ॥ ਤਾਗੜ ਦੰਗ ਤੀਰੰ ਤੁਪੱਕੰ ਤੜਾਕੰ॥**
**ਝਾਗੜਦੰਗ ਨਾਗੜਦੰਗ ਬਾਗੜਦੰਗ ਬਾਜੇ॥ ਗਾਗੜਦੰਗ ਗਾਜੀ ਮਹਾਂ ਗੱਜ ਗਾਜੇ॥ ੩੫॥ ੧੧੨॥**

ਪਦ ਅਰਥ - ਸੰਗੀਤ ਭੁਜੰਗ ਪ੍ਰਯਾਤ ਛੰਦ=ਇਹ ਛੰਦ ਸੰਗੀਤ ਦੀ ਲੈ ਤਾਰ ਨੂੰ ਮੁਖ ਰਖ ਕੇ ਰਚਿਆ ਜਾਂਦਾ ਹੈ। ਇਸ ਛੰਦ ਦੇ ਸ਼ੁਰੂ ਦੇ ਸ਼ਬਦਾਂ ਦੇ ਕੋਈ ਖਾਸ ਅਰਥ ਨਹੀਂ ਹੁੰਦੇ। ਇਹ ਕੇਵਲ ਸੰਗੀਤਕ ਲੈ ਪੈਦਾ ਕਰਨ ਲਈ ਲਿਖੇ ਜਾਂਦੇ ਸਨ।

ਛੁਰੀਆਂ ਤੇ ਕਟਾਰਾਂ ਕੜ ਕੜ ਕਰਦੀਆਂ ਸਨ। ਤੀਰ ਤਾੜ ਤਾੜ ਕਰਕੇ ਚਲਦੇ ਸਨ ਅਤੇ ਬੰਦੂਕਾਂ ਤੜਾਕ ਤੜਾਕ ਕਰਦੀਆਂ ਸਨ। ਚੋਟਾਂ ਲੱਗਣ ਨਾਲ ਧੌਂਸੇ ਬੰਮ ਬੰਮ ਕਰਕੇ ਵੱਜਦੇ ਸਨ ਤੇ ਸੂਰਮੇ ਗੜ ਗੜ ਕਰਕੇ ਬੜੀ ਉੱਚੀ ਉੱਚੀ ਗੱਜਦੇ ਸਨ॥ ੩੫॥ ੧੧੨॥

**ਸਾਗੜਦੰਗ ਸੂਰੰ ਕਾਗੜਦੰਗ ਕੋਪੰ॥ ਪਾਗੜਦੰਗ ਪਰਮੰ ਰਣੰ ਪਾਵ ਰੋਪੰ॥**
**ਸਾਗੜਦੰਗ ਸ਼ਸਤਰੰ ਝਾਗੜਦੰਗ ਝਾਰੈਂ॥ ਬਾਗੜਦੰਗ ਬੀਰੰ ਡਾਗੜਦੰਗ ਡਕਾਰੈਂ॥ ੩੬॥ ੧੧੩॥**

ਸੂਰਮੇ ਕਰੋਧ ਨਾਲ ਭਰੇ ਹੋਏ ਕੜਾ ਕੜ ਕੜਕਦੇ ਸਨ। ਉਨ੍ਹਾਂ ਨੇ ਰਣਭੂਮੀ ਵਿਚ ਬੜੀ ਮਜ਼ਬੂਤੀ ਨਾਲ ਪੈਰ ਜਮਾਏ ਹੋਏ ਸਨ। ਸਰੜ ਸਰੜ ਕਰਕੇ ਸੂਰਮੇ ਸ਼ਸਤਰ ਚਲਾਉਂਦੇ ਸਨ ਤੇ ਬੜੀ ਫੁਰਤੀ ਨਾਲ ਸ਼ਸਤਰਾਂ ਦੇ ਵਾਰ ਕਰ ਰਹੇ ਸਨ। ਕਈ ਸੂਰਮੇ ਵੱਡੇ ਵੱਡੇ ਡਕਾਰ ਮਾਰਦੇ ਸਨ ਭਾਵ ਗਰਜਦੇ ਸਨ॥ ੩੬॥ ੧੧੩॥

**ਚਾਗੜਦੰਗ ਚਉਪੇ ਬਾਗੜਦੰਗ ਬੀਰੰ ॥ ਮਾਗੜਦੰਗ ਮਾਰੇ ਤਨੀ ਤਿੱਛ ਤੀਰੰ ॥**
**ਗਾਗੜਦੰਗ ਗੱਜੇ ਸੁ ਬੱਜੇ ਗਹੀਰੈਂ ॥ ਕਾਗੜਦੰਗ ਕਵੀਯਾਨ ਕੱਥੇ ਕਥੀਰੈਂ ॥ ੩੭ ॥ ੧੧੪ ॥**

ਚੰਗੇ ਚੰਗੇ ਸੂਰਮੇ ਬੜੇ ਉਤਸ਼ਾਹ ਨਾਲ ਦੂਜੇ ਸੂਰਮਿਆਂ ਨੂੰ ਜੰਗ ਕਰਨ ਲਈ ਵੰਗਾਰਦੇ ਸਨ। ਉਹ ਕਮਜ਼ੋਰ ਬੰਦਿਆਂ ਦੇ ਸਰੀਰਾਂ ਵਿਚ ਤਿੱਖੇ ਤੀਰ ਮਾਰਦੇ ਸਨ। ਵਡੇ ਵਡੇ ਨਗਾਰੇ ਗੜਗੜ ਕਰਕੇ ਗੱਜਦੇ ਸਨ। ਕਈ ਕਵੀਆਂ ਨੇ ਸੂਰਮਿਆਂ ਦੀ ਉਪਮਾਂ ਦੇ ਛੰਦ ਕਥਨ ਕੀਤੇ ਸਨ ॥ ੩੭ ॥ ੧੧੪ ॥

**ਦਾਗੜਦੰਗ ਦਾਨੋ ਭਾਗੜਦੰਗ ਭਾਜੇ ॥ ਗਾਗੜਦੰਗ ਗਾਜੀ ਜਾਗੜਦੰਗ ਗਾਜੇ ॥**
**ਛਾਗੜਦੰਗ ਛਉਹੀ ਛੁਰੇ ਪ੍ਰੰਛੜਾਕੇ ॥ ਤਾਗੜਦੰਗ ਤੀਰੰ ਤੁਪਕੰ ਤੜਾਕੇ ॥ ੩੮ ॥ ੧੧੫ ॥**

ਭਗੌੜੇ ਕਾਇਰ ਦੈਂਤ ਦਗੜ ਦਗੜ ਕਰਕੇ ਭੱਜ ਗਏ ਸਨ। ਬਹਾਦਰ ਸੂਰਮੇ ਮੈਦਾਨ ਵਿਚ ਗੜਗੜ ਕਰਕੇ ਗੱਜਦੇ ਸਨ। ਛਵੀਆਂ ਤੇ ਛੁਰੀਆਂ ਦੇ ਛੜਾਕੇ ਪੈਂਦੇ ਸਨ। ਤਾੜ ਤਾੜ ਕਰਕੇ ਤੀਰ ਚਲਦੇ ਸਨ ਤੇ ਤੜਾਕ ਤੜਾਕ ਬੰਦੂਕਾਂ ਚਲਦੀਆਂ ਸਨ ॥ ੩੮ ॥ ੧੧੫ ॥

**ਗਾਗੜਦੰਗ ਗੋਮਾਯ ਗੱਜੇ ਗਹੀਰੰ ॥ ਸਾਗੜਦੰਗ ਸੰਖੰ ਨਾਗੜਦੰਗ ਨਫੀਰੰ ॥**
**ਬਾਗੜਦੰਗ ਬਾਜੇ ਬਜੇ ਬੀਰ ਖੇਤੰ ॥ ਨਾਗੜਦੰਗ ਨਾਚੇ ਸੁ ਭੂਤੰ ਪਰੇਤੰ ॥ ੩੯ ॥ ੧੧੬ ॥**

ਰਣਸਿੰਗੇ ਗੜਗੜ ਕਰਕੇ ਗੱਜਦੇ ਸਨ। ਸਾੜ ਸਾੜ ਕਰਕੇ ਸੰਖ ਵੱਜਦੇ ਸਨ ਤੇ ਤੂਤੀਆਂ ਦੀ ਆਵਾਜ਼ ਹੋ ਰਹੀ ਸੀ। ਰਣਭੂਮੀ ਵਿਚ ਸੂਰਮੇ ਮਾਰੂ ਵਾਜੇ ਵਜਾਉਂਦੇ ਸਨ ਅਤੇ ਖ਼ੁਸ਼ੀ ਨਾਲ ਭੂਤ ਪ੍ਰੇਤ ਨੰਗੇ ਹੋ ਕੇ ਨੱਚਦੇ ਸਨ ॥ ੩੯ ॥ ੧੧੬ ॥

**ਤਾਗੜਦੰਗ ਤੀਰੰ ਬਾਗੜਦੰਗ ਬਾਣੰ ॥ ਕਾਗੜਦੰਗ ਕਾਤੀ ਕਟਾਰੀ ਕ੍ਰਿਪਾਣੰ ॥**
**ਨਾਗੜਦੰਗ ਨਾਦੰ ਬਾਗੜਦੰਗ ਬਾਜੇ ॥ ਸਾਗੜਦੰਗ ਸੂਰੰ ਰਾਗੜਦੰਗ ਰਾਜੇ ॥ ੪੦ ॥ ੧੧੭ ॥**

ਜਦੋਂ ਕਮਾਣ ਵਿਚੋਂ ਨਿਕਲਕੇ ਤੀਰ ਜਾਂਦੇ ਸਨ, ਤਦ ਤੀਰਾਂ ਦੀ ਸਾਂ ਸਾਂ ਦੀ ਆਵਾਜ਼ ਹੁੰਦੀ ਸੀ। ਛੁਰੀਆਂ, ਕਟਾਰਾਂ ਤੇ ਤਲਵਾਰਾਂ ਦੀ ਕੜ ਕੜ ਹੁੰਦੀ ਸੀ। ਨਗਾਰੇ ਵੱਜਦੇ ਸਨ ਤੇ ਗੂੰਜਾਂ ਪੈਂਦੀਆਂ ਸਨ। ਸਾਰੇ ਸੂਰਮੇ ਜੰਗੀ ਵਾਜਿਆਂ ਦੀ ਆਵਾਜ਼ ਦੇ ਜਾਣੂ ਸਨ ਤੇ ਉਹ ਵਾਜਿਆਂ ਦੀ ਆਵਾਜ਼ ਅਨੁਸਾਰ ਆਪਣੇ ਕਰਤਬ ਵਖਾਉਂਦੇ ਸਨ ॥ ੪੦ ॥ ੧੧੭ ॥

**ਸਾਗੜਦੰਗ ਸੰਖੰ ਨਾਗੜਦੰਗ ਨਫੀਰੰ ॥ ਗਾਗੜਦੰਗ ਗੋਮਾਯ ਗੱਜੇ ਗਹੀਰੰ ॥**
**ਨਾਗੜਦੰਗ ਨਗਾਰੇ ਬਾਗੜਦੰਗ ਬਾਜੇ ॥ ਜਾਗੜਦੰਗ ਜੋਧਾ ਗਾਗੜਦੰਗ ਗਾਜੇ ॥ ੪੧ ॥ ੧੧੮ ॥**

ਸੰਖਾਂ ਦੀ ਗੂੰਜ ਤੇ ਤੂਤੀਆਂ ਦੀ ਆਵਾਜ਼ ਹੋ ਰਹੀ ਸੀ । ਰਣ-ਸਿੰਘੇ ਬੱਦਲਾਂ ਵਾਂਗੂੰ ਗੱਜਦੇ ਸਨ। ਧੌਂਸੇ ਤੇ ਹੋਰ ਮਾਰੂ ਵਾਜੇ ਵੱਜਦੇ ਸਨ। ਹਰ ਪਾਸੇ ਸੂਰਮੇ ਬੱਦਲਾਂ ਵਾਂਗੂੰ ਗੱਜਦੇ ਸਨ ॥ ੪੧ ॥ ੧੧੮ ॥

## ਨਰਾਜ ਛੰਦ ॥

**ਜਿਤੇਕ ਰੂਪ ਧਾਰੀਯੰ ॥ ਤਿਤੇਕ ਦੇਬਿ ਮਾਰੀਯੰ ॥**
**ਜਿਤੇਕ ਰੂਪ ਧਾਰਹੀਂ ॥ ਤਿਤਿਓ ਦ੍ਰੁਗਾ ਸੰਘਾਰਹੀਂ ॥ ੪੨ ॥ ੧੧੯ ॥**

ਰਕਤਬੀਜ ਨੇ ਜਿੰਨੇ ਨਵੇਂ ਰੂਪ ਧਾਰੇ, ਉਹ ਸਭ ਦੇਵੀ ਨੇ ਮਾਰ ਸੁੱਟੇ। ਜਿੰਨੇ ਨਵੇਂ ਰੂਪ ਉਹ ਹੋਰ ਧਾਰਦਾ ਸੀ, ਉਨ੍ਹਾਂ ਨੂੰ ਵੀ ਦੁਰਗਾ ਖਤਮ ਕਰ ਦੇਂਦੀ ਸੀ॥ ੪੨ ॥ ੧੧੯ ॥

**ਜਿਤੇਕ ਸ਼ਸਤਰਵਾ ਝਰੇ ॥ ਪ੍ਰਵਾਹ ਸ੍ਰੋਨ ਕੇ ਪਰੇ ॥**
**ਜਿਤੀ ਕਿ ਬਿੰਦ੍ਵਕਾ ਗਿਰੈਂ ॥ ਸੁ ਪਾਨ ਕਾਲਕਾ ਕਰੈਂ ॥ ੪੩ ॥ ੧੨੦ ॥**

ਜਿੰਨੇ ਸ਼ਸਤਰ ਰਕਤਬੀਜ ਨੂੰ ਵੱਜਦੇ ਸਨ, ਉਨੇ ਹੀ ਲਹੂ ਦੇ ਪ੍ਰਵਾਹ ਚਲ ਪੈਂਦੇ ਸਨ। ਉਸ ਦੇ ਲਹੂ ਦੀਆਂ ਜਿੰਨੀਆਂ ਬੂੰਦਾਂ ਡਿੱਗਦੀਆਂ ਸਨ, ਉਹ ਸਾਰਿਆਂ ਬੂੰਦਾਂ ਕਾਲੀ ਨਾਲੋਂ ਨਾਲ ਪੀਂਦੀ ਜਾਂਦੀ ਸੀ॥ ੪੩ ॥ ੧੨੦ ॥

## ਰਸਾਵਲ ਛੰਦ ॥

**ਹੂਓ ਸ੍ਰੋਣ ਹੀਨੰ ॥ ਭਯੋ ਅੰਗ ਛੀਨੰ ॥ ਗਿਰਿਯੋ ਅਤੰ ਝੂਮੰ ॥ ਮਨੋ ਮੇਘ ਭੂਮੰ ॥ ੪੪ ॥ ੧੨੧ ॥**

ਰਕਤਬੀਜ ਦਾ ਸਰੀਰ ਲਹੂ ਤੋਂ ਖਾਲੀ ਹੋ ਗਿਆ ਤੇ ਉਸ ਦੇ ਅੰਗ ਕਮਜ਼ੋਰ ਹੋ ਗਏ। ਅਖੀਰ ਨੂੰ ਉਹ ਬੇਸੁਧ ਹੋ ਕੇ ਧਰਤੀ ਤੇ ਡਿੱਗ ਪਿਆ ਮਾਨੋ ਕਾਲਾ ਬੱਦਲ ਧਰਤੀ ਤੇ ਡਿੱਗ ਪੈਂਦਾ ਹੈ॥ ੪੪ ॥ ੧੨੧ ॥

**ਸਭੈ ਦੇਵ ਹਰਖੇ ॥ ਸੁਮਨ ਧਾਰ ਬਰਖੇ ॥ ਰਕਤਬਿੰਦ ਮਾਰੇ ॥ ਸਭੈ ਸੰਤ ਉਬਾਰੇ ॥ ੪੫ ॥ ੧੨੨ ॥**

ਰਕਤਬੀਜ ਦੇ ਮਰਨ ਨਾਲ ਦੇਵਤੇ ਬੜੇ ਪ੍ਰਸੰਨ ਹੋਏ ਤੇ ਉਨ੍ਹਾਂ ਨੇ ਦੇਵੀ ਤੇ ਫੁਲਾਂ ਦੀ ਵਰਖਾ ਕੀਤੀ। ਦੇਵੀ ਨੇ ਰਕਤਬੀਜ ਨੂੰ ਮਾਰ ਕੇ ਸਭ ਸੰਤਾਂ ਭਗਤਾਂ ਦੇ ਦੇਵਤਿਆਂ ਨੂੰ ਦੁਖਾਂ ਤੋਂ ਬਚਾ ਲਿਆ॥ ੪੫ ॥ ੧੨੨ ॥

ਇਤਿ ਸ੍ਰੀ ਬਚਿਤ੍ਰ ਨਾਟਕੇ ਚੰਡੀ ਚਰਿਤ੍ਰੇ ਰਕਤਬੀਰਜ ਬਧਹ ਚਤੁਰਥ ਧਿਆਇ ਸੰਪੂਰਣਮ ਸਤੁ ਸੁਭਮ ਸਤੁ॥ ੪ ॥ ੪੫ ॥ ੧੨੨ ॥ ਅਫਜੂੰ॥

ਸ੍ਰੀ ਬਚਿੱਤਰ ਨਾਟਕ, ਚੰਡੀ ਚਰਿੱਤਰ, ਰਕਤਬੀਜ ਦੈਂਤ ਦਾ ਕਤਲ, ਅਧਿਆਏ ਚੌਥਾ ਸਮਾਪਤ॥ ਸਤ ਸੁਭਮ ਸਤ॥ ੪ ॥ ੪੫ ॥ ੧੨੨ ॥ ਚਲਦਾ॥

# ਅਧਿਆਏ ਪੰਜਵਾਂ

## *ਨਿਸੁੰਭ ਯੁਧ ਵਰਣਨ*

**ਦੋਹਰਾ॥ ਸੁੰਭ ਨਿਸੁੰਭ ਸੁਣਜੋ ਜਬੈ ਰਕਤਬੀਰਤਜ ਕੋ ਨਾਸ॥**
**ਆਪ ਚੜਤ ਭੈ ਜੋਰ ਦਲ ਸਜੇ ਪਰਸ ਅਰ ਪਾਂਸਿ॥੧॥੧੨੩॥**

ਜਦੋਂ ਸੁੰਭ ਤੇ ਨਿਸੁੰਭ ਨੇ ਰਕਤਬੀਜ ਦੇ ਮਰਨ ਦੀ ਦੁਖਦਾਈ ਖਬਰ ਸੁਣੀ ਤਾਂ ਸੈਨਾ ਇੱਕਠੀ ਕਰਕੇ ਉਹਨਾਂ ਨੇ ਆਪ ਚੜ੍ਹਾਈ ਕੀਤੀ ਤੇ ਕੁਹਾੜੇ ਤੇ ਫਾਹੀਆਂ ਆਦਿ ਸ਼ਸਤਰ ਸੈਨਾ ਨੇ ਸਜਾ ਲਏ॥੧॥੧੨੩॥

### *ਭੁਜੰਗ ਪ੍ਰਯਾਤ ਛੰਦ॥*

**ਚੜੇ ਸੁੰਭ ਨੈਸੁੰਭ ਸੂਰਾ ਅਪਾਰੰ॥ ਉਠੇ ਨੱਦ ਨਾਦੰ ਸੁ ਧਉਸਾ ਧੁਕਾਰੰ॥**
**ਭਈ ਅਸ਼ਟ ਸੈ ਕੋਸ ਲਉ ਛੱਤ੍ਰ ਛਾਯੰ॥ ਭਜੇ ਚੰਦ ਸੂਰੰ ਡਰਿਯੋ ਦੇਵਰਾਯੰ॥੨॥੧੨੪॥**

ਸੁੰਭ ਤੇ ਨਿਸੁੰਭ ਦੋਵੇਂ ਸੂਰਮੇ ਬੇਅੰਤ ਸੈਨਾ ਆਪਣੇ ਨਾਲ ਲੈ ਕੇ ਦੇਵੀ ਨਾਲ ਜੰਗ ਕਰਨ ਲਈ ਚੜ੍ਹੇ। ਨਗਾਰਿਆਂ ਦੀ ਆਵਾਜ਼ ਤੇ ਧੌਂਸਿਆਂ ਦੀ ਧੁੰਕਾਰ ਉਠ ਰਹੀ ਸੀ। ਅੱਠ ਸੋ ਕੋਹ ਤਕ ਸੈਨਾ ਦੇ ਤੰਬੂਆਂ ਦੀ ਛਾਂ ਹੋ ਰਹੀ ਸੀ। ਸੁੰਭ ਤੇ ਨਿਸੁੰਭ ਦੀ ਚੜ੍ਹਾਈ ਵੇਖਕੇ ਚੰਦਰਮਾਂ ਤੇ ਸੂਰਜ ਭੱਜ ਗਏ ਸਨ ਤੇ ਇੰਦਰ ਦੇਵਤਾ ਵੀ ਉਨ੍ਹਾਂ ਤੋਂ ਡਰ ਗਿਆ ਸੀ॥੨॥੧੨੪॥

**ਭਕਾ ਭੁੰਕ ਭੇਰੀ ਢਕਾ ਢੁੰਕ ਢੋਲੰ॥ ਫਟੀ ਨਖ ਸਿੰਘੰ ਮੁਖੰ ਡੱਢ ਕੋਲੰ॥**
**ਡਮਾ ਡੰਮਿ ਡਉਰੂ ਡਕਾ ਡੁੰਕ ਡੰਕੰ॥ ਰੜੇ ਗ੍ਰਿੱਧ ਬ੍ਰਿੱਧੰ ਕਿਲੱਕਾਰ ਕੰਕੰ॥੩॥੧੨੫॥**

ਭੇਰੀਆਂ ਦੀ ਭੱਕ ਭੱਕ ਦੀ ਆਵਾਜ਼ ਹੁੰਦੀ ਸੀ ਅਤੇ ਡਗ ਡਗ ਕਰਕੇ ਢੋਲ ਵੱਜਦੇ ਸਨ। ਜਿਹੜੀ ਧਰਤੀ ਸੂਰ ਨੇ ਆਪਣੇ ਹੁਡਾਂ ਉਤੇ ਚੁਕੀ ਹੋਈ ਸੀ, ਉਹ ਸ਼ੇਰ ਦੇ ਨੌਂਹਾਂ ਨਾਲ ਪਾਟ ਗਈ ਸੀ। ਜਦੋਂ ਡਉਰੂਆਂ ਤੇ ਡੁੰਕ ਡੁੰਕ ਡੱਗਾ ਵੱਜਦਾ ਸੀ ਤਾਂ ਉਹ ਡੰਮ ਡੰਮ ਕਰਕੇ ਬੋਲਦੇ ਸਨ। ਗਿਰਝਾਂ ਬੋਲਦੀਆਂ ਸਨ ਤੇ ਕਾਂ ਕਿਲਕਾਰੀਆਂ ਮਾਰਦੇ ਸਨ। ੩॥੧੨੫॥

**ਖੁਰੰ ਖੇਹ ਉੱਠੀ ਰਹਿਯੋ ਗੈਨ ਪੂਰੰ॥ ਦਲੇ ਸਿੰਧ ਬਿੱਧੰ ਭਏ ਪੱਬ ਚੂਰੰ॥**
**ਸੁਣੇ ਸ਼ੋਰ ਕਾਲੀ ਗਹੈ ਸ਼ਸਤ੍ਰ ਪਾਣੰ॥ ਕਿਲੰਕਾਰ ਜੇਮੀ ਹਨੇ ਜੰਗ ਜੁਆਣੰ॥੪॥੧੨੬॥**

ਅਰਥ - ਸੂਰਮਿਆਂ ਦੇ ਪੈਰਾਂ ਨਾਲ ਏਨੀ ਧੂੜ ਉਡੀ ਕਿ ਸਾਰਾ ਅਕਾਸ਼ ਉਸ ਧੂੜ ਨਾਲ ਭਰ

ਗਿਆ। ਸੂਰਮਿਆਂ ਦੇ ਪੈਰਾਂ ਹੇਠਾਂ ਵਡੇ ਵਡੇ ਪਰਬਤ ਦਲੇ ਮਲੇ ਗਏ ਸਨ ਤੇ ਛੋਟੇ ਛੋਟੇ ਪਹਾੜ ਚੂਰ ਚੂਰ ਹੋ ਗਏ ਸਨ। ਕਾਲੀ ਨੇ ਜਵਾਨਾਂ ਦਾ ਰੌਲਾ ਗੌਲਾ ਸੁਣਕੇ ਹੱਥ ਵਿਚ ਸ਼ਸਤਰ ਫੜ ਲਏ ਸਨ ਤੇ ਉਹ ਕਿਲਕਾਂ ਮਾਰਦੀ ਹੋਈ ਜੰਗ ਵਿਚ ਸੂਰਮਿਆਂ ਨੂੰ ਮਾਰ ਮਾਰ ਕੇ ਖਾਈ ਜਾਂਦੀ ਸੀ॥ ੪॥ ੧੨੬॥

## ਰਸਾਵਲ ਛੰਦ॥

**ਗਜੇ ਬੀਰ ਗਾਜੀ॥ ਤੁਰੇ ਤੁੰਦ ਤਾਜੀ॥ ਮਹਿਖੁਆਸ ਕਰਖੇ॥ ਸਰੰ ਧਾਰ ਬਰਖੇ॥ ੫॥ ੧੨੭॥**

ਰਣਭੂਮੀ ਵਿਚ ਸੂਰਮੇ ਗੱਜਦੇ ਸਨ। ਬੜੀ ਤੇਜ਼ੀ ਨਾਲ ਘੋੜੇ ਦੌੜਦੇ ਸਨ। ਸੂਰਮੇ ਧਨੁਖਾਂ ਤੇ ਬਾਣ ਚੜ੍ਹਾਕੇ ਬੜੇ ਜ਼ੋਰ ਨਾਲ ਖਿੱਚਦੇ ਸਨ ਤੇ ਤੀਰਾਂ ਦੀ ਵਰਖਾ ਕਰਦੇ ਸਨ॥ ੫॥ ੧੨੭॥

**ਇਤੈ ਸਿੰਘ ਗੱਜਜੇ॥ ਮਹਾ ਸੰਖ ਬੱਜਜੇ॥ ਰਹਜੋ ਨਾਦ ਪੂਰੰ॥ ਛੁਹੀ ਗੈਣਿ ਧੂਰੰ॥ ੬॥ ੧੨੮॥**

ਇਧਰੋਂ ਦੇਵੀ ਦਾ ਸ਼ੇਰ ਗੱਜਿਆ ਹੈ ਤੇ ਓਧਰੋਂ ਦੇਵੀ ਨੇ ਬੜੇ ਜ਼ੋਰ ਨਾਲ ਸੰਖ ਵਜਾਇਆ। ਸੰਖ ਦਾ ਸ਼ਬਦ ਹਰ ਪਾਸੇ ਗੂੰਜ ਰਿਹਾ ਸੀ। ਧੂੜ ਨਾਲ ਅਕਾਸ਼ ਭਰਿਆ ਪਿਆ ਸੀ॥ ੬॥ ੧੨੮॥

**ਸਭੈ ਸ਼ੱਸਤ੍ਰ ਸਾਜੇ॥ ਘਣੰ ਜੇਮ ਗਾਜੇ॥ ਚਲੇ ਤੇਜ ਤੈਕੈ॥ ਅਨੰਤ ਸ਼ਸਤਰ ਲੈ ਕੈ॥ ੭॥ ੧੨੯॥**

ਸਭ ਸੂਰਮਿਆਂ ਨੇ ਸ਼ਸਤਰ ਸਜਾਏ ਹੋਏ ਸਨ ਤੇ ਬੱਦਲਾਂ ਵਾਂਗੂੰ ਗੱਜਦੇ ਸਨ। ਬੜੇ ਕਰੋਧ ਨਾਲ ਭਰੇ ਹੋਏ ਸੂਰਮੇ ਅਨੇਕਾਂ ਸ਼ਸਤਰ ਲੈ ਕੇ ਮੈਦਾਨ ਵਿਚ ਆ ਗਏ ਸਨ॥ ੭॥ ੧੨੯॥

**ਚਹੂੰ ਓਰ ਢੂਕੇ॥ ਮੁਖੰ ਮਾਰ ਕੂਕੇ॥ ਅਨੰਤ ਸ਼ਸਤਰੰ ਬੱਜੇ॥ ਮਹਾਂ ਬੀਰ ਗੱਜੇ॥ ੮॥ ੧੩੦॥**

ਚੌਹਾਂ ਪਾਸਿਆਂ ਤੋਂ ਸੂਰਮੇ ਅਗੇ ਵਧ ਰਹੇ ਸਨ। ਉਹ ਮੂੰਹੋਂ 'ਮਾਰ ਲੌ-ਮਾਰ ਲੌ' ਕਹਿੰਦੇ ਸਨ। ਬੇਅੰਤ ਸ਼ਸਤਰ ਖੜਕਦੇ ਸਨ ਤੇ ਸੂਰਮੇ ਲਲਕਾਰੇ ਮਾਰਦੇ ਸਨ॥ ੮॥ ੧੩੦॥

**ਮੁਖੰ ਨੈਣ ਰਕਤੰ॥ ਧਰੇ ਪਾਣ ਸ਼ਕਤੰ॥ ਕੀਏ ਕ੍ਰੋਧ ਉੱਠੇ॥ ਸਰੰ ਬ੍ਰਿਸ਼ਟਿ ਬੁੱਠੇ॥ ੯॥ ੧੩੧॥**

ਸੂਰਮਿਆਂ ਦੇ ਮੂੰਹ ਤੇ ਅੱਖਾਂ ਕਰੋਧ ਨਾਲ ਲਾਲ ਸਨ ਤੇ ਉਨ੍ਹਾਂ ਨੇ ਹੱਥਾਂ ਵਿਚ ਬਰਛੇ ਫੜੇ ਹੋਏ ਸਨ। ਉਹ ਬੜੇ ਰੋਹ ਨਾਲ ਜੰਗ ਕਰਨ ਲਈ ਉੱਠ ਖੜੇ ਹੋਏ ਸਨ ਤੇ ਤੀਰਾਂ ਦੀ ਵਰਖਾ ਕਰਦੇ ਸਨ॥ ੯॥ ੧੩॥

**ਕਿਤੇ ਦੁਸ਼ਟ ਕੂਟੇ॥ ਅਨੰਤਾਸ਼ੱਤ੍ਰ ਛੂਟੇ॥ ਕਰੀ ਬਾਣ ਬਰਖੰ॥ ਭਰੀ ਦੇਬਿ ਹਰਖੰ॥ ੧੦॥ ੧੩੨॥**

ਅਨੇਕਾਂ ਦੁਸ਼ਟ ਮਾਰੇ ਕੁਟੇ ਗਏ ਸਨ ਅਤੇ ਬੇਅੰਤ ਸ਼ਸਤਰ ਚਲ ਰਹੇ ਸਨ। ਦੇਵੀ ਬੜੇ ਉਤਸ਼ਾਹ ਵਿਚ ਭਰਪੂਰ ਸੀ ਤੇ ਤੀਰਾਂ ਦੀ ਵਰਖਾ ਕਰ ਰਹੀ ਸੀ॥ ੧੦॥ ੧੩੨॥

## ਬੇਲੀ ਬਿੰਦ੍ਰਮ ਛੰਦ॥

**ਕਹ ਕਹ ਸੁ ਕੂਕਤ ਕੰਕੀਯੰ॥ ਬਹਿ ਬਹਤ ਬੀਰ ਸੁ ਬੰਕੀਯੰ॥**
**ਲਹ ਲਹਤ ਬਾਣਿ ਕ੍ਰਿਪਾਣਯੰ॥ ਗਹ ਗਹਤ ਪ੍ਰੇਤ ਮਸਾਣਯੰ॥ ੧੧॥ ੧੩੩॥**

ਕਾਂ ਕਾਂਵਾਂ ਰੌਲੀ ਪਾ ਰਹੇ ਸਨ ਅਤੇ ਬੜੇ ਬੀਰ ਬਾਂਕੇ ਬਾਂਹਾਂ ਨਾਲ ਸ਼ਸਤਰ ਚਲਾਉਂਦੇ ਸਨ। ਬਾਣ ਤੇ ਤਲਵਾਰਾਂ ਲਹਿ ਲਹਿ ਕਰਕੇ ਚਮਕਦੀਆਂ ਸਨ। ਭੂਤ ਪ੍ਰੇਤ ਤੇ ਮਸਾਣ ਗਹ ਗਹ ਕਰਕੇ ਬੋਲਦੇ ਸਨ॥੧੧॥੧੩੩॥

**ਡਹ ਡਹਤ ਡਵਰ ਡਮੰਕਯੰ॥ ਲਹ ਲਹਤ ਤੇਗ ਤ੍ਰਮੰਕਯੰ॥**
**ਧੂਮ ਧੂਮਤ ਸਾਂਗ ਧਮੰਕਯੰ॥ ਬਬਕੰਤ ਬੀਰ ਸੁਬੰਕਯੰ॥੧੨॥੧੩੪॥**

ਡੋਰੂ ਡਹ ਡਹ ਕਰਕੇ ਡਮਕਦੇ ਸਨ ਅਤੇ ਤੇਗਾਂ ਲਹ ਲਹ ਕਰਕੇ ਚਮਕਦੀਆਂ ਸਨ। ਬਰਛਿਆਂ ਦਾ ਧਮ ਧਮ ਕਰਕੇ ਧਮਾਕਾ ਹੁੰਦਾ ਸੀ। ਬਾਂਕੇ ਸੂਰਮੇ ਗਰਜਦੇ ਸਨ॥੧੨॥੧੩੪॥

**ਛੁਟਕੰਤ ਬਾਣ ਕਮਾਣਯੰ॥ ਹਹਰੰਤ ਖੇਤ ਖਤ੍ਰਾਣਯੰ॥**
**ਡਹਕੰਤ ਡਾਮਰ ਡੰਕਣੀ॥ ਕਹ ਕਹਕ ਕੂਕਤ ਜੁੱਗਣੀ॥੧੩॥੧੩੫॥**

ਧਨੁਖਾਂ ਵਿਚੋਂ ਬਾਣ ਛੁਟਦੇ ਸਨ। ਜੰਗ ਵਿਚ ਛੱੜੀ ਸੂਰਮੇ ਹੈਰਾਨ ਹੋ ਰਹੇ ਸਨ। ਡੋਰੂ ਡਗਿਆਂ ਦੇ ਲੱਗਣ ਨਾਲ ਡਹ ਡਹ ਕਰਦੇ ਸਨ ਅਤੇ ਕਹ ਕਹ ਕਰਕੇ ਜੋਗਣੀਆਂ ਕੂਕਦੀਆਂ ਸਨ॥੧੩॥੧੩੫॥

**ਉਫਟੰਤ ਸ੍ਰੋਣਤ ਛਿੱਛਯੰ॥ ਬਰਖੰਤ ਸਾਇਕ ਤਿੱਛਯੰ॥**
**ਬਬਕੰਤ ਬੀਰ ਅਨੇਕਯੰ॥ ਫਿਕਰੰਤ ਸਜਾਰ ਬਸੇਖਯੰ॥੧੪॥੧੩੬॥**

ਸੂਰਮਿਆਂ ਦੇ ਸਰੀਰਾਂ ਵਿਚੋਂ ਲਹੂ ਦੀਆਂ ਛਿੱਟਾਂ ਉੱਡਦੀਆਂ ਸਨ। ਬੜੇ ਤਿਖੇ ਤੀਰ ਵਰਸਦੇ ਸਨ ਅਤੇ ਅਨੇਕਾਂ ਸੂਰਮੇ ਗਰਜਦੇ ਸਨ। ਗਿੱਦੜ ਖਾਸ ਤਰ੍ਹਾਂ ਦੀ ਬੋਲੀ ਬੋਲਦੇ ਸਨ॥੧੪॥੧੩੬॥

**ਹਰਖੰਤ ਸ੍ਰੋਣਤ ਰੰਗਣੀ॥ ਬਿਹਰੰਤ ਦੇਬਿ ਅਭੰਗਣੀ॥**
**ਬਬਕੰਤ ਕੇਹਰ ਡੋਲਹੀਂ॥ ਰਣ ਰੰਗ ਅਭੰਗ ਕਲੋਲਹੀਂ॥੧੫॥੧੩੭॥**

ਲਹੂ ਵਿਚ ਰੰਗਣ ਵਾਲੀ ਦੇਵੀ ਪ੍ਰਸੰਨ ਹੋ ਰਹੀ ਸੀ। ਕਦੀ ਵੀ ਨਾ ਨਾਸ ਹੋਣ ਵਾਲੀ ਦੇਵੀ ਦੁਰਗਾ ਫਿਰ ਰਹੀ ਸੀ। ਦੇਵੀ ਦਾ ਸ਼ੇਰ ਗਰਜਦਾ ਹੋਇਆ ਮੈਦਾਨ ਵਿਚ ਫਿਰ ਰਿਹਾ ਸੀ ਅਤੇ ਰਣਭੂਮੀ ਵਿਚ ਕਈ ਤਰ੍ਹਾਂ ਦੇ ਕੌਤਕ ਹੋ ਰਹੇ ਸਨ॥੧੫॥੧੩੭॥

**ਢਮ ਢੋਮਤ ਢੋਲ ਢਮੱਕਯੰ॥ ਧਮ ਧਮਤ ਸਾਂਗ ਧ੍ਰਮੱਕਯੰ॥**
**ਬਹ ਬਹਤ ਕ੍ਰੁੱਧ ਕ੍ਰਿਪਾਣਯੰ॥ ਜੁੱਝੰਤ ਜੋਧ ਜੁਆਣਯੰ॥੧੬॥੧੩੮॥**

ਢੋਲਾਂ ਦੀ ਢਮ ਢਮ ਕਰਕੇ ਢਮਕ ਹੁੰਦੀ ਸੀ। ਬਰਛਿਆਂ ਦੀ ਧ੍ਰੰਮ ਧ੍ਰੰਮ ਕਰਕੇ ਧਮਕ ਪੈਂਦੀ ਸੀ। ਸੂਰਮੇ ਬੜੇ ਕਰੋਧ ਨਾਲ ਕਿਰਪਾਨਾਂ ਚਲਾਉਂਦੇ ਸਨ ਅਤੇ ਬੜੇ ਬੜੇ ਜਵਾਨ ਸੂਰਮੇ ਰਣਭੂਮੀ ਵਿਚ ਜੂਝ ਰਹੇ ਸਨ॥੧੬॥੧੩੮॥

**ਦੋਹਰਾ॥ ਭਜੀ ਚਮੂੰ ਸਭ ਦਾਨਵੀ ਸੁੰਭ ਨਿਰਖ ਨਿਜ ਨੈਣ॥**
**ਨਿਕਟ ਬਿਕਟ ਭਟ ਜੇ ਹੁਤੇ ਤਿਨ ਪ੍ਰਤਿ ਬੋਲਜੋ ਬੈਣ॥ ੧੭॥ ੧੩੯॥**

ਅਰਥ - ਸੁੰਭ ਨੇ ਆਪਣੀਆਂ ਅੱਖਾਂ ਨਾਲ ਵੇਖਿਆਂ ਕਿ ਦੈਂਤਾਂ ਦੀ ਸਾਰੀ ਸੈਨਾ ਦੇਵੀ ਦੀ ਮਾਰ ਤੋਂ ਡਰਦੀ ਭਜ ਗਈ ਹੈ। ਉਸ ਨੇ ਆਪਣੇ ਕੋਲ ਖੜੇ ਲੜਾਕੇ ਸੂਰਮਿਆਂ ਨੂੰ ਕਿਹਾ॥ ੧੭॥ ੧੩੯॥

## ਨਿਰਾਜ ਛੰਦ॥

**ਨਿਸੁੰਭ ਸੁੰਭ ਕੋਪ ਕੈ॥ ਪਠਜੋ ਸੁ ਪਾਵ ਰੋਪ ਕੈ॥**
**ਕਹਜੋ ਕਿ ਸ਼ੀਘ੍ਰ ਜਾਈਯੋ॥ ਦ੍ਰੁਗਾਹਿ ਬਾਂਧ ਲਜਾਈਯੋ॥ ੧੮॥ ੧੪੦॥**

ਰਾਜੇ ਸੁੰਭ ਨੇ ਬੜੇ ਕਰੋਧ ਨਾਲ ਧਰਤੀ ਤੇ ਪੈਰ ਗੱਡਕੇ ਆਪਣੇ ਭਰਾ ਨਿਸੁੰਭ ਨੂੰ ਜੰਗ ਕਰਨ ਲਈ ਰਣਭੂਮੀ ਵਿਚ ਭੇਜਿਆ। ਉਸ ਨੂੰ ਕਿਹਾ ਕਿ ਝਟ ਪਟ ਜਾਹ ਤੇ ਦੁਰਗਾ ਨੂੰ ਬੰਨ੍ਹਕੇ ਮੇਰੇ ਕੋਲ ਲੈ ਆ॥ ੧੮॥ ੧੪੦॥

**ਚੜਜੋ ਸੁ ਸੈਣ ਸੱਜਿਕੈ॥ ਸਕੋਪ ਸੂਰ ਗੱਜਿਕੈ॥**
**ਉਠੇ ਬਜੰਤ੍ਰ ਬਾਜਿਕੈ॥ ਚਲਿਯੋ ਸੁਰੇਸ਼ੁ ਭਾਜ਼ਿਕੈ॥ ੧੯॥ ੧੪੧॥**

ਨਿਸੁੰਭ ਬਹੁਤ ਸਾਰੀ ਸੈਨਾ ਨੂੰ ਸ਼ਸਤਰਾਂ ਨਾਲ ਸਜਾਕੇ ਆਪਣੇ ਨਾਲ ਲੈ ਕੇ ਰਣਭੂਮੀ ਵਲ ਚੜ੍ਹਿਆ। ਬੜੇ ਕਰੋਧ ਨਾਲ ਸੂਰਮੇ ਗੱਜਦੇ ਸਨ ਤੇ ਮਾਰੂ ਵਾਜੇ ਵੱਜਣ ਨਾਲ ਉਹ ਜੋਸ਼ ਵਿਚ ਉਠ ਖੜੇ ਹੋਏ। ਉਹਨਾਂ ਨੂੰ ਇਸ ਤਰ੍ਹਾਂ ਚੜ੍ਹਾਈ ਕਰਦਿਆਂ ਵੇਖਕੇ ਇੰਦਰ ਵੀ ਡਰਕੇ ਭੱਜ ਗਿਆ ਸੀ॥ ੧੯॥ ੧੪੧॥

**ਅਨੰਤ ਸੂਰ ਸੰਗ ਲੈ॥ ਚਲਿਯੋ ਸੁ ਦੁੰਦਭੀਨ ਦੈ॥**
**ਹਕਾਰ ਸੂਰਮਾ ਭਰੇ ॥ ਬਿਲੋਕ ਦੇਵਤਾ ਡਰੇ ॥ ੨੦॥ ੧੪੨॥**

ਨਿਸੁੰਭ ਬੇਅੰਤ ਸੂਰਬੀਰ ਦੈਂਤਾਂ ਨੂੰ ਆਪਣੇ ਨਾਲ ਲੈ ਕੇ ਧੌਂਸੇ ਵਜਾਉਂਦਾ ਹੋਇਆ ਰਣਭੂਮੀ ਵਲ ਚੱਲਿਆ। ਉਹ ਸੂਰਮੇ ਬੜੇ ਹੰਕਾਰ ਨਾਲ ਭਰੇ ਹੋਏ ਸਨ ਅਤੇ ਉਹਨਾਂ ਨੂੰ ਵੇਖਕੇ ਦੇਵਤੇ ਡਰ ਗਏ॥ ੨੦॥ ੧੪੨॥

## ਮਧੁਭਾਰ ਛੰਦ॥

**ਕੰਪਜੋ ਸੁਰੇਸ਼॥ ਬੁਲੱਯੋ ਮਹੇਸ਼॥ ਕਿੱਨੋ ਬਿਚਾਰ॥ ਪੁੱਛੇ ਜੁਝਾਰ॥ ੨੧॥ ੧੪੩॥**

ਨਿਸੁੰਭ ਨੂੰ ਰਣਭੂਮੀ ਵਿਚ ਆਇਆ ਵੇਖਕੇ ਇੰਦਰ ਕੰਬ ਉਠਿਆ। ਉਸ ਨੂੰ ਸ਼ਿਵ ਜੀ ਨੇ ਬੁਲਾਇਆ। ਦੋਹਾਂ ਨੇ ਆਪੋ ਵਿਚ ਵਿਚਾਰ ਕੀਤੀ ਤੇ ਸੂਰਮਿਆਂ ਦਾ ਹਾਲ ਚਾਲ ਪੁਛਿਆ॥ ੨੧॥ ੧੪੩॥

ਕੀਜੈ ਸੁ ਮਿੱਤ੍ਰ ॥ ਕਉਨੇ ਚਰਿੱਤ੍ਰ ॥ ਜਾਤੇ ਸੁ ਮਾਇ ॥ ਜੀਤੈ ਬਨਾਇ ॥ ੨੨ ॥ ੧੪੪ ॥

ਹੇ ਮਿੱਤਰ ! ਅਸੀਂ ਉਹ ਕਿਹੜਾ ਚਲਿੱਤਰ ਕਰੀਏ, ਜਿਸ ਕਰਕੇ ਮਾਤਾ ਦੁਰਗਾ ਜੰਗ ਵਿਚ ਜਿੱਤ ਪ੍ਰਾਪਤ ਕਰੇ ? ॥ ੨੨ ॥ ੧੪੪ ॥

ਸ਼ਕਤੈ ਨਿਕਾਰ ॥ ਭੇਜੋ ਅਪਾਰ ॥ ਸ਼ੱਤ੍ਰਨ ਜਾਇ ॥ ਹਨਿ ਹੈਂ ਰਿਸਾਇ ॥ ੨੩ ॥ ੧੪੫ ॥

ਦੋਹਾਂ ਨੇ ਇਹ ਸਲਾਹ ਬਣਾਈ ਕਿ ਅਸੀਂ ਸਾਰੇ ਦੇਵਤੇ ਆਪੋ ਆਪਣੀਆਂ ਸ਼ਕਤੀਆਂ ਕੱਢਕੇ ਸਾਰੀਆਂ ਜੰਗ ਵਿਚ ਭੇਜ ਦੇਈਏ, ਜਿਹੜੀਆਂ ਕਿ ਬੜੇ ਕਰੋਧ ਨਾਲ ਵੈਰੀਆਂ ਦਾ ਨਾਸ ਕਰਨ ॥ ੨੩ ॥ ੧੪੫ ॥

ਸੋਇ ਕਾਮ ਕੀਨ ॥ ਦੇਵਨ ਪ੍ਰਬੀਨ ॥ ਸ਼ਕਤੈ ਨਿਕਾਰ ॥ ਭੇਜੀ ਅਪਾਰ ॥ ੨੪ ॥ ੧੪੬ ॥

ਇਹ ਸਲਾਹ ਪੱਕੀ ਕਰਕੇ ਸਭ ਚਤੁਰ ਦੇਵਤਿਆਂ ਨੇ ਇਹੋ ਕੰਮ ਕੀਤਾ। ਸਭ ਦੇਵਤਿਆਂ ਨੇ ਆਪੋ ਆਪਣੀਆਂ ਸ਼ਕਤੀਆਂ ਕਢਕੇ ਰਣਭੂਮੀ ਵਿਚ ਭੇਜ ਦਿੱਤੀਆਂ ॥ ੨੪ ॥ ੧੪੬ ॥

## *ਬਿਰਧ ਨਿਰਾਜ ਛੰਦ ॥*

ਚਲੀ ਸ਼ਕੱਤ ਸ਼ੀਘ੍ਰ ਸ੍ਰੀ ਕ੍ਰਿਪਾਣਿ ਪਾਣਿ ਧਾਰਕੈ ॥
ਉਠੇ ਸੁ ਗ੍ਰਿੱਧ ਬ੍ਰਿੱਧ ਡਉਰ ਡਾਕਣੀ ਡਕਾਰਕੈ ॥
ਹਸੇ ਸੁ ਕੰਕ ਬੰਕਯੰ ਕਬੰਧ ਅੰਧ ਉੱਠਹੀ ॥
ਬਿਸੇਖ ਦੇਵਤਾਰੁ ਬੀਰ ਬਾਣ ਧਾਰ ਬੁੱਠਹੀ ॥ ੨੫ ॥ ੧੪੭ ॥

ਦੇਵਤਿਆਂ ਦੀਆਂ ਸ਼ਕਤੀਆਂ ਝਟ ਪਟ ਹੱਥਾਂ ਵਿਚ ਤਲਵਾਰਾਂ ਫੜਕੇ ਰਣਭੂਮੀ ਵਲ ਚਲ ਪਈਆਂ। ਬੜੀਆਂ ਵੱਡੀਆਂ ਗਿਰਝਾਂ ਤੇ ਡਾਕਨੀਆਂ ਡਕਾਰਦੀਆਂ ਹੋਈਆਂ ਉੱਠ ਤੁਰੀਆਂ। ਬੜੇ ਭਿਆਨਕ ਕਾਂ ਹੱਸੇ ਤੇ ਅੰਧਾ ਧੁੰਦ ਨਸ ਤੁਰੇ। ਵਿਸ਼ੇਸ਼ ਕਰਕੇ ਦੇਵਤੇ ਤੇ ਸੂਰਮੇ ਮੀਂਹ ਵਾਂਗੂੰ ਤੀਰ ਵਰਸਾਉਣ ਲੱਗੇ ॥ ੨੫ ॥ ੧੪੭ ॥

## *ਰਸਾਵਲ ਛੰਦ ॥*

ਸਭੈ ਸ਼ਕਤ ਐਕੈ ॥ ਚਲੀ ਸੀਸ ਨਿਐਕੈ ॥ ਮਹਾਂ ਅਸਤ੍ਰ ਧਾਰੇ ॥ ਮਹਾਂ ਬੀਰ ਮਾਰੇ ॥ ੨੬ ॥ ੧੪੮ ॥

ਸਭ ਸ਼ਕਤੀਆਂ ਇਕੱਠੀਆਂ ਹੋ ਕੇ ਆ ਗਈਆਂ ਤੇ ਸਿਰ ਨਿਵਾਕੇ ਰਣਭੂਮੀ ਵਲ ਚਲ ਪਈਆਂ। ਉਨ੍ਹਾਂ ਨੇ ਵੱਡੇ ਵਡੇ ਸ਼ਸਤਰ ਅਸਤ੍ਰ ਧਾਰਨ ਕਰਕੇ ਵਡੇ ਵਡੇ ਸੂਰਮਿਆਂ ਨੂੰ ਮਾਰ ਦਿੱਤਾ ॥ ੨੬ ॥ ੧੪੮ ॥

ਮੁਖੰ ਰਕਤ ਨੈਣੰ ॥ ਬਕੈ ਬੰਕ ਬੈਣੰ ॥ ਧਰੇ ਅਸਤ੍ਰ ਪਾਣੰ ॥ ਕਟਾਰੀ ਕ੍ਰਿਪਾਣੰ ॥ ੨੭ ॥ ੧੪੯ ॥

ਉਨ੍ਹਾਂ ਸ਼ਕਤੀਆਂ ਦੀਆਂ ਅੱਖਾਂ ਤੇ ਮੂੰਹ ਲਾਲ ਸਨ। ਉਹ ਮੂੰਹ ਤੋਂ ਬੜੇ ਕਠੋਰ ਸ਼ਬਦ

ਬੋਲਦੀਆਂ ਸਨ। ਉਹਨਾਂ ਦੇ ਹੱਥਾਂ ਵਿਚ ਕਈ ਤਰ੍ਹਾਂ ਦੇ ਸ਼ਸਤਰ ਕਟਾਰਾਂ ਤੇ ਤਲਵਾਰਾਂ ਫੜੀਆਂ ਹੋਈਆਂ ਸਨ॥ ੨੭॥ ੧੪੯॥

**ਉਤੈ ਦੈਤ ਗਾਜੇ॥ ਤੁਰੀ ਨਾਦ ਬਾਜੇ॥ ਧਰੇ ਚਾਰ ਚਰਮੰ॥ ਸੂਜੇ ਕੂਰ ਬਰਮੰ॥ ੨੮॥ ੧੫੦॥**

ਓਧਰੋਂ ਦੂਜੇ ਪਾਸਿਓਂ ਦੈਂਤ ਗੱਜਦੇ ਸਨ। ਤੁਰੀਆਂ ਤੇ ਨਗਾਰੇ ਵੱਜਦੇ ਸਨ। ਦੈਂਤਾਂ ਨੇ ਹੱਥਾਂ ਵਿਚ ਢਾਲਾਂ ਫੜੀਆਂ ਸਨ ਤੇ ਬੜੀਆਂ ਭਿਆਨਕ ਸੰਜੋਆਂ ਸਜਾਈਆਂ ਹੋਈਆਂ ਸਨ॥ ੨੮॥ ੧੫੦॥

**ਚਹੂੰ ਓਰ ਗਰਜੇ॥ ਸਭੈ ਦੇਵ ਲਰਜੇ॥ ਛੁਟੇ ਤਿੱਛ ਤੀਰੰ॥ ਕਟੇ ਚਉਰ ਚੀਰੰ॥ ੨੯॥ ੧੫੧॥**

ਚੋਹਾਂ ਪਾਸਿਆਂ ਤੋਂ ਅਗੇ ਵੱਧ ਕੇ ਦੈਂਤ ਗਰਜਦੇ ਸਨ, ਜਿੰਨ੍ਹਾਂ ਦੀ ਆਵਾਜ਼ ਸੁਣਕੇ ਦੇਵਤੇ ਕੰਬਦੇ ਸਨ। ਤਿੱਖੇ ਤੀਰ ਚਲਦੇ ਸਨ, ਜਿੰਨ੍ਹਾਂ ਦੀ ਮਾਰ ਨਾਲ ਚੌਰ ਤੇ ਕੱਪੜੇ ਕਟੇ ਜਾਂਦੇ ਸਨ॥ ੨੯॥ ੧੫੧॥

**ਰਸੰ ਰੁੱਦ੍ਰ ਰੱਤੇ॥ ਮਹਾਂ ਤੇਜ ਤੱਤੇ॥ ਕਰੀ ਬਾਣ ਬਰਖੰ॥ ਭਰੀ ਦੇਬਿ ਹਰਖੰ॥ ੩੦॥ ੧੫੨॥**

ਦੈਂਤ ਰੌਦ੍ਰ ਰਸ ਵਿਚ ਮਸਤ ਸਨ ਤੇ ਅੱਗ ਵਾਂਗੂੰ ਤੇਜ ਤੇ ਤੱਤੇ ਸਨ। ਉਹ ਤੀਰਾਂ ਦੀ ਵਰਖਾ ਕਰਦੇ ਸਨ ਅਤੇ ਦੇਵੀ ਬੜੇ ਉਤਸ਼ਾਹ ਨਾਲ ਭਰਪੂਰ ਸੀ॥ ੩੦॥ ੧੫੨॥

**ਇਤੇ ਦੇਬਿ ਮਾਰੈ॥ ਉਤੈ ਸਿੰਘੁ ਫਾਰੈ॥ ਗਣੰ ਗੂੜ ਗਰਜੈਂ॥ ਸਭੈ ਦੈਤ ਲਰਜੈਂ॥ ੩੧॥ ੧੫੩॥**

ਇਧਰੋਂ ਦੇਵੀ ਦੈਂਤਾਂ ਨੂੰ ਮਾਰਦੀ ਸੀ ਤੇ ਉਧਰੋਂ ਦੇਵੀ ਦਾ ਸ਼ੇਰ ਦੈਂਤਾਂ ਨੂੰ ਪਾੜਦਾ ਸੀ। ਸ਼ਿਵ ਜੀ ਦੇ ਗਣ ਰਣਭੂਮੀ ਵਿਚ ਗਰਜਦੇ ਸਨ ਅਤੇ ਉਨ੍ਹਾਂ ਦੀ ਗਰਜਨਾ ਸੁਣਕੇ ਸਾਰੇ ਦੈਂਤ ਕੰਬਦੇ ਸਨ॥ ੩੧॥ ੧੪੩॥

**ਭਈ ਬਾਣ ਬਰਖਾ॥ ਗਏ ਜੀਤਿ ਕਰਖਾ॥ ਸਭੈ ਦੁਸ਼ਟ ਮਾਰੇ॥ ਮਈਯਾ ਸੰਤ ਉਬਾਰੇ॥ ੩੨॥ ੧੫੪॥**

ਤੀਰਾਂ ਦੀ ਵਰਖਾ ਹੋ ਰਹੀ ਸੀ ਤੇ ਫ਼ਤਹਿ ਦੇ ਛੰਦ ਗਾਏ ਜਾ ਰਹੇ ਸਨ। ਮਾਤਾ ਦੁਰਗਾ ਨੇ ਸਭ ਦੁਸ਼ਟਾਂ ਦੈਂਤਾਂ ਨੂੰ ਮਾਰ ਕੇ ਸੰਤਾਂ ਭਗਤਾਂ ਨੂੰ ਬਚਾ ਲਿਆ ਸੀ॥ ੩੨॥ ੧੫੪॥

**ਨਿਸੁੰਭੰ ਸੰਘਾਰਯੋ॥ ਦਲੰ ਦੈਤ ਮਾਰਯੋ॥ ਸਭੈ ਦੁਸ਼ਟ ਭਾਜੇ॥ ਇਤੈ ਸਿੰਘੁ ਗਾਜੇ॥ ੩੩॥ ੧੫੫॥**

ਦੁਰਗਾ ਦੇਵੀ ਨੇ ਨਿਸੁੰਭ ਦੈਂਤ ਨੂੰ ਮਾਰ ਦਿੱਤਾ ਤੇ ਉਸ ਦੀਆਂ ਸਭ ਫੌਜਾਂ ਨੂੰ ਵੀ ਖਤਮ ਕਰ ਦਿੱਤਾ। ਬਾਕੀ ਰਹਿੰਦੇ ਸਾਰੇ ਦੁਸ਼ਟ ਰਣਭੂਮੀ ਵਿਚੋਂ ਜਾਨਾਂ ਬਚਾਕੇ ਭੱਜ ਗਏ ਸਨ। ਏਧਰ ਦੇਵੀ ਦਾ ਸ਼ੇਰ ਗਰਜ ਰਿਹਾ ਸੀ॥ ੩੩॥ ੧੫੫॥

**ਭਈ ਪੁਹਪ ਬਰਖਾ॥ ਗਏ ਜੀਤ ਕਰਖਾ॥ ਜੱਯੰ ਸੰਤ ਜੰਪੈ॥ ਤ੍ਰਸੈ ਦੈਤ ਕੰਪੈ॥ ੫॥ ੩੪॥ ੧੫੬॥**

ਦੇਵੀ ਦੀ ਜਿੱਤ ਹੋਈ ਵੇਖਕੇ ਦੇਵਤਿਆਂ ਨੇ ਮਾਤਾ ਦੁਰਗਾ ਤੇ ਫੁਲਾਂ ਦੀ ਵਰਖਾ ਕੀਤੀ ਤੇ ਜਿੱਤ ਦੇ ਛੰਦ ਗਾਏ। ਸੰਤ, ਭਗਤ ਤੇ ਦੇਵਤੇ ਦੁਰਗਾ ਦੀ ਜੈਜੈਕਾਰ ਕਰਦੇ ਸਨ ਅਤੇ ਦੇਵੀ ਤੋਂ ਡਰਦੇ ਦੈਂਤ ਕੰਬਦੇ ਸਨ॥ ੫॥ ੩੪॥ ੧੫੬॥

ਇਤਿ ਸ੍ਰੀ ਬਚਿਤ੍ਰ ਨਾਟਕੇ ਚੰਡੀ ਚਰਿਤ੍ਰੇ ਨਿਸੁੰਭ ਬਧਹ ਪੰਚਮੋ ਧਿਆਇ ਸੰਪੂਰਨਮ ਸਤੁ ਸੁਭਮ

ਸੁਤ॥੫॥ ੩੪॥੧੫੬॥ਅਫਜੂੰ॥

ਸ੍ਰੀ ਬਚਿੱਤਰ ਨਾਟਕ, ਚੰਡੀ ਚਰਿੱਤਰ, ਨਿਸੰਭ ਦੈਂਤ ਦਾ ਕਤਲ, ਅਧਿਆਏ ਪੰਜਵਾਂ ਸਮਾਪਤ॥ ਸਤ ਸੁਭਮ ਸਤ॥੫॥ ੩੪॥੧੫੬॥ਚਲਦਾ॥

# ਅਧਿਆਏ ਛੇਵਾਂ

## ਸੁੰਭ ਯੁੱਧ ਵਰਣਨ

### ਭੁਜੰਗ ਪ੍ਰਯਾਤ ਛੰਤ॥

**ਲਘੂ ਭ੍ਰਾਤ ਜੂਝਯੋ ਸੁਨਿਯੋ ਸੁੰਭ ਰਾਯੰ॥ ਸਜੇ ਸ਼ਸਤਰ ਅਸਤ੍ਰੰ ਚੜਿਯੋ ਚਉਪ ਚਾਯੰ॥**
**ਭਯੋ ਨਾਦ ਉਚੰ ਰਹਿਯੋ ਪੂਰ ਗੈਣੰ॥ਤ੍ਰਸੇ ਦੇਵਤਾ ਦੈਤ ਕੰਪਯੋ ਤ੍ਰਿਨੈਣੰ॥ ੧॥ ੧੫੭॥**

ਪਦ ਅਰਥ - ਲਘੂ ਭ੍ਰਾਤ=ਛੋਟਾ ਭਰਾ। ਗੈਣੰ=ਆਕਾਸ਼। ਤ੍ਰਿਨੈਣੰ=ਸ਼ਿਵ ਜੀ।

ਜਦੋਂ ਰਾਜੇ ਸੁੰਭ ਨੇ ਸੁਣਿਆ ਕਿ ਮੇਰਾ ਛੋਟਾ ਭਰਾ ਨਿਸੁੰਭ ਦੇਵੀ ਹਥੋਂ ਰਣਭੂਮੀ ਵਿਚ ਜੰਗ ਕਰਦਾ ਹੋਇਆ ਮਰ ਗਿਆ ਹੈ ਤਾਂ ਉਹ ਆਪ ਸ਼ਸਤਰ ਅਸਤ੍ਰ ਸਜਾਕੇ ਬੜੇ ਉਤਸ਼ਾਹ ਨਾਲ ਜੰਗ ਕਰਨ ਲਈ ਚੜ੍ਹਿਆ। ਉਸ ਦਾ ਬੜਾ ਉੱਚਾ ਨਾਦ ਸ਼ਬਦ ਗੂੰਜਿਆ, ਜਿਸ ਦੀ ਗੂੰਜ ਆਕਾਸ਼ ਤਕ ਫੈਲ ਗਈ। ਦੈਂਤ ਸੁੰਭ ਦੀ ਗਰਜ ਸੁਣਕੇ ਦੇਵਤੇ ਡਰ ਗਏ ਤੇ ਸ਼ਿਵ ਜੀ ਵੀ ਕੰਬ ਉਠਿਆ॥੧॥੧੫੭॥

**ਡਰਿਯੋ ਚਾਰ ਬਕਤ੍ਰੰ ਟਰਿਓ ਦੇਵਰਾਜੰ॥ ਡਿਗੇ ਪੱਬ ਸਰਬੰ ਸੂਜੇ ਸੁਭ੍ਰ ਸਾਜੰ॥**
**ਪਰੇ ਹੂਹ ਦੈ ਕੈ ਭਰੇ ਲੋਹ ਕ੍ਰੋਹੰ॥ ਮਨੋ ਮੇਰ ਕੋ ਸਾਤਵੋ ਸ੍ਰਿੰਗ ਸੋਹੰ॥ ੨॥ ੧੫੮॥**

ਪਦ ਅਰਥ - ਚਾਰ ਬਕਤ੍ਰ=ਚਾਰ ਮੂੰਹਾਂ ਵਾਲਾ-ਬ੍ਰਹਮਾ। ਦੇਵਰਾਜੰ=ਇੰਦਰ। ਪੱਬ=ਪਹਾੜ। ਮੇਰ=ਸੁਮੇਰ ਪਰਬਤ। ਸ੍ਰਿੰਗ=ਚੋਟੀ।

ਸੁੰਭ ਦੀ ਚੜ੍ਹਾਈ ਵੇਖਕੇ ਬ੍ਰਹਮਾ ਡਰ ਗਿਆ ਤੇ ਇੰਦਰ ਦੀ ਗੱਦੀ ਵੀ ਹਿੱਲ ਗਈ। ਸਾਰੇ ਪਹਾੜ ਡਰ ਦੇ ਮਾਰੇ ਡਿੱਗ ਪਏ। ਦੈਂਤਾਂ ਨੇ ਸਭ ਜੰਗੀ ਸਮਾਨ ਸਜਾ ਲਏ। ਉਹ ਬੜੇ ਕਰੋਧ ਨਾਲ ਭਰੇ ਹੱਲਾ ਕਰਕੇ ਪੈ ਗਏ। ਉਹਨਾਂ ਦੇ ਕੱਦ ਏਨੇ ਉੱਚੇ ਸਨ ਮਾਨੋ ਸੁਮੇਰ ਪਰਬਤ ਦਾ ਸਤਵਾਂ ਟਿੱਲਾ ਸ਼ੋਭ ਰਿਹਾ ਸੀ॥੨॥੧੫੮॥

**ਸਜਿਯੋ ਸੈਣ ਸੁੰਭੰ ਕੀਯੋ ਨਾਦ ਉੱਚੰ॥ ਸੁਣੇ ਗਰਭਣੀਆਨ ਕੇ ਗਰਭ ਮੁੱਚੰ॥**
**ਪਰਿਯੋ ਲੋਹ ਕ੍ਰੋਹੰ ਉਠੀ ਸ਼ਸਤ੍ਰ ਝਾਰੰ॥ ਚਵੀ ਚਾਵਡੀ ਡਾਕਣੀਯੰ ਡਕਾਰੰ॥ ੩॥ ੧੫੯॥**

ਸੁੰਭ ਨੇ ਆਪਣੀ ਸੈਨਾ ਨੂੰ ਸ਼ਸਤਰਾਂ ਅਸ਼ਤ੍ਰਾਂ ਨਾਲ ਸਜਾਇਆ ਤੇ ਉੱਚੀ ਉੱਚੀ ਨਾਦ ਕੀਤਾ, ਜਿਸ ਨੂੰ ਸੁਣਕੇ ਗਰਭਵਤੀ ਇਸਤ੍ਰੀਆਂ ਦੇ ਗਰਭ ਪਾਤ ਹੋ ਗਏ। ਬੜੇ ਕਰੋਧ ਨਾਲ ਸੂਰਮਿਆਂ ਨੇ ਜੁੱਧ ਸ਼ੁਰੂ ਕੀਤਾ। ਸ਼ਸਤਰਾਂ ਦੇ ਭਿੜਨ ਨਾਲ ਅੱਗ ਨਿਕਲਣ ਲੱਗੀ। ਚੁੜੇਲਾਂ ਬੋਲਦੀਆਂ ਸਨ ਤੇ ਡੈਣਾਂ ਖ਼ੁਸ਼ੀ ਵਿਚ ਡਕਾਰਦੀਆਂ ਸਨ॥ ੩ ॥ ੧੫੯ ॥

**ਬਹੇ ਸ਼ਸਤ੍ਰ ਅਸਤ੍ਰੰ ਕਟੇ ਚਰਮ ਬਰਮੰ ॥ ਭਲੇ ਕੈ ਨਿਬਾਹਿਯੋ ਭਟੰ ਸ੍ਵਾਮਿ ਧਰਮੰ ॥**
**ਉਠੀ ਕੂਹ ਜੂਹੰ ਗਿਰੇ ਚਉਰ ਚੀਰੰ ॥ ਰੁਲੇ ਤੱਛ ਮੁੱਛੰ ਪਰੀ ਗੱਛ ਤੀਰੰ ॥ ੪ ॥ ੧੬੦ ॥**

ਸ਼ਸਤਰਾਂ ਤੇ ਅਸਤ੍ਰਾਂ ਦੇ ਚਲਣ ਨਾਲ ਢਾਲਾਂ ਤੇ ਸੰਜੋਆਂ ਕਟੀਆਂ ਗਈਆਂ ਸਨ। ਸੂਰਮੇ ਜੰਗ ਕਰਕੇ ਆਪਣੇ ਸੁਆਮੀ-ਧਰਮ ਨੂੰ ਚੰਗੀ ਤਰ੍ਹਾਂ ਨਿਬਾਹ ਰਹੇ ਸਨ। ਵਢੇ ਟੁਕੇ ਸੂਰਮੇ ਰਣਭੂਮੀ ਵਿਚ ਰੁਲ ਰਹੇ ਸਨ ਤੇ ਤੀਰਾਂ ਦੀ ਬੁਛਾੜ ਹੋ ਰਹੀ ਸੀ॥ ੪ ॥ ੧੬੦ ॥

**ਗਿਰੇ ਅੰਕੁਸੰ ਬਾਰੁਣੰ ਬੀਰ ਖੇਤੰ ॥ ਨਚੇ ਕੰਧ ਹੀਣੰ ਕਬੰਧੰ ਅਚੇਤੰ ॥**
**ਉਡੈਂ ਗ੍ਰਿੱਧ ਬ੍ਰਿੱਧੰ ਰੜੈਂ ਕੰਕ ਬੰਕੰ ॥ ਭਕਾ ਭੁੰਕ ਭੇਰੀ ਡਹਾ ਡੂਹ ਡੰਕੰ ॥ ੫ ॥ ੧੬੧ ॥**

ਰਣਭੂਮੀ ਵਿਚ ਹਾਥੀਆਂ ਦੇ ਅੰਕਸ, ਹਾਥੀ ਤੇ ਸੂਰਮੇ ਡਿੱਗੇ ਪਏ ਸਨ। ਸਿਰ ਲਥੇ ਧੜ ਅਚੇਤ ਨਚ ਰਹੇ ਸਨ। ਵੱਡੀਆਂ ਵੱਡੀਆਂ ਗਿਰਝਾਂ ਉਡਦੀਆਂ ਫਿਰਦੀਆਂ ਸਨ ਤੇ ਡਰਾਉਣੇ ਕਾਂ ਬੋਲਦੇ ਸਨ। ਭੱਕ ਭੱਕ ਕਰਕੇ ਭੇਰੀਆਂ ਵੱਜ ਰਹੀਆਂ ਸਨ ਤੇ ਡਗਿਆਂ ਦੇ ਲੱਗਣ ਨਾਲ ਡਫਾਂ ਡੂਹ ਡੂਹ ਕਰਕੇ ਬੋਲ ਰਹੀਆਂ ਸਨ॥ ੫ ॥ ੧੬੧ ॥

**ਟਕਾ ਟੁੱਕ ਟੋਪੰ ਢਕਾ ਢੁੱਕ ਢਾਲੰ ॥ ਤਛਾ ਮੁੱਛ ਤੇਗੰ ਬਕੇ ਬਿੱਕਰਾਲੰ ॥**
**ਸਨਾ ਚਾਲ ਬੀਰੰ ਧਮਾ ਧੰਮਿ ਸਾਂਗੰ ॥ ਪਰੀ ਹਾਲ ਹੂਲੰ ਸੁਣਿਓ ਲੋਗ ਨਾਗੰ ॥ ੬ ॥ ੧੬੨ ॥**

ਟੋਪਾਂ ਦੀ ਟਕਾ ਟੁਕ ਤੇ ਢਾਲਾਂ ਦੀ ਢਕਾ ਢੁਕ ਆਵਾਜ਼ ਹੋ ਰਹੀ ਸੀ। ਤਲਵਾਰਾਂ ਨਾਲ ਵੱਢਾ ਟੁਕੀ ਹੋ ਰਹੀ ਸੀ ਅਤੇ ਬੜਾ ਭਿਆਨਕ ਰੌਲਾ ਗੌਲਾ ਹੋ ਰਿਹਾ ਸੀ। ਸੂਰਮਿਆਂ ਵਿਚ ਹਲਚਲ ਮਚੀ ਹੋਈ ਸੀ ਤੇ ਬਰਛਿਆਂ ਦੇ ਧਮਾਕੇ ਸੁਣਾਈ ਦੇ ਰਹੇ ਸਨ। ਏਨਾ ਸ਼ੋਰ ਸ਼ਰਾਬਾ ਮਚਿਆ ਹੋਇਆ ਸੀ ਜੋ ਨਾਗ ਲੋਕ ਭਾਵ ਪਤਾਲ ਤਕ ਸੁਣਿਆਂ ਜਾ ਰਿਹਾ ਸੀ॥ ੬ ॥ ੧੬੨ ॥

**ਡਕੀ ਡਾਕਣੀ ਜੋਗਣੀਯੰ ਬਿਤਾਲੰ ॥ ਨਚੇ ਕੰਧ ਹੀਣੰ ਕਬੰਧੰ ਕਪਾਲੰ ॥**
**ਹਸੇ ਦੇਵ ਸਰਬੰ ਰਿਸਿਯੋ ਦਾਨਵੇਸੰ ॥ ਕਿਧੋ ਅਗਨ ਜ੍ਵਾਲੰ ਭਯੋ ਆਪ ਭੇਸੰ ॥ ੭ ॥ ੧੬੩ ॥**

ਰਣਭੂਮੀ ਵਿਚ ਡੈਣਾਂ, ਜੋਗਣੀਆਂ ਤੇ ਬੈਤਾਲ ਬੋਲ ਰਹੇ ਸਨ, ਸਿਰ ਤੋਂ ਹੀਣੇ ਧੜ ਨਚ ਰਹੇ ਸਨ। ਇਹ ਦ੍ਰਿਸ਼ ਵੇਖਕੇ ਦੇਵਤੇ ਹਸ ਰਹੇ ਸਨ ਤੇ ਦੈਂਤਾਂ ਦਾ ਰਾਜਾ ਸੁੰਭ ਕਰੋਧ ਵਿਚ ਆ ਰਿਹਾ ਸੀ। ਗੁੱਸੇ ਨਾਲ ਉਸ ਦਾ ਰੂਪ ਇਉਂ ਪ੍ਰਤੀਤ ਹੋ ਰਿਹਾ ਸੀ, ਜਿਵੇ ਅੱਗ ਦੀ ਲਾਟ ਹੁੰਦੀ ਹੈ॥ ੭ ॥ ੧੬੩ ॥

## ਨਰਾਜ ਛੰਦ॥

**ਸੁ ਬੀਰ ਸੈਣ ਸੱਜਿਕੈ॥ ਚੜਿਯੋ ਸੁ ਕੋਪ ਗੱਜਿਕੈ॥**
**ਚਲਿਯੋ ਸੁ ਸ਼ਸਤਰ ਧਾਰਕੈ॥ ਪੁਕਾਰ ਮਾਰ ਮਾਰਕੈ॥ ੯॥ ੧੬੫॥**

ਸੁੰਭ ਚੰਗੇ ਚੰਗੇ ਸੂਰਮਿਆਂ ਨੂੰ ਸ਼ਸਤਰਾਂ ਨਾਲ ਸਜਾਕੇ ਬੜੇ ਕਰੋਧ ਨਾਲ ਚੜ੍ਹਿਆ। ਉਹ ਆਪ ਵੀ ਸ਼ਸਤਰ ਧਾਰਨ ਕਰਕੇ ਮਾਰੋ ਮਾਰ ਪੁਕਾਰ ਰਿਹਾ ਸੀ॥ ੯॥ ੧੬੫॥

## ਸੰਗੀਤ ਮਧੁਭਾਰ ਛੰਦ

**ਕਾਗੜਦੰ ਕੜਾਕ॥ ਤਾਗੜਦੰ ਤੜਾਕ॥ ਸਾਗੜਦੰ ਸੁ ਬੀਰ॥ ਗਾਗੜਦੰ ਗਹੀਰ॥ ੧੦॥ ੧੬੬॥**

ਸੂਰਮਿਆਂ ਦੇ ਸ਼ਸਤਰ ਕਾੜ ਕਾੜ ਕਰਦੇ ਸਨ ਤੇ ਉਹ ਵੈਰੀ ਨੂੰ ਤਾੜ ਤਾੜ ਮਾਰਦੇ ਸਨ। ਸੂਰਮੇ ਬਰਛੀਆਂ ਨੂੰ ਸਰੀਰਾਂ ਵਿਚ ਡੂੰਘੇ ਧਸਾ ਦੇਂਦੇ ਸਨ॥ ੧੦॥ ੧੬੬॥

**ਨਾਗੜਦੰ ਨਿਸ਼ਾਣ॥ ਜਾਗੜਦੰ ਜੁਆਣ॥ ਨਾਗੜਦੀ ਨਿਹੰਗ॥ ਪਾਗੜਦੀ ਪਲੰਗ॥ ੧੧॥ ੧੬੭॥**

ਅਰਥ - ਰਣਭੂਮੀ ਵਿਚ ਧੌਂਸੇ ਗੂੰਜਦੇ ਸਨ ਤੇ ਸੂਰਮੇ ਜੰਗ ਵਿਚ ਜੁਟੇ ਹੋਏ ਸਨ। ਮਗਰਮੱਛਾਂ ਵਾਂਗੂੰ ਸੂਰਮੇ ਇਕ ਦੂਜੇ ਨੂੰ ਫੜਦੇ ਸਨ ਤੇ ਚਿਤਰਿਆਂ ਵਾਂਗੂੰ ਉਛਲ ਉਛਲ ਪੈਂਦੇ ਸਨ॥ ੧੧॥ ੧੬੭॥

**ਤਾਗੜਦੀ ਤਮੱਕਿ॥ ਲਾਗੜਦੀ ਲਹੱਕਿ॥ ਕਾਗੜਦੰ ਕ੍ਰਿਪਾਣ॥ ਬਾਹੈਂ ਜੁਆਣ॥ ੧੨॥ ੧੬੮॥**

ਸੂਰਮੇ ਇਕ ਦੂਜੇ ਨੂੰ ਗੁੱਸੇ ਨਾਲ ਘੂਰਦੇ ਸਨ। ਤਲਵਾਰ ਲਹਿ ਲਹਿ ਕਰਦੀ ਸੀ। ਬੜੀਆਂ ਤਿੱਖੀਆਂ ਤੇ ਕਰੜੀਆਂ ਕ੍ਰਿਪਾਨਾਂ ਨੂੰ ਸੂਰਮੇ ਆਪਣੀਆਂ ਬਾਹਾਂ ਦੇ ਬਲ ਨਾਲ ਚਲਾਉਂਦੇ ਸਨ॥ ੧੨॥ ੧੬੮॥

**ਖਾਗੜਦੀ ਖਤੰਗ॥ ਨਾਗੜਦੀ ਨਿਹੰਗ॥ ਛਾਗੜਦੀ ਛੁਟੰਤ॥ ਆਗੜਦੀ ਉਡੰਤ॥ ੧੩॥ ੧੬੯॥**

ਮਗਰਮੱਛਾਂ ਵਰਗੇ ਚੌੜੇ ਤੇ ਤਿੱਖੇ ਤੀਰ ਸੂਰਮਿਆਂ ਨੇ ਫੜੇ ਹੋਏ ਸਨ। ਉਹ ਤੀਰ ਛਰੜ ਛਰੜ ਕਰਕੇ ਛੁਟਦੇ ਸਨ ਤੇ ਅਗੇ ਖੜੋਤੇ ਸੂਰਮਿਆਂ ਨੂੰ ਉਡਾ ਦਿੰਦੇ ਸਨ॥ ੧੩॥ ੧੬੯॥

**ਪਾਗੜਦੀ ਪਵੰਗ ॥ ਸਾਗੜਦੀ ਸੁਭੰਗ ॥ ਜਾਗੜਦੀ ਜੁਆਣ ॥ ਝਾਗੜਦੀ ਝੁਝਾਣ ॥ ੧੪ ॥ ੧੭੦ ॥**

ਪੱਗਾਂ ਵਾਲੇ ਤੇ ਚੰਗੇ ਅੰਗਾਂ ਵਾਲੇ ਘੋੜ-ਸਵਾਰ ਸੂਰਮੇ ਹਰ ਪਾਸੇ ਰਣਭੂਮੀ ਵਿਚ ਜੂਝਦੇ ਸਨ ॥ ੧੪ ॥ ੧੭੦ ॥

**ਝਾਗੜਦੀ ਝੜੰਗ ॥ ਕਾਗੜਦੀ ਕੜੰਗ ॥ ਤਾਗੜਦੀ ਤੜਾਕ ॥ ਚਾਗੜਦੀ ਚਟਾਕ ॥ ੧੫ ॥ ੧੭੧ ॥**

ਸੂਰਮੇ ਇਕ ਦੂਜੇ ਨੂੰ ਝਾੜ ਝਾੜ ਕੇ ਸੁਟੀ ਜਾਂਦੇ ਸਨ। ਕਮਾਨ ਕੜ ਕੜ ਕਰਕੇ ਟੁੱਟਦੇ ਸਨ ਅਤੇ ਤੜ ਤੜ ਕਰਕੇ ਬੰਦੂਕਾਂ ਚਲਦੀਆਂ ਸਨ ਤੇ ਬਰਛਿਆਂ ਦੀ ਚੜ ਚੜ ਕਰਕੇ ਆਵਾਜ਼ ਹੁੰਦੀ ਸੀ ॥ ੧੫ ॥ ੧੭੧ ॥

**ਘਾਗੜਦੀ ਘਬਾਕ ॥ ਭਾਗੜਦੀ ਭਭਾਕ ॥ ਕਾਗੜਦੰ ਕਪਾਲਿ ॥ ਨੱਚੀ ਬਿਕ੍ਰਾਲ ॥ ੧੬ ॥ ੧੭੨ ॥**

ਗੋਪੀਏ ਵਿਚੋਂ ਘਾੜ ਘਾੜ ਕਰਕੇ ਗੋਲੇ ਪੈਂਦੇ ਸਨ। ਜ਼ਖਮਾਂ ਦੇ ਮੂੰਹ ਭੱਭਕ ਭੱਭਕ ਕੇ ਖੁੱਲ੍ਹਦੇ ਸਨ। ਕਪਾਲੀ ਕੜਕਦੀ ਸੀ ਤੇ ਭਿਆਨਕ ਰੂਪ ਧਾਰਕੇ ਨਚਦੀ ਸੀ ॥ ੧੬ ॥ ੧੭੨ ॥

**ਨਰਾਜ ਛੰਦ ॥ ਅਨੰਤ ਦੁਸ਼ਟ ਮਾਰੀਯੰ ॥ ਬਿਅੰਤ ਸ਼ੋਕ ਟਾਰੀਯੰ ॥ ਕਮੰਧ ਅੰਧ ਉੱਠੀਯੰ ॥ ਬਿਸੇਖ ਬਾਣ ਬੁੱਠੀਯੰ ॥ ੧੭ ॥ ੧੭੩ ॥**

ਅਰਥ - ਦੇਵੀ ਨੇ ਬੇਅੰਤ ਦੁਸ਼ਟਾਂ ਨੂੰ ਮਾਰ ਦਿੱਤਾ ਤੇ ਬੇਅੰਤ ਸ਼ੋਕ ਦੂਰ ਕਰ ਦਿੱਤੇ ਸਨ। ਫਿਰ ਧੜ ਅੰਧਾ ਧੁੰਧ ਖੜੇ ਹੋ ਜਾਂਦੇ ਸਨ ਤੇ ਚੰਗੇ ਢੰਗ ਨਾਲ ਤੀਰ ਚਲਾਉਂਦੇ ਸਨ ॥ ੧੭ ॥ ੧੭੩ ॥

**ਕੜਾਕ ਕਰਮੁਕੰ ਉੱਧੰ ॥ ਸੜਾਕ ਸੈਹਥੀ ਜੁੱਧੰ ॥ ਬਿਅੰਤ ਬਾਣਿ ਬਰਖਯੰ ॥ ਬਿਸੇਖ ਬੀਰ ਪਰਖਯੰ ॥ ੧੮ ॥ ੧੭੪ ॥**

ਧਨੁਖਾਂ ਦੀ ਉੱਚੀ ਉੱਚੀ ਆਵਾਜ਼ ਹੁੰਦੀ ਸੀ। ਜੁੱਧ ਵਿਚ ਸੈਹਥੀਆਂ ਦੀ ਸੜ ਸੜ ਕਰਕੇ ਆਵਾਜ਼ ਹੁੰਦੀ ਸੀ। ਬਿਅੰਤ ਤੀਰ ਵਰਸਦੇ ਸਨ ਤੇ ਚੰਗੇ ਯੋਧਿਆਂ ਦੀ ਜੰਗ ਵਿਚ ਪਰਖ ਹੋ ਰਹੀ ਸੀ ॥ ੧੮ ॥ ੧੭੪ ॥

**ਸੰਗੀਤ ਨਰਾਜ ਛੰਦ ॥ ਕੜਾ ਕੜੀ ਕ੍ਰਿਪਾਣਯੰ ॥ ਜਟਾ ਜੁਟੀ ਜੁਆਣਯੰ ॥ ਸੁ ਬੀਰ ਜਾਗੜਦੰ ਜਗੇ ॥ ਲੜਾਕ ਲਾਗੜਦੰ ਪਗੇ ॥ ੧੯ ॥ ੧੭੫ ॥**

ਕ੍ਰਿਪਾਨਾਂ ਚਲਣ ਕਰਕੇ ਕਾੜ ਕਾੜ ਦੀ ਆਵਾਜ਼ ਹੁੰਦੀ ਸੀ। ਸੂਰਮੇ ਇਕ ਦੂਜੇ ਨਾਲ ਗੁੱਥਮਗੁੱਥਾ ਹੋਏ ਸਨ । ਚੰਗੇ ਚੰਗੇ ਸੂਰਮੇ ਸੁਚੇਤ ਹੋ ਕੇ ਜਾਗੇ ਰਹੇ ਸਨ। ਲੜਾਕੇ ਜੋਧੇ ਲੜਾਈ ਵਿਚ ਮਸਤ ਹੋ ਕੇ ਫਿਰਦੇ ਸਨ ॥ ੧੯ ॥ ੧੭੫ ॥

## ਰਸਾਵਲ ਛੰਦ ॥

**ਝਮੀ ਤੇਗ ਝੱਟੰ ॥ ਛੁਰੀ ਛਿੱਪ੍ਰ ਛੁੱਟੇ ॥ ਗੁਰੰ ਗੁਰਜ ਗੱਟੰ ॥ ਪਲੰਗੰ ਪਿਸੱਟੰ ॥ ੨੦ ॥ ੧੭੬ ॥**

ਦੈਂਤਾਂ ਦੀਆਂ ਤਲਵਾਰਾਂ ਚਮਕਦੀਆਂ ਸਨ ਤੇ ਉਹ ਛੁਰਿਆਂ ਨੂੰ ਛੇਤੀ ਨਾਲ ਚਲਾਉਂਦੇ ਸਨ। ਬੜੇ ਬੜੇ ਗੁਰਜ ਪਿੱਠ ਤੇ ਮਾਰਦੇ ਸਨ॥ ੨੦ ॥ ੧੭੬ ॥

**ਕਿਤੇ ਸ੍ਰੋਣ ਚੱਟੰ ॥ ਕਿਤੇ ਸੀਸ ਫੁੱਟੰ ॥ ਕਹੂੰ ਹੂਹ ਛੁੱਟੰ ॥ ਕਹੂੰ ਬੀਰ ਉੱਠੰ ॥ ੨੧ ॥ ੧੭੭ ॥**

ਕਿਸੇ ਪਾਸੇ ਗਿੱਦੜ ਸੂਰਮਿਆਂ ਦਾ ਲਹੂ ਚੱਟਦੇ ਸਨ। ਕਿਸੇ ਪਾਸੇ ਸੂਰਮੇ ਇਕ ਦੂਜੇ ਦਾ ਸਿਰ ਭੰਨਦੇ ਸਨ। ਕਿਸੇ ਪਾਸੇ ਰੌਲਾ ਗੌਲਾ ਪੈ ਰਿਹਾ ਸੀ ਤੇ ਕਿਤੇ ਸੂਰਮੇ ਡਿੱਗ ਡਿੱਗ ਕੇ ਉਠਦੇ ਸਨ॥ ੨੧ ॥ ੧੭੭ ॥

**ਕਹੂ ਧੂਰਿ ਲੱਟੰ ॥ ਕਿਤੇ ਮਾਰ ਰੱਟੰ ॥ ਭਣੈ ਜੱਸ ਭੱਟੰ ॥ ਕਿਤੇ ਪੇਟ ਫੱਟੰ ॥ ੨੨ ॥ ੧੭੮ ॥**

ਕਿਸ਼ੇ ਪਾਸੇ ਸੂਰਮੇ ਧੂੜ ਵਿਚ ਲੋਟੇ ਹੋਏ ਸਨ ਤੇ ਕਿਤੇ ਮਾਰੋ ਮਾਰ ਦਾ ਸ਼ਬਦ ਕਰਦੇ ਸਨ। ਸੂਰਮਿਆਂ ਦੀ ਬਹਾਦਰੀ ਵੇਖ ਵੇਖ ਕੇ ਕਿਤੇ ਭੱਟ ਜਸ ਦੀਆਂ ਵਾਰਾਂ ਗਾਉਂਦੇ ਸਨ। ਕਿਸੇ ਪਾਸੇ ਪਾਟੇ ਹੋਏ ਪੇਟ ਪਏ ਸਨ॥ ੨੨ ॥ ੧੭੮ ॥

**ਭਜੇ ਛੱਡ੍ਰ ਥੱਟੰ ॥ ਕਿਤੇ ਖੂਨ ਖੱਟੰ ॥ ਕਿਤੇ ਦੁਸ਼ਟ ਦੱਟੰ ॥ ਫਿਰੇ ਜਜੋਂ ਹਰੱਟੰ ॥ ੨੩ ॥ ੧੭੯ ॥**

ਕਿਤੇ ਬੜੇ ਠਾਠ ਵਾਲੇ ਖੱਤਰੀ ਭੱਜੇ ਫਿਰਦੇ ਸਨ ਤੇ ਕਿਤੇ ਕਤਲੋਆਮ ਕਰਦੇ ਸਨ। ਕਿਤੇ ਇਕ ਦੂਜੇ ਨੂੰ ਡਾਂਟਦੇ ਸਨ ਤੇ ਖੂਹ ਵਾਂਗੂੰ ਏਧਰ ਓਧਰ ਭਉਂਦੇ ਸਨ॥ ੨੩ ॥ ੧੭੯ ॥

**ਸਜੇ ਸੂਰ ਸਾਰੇ ॥ ਮਹਿਖੁਆਸ ਧਾਰੇ ॥ ਲਏ ਖੱਗਆਰੇ ॥ ਮਹਾ ਰੋਹ ਵਾਰੇ ॥ ੨੪ ॥ ੧੮੦ ॥**

ਹੱਥਾਂ ਵਿਚ ਧਨੁਖ ਬਾਣ ਫੜਕੇ ਸਾਰੇ ਸੂਰਮੇ ਸੱਜੇ ਹੋਏ ਸਨ। ਬੜੇ ਤਿੱਖੇ ਖੰਡੇ ਉਹਨਾਂ ਨੇ ਫੜੇ ਹੋਏ ਸਨ ਤੇ ਉਹ ਬੜੇ ਰੋਹ ਵਿਚ ਭਰੇ ਹੋਏ ਸਨ॥ ੨੪ ॥ ੧੮੦ ॥

**ਸਹੀ ਰੂਪ ਕਾਰੇ ॥ ਮਨੋਂ ਸਿੰਧੁ ਖਾਰੇ ॥ ਕਈ ਵਾਰ ਗਾਰੇ ॥ ਸੁ ਮਾਰੰ ਉਚਾਰੇ ॥ ੨੫ ॥ ੧੮੧ ॥**

ਦੈਂਤਾਂ ਦੇ ਰੂਪ ਇਸ ਤਰ੍ਹਾਂ ਦੇ ਕਾਲੇ ਸਨ, ਮਾਨੋ ਖਾਰਾ ਸਮੁੰਦਰ ਸੀ। ਦੁਰਗਾ ਨੇ ਉਹਨਾਂ ਨੂੰ ਕਈ ਵਾਰੀ ਨਾਸ ਕੀਤਾ ਸੀ, ਉਹ ਫਿਰ ਵੀ 'ਮਾਰ ਲੈਂ-ਮਾਰ ਲੈਂ' ਪੁਕਾਰਦੇ ਸਨ॥ ੨੫ ॥ ੧੮੧ ॥

**ਭਵਾਨੀ ਪਛਾਰੇ ॥ ਜਵਾ ਜੇਮਿ ਜਾਰੇ ॥ ਬਡੇਈ ਲੁਝਾਰੇ ॥ ਹੁਤੇ ਜਿ ਹੀਏ ਵਾਰੇ ॥ ੨੬ ॥ ੧੮੨ ॥**

ਦੇਵੀ ਦੁਰਗਾ ਨੇ ਉਹਨਾਂ ਦੈਂਤਾਂ ਨੂੰ ਜਿਹੜੇ ਕਿ ਬੜੇ ਲੜਾਕੇ ਤੇ ਹੌਂਸਲੇ ਵਾਲੇ ਸਨ, ਇਸ ਤਰ੍ਹਾਂ ਨਾਸ ਕਰ ਦਿੱਤਾ, ਜਿਵੇਂ ਗਰਮੀ ਜੌਂ ਦੇ ਬੂਟੇ ਨੂੰ ਸਾੜ ਦੇਂਦੀ ਹੈ॥ ੨੬ ॥ ੧੮੨ ॥

**ਇਕੰ ਬਾਰ ਟਾਰੇ ॥ ਠਮੰ ਠੋਕ ਠਾਰੇ ॥ ਬਲੀ ਮਾਰ ਡਾਰੇ ॥ ਢਮੱਕੇ ਢਢਾਰੇ ॥ ੨੭ ॥ ੧੮੩ ॥**

ਦੇਵੀ ਨੇ ਦੈਂਤਾਂ ਨੂੰ ਇਕੋ ਵਾਰ ਹੱਲਾ ਕਰਕੇ ਆਪਣੀ ਜਗ੍ਹਾ ਤੋਂ ਹਿਲਾ ਦਿੱਤਾ ਤੇ ਉਹਨਾਂ

ਨੂੰ ਮਾਰ ਮਾਰ ਕੇ ਠੰਢਾ ਕਰ ਦਿੱਤਾ। ਬੜੇ ਬੜੇ ਸੂਰਮਿਆਂ ਨੂੰ ਮਾਰ ਕੇ ਖਤਮ ਕਰ ਦਿੱਤਾ। ਦਮ ਦਮ ਕਰਕੇ ਢਡਾਂ ਦੀ ਆਵਾਜ਼ ਹੋ ਰਹੀ ਸੀ॥ ੨੭॥ ੧੮੩॥

**ਬਹੇ ਬਾਣਣਿਆਰੇ॥ ਕਿਤੈ ਤੀਰ ਤਾਰੇ॥ ਲਖੇ ਹਾਥ ਬਾਰੇ॥ ਦਿਵਾਨੇ ਦਿਦਾਰੇ॥ ੨੮॥ ੧੮੪॥**

ਬੜੀਆਂ ਤਿੱਖੀਆਂ ਅਣੀਆਂ ਵਾਲੇ ਤੀਰ ਚਲਦੇ ਸਨ। ਉਹਨਾਂ ਤੀਰਾਂ ਨੇ ਅਨੇਕਾਂ ਸੂਰਮਿਆਂ ਨੂੰ ਜੰਗ ਦੀ ਨਦੀ ਤੋਂ ਪਾਰ ਕਰ ਦਿੱਤਾ ਸੀ। ਦੈਂਤਾਂ ਦੇ ਜ਼ਿਹੜੇ ਹਥ ਬੜੇ ਜ਼ੋਰ ਵਾਲੇ ਦਿੱਸਦੇ ਸਨ, ਉਹ ਦੇਵੀ ਦਾ ਦਰਸ਼ਨ ਕਰਕੇ ਦੀਵਾਨੇ ਮਤਵਾਲੇ ਹੋ ਗਏ ਸਨ॥ ੨੮॥ ੧੮੪॥

**ਹਣੇ ਭੂਮਿ ਪਾਰੇ॥ ਕਿਤੇ ਸਿੰਘ ਫਾਰੇ॥ ਕਿਤੇ ਆਪੁ ਬਾਰੇ॥ ਜਿਤੇ ਦੈਤ ਭਾਰੇ॥ ੨੯॥ ੧੮੫॥**

ਪਦ ਅਰਥ - ਭੂਮਿ ਪਾਰੇ=ਰਾਜੇ। ਆਪੁ ਬਾਰੇ=ਹੰਕਾਰ ਵਾਲੇ।

ਕਈ ਰਾਜੇ ਦੇਵੀ ਨੇ ਮਾਰ ਦਿੱਤੇ ਤੇ ਕਈਆਂ ਨੂੰ ਸ਼ੇਰ ਨੇ ਪਾੜ ਦਿੱਤਾ। ਬੜੇ ਹੰਕਾਰੀ ਤੇ ਬਲਵਾਨ ਦੈਂਤਾਂ ਨੂੰ ਦੇਵੀ ਨੇ ਜਿੱਤ ਲਿਆ॥ ੨੯॥ ੧੮੫॥

**ਤਿਤੇ ਅੰਤ ਹਾਰੇ॥ ਬਡੇਈ ਅੜਿਆਰੇ॥ ਖਰੇਈ ਬਰਿਆਰੇ॥ ਕਰੂਰੰ ਕਰਾਰੇ॥ ੩੦॥ ੧੮੬॥**

ਜਿਹੜੇ ਦੈਂਤ ਬੜੇ ਹਠ ਵਾਲੇ, ਧੱਕਾ ਕਰਨ ਵਾਲੇ, ਖੋਟੇ ਤੇ ਕਰੜੇ ਸਨ, ਉਹ ਅੰਤ ਨੂੰ ਦੇਵੀ ਸਾਹਮਣੇ ਹਾਰ ਗਏ॥ ੩੦॥ ੧੮੬॥

**ਲਪੱਕੇ ਲਲਾਰੇ॥ ਅਰੀਲੇ ਅਰਿਆਰੇ॥ ਹਣੇ ਕਾਲ ਕਾਰੇ॥ ਭਜੇ ਰੋਹ ਵਾਰੇ॥ ੩੧॥ ੧੮੭॥**

ਜਿੰਨ੍ਹਾਂ ਦੈਂਤਾਂ ਦੇ ਮੱਥੇ ਚਮਕਦੇ ਸਨ, ਜੋ ਬੜੇ ਹਠ ਵਾਲੇ ਤੇ ਦੁਸ਼ਮਨਾਂ ਨੂੰ ਮਾਰਨ ਵਾਲੇ ਸਨ, ਉਹਨਾਂ ਕਾਲੇ ਕਾਲੇ ਦੈਂਤਾਂ ਨੂੰ ਕਾਲਕਾ ਨੇ ਮਾਰ ਦਿੱਤਾ। ਕਰੋਧ ਨਾਲ ਭਰੇ ਰਹਿੰਦੇ ਸੂਰਮੇ ਮੈਦਾਨ ਵਿਚੋਂ ਭੱਜ ਗਏ॥ ੩੧॥ ੧੮੭॥

**ਦੋਹਰਾ॥ ਇਹ ਬਿਧਿ ਦੁਸ਼ਟ ਪ੍ਰਜਾਰਕੈ ਸ਼ਸਤਰ ਅਸਤ੍ਰ ਕਰ ਲੀਨ॥**
**ਬਾਣ ਬੂੰਦ ਪ੍ਰਿਥਮੈ ਬਰਖ ਸਿੰਘ ਨਾਦ ਪੁਨ ਕੀਨ॥ ੩੨॥ ੧੮੮॥**

ਦੇਵੀ ਨੇ ਇਸ ਤਰ੍ਹਾਂ ਦੁਸ਼ਟ ਦੈਂਤਾਂ ਨੂੰ ਮਾਰਕੇ ਆਪਣੇ ਹਥਾਂ ਵਿਚ ਸ਼ਸਤਰ ਤੇ ਅਸਤ੍ਰ ਫੜ ਲਏ। ਪਹਿਲਾਂ ਉਸ ਨੇ ਮੀਂਹ ਵਾਂਗੂੰ ਤੀਰਾਂ ਦੀ ਵਰਖਾ ਕੀਤੀ ਤੇ ਫਿਰ ਸਿੰਘ ਨਾਦ ਕੀਤਾ ਭਾਵ ਬੜਾ ਉੱਚਾ ਲਲਕਾਰਾ ਮਾਰਿਆ॥ ੩੨॥ ੧੮੮॥

## ਰਸਾਵਲ ਛੰਦ॥

**ਸੁਣਜੋ ਸੁੰਭ ਰਾਯੰ॥ ਚੜ੍ਹਜੋ ਚਉਪ ਚਾਯੰ॥ ਸਜੇ ਸ਼ਸਤਰ ਪਾਣੰ॥ ਚੜੇ ਜੰਗ ਜੁਾਣੰ॥ ੩੩॥ ੧੮੯॥**

ਜਦੋਂ ਸੁੰਭ ਰਾਜੇ ਨੇ ਜੰਗ ਦਾ ਹਾਲ ਚਾਲ ਸੁਣਿਆਂ ਤਾਂ ਫਿਰ ਉਹ ਆਪ ਬੜੇ ਉਤਸ਼ਾਹ ਤੇ ਚਾਅ ਨਾਲ ਜੰਗ ਕਰਨ ਲਈ ਚੜ੍ਹਿਆ। ਆਪਣਿਆਂ ਹੱਥਾਂ ਵਿਚ ਸ਼ਸਤਰ ਲੈ ਕੇ ਬੜੇ ਬੜੇ ਜਵਾਨ

ਜੰਗ ਕਰਨ ਲਈ ਤੁਰ ਪਏ॥ ੩੩॥ ੧੮੯॥

**ਲਗੇ ਢੋਲ ਢੰਕੇ॥ ਕਮਾਣੰ ਕੜੰਕੇ॥ ਭਏ ਨੱਦ ਨਾਦੰ॥ ਧੁਣੰ ਨਿਰਬਿਖਾਦੰ॥ ੩੪॥ ੧੯੦॥**

ਡਗਿਆਂ ਦੇ ਲਗਣ ਨਾਲ ਢੋਲ ਵੱਜੇ ਤੇ ਕਮਾਨਾਂ ਕੜ ਕੜ ਕਰਕੇ ਕੜਕੀਆਂ। ਧੌਂਸਿਆਂ ਦੀ ਗੂੰਜ ਲਗਾਤਾਰ ਗੂੰਜਣ ਲਗੀ॥ ੩੪॥ ੧੯੦॥

**ਚਮੱਕੀ ਕ੍ਰਿਪਾਣੰ॥ ਹਠੇ ਤੇਜ ਮਾਣੰ॥ ਮਹਾਬੀਰ ਹੁੰਕੇ॥ ਸੁ ਨੀਸਾਣ ਦੂੰਕੇ॥ ੩੫॥ ੧੯੧॥**

ਰਣਭੂਮੀ ਵਿਚ ਸੂਰਮਿਆਂ ਦੀਆਂ ਤਲਵਾਰਾਂ ਚਮਕ ਰਹੀਆਂ ਸਨ। ਬੜੇ ਤੇਜ ਤੇ ਮਾਣ ਵਾਲੇ ਸੂਰਮੇ ਲਲਕਾਰੇ ਮਾਰ ਰਹੇ ਸਨ। ਧੌਂਸਿਆਂ ਦੀ ਗੂੰਜ ਉਠ ਰਹੀ ਸੀ॥ ੩੫॥ ੧੯੧॥

**ਚਹੂੰ ਓਰ ਗਰਜੇ॥ ਸਬੈ ਦੇਵ ਲਰਜੇ॥ ਸਰੰ ਧਾਰ ਬਰਖੇ॥ ਮਈਯਾ ਪਾਣ ਪਰਖੇ॥ ੩੬॥ ੧੯੨॥**

ਦੈਂਤ ਚੌਹਾਂ ਪਾਸਿਆਂ ਤੋਂ ਗਰਜ ਰਹੇ ਸਨ। ਸਭ ਦੇਵਤੇ ਕੰਬ ਰਹੇ ਸਨ। ਤੀਰਾਂ ਦੀ ਵਰਖਾ ਹੋ ਰਹੀ ਸੀ ਤੇ ਦੈਂਤ ਦੁਰਗਾ ਦੇ ਹੱਥ ਪਰਖ ਰਹੇ ਸਨ॥ ੩੬॥ ੧੯੨॥

**ਚੌਪਈ॥ ਜੇ ਲਏ ਸ਼ਸਤਰ ਸਾਮੁਹੇ ਧਏ॥ ਤਿਤੇ ਨਿਧਨ ਕਹੁੰ ਪ੍ਰਾਪਤ ਭਏ॥**
**ਝਮਕਤ ਭਈ ਅਸਨ ਕੀ ਧਾਰਾ॥ ਭਭਕੇ ਰੁੰਡ ਮੁੰਡ ਬਿਕਰਾਰਾ॥ ੩੭॥ ੧੯੩॥**

ਜਿਹੜੇ ਦੈਂਤ ਸ਼ਸਤਰ ਫੜਕੇ ਦੁਰਗਾ ਦੇ ਸਾਹਮਣੇ ਗਏ ਉਹਨਾਂ ਸਾਰਿਆਂ ਨੂੰ ਦੁਰਗਾ ਨੇ ਮਾਰ ਦਿੱਤਾ। ਰਣਭੂਮੀ ਵਿਚ ਤਲਵਾਰਾਂ ਚਮਕ ਰਹੀਆਂ ਸਨ। ਬੜੇ ਡਰਾਉਣੇ ਧੜ ਤੇ ਸਿਰ ਭਬਕ ਰਹੇ ਸਨ॥ ੩੭॥ ੧੯੩॥

**ਦੋਹਰਾ॥ ਹੈ ਗੈ ਰਥ ਪੈਦਲ ਕਟੇ ਬਚਿਯੋ ਨ ਜੀਵਤ ਕੋਇ॥**
**ਤਬ ਆਪੇ ਨਿਕਸਜੋ ਨ੍ਰਿਪਤਿ ਸੁੰਭ ਕਰੈ ਸੋ ਹੋਇ॥ ੩੮॥ ੧੯੪॥**

ਜਦੋਂ ਸੁੰਭ ਨੇ ਵੇਖਿਆ ਕਿ ਮੇਰੀ ਚਾਰੇ ਤਰ੍ਹਾਂ ਦੀ ਫ਼ੌਜ ਘੋੜੇ, ਹਾਥੀ, ਰਥ ਤੇ ਪੈਦਲ ਮਾਰੀ ਗਈ ਹੈ, ਕੋਈ ਵੀ ਜੀਉਂਦਾ ਨਹੀਂ ਬਚਿਆ, ਤਦ ਉਹ ਆਪ ਜੰਗ ਕਰਨ ਰਣਭੂਮੀ ਵਿਚ ਨਿਕਲਿਆ। ਉਹ ਕਹਿਣ ਲੱਗਾ ਕਿ ਹੁਣ ਜੋ ਸੁੰਭ ਕਰੇਗਾ, ਉਹੋ ਹੋਵੇਗਾ॥ ੩੮॥ ੧੯੪॥

**ਚੌਪਈ॥ ਸ਼ਿਵ ਦੂਤੀ ਇਤ ਦ੍ਰਗਾ ਬੁਲਾਈ॥ ਕਾਨ ਲਾਗ ਨੀਕੈ ਸਮੁਝਾਈ॥**
**ਸ਼ਿਵ ਕੋ ਭੇਜ ਦੀਜੀਐ ਤਹਾਂ॥ ਦੈਤ ਰਾਜ ਇਸਥਿਤ ਹੈ ਜਹਾਂ॥ ੩੯॥ ੧੯੫॥**

ਦੁਰਗਾ ਦੇਵੀ ਨੇ ਇਕ ਸ਼ਿਵ ਜੀ ਦੀ ਦੂਤੀ ਨੂੰ ਆਪਣੇ ਕੋਲ ਬੁਲਾਇਆ। ਉਸ ਦੇ ਕੰਨ ਵਿਚ ਉਸ ਨੇ ਹੌਲੀ ਜਿਹੀ ਇਹ ਗੱਲ ਕਹੀ ਕਿ ਤੂੰ ਜਾ ਕੇ ਸ਼ਿਵ ਜੀ ਨੂੰ ਉਸ ਜਗ੍ਹਾ ਤੇ ਭੇਜ ਦੇਹ, ਜਿਥੇ ਕਿ ਦੈਂਤਾਂ ਦਾ ਰਾਜਾ ਸੁੰਭ ਖੜਾ ਹੈ॥ ੩੯॥ ੧੯੫॥

**ਸ਼ਿਵ ਦੂਤੀ ਜਬ ਇਮ ਸੁਨ ਪਾਵਾ॥ ਸ਼ਿਵਹਿ ਦੂਤ ਕਰਿ ਉਤੈ ਪਠਾਵਾ॥**

**ਸ਼ਿਵ ਦੂਤੀ ਤਾ ਤੇ ਭਜੋ ਨਾਮਾ॥ ਜਾਨਤ ਸਕਲ ਪੁਰਖ ਅਰੁ ਬਾਮਾ॥ ੪੦॥ ੧੯੬॥**

ਸ਼ਿਵ ਜੀ ਦੀ ਦੂਤੀ ਨੇ ਜਦੋਂ ਦੇਵੀ ਦੀ ਇਹ ਗੱਲ ਸੁਣੀ ਤਾਂ ਉਸ ਨੇ ਸ਼ਿਵ ਜੀ ਨੂੰ ਦੂਤ ਬਣਾਕੇ ਸੁੰਭ ਵਲ ਭੇਜ ਦਿੱਤਾ। ਉਸ ਦਿਨ ਤੋਂ ਦੇਵੀ ਦੁਰਗਾ ਦਾ ਨਾਂ 'ਸ਼ਿਵਦੂਤੀ' ਪ੍ਰਸਿੱਧ ਹੋਇਆ ਹੈ। ਇਸ ਕਥਾ ਨੂੰ ਸਾਰੇ ਪੁਰਸ਼ ਤੇ ਇਸਤ੍ਰੀਆਂ ਜਾਣਦੀਆਂ ਸਨ॥ ੪੦॥ ੧੯੬॥

**ਸ਼ਿਵ ਕਹੀ ਦੈਤ ਰਾਜ ਸੁਨਿ ਬਾਤਾ॥ ਇਹ ਬਿਧਿ ਕਹਜੋ ਤੁਮਹੁ ਜਗਮਾਤਾ॥
ਦੇਵਨ ਕੌ ਦੈ ਕੈ ਠਕੁਰਾਈ॥ ਕੈ ਮਾਂਡਹੁ ਹਮ ਸੰਗ ਲਰਾਈ॥ ੪੧॥ ੧੯੭॥**

ਸ਼ਿਵ ਜੀ ਨੇ ਜਾ ਕੇ ਕਿਹਾ-ਹੇ ਦੈਂਤ ਰਾਜ ਸੁੰਭ! ਇਹ ਗੱਲ ਸੁਣ। ਤੈਨੂੰ ਜਗਤ ਮਾਤਾ ਦੁਰਗਾ ਨੇ ਇਹ ਸੁਨੇਹਾ ਘਲਿਆ ਹੈ ਕਿ ਤੂੰ ਦੇਵਤਿਆਂ ਨੂੰ ਸੁਰਗ ਦਾ ਰਾਜ ਸੌਂਪਕੇ ਸੁਰਗਪੁਰੀ ਤੋਂ ਚਲ ਜਾਹ, ਨਹੀਂ ਤਾਂ ਮੇਰੇ ਨਾਲ ਜੰਗ ਕਰ॥ ੪੧॥ ੧੯੭॥

**ਦੈਤ ਰਾਜ ਇਹ ਬਾਤ ਨ ਮਾਨੀ॥ ਆਪ ਚਲੇ ਜੂਝਨ ਅਭਿਮਾਨੀ॥
ਗਰਜਤ ਕਾਲਿ ਕਾਲ ਜਜੋਂ ਜਹਾਂ॥ ਪ੍ਰਾਪਤਿ ਭਯੋ ਅਸੁਰ ਪਤਿ ਤਹਾਂ॥ ੪੨॥ ੧੯੮॥**

ਅਭਿਮਾਨੀ ਦੈਂਤ ਰਾਜ ਸੁੰਭ ਨੇ ਸ਼ਿਵ ਜੀ ਦੀ ਇਹ ਗੱਲ ਨਾ ਮੰਨੀ। ਉਹ ਜੰਗ ਕਰਨ ਲਈ ਆਪ ਤੁਰ ਪਿਆ। ਜਿਸ ਜਗ੍ਹਾ ਕਾਲਕਾ ਦੇਵੀ ਕਾਲ ਵਾਂਗੂੰ ਗਰਜ ਰਹੀ ਸੀ, ਦੈਂਤਾਂ ਦਾ ਰਾਜਾ ਸੁੰਭ ਉਸ ਜਗ੍ਹਾ ਜਾ ਪਹੁੰਚਿਆ॥ ੪੨॥ ੧੯੮॥

**ਚਮਕੀ ਤਹਾਂ ਅਸਨ ਕੀ ਧਾਰਾ॥ ਨਾਚੇ ਭੂਤ ਪ੍ਰੇਤ ਬੈਤਾਰਾ॥
ਫਰਕੇ ਅੰਧ ਕਬੰਧ ਅਚੇਤਾ॥ ਭਿਭਰੇ ਭਈਰਵ ਭੀਮ ਅਨੇਕਾ॥ ੪੩॥ ੧੯੯॥**

ਉਥੇ ਤਲਵਾਰਾਂ ਦੀ ਧਾਰ ਚਮਕੀ ਤੇ ਭੂਤ ਪ੍ਰੇਤ ਤੇ ਬੈਤਾਲ ਨੱਚੇ। ਸੂਰਮਿਆਂ ਦੇ ਧੜ ਅੱਧੇ ਹੋਏ ਹੋਏ ਤੜਫ ਰਹੇ ਸਨ। ਅਨੇਕਾਂ ਬੜੇ ਭਿਆਨਕ ਤੇ ਡਰਾਉਣੇ ਭੈਰੋਂ ਬੋਲ ਰਹੇ ਸਨ॥ ੪੩॥ ੧੯੯॥

**ਤੁਰਹੀ ਢੋਲ ਨਗਾਰੇ ਬਾਜੇ॥ ਭਾਂਤ ਭਾਂਤ ਜੋਧਾ ਰਣ ਗਾਜੇ॥
ਢਡਿ ਡਫ ਡਮਰੁ ਡੁਗਡੁਗੀ ਘਨੀ॥ ਨਾਇ ਨਫੀਰੀ ਜਾਤ ਨ ਗਨੀ॥ ੪੪॥ ੨੦੦॥**

ਰਣਭੂਮੀ ਵਿਚ ਸੂਰਮਿਆਂ ਨੂੰ ਜੋਸ਼ ਦੇਣ ਲਈ ਤੁਰੀਆਂ, ਢੋਲ ਤੇ ਨਗਾਰੇ ਵੱਜ ਰਹੇ ਸਨ। ਉਤਸ਼ਾਹ ਨਾਲ ਭਰੇ ਸੂਰਮੇ ਮੈਦਾਨ ਵਿਚ ਤਰ੍ਹਾਂ ਤਰ੍ਹਾਂ ਨਾਲ ਗੱਜ ਰਹੇ ਸਨ। ਬੇਸ਼ੁਮਾਰ, ਢੱਢਾਂ, ਡੱਫਾਂ, ਡੌਰੂ, ਡੁਗਡੁਗੀਆਂ, ਸ਼ਹਿਨਾਈਆਂ ਤੇ ਤੂਤੀਆਂ ਵੱਜ ਰਹੀਆਂ ਸਨ, ਜਿੰਨ੍ਹਾਂ ਦੀ ਗਿਣਤੀ ਨਹੀਂ ਸੀ ਕੀਤੀ ਜਾ ਸਕਦੀ॥ ੪੪॥ ੨੦੦॥

## *ਮਧੁਭਾਰ ਛੰਦ॥*

**ਹੁੰਕੇ ਕਿਕਾਣ॥ ਧੁੰਕੇ ਨਿਸ਼ਾਣ॥ ਸੱਜੇ ਸੁ ਬੀਰ॥ ਗੱਜੇ ਗਹੀਰ॥ ੪੫॥ ੨੦੧॥**

ਰਣਭੂਮੀ ਵਿਚ ਘੋੜੇ ਹਿਣਕਦੇ ਸਨ। ਧੌਂਸੇ ਵਜਦੇ ਸਨ। ਸੂਰਮੇ ਸ਼ਸਤਰਾਂ ਨਾਲ ਸਜੇ ਹੋਏ ਸਨ ਤੇ ਬੜੀ ਗੰਭੀਰ ਆਵਾਜ਼ ਵਿਚ ਗੱਜਦੇ ਸਨ॥੪੫॥੨੦੧॥

**ਝੁੱਕੇ ਨਿਝੱਕ॥ ਬੱਜੇ ਉਬੱਕ॥ ਸੱਜੇ ਸੁਬਾਹ॥ ਅੱਛੈ ਉਛਾਹ॥ ੪੬॥ ੨੦੨॥**

ਸੂਰਮੇ ਨਿਝੱਕ ਹੋ ਕੇ ਇਕ ਦੂਜੇ ਤੇ ਝੁਕੇ ਸਨ। ਬੜੇ ਫੁਰਤੀਲੇ ਤੇ ਹੁਸ਼ਿਆਰ ਯੋਧੇ ਆਪੋ ਵਿਚ ਟਕਰਾਉਂਦੇ ਸਨ। ਸੁੰਦਰ ਜੋਧੇ ਸ਼ਸਤਰਾਂ ਨਾਲ ਸੱਜ ਰਹੇ ਸਨ। ਸੂਰਮਿਆਂ ਨੂੰ ਜੰਗ ਲਈ ਤਿਆਰ ਵੇਖਕੇ ਪਰੀਆਂ ਦਾ ਨੂੰ ਉਤਸ਼ਾਹ ਵਧ ਰਿਹਾ ਸੀ॥੪੬॥੨੦੨॥

**ਕੱਟੇ ਕਿਕਾਣ॥ ਫੁੱਟੇ ਚਵਾਣ॥ ਸੂਲੰ ਸੜਾਕ॥ ਉੱਠੇ ਕੜਾਕ॥ ੪੭॥ ੨੦੩॥**

ਅਨੇਕਾਂ ਘੋੜੇ ਵੱਢੇ ਗਏ ਸਨ। ਕਈਆਂ ਦੇ ਮੂੰਹ ਪਾਟ ਗਏ ਸਨ। ਕਿਤੇ ਤ੍ਰਿਸੂਲਾਂ ਦੇ ਚਲਣ ਦੀ ਸਰੜ ਸਰੜ ਹੁੰਦੀ ਸੀ ਤੇ ਕਿਤੇ ਗੋਲੀਆਂ ਚਲਣ ਦੀ ਕੜ ਕੜ ਦੀ ਆਵਾਜ਼ ਆ ਰਹੀ ਸੀ॥੪੭॥੨੦੩॥

**ਗੱਜੇ ਜੁਆਣ॥ ਬੱਜੇ ਨਿਸ਼ਾਣ॥ ਸੱਜੇ ਰਜੇਂਦ੍ਰ॥ ਗੱਜੇ ਗਜੇਂਦ੍ਰ॥ ੪੮॥ ੨੦੪॥**

ਰਣਭੂਮੀ ਵਿਚ ਸੂਰਮੇ ਗੱਜ ਰਹੇ ਸਨ ਤੇ ਨਗਾਰੇ ਵੱਜ ਰਹੇ ਸਨ । ਰਾਜੇ ਸ਼ਸਤਰਾਂ ਨਾਲ ਸੱਜੇ ਹੋਏ ਸਨ। ਹਾਥੀਆਂ ਤੇ ਸਵਾਰ ਸੈਨਾਪਤੀ ਗਰਜ ਰਹੇ ਸਨ॥੪੮॥੨੦੪॥

## ਭੁਜੰਗ ਪ੍ਰਯਾਤ ਛੰਦ॥

**ਫਿਰੇ ਬਾਜੀਯੰ ਤਾਜੀਯੰ ਇੱਤ ਉੱਤੰ॥ ਗਜੇ ਬਾਰਣੰ ਦਾਰੁਣੰ ਰਾਜ ਪੁੱਤ੍ਰੰ॥**
**ਬਜੇ ਸੰਖ ਭੇਰੀ ਉਠੇ ਸੰਖ ਨਾਦੰ॥ ਰਣੰਕੈ ਨਫੀਰੀ ਧੁਣੰ ਨਿਰਬਿਖਾਦੰ॥ ੪੯॥ ੨੦੫॥**

ਮੈਦਾਨਿ-ਜੰਗ ਵਿਚ ਅਰਬੀ ਘੋੜੇ ਏਧਰ ਓਧਰ ਦੌੜਦੇ ਫਿਰਦੇ ਸਨ। ਰਾਜਿਆਂ ਦੇ ਪੁੱਤਰ ਭਿਆਨਕ ਹਾਥੀਆਂ ਤੇ ਸਵਾਰ ਹੋ ਕੇ ਗਰਜ ਰਹੇ ਸਨ। ਸੰਖ ਤੇ ਭੇਰੀਆਂ ਵੱਜ ਰਹੀਆਂ ਸਨ ਤੇ ਸੰਖਾਂ ਦੀ ਆਵਾਜ਼ ਗੂੰਜ ਰਹੀ ਸੀ। ਤੂਤੀਆਂ ਬੋਲ ਰਹੀਆਂ ਸਨ, ਜਿੰਨ੍ਹਾਂ ਦੀ ਆਵਾਜ਼ ਲਗਾਤਾਰ ਆ ਰਹੀ ਸੀ॥੪੯॥੨੦੫॥

**ਕੜੱਕੇ ਕ੍ਰਿਪਾਣੰ ਸੜੱਕਾਰ ਸੇਲੰ॥ ਉਠੀ ਕੂਹ ਜੂਹੰ ਭਈ ਰੇਲਪੇਲੰ॥**
**ਰੁਲੇ ਤੱਤ ਮੁੱਛੰ ਗਿਰੇ ਚਉਰ ਚੀਰੰ॥ ਕਹੂੰ ਹੱਥ ਮੱਥੰ ਕਹੂੰ ਬਰਮ ਬੀਰੰ॥ ੫੦॥ ੨੦੬॥**

ਤਲਵਾਰਾਂ ਕੜਕ ਰਹੀਆਂ ਸਨ ਤੇ ਬਰਛੇ ਸਰੜ ਸਰੜ ਕਰ ਰਹੇ ਸਨ। ਬੜੀ ਕੂਕ ਪੁਕਾਰ ਤੇ ਧੱਕਮਧੱਕਾ ਹੋ ਰਿਹਾ ਸੀ। ਕਿਤੇ ਵੱਢੇ ਟੁਕੇ ਸੂਰਮੇ ਧਰਤੀ ਤੇ ਰੁਲ ਰਹੇ ਸਨ ਤੇ ਕਿਸੇ ਪਾਸੇ ਚੌਰ ਤੇ ਚੀਰੇ ਡਿੱਗੇ ਪਏ ਸਨ। ਕਿਸੇ ਪਾਸੇ ਸੂਰਮਿਆਂ ਦੇ ਵਢੇ ਹੋਏ ਹੱਥ ਤੇ ਸਿਰ ਪਏ ਸਨ ਤੇ ਕਿਤੇ ਸੰਜੋਆਂ ਰੁਲ ਰਹੀਆਂ ਸਨ॥੫੦॥੨੦੬॥

## ਰਸਾਵਲ ਛੰਦ ॥

**ਬਲੀ ਬੈਰ ਰੁੱਝੇ ॥ ਸਮੂਹ ਸਾਰ ਜੁੱਝੇ ॥ ਸੰਭਾਰੇ ਹਥਿਯਾਰੰ ॥ ਬਕੈ ਮਾਰ ਮਾਰੰ ॥ ੫੧ ॥ ੨੦੭ ॥**

ਸੂਰਮੇ ਆਪੋ ਵਿਚ ਵੈਰ ਭਾਵਨਾਂ ਨਾਲ ਰੁੱਝੇ ਹੋਏ ਸਨ ਤੇ ਸਾਰੇ ਸ਼ਸਤਰ ਫੜਕੇ ਲੜਾਈ ਕਰ ਰਹੇ ਸਨ। ਹਥਿਆਰ ਫੜਕੇ ਮੂੰਹੋਂ 'ਮਾਰ ਲੌ-ਮਾਰ ਲੌ' ਬੋਲ ਰਹੇ ਸਨ॥ ੫੧ ॥ ੨੦੭ ॥

**ਸਭੈ ਸ਼ਸਤਰ ਸੱਜੇ ॥ ਮਹਾਂ ਬੀਰ ਗੱਜੇ ॥ ਸਰੰ ਓਘ ਛੁੱਟੇ ॥ ਕੜੱਕਾਰੁ ਉੱਠੇ ॥ ੫੨ ॥ ੨੦੮ ॥**

ਬੜੇ ਬਹਾਦਰ ਸੂਰਮੇ ਸ਼ਸਤਰ ਸਜਾਕੇ ਗਰਜ ਰਹੇ ਸਨ। ਬੇਅੰਤ ਤੀਰ ਚਲ ਰਹੇ ਸਨ ਤੇ ਸ਼ਸਤਰਾਂ ਦੇ ਚਲਣ ਦੀ ਕਾੜ ਕਾੜ ਆਵਾਜ਼ ਹੋ ਰਹੀ ਸੀ॥ ੫੨ ॥ ੨੦੮ ॥

**ਬਜੈਂ ਬਾਦ੍ਰਿਤੇਅੰ ॥ ਹਸੈਂ ਗਾਂਧ੍ਰਭੇਅੰ ॥ ਝੰਡਾ ਗੱਡ ਜੁੱਟੇ ॥ ਸਰੰ ਸੰਜ ਫੁੱਟੇ ॥ ੫੩ ॥ ੨੦੯ ॥**

ਰਣਭੂਮੀ ਵਿਚ ਮਾਰੂ ਵਾਜੇ ਵੱਜ ਰਹੇ ਸਨ। ਗੰਧਰਬ ਖੁਸ਼ੀ ਵਿਚ ਹੱਸ ਰਹੇ ਸਨ। ਸੂਰਮੇ ਆਪੋ ਆਪਣੇ ਝੰਡੇ ਗੱਡਕੇ ਜੰਗ ਵਿਚ ਜੁੱਟੇ ਹੋਏ ਸਨ । ਤੀਰਾਂ ਦੀ ਮਾਰ ਨਾਲ ਸੰਜੋਆਂ ਫੁਟ ਰਹੀਆਂ ਸਨ॥ ੫੩ ॥ ੨੦੯ ॥

**ਚਹੂੰ ਓਰ ਉੱਠੇ ॥ ਸਰੰ ਬ੍ਰਿਸ਼ਟ ਬੁੱਠੇ ॥ ਕਰੋਧੀ ਕਰਾਲੰ ॥ ਬਕੈਂ ਬਿੱਕਰਾਲੰ ॥ ੫੪ ॥ ੨੧੦ ॥**

ਰਣਭੂਮੀ ਵਿਚ ਸੂਰਮੇ ਚੌਹਾਂ ਪਾਸਿਆਂ ਤੋਂ ਖੜੇ ਹੋ ਕੇ ਤੀਰਾਂ ਦੀ ਵਰਖਾ ਕਰ ਰਹੇ ਸਨ। ਬੜੇ ਕਰੋਧ ਵਿਚ ਆਏ ਯੋਧੇ ਭਿਆਨਕ ਬੋਲੀਆਂ ਬੋਲ ਰਹੇ ਸਨ॥ ੫੪ ॥ ੨੧੦ ॥

## ਭੁਜੰਗ ਪ੍ਰਯਾਤ ਛੰਦ ॥

**ਕਿਤੇ ਕੁੱਠੀਅੰ ਬੁੱਠੀਅੰ ਬ੍ਰਿਸ਼ਟ ਬਾਣੰ॥ ਰਣੰ ਡੁੱਲੀਯੰ ਬਾਜ ਖਾਲੀ ਪਲਾਣੰ॥**
**ਜੁਝੇ ਜੋਧਯੰ ਬੀਰ ਦੇਵੰ ਅਦੇਵੰ ॥ ਸੁਭੇ ਸ਼ਸਤ੍ਰ ਸਾਜਾ ਮਨੋ ਸ਼ਾਂਤਨੇਵੰ ॥ ੫੫ ॥ ੨੧੧ ॥**

ਕਿਤੇ ਸੂਰਮੇ ਮਰ ਰਹੇ ਸਨ। ਕਿਤੇ ਤੀਰਾਂ ਦੀ ਵਰਖਾ ਹੋ ਰਹੀ ਸੀ ਅਤੇ ਕਿਤੇ ਕਾਠੀਆਂ ਤੋਂ ਖਾਲੀ ਘੋੜੇ ਫਿਰ ਰਹੇ ਸਨ। ਦੇਵਤੇ ਤੇ ਦੈਂਤ ਸੂਰਮੇ ਆਪੋ ਵਿਚ ਜੰਗ ਕਰ ਰਹੇ ਸਨ। ਸੂਰਮੇ ਸ਼ਸਤਰ ਸਜਾਕੇ ਇਸ ਤਰ੍ਹਾਂ ਸ਼ੋਭ ਰਹੇ ਸਨ, ਜਿਵੇਂ ਜੰਙ ਵਿਚ ਭੀਸ਼ਮ ਪਿਤਾਮਾ ਸ਼ੋਭਦਾ ਸੀ॥ ੫੫ ॥ ੨੧੧ ॥

**ਗਜੇ ਗੱਜੀਯੰ ਸਰਬ ਸੱਜੇ ਪਵੰਗੰ ॥ ਜੁਧੰ ਜੁਟੀਯੰ ਜੋਧ ਛੁੱਟੇ ਖਤੰਗੰ ॥**
**ਤੜੱਕੇ ਤਬੱਲੰ ਭੜੰਕੇ ਕ੍ਰਿਪਾਣੰ ॥ ਸੜੱਕਾਰ ਸੇਲੰ ਰਣੰਕੇ ਨਿਸ਼ਾਣੰ ॥ ੫੬ ॥ ੨੧੨ ॥**

ਸਜੇ ਹੋਏ ਘੋੜਿਆਂ ਤੇ ਸਵਾਰ ਸੂਰਮੇ ਮੈਦਾਨ ਵਿਚ ਗੱਜ ਰਹੇ ਸਨ। ਯੋਧੇ ਜੰਗ ਵਿਚ ਜੁੱਟੇ ਹੋਏ ਸਨ ਤੇ ਤੀਰ ਚਲ ਰਹੇ ਸਨ। ਤਬਲੇ ਵਜ ਰਹੇ ਸਨ। ਤਲਵਾਰਾਂ ਚਮਕ ਰਹੀਆਂ ਸਨ। ਬਰਛੇ ਸਰੜ ਸਰੜ ਕਰਕੇ ਚਲ ਰਹੇ ਸਨ ਤੇ ਧੌਂਸੇ ਗੂੰਜ ਰਹੇ ਸਨ॥ ੫੬ ॥ ੨੧੨ ॥

**ਢਮਾ ਢੱਮ ਢੋਲੰ ਢਲਾ ਢੁੱਕ ਢਾਲੰ ॥ ਗਹਾ ਜੂਹ ਗੱਜੇ ਹਯੰ ਹੱਲ ਚਾਲੰ ॥
ਸਟਾ ਸੱਟ ਸੇਲੰ ਖਹਾ ਖੂਨਿ ਖੱਗੰ ॥ ਤੁਟੇ ਚਰਮ ਬਰਮੰ ਉਠੇ ਨਾਲ ਅੱਗੰ ॥ ੫੭ ॥ ੨੧੩ ॥**

ਅਰਥ - ਢੋਲਾਂ ਦੀ ਢੱਮ ਹੋ ਰਹੀ ਸੀ ਤੇ ਢਾਲਾਂ ਨਾਲ ਢਾਲਾਂ ਖੜਕ ਰਹੀਆਂ ਸਨ। ਸੂਰਮੇ ਰਣ ਵਿਚ ਗੱਜ ਰਹੇ ਸਨ ਤੇ ਘੋੜਿਆਂ ਦੀ ਹਲਚਲ ਹੋ ਰਹੀ ਸੀ। ਬਰਛਿਆਂ ਦੀਆਂ ਚੋਟਾਂ ਤੇ ਚੋਟਾਂ ਪੈ ਰਹੀਆਂ ਸਨ ਤੇ ਖੂਨੀ ਤਲਵਾਰਾਂ ਆਪੋ ਵਿਚ ਖਹਿ ਰਹੀਆਂ ਸਨ । ਅਨੇਕਾਂ ਸੰਜੋਆਂ ਤੇ ਢਾਲਾਂ ਟੁੱਟ ਰਹੀਆਂ ਸਨ ਤੇ ਬੰਦੂਕਾਂ ਦੀਆਂ ਨਾਲੀਆਂ ਵਿਚੋਂ ਅੱਗ ਨਿਕਲ ਰਹੀ ਸੀ॥ ੫੭ ॥ ੨੧੩ ॥

**ਉਠੇ ਅੱਗਿ ਨਾਲੰ ਖਹੇ ਖੋਲ ਖੱਗੰ ॥ ਨਿਸਾ ਮਾਵਸੀ ਜਾਣੁ ਮਾਸਾਣ ਜੱਗੰ ॥
ਡਕੀ ਡਾਕਣੀ ਡਾਮਰੂ ਡਉਰ ਡੱਕੰ ॥ ਨਚੇ ਬੀਰ ਬੈਤਾਲ ਭੂਤੰ ਭਭੱਕੰ ॥ ੫੮ ॥ ੨੧੪ ॥**

ਟੋਪਾਂ ਨਾਲ ਤਲਵਾਰਾਂ ਵੱਜਣ ਕਰਕੇ ਅੱਗ ਦੇ ਚੰਗਿਆੜੇ ਨਿਕਲਦੇ ਸਨ, ਜੋ ਇਸ ਤਰ੍ਹਾਂ ਪ੍ਰਤੀਤ ਹੁੰਦੇ ਸਨ ਮਾਨੋ ਮਸਿਆ ਦੀ ਕਾਲੀ ਰਾਤ ਵਿਚ ਮਸਾਣ ਜੱਗਦੇ ਸਨ। ਡੈਣਾਂ ਮੁਰਦੇ ਖਾ ਕੇ ਡਕਾਰਦੀਆਂ ਸਨ ਤੇ ਡਮ੍ਰੂ ਤੇ ਡੌਰੂ ਵੱਜਦੇ ਸਨ । ਖੁਸ਼ ਹੋਏ ਬੀਰ, ਬੈਤਾਲ ਤੇ ਭੂਤ ਪਰੇਤ ਬੋਲਦੇ ਸਨ॥ ੫੮ ॥ ੨੧੪ ॥

## ਬੇਲੀ ਬਿੰਦ੍ਰਮ ਛੰਦ ॥

**ਸੂਬ ਸ਼ੱਸਤ੍ਰ ਆਵਤ ਭੇ ਜਿਤੇ॥ ਸਭ ਕਾਟਿ ਦੀਨ ਦ੍ਰੁਗਾ ਤਿਤੇ॥
ਅਰਿ ਅਉਰ ਜੇਤਿਕ ਡਾਰੀਅੰ ॥ਤੇਊ ਕਾਟਿ ਭੂਮਿ ਉਤਾਰੀਅੰ ॥ ੫੯ ॥ ੨੧੫ ॥**

ਜਿੰਨੇ ਸ਼ਸਤਰ ਦੇਵੀ ਦੇ ਸਾਹਮਣੇ ਆਉਂਦੇ ਸਨ, ਉਹ ਸਾਰਿਆਂ ਨੂੰ ਕੱਟ ਕੱਟ ਕੇ ਸੁੱਟ ਦੇਂਦੀ ਸੀ। ਇਸ ਤੋਂ ਬਿਨਾਂ ਹੋਰ ਵੀ ਜਿੰਨੇ ਸ਼ਸਤਰ ਮੈਦਾਨ ਵਿਚ ਚਲਾਉਂਦੇ ਸਨ, ਦੁਰਗਾ ਉਹਨਾਂ ਨੂੰ ਕੱਟ ਕੇ ਧਰਤੀ ਤੇ ਸੁੱਟ ਦੇਂਦੀ ਸੀ॥ ੫੯ ॥ ੨੧੪ ॥

**ਸਰ ਆਪ ਕਾਲੀ ਛੰਡੀਅੰ॥ ਸਰਬਾ ਸ਼ੱਤ੍ਰ ਸ਼ਸਤਰ ਬਿਹੰਡੀਅੰ॥
ਸ਼ਸਤਰ ਹੀਨ ਜਬੈ ਨਿਹਾਰਿਯੋ॥ ਜੈ ਸ਼ਬਦ ਦੇਵਨ ਉਚਾਰੀਯੋ॥ ੬੦ ॥ ੨੧੬ ॥**

ਕਾਲੀ ਨੇ ਜਦੋਂ ਆਪ ਤੀਰ ਚਲਾਏ ਤਾਂ ਉਹਨਾਂ ਤੀਰਾਂ ਨਾਲ ਵੈਰੀਆਂ ਦੇ ਸਾਰੇ ਸ਼ਸਤਰ ਅਸਤ੍ਰ ਟੋਟੇ ਟੋਟੇ ਹੋ ਗਏ। ਜਦੋਂ ਸੁੰਭ ਨੂੰ ਸ਼ਸਤਰਾਂ ਤੋਂ ਖਾਲੀ ਵੇਖਿਆਂ, ਤਦ ਦੇਵਤਿਆਂ ਨੇ ਦੇਵੀ ਦੀ ਜੈਜੈਕਾਰ ਬੁਲਾਈ॥ ੬੦ ॥ ੨੧੬ ॥

**ਨਭਿ ਮੱਧਿ ਬਾਜਨ ਬਾਜਹੀਂ ॥ ਅਵਿਲੋਕਿ ਦੇਵਾ ਗਾਜਹੀਂ ॥
ਲਖਿ ਦੇਵ ਬਾਰੰਬਾਰਹੀਂ॥ ਜੈ ਸ਼ਬਦ ਸਰਬ ਪੁਕਾਰਹੀਂ॥ ੬੧ ॥ ੨੧੭ ॥**

ਅਰਥ - ਦੇਵਤੇ ਅਕਾਸ਼ ਵਿਚ ਖੁਸ਼ੀ ਦੇ ਵਾਜੇ ਵਜਾਉਣ ਲੱਗੇ। ਦੇਵਤੇ ਦੇਵੀ ਨੂੰ ਰਣਭੂਮੀ ਵਿਚ ਗੱਜਦਾ ਵੇਖ ਰਹੇ ਸਨ। ਦੇਵੀ ਨੂੰ ਵੇਖਕੇ ਦੇਵਤੇ ਬਾਰ ਬਾਰ ਜੈਜੈਕਾਰ ਬੋਲਦੇ ਸਨ॥੬੧॥੨੧੭॥

**ਰਣ ਕੋਪ ਕਾਲ ਕਰਾਲੀਯੰ॥ ਖਟ ਅੰਗ ਪਾਣ ਉਛਾਲੀਯੰ॥**
**ਸਿਰ ਸੁੰਭ ਹੱਥ ਦੁਫੰਡੀਯੰ॥ ਇਕ ਚੋਟ ਦੁਸ਼ਟ ਬਿਹੰਡੀਯੰ॥੬੨॥੨੧੮॥**

ਰਣਭੂਮੀ ਵਿਚ ਕਾਲੀ ਬੜੇ ਕਰੋਧ ਵਿਚ ਭਿਆਨਕ ਰੂਪ ਧਾਰਨ ਕਰਕੇ ਫਿਰ ਰਹੀ ਸੀ। ਉਸ ਨੇ ਸੁੰਭ ਦੇ ਪ੍ਰਧਾਨ ਅੰਗਾਂ ਵਾਲੇ ਸਰੀਰ ਨੂੰ ਆਪਣੇ ਹੱਥਾਂ ਨਾਲ ਚੁਕਕੇ ਉਤਾਂਹ ਉਛਾਲਿਆ। ਜਿਸ ਵੇਲੇ ਸੁੰਭ ਉਪਰ ਤੋਂ ਹੇਠਾਂ ਨੂੰ ਆਇਆ, ਤਦ ਕਾਲੀ ਨੇ ਉਸ ਦੇ ਸਿਰ ਤੇ ਆਪਣੇ ਦੋਵੇਂ ਹੱਥ ਬੜੇ ਜ਼ੋਰ ਨਾਲ ਮਾਰੇ, ਕਾਲੀ ਨੇ ਇਕੋ ਚੋਟ ਨਾਲ ਦੁਸ਼ਟ ਦੈਂਤ ਸੁੰਭ ਦਾ ਨਾਸ ਕਰ ਦਿੱਤਾ॥੬੨॥੨੧੮॥

**ਦੋਹਰਾ॥ ਜਿਮ ਸੁੰਭਾਸੁਰ ਕੋ ਹਨਾ ਅਧਿਕ ਕੋਪ ਕੈ ਕਾਲ॥**
**ਤਜੋਂ ਸਾਧਨ ਕੇ ਸ਼ੱਤ੍ਰ ਸਭ ਚਾਬਤ ਜਾਂਹਿ ਕਰਾਲ॥੬੩॥੨੧੯॥**

ਹੇ ਕਾਲਕਾ ਮਾਤਾ! ਜਿਵੇਂ ਤੂੰ ਬੜਾ ਕਰੋਧ ਧਾਰਨ ਕਰਕੇ ਸੁੰਭ ਦੈਂਤ ਨੂੰ ਮਾਰਿਆ ਸੀ, ਇਸੇ ਤਰ੍ਹਾਂ ਸਦਾ ਹੀ ਸੰਤਾਂ ਭਗਤਾਂ ਦੇ ਵੈਰੀਆਂ ਨੂੰ ਭਿਆਨਕ ਰੂਪ ਧਾਰਨ ਕਰਕੇ ਚਬਦੀ ਜਾਇਆ ਕਰ॥੬੩॥੨੧੯॥

ਇਤਿ ਸ੍ਰੀ ਬਚਿਤ੍ਰ ਨਾਟਕੇ ਚੰਡੀ ਚਰਿਤ੍ਰੇ ਸੁੰਭ ਬਧਹ ਖਸਟਮੋ ਧਿਆਇ ਸੰਪੂਰਨਮ ਸਤੁ ਸੁਭਮ ਸਤੁ॥੬॥੨੧੯॥ਅਫਜੂੰ॥

ਸ੍ਰੀ ਬਚਿੱਤਰ ਨਾਟਕ, ਚੰਡੀ ਚਰਿੱਤਰ, ਸੁੰਭ ਦੈਂਤ ਦਾ ਕਤਲ, ਅਧਿਆਏ ਛੇਵਾਂ ਸਮਾਪਤ॥ ਸਤ ਸੁਭਮ ਸਤ॥੬॥੨੧੯॥ਚਲਦਾ॥

# ਅਧਿਆਏ ਸਤਵਾਂ

## ਜੈ ਜੈ ਕਾਰ ਸ਼ਬਦ ਵਰਣਨ

### ਬੇਲੀ ਬਿੰਦ੍ਰਮ ਛੰਦ॥

**ਜੈ ਸ਼ਬਦ ਦੇਵ ਪੁਕਾਰ ਹੀਂ॥ ਸਭ ਫੂਲ ਫੂਲਨ ਡਾਰਹੀਂ॥**
**ਘਨਸਾਰ ਕੁੰਕਮ ਲਜਾਇਕੈ॥ ਟੀਕਾ ਦੀਯੋ ਹਰਖਾਇਕੈ॥੧॥੨੨੦॥**

ਦੇਵਤੇ ਸੁੰਭ ਨੂੰ ਮਰਿਆ ਵੇਖਕੇ ਦੇਵੀ ਦੀ ਜੈ ਜੈ ਬੋਲਦੇ ਸਨ ਤੇ ਫੁਲਾਂ ਦੀ ਵਰਖਾ ਕਰਦੇ

ਸਨ। ਉਹਨਾਂ ਨੇ ਚੰਦਨ ਤੇ ਕੇਸਰ ਲਿਆਕੇ ਬੜੀ ਪ੍ਰਸੰਨਤਾ ਨਾਲ ਦੇਵੀ ਦੇ ਮਸਤਕ ਤੇ ਜਿੱਤ ਦਾ ਟਿੱਕਾ ਲਾਇਆ॥੧॥੨੨੦॥

**ਚੌਪਈ॥ ਉਸਤਤ ਸਭ ਹੂੰ ਕਰੀ ਅਪਾਰਾ॥ ਬ੍ਰਹਮ ਕਵਚ ਕੋ ਜਾਪ ਉਚਾਰਾ॥**
**ਸੰਤ ਸੰਬੂਹ ਪ੍ਰਫੁੱਲਤ ਭਏ॥ਦੁਸ਼ਟ ਅਰਿਸ਼ਟ ਨਾਸ ਹ੍ਵੈ ਗਏ॥ ੨॥ ੨੨੧॥**

ਸਭ ਦੇਵਤਿਆਂ ਨੇ ਇਕੱਠਿਆਂ ਹੋ ਕੇ ਦੇਵੀ ਦੀ ਬਹੁਤ ਉਸਤਤੀ ਕੀਤੀ ਤੇ ਬ੍ਰਹਮ ਕਵਚ ਦਾ ਜਾਪ ਕੀਤਾ। ਸਭ ਸੰਤ ਭਗਤ ਬੜੇ ਪ੍ਰਸੰਨ ਹੋਏ, ਕਿਉਂਕਿ ਉਹਨਾਂ ਨੂੰ ਦੁਖ ਦੇਣ ਵਾਲੇ ਦੁਸ਼ਟਾਂ ਦੈਂਤਾਂ ਦਾ ਨਾਸ ਹੋ ਗਿਆ ਸੀ॥੨॥੨੨੧॥

**ਸਾਧਨ ਕੋ ਸੁਖ ਬਢੇ ਅਨੇਕਾ॥ ਦਾਨਵ ਦੁਸ਼ਟ ਨ ਬਾਚਾ ਏਕਾ॥**
**ਸੰਤ ਸਹਾਇ ਸਦਾ ਜਗ ਮਾਈ॥ ਜਹ ਤਹ ਸਾਧਨ ਹੋਇ ਸਹਾਈ॥ ੩ ॥ ੨੨੨ ॥**

ਸੰਤਾਂ, ਭਗਤਾਂ ਤੇ ਦੇਵਤਿਆਂ ਦੇ ਅਨੇਕਾਂ ਸੁਖ ਵਧ ਗਏ ਸਨ, ਕਿਉਂਕਿ ਦੁਖਦਾਈ ਤੇ ਦੁਸ਼ਟ ਦੈਂਤ ਇਕ ਵੀ ਜੀਉਂਦਾ ਨਹੀਂ ਬਚਿਆ ਸੀ। ਜਗਤ-ਮਾਤਾ ਦੁਰਗਾ ਸੰਤਾਂ ਦੀ ਸਦਾ ਹੀ ਸਹਾਇਕ ਹੈ। ਉਹ ਹਰ ਥਾਂ ਆਪਣੇ ਸੰਤਾਂ ਤੇ ਭਗਤਾਂ ਦੀ ਸਹਾਇਤਾ ਕਰਦੀ ਹੈ॥੩॥੨੨੨॥

## *ਦੇਵੀ ਜੀ ਦੀ ਉਸਤਤਿ॥*

## *ਭੁਜੰਗ ਪ੍ਰਯਾਤ ਛੰਦ॥*

**ਨਮੋ ਜੋਗ ਜ੍ਵਾਲੰ ਧਰੀਯੰ ਜੁਆਲੰ॥ ਨਮੋ ਸੁੰਭ ਹੰਤੀ ਨਮੋ ਕ੍ਰੂਰ ਕਾਲੰ॥**
**ਨਮੋ ਸ੍ਰੋਣ ਬੀਰਜਾਰਦ੍ਨੀ ਧੂਮ੍ਰਹੰਤੀ॥ ਨਮੋ ਕਾਲਕਾ ਰੂਪ ਜ੍ਵਾਲਾ ਜਯੰਤੀ॥ ੪ ॥ ੨੨੩ ॥**

ਪਦ ਅਰਥ - ਜ੍ਵਾਲ=ਅਗਨੀ। ਹੰਤੀ=ਮਾਰਨ ਵਾਲੀ। ਸ੍ਰੋਣ ਬੀਰਜਾਰਦ੍ਨੀ=ਰਕਤਬੀਜ ਨੂੰ ਮਾਰਨ ਵਾਲੀ।

ਜੋਗ ਅਗਨੀ ਤੇ ਉਸ ਅਗਨੀ ਨੂੰ ਧਾਰਨ ਕਰਨ ਵਾਲੀ ਦੁਰਗਾ ਦੇਵੀ ਨੂੰ ਨਮਸ਼ਕਾਰ ਹੈ। ਸੁੰਭ ਦੈਂਤ ਨੂੰ ਮਾਰਨ ਵਾਲੀ ਤੇ ਭਿਆਨਕ ਕਾਲ ਰੂਪ ਵਾਲੀ ਨੂੰ ਨਮਸ਼ਕਾਰ ਹੈ। ਰਕਤਬੀਜ ਤੇ ਧੂਮ੍ਰਨੈਨ ਵਰਗੇ ਭਿਆਨਕ ਦੈਂਤਾਂ ਨੂੰ ਮਾਰਨ ਵਾਲੀ ਸ਼ਕਤੀ ਨੂੰ ਨਮਸ਼ਕਾਰ ਹੈ। ਕਾਲਕਾ ਰੂਪ, ਜੁਆਲਾ ਰੂਪ ਤੇ ਜਯੰਤੀ ਰੂਪ ਮਾਤਾ ਦੁਰਗਾ ਨੂੰ ਨਮਸ਼ਕਾਰ ਹੈ॥੪॥੨੨੩॥

**ਨਮੋ ਅੰਬਕਾ ਜੰਭਹਾ ਜੋਤਿ ਰੂਪਾ॥ ਨਮੋ ਚੰਡ ਮੁੰਡਾਰਦਨੀ ਭੂਪਿ ਭੂਪਾ॥**
**ਨਾਮ ਚਾਮਰੰ ਚੀਰਣੀ ਚਿੱਤ੍ਰ ਰੂਪੰ॥ ਨਮੋ ਪਰਮ ਪ੍ਰਗਜਾ ਬਿਰਾਜੈ ਅਨੂਪੰ॥ ੫ ॥ ੨੨੪ ॥**

ਅਰਥ - ਅੰਬਕਾ, ਜੰਭਹਾ ਤੇ ਜੋਤਿ ਰੂਪ ਵਾਲੀ ਦੇਵੀ ਨੂੰ ਨਮਸ਼ਕਾਰ ਹੈ। ਚੰਡ ਤੇ ਮੁੰਡ ਨੂੰ ਮਾਰਨ

ਵਾਲੀ ਦੇਵੀ ਨੂੰ ਨਮਸ਼ਕਾਰ ਹੈ। ਰਾਜ ਰਾਜੇਸ਼ਵਰੀ ਦੁਰਗਾ ਨੂੰ ਨਮਸ਼ਕਾਰ ਹੈ। ਚਾਮਰ ਦੈਂਤ ਨੂੰ ਚੀਰਨ ਵਾਲੀ ਚੰਡੀ ਨੂੰ ਨਮਸ਼ਕਾਰ ਹੈ। ਚਿਤ੍ਰ ਸਰੂਪ ਦੁਰਗਾ ਨੂੰ ਨਮਸ਼ਕਾਰ ਹੈ। ਉਤਮ ਬੁੱਧੀ ਵਾਲੀ ਦੇਵੀ ਨੂੰ ਨਮਸ਼ਕਾਰ ਹੈ। ਉਹ ਉਪਮਾ ਰਹਿਤ ਹੋ ਕੇ ਜਗਤ ਵਿਚ ਬਿਰਾਜ ਰਹੀ ਹੈ।੫॥੨੨੪॥

**ਨਮੋ ਪਰਮ ਰੂਪਾ ਨਮੋ ਕ੍ਰੂਰ ਕਰਮਾ॥ ਨਮੋ ਰਾਜਸਾ ਸਾਤਕਾ ਪਰਮ ਬਰਮਾ॥**
**ਨਮੋ ਮਹਿਖ ਦਈਤੇਸ ਕੋ ਅੰਤ ਕਰਣੀ॥ ਨਮੋ ਤੋਖਣੀ ਸੋਖਣੀ ਸਰਬ ਇਰਣੀ॥ ੬॥ ੨੨੫॥**

ਪਦ ਅਰਥ - ਕ੍ਰੂਰ ਕਰਮੰ=ਭਿਆਨਕ ਕਰਮ। ਤੋਖਣੀ=ਪ੍ਰਸੰਨ ਕਰਨ ਵਾਲੀ। ਸੋਖਣੀ=ਸੁਕਾਉਣ ਵਾਲੀ। ਇਰਣੀ=ਪ੍ਰੇਰਨਾ ਕਰਨ ਵਾਲੀ।

ਪਰਮ ਰੂਪ ਵਾਲੀ ਦੁਰਗਾ ਨੂੰ ਨਮਸ਼ਕਾਰ ਹੈ। ਭਿਆਨਕ, ਡਰਾਉਣੇ ਕਰਮ ਕਰਨ ਵਾਲੀ ਨੂੰ ਨਮਸ਼ਕਾਰ ਹੈ। ਰਜੋ ਤੇ ਸਤੋ ਗੁਣ ਧਾਰਨ ਵਾਲੀ ਨੂੰ ਨਮਸ਼ਕਾਰ ਹੈ। ਮਹਿਖਾਸੁਰ ਦੈਂਤ ਨੂੰ ਨਾਸ ਕਰਨ ਵਾਲੀ ਨੂੰ ਨਮਸ਼ਕਾਰ ਹੈ। ਸਭ ਸੰਤਾਂ ਭਗਤਾਂ ਨੂੰ ਪ੍ਰਸੰਨ ਕਰਨ ਵਾਲੀ, ਉਹਨਾਂ ਦੇ ਦੁਖਾਂ ਨੂੰ ਮੁਕਾਉਣ ਵਾਲੀ ਤੇ ਸ਼ੁਭ ਕਰਮਾਂ ਵਲ ਪ੍ਰੇਰਨਾ ਵਾਲੀ ਦੇਵੀ ਨੂੰ ਨਮਸ਼ਕਾਰ ਹੈ॥੬॥੨੨੫॥

**ਬਿੜਾਲਾਛ ਹੰਤੀ ਕਰੂਰਾਛ ਘਾਯਾ॥ ਦਿਜਗਿ ਦਯਾਰ ਦਨੀਅੰ ਨਮੋ ਜੋਗ ਮਾਯਾ॥**
**ਨਮੋ ਭਈਰਵੀ ਭਾਰਗਵੀਅੰ ਭਵਾਨੀ॥ ਨਮੋ ਜੋਗ ਜ੍ਵਾਲੰਧਰੀ ਸਰਬ ਮਾਨੀ॥ ੭॥ ੨੨੬॥**

ਪਦ ਅਰਥ - ਦਿਜਗਿ ਦਜਾਰਦਨੀਅੰ=ਬ੍ਰਹਮਾ ਤੇ ਦਇਆ ਕਰਕੇ ਪਸੀਜਨ ਵਾਲੀ।

ਬਿੜਾਲਾਛ ਤੇ ਕਰੂਰਾਛ ਦੈਂਤ ਨੂੰ ਨਾਸ ਕਰਨ ਵਾਲੀ ਨੂੰ ਨਮਸ਼ਕਾਰ ਹੈ। ਬ੍ਰਹਮਾ ਤੇ ਦਇਆ ਕਰਕੇ ਪਸੀਜਨ ਵਾਲੀ ਤੇ ਜੋਗ ਮਾਇਆ ਨੂੰ ਨਮਸ਼ਕਾਰ ਹੈ। ਭੈ ਦੇਣ ਵਾਲੀ, ਭਾਰਗਵੀ ਤੇ ਭਵਾਨੀ ਨਾਂ ਵਾਲੀ ਨੂੰ ਨਮਸ਼ਕਾਰ ਹੈ। ਜੋਗ ਅਗਨੀ ਨੂੰ ਧਾਰਨ ਕਰਨ ਵਾਲੀ ਤੇ ਸਭ ਦਾ ਮਾਨ ਰੂਪ ਦੁਰਗਾ ਮਾਤਾ ਨੂੰ ਨਮਸ਼ਕਾਰ ਹੈ॥੭॥੨੨੬॥

**ਅਧੀ ਉਰਧਵੀ ਆਪ ਰੂਪਾ ਅਪਾਰੀ॥ ਰਮਾ ਰਸਟਰੀ ਕਾਮ ਰੂਪਾ ਕੁਮਾਰੀ॥**
**ਭਵੀ ਭਾਵਨੀ ਭਈਰਵੀ ਭੀਮ ਰੂਪਾ॥ ਨਮੋ ਹਿੰਗੁਲਾ ਪਿੰਗੁਲਾਯੰ ਅਨੂਪਾ॥ ੮॥ ੨੨੭॥**

ਪਦ ਅਰਥ - ਅਧੀ=ਪਤਾਲ। ਉਰਧਵੀ=ਅਕਾਸ਼। ਰਮਾ=ਅਨੰਦ ਰੂਪ। ਰਸਟਰੀ=ਰਾਜ ਕਰਨ ਵਾਲੀ। ਕਾਮ ਰੂਪਾ=ਸੁੰਦਰ। ਭਵੀ=ਸ਼ਕਤੀ। ਭਵਾਨੀ=ਸ਼ਰਧਾ।

ਪਤਾਲ ਤੇ ਅਕਾਸ਼ ਵਿਚ ਪੂਰਨ ਹੋ ਕੇ ਵਸਣ ਵਾਲੀ ਦੇਵੀ ਨੂੰ ਨਮਸ਼ਕਾਰ ਹੈ। ਉਹ ਆਪ ਹੀ ਅਪਾਰ ਰੂਪ ਵਾਲੀ ਹੈ। ਆਨੰਦ ਸਰੂਪ, ਰਾਜ ਕਰਨ ਵਾਲੀ ਤੇ ਕਾਮ ਵਰਗੇ ਸੁੰਦਰ ਸਰੂਪ ਵਾਲੀ ਨੂੰ ਨਮਸ਼ਕਾਰ ਹੈ। ਸ਼ਕਤੀ, ਸ਼ਰਧਾ, ਭੈਰਵੀ ਤੇ ਭੀਮ ਭਿਆਨਕ ਰੂਪ ਵਾਲੀ ਦੁਰਗਾ ਨੂੰ ਨਮਸ਼ਕਾਰ ਹੈ। ਹਿੰਗੁਲਾ, ਪਿੰਗੁਲਾ ਤੇ ਉਪਮਾ ਰਹਿਤ ਨੂੰ ਨਮਸ਼ਕਾਰ ਹੈ॥੮॥੨੨੭॥

**ਨਮੋ ਜੁੱਧਨੀ ਕ੍ਰੁੱਧਨੀ ਕ੍ਰੂਰ ਕਰਮਾ ॥ ਮਹਾ ਬੁੱਧਨੀ ਸਿੱਧਨੀ ਸੁੱਧ ਕਰਮਾ ॥**
**ਪਰੀ ਪਦਮਨੀ ਪਾਰਬਤੀ ਪਰਮ ਰੂਪਾ ॥ ਸਿਵੀ ਬਾਸਵੀ ਬ੍ਰਾਹਮੀ ਰਿੱਧ ਕੂਪਾ ॥ ੯ ॥ ੨੨੮ ॥**

ਪਦ ਅਰਥ - ਜੁੱਧਨੀ=ਜੰਗ ਕਰਨ ਵਾਲੀ। ਕ੍ਰੁੱਮਧੁਭਾਰ ਛੰਦ ॥ ਕ੍ਰੁੱਧਨੀ=ਕਰੋਧ ਕਰਨ ਵਾਲੀ। ਬੁੱਧਨੀ=ਬੁਧੀਵਾਨ। ਸਿੱਧਨੀ=ਸਿੱਧੀਆਂ ਵਾਲੀ।

ਜੰਗ ਕਰਨ ਵਾਲੀ, ਕਰੋਧ ਨੂੰ ਧਾਰਨ ਕਰਨ ਵਾਲੀ ਤ ਕਰੂਰ ਅਤੇ ਭਿਆਨਕ ਕਰਮ ਕਰਨ ਵਾਲੀ ਨੂੰ ਨਮਸ਼ਕਾਰ ਹੈ • ਉੱਤਮ ਬੁੱਧੀ ਵਾਲੀ, ਸਿੱਧੀਆਂ ਵਾਲੀ ਤੇ ਸ਼ੁਭ ਕਰਮਾਂ ਵਾਲੀ ਨੂੰ ਨਮਸ਼ਕਾਰ ਹੈ। ਸ਼ਿਵ, ਇੰਦਰ, ਬ੍ਰਹਮਾ ਤੇ ਕੁਬੇਰ ਆਦਿ ਦੇਵਤਿਆਂ ਦੀ ਸ਼ਕਤੀ ਧਾਰਨ ਵਾਲੀ ਦੇਵੀ ਨੂੰ ਨਮਸ਼ਕਾਰ ਹੈ ॥ ੯ ॥ ੨੨੮ ॥

**ਮਿੜਾ ਮਾਰਜਨੀ ਸੂਰਤਵੀ ਮੋਹ ਕਰਤਾ ॥ ਪਰਾ ਪਸ਼ਟਣੀ ਪਾਰਬਤੀ ਦੁਸ਼ਟ ਹਰਤਾ ॥**
**ਨਮੋ ਹਿੰਗੁਲਾ ਪਿੰਗੁਲਾ ਤੋਤਲਾਯੰ ॥ ਨਮੋ ਕਰਤਿਕਜਾਨੀ ਸ਼ਿਵਾ ਸੀਤਲਾਯੰ ॥ ੧੦ ॥ ੨੨੯ ॥**

ਪਦ ਅਰਥ - ਮਿੜਾ=ਸ਼ਿਵ ਦੀ, ਇਸਤ੍ਰੀ-ਸ਼ਕਤੀ। ਮਾਰਜਨੀ=ਦੋਸ਼ਾਂ ਨੂੰ ਦੂਰ ਕਰਕੇ ਸ਼ੁੱਧ ਕਰਨ ਵਾਲੀ। ਸੂਰਤਵੀ=ਦਇਆ ਕਰਨ ਵਾਲੀ। ਪਰਾ=ਬ੍ਰਹਮ ਵਿਦਿਆ ਦੀ ਦਾਤੀ। ਪਸਟਣੀ=ਖੁਸ਼ ਹੋਣ ਵਾਲੀ।

ਸ਼ਿਵ ਦੀ ਸ਼ਕਤੀ, ਦੋਸ਼ਾਂ ਨੂੰ ਦੂਰ ਕਰਨ ਵਾਲੀ, ਦਿਆਲੂ ਤੇ ਮੋਹ ਕਰਨ ਵਾਲੀ ਮਾਤਾ ਨੂੰ ਨਮਸ਼ਕਾਰ ਹੈ। ਹਿੰਗੁਲਾ, ਪਿੰਗੁਲਾ ਤੇ ਤੋਤਲੀ ਬੋਲੀ ਬੋਲਣ ਵਾਲੀ ਨੂੰ ਨਮਸ਼ਕਾਰ ਹੈ। ਖੜਨਾਨ ਸ਼ਕਤੀ, ਸ਼ਿਵ ਤੇ ਸੀਤਲ ਮਾਤਾ ਨੂੰ ਨਮਸ਼ਕਾਰ ਹੈ ॥ ੧੦ ॥ ੨੨੯ ॥

**ਭਵੀ ਭਾਰਗਵੀਯੰ ਨਮੋ ਸ਼ਸਤਰ ਪਾਣੰ ॥ ਨਮੋ ਅਸਤ੍ਰ ਧਰਤਾ ਨਮੋ ਤੇਜ ਮਾਣੰ ॥**
**ਜਯਾ ਆਜਯਾ ਚਰਮਣੀ ਚਾਵੱਡਾਯੰ ॥ ਕ੍ਰਿਪਾ ਕਾਲਕਾਯੰ ਨਯੰ ਨਿਤਿ ਨਜਾਯੰ ॥ ੧੧ ॥ ੨੩੦ ॥**

ਪਦ ਅਰਥ - ਭਵੀ=ਜਮ ਦੀ ਸ਼ਕਤੀ। ਭਾਰਗਵੀਯੰ=ਭ੍ਰਿਗੂ ਸ਼ਕਤੀ। ਜਯਾ=ਫਤਹਿ ਕਰਨ ਵਾਲੀ। ਆਜਯਾ=ਅਜਿੱਤ।

ਜਮ ਸ਼ਕਤੀ, ਭ੍ਰਿਗੂ-ਸ਼ਕਤੀ ਤੇ ਸ਼ਸ਼ਤ੍ਰਧਾਰਨ ਕਰਨ ਵਾਲੀ ਨੂੰ ਨਮਸ਼ਕਾਰ ਹੈ। ਅਸਤਰ ਧਾਰਨ ਕਰਨ ਵਾਲੀ, ਤੇਜ ਤੇ ਮਾਣ ਵਾਲੀ ਨੂੰ ਨਮਸ਼ਕਾਰ ਹੈ। ਫਤਹਿ ਪ੍ਰਾਪਤ ਕਰਨ ਵਾਲੀ, ਕਿਸੇ ਕੋਲੋਂ ਨਾ ਜਿੱਤੇ ਜਾਣ ਵਾਲੀ ਤੇ ਚੁੜੇਲਾਂ ਨੂੰ ਚੱਬਣ ਵਾਲੀ ਨੂੰ ਨਮਸ਼ਕਾਰ ਹੈ। ਕਿਰਪਾ ਕਰਨ ਵਾਲੀ, ਕਾਲਕਾ ਰੂਪ ਸਦੀਵ ਕਾਲ ਨਵੀਨ ਰਹਿਣ ਵਾਲੀ ਤੇ ਨਿਆਇ ਸਰੂਪ ਮਾਤਾ ਨੂੰ ਨਮਸ਼ਕਾਰ ਹੈ ॥ ੧੧ ॥ ੨੩੦ ॥

**ਨਮੋ ਚਾਪਣੀ ਚਰਮਣੀ ਖੜਗ ਪਾਣੰ ॥ ਗਦਾ ਪਾਣਿਣੀ ਚੱਕ੍ਰਣੀ ਚਿੱਤ੍ਰਮਾਣੰ ॥**
**ਨਮੋ ਸੂਲਣੀ ਸੈਹਥੀ ਪਾਣਿ ਮਾਤਾ ॥ ਨਮੋ ਗਜਾਨ ਗਿਗਜਾਨ ਕੀ ਗਜਾਨ ਗਜਾਤਾ ॥ ੧੨ ॥ ੨੩੧ ॥**

ਪਦ ਅਰਥ - ਚਾਪਣੀ=ਧਨੁਸ਼ ਵਾਲੀ। ਚਰਮਣੀ=ਢਾਲ ਵਾਲੀ। ਗਿਆਤਾ=ਜਾਣਨ ਵਾਲੀ।

ਹੱਥ ਵਿਚ ਧਨੁਖ, ਢਾਲ ਤੇ ਤਲਵਾਰ ਫੜਨ ਵਾਲੀ ਸ਼ਕਤੀ ਨੂੰ ਨਮਸ਼ਕਾਰ ਹੈ। ਹੱਥ ਵਿਚ ਗਦਾ ਫੜਨ ਵਾਲੀ, ਚੱਕਰ ਧਾਰਨ ਕਰਨ ਵਾਲੀ ਤੇ ਚਿੱਤ੍ਰ-ਸਰੂਪ ਵਾਲੀ ਨੂੰ ਨਮਸ਼ਕਾਰ ਹੈ। ਹੱਥ ਵਿਚ ਤ੍ਰਿਸੂਲ ਤੇ ਸੈਹਥੀ ਫੜਨ ਵਾਲੀ ਮਾਤਾ ਨੂੰ ਨਮਸ਼ਕਾਰ ਹੈ। ਗਿਆਨ ਤੇ ਵਿਗਿਆਨ ਸਾਇੰਸ ਦੇ ਗਿਆਨ ਨੂੰ ਜਾਣਨ ਵਾਲੀ ਨੂੰ ਨਮਸ਼ਕਾਰ ਹੈ॥ ੧੨॥ ੨੩੧॥

**ਨਮੋ ਪੋਖਣੀ ਸੋਖਣੀ ਅੰਮ੍ਰਿਤਾਲੀ॥ ਨਮੋ ਦੁਸ਼ਟ ਦੋਖਾਰਦਨੀ ਰੂਪ ਕਾਲੀ॥**
**ਨਮੋ ਜੋਗ ਜ੍ਵਾਲਾ ਨਮੋ ਕਾਰਤਿਕਜਾਨੀ॥ ਨਮੋ ਅੰਬਕਾ ਤੋਤਲਾ ਸ੍ਰੀ ਭਵਾਨੀ॥ ੧੩॥ ੨੩੨॥**

ਸੰਤਾਂ ਤੇ ਭਗਤਾਂ ਦੀ ਪਾਲਣਾ ਕਰਨ ਵਾਲੀ, ਭਗਤਾਂ ਦੇ ਦੋਸ਼ਾਂ ਨੂੰ ਸੁਕਾਉਣ ਵਾਲੀ ਤੇ ਮੁਰਦਬਾਹਨੀ ਨੂੰ ਨਮਸਕਾਰ ਹੈ। ਦੁਸ਼ਟਾਂ ਤੇ ਦੁਖਦਾਈ ਵੈਰੀਆਂ ਨੂੰ ਨਾਸ ਕਰਨ ਵਾਲੀ ਕਾਲੀ ਰੂਪ ਕਾਲਕਾ ਨੂੰ ਨਮਸ਼ਕਾਰ ਹੈ। ਨਮਸ਼ਕਾਰ ਹੈ ਜੋਗ ਅਗਨੀ ਨੂੰ ਧਾਰਨ ਵਾਲੀ ਨੂੰ ਸ੍ਵਾਮੀ ਕਾਰਤਕ ਦੀ ਸ਼ਕਤੀ ਵਾਲੀ ਨੂੰ ਨਮਸ਼ਕਾਰ ਹੈ। ਅੰਬਕਾ, ਤੋਤਲਾ ਤੇ ਸ੍ਰੀ ਭਵਾਨੀ ਨੂੰ ਨਮਸ਼ਕਾਰ ਹੈ॥ ੧੩॥ ੨੩੨॥

**ਨਮੋ ਦੋਖ ਦਾਹੀ ਨਮੋ ਦੁੱਖਜ ਹਰਤਾ॥ ਨਮੋ ਸ਼ਸਤਰਣੀ ਅਸਤ੍ਰਣੀ ਕਰਮ ਕਰਤਾ॥**
**ਨਮੋ ਰਿਸ਼ਟਣੀ ਪੁਸ਼ਟਣੀ ਪਰਮ ਜ੍ਵਾਲਾ॥ ਨਮੋ ਤਾਰੁਣੀਅੰ ਨਮੋ ਬ੍ਰਿੱਧ ਬਾਲਾ॥ ੧੪॥ ੨੩੩॥**

ਆਪਣਿਆਂ ਭਗਤਾਂ ਦੇ ਦੋਸ਼ਾਂ ਨੂੰ ਸਾੜਨ ਵਾਲੀ ਤੇ ਦੁਖਾਂ ਨੂੰ ਨਾਸ ਕਰਨ ਵਾਲੀ ਦੁਰਗਾ ਮਾਤਾ ਨੂੰ ਨਮਸ਼ਕਾਰ ਹੈ। ਸ਼ਸ਼ਤ੍ਰਾਂ ਤੇ ਅਸਤ੍ਰਾਂ ਵਾਲੇ ਕਰਮ ਵਾਲੀ ਨੂੰ ਨਮਸ਼ਕਾਰ ਹੈ ਭਾਵ ਜੰਗ ਵਿਚ ਸ਼ਸ਼ਤ੍ਰ ਤੇ ਅਸਤ੍ਰ ਚਲਾਉਣ ਵਾਲੀ ਨੂੰ ਨਮਸ਼ਕਾਰ ਹੈ। ਰਿਸ਼ਟ ਤੇ ਪੁਸ਼ਟ ਕਰਨ ਵਾਲੀ ਤੇ ਮਹਾਨ ਤੇਜ ਵਾਲੀ ਨੂੰ ਨਮਸ਼ਕਾਰ ਹੈ। ਜੁਆਨ ਰੂਪ, ਬ੍ਰਿਧ ਰੂਪ ਤੇ ਬਾਲ ਰੂਪ ਵਾਲੀ ਦੇਵੀ ਨੂੰ ਨਮਸ਼ਕਾਰ ਹੈ॥ ੧੪॥ ੨੩੩॥

**ਨਮੋ ਸਿੰਘ ਬਾਹੀ ਨਮੋ ਦਾੜ੍ਹ ਗਾੜ੍ਹੰ॥ ਨਮੋ ਖੱਗ ਦੱਗੰ ਝਮਾ ਝੱਮ ਬਾੜ੍ਹੰ॥**
**ਨਮੋ ਰੂੜ੍ਹ ਗੂੜ੍ਹੰ ਨਮੋ ਸਰਬ ਬਿਆਪੀ॥ ਨਮੋ ਨਿੱਤ ਨਾਰਾਇਣੀ ਦੁਸ਼ਟ ਖਾਪੀ॥ ੧੫॥ ੨੩੪॥**

. ਸ਼ੇਰ ਦੀ ਸਵਾਰੀ ਕਰਨ ਵਾਲੀ ਨੂੰ ਨਮਸ਼ਕਾਰ ਹੈ। ਮਜ਼ਬੂਤ ਦਾੜ੍ਹਾਂ ਵਾਲੀ ਨੂੰ ਨਮਸ਼ਕਾਰ ਹੈ। ਹੱਥ ਵਿਚ ਚਮਕਦਾ ਖੜਗ ਫੜਨ ਵਾਲੀ ਨੂੰ ਨਮਸ਼ਕਾਰ ਹੈ, ਜਿਸ ਖੜਗ ਦੀ ਧਾਰ ਝਮ ਝਮ ਕਰਦੀ ਹੈ। ਬੜੇ ਸੁੰਦਰ ਰੂਪ ਵਾਲੀ ਤੇ ਸਭ ਵਿਚ ਵਿਆਪਕ ਸ਼ਕਤੀ ਨੂੰ ਨਮਸ਼ਕਾਰ ਹੈ। ਦੁਸ਼ਟਾਂ ਨੂੰ ਨਾਸ ਕਰਨ ਵਾਲੀ ਦੁਰਗਾ ਨੂੰ ਸਦਾ ਨਮਸ਼ਕਾਰ ਹੈ॥ ੧੫॥ ੨੩੪॥

**ਨਮੋ ਰਿੱਧ ਰੂਪੰ ਨਮੋ ਸਿੱਧ ਕਰਣੀ॥ ਨਮੋ ਪੋਖਣੀ ਸੋਖਣੀ ਸਰਬ ਭਰਣੀ॥**
**ਨਮੋ ਆਰਜਨੀ ਮਾਰਜਨੀ ਕਾਲ ਰਾਤ੍ਰੀਂ॥ ਨਮੋ ਜੋਗ ਜ੍ਵਾਲੰਧਰੀ ਸਰਬ ਦਾਤ੍ਰੀ॥ ੧੬॥ ੨੩੫॥**

ਪਦ ਅਰਥ - ਆਰਜਨੀ=ਉਜਲ ਰੂਪ ਵਾਲੀ।

ਰਿੱਧੀ ਰੂਪ ਤੇ ਸਿੱਧੀ ਕਰਨ ਵਾਲੀ ਨੂੰ ਨਮਸ਼ਕਾਰ ਹੈ। ਸੇਵਕ ਦੀ ਪਾਲਣਾ ਕਰਨ ਵਾਲੀ, ਦੋਸ਼ਾਂ ਨੂੰ ਸੁਕਾਉਣ ਵਾਲੀ ਤੇ ਸਭ ਨੂੰ ਦਾਤਾਂ ਦੇ ਕੇ ਭਰਨ ਵਾਲੀ ਮਾਤਾ ਨੂੰ ਨਮਸ਼ਕਾਰ ਹੈ। ਉਜਲ ਰੂਪ ਵਾਲੀ, ਮਾਰਜਨੀ ਤੇ ਕਾਲ ਰਾਤ੍ਰੀ ਨੂੰ ਨਮਸ਼ਕਾਰ ਹੈ। ਜੋਗ ਅਗਨੀ ਨੂੰ ਧਾਰਨ ਕਰਨ ਵਾਲੀ ਤੇ ਦੁਸ਼ਟਾਂ ਨੂੰ ਦਾਤ੍ਰੀ ਵਾਂਗੂੰ ਕਟਣ ਵਾਲੀ ਨੂੰ ਨਮਸ਼ਕਾਰ ਹੈ॥੧੬॥੨੩੫॥

**ਨਮੋ ਪਰਮ ਪਰਮਸ੍ਵਰੀ ਧਰਮ ਕਰਣੀ॥ ਨਈ ਨਿੱਤ ਨਾਰਾਇਣੀ ਦੁਸ਼ਟ ਦਰਣੀ॥**
**ਛਲਾ ਆਛਲਾ ਈਸ਼ੁਰੀ ਜੋਗ ਜ੍ਵਾਲੀ॥ ਨਮੋ ਬਰਮਣੀ ਚਰਮਣੀ ਕ੍ਰੂਰ ਕਾਲੀ॥ ੧੭॥ ੨੩੬॥**

ਵਡੇ ਐਸ਼ਵਰਜ ਵਾਲੀ ਤੇ ਧਰਮ ਦੇ ਕਰਮ ਕਰਨ ਵਾਲੀ ਨੂੰ ਨਮਸ਼ਕਾਰ ਹੈ, ਸਦਾ ਨਵੀਨ ਰਹਿਣ ਵਾਲੀ ਤੇ ਦੁਸ਼ਟਾਂ ਨੂੰ ਦਲਣ ਵਾਲੀ ਸ਼ਕਤੀ ਨੂੰ ਨਮਸ਼ਕਾਰ ਹੈ। ਛਲਾਂ ਤੋਂ ਅਛਲ ਰਹਿਣ ਵਾਲੀ, ਈਸ਼ਵਰੀ ਸ਼ਕਤੀ, ਜੋਗ ਅਗਨੀ ਵਾਲੀ, ਸੰਜੋਅ ਤੇ ਢਾਲ ਵਾਲੀ ਤੇ ਭਿਆਨਕ ਰੂਪ ਵਾਲੀ ਕਾਲਕਾ ਨੂੰ ਨਮਸ਼ਕਾਰ ਹੈ॥੧੭॥੨੩੬॥

**ਨਮੋ ਰੇਚਕਾ ਪੂਰਕਾ ਪ੍ਰਾਤ ਸੰਧਿਆ॥ ਜਿਨੈ ਮੋਹੁ ਕੈ ਚਉਦਹੂੰ ਲੋਕ ਬੰਧਿਆ॥**
**ਨਮੋ ਅੰਜਨੀ ਗੰਜਨੀ ਸਰਬ ਅਸਤ੍ਰਾ॥ ਨਮੋ ਧਾਰਣੀ ਬਾਰਣੀ ਸਰਬ ਸ਼ਸਤਰਾ॥ ੧੮॥ ੨੩੭॥**

ਰੇਚਕਾ, ਪੂਰਕਾ, ਪ੍ਰਾਤ ਤੇ ਸੰਧਿਆ ਰੂਪ ਵਾਲੀ ਨੂੰ ਨਮਸ਼ਕਾਰ ਹੈ। ਜਿਸ ਨੇ ਆਪਣੇ ਮੋਹ ਨਾਲ ਚੌਦਾਂ ਲੋਕਾਂ ਨੂੰ ਬੰਨ੍ਹਿਆਂ ਹੋਇਆ ਹੈ ਅਤੇ ਹਰ ਪ੍ਰਕਾਰ ਦੇ ਸ਼ਸਤਰਾਂ ਨੂੰ ਤੋੜਨ ਵਾਲੀ ਚੰਚਲ ਰੂਪ ਨੂੰ ਨਮਸ਼ਕਾਰ ਹੈ। ਹਾਥੀ ਦੀ ਖੱਲ ਪਹਿਨਣ ਵਾਲੀ ਸਭ ਸ਼ਸਤਰਾਂ ਨੂੰ ਧਾਰਨ ਕਰਨ ਵਾਲੀ ਨੂੰ ਨਮਸ਼ਕਾਰ ਹੈ॥੧੮॥੨੩੭॥

**ਨਮੋ ਅੰਜਨੀ ਗੰਜਨੀ ਦੁਸ਼ਟ ਗਰਬਾ॥ ਨਮੋ ਤੋਖਣੀ ਪੋਖਣੀ ਸੰਤ ਸਰਬਾ॥**
**ਨਮੋ ਸ਼ਕਤਣੀ ਸੂਲਣੀ ਖੜਗ ਪਾਣੀ॥ ਨਮੋ ਤਾਰਣੀ ਕਾਰਣੀਅੰ ਕ੍ਰਿਪਾਣੀ॥ ੧੯॥ ੨੩੮॥**

ਦੁਸ਼ਟਾਂ ਦੇ ਅਹੰਕਾਰ ਨੂੰ ਨਾਸ ਕਰਨ ਵਾਲੀ ਮਾਇਆ ਰੂਪ ਦੇਵੀ ਨੂੰ ਨਮਸ਼ਕਾਰ ਹੈ, ਸਾਰੇ ਸੰਤਾਂ ਭਗਤਾਂ ਨੂੰ ਦਾਤਾਂ ਦੇ ਕੇ ਪ੍ਰਸੰਨ ਕਰਨ ਵਾਲੀ ਤੇ ਪਾਲਣਾ ਕਰਨ ਵਾਲੀ ਮਾਤਾ ਨੂੰ ਨਮਸ਼ਕਾਰ ਹੈ। ਹੱਥ ਵਿਚ ਬਰਛੀ, ਤ੍ਰਿਸੂਲ ਤੇ ਖੜਗ ਫੜਨ ਵਾਲੀ ਨੂੰ ਨਮਸ਼ਕਾਰ ਹੈ। ਆਪਣਿਆਂ ਸੇਵਕਾਂ ਨੂੰ ਤਾਰਨ ਵਾਲੀ, ਸਭ ਕਾਰਜਾਂ ਦੇ ਕਰਨ ਵਾਲੀ ਤੇ ਤਲਵਾਰ ਧਾਰਨ ਕਰਨ ਵਾਲੀ ਨੂੰ ਨਮਸ਼ਕਾਰ ਹੈ॥੧੯॥੨੩੮॥

**ਨਮੋ ਰੂਪ ਕਾਲੀ ਕਪਾਲੀ ਅਨੰਦੀ॥ ਨਮੋ ਚੰਦ੍ਰਣੀ ਭਾਨਵੀ ਅੰਗੁ ਬਿੰਦੀ॥**
**ਨਮੋ ਛੈਲ ਰੂਪਾ ਨਮੋ ਦੁਸ਼ਟ ਦਰਣੀ॥ ਨਮੋ ਕਾਰਣੀ ਤਾਰਣੀ ਸ੍ਰਿਸ਼ਟ ਭਰਣੀ॥ ੨੦॥ ੨੩੯॥**

ਕਾਲੀ ਕਾਲਕਾ ਮਾਤਾ ਨੂੰ ਨਮਸ਼ਕਾਰ ਹੈ। ਹੱਥ ਵਿਚ ਖਪਰ ਰੋੜਨ ਵਾਲੀ ਤੇ ਆਨੰਦ ਸਰੂਪ ਵਾਲੀ ਨੂੰ ਨਮਸ਼ਕਾਰ ਹੈ। ਚੰਦ੍ਰਮਾਂ ਤੇ ਸੂਰਜ ਦੀ ਸ਼ਕਤੀ ਵਾਲੀ ਨੂੰ ਨਮਸ਼ਕਾਰ ਹੈ। ਛੈਲ ਸੁੰਦਰ ਰੂਪ

ਵਾਲੀ ਨੂੰ ਨਮਸ਼ਕਾਰ ਹੈ। ਦੁਸ਼ਟਾਂ ਨੂੰ ਦਲਣ ਵਾਲੀ ਨੂੰ ਨਮਸ਼ਕਾਰ ਹੈ। ਸ੍ਰਿਸ਼ਟੀ ਦੀ ਰਚਨਾ ਕਰਨ ਵਾਲੀ, ਤਾਰਨ ਵਾਲੀ ਤੇ ਪਾਲਣ ਵਾਲੀ ਨੂੰ ਨਮਸ਼ਕਾਰ ਹੈ॥ ੨੦॥ ੨੩੯॥

**ਨਮੋ ਹਰਖਣੀ ਬਰਖਣੀ ਸ਼ਸਤਰ ਧਾਰਾ॥ ਨਮੋ ਤਾਰਣੀ ਕਾਰਣੀਯੰ ਅਪਾਰਾ॥**
**ਨਮੋ ਜੋਗਣੀ ਭੋਗਣੀ ਪਰਮ ਪ੍ਰੱਗਜਾ॥ ਨਮੋ ਦੇਵ ਦਈਤਜਾਇਣੀ ਦੇਵਿ ਦੁਰਗਜਾ॥ ੨੧॥ ੨੪੦॥**

ਪ੍ਰਸੰਨਤਾ ਬਖਸ਼ਣ ਵਾਲੀ ਤੇ ਸ਼ਸਤਰਾਂ ਨੂੰ ਮੀਂਹ ਵਾਂਗੂੰ ਵਰਸਾਉਣ ਵਾਲੀ ਨੂੰ ਨਮਸ਼ਕਾਰ ਹੈ। ਭਵ ਸਾਗਰ ਤੋਂ ਤਾਰਨ ਵਾਲੀ ਤੇ ਅਨੇਕਾਂ ਕਾਰਜਾਂ ਦੇ ਕਰਨ ਵਾਲੀ ਨੂੰ ਨਮਸ਼ਕਾਰ ਹੈ। ਜੋਗ ਵਾਲੀ, ਭੋਗ ਪਦਾਰਥ ਵਾਲੀ ਤੇ ਬ੍ਰਹਮ ਵਿਦਿਆਂ ਬਖਸ਼ਣ ਵਾਲੀ ਨੂੰ ਨਮਸ਼ਕਾਰ ਹੈ। ਦੇਵਤਿਆਂ ਤੇ ਦੈਂਤਾਂ ਨੂੰ ਆਪਣੀ ਮਰਿਆਦਾ ਵਿਚ ਬੰਨ੍ਹਕੇ ਰਖਣ ਵਾਲੀ ਤੇ ਦੈਂਤਾਂ ਨੂੰ ਮਾਰਨ ਵਾਲੀ ਦੇਵੀ ਦੁਰਗਾ ਨੂੰ ਨਮਸ਼ਕਾਰ ਹੈ॥ ੨੧॥ ੨੪੦॥

**ਨਮੋ ਘੋਰ ਰੂਪਾ ਨਮੋ ਚਾਰ ਨੈਣਾ॥ ਨਮੋ ਸੂਲਣੀ ਸੈਥਣੀ ਬੱਕ੍ਰ ਬੈਣਾ॥**
**ਨਮੋ ਬ੍ਰਿੱਧ ਬੁੱਧੰ ਕਰੀ ਜੋਗ ਜ੍ਵਾਲਾ॥ ਨਮੋ ਚੰਡ ਮੁੰਡੀ ਮ੍ਰਿੜਾ ਕ੍ਰੂਰ ਕਾਲਾ॥ ੨੨॥ ੨੪੧॥**

ਭਿਆਨਕ ਰੂਪ ਵਾਲੀ ਸ਼ਕਤੀ ਨੂੰ ਨਮਸ਼ਕਾਰ ਹੈ, ਸੁੰਦਰ ਨੇਤਰਾਂ ਵਾਲੀ ਨੂੰ ਤ੍ਰਿਸੂਲ, ਸੈਹਥੀ ਧਾਰਨ ਵਾਲੀ ਤੇ ਭੀਖਮ ਬਚਨਾਂ ਵਾਲੀ ਨੂੰ ਨਮਸ਼ਕਾਰ ਹੈ। ਉੱਤਮ ਬੁਧੀ ਨੂੰ ਵਧਾਉਣ ਵਾਲੀ ਤੇ ਜੋਗ ਅਗਨੀ ਰੂਪ ਵਾਲੀ ਨੂੰ ਨਮਸ਼ਕਾਰ ਹੈ। ਚੰਡ ਤੇ ਮੁੰਡ ਦੈਂਤ ਨੂੰ ਮਾਰਨ ਵਾਲੀ, ਮੁਰਦਾਬਾਸਨੀ ਤੇ ਭਿਆਨਕ ਕਾਲ ਦੇ ਰੂਪ ਵਾਲੀ ਨੂੰ ਨਮਸ਼ਕਾਰ ਹੈ॥ ੨੨॥ ੨੪੧॥

**ਨਮੋ ਦੁਸ਼ਟ ਪੁਸ਼ਟਾਰਦਨੀ ਛੇਮ ਕਰਣੀ॥ ਨਮੋ ਦਾੜ੍ਹ ਗਾੜ੍ਹ ਧਰੀ ਦੁਖਜ ਹਰਣੀ॥**
**ਨਮੋ ਸ਼ਾਸਤ੍ਰ ਬੇਤਾ ਨਮੋ ਸ਼ਸਤਰ ਗਾਮੀ॥ ਨਮੋ ਜੱਛ ਬਿੱਦਿਆ ਧਰੀ ਪੂਰਨ ਕਾਮੀ॥ ੨੩॥ ੨੪੨॥**

ਬੜੇ ਬਲਵਾਨ ਦੁਸ਼ਟਾਂ ਨੂੰ ਨਾਸ ਕਰਨ ਵਾਲੀ ਤੇ ਕਲਿਆਨਕਾਰੀ ਦੇਵੀ ਨੂੰ ਨਮਸ਼ਕਾਰ ਹੈ। ਬੜੀਆਂ ਮਜ਼ਬੂਤ ਦਾੜ੍ਹਾਂ ਵਾਲੀ ਤੇ ਦੁੱਖਾਂ ਨੂੰ ਨਾਸ ਕਰਨ ਵਾਲੀ ਨੂੰ ਨਮਸ਼ਕਾਰ ਹੈ। ਸਭ ਸ਼ਾਸਤਰਾਂ ਦੀ ਗਿਆਤਾ ਤੇ ਸ਼ਸਤਰ ਚਲਾਉਣ ਵਾਲੀ ਨੂੰ ਨਮਸ਼ਕਾਰ ਹੈ। ਜੱਛ ਰੂਪ, ਵਿਦਿਆ ਨੂੰ ਧਾਰਨ ਵਾਲੀ ਤੇ ਸਭ ਕਾਮਨਾਂ ਪੂਰਨ ਕਰਨ ਵਾਲੀ ਨੂੰ ਨਮਸ਼ਕਾਰ ਹੈ॥ ੨੩॥ ੨੪੨॥

**ਰਿਪੰ ਤਾਪਣੀ ਜਾਪਣੀ ਸਰਬ ਲੋਗਾ॥ ਥਪੇ ਖਾਪਣੀ ਥਾਪਣੀ ਸਰਬ ਸੋਗਾ॥**
**ਨਮੋ ਲੰਕੁੜੇ ਸੀ ਨਮੋ ਸ਼ਕਤਿ ਪਾਣੀ॥ ਨਮੋ ਕਾਲਕਾ ਖੜਗ ਪਾਣੀ ਕ੍ਰਿਪਾਣੀ॥ ੨੪॥ ੨੪੩॥**

ਵੈਰੀਆਂ ਨੂੰ ਅਗਨੀ ਵਾਂਗੂ ਤਪਾਉਣ ਵਾਲੀ ਤੇ ਸਭ ਜੀਵਾਂ ਦੇ ਜਪਣ ਯੋਗ ਮਾਤਾ ਨੂੰ ਨਮਸ਼ਕਾਰ ਹੈ। ਬਣੀ ਹੋਈ ਬਣਤਰ ਨੂੰ ਤੇ ਸਭ ਰੋਗਾਂ ਸੋਗਾਂ ਨੂੰ ਨਾਸ ਕਰਨ ਵਾਲੀ ਨੂੰ ਨਮਸ਼ਕਾਰ ਹੈ। ਹਨੂੰਮਾਨ ਦੀ ਸ਼ਕਤੀ ਧਾਰਨ ਵਾਲੀ ਤੇ ਹੱਥ ਵਿਚ ਬਰਛੀ ਰਖਣ ਵਾਲੀ ਸ਼ਕਤੀ ਨੂੰ ਨਮਸ਼ਕਾਰ ਹੈ। ਹੱਥ ਵਿਚ ਖੜਗ ਤੇ ਤਲਵਾਰ ਰਖਣ ਵਾਲੀ ਕਾਲਕਾ ਮਾਤਾ ਨੂੰ ਨਮਸ਼ਕਾਰ ਹੈ॥ ੨੪॥ ੨੪੩॥

**ਨਮੋ ਲੰਕੁੜੇਸਾ ਨਮੋ ਨਾਗ੍ਰ ਕੋਟੀ॥ ਨਮੋ ਕਾਮ ਰੂਪਾ ਕਮਿੱਛਿਆ ਕਰੋਟੀ॥
ਨਮੋ ਕਾਲ ਰਾਤ੍ਰੀ ਕਪਰਦੀ ਕਲਿਆਣੀ॥ ਮਹਾਂ ਰਿੱਧਣੀ ਸਿੱਧ ਦਾਤੀ ਕ੍ਰਿਪਾਣੀ॥ ੨੫॥ ੨੪੪॥**

ਪਦ ਅਰਥ - ਲੰਕੁੜੇਸਾ=ਲੌਂਕੜੇ ਦੀ ਸੁਾਮਿਨੀ=ਦੁਰਗਾ। ਨਾਗ੍ਰਕੋਟੀ=ਜਵਾਲਾ ਮੁਖੀ। ਕਮਿੱਛਿਆ=ਕਾਮੱਖਜਾ। ਕਰੋਟੀ=ਹਥ ਵਿਚ ਖੱਪਰ ਰਖਣ ਵਾਲੀ। ਕਪਰਦੀ=ਸਿਰ ਪੁਰ ਕੇਸਾਂ ਦਾ ਜੂੜਾ ਧਾਰਨ ਵਾਲੀ। ਕਲਿਆਣੀ=ਪ੍ਰਯਾਗ ਦੇਵੀ।

ਦੁਰਗਾ ਤੇ ਜਵਾਲਾ ਮੁਖੀ ਦੇਵੀ ਨੂੰ ਨਮਸ਼ਕਾਰ ਹੈ। ਕਾਮਰੂਪ ਤੇ ਕਾਮੱਖਜਾ ਨੂੰ ਨਮਸ਼ਕਾਰ ਹੈ। ਕਾਲਰਾਤ੍ਰੀ, ਸਿਰ ਪੁਰ ਕੇਸਾਂ ਦਾ ਜੂੜਾਂ ਧਾਰਨ ਵਾਲੀ ਤੇ ਕਲਿਆਣ ਕਰਨ ਵਾਲੀ 'ਕਲਿਆਨੀ ਦੇਵੀ' ਨੂੰ ਨਮਸ਼ਕਾਰ ਹੈ। ਰਿੱਧੀਆਂ ਤੇ ਸਿੱਧੀਆਂ ਬਖਸ਼ਣ ਵਾਲੀ ਤੇ ਕ੍ਰਿਪਾਨ ਧਾਰਨ ਕਰਨ ਵਾਲੀ ਨੂੰ ਨਮਸ਼ਕਾਰ ਹੈ॥ ੨੫॥ ੨੪੪॥

**ਨਮੋ ਚਤੁਰਬਾਹੀ ਨਮੋ ਅਸ਼ਟ ਬਾਹਾ॥ ਨਮੋ ਪੋਖਣੀ ਸਰਬ ਆਲਮ ਪਨਾਹਾ॥
ਨਮੋ ਅੰਬਕਾ ਜੰਭਹਾ ਕਾਰਤਿਕਯਾਨੀ॥ ਮ੍ਰਿੜਾਲੀ ਕਪਰਦੀ ਨਮੋ ਸ੍ਰੀ ਭਵਾਨੀ॥ ੨੬॥ ੨੪੫॥**

ਚਤੁਰਭੁਜੀ ਭਾਵ ਚਾਰ ਬਾਹਾ ਵਾਲੀ ਤੇ ਅਸ਼ਟਭੁਜੀ ਭਾਵ ਅੱਠ ਬਾਹਾਂ ਵਾਲੀ ਦੇਵੀ ਨੂੰ ਨਮਸ਼ਕਾਰ ਹੈ। ਸਾਰੇ ਸੰਸਾਰ ਨੂੰ ਪਨਾਹ ਅਤੇ ਆਸਰਾ ਦੇਣ ਵਾਲੀ ਤੇ ਪਾਲਣਾ ਕਰਨ ਵਾਲੀ ਨੂੰ ਨਮਸ਼ਕਾਰ ਹੈ। ਮੁਰਦਬਾਸਨੀ ਤੇ ਸਿਰ ਤੇ ਕੇਸਾਂ ਦਾ ਜੂੜਾ ਧਾਰਨ ਵਾਲੀ ਸ੍ਰੀ ਭਵਾਨੀ ਨੂੰ ਨਮਸ਼ਕਾਰ ਹੈ॥ ੨੬॥ ੨੪੫॥

**ਨਮੋ ਦੇਵ ਅਰਦਜਾਰਦਨੀ ਦੁਸ਼ਟ ਹੰਤੀ॥ ਸਿਤਾ ਔਸਿਤਾ ਰਾਜ ਕ੍ਰਾਂਤੀ ਅਨੰਤੀ॥
ਜੁਆਲਾ ਜਯੰਤੀ ਅਲਾਸੀ ਅਨੰਦੀ॥ ਨਮੋ ਪਾਰਬ੍ਰਹਮੀ ਹਰੀ ਸੀ ਮੁਕੰਦੀ॥ ੨੭॥ ੨੪੬॥**

ਦੇਵਤਿਆਂ ਨੂੰ ਦੁਖ ਦੇਣ ਵਾਲੇ ਦੁਸ਼ਟ ਦੈਂਤਾਂ ਨੂੰ ਨਾਸ ਕਰਨ ਵਾਲੀ ਨੂੰ ਨਮਸ਼ਕਾਰ ਹੈ। ਸਿਤਾ ਚਿੱਟੀ-ਸੁੰਦਰ, ਅਸਿਤਾ ਕਾਲੀ-ਕਾਲਕਾ ਰਾਜ ਸ਼ੋਭਾ ਤੇ ਅਨੰਤ ਰੂਪਾਂ ਵਾਲੀ ਦੇਵੀ ਨੂੰ ਨਮਸ਼ਕਾਰ ਹੈ। ਜੁਆਲ ਰੂਪ, ਜਿੱਤ ਪ੍ਰਾਪਤ ਕਰਨ ਵਾਲੀ, ਅਲਾਸੀ ਖਾਸ ਤਰ੍ਹਾਂ ਦਾ ਨ੍ਰਿਤ ਕਰਨ ਵਾਲੀ ਤੇ ਅਨੰਦ ਬਖਸ਼ਣ ਵਾਲੀ ਨੂੰ ਨਮਸ਼ਕਾਰ ਹੈ। ਪਾਰਬ੍ਰਹਮ ਦੀ ਸ਼ਕਤੀ ਵਾਲੀ ਤੇ ਹਰੀ ਵਰਗੀ ਮੁਕਤੀ ਦੇਣ ਵਾਲੀ ਮਾਤਾ ਨੂੰ ਨਮਸ਼ਕਾਰ ਹੈ॥ ੨੭॥ ੨੪੬॥

**ਜਯੰਤੀ ਨਮੋ ਮੰਗਲਾ ਕਾਲਕਾਯੰ॥ ਕਪਾਲੀ ਨਮੋ ਭੱਦ੍ਰਕਾਲੀ ਸਿਵਾਯੰ॥
ਦ੍ਰੁਗਾਯੰ ਛਿਮਾਯੰ ਨਮੋ ਧਾਤ੍ਰੀਏਯੰ॥ ਸੁਆਹਾ ਸੁਧਾਯੰ ਨਮੋ ਸੀਤਲੇਯੰ॥ ੨੮॥ ੨੪੭॥**

ਜਯੰਤੀ, ਮੰਗਲਾ ਤੇ ਕਾਲਕਾ ਨੂੰ ਨਮਸ਼ਕਾਰ ਹੈ। ਕਪਾਲੀ, ਭੱਦ੍ਰਕਾਲੀ ਤੇ ਸ਼ਿਵ ਦੀ ਸ਼ਕਤੀ ਵਾਲੀ ਸ਼ਿਵਾ ਨੂੰ ਨਮਸ਼ਕਾਰ ਹੈ। ਦੁਰਗਾ, ਸ਼ਾਂਤ ਚਿਤ ਵਾਲੀ ਵੈਸ਼ਨਵੀ ਦੇਵੀ ਤੇ ਧਾਤ੍ਰੀ ਦੇਵੀ ਨੂੰ ਨਮਸ਼ਕਾਰ ਹੈ। ਸੁਾਹਾ, ਸ੍ਵਧਾ ਤੇ ਸੀਤਲਾ ਮਾਤਾ ਨੂੰ ਨਮਸ਼ਕਾਰ ਹੈ॥ ੨੮॥ ੨੪੭॥

**ਨਮੋ ਚਰਬਣੀ ਸਰਬ ਧਰਮੰ ਧੁਜਾਯੰ॥ ਨਮੋ ਹਿੰਗੁਲਾ ਪਿੰਗੁਲਾ ਅੰਬਕਾਯੰ॥
ਨਮੋ ਦੀਰਘ ਦਾੜਾ ਨਮੋ ਸਿਆਮ ਬਰਣੀ॥ ਨਮੋ ਅੰਜਨੀ ਗਜੰਲੀ ਦੈਤ ਦਰਣੀ॥ ੨੯॥ ੨੪੮॥**

ਸਭ ਦੁਸ਼ਟ ਦੋਖੀਆਂ ਨੂੰ ਚਬ ਜਾਣ ਵਾਲੀ ਤੇ ਧਰਮ ਦੀ ਧੁਜਾ ਰੂਪ ਨੂੰ ਨਮਸ਼ਕਾਰ ਹੈ। ਹਿੰਗੁਲਾ, ਪਿੰਗੁਲਾ ਤੇ ਅੰਬਕਾ ਦੇਵੀ ਨੂੰ ਨਮਸ਼ਕਾਰ ਹੈ। ਵੱਡੀਆਂ ਦਾੜ੍ਹਾਂ ਵਾਲੀ ਤੇ ਕਾਲੇ ਰੰਗ ਵਾਲੀ ਕਾਲਕਾ ਨੂੰ ਨਮਸ਼ਕਾਰ ਹੈ। ਅੰਜਨੀ ਮਾਇਆ ਰੂਪ ਤ੍ਰੇ ਦੈਂਤਾਂ ਨੂੰ ਦਲਣ ਵਾਲੀ ਗੰਜਨੀ ਨੂੰ ਨਮਸ਼ਕਾਰ ਹੈ॥ ੨੯॥ ੨੪੮॥

**ਨਮੋ ਅਰਧ ਚੰਦ੍ਰਾਇਣੀ ਚੰਦ੍ਰ ਚੂੜੰ॥ ਨਮੋ ਇੰਦ੍ਰ ਊਰਧਾ ਨਮੋ ਦਾੜ੍ ਗੂੜੰ॥
ਸਸੰ ਸੇਖਰੀ ਚੰਦ੍ਰ ਭਾਲਾ ਭਵਾਨੀ॥ ਭਵੀ ਭੈਹਰੀ ਭੂਤਰਾਟੀ ਕ੍ਰਿਪਾਨੀ॥ ੩੦॥ ੨੪੯॥**

ਪਦ ਅਰਥ - ਅਰਧ ਚੰਦ੍ਰਾਇਣੀ=ਮੱਥੇ ਪੁਰ ਅੱਧਾ ਚੰਦ੍ਰਮਾ ਧਾਰਨ ਕਰਨ ਵਾਲੀ। ਚੰਦ੍ਰ ਚੂੜੰ=ਮੁਕਟ ਵਿਚ ਚੰਦ੍ਰਮਾਂ ਨੂੰ ਧਾਰਨ ਕਰਨ ਵਾਲੀ।

ਅਰਧ ਚੰਦ੍ਰਾਇਣੀ ਤੇ ਚੰਦ੍ਰ ਚੂੜ ਨੂੰ ਨਮਸ਼ਕਾਰ ਹੈ। ਇੰਦ੍ਰ ਊਰਧਾ ਤੇ ਮਜ਼ਬੂਤ ਦਾੜ੍ਹਾਂ ਵਾਲੀ ਨੂੰ ਨਮਸ਼ਕਾਰ ਹੈ। ਚੰਦ੍ਰਸ਼ੇਖਰੀ, ਚੰਦ੍ਰਭਾਲਾ ਤੇ ਸ੍ਰੀ ਭਵਾਨੀ ਨੂੰ ਨਮਸ਼ਕਾਰ ਹੈ। ਭਵੀ, ਭੈ ਦੇਣ ਵਾਲੀ ਸ਼ਕਤੀ, ਭੂਤਾਂ ਦੇ ਰਾਜੇ ਸ਼ਿਵਜੀ ਦੀ ਇਸਤਰੀ ਤੇ ਹੱਥ ਵਿਚ ਕ੍ਰਿਪਾਨ ਰਖਣ ਵਾਲੀ ਸ਼ਕਤੀ ਨੂੰ ਨਮਸ਼ਕਾਰ ਹੈ॥ ੩੦॥ ੨੪੯॥

**ਕਲੀ ਕਾਰਣੀ ਕਰਮ ਕਰਤਾ ਕਮੱਛਜਾ॥ ਪਰੀ ਪਦਮਨੀ ਪੂਰਣੀ ਸਰਬ ਇੱਛਜਾ॥
ਜਯਾ ਜੋਗਨੀ ਜੱਗ ਕਰਤਾ ਜਯੰਤੀ॥ ਸੁਭ ਸੁਆਮਣੀ ਸਿਸ਼ਟਜਾ ਸ਼ੱਤ੍ਰ ਹੰਤੀ॥ ੩੧॥ ੨੫੦॥**

ਕਲਜੁਗ ਦੇ ਕਾਰਨਾਂ ਦੇ ਕਰਮ ਕਰਨ ਵਾਲੀ ਤੇ ਕਮੱਖਯਾ ਦੇਵੀ ਨੂੰ ਨਮਸ਼ਕਾਰ ਹੈ, ਪਰੀ ਅਪੱਛਰਾਂ ਰੂਪ, ਪਦਮਨੀ ਵਰਗੇ ਰੂਪ ਵਾਲੀ ਤੇ ਭਗਤਾਂ ਦੀਆਂ ਸਭ ਇੱਛਾਵਾਂ ਪੂਰੀਆਂ ਕਰਨ ਵਾਲੀ ਨੂੰ ਨਮਸ਼ਕਾਰ ਹੈ। ਜੋਗਣੀਆਂ ਨੂੰ ਜਿੱਤਣ ਵਾਲੀ ਤੇ ਜੱਗ ਆਦਿ ਕਰਮਾਂ ਦੇ ਕਰਨ ਵਾਲੀ ਜਯੰਤੀ ਦੇਵੀ ਨੂੰ ਨਮਸ਼ਕਾਰ ਹੈ। ਸ੍ਰੇਸ਼ਟ ਸੁਆਮਣੀ, ਸਾਰੀ ਸ੍ਰਿਸ਼ਟੀ ਨੂੰ ਉਤਪੰਨ ਕਰਨ ਵਾਲੀ ਤੇ ਵੈਰੀਆਂ ਨੂੰ ਨਾਸ ਕਰਨ ਵਾਲੀ ਨੂੰ ਨਮਸ਼ਕਾਰ ਹੈ॥ ੩੧॥ ੨੫੦॥

**ਪਵਿਤ੍ਰੀ ਪੁਨੀਤਾ ਪੁਰਾਣੀ ਪਰੇਯੰ॥ ਪ੍ਰਭੀ ਪੂਰਣੀ ਪਾਰਬ੍ਰਹਮੀ ਅਜੇਯੰ॥
ਅਰੂਪੰ ਅਨੂਪੰ ਅਨਾਮੰ ਅਠਾਮੰ॥ ਅਭੀਤੰ ਅਜੀਤੰ ਮਹਾਂ ਧਰਮ ਧਾਮੰ॥ ੩੨॥ ੨੫੧॥**

ਦੁਰਗਾ ਮਾਤਾ ਅਤੀ ਪਵਿੱਤ੍ਰ ਹੈ, ਪੁਨੀਤ ਹੈ, ਸਨਾਤਨ ਭਾਵ ਆਦਿ ਕਾਲ ਤੋਂ ਹੈ ਤੇ ਪਰੇ ਤੋਂ ਪਰੇ ਹੈ। ਉਸਦੀ ਪ੍ਰਭਾ ਤੇਜ਼ ਵਾਲੀ ਹੈ, ਭਗਤਾਂ ਦੀਆਂ ਕਾਮਨਾਵਾਂ ਪੂਰਨ ਕਰਨ ਵਾਲੀ ਹੈ, ਪ੍ਰਭੂ ਦੀ ਸ਼ਕਤੀ ਹੈ ਤੇ ਅਜਿੱਤ ਹੈ। ਉਹ ਰੂਪ ਰਹਿਤ ਤੇ ਉਪਮਾਂ ਤੋਂ ਰਹਿਤ ਹੈ। ਉਸ ਦਾ ਕੋਈ ਇਕ ਨਾਂ ਨਹੀਂ ਤੇ ਨਾ ਹੀ ਕੋਈ ਇਕ ਖਾਸ ਥਾਂ ਹੈ ਭਾਵ ਹਰ ਥਾਂ ਵਿਚ ਵਿਆਪਕ ਹੈ। ਉਹ ਨਿਡਰ ਹੈ, ਅਜਿੱਤ ਹੈ

ਤੇ ਮਹਾਂ ਧਰਮ ਦਾ ਅਸਥਾਨ ਹੈ। ਐਸੇ ਗੁਣਾਂ ਵਾਲੀ ਮਾਤਾ ਨੂੰ ਨਮਸ਼ਕਾਰ ਹੈ॥ ੩੨ ॥ ੨੫੧ ॥

**ਅਛੇਦੰ ਅਭੇਦੰ ਅਕਰਮੰ ਸੁ ਧਰਮੰ॥ ਨਮੋ ਬਾਣ ਪਾਣੀ ਧਰੇ ਚਰਮ ਬਰਮੰ॥**
**ਅਜੇਯੰ ਅਭੇਯੰ ਨਿਰੰਕਾਰ ਨਿਤਜੰ॥ ਨਿਰੂਪੰ ਨ੍ਰਿਬਾਣੰ ਨਮਿਤਜੰ ਅਕਿਤਜੰ॥ ੩੩ ॥ ੨੫੨ ॥**

ਦੇਵੀ ਦੁਰਗਾ ਕਿਸੇ ਕੋਲੋਂ ਕੱਟੀ ਨਹੀਂ ਜਾਂਦੀ, ਉਸ ਦਾ ਕੋਈ ਭੇਦ ਨਹੀਂ ਪਾ ਸਕਦਾ, ਉਹ ਕਰਮ ਰਹਿਤ ਤੇ ਸ਼ੁਭ ਧਰਮ ਦਾ ਰੂਪ ਹੈ। ਜਿਸ ਨੇ ਹੱਥ ਵਿਚ ਬਾਣ ਤੇ ਢਾਲ ਫੜੀ ਹੋਈ ਹੈ ਤੇ ਸਰੀਰ ਤੇ ਸੰਜੋਅ ਪਹਿਨੀ ਹੋਈ ਹੈ, ਉਸ ਨੂੰ ਨਮਸ਼ਕਾਰ ਹੈ। ਉਹ ਕਿਸੇ ਕੋਲੋਂ ਜਿੱਤੀ ਨਹੀਂ ਜਾਂਦੀ, ਉਸ ਦਾ ਭੇਦ ਕੋਈ ਨਹੀਂ ਜਾਣ ਸਕਦਾ, ਉਹ ਨਿਰਅਕਾਰ ਤੇ ਨਿੱਤ ਸਰੂਪ ਹੈ। ਉਹ ਰੂਪ ਰਹਿਤ ਹੈ, ਸੁਭਾਵ ਰਹਿਤ ਹੈ, ਸਭ ਦਾ ਕਾਰਨ ਰੂਪ ਹੈ ਤੇ ਕਾਰਨ ਤੋਂ ਬਿਨਾਂ ਹੈ। ਐਸੇ ਗੁਣਾਂ ਵਾਲੀ ਮਾਤਾ ਨੂੰ ਨਮਸ਼ਕਾਰ ਹੈ॥ ੩੩ ॥ ੨੫੨ ॥

**ਗੁਰੀ ਗਉਰਜਾ ਕਾਮਗਾਮੀ ਗੁਪਾਲੀ॥ ਬਲੀ ਬੀਰਣੀ ਬਾਵਨਾ ਜੱਗਜ ਜੁਆਲੀ॥**
**ਨਮੋ ਸ਼ੱਤ੍ਰੂ ਚਰਬਾਇਣੀ ਗਰਬ ਹਰਣੀ॥ ਨਮੋ ਤੋਖਣੀ ਸੋਖਣੀ ਸਰਬ ਭਰਣੀ॥ ੩੪ ॥ ੨੫੩ ॥**

ਗੌਰੀ, ਗੌਰਜਾ, ਸੁੰਦਰ ਚਾਲ ਵਾਲੀ ਤੇ ਪ੍ਰਿਥਵੀ ਨੂੰ ਪਾਲਣ ਵਾਲੀ ਨੂੰ ਨਮਸ਼ਕਾਰ ਹੈ। ਬਲਵਾਨ, ਸੂਰਬੀਰ, ਬਾਵਨੀ ਤੇ ਜਗਮਗ ਕਰਦੀ ਲਾਟ ਵਾਲੀ ਨੂੰ ਨਮਸ਼ਕਾਰ ਹੈ। ਵੈਰੀਆਂ ਨੂੰ ਚਬਣ ਵਾਲੀ ਤੇ ਹੰਕਾਰ ਨੂੰ ਨਾਸ ਕਰਨ ਵਾਲੀ ਨੂੰ ਨਮਸ਼ਕਾਰ ਹੈ। ਭਗਤਾਂ ਨੂੰ ਦਾਤਾਂ ਦੇ ਕੇ ਪ੍ਰਸੰਨ ਕਰਨ ਵਾਲੀ, ਭਗਤਾਂ ਦੇ ਦੋਸ਼ਾਂ ਨੂੰ ਸੁਕਾਉਣ ਵਾਲੀ ਤੇ ਸਭ ਨੂੰ ਭਰਪੂਰ ਕਰਨ ਵਾਲੀ ਨੂੰ ਨਮਸ਼ਕਾਰ ਹੈ॥ ੩੪ ॥ ੨੫੩ ॥

**ਪਿਲੰਗੀ ਪਵੰਗੀ ਨਮੋ ਚਰ ਚਿਤੰਗੀ॥ ਨਮੋ ਭਾਵਨੀ ਭੂਤ ਹੰਤਾ ਭੜਿੰਗੀ॥**
**ਨਮੋ ਭੀਮਿ ਰੂਪਾ ਨਮੋ ਲੋਕ ਮਾਤਾ॥ ਭਵੀ ਭਾਵਨੀ ਭਵਿੱਖਜਾਤਾ ਬਿਧਾਤਾ॥ ੩੫ ॥ ੨੫੪ ॥**

ਪਦ ਅਰਥ - ਪਿਲੰਗੀ=ਸ਼ੇਰ ਦੀ ਸਵਾਰੀ ਕਰਨ ਵਾਲੀ। ਪਵੰਗੀ=ਘੋੜੇ ਦੀ ਸਵਾਰੀ ਕਰਨ ਵਾਲੀ। ਚਰ ਚਿਤੰਗੀ=ਪੂਜਣ ਯੋਗ ਰੂਪ ਵਾਲੀ।

ਸ਼ੇਰ ਦੀ ਤੇ ਘੋੜੇ ਦੀ ਸਵਾਰੀ ਕਰਨ ਵਾਲੀ ਤੇ ਪੂਜਣ ਯੋਗ ਰੂਪ ਵਾਲੀ ਨੂੰ ਨਮਸ਼ਕਾਰ ਹੈ। ਸ਼ਰਧਾ ਰੂਪ, ਭੂਤਾਂ ਨੂੰ ਨਾਸ ਕਰਨ ਵਾਲੀ ਤੇ ਜੰਗ ਵਿਚ ਵੈਰੀਆਂ ਨਾਲ ਭਿੜਨ ਵਾਲੀ ਨੂੰ ਨਮਸ਼ਕਾਰ ਹੈ। ਸ਼ਰਧਾ ਰੂਪ, ਸ਼ਿਵ-ਸ਼ਕਤੀ, ਜਗਤ ਵਿਚ ਪ੍ਰਸਿੱਧ ਤੇ ਸਭ ਬਿਧੀਆਂ ਦੇ ਬਨਾਉਣ ਵਾਲੀ ਨੂੰ ਨਮਸ਼ਕਾਰ ਹੈ॥ ੩੫ ॥ ੨੫੪ ॥

**ਪ੍ਰਭਾ ਪੂਰਣੀ ਪਰਮ ਰੂਪੰ ਪਵਿਤ੍ਰੀ॥ ਪਰੀ ਪੋਖਣੀ ਪਾਰਬ੍ਰਹਮੀ ਗਇੱਤ੍ਰੀ॥**
**ਜਟੀ ਜ੍ਵਾਲ ਪਰਚੰਡ ਮੁੰਡੀ ਚਮੁੰਡੀ॥ ਬਰੰਦਾਇਣੀ ਦੁਸ਼ਟ ਖੰਡੀ ਅਖੰਡੀ॥ ੩੬ ॥ ੨੫੫ ॥**

ਦੁਰਗਾ ਮਾਤਾ ਬੜੇ ਭਰਪੂਰ ਤੇਜ ਵਾਲੀ ਹੈ, ਹਰ ਜਗ੍ਹਾ ਪਰੀਪੂਰਨ ਹੈ, ਪਰਮ ਰੂਪ ਵਾਲੀ ਤੇ ਅਤੀ ਪਵਿੱਤ੍ਰ ਹੈ। ਪਰੀ ਅਪੱਛਰਾਂ ਰੂਪ ਹੈ, ਸਭ ਨੂੰ ਪਾਲਣ ਵਾਲੀ ਹੈ, ਪਾਰਬ੍ਰਹਮ ਦੀ ਸ਼ਕਤੀ

ਤੇ ਗਾਇਤ੍ਰੀ ਰੂਪ ਹੈ। ਸ਼ਿਵ ਜੀ ਦੇ ਪ੍ਰਚੰਡ ਤੇਜ ਵਾਲੀ ਹੈ, ਚੰਡ ਤੇ ਮੁੰਡ ਦੈਂਤ ਨੂੰ ਨਾਸ ਕਰਨ ਵਾਲੀ ਹੈ। ਵਰ ਦੇਣ ਵਾਲੀ ਹੈ, ਕਿਸੇ ਕੋਲੋਂ ਨਾ ਖੰਡਨ ਹੋਣ ਵਾਲੇ ਦੁਸ਼ਟਾਂ ਨੂੰ ਖੰਡਨ ਕਰਨ ਵਾਲੀ ਹੈ। ਐਸੇ ਰੂਪ ਵਾਲੀ ਦੇਵੀ ਨੂੰ ਨਮਸ਼ਕਾਰ ਹੈ॥ ੩੬॥ ੨੫੫॥

**ਸਭੈ ਸੰਤ ਉਬਾਰੀ ਬਰੰ ਬਯੂਹ ਦਾਤਾ॥ ਨਮੋ ਤਾਰਣੀ ਕਾਰਣੀ ਲੋਕ ਮਾਤਾ॥**
**ਨਮਸਤਜੰ ਨਮਸਤਜੰ ਨਮਸਤਜੰ ਭਵਾਨੀ॥ ਸਦਾ ਰਾਖ ਲੈ ਮੁਹਿ ਕ੍ਰਿਪਾ ਕੈ ਕ੍ਰਿਪਾਨੀ॥ ੩੭॥ ੨੫੬॥**

ਸਭ ਸੰਤਾਂ, ਭਗਤਾਂ ਤੇ ਦੇਵਤਿਆਂ ਨੂੰ ਬਚਾਉਣ ਵਾਲੀ ਤੇ ਅਨੇਕਾਂ ਵਰਾਂ ਦੇ ਦੇਣ ਵਾਲੀ ਦੇਵੀ ਨੂੰ ਨਮਸ਼ਕਾਰ ਹੈ। ਆਪਣਿਆਂ ਸੇਵਕਾਂ ਨੂੰ ਤਾਰਨ ਵਾਲੀ ਤੇ ਸਭ ਕਾਰਨਾਂ ਦੇ ਕਰਨ ਵਾਲੀ ਮਾਤਾ ਨੂੰ ਨਮਸ਼ਕਾਰ ਹੈ। ਹੇ ਭਵਾਨੀ ਮਾਤਾ! ਮੇਰੀ ਮਨ ਕਰਕੇ ਬਾਣੀ ਕਰਕੇ ਤੇ ਸਰੀਰ ਕਰਕੇ ਤੈਨੂੰ ਨਮਸ਼ਕਾਰ ਹੈ। ਹੇ ਕ੍ਰਿਪਾਲੂ ਮਾਤਾ! ਮਿਹਰ ਕਰਕੇ ਮੈਨੂੰ ਸਦਾ ਦੁਖਾ, ਕਲੇਸ਼ਾਂ ਤੇ ਕਸ਼ਟਾਂ ਤੋਂ ਬਚਾਕੇ ਰਖ ਲੈ॥ ੩੭॥ ੨੫੬॥

ਇਤਿ ਸ੍ਰੀ ਬਚਿਤ੍ਰ ਨਾਟਕੇ ਚੰਡੀ ਚਰਿਤ੍ਰੇ ਦੇਵੀ ਜੂ ਕੀ ਉਸਤਤ ਬਰਨਨੰ ਨਾਮ ਸਪਤਮੋ ਧਿਆਇ ਸੰਪੂਰਣਮ ਸਤੁ ਸੁਭਮ ਸਤੁ॥ ੭॥ ੩੭॥ ੨੫੬॥ ਅਫਜੂੰ॥

ਸ੍ਰੀ ਬਚਿੱਤਰ ਨਾਟਕ, ਚੰਡੀ ਚਰਿੱਤਰ, ਦੇਵੀ ਜੀ ਦੀ ਉਸਤਤਿ, ਅਧਿਆਏ ਸੱਤਵਾਂ ਸੰਪੂਰਣ ਸਤ ਸ਼ੁਭਮ ਸਤ॥ ੭॥ ੩੭॥ ੨੫੬॥ ਚਲਦਾ॥

# ਅਧਿਆਇ ਅਠਵਾਂ

## ਚੰਡੀ ਚਰਿੱਤਰ ਉਸਤਤਿ ਵਰਣਨ

### ਭੁਜੰਗ ਪ੍ਰਯਾਤ ਛੰਦ॥

**ਭਰੇ ਜੋਗਣੀ ਪੱਤ੍ਰ ਚਉਸਠ ਚਾਰੰ॥ ਚਲੀ ਠਾਮ ਠਾਮੰ ਡਕਾਰੰ ਡਕਾਰੰ॥**
**ਭਰੇ ਨੇਹ ਗੇਹੰ ਗਏ ਕੰਕ ਬੰਕੰ॥ ਰੁਲੇ ਸੂਰਬੀਰੰ ਅਹਾੜੰ ਨ੍ਰਿਸੰਕੰ॥ ੧॥ ੨੫੭॥**

ਪਦ ਅਰਥ - ਕੰਕ=ਕਾਂ। ਬੰਕੰ=ਛੋਟੀਆਂ ਗਿਰਝਾਂ। ਅਹਾੜੰ=ਰਣਭੂਮੀ। ਨ੍ਰਿਸੰਕੰ=ਨਿਸ਼ੰਗ।

ਚੌਹਠ ਜੋਗਣੀਆਂ ਨੇ ਆਪੋ ਆਪਣੇ ਖੱਪਰ ਨਕੋ ਨਕ ਲਹੂ ਨਾਲ ਭਰੇ ਹੋਏ ਸਨ। ਉਹ ਲਹੂ ਨਾਲ ਰਜ ਕੇ ਡਕਾਰ ਮਾਰਦੀਆਂ ਹੋਈਆ ਆਪੋ ਆਪਣਿਆਂ ਟਿਕਾਣਿਆਂ ਨੂੰ ਤੁਰੀਆਂ ਜਾਂਦੀਆਂ ਸਨ। ਆਪਣੇ ਘਰਾਂ ਦੇ ਮੋਹ ਦੇ ਖਿੱਚੇ ਹੋਏ ਕਾਂ ਤੇ ਗਿਰਝਾਂ ਵੀ ਘਰ ਵਲ ਜਾ ਰਹੇ ਸਨ। ਜੰਗ ਦੇ ਮੈਦਾਨ ਵਿਚ ਸੂਰਬੀਰ ਨਿਸ਼ੰਗ ਰੁਲ ਰਹੇ ਸਨ॥ ੧॥ ੨੫੭॥

**ਚਲੇ ਨਾਰਦਊ ਹਾਥ ਬੀਨਾ ਸੁਹਾਏ॥ ਬਨੇ ਬਾਰਦੀ ਡੰਕ ਡਉਰ ਬਜਾਏ॥**
**ਗਿਰੇ ਬਾਜ ਗਾਜੀ ਗਜੀ ਬੀਰ ਖੇਤੰ॥ ਰੁਲੇ ਤੱਛ ਮੁੱਛੰ ਨਚੇ ਭੂਤ ਪ੍ਰੇਤ॥ ੨॥ ੨੫੮॥**

ਅਰਥ - ਜਿਸ ਦੇ ਹੱਥ ਵਿਚ ਵੀਣਾ ਸੋਭ ਰਹੀ ਸੀ। ਉਹ ਨਾਰਦ ਮੁਨੀ ਵੀ ਜੰਗ ਖਤਮ ਹੋਣ ਕਰਕੇ ਰਣਭੂਮੀ ਵਿਚੋਂ ਚਲਾ ਗਿਆ ਸੀ। ਸਜੇ ਹੋਏ ਬਲਦ ਤੇ ਸਵਾਰ ਸ਼ਿਵ ਜੀ ਡਉਰ ਵਜਾਉਂਦਾ ਹੋਇਆ ਚਲਾ ਗਿਆ ਸੀ। ਰਣਭੂਮੀ ਵਿਚ ਘੋੜ-ਸਵਾਰ ਯੋਧੇ ਤੇ ਹਾਥੀਆਂ ਤੇ ਸਵਾਰ ਸੂਰਬੀਰ ਡਿੱਗੇ ਪਏ ਸਨ। ਵੱਢੇ ਟੁਕੇ ਮੂਰਛਾ ਹੋਏ ਜੋਧੇ ਰੁਲ ਰਹੇ ਸਨ ਤੇ ਭੂਤ ਪ੍ਰੇਤ ਖੁਸ਼ੀ ਨਾਲ ਨੱਚ ਰਹੇ ਸਨ॥ ੨॥ ੨੪੮॥

**ਨਚੇ ਬੀਰ ਬੈਤਾਲ ਅੱਧੰ ਕਮੱਧੰ॥ ਬਧੇ ਬੱਧ ਗੋਪਾ ਗੁਲਿਤ੍ਰਾਣ ਬੱਧੰ॥**
**ਭਏ ਸਾਧੁ ਸੰਬ੍ਰਹ ਭੀਤੰ ਅਭੀਤੇ॥ ਨਮੋ ਲੋਕ ਮਾਤਾ ਭਵੇ ਸ਼ਤ੍ਰ ਜੀਤੇ॥ ੩॥ ੨੫੯॥**

ਬੀਰ ਬੈਤਾਲ ਨੱਚ ਰਹੇ ਸਨ ਤੇ ਅੱਧੇ ਹੋਏ ਧੜ ਤੜਫ ਰਹੇ ਸਨ। ਉਹਨਾਂ ਸੂਰਬੀਰਾਂ ਨੇ ਵੈਰੀਆਂ ਨੂੰ ਮਾਰਨ ਵਾਸਤੇ ਹੱਥਾਂ ਵਿਚ ਗੋਪੀਏ ਫੜੇ ਹੋਏ ਸਨ ਤੇ ਹਥਾਂ ਦੇ ਬਚਾਅ ਵਾਸਤੇ ਦਸਤਾਨੇ ਪਾਏ ਹੋਏ ਸਨ। ਸਾਰੇ ਸੰਤ, ਭਗਤ ਤੇ ਦੇਵਤੇ ਡਰ ਤਿਆਗਕੇ ਨਿਡਰ ਹੋ ਗਏ ਸਨ । ਸਾਰੇ ਦੇਵਤੇ, ਸੰਤ ਭਗਤ, ਕਹਿ ਰਹੇ ਸਨ - ਜਗਤ-ਮਾਤਾ ਦੁਰਗਾ ਨੂੰ ਨਮਸ਼ਕਾਰ ਹੈ, ਜਿਸ ਨੇ ਭਲੀ ਪ੍ਰਕਾਰ ਨਾਲ ਸਾਰੇ ਵੈਰੀਆਂ ਨੂੰ ਜਿੱਤ ਲਿਆ ਹੈ॥ ੩॥ ੨੫੯॥

**ਪੜੇ ਮੂੜ੍ਹ ਯਾਕੋ ਧਨੰ ਧਾਮ ਬਾਢੇ॥ ਸੁਨੈ ਸੂਮ ਸੋਫੀ ਲਰੈ ਜੁੱਧ ਗਾਢੇ॥**
**ਜਗੈ ਰੈਣਿ ਜੋਗੀ ਜਪੈ ਜਾਪ ਯਾਕੋ॥ ਧਰੈ ਪਰਮ ਜੋਗੰ ਲਹੈ ਸਿੱਧਤਾ ਕੋ॥ ੪॥ ੨੬੦॥**

ਪਦ ਅਰਥ - ਸੂਮ ਸੋਫੀ=ਮਹਾਂ ਕਾਇਰ।

ਜਿਹੜਾ ਮੂਰਖ ਇਸ 'ਚੰਡੀ ਚਰਿੱਤਰ ਬਾਣੀ ਨੂੰ ਪੜ੍ਹੇਗਾ, ਉਸ ਦੇ ਘਰ ਵਿਚ ਧਨ ਸੰਪਦਾ ਵਧੇਗੀ। ਜਿਹੜਾ ਮਹਾਂ ਕਾਇਰ ਇਸ ਚੰਡੀ ਚਰਿਤਰ ਨੂੰ ਸੁਣੇਗਾ, ਉਹ ਸੂਰਬੀਰ ਬਣਕੇ ਜੰਗ ਵਿਚ ਅਗੇ ਵਧ ਕੇ ਲੜੇਗਾ। ਜਿਹੜਾ ਜੋਗੀ ਇਸ ਚੰਡੀ ਚਰਿਤਰ ਦਾ ਜਾਪ ਕਰੇਗਾ, ਉਹ ਸਾਰੀ ਰਾਤ ਜਾਗਦਾ ਰਹੇਗਾ ਭਾਵ ਉਹ ਚੇਤੰਨ ਰਹੇਗਾ, ਉਸ ਨੂੰ ਆਲਸ ਨਹੀਂ ਘੇਰੇਗਾ। ਉਹ ਜੋਗੀ ਉਤਮ ਜੋਗ ਤੇ ਸਿੱਧਤਾ ਨੂੰ ਪ੍ਰਾਪਤ ਕਰੇਗਾ॥ ੪॥ ੨੬੦॥

**ਪੜੈ ਯਾਹਿ ਬਿੱਦਯਾਰਥੀ ਬਿਦਯ ਹੇਤੰ॥ ਲਹੈ ਸਰਬ ਸ਼ਾਸਤ੍ਰਾਨ ਕੋ ਮੱਦ ਚੇਤੰ॥**
**ਜਪੈ ਜੋਗ ਸੰਨਜਾਸ ਬੈਰਾਗ ਕੋਈ॥ ਤਿਸੈ ਸਰਬ ਪੁੰਨਜਾਨ ਕੋ ਪੁੰਨ ਹੋਈ॥ ੫॥ ੨੬੧॥**

ਜਿਹੜਾ ਵਿਦਿਆਰਥੀ ਵਿਦਿਆ ਪ੍ਰਾਪਤੀ ਦੀ ਇੱਛਾ ਨਾਲ ਇਸ ਬਾਣੀ ਨੂੰ ਪੜ੍ਹੇਗਾ, ਉਹ ਸਾਰੇ ਸ਼ਾਸਤ੍ਰਾਂ ਦੇ ਸਿਧਾਂਤ ਤੇ ਗਿਆਨ ਨੂੰ ਪ੍ਰਾਪਤ ਕਰ ਲਵੇਗਾ। ਜਿਹੜਾ ਕੋਈ ਜੋਗੀ, ਸੰਨਿਆਸੀ ਜਾਂ ਬੈਰਾਗੀ ਇਸ 'ਚੰਡੀ ਚਰਿੱਤਰ' ਨੂੰ ਜਪੇਗਾ, ਉਸ ਨੂੰ ਵਡੇ ਤੋਂ ਵਡੇ ਪੁੰਨਾਂ ਦੀ ਪ੍ਰਾਪਤੀ ਹੋਵੇਗੀ॥ ੫॥ ੨੬੧॥

**ਦੋਹਰਾ॥ ਜੇ ਜੇ ਤੁਮਰੇ ਧਿਆਨ ਕੋ ਨਿਤ ਉਠਿ ਧਿਐ ਹੈਂ ਸੰਤ॥ ਅੰਤ ਲਹੈਂਗੇ ਮੁਕਤਿ ਫਲੁ ਪਾਵਹਿੰਗੇ ਭਗਵੰਤ॥੬॥੨੬੨॥**

ਹੇ ਦੁਰਗਾ ਮਾਤਾ! ਜਿਹੜੇ ਜਿਹੜੇ ਸੰਤ ਭਗਤ ਹਰ ਰੋਜ਼ ਅੰਮ੍ਰਿਤ ਵੇਲੇ ਉਠਕੇ ਤੇਰੀ ਅਰਾਧਨਾ ਕਰਨਗੇ, ਉਹ ਅੰਤ ਸਮੇਂ ਮੁਕਤੀ-ਫਲ ਨੂੰ ਪ੍ਰਾਪਤ ਕਰਨਗੇ ਤੇ ਪ੍ਰਭੂ ਵਿਚ ਅਭੇਦ ਹੋ ਕੇ ਜਨਮ ਮਰਨ ਤੋਂ ਛੁਟ ਜਾਣਗੇ॥੬॥੨੬੨॥

ਇਤਿ ਸ੍ਰੀ ਬਚਿਤ੍ਰ ਨਾਟਕੇ ਚੰਡੀ ਚਰਿਤ੍ਰੇ, ਚੰਡੀ ਚਰਿਤ੍ਰ ਉਸਤਤ ਬਰਨਨੰ ਨਾਮ ਅਸਟਮੋ ਧਿਆਇ ਚੰਡੀ ਚਰਿਤ੍ਰ ਸਟੀਕ ਸੰਪੂਰਨਮ ਸਤੁ ਸੁਭਮ ਸਤੁ॥੮॥੬॥੨੬੨॥ ਅਫਜੂੰ॥

ਸ੍ਰੀ ਬਚਿੱਤਰ ਨਾਟਕ, ਚੰਡੀ ਚਰਿੱਤਰ, ਚੰਡੀ ਚਰਿੱਤਰ ਉਸਤਤਿ ਵਰਣਨ, ਅਧਿਆਏ ਅੱਠਵਾਂ ਚੰਡੀ ਚਰਿੱਤਰ ਸਟੀਕ ਸਮਾਪਤ॥ ਸਤ ਸ਼ੁਭਮ ਸਤ॥੮॥੬॥੨੬੨॥ ਸਮੁੱਚਾ ਜੋੜ॥

# ਸ੍ਰੀ ਚੰਡੀ ਦੀ ਵਾਰ

## ਸ੍ਰੀ ਮੁਖਵਾਕ ਪਾਤਿਸ਼ਾਹੀ ੧੦

**ਦੋਹਰਾ॥ ਜੇ ਜੇ ਤੁਮਰੇ ਧਿਆਨ ਕੋ ਨਿਤ ਉਠਿ ਧਿਐਹੈਂ ਸੰਤ॥ ਅੰਤ ਲਹੈਂਗੇ ਮੁਕਤਿ ਫਲੁ ਪਾਵਹਿੰਗੇ ਭਗਵੰਤ॥ ੬॥ ੨੬੨॥**

ਹੇ ਦੁਰਗਾ ਮਾਤਾ! ਜਿਹੜੇ ਜਿਹੜੇ ਸੰਤ ਭਗਤ ਹਰ ਰੋਜ਼ ਅੰਮ੍ਰਿਤ ਵੇਲੇ ਉਠਕੇ ਤੇਰੀ ਅਰਾਧਨਾ ਕਰਨਗੇ, ਉਹ ਅੰਤ ਸਮੇਂ ਮੁਕਤੀ-ਫਲ ਨੂੰ ਪ੍ਰਾਪਤ ਕਰਨਗੇ ਤੇ ਪ੍ਰਭੂ ਵਿਚ ਅਭੇਦ ਹੋ ਕੇ ਜਨਮ ਮਰਨ ਤੋਂ ਛੁਟ ਜਾਣਗੇ॥ ੬॥ ੨੬੨॥

ਇਤਿ ਸ੍ਰੀ ਬਚਿਤ੍ਰ ਨਾਟਕੇ ਚੰਡੀ ਚਰਿਤ੍ਰੇ, ਚੰਡੀ ਚਰਿਤ੍ਰ ਉਸਤਤ ਬਰਨਨੰ ਨਾਮ ਅਸਟਮੋ ਧਿਆਇ ਚੰਡੀ ਚਰਿਤ੍ਰ ਸਟੀਕ ਸੰਪੂਰਨਮ ਸਤੁ ਸੁਭਮ ਸਤੁ॥ ੮॥ ੬॥ ੨੬੨॥ ਅਫਜੂੰ॥

ਸ੍ਰੀ ਬਚਿੱਤਰ ਨਾਟਕ, ਚੰਡੀ ਚਰਿੱਤਰ, ਚੰਡੀ ਚਰਿੱਤਰ ਉਸਤਤਿ ਵਰਣਨ, ਅਧਿਆਏ ਅੱਠਵਾਂ ਚੰਡੀ ਚਰਿੱਤਰ ਸਟੀਕ ਸਮਾਪਤ॥ ਸਤ ਸੁਭਮ ਸਤ॥ ੮॥ ੬॥ ੨੬੨॥ ਸਮੁੱਚਾ ਜੋੜ॥

# ਸ੍ਰੀ ਚੰਡੀ ਦੀ ਵਾਰ

## ਸ੍ਰੀ ਮੁਖਵਾਕ ਪਾਤਿਸ਼ਾਹੀ ੧੦

ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ॥
ਸ੍ਰੀ ਭਗਉਤੀ ਜੀ ਸਹਾਇ॥

# ਵਾਰ ਸ੍ਰੀ ਭਗਉਤੀ ਜੀ ਕੀ ਪਾਤਸ਼ਾਹੀ ੧੦

**ਪਉੜੀ॥ ਪ੍ਰਿਥਮ ਭਗਉਤੀ ਸਿਮਰਿਕੈ ਗੁਰ ਨਾਨਕ ਲਈ ਧਿਆਇ॥
ਫਿਰ ਅੰਗਦ ਗੁਰ ਤੇ ਅਮਰਦਾਸ ਰਾਮਦਾਸੈ ਹੋਈ ਸਹਾਇ॥
ਅਰਜਨ ਹਰਿਗੋਬਿੰਦ ਨੂੰ ਸਿਮਰੋ ਸ੍ਰੀ ਹਰਿਰਾਇ॥
ਸ੍ਰੀ ਹਰਿਕ੍ਰਿਸ਼ਨ ਧਿਆਇਐ ਜਿਸੁ ਡਿੱਠੇ ਸਭ ਦੁਖ ਜਾਇ॥
ਤੇਗ ਬਹਾਦਰ ਸਿਮਰੀਐ ਘਰ ਨਉਨਿਧਿ ਆਵੈ ਧਾਇ॥
ਸਭ ਥਾਈਂ ਹੋਇ ਸਹਾਇ॥ ੧॥**

ਸਭ ਤੋਂ ਪਹਿਲਾਂ ਮੈਂ ਭਗਉਤੀ ਸ਼ਕਤੀ ਨੂੰ ਸਿਮਰ ਕੇ ਫਿਰ ਆਪਣੇ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਧਿਆਉਂਦਾ ਹਾਂ। ਇਸ ਤੋਂ ਬਾਅਦ ਮੈਂ ਸਤਿਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ ਤੇ ਸ੍ਰੀ ਗੁਰੂ ਰਾਮਦਾਸ ਜੀ ਨੂੰ ਸਿਮਰਦਾ ਹਾਂ, ਜੋ ਮੇਰੇ ਸਹਾਇਕ ਹੋਣਗੇ। ਫਿਰ ਮੈਂ ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਹਰਿਗੋਬਿੰਦ ਜੀ ਤੇ ਸ੍ਰੀ ਗੁਰੂ ਹਰਿਰਾਏ ਜੀ ਨੂੰ ਸਿਮਰਦਾ ਹਾਂ। ਫਿਰ ਮੈਂ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੂੰ ਧਿਆਉਂਦਾ ਹਾਂ, ਜਿੰਨ੍ਹਾਂ ਦੇ ਦਰਸ਼ਨ ਕਰਨ ਨਾਲ ਸਭ ਦੁਖ ਦੂਰ ਹੋ ਜਾਂਦੇ ਸਨ। ਮੈਂ ਇਸ ਤੋਂ ਪਿਛੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸਿਮਰਦਾ ਹਾਂ, ਜਿੰਨ੍ਹਾਂ ਦਾ ਸਿਮਰਨ ਕਰਨ ਨਾਲ ਮਨੁੱਖ ਨੂੰ ਨੌਂ ਨਿਧਾਂ ਭਾਵ ਸਭ ਸੰਸਾਰਕ ਸੁਖ ਤੇ ਧਨ ਦੌਲਤ ਪ੍ਰਾਪਤ ਹੋ ਜਾਂਦੇ ਹਨ। ਸਰਬ ਸ਼ਕਤੀਮਾਨ ਅਕਾਲ ਪੁਰਖ ਤੇ ਸਭ ਸਤਿਗੁਰੂ ਸਾਹਿਬਾਨ ਦੇ ਚਰਨਾਂ ਵਿਚ ਮੇਰੀ ਅਰਦਾਸ ਹੈ ਕਿ ਮੇਰੀ ਸਹਾਇਤਾ ਕਰਨ ਤਾਂਕਿ ਮੈਂ ਇਹ 'ਵਾਰ ਸ੍ਰੀ ਭਗਉਤੀ ਜੀ ਕੀ' ਨਿਰਵਿਘਨ ਸਮਾਪਤ ਕਰ ਸਕਾਂ॥ ੧॥

**ਪਉੜੀ॥ ਖੰਡਾ ਪ੍ਰਿਥਮੈ ਸਾਜਿਕੈ ਜਿਨ ਸਭ ਸੈਸਾਰੁ ਉਪਾਇਆ॥
ਬ੍ਰਹਮਾ ਬਿਸ਼ਨ ਮਹੇਸ਼ ਸਾਜਿ ਕੁਦਰਤਿ ਦਾ ਖੇਲੁ ਰਚਾਇ ਬਣਾਇਆ॥**

ਸਿੰਧ ਪਰਬਤ ਮੇਦਨੀ ਬਿਨੁ ਥੰਮਾ ਗਗਨਿ ਰਹਾਇਆ॥
ਸਿਰਜੇ ਦਾਨੋ ਦੇਵਤੇ ਤਿਨ ਅੰਦਰਿ ਬਾਦੁ ਰਚਾਇਆ॥
ਤੈ ਹੀ ਦੁਰਗਾ ਸਾਜਿ ਕੈ ਦੈਂਤਾ ਦਾ ਨਾਸੁ ਕਰਾਇਆ॥
ਤੈਥੋਂ ਹੀ ਬਲੁ ਰਾਮ ਲੈ ਨਾਲ ਬਾਣਾ ਦਹਸਿਰੁ ਘਾਇਆ॥
ਤੈਥੋ ਹੀ ਬਲੁ ਕ੍ਰਿਸ਼ਨ ਲੈ ਕੰਸੁ ਕੇਸੀ ਪਕੜਿ ਗਿਰਾਇਆ॥
ਬਡੇ ਬਡੇ ਮੁਨਿ ਦੇਵਤੇ ਕਈ ਜੁਗ ਤਿਨੀ ਤਨੁ ਤਾਇਆ॥
ਕਿਨੀ ਤੇਰਾ ਅੰਤੁ ਨ ਪਾਇਆ॥ ੨॥

ਪ੍ਰਭੂ ਨੇ ਸਭ ਤੋਂ ਪਹਿਲਾਂ ਆਪਣੀ ਖੰਡਾ ਰੂਪੀ ਸ਼ਕਤੀ ਰਚਿਆ ਤੇ ਉਸ ਤੋਂ ਪਿਛੋਂ ਸਾਰੇ ਜਗਤ ਨੂੰ ਉਤਪੰਨ ਕੀਤਾ। ਇਸ ਮਹਾਨ ਪ੍ਰਭੂ ਸ਼ਕਤੀ ਨੇ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਨੂੰ ਬਣਾ ਕੇ ਆਪਣੇ ਕੁਦਰਤ ਦੀ ਖੇਡ ਇਸ ਸੰਸਾਰ ਨੂੰ ਬਣਾਇਆ। ਫਿਰ ਸਮੁੰਦਰ, ਪਹਾੜ, ਧਰਤੀ ਆਦਿ ਉਤਪੰਨ ਕੀਤੇ ਤੇ ਬਿਨਾਂ ਥੰਮ੍ਹਾ ਤੋਂ ਇਹ ਅਕਾਸ਼ ਦਾ ਤੰਬੂ ਖੜਾ ਕਰ ਦਿੱਤਾ। ਉਸ ਪ੍ਰਭੂ ਨੇ ਆਪਣੀ ਸ਼ਕਤੀ ਨਾਲ ਦੈਂਤਾਂ ਤੇ ਦੇਵਤਿਆਂ ਦੀ ਰਚਨਾ ਕੀਤੀ ਤੇ ਫਿਰ ਇਹਨਾਂ ਦੋਹਾਂ ਵਿਚ ਲੜਾਈ ਝਗੜਾ ਖੜਾ ਕਰ ਦਿੱਤਾ। ਹੇ ਅਕਾਲ ਪੁਰਖ! ਤੁਸਾਂ ਆਪ ਹੀ ਦੁਰਗਾ ਦੇਵੀ ਨੂੰ ਰਚਿਆ ਤੇ ਉਸ ਪਾਸੋਂ ਦੁਖਦਾਈ ਦੈਂਤਾਂ ਨੂੰ ਮਰਵਾਇਆ। ਹੇ ਪ੍ਰਭੂ! ਆਪ ਕੋਲੋਂ ਹੀ ਰਾਮਚੰਦਰ ਜੀ ਨੇ ਤਾਕਤ ਲੈ ਕੇ ਆਪਣੇ ਬਾਣਾਂ ਨਾਲ ਦੁਸ਼ਟ ਰਾਵਣ ਨੂੰ ਖਤਮ ਕੀਤਾ। ਹੇ ਮਹਾਨ ਸ਼ਕਤੀ! ਆਪ ਕੋਲੋਂ ਹੀ ਸ੍ਰੀ ਕ੍ਰਿਸ਼ਨ ਜੀ ਨੇ ਸ਼ਕਤੀ ਪ੍ਰਾਪਤ ਕਰ ਕੇ ਜ਼ਾਲਮ ਕੰਸ ਨੂੰ ਉਸ ਦੇ ਕੇਸਾਂ ਤੋਂ ਫੜ ਕੇ ਮਾਰਿਆ। ਹੇ ਪਰਮਾਤਮਾ! ਆਪ ਦਾ ਦਰਸ਼ਨ ਕਰਨ ਲਈ ਤੇ ਅੰਤ ਪਾਉਣ ਲਈ ਬੜੇ ਬੜੇ ਰਿਸ਼ੀਆਂ, ਮੁਨੀਆਂ ਤੇ ਦੇਵਤਿਆਂ ਨੇ ਕਈ ਜੁਗਾਂ ਤਕ ਬੜੀ ਕਠਨ ਤਪੱਸਿਆ ਕੀਤੀ। ਪਰ ਕੋਈ ਵੀ ਆਪ ਦਾ ਅੰਤ ਨਾ ਪਾ ਸਕਿਆ। ਹੇ ਪ੍ਰਭੂ ! ਤੂੰ ਬੇਅੰਤ ਹੈਂ॥ ੨॥

ਸਾਧੂ ਸਤਿਜੁਗੁ ਬੀਤਿਆ ਅਧਸੀਲੀ ਤ੍ਰੇਤਾ ਆਇਆ॥
ਨੱਚੀ ਕੱਲ ਸਰੋਸਰੀ ਕਲ ਨਾਰਦ ਡਊਰ ਵਾਇਆ॥
ਅਭਿਮਾਨੁ ਉਤਾਰਨ ਦੇਵਤਿਆਂ ਮਹਿਖਾਸੁਰ ਸੁੰਭ ਉਪਾਇਆ॥
ਜੀਤਿ ਲਏ ਤਿਨ ਦੇਵਤੇ ਤਿਹੁ ਲੋਕੀ ਰਾਜੁ ਕਮਾਇਆ॥
ਵੱਡਾ ਬੀਰੁ ਅਖਾਇਕੈ ਸਿਰ ਉੱਪਰ ਛਤ੍ਰ ਫਿਰਾਇਆ॥
ਦਿੱਤਾ ਇੰਦ੍ਰ ਨਿਕਾਲ ਕੈ ਤਿਨ ਗਿਰ ਕੈਲਾਸ਼ੁ ਤਕਾਇਆ॥

**ਡਰਿਕੈ ਹੱਥੋ ਦਾਨਵੀ ਦਿਲ ਅੰਦਰਿ ਤ੍ਰਾਸ ਵਧਾਇਆ॥**
**ਪਾਸ ਦੁਰਗਾ ਦੇ ਇੰਦ੍ਰ ਆਇਆ॥੩॥**

ਸੱਚ ਦਾ ਜੁਗ, ਸਤਜੁਗ ਖਤਮ ਹੋ ਗਿਆ ਅੱਧੇ ਸ਼ੀਲ ਸੁਭਾ ਵਾਲਾ ਤ੍ਰੇਤਾ ਜੁਗ ਆਰੰਭ ਹੋ ਗਿਆ। ਨਾਰਦ ਮੁਨੀ ਦੀ ਇਸਤ੍ਰੀ ਕਲ, ਕਲ੍ਹਾ-ਕਲੇਸ਼ ਸਭ ਦੇ ਸਿਰ ਤੇ ਸਵਾਰ ਹੋ ਕੇ ਨੱਚਣ ਲਗ ਪਈ ਤੇ ਨਾਰਦ ਮੁਨੀ ਨੇ ਇਸ ਨਾਚ ਨੂੰ ਤਿੱਖਾ ਕਰਨ ਲਈ ਆਪਣਾ ਡਉਰੂ ਵਜਾਇਆ, ਭਾਵ ਰਾਜੇ ਮਹਾਰਾਜੇ ਰਜੋ ਗੁਣ ਵਿਚ ਪਰਵਿਰਤ ਹੋ ਕੇ ਆਪੋ ਵਿਚ ਲੜਾਈਆਂ ਕਰਨ ਲੱਗ ਪਏ।ਪ੍ਰਭੂ ਨੇ ਦੇਵਤਿਆਂ ਦੇ ਅਹੰਕਾਰ ਨੂੰ ਨਾਸ ਕਰਨ ਲਈ ਮਹਿਖਾਸੁਰ ਤੇ ਸੁੰਭ ਆਦਿ ਮਹਾਨ ਬਲੀ ਜੋਧੇ ਰਾਖਸ਼ਾਂ ਨੂੰ ਉਤਪੰਨ ਕੀਤਾ। ਮਹਿਖਾਸੁਰ ਤੇ ਸੁੰਭ ਆਦਿ ਦੈਂਤਾਂ ਨੇ ਆਪਣੇ ਜ਼ੋਰ ਨਾਲ ਤਿੰਨਾਂ ਲੋਕਾਂ ਸੁਰਗ ਲੋਕ, ਮਾਤ ਲੋਕ ਤੇ ਪਤਾਲ ਲੋਕ ਨੂੰ ਜਿੱਤ ਲਿਆ ਤੇ ਦੇਵਤਿਆਂ ਨੂੰ ਆਪਣੇ ਅਧੀਨ ਕਰਕੇ ਸਾਰੀ ਸ੍ਰਿਸ਼ਟੀ ਤੇ ਆਪਣਾ ਰਾਜ ਕਾਇਮ ਕਰ ਲਿਆ। ਮਹਿਖਾਸਰ ਦੈਂਤ ਨੇ ਆਪਣੇ ਆਪ ਨੂੰ ਸੰਸਾਰ ਵਿਚ ਸਭ ਤੋਂ ਵੱਡਾ ਸੂਰਬੀਰ ਅਖਵਾਕੇ ਤੇ ਚੱਕ੍ਰਵਰਤੀ ਰਾਜਾ ਬਣ ਕੇ ਆਪਣੇ ਸਿਰ ਤੇ ਛੱਤਰ ਝੁਲਾਇਆ। ਉਸ ਨੇ ਇੰਦਰ ਦੇਵਤਾ ਨੂੰ ਸੁਰਗ ਵਿਚੋਂ ਕਢ ਦਿੱਤਾ ਤੇ ਉਹ ਸ਼ਿਵ ਜੀ ਦੇ ਨਿਵਾਸ ਅਸਥਾਨ ਕੈਲਾਸ਼ ਪਰਬਤ ਵਿਚ ਜਾ ਕੇ ਦਿਨ ਗੁਜ਼ਾਰਨ ਲੱਗਾ। ਇੰਦਰ ਰਾਖਸ਼ਾਂ ਕੋਲੋਂ ਬਹੁਤ ਡਰ ਗਿਆ ਤੇ ਉਸ ਦੇ ਮਨ ਅੰਦਰ ਦੈਂਤ ਦਾ ਭੈ ਵਧ ਗਿਆ। ਮਹਿਖਾਸੁਰ ਕੋਲੋਂ ਸੁਰਗ ਲੋਕ ਦਾ ਰਾਜ ਖੁਹਾ ਕੇ ਇੰਦਰ ਰਾਖਸ਼ਾਂ ਕੋਲੋਂ ਬਚਣ ਲਈ ਦੁਰਗਾ ਦੇਵੀ ਦੀ ਸ਼ਰਨ ਵਿਚ ਆਇਆ॥੩॥

**ਪਉੜੀ॥ ਇਕ ਦਿਹਾੜੇ ਨਾਵਣ ਆਈ ਦੁਰਗਸ਼ਾਹ॥**
**ਇੰਦਰ ਬ੍ਰਿਥਾ ਸੁਣਾਈ ਅਪਣੇ ਹਾਲ ਦੀ॥**
**ਛੀਨ ਲਈ ਠਕੁਰਾਈ ਸਾਤੇ ਦਾਨਵੀ॥**
**ਲੋਕੀ ਤਿਹ ਫਿਰਾਈ ਦੋਹੀ ਆਪਣੀ॥**
**ਬੈਠੇ ਵਾਇ ਵਧਾਈ ਤੇ ਅਮਰਾਵਤੀ॥**
**ਦਿੱਤੇ ਦੇਵ ਭਜਾਈ ਸਭਨਾ ਰਾਕਸ਼ਾਂ॥**
**ਕਿਨੇ ਨ ਜਿੱਤਾ ਜਾਈ ਮਹਖੇ ਦੈਤ ਨੂੰ॥**
**ਤੇਰੀ ਸਾਮ ਤਕਾਈ ਦੇਵੀ ਦੁਰਗਸ਼ਾਹ॥੪॥**

ਇਕ ਦਿਨ ਜਦੋਂ ਦੁਰਗਾ ਨਦੀ ਤੇ ਇਸ਼ਨਾਨ ਕਰਨ ਲਈ ਆਈ ਤਾਂ ਇੰਦਰ ਇਸ ਸਮੇਂ ਨੂੰ ਚੰਗਾ ਜਾਣ ਕੇ ਦੁਰਗਾ ਕੋਲ ਪਹੁੰਚਿਆ। ਸਭ ਦੇਵਤਿਆਂ ਨੂੰ ਆਪਣੇ ਨਾਲ ਲੈ ਕੇ ਇੰਦਰ ਨੇ ਆਪਣੇ ਸਿਰ ਬੀਤੀ ਸਾਰੀ ਦੁਖ ਦੀ ਕਹਾਣੀ ਦੁਰਗਾ ਦੇਵੀ ਨੂੰ ਸੁਣਾਈ। ਇੰਦਰ ਨੇ ਬੇਨਤੀ ਕੀਤੀ ਕਿ ਹੇ ਮਾਤਾ! ਰਾਖਸ਼ਾਂ ਨੇ ਆਪਣੇ ਬਲ ਨਾਲ ਸਾਥੋਂ ਸੁਰਗ ਲੋਕ ਦੀ ਪਾਤਸ਼ਾਹੀ ਖੋਹ ਲਈ ਹੈ

ਤੇ ਅਸੀਂ ਉਹਨਾਂ ਰਾਖਸ਼ਾਂ ਤੋਂ ਡਰ ਕੇ ਪਰਬਤਾਂ ਵਿਚ ਲੁਕੇ ਫਿਰਦੇ ਹਾਂ। ਉਹਨਾਂ ਰਾਖਸ਼ਾਂ ਨੇ ਤਿੰਨਾਂ ਲੋਕਾਂ ਵਿਚ ਆਪਣੇ ਨਾਂ ਦੀ ਦੁਹਾਈ ਫੇਰ ਦਿੱਤੀ ਹੈ ਭਾਵ ਉਹ ਸਾਰੇ ਸੰਸਾਰ ਦੇ ਚੱਕ੍ਰਵਰਤੀ ਰਾਜੇ ਬਣ ਕੇ ਰਾਜ ਕਰ ਰਹੇ ਹਨ। ਉਹ ਰਾਖਸ਼ ਇਸ ਸਮੇਂ ਇੰਦਰਪੁਰੀ ਵਿਚ ਬੈਠੇ ਖੁਸ਼ੀਆਂ ਦੇ ਵਾਜੇ ਵਜਾ ਰਹੇ ਹਨ ਤੇ ਮੌਜਾਂ ਕਰ ਰਹੇ ਹਨ। ਇਹਨਾਂ ਰਾਖਸ਼ਾਂ ਨੇ ਆਪਣੇ ਜ਼ੋਰ ਨਾਲ ਸਭ ਥਾਵਾਂ ਤੋਂ ਦੇਵਤਿਆਂ ਨੂੰ ਭਜਾ ਦਿੱਤਾ ਹੈ। ਅਸਾਂ ਰਾਖਸ਼ਾਂ ਦਾ ਬਹੁਤ ਮੁਕਾਬਲਾ ਕੀਤਾ ਹੈ, ਪਰ ਮਹਿਖਾਸੁਰ ਦੈਂਤ ਨੂੰ ਸਾਡੇ ਵਿਚੋਂ ਕੋਈ ਵੀ ਨਹੀਂ ਜਿੱਤ ਸਕਿਆ। ਹੇ ਦੁਰਗਾ ਮਾਤਾ! ਅਸੀਂ ਸਭ ਪਾਸਿਆਂ ਤੋਂ ਬੇਆਸ ਨਿਰਾਸ ਹੋ ਕੇ ਆਪ ਦੀ ਸ਼ਰਨ ਵਿਚ ਆਏ ਹਾਂ। ਤੁਸੀਂ ਹੀ ਇਸ ਸਮੇਂ ਸਾਡੀ ਸਹਾਇਤਾ ਕਰਨ ਦੇ ਸਮਰੱਥ ਹੋ॥੪॥

**ਪਉੜੀ॥ ਦੁਰਗਾ ਬੈਣ ਸੁਣੰਦੀ ਹੱਸੀ ਹੜਹੜਾਇ॥**
**ਓਹੀ ਸ਼ੀਹੁ ਮੰਗਾਇਆ ਰਾਖਸ਼ ਭੱਖਣਾ॥**
**ਚਿੰਤਾ ਕਰਹੁ ਨ ਕਾਈ ਦੇਵਾ ਨੂੰ ਆਖਿਆ॥**
**ਰੋਹ ਹੋਈ ਮਹਾ ਮਾਈ ਰਾਕਸ਼ਿ ਮਾਰਣੇ॥੫॥**

ਇੰਦਰ ਦੀ ਦੁਖ ਭਰੀ ਵਾਰਦਾਤ ਸੁਣ ਕੇ ਦੁਰਗਾ ਖਿੜ ਖਿੜਾ ਕੇ ਹੱਸ ਪਈ। ਫਿਰ ਦੁਰਗਾ ਬੜੇ ਕਰੋਧ ਨਾਲ ਭਰ ਗਈ ਤੇ ਉਸ ਨੇ ਉਹੋ ਰਾਖਸ਼ਾਂ ਨੂੰ ਖਾਣ ਵਾਲਾ ਆਪਣਾ ਸ਼ੇਰ ਮੰਗਵਾਇਆ। ਦੁਰਗਾ ਨੇ ਸਭ ਦੇਵਤਿਆਂ ਨੂੰ ਧੀਰਜ ਦਿੱਤੀ ਤੇ ਕਿਹਾ ਕਿ ਤੁਸੀਂ ਕੋਈ ਫਿਕਰ ਨਾ ਕਰੋ, ਮੈਂ ਤੁਹਾਡਾ ਦੁਖ ਨਵਿਰਤ ਕਰਾਂਗੀ। ਦੇਵਤਿਆਂ ਦੇ ਦੁਖ ਸੁਣ ਕੇ ਦੁਰਗਾ ਮਾਤਾ ਬੜੇ ਰੋਹ ਵਿਚ ਭਰ ਗਈ ਤੇ ਉਸ ਨੇ ਰਾਖਸ਼ਾਂ ਨੂੰ ਨਾਸ ਕਰਨ ਦੀ ਤਿਆਰੀ ਕਰ ਲਈ॥੫॥

**ਦੋਹਰਾ॥ ਰਾਕਸ਼ਿ ਆਏ ਰੋਹਲੇ ਖੇਤ ਭਿੜਨ ਕੇ ਚਾਇ॥**
**ਲਿਸ਼ਕਨ ਤੇਗਾਂ ਬਰਛੀਆਂ ਸੂਰਜੁ ਨਦਰਿ ਨ ਪਇ॥੬॥**

ਦੇਵਤਿਆਂ ਦੀ ਸਹਾਇਤਾ ਵਾਸਤੇ ਜੰਗ ਕਰਨ ਲਈ ਮੈਦਾਨ ਵਿਚ ਦੁਰਗਾ ਨੂੰ ਆਈ ਵੇਖ ਕੇ ਰਾਖਸ਼ ਲੜਨ ਦੇ ਚਾਅ ਨਾਲ ਬੜੇ ਗੁੱਸੇ ਦੇ ਭਰੇ ਹੋਏ ਮੈਦਾਨ ਵਿਚ ਆ ਗਏ। ਦੋਹਾਂ ਪਾਸਿਆਂ ਦੇ ਯੋਧਿਆਂ ਦੀਆਂ ਤਲਵਾਰਾਂ ਤੇ ਬਰਛੀਆਂ ਲਿਸ਼ਕ ਰਹੀਆਂ ਸਨ, ਜਿੰਨ੍ਹਾਂ ਦੀ ਚਮਕ ਕਰ ਕੇ ਸੂਰਜ ਨਜ਼ਰ ਨਹੀਂ ਸੀ ਆ ਰਿਹਾ॥੬॥

**ਪਉੜੀ॥ ਦੁਹਾਂ ਕੰਧਾਰਾਂ ਮੁਹਿ ਜੁੜੇ ਢੋਲ ਸੰਖ ਨਗਾਰੇ ਬੱਜੇ॥**
**ਰਾਕਸ਼ ਆਏ ਰੋਹਲੇ ਤਰਵਾਰੀ ਬਖਤਰ ਸੱਜੇ॥**
**ਜੁੱਟੇ ਸਉਹੇ ਜੁੱਧ ਨੂੰ ਇਕ ਜਾਤ ਨ ਜਾਣਨ ਭੱਜੇ॥**
**ਖੇਤ ਅੰਦਰਿ ਜੋਧੇ ਗੱਜੇ॥੭॥**

ਦੋਹਾਂ ਪਾਸਿਆਂ ਦੇ ਸੂਰਮੇ ਆਹਮੋ ਸਾਹਮਣੇ ਆ ਡਟੇ ਤੇ ਢੋਲ, ਸੰਖ ਤੇ ਨਗਾਰੇ ਮਾਰੂ ਵਾਜੇ ਵੱਜਣ ਲੱਗ ਪਏ। ਤਲਵਾਰਾਂ ਤੇ ਸੰਜੋਆਂ ਨਾਲ ਸੱਜੇ ਹੋਏ ਤੇ ਕਰੋਧ ਨਾਲ ਭਰੇ ਰਾਖਸ਼ ਜੰਗ ਲਈ ਰਣਭੂਮੀ ਵਿਚ ਆ ਗਏ। ਇਹ ਜੋਧੇ ਸਨਮੁਖ ਹੋ ਕੇ ਜੁੱਧ ਕਰਨ ਲੱਗ ਪਏ। ਇਹ ਇਕ ਪੈਰ ਵੀ ਮੈਦਾਨ ਵਿਚੋਂ ਪਿਛੇ ਭੱਜਣਾ ਨਹੀਂ ਜਾਣਦੇ ਸਨ। ਰਣਭੂਮੀ ਵਿਚ ਸੂਰਮੇ ਸ਼ੇਰ ਵਾਂਗੂੰ ਗੱਜ ਰਹੇ ਸਨ॥੭॥

**ਪਉੜੀ॥ ਜੰਗ ਮੁਸਾਫਾ ਬੱਜਿਆ ਰਣ ਘੁਰੇ ਨਗਾਰੇ ਚਾਵਲੇ॥**
**ਝੂਲਨ ਨੇਜੇ ਬੈਰਕਾ ਨੀਸਾਣ ਲਸਨਿ ਲਸਾਵਲੇ॥**
**ਢੋਲ ਨਗਾਰੇ ਪਉਣ ਦੇ ਊਂਘਣ ਜਾਣ ਜਟਾਵਲੇ॥**
**ਦੁਰਗਾ ਦਾਨੋ ਡਹੇ ਰਣ ਨਾਦ ਵੱਜਨ ਖੇਤੁ ਭੀਹਾਵਲੇ॥**
**ਬੀਰ ਪਰੋਤੇ ਬਰਛੀਏਂ ਜਣ ਡਾਲ ਚਮੁੱਟੇ ਆਵਲੇ॥**
**ਇਕ ਵੱਢੇ ਤੇਗੀ ਤੜਫੀਅਨ ਮਦ ਪੀਤੇ ਲੋਟਨਿ ਬਾਵਲੇ॥**
**ਇਕ ਚੁਣ ਚੁਣ ਝਾੜਉ ਕਢੀਅਨ ਰੇਤ ਵਿੱਚੋਂ ਸੁਇਨਾ ਡਾਵਲੇ॥**
**ਗਦਾ ਤ੍ਰਿਸੂਲਾਂ ਬਰਛੀਆਂ ਤੀਰ ਵੱਗਨ ਖਰੇ ਉਤਾਵਲੇ॥**
**ਜਣ ਡਸੇ ਭੁਜੰਗਮ ਸਾਵਲੇ ਮਰ ਜਾਵਨ ਬੀਰ ਰੁਹਾਵਲੇ॥ ੮॥**

ਪਹਿਲਾਂ ਜੰਗ ਆਰੰਭ ਕਰਨ ਦਾ ਧੌਂਸਾ ਵੱਜਿਆ, ਫਿਰ ਸੂਰਮਿਆਂ ਨੂੰ ਜੰਗ ਦਾ ਉਤਸ਼ਾਹ ਦੇਣ ਵਾਲੇ ਨਗਾਰੇ ਵੱਜੇ। ਸੂਰਮਿਆਂ ਦੇ ਨੇਜ਼ਿਆਂ ਅਗੇ ਬੱਧੀਆਂ ਝੰਡੀਆਂ ਝੂਲ ਰਹੀਆਂ ਸਨ ਤੇ ਦੋਂਹਾਂ ਪਾਸਿਆਂ ਦੇ ਝੰਡੇ ਲਿਸ਼ਕਾਂ ਮਾਰ ਰਹੇ ਸਨ। ਢੋਲਾਂ ਨਗਾਰਿਆਂ ਦੀ ਆਵਾਜ਼ ਸੁਣ ਕੇ ਸੂਰਮੇ ਇਸ ਤਰ੍ਹਾਂ ਮਸਤ ਹੋ ਰਹੇ ਸਨ, ਜਿਵੇਂ ਕੋਈ ਜਟਾਧਾਰੀ ਸਾਧੂ ਅਮਲੀ ਹੋਏ ਪੌਣ ਦੇ ਝੋਕਿਆਂ ਨਾਲ ਝੂਮਦੇ ਹਨ। ਦੁਰਗਾ ਤੇ ਦੈਂਤ ਜੰਗ ਵਿਚ ਜੁੱਟ ਪਏ। ਸੂਰਮਿਆਂ ਨੂੰ ਜੋਸ਼ ਦਿਵਾਣ ਲਈ ਬੜੇ ਭਿਆਨਕ ਤੇ ਡਰਾਉਣੇ ਮਾਰੂ ਵਾਜੇ ਵੱਜ ਰਹੇ ਸਨ। ਸੂਰਮੇ ਬਰਛੀਆਂ ਨਾਲ ਇਉਂ ਪਰੋਤੇ ਸਨ, ਜਿਵੇਂ ਟਾਹਣੀਆਂ ਨਾਲ ਔਲੇ ਲੱਗੇ ਹੁੰਦੇ ਹਨ। ਕਈ ਸੂਰਮੇ ਤਲਵਾਰਾਂ ਨਾਲ ਜ਼ਖਮੀ ਹੋਏ ਇਸ ਤਰ੍ਹਾਂ ਮੈਦਾਨ ਵਿਚ ਪਏ ਤੜਫ ਰਹੇ ਸਨ, ਜਿਵੇਂ ਸ਼ਰਾਬ ਪੀ ਕੇ ਮਸਤ ਹੋਏ ਸ਼ਰਾਬੀ ਧਰਤੀ ਤੇ ਡਿੱਗੇ ਲੇਟਣ ਪੋਟਣ ਹੋ ਰਹੇ ਹੁੰਦੇ ਹਨ। ਕਈ ਡਰਪੋਕ, ਜੋ ਜੰਗ ਤੋਂ ਡਰਦੇ ਝਾੜੀਆਂ ਓਹਲੇ ਲੁਕ ਗਏ ਸਨ, ਉਹਨਾ ਬੁਜ਼ਦਿਲਾਂ ਨੂੰ ਦੁਰਗਾ ਚੁਣ ਚੁਣ ਕੇ ਇਸ ਤਰ੍ਹਾਂ ਬਾਹਰ ਕੱਢ ਰਹੀ ਸੀ, ਜਿਵੇਂ ਰੇਤ ਵਿਚੋਂ ਸੋਨੇ ਨੂੰ ਕੱਢ ਲਈਦਾ ਹੈ। ਗਦਾ, ਤ੍ਰਿਸੂਲ, ਬਰਛੀਆਂ ਤੇ ਤੀਰ ਬੜੀ ਤੇਜ਼ੀ ਨਾਲ ਚਲ ਰਹੇ ਸਨ। ਸ਼ਸਤਰਾਂ ਦੇ ਵਾਰਾਂ ਨਾਲ ਸੂਰਬੀਰ ਇਸ ਤਰ੍ਹਾਂ ਮਰ ਰਹੇ ਸਨ, ਜਿਵੇਂ ਉਹਨਾਂ ਨੂੰ ਕਾਲੇ ਜ਼ਹਿਰੀਲੇ ਸੱਪ ਡੰਗ ਰਹੇ ਸਨ। ਇਸ ਤਰ੍ਹਾਂ ਜ਼ਖਮੀ ਹੋ ਹੋ ਬੜੇ ਰੋਹ ਵਾਲੇ ਸੂਰਮੇ ਖਤਮ ਹੋ ਰਹੇ ਸਨ॥੮॥

ਪਉੜੀ॥ ਦੇਖਨ ਚੰਡ ਪ੍ਰਚੰਡ ਨੂੰ ਰਣ ਘੁਰੇ ਨਗਾਰੇ॥
ਧਾਇ ਰਾਕਸ਼ਿ ਰੋਹਲੇ ਚਉਗਿਰਦੇ ਭਾਰੇ॥
ਹੱਥੀ ਤੇਗਾਂ ਪਕੜਿਕੈ ਰਣ ਭਿੜੇ ਕਰਾਰੇ॥
ਕਦੇ ਨ ਨੱਠੇ ਜੁੱਧ ਤੇ ਜੋਧੇ ਜੁੱਝਾਰੇ॥
ਦਿਲ ਵਿਚ ਰੋਹ ਬਢਾਇਕੈ ਮਾਰਿ ਮਾਰਿ ਪੁਕਾਰੇ॥
ਮਾਰੇ ਚੰਡ ਪ੍ਰਚੰਡ ਨੈ ਬੀਰ ਖੇਤ ਉਤਾਰੇ॥
ਮਾਰੇ ਜਾਪਨ ਬਿੱਜੁਲੀ ਸਿਰ ਭਾਰ ਮੁਨਾਰੇ॥ ੯॥

ਬੜੇ ਤੇਜ਼ ਪ੍ਰਕਾਸ਼ ਵਾਲੀ ਚੰਡਕਾ ਨੂੰ ਰਣਭੂਮੀ ਵਿਚ ਆਇਆ ਵੇਖ ਕੇ ਧੌਂਸੇ ਤੇ ਨਗਾਰੇ ਵੱਜਣ ਲੱਗ ਪਏ। ਬੜੇ ਰੋਹ ਵਿਚ ਭਰੇ ਹੋਏ ਰਾਖਸ਼ ਦੁਰਗਾ ਦੇ ਚੌਹੀਂ ਪਾਸੀਂ ਭੱਜ ਭੱਜ ਕੇ ਆ ਰਹੇ ਸਨ। ਰਾਖਸ਼ਾਂ ਹੱਥਾਂ ਵਿਚ ਤਲਵਾਰਾਂ ਫੜ ਕੇ ਬੜਾ ਘਮਸਾਨ ਦਾ ਜੁੱਧ ਕਰ ਰਹੇ ਸਨ। ਉਹ ਰਾਖਸ਼ ਇਹੋ ਜਿਹੇ ਬਹਾਦਰ ਸੂਰਮੇ ਸਨ, ਜੋ ਜੰਗ ਵਿਚੋਂ ਪਿੱਠ ਦਿਖਾ ਕੇ ਕਦੀ ਵੀ ਨਹੀਂ ਨੱਠੇ ਸਨ। ਰਾਖਸ਼ ਆਪਣੇ ਮਨ ਵਿਚ ਗੁੱਸਾ ਵਧਾ ਕੇ ਲੜ ਰਹੇ ਸਨ ਤੇ 'ਮਾਰ ਲੌ-ਮਾਰ ਲੌ' ਦਾ ਰੌਲਾ ਪਾ ਰਹੇ ਸਨ। ਤੇਜਵਾਨ ਚੰਡਕਾ ਨੇ ਰਾਖਸ਼ਾਂ ਨੂੰ ਮਾਰ ਮਾਰ ਇਉਂ ਲੋਥਾਂ ਦਾ ਢੇਰ ਲਾ ਦਿੱਤਾ ਜਿਵੇਂ ਕਿਸਾਨ ਖੇਤ ਵਿਚ ਵਾਢੀ ਕਰਦਾ ਹੈ। ਸੂਰਮੇ ਰਣਭੂਮੀ ਵਿਚ ਇਉਂ ਡਿਗੇ ਪਏ ਸਨ, ਜਿਵੇਂ ਬਿਜਲੀ ਨੇ ਵਡੇ ਵਡੇ ਮੁਨਾਰਿਆਂ ਨੂੰ ਧਰਤੀ ਤੇ ਡੇਗਿਆ ਹੁੰਦਾ ਹੈ॥ ੯॥

ਪਉੜੀ॥ ਚੋਟ ਪਈ ਦਮਾਮੇ ਦਲਾਂ ਮੁਕਾਬਲਾ॥
ਦੇਵੀ ਦਸਤ ਨਚਾਈ ਸੀਹਣਿ ਸਾਰ ਦੀ॥
ਪੇਟ ਮਲੰਦੇ ਲਾਈ ਮਹਖੇ ਦੈਤ ਨੂੰ॥
ਗੁਰਦੇ ਆਂਦਾਂ ਖਾਈ ਨਾਲੇ ਰੁੱਕੜੇ॥
ਜੇਹੀ ਦਿਲ ਵਿਚ ਆਈ ਕਹੀ ਸੁਣਾਇਕੈ॥
ਚੋਟੀ ਜਾਣੁ ਦਿਖਾਈ ਤਾਰੇ ਧੂਮਕੇਤ॥ ੧੦॥

ਜੰਗ ਦਾ ਧੌਂਸਾ ਵਜਿਆ ਤੇ ਦੋਹਾਂ ਪਾਸਿਆਂ ਦੀਆਂ ਫੌਜਾਂ ਦਾ ਟਾਕਰਾ ਸ਼ੁਰੂ ਹੋਇਆ। ਫੌਜਾਂ ਦਾ ਭੇੜ ਹੁੰਦਾ ਵੇਖ ਕੇ ਦੇਵੀ ਦੁਰਗਾ ਨੇ ਆਪਣੇ ਹੱਥ ਵਾਲੀ ਫੌਲਾਦੀ ਤਲਵਾਰ ਨੂੰ ਘੁਮਾਇਆ। ਦੁਰਗਾ ਨੇ ਬੜ੍ਹਕਾਂ ਮਾਰ ਰਹੇ ਮਹਿਖਾਸੁਰ ਦੈਂਤ ਦੇ ਢਿੱਡ ਵਿਚ ਤਲਵਾਰ ਮਾਰੀ। ਦੇਵੀ ਨੇ ਐਨੇ ਜ਼ੋਰ ਨਾਲ ਤਲਵਾਰ ਮਾਰੀ ਕਿ ਉਸ ਰਾਖਸ਼ ਦੇ ਗੁਰਦੇ, ਆਂਦਰਾਂ ਤੇ ਪਸਲੀਆਂ ਚੀਰੀਆਂ ਗਈਆਂ।

ਦੁਰਗਾ ਦੀ ਚਲ ਰਹੀ ਤਲਵਾਰ ਦੀ ਜਿਹੋ ਜਿਹੀ ਸ਼ੋਭਾ ਭਾਵ ਉਪਮਾ ਮੇਰੇ ਮਨ ਵਿਚ ਆਈ ਹੈ, ਉਹ ਮੈਂ ਇਸ ਤਰ੍ਹਾਂ ਆਖੀ ਹੈ। ਇਹ ਤਲਵਾਰ ਨਹੀਂ, ਸਗੋਂ ਇਉਂ ਜਾਣੋ ਕਿ ਇਹ ਬੋਦੀ ਵਾਲੇ ਤਾਰੇ ਨੇ ਆਪਣੇ ਬੋਦੀ ਵਿਖਾਈ ਸੀ॥੧੦॥

**ਪਉੜੀ॥ ਚੋਟਾਂ ਪਵਨ ਨਗਾਰੇ ਅਣੀਆਂ ਜੁੱਟੀਆਂ॥**
**ਧੂਹ ਲਈਆਂ ਤਰਵਾਰੀ ਦੇਵਾਂ ਦਾਨਵੀ॥**
**ਵਾਹਨ ਵਾਰੋ ਵਾਰੀ ਸੂਰੇ ਸੰਘਰੇ॥**
**ਵਗੈ ਰੱਤੁ ਝੁਲਾਰੀ ਜਿਉ ਗੇਰੂ ਬਸਤਰਾ॥**
**ਦੇਖਨ ਬੈਠ ਅਟਾਰੀ ਨਾਰੀ ਰਾਕਸ਼ਾਂ॥**
**ਪਾਈ ਧੂਮ ਸਵਾਰੀ ਦੁਰਗਾ ਦਾਨਵੀ॥੧੧॥**

ਨਗਾਰਿਆਂ ਤੇ ਚੋਟਾਂ ਲੱਗਣ ਨਾਲ ਦੋਹਾਂ ਪਾਸਿਆਂ ਦੀਆਂ ਫੌਜਾਂ ਜੰਗ ਵਿਚ ਜੁੱਟ ਪਈਆਂ। ਦੇਵਤਿਆਂ ਤੇ ਰਾਖਸ਼ਾਂ ਨੇ ਜੰਗ ਕਰਨ ਲਈ ਤਲਵਾਰਾਂ ਮਿਆਨਾਂ ਵਿਚੋਂ ਕੱਢ ਲਈਆਂ। ਰਣਭੂਮੀ ਵਿਚ ਸੂਰਮੇ ਆਹਮੋ ਸਾਹਮਣੇ ਹੋ ਕੇ ਵਾਰੋ ਵਾਰੀ ਤਲਵਾਰਾਂ ਚਲਾ ਰਹੇ ਸਨ। ਖ਼ੂਨ ਦੀਆਂ ਝਲਾਰਾਂ ਵਗ ਰਹੀਆਂ ਸਨ ਜਿਹੜੀਆਂ ਕੱਪੜਿਆਂ ਨੂੰ ਗੇਰੂ ਰੰਗਾ ਕਰ ਰਹੀਆਂ ਸਨ। ਰਾਖਸ਼ਾਂ ਦੀਆਂ ਇਸਤ੍ਰੀਆਂ ਆਪਣੇ ਮਹਿਲਾਂ ਦੀਆਂ ਉੱਚੀਆਂ ਅਟਾਰੀਆਂ ਤੇ ਬੈਠ ਕੇ ਇਸ ਜੰਗ ਨੂੰ ਵੇਖ ਰਹੀਆਂ ਸਨ। ਰਣਭੂਮੀ ਵਿਚ ਦੁਰਗਾ ਤੇ ਰਾਖਸ਼ਾਂ ਦੀਆਂ ਸਵਾਰੀਆਂ ਭਾਵ ਰਥਾਂ ਤੇ ਘੋੜਿਆਂ ਦਾ ਬਹੁਤ ਸ਼ੋਰ ਮਚ ਰਿਹਾ ਸੀ॥੧੧॥

**ਪਉੜੀ॥ ਲੱਖ ਨਗਾਰੇ ਵੱਜਣ ਆਮੋ ਸਾਮ੍ਹਣੇ॥**
**ਰਾਕਸ਼ ਰਣੋ ਨ ਭੱਜਣ ਰੋਹੇ ਰੋਹਲੇ॥**
**ਸ਼ੀਹਾਂ ਵਾਂਗੂ ਗੱਜਣ ਸਭੇ ਸੂਰਮੇ॥**
**ਤਣਿ ਤਣਿ ਕੈਬਰ ਛੱਡਣ ਦੁਰਗਾ ਸਾਮ੍ਹਣੇ॥੧੨॥**

ਰਣਭੂਮੀ ਵਿਚ ਆਹਮੋ ਸਾਹਮਣੇ ਦੋਹਾਂ ਪਾਸਿਆਂ ਤੋਂ ਲੱਖਾਂ ਧੌਂਸੇ ਵੱਜ ਰਹੇ ਸਨ। ਰਾਖਸ਼ ਬੜੇ ਗੁੱਸੇ ਵਿਚ ਭਰੇ ਹੋਏ ਸਨ ਤੇ ਉਹ ਏਨੇ ਘਮਸਾਨ ਦਾ ਜੰਗ ਹੋਣ ਤੇ ਵੀ ਮੈਦਾਨ ਵਿਚ ਡਟੇ ਹੋਏ ਸਨ, ਕੋਈ ਵੀ ਕਾਇਰ ਬਣ ਕੇ ਜੰਗ ਵਿਚੋਂ ਭੱਜਣ ਦਾ ਨਾਂ ਨਹੀਂ ਸੀ ਲੈਂਦਾ। ਦੋਹਾਂ ਪਾਸਿਆਂ ਤੋਂ ਸੂਰਮੇ ਸ਼ੇਰਾਂ ਵਾਂਗੂੰ ਗੱਜ ਰਹੇ ਸਨ। ਰਾਖਸ਼ ਖਿੱਚ ਖਿੱਚ ਕੇ ਦੁਰਗਾ ਵਲ ਤੀਰ ਛੱਡ ਰਹੇ ਸਨ॥੧੨॥

**ਪਉੜੀ॥ ਘੁਰੇ ਨਗਾਰੇ ਦੋਹਰੇ ਰਣ ਸੰਗਲੀਆਲੇ॥**
**ਧੂੜਿ ਲਪੇਟੇ ਧੂਹਰੇ ਸਿਰਦਾਰ ਜਟਾਲੇ॥**

**ਉੱਖਲੀਆਂ ਨਾਸਾਂ ਜਿਨਾ ਮੁਹਿ ਜਾਪਨ ਆਲੇ॥**
**ਧਾਏ ਦੇਵੀ ਸਾਹਮਣੇ ਬੀਰ ਮੁੱਛਲੀਆਲੇ॥**
**ਸੁਰਪਤ ਜੇਹੇ ਲੜ ਹਟੇ ਬੀਰ ਟਲੇ ਨ ਟਾਲੇ॥**
**ਗੱਜੇ ਦੁਰਗਾ ਘੇਰਿ ਕੈ ਜਣੁ ਘਣੀਅਰ ਕਾਲੇ॥੧੩॥**

ਰਣਭੂਮੀ ਵਿਚ ਦੋਹਰੇ ਸੰਗਲਾਂ ਵਾਲੇ ਧੌਂਸੇ ਵੱਜ ਰਹੇ ਸਨ। ਰਾਖਸ਼ਾਂ ਦੇ ਜਟਾਂ ਵਾਲੇ ਸਰਦਾਰ ਧੂੜ ਨਾਲ ਲੱਥ ਪੱਥ ਹੋਏ ਹੋਏ ਸਨ। ਉਹਨਾਂ ਰਾਖਸ਼ਾਂ ਦੀਆਂ ਨਾਸਾਂ ਇਉਂ ਲਗਦੀਆਂ ਸਨ, ਜਿਵੇਂ ਉੱਖਲੀਆਂ ਹੁੰਦੀਆਂ ਹਨ ਤੇ ਮੂੰਹ ਆਲਿਆਂ ਵਰਗੇ ਸਨ। ਇਹੋ ਜਿਹੀਆਂ ਡਰਾਉਣੀਆਂ ਸ਼ਕਲਾਂ ਵਾਲੇ ਉਹ ਰਾਖਸ਼ ਸਨ। ਬੜੀਆਂ ਬੜੀਆਂ ਮੁੱਛਾਂ ਵਾਲੇ ਸੂਰਬੀਰ ਰਾਖਸ਼ ਜੰਗ ਕਰਨ ਲਈ ਦੁਰਗਾ ਦੇ ਸਾਹਮਣੇ ਆਏ। ਉਹ ਇਹੋ ਜਿਹੇ ਬਲਵਾਨ ਸੂਰਮੇ ਸਨ, ਜਿੰਨ੍ਹਾਂ ਕੋਲੋਂ ਇੰਦਰ ਵੀ ਹਾਰ ਮੰਨ ਚੁਕਾ ਸੀ, ਉਹ ਕਿਸੇ ਦੇ ਹਟਾਇਆਂ ਪਿਛੇ ਨਹੀਂ ਹੱਟਦੇ ਸਨ। ਉਹ ਰਾਖਸ਼ ਦੁਰਗਾ ਨੂੰ ਘੇਰ ਕੇ ਇਉਂ ਗੱਜ ਰਹੇ ਸਨ, ਜਿਵੇਂ ਸਾਵਣ ਦੇ ਕਾਲੇ ਬੱਦਲ ਗੱਜਦੇ ਹਨ॥੧੩॥

**ਪਉੜੀ॥ ਚੋਟ ਪਈ ਖਰਚਾਮੀ ਦਲਾਂ ਮੁਕਾਬਲਾ॥**
**ਘੇਰ ਲਈ ਵਰਿਆਮੀ ਦੁਰਗਾ ਆਇਕੈ॥**
**ਰਾਕਸ਼ ਵਡੇ ਅਲਾਮੀ ਭੱਜ ਨ ਜਾਣਦੇ॥**
**ਅੰਤ ਹੋਏ ਸੁਰਗਾਮੀ ਮਾਰੇ ਦੇਵਤਾ॥੧੪॥**

ਖੇਤੇ ਦੇ ਚੰਮ ਨਾਲ ਮੜ੍ਹੇ ਧੌਂਸਿਆਂ ਤੇ ਚੋਟਾਂ ਪਈਆਂ ਤੇ ਦੋਹਾਂ ਪਾਸਿਆਂ ਦੀਆਂ ਫੌਜਾਂ ਦਾ ਟਾਕਰਾ ਸ਼ੁਰੂ ਹੋ ਗਿਆ। ਬਹਾਦਰ ਰਾਖਸ਼ਾਂ ਨੇ ਦੁਰਗਾ ਨੂੰ ਚੌਹਾਂ ਪਾਸਿਆਂ ਤੋਂ ਘੇਰੇ ਵਿਚ ਲੈ ਲਿਆ। ਇਹ ਰਾਖਸ਼ ਜੰਗ ਦੇ ਬੜੇ ਤਜਰਬਾਕਾਰ ਤੇ ਸਿਆਣੇ ਸਨ। ਇਹ ਜੰਗ ਵਿਚੋਂ ਪਿੱਠ ਦੇ ਕੇ ਨਸਣਾ ਤਾਂ ਜਾਣਦੇ ਹੀ ਨਹੀਂ ਸਨ। ਦੇਵੀ ਨੇ ਐਨਾ ਘਮਸਾਨ ਦਾ ਜੁੱਧ ਕੀਤਾ ਤੇ ਰਾਖਸ਼ਾਂ ਨੂੰ ਐਨੀ ਮਾਰ ਮਾਰੀ ਕਿ ਉਹ ਮਰ ਮਰ ਕੇ ਸੁਰਗ ਨੂੰ ਜਾਣ ਲੱਗੇ॥੧੪॥

**ਪਉੜੀ॥ ਅਗਣਤ ਘੁਰੇ ਨਗਾਰੇ ਦਲਾਂ ਭਿੜੰਦਿਆਂ॥**
**ਪਏ ਮਹਖਲ ਭਾਰੇ ਦੇਵਾਂ ਦਾਨਵਾਂ॥**
**ਵਾਹਨ ਫੱਟ ਕਰਾਰੇ ਰਾਕਸ਼ਿ ਰੋਹਲੇ॥**
**ਜਾਪਨ ਤੇਗੀ ਆਰੇ ਮਿਆਨੋ ਧੂਹੀਆਂ॥**
**ਜੋਧੇ ਵਡੇ ਮੁਨਾਰੇ ਜਾਪਨ ਖੇਤ ਵਿਚਿ॥**

ਦੇਵੀ ਆਪ ਸਵਾਰੇ ਪੱਬ ਜਵੇਹਣੇ ॥
ਕਦੇ ਨ ਆਖਣ ਹਾਰੇ ਧਾਵਨ ਸਾਮ੍ਹਣੇ ॥
ਦੁਰਗਾ ਸਭ ਸੰਘਾਰੇ ਰਾਕਸ਼ਿ ਖੜਗ ਲੈ ॥ ੧੫ ॥

ਦੋਹਾਂ ਪਾਸਿਆਂ ਦੀਆਂ ਫੌਜਾਂ ਦੇ ਭਿੜ ਰਹੇ ਸੂਰਮਿਆਂ ਨੂੰ ਜੋਸ਼ ਦੇਣ ਲਈ ਬੇਅੰਤ ਨਗਾਰੇ ਵੱਜ ਰਹੇ ਸਨ। ਦੇਵਤਿਆਂ ਤੇ ਰਾਖਸ਼ਾਂ ਵਿਚ ਝੋਟਿਆਂ ਦੇ ਭੇੜ ਵਰਗਾ ਜੁੱਧ ਹੋਣ ਲੱਗਾ। ਕਰੋਧ ਨਾਲ ਭਰੇ ਰਾਖਸ਼ ਬੜੀਆਂ ਸਖਤ ਚੋਟਾਂ ਲਾ ਰਹੇ ਸਨ। ਮਿਆਨਾਂ ਵਿਚੋਂ ਨਿਕਲੀਆਂ ਤਲਵਾਰਾਂ ਆਰਿਆਂ ਵਾਂਗੂੰ ਲਗਦੀਆਂ ਸਨ। ਰਣਭੂਮੀ ਵਿਚ ਇਹੋ ਜਿਹੇ ਉੱਚੇ ਕੱਦ ਕਾਠ ਵਾਲੇ ਸੂਰਮੇ ਭਿੜ ਰਹੇ ਦਿਸਦੇ ਸਨ, ਜਿਵੇਂ ਵਡੇ ਵਡੇ ਮੁਨਾਰੇ ਹੁੰਦੇ ਹਨ। ਪਰਬਤਾਂ ਵਰਗੇ ਉੱਚੇ ਰਾਖਸ਼ਾਂ ਨੂੰ ਦੇਵੀ ਦੁਰਗਾ ਨੇ ਆਪਣੇ ਹਥੀਂ ਮਾਰਿਆ ਤੇ ਉਹਨਾਂ ਦਾ ਜਨਮ ਸਵਾਰਿਆ। ਇਹੋ ਜਿਹੇ ਬਹਾਦਰ ਰਾਖਸ਼ ਜੰਗ ਕਰਨ ਲਈ ਦੇਵੀ ਦੇ ਸਾਹਮਣੇ ਆਏ, ਜਿੰਨ੍ਹਾਂ ਨੇ ਕਦੀ ਹਾਰ ਨਹੀਂ ਸੀ ਮੰਨੀ। ਦੁਰਗਾ ਨੇ ਹੱਥ ਵਿਚ ਭਾਰੀ ਖੜਗ ਲੈ ਕੇ ਸਭ ਰਾਖਸ਼ਾਂ ਨੂੰ ਖਤਮ ਕਰ ਦਿੱਤਾ ॥ ੧੫ ॥

ਪਉੜੀ ॥ ਉੱਮਲ ਲੱਥੇ ਜੋਧੇ ਮਾਰੂ ਬੱਜਿਆ ॥
ਬੱਦਲ ਜਿਉ ਮਹਿਖਸੁਰ ਰਣ ਵਿਚਿ ਗੱਜਿਆ ॥
ਇੰਦਰ ਜੇਹਾ ਜੋਧਾ ਮੈਥਉ ਭੱਜਿਆ ॥
ਕਉਣੁ ਵਿਚਾਰੀ ਦੁਰਗਾ ਜਿਨ ਰਣੁ ਸੱਜਿਆ ॥ ੧੬ ॥

ਜਦੋਂ ਰਣਭੂਮੀ ਵਿਚ ਜੰਗ ਦਾ ਮਾਰੂ ਵਾਜਾ ਵੱਜਿਆ, ਤਦੋਂ ਸੂਰਮੇ ਬੜੇ ਉਤਸ਼ਾਹ ਨਾਲ ਜੰਗ ਕਰਨ ਲਈ ਮੈਦਾਨ ਵਿਚ ਨਿਕਲ ਆਏ। ਬੜਾ ਬਲੀ ਜੋਧਾ ਮਹਿਖਾਸੁਰ ਦੈਂਤ ਰਣਭੂਮੀ ਵਿਚ ਆ ਕੇ ਬੱਦਲ ਵਾਂਗੂੰ ਗੱਜਣ ਲੱਗਾ ਤੇ ਕਹਿਣ ਲੱਗਾ - ਇੰਦਰ ਵਰਗਾ ਸੂਰਮਾ ਮੇਰੇ ਕੋਲੋਂ ਹਾਰ ਖਾ ਕੇ ਭੱਜ ਗਿਆ ਸੀ। ਇਹ ਨਿਮਾਣੀ ਦੁਰਗਾ ਮੇਰੇ ਸਾਹਮਣੇ ਕੀ ਹੈ, ਜਿਹੜੀ ਮੇਰੇ ਨਾਲ ਜੰਗ ਕਰਨ ਲਈ ਮੈਦਾਨ ਵਿਚ ਆਈ ਹੈ? ॥ ੧੬ ॥

ਪਉੜੀ ॥ ਵੱਜੇ ਢੋਲ ਨਗਾਰੇ ਦਲਾਂ ਮੁਕਾਬਲਾ ॥
ਤੀਰ ਫਿਰੈ ਰੈਬਾਰੇ ਆਮ੍ਹੋ ਸਾਮ੍ਹਣੇ ॥
ਅਣਗਤ ਬੀਰ ਸੰਘਾਰੇ ਲਗਦੀ ਕੈਬਰੀ ॥
ਡਿੱਗੇ ਜਾਣਿ ਮੁਨਾਰੇ ਮਾਰੇ ਬਿੱਜੁ ਦੇ ॥
ਖੁਲੀ ਵਾਲੀਂ ਦੈਂਤ ਅਹਾੜੇ ਸੱਭੇ ਸੂਰਮੇ ॥
ਸੁੱਤੇ ਜਾਨ ਜਟਾਲੇ ਭੰਗਾਂ ਖਾਇਕੈ ॥ ੧੭ ॥

ਰਣਭੂਮੀ ਵਿਚ ਸੂਰਮਿਆਂ ਨੂੰ ਉਤਸ਼ਾਹ ਦੇਣ ਲਈ ਢੋਲ ਤੇ ਨਗਾਰੇ ਵੱਜਣ ਲੱਗੇ ਤੇ ਫੌਜਾਂ ਦਾ ਭੇੜ ਸ਼ੁਰੂ ਹੋ ਗਿਆ। ਆਹਮੋ ਸਾਹਮਣੇ ਸੂਰਮਿਆਂ ਦੇ ਚਲ ਰਹੇ ਤੀਰ ਇਉਂ ਜਾਪਦੇ ਸਨ, ਜਿਵੇਂ ਉਹ ਇਹਨਾਂ ਦੀ ਅਗਵਾਈ ਕਰ ਰਹੇ ਸਨ। ਇਹਨਾਂ ਚਲ ਰਹੇ ਤੀਰਾਂ ਦੀ ਮਾਰ ਨਾਲ ਬੇਸ਼ੁਮਾਰ ਸੂਰਮੇ ਮਰ ਰਹੇ ਸਨ। ਬੜੇ ਬੜੇ ਸਰੀਰਾਂ ਵਾਲੇ ਸੂਰਮੇ ਇਉਂ ਮੈਦਾਨ ਵਿਚ ਡਿੱਗੇ ਪਏ ਸਨ, ਮਾਨੋ ਬਿਜਲੀ ਦੇ ਪੈਣ ਨਾਲ ਵਡੇ ਵਡੇ ਬੁਰਜ ਢੱਠੇ ਪਏ ਸਨ। ਖੁਲ੍ਹੇ ਵਾਲਾਂ ਵਾਲੇ ਰਾਖਸ਼ ਭੇਟਿਆਂ ਵਾਂਗੂੰ ਅਰੜਾ ਰਹੇ ਸਨ ਅਤੇ ਹਾਲ ਪਾਹਰਿਆਂ ਕਰ ਕੇ ਘੇਰੂ ਪਾ ਰਹੇ ਸਨ। ਮੈਦਾਨ ਵਿਚ ਮਰੇ ਪਏ ਸੂਰਮੇ ਇਉਂ ਲੱਗਦੇ ਸਨ ਜਿਵੇਂ ਜਟਾਂ ਵਾਲੇ ਸਾਧੂ ਭੰਗਾਂ ਪੀ ਕੇ ਲੰਮੇ ਪਏ ਹੋਣ॥੧੭॥

**ਪਉੜੀ॥ ਦੁਹਾਂ ਕੰਧਾਰਾਂ ਮੁਹਿ ਜੁੜੇ ਨਾਲਿ ਧਉਸਾ ਭਾਰੀ॥**
**ਕੜਕ ਉਠਿਆ ਫਉਜ ਤੇ ਵਡਾ ਅੰਹਕਾਰੀ॥**
**ਲੈ ਕੇ ਚਲਿਆ ਸੂਰਮੇ ਨਾਲਿ ਵਡੇ ਹਜਾਰੀ॥**
**ਮਿਆਨੋਂ ਖੰਡਾ ਧੂਹਿਆ ਮਹਖਾਸੁਰ ਭਾਰੀ॥**
**ਉਮਲ ਲੱਥੇ ਸੂਰਮੇ ਮਾਰ ਮਚੀ ਕਰਾਰੀ॥**
**ਜਾਪੇ ਚੱਲੇ ਰਤ ਦੇ ਸਲਲੇ ਜਟਧਾਰੀ॥੧੮॥**

ਜੰਗ ਕਰਨ ਲਈ ਦੋਹਾਂ ਪਾਸਿਆਂ ਦੀਆਂ ਫੌਜਾਂ ਆਹਮੋ ਸਾਹਮਣੇ ਆ ਗਈਆਂ ਸਨ ਤੇ ਬੜੇ ਵੱਡੇ ਵੱਡੇ ਨਗਾਰੇ ਵੱਜਣ ਲੱਗੇ। ਬੜਾ ਹੰਕਾਰੀ ਮਹਿਖਾਸੁਰ ਦੈਂਤ ਫੌਜਾਂ ਸਾਹਮਣੇ ਆ ਕੇ ਬੜੇ ਜ਼ੋਰ ਨਾਲ ਕੜਕਿਆ ਜਿਵੇਂ ਬੱਦਲ ਗਜਦਾ ਹੈ। ਉਹ ਆਪਣੇ ਨਾਲ ਹਜ਼ਾਰਾਂ ਬਹਾਦਰ ਯੋਧੇ ਲੈ ਕੇ ਰਣਭੂਮੀ ਵਲ ਤੁਰਿਆ। ਦੁਰਗਾ ਨਾਲ ਜੰਗ ਕਰਨ ਲਈ ਮਹਿਖਾਸੁਰ ਦੈਂਤ ਨੇ ਬੜਾ ਵੱਡਾ ਖੰਡਾ ਮਿਆਨ ਵਿਚੋਂ ਖਿੱਚ ਕੇ ਆਪਣੇ ਹੱਥ ਵਿਚ ਫੜ ਲਿਆ। ਜੰਗ ਕਰਨ ਲਈ ਸੂਰਮੇ ਬੜੇ ਉਤਸ਼ਾਹ ਨਾਲ ਮੈਦਾਨ ਵਿਚ ਨਿਕਲ ਆਏ ਤੇ ਬੜਾ ਭਿਆਨਕ ਯੁੱਧ ਹੋਣ ਲੱਗਾ। ਸੂਰਮਿਆਂ ਦੇ ਸਰੀਰਾਂ ਵਿਚੋਂ ਨਿਕਲ ਰਿਹਾ ਖ਼ੂਨ ਇਉਂ ਜਾਪਦਾ ਸੀ ਜਿਵੇਂ ਸ਼ਿਵ ਜੀ ਦੀਆਂ ਜਟਾਂ ਵਿਚ ਗੰਗਾ ਨਦੀ ਵਹਿ ਰਹੀ ਹੋਵੇ॥੧੮॥

**ਪਉੜੀ॥ ਸੱਟ ਪਈ ਜਮਧਾਣੀ ਦਲਾਂ ਮੁਕਾਬਲਾ॥**
**ਧੂਹਿ ਲਈ ਕ੍ਰਿਪਾਣੀ ਦੁਰਗਾ ਮਿਆਨ ਤੇ॥**
**ਚੰਡੀ ਰਾਕਸ਼ਿ ਖਾਣੀ ਵਾਹੀ ਦੈਂਤ ਨੂੰ॥**
**ਕੋਪਰ ਚੂਰ ਚਵਾਣੀ ਲੱਥੀ ਕਰਗ ਲੈ॥**
**ਪਾਖਰ ਤੁਰਾ ਪਲਾਣੀ ਰੜਕੀ ਧਰਤ ਜਾਇ॥**

ਲੈਦੀ ਅਘਾ ਸਿਧਾਣੀ ਸਿੰਗਾਂ ਧਉਲਦਿਆਂ ॥
ਕੂਰਮ ਸਿਰ ਲਹਿਲਾਣੀ ਦੁਸ਼ਮਨ ਮਾਰਕੈ ॥
ਵੱਢੇ ਗੱਨ ਤਿਖਾਣੀ ਮੂਏ ਖੇਤ ਵਿਚ ॥
ਰਣ ਵਿਚ ਘੱਤੀ ਘਾਣੀ ਲੋਹੂ ਮਿੱਝ ਦੀ ॥
ਚਾਰੇ ਜੁਗ ਕਹਾਣੀ ਚੱਲਗ ਤੇਗ ਦੀ ॥
ਬਿੱਧਣ ਖੇਤ ਵਿਹਾਣੀ ਮਹਖੇ ਦੈਂਤ ਨੂੰ ॥ ੧੯ ॥

ਜਮ ਦੇ ਵਾਹਨ ਝੋਟੇ ਦੀ ਖਲ ਨਾਲ ਮੜ੍ਹੇ ਹੋਏ ਧੌਂਸੇ ਤੇ ਜਦ ਡੱਗਾ ਲੱਗਾ ਤਾਂ ਦੋਹਾਂ ਪਾਸਿਆਂ ਦੀਆਂ ਫੌਜਾਂ ਦਾ ਮੁਕਾਬਲਾ ਸ਼ੁਰੂ ਹੋਇਆ। ਦੁਰਗਾ ਨੇ ਬੜੇ ਜੋਸ਼ ਨਾਲ ਮਿਆਨ ਵਿਚੋਂ ਤਲਵਾਰ ਕੱਢ ਲਈ। ਦੇਵੀ ਨੇ ਰਾਖਸ਼ਾਂ ਨੂੰ ਖਤਮ ਕਰਨ ਵਾਲੀ ਤਲਵਾਰ ਦਾ ਵਾਰ ਮਹਿਖੇ ਦੈਤ ਉਪਰ ਕੀਤਾ। ਦੁਰਗਾ ਦੀ ਮਾਰੀ ਤਲਵਾਰ ਮਹਿਖੇ ਦੈਂਤ ਦੀ ਖੋਪਰੀ ਨੂੰ ਚੂਰ ਚੂਰ ਕੇ ਮੂੰਹ ਥਾਣੀ ਨਿਕਲ ਕੇ ਪਿੰਜਰ ਵਿਚ ਧੱਸ ਗਈ ਅਤੇ ਘੋੜੇ ਦੀ ਕਾਠੀ ਤੇ ਤਾਹਰੂ ਨੂੰ ਚੀਰਦੀ ਹੋਈ ਧਰਤੀ ਨਾਲ ਜਾ ਟਕਰਾਈ। ਫਿਰ ਇਸ ਤੋਂ ਅੱਗੇ ਉਹ ਤਲਵਾਰ ਧਰਤੀ ਨੂੰ ਪਾਰ ਕਰਕੇ ਧਰਤੀ ਨੂੰ ਚੁਕਣ ਵਾਲੇ ਬਲਦ ਦੇ ਸਿੰਙਾਂ ਉੱਤੇ ਜਾ ਵੱਜੀ। ਦੁਸ਼ਮਨ ਮਹਿਖੇ ਦੈਂਤ ਨੂੰ ਮਾਰ ਕੇ ਉਹ ਤਲਵਾਰ ਕੱਛੂ ਦੇ ਸਿਰ ਤੇ ਜਾ ਲੱਗੀ। ਰਣਭੂਮੀ ਵਿਚ ਰਾਖਸ਼ ਇਉਂ ਮਰੇ ਪਏ ਸਨ, ਜਿਵੇਂ ਕਿਸੇ ਤਰਖਾਣ ਨੇ ਰੁਖ ਵਢ ਵਢ ਕੇ ਸੁੱਟੇ ਹੋਣ। ਜੰਗ ਦੇ ਮੈਦਾਨ ਵਿਚ ਸੂਰਮਿਆਂ ਦੇ ਲਹੂ ਤੇ ਚਰਬੀ ਦੀ ਘਾਣੀ ਬਣ ਹੋਈ ਸੀ। ਦੇਵੀ ਦੁਰਗਾ ਦੀ ਵਾਹੀ ਤਲਵਾਰ ਤੇ ਬਹਾਦਰੀ ਦੀ ਕਥਾ ਚੋਹਾਂ ਜੁਗਾਂ ਵਿਚ ਚਲਦੀ ਰਹੇਗੀ। ਮਹਿਖਾਸੁਰ ਦੈਂਤ ਦੇ ਸਿਰ ਤੇ ਦੁਖਾਂ ਦੀ ਬੜੀ ਸਖਤ ਘੜੀ ਬੀਤੀ ॥ ੧੯ ॥

ਪਉੜੀ ॥ ਇਤੀ ਮਹਖਾਸਰ ਦੈਤ ਮਾਰੇ ਦੁਰਗਾ ਆਇਆ ॥
ਚਉਦਹ ਲੋਕਾ ਰਾਣੀ ਸਿੰਘੁ ਨਚਾਇਆ ॥
ਮਾਰੇ ਵੀਰ ਜਟਾਣੀ ਦਲ ਵਿਚ ਅੱਗਲੇ ॥
ਮੰਗਣ ਨਾਹੀ ਪਾਣੀ ਦਲੀ ਹੰਕਾਰਕੈ ॥
ਜਣ ਕਰੀ ਸਮਾਇ ਪਠਾਣੀ ਸੁਣਿਕੈ ਰਾਗ ਨੂੰ ॥
ਰੱਤੂ ਦੇ ਹੜਵਾਣੀ ਚਲੇ ਬੀਰ ਖੇਤ ॥
ਪੀਤਾ ਫੁੱਲੁ ਇਆਣੀ ਘੁਮਣ ਸੂਰਮੇ ॥ ੨੦ ॥

ਇਸ ਜਿੱਤ ਦੀ ਖੁਸ਼ੀ ਵਿਚ ਚੌਦਾਂ ਲੋਕਾਂ ਦੀ ਮਹਾਰਾਣੀ ਦੁਰਗਾ ਨੇ ਆਪਣੇ ਸ਼ੇਰ ਨੂੰ ਨਚਾਇਆ।

ਬੜੇ ਬੜੇ ਜਟਾਂ ਵਾਲੇ ਰਾਖਸ਼ਾਂ ਦੇ ਆਗੂ ਸੂਰਮੇ ਦੁਰਗਾ ਨੇ ਜੰਗ ਵਿਚ ਮਾਰ ਦਿੱਤੇ। ਹੰਕਾਰ ਵਸ ਹੋਏ ਸੂਰਮੇ ਜੰਗ ਕਰਨ ਦੇ ਚਾਅ ਵਿਚ ਪਾਣੀ ਵੀ ਨਹੀਂ ਮੰਗਦੇ ਸਨ। ਸੂਰਮੇ ਰਣਭੂਮੀ ਵਿਚ ਇਉਂ ਮਸਤ ਹੋਏ ਫਿਰਦੇ ਸਨ ਮਾਨੋ ਪਠਾਣ ਰਾਗ ਨੂੰ ਸੁਣਕੇ ਮਸਤੀ ਵਿਚ ਝੂਮਦੇ ਹਨ। ਸੂਰਮਿਆਂ ਦੇ ਸਰੀਰਾਂ ਵਿਚੋਂ ਲਹੂ ਨਿਕਲ ਕੇ ਦਰਿਆ ਦੇ ਹੜ੍ਹ ਵਾਂਗੂੰ ਚਲ ਰਿਹਾ ਸੀ। ਸੂਰਮੇ ਜੰਗ ਦੇ ਮੈਦਾਨ ਵਿਚ ਇਸ ਤਰ੍ਹਾਂ ਮਸਤ ਹੋਏ ਘੁੰਮ ਰਹੇ ਸਨ ਜਿਵੇਂ ਕੋਈ ਨਿਆਣਾ ਪੋਸਤ ਪੀ ਕੇ ਮਸਤ ਹੋ ਕੇ ਫਿਰਦਾ ਹੈ॥ ੨੦॥

## ਪਉੜੀ॥ ਹੋਈ ਅਲੋਪੁ ਭਵਾਨੀ ਦੇਵਾਂ ਨੂੰ ਰਾਜੁ ਦੇ॥
## ਈਸ਼ਰ ਦੀ ਬਰਦਾਨੀ ਹੋਈ ਜਿੱਤ ਦਿਨ॥
## ਸੁੰਭ ਨਿਸੁੰਭ ਗੁਮਾਨੀ ਜਨਮੇ ਸੂਰਮੇ॥
## ਇੰਦਰ ਦੀ ਰਾਜਧਾਨੀ ਤੱਕੀ ਜਿੱਤਣੀ॥ ੨੧॥

ਰਾਖਸ਼ਾਂ ਨੂੰ ਮਾਰ ਕੇ ਤੇ ਦੇਵਤਿਆਂ ਨੂੰ ਸੁਰਗ ਦਾ ਰਾਜ ਸੌਂਪ ਕੇ ਦੇਵੀ ਦੁਰਗਾ ਅਲੋਪ ਭਾਵ ਅੰਤਰ ਧਿਆਨ ਹੋ ਗਈ। ਜਿਸ ਦਿਨ ਸ਼ਿਵ ਜੀ ਦੀ ਵਰ ਦਾਨ ਦੀ ਘੜੀ ਆਈ ਉਸ ਦਿਨ ਬੜੇ ਹੰਕਾਰ ਨਾਲ ਭਰੇ ਦੋ ਰਾਖਸ਼ ਸੂਰਮੇ ਸੁੰਭ ਤੇ ਨਿਸੁੰਭ ਨਾਂ ਦੇ ਹੋਰ ਪੈਦਾ ਹੋ ਗਏ। ਇਹਨਾਂ ਰਾਖਸ਼ਾਂ ਨੇ ਵੀ ਇੰਦਰ ਦੀ ਰਾਜਧਾਨੀ ਸੁਰਗ ਲੋਕ ਨੂੰ ਜਿੱਤਣ ਦਾ ਇਰਾਦਾ ਪੱਕਾ ਕਰ ਲਿਆ॥ ੨੧॥

## ਪਉੜੀ॥ ਇੰਦ੍ਰਪੁਰੀ ਤੇ ਧਾਵਣਾ ਵਡ ਜੋਧੀ ਮਤਾ ਪਕਾਇਆ॥
## ਸੰਜ ਪਟੇਲਾ ਪਾਖਰਾ ਭੇੜ ਸੰਦਾ ਸਾਜੁ ਬਣਾਇਆ॥
## ਜੰਮੇ ਕਟਕ ਅਛੂਹਣੀ ਅਸਮਾਨੁ ਗਰਦੀ ਛਾਇਆ॥
## ਰੋਹ ਸੁੰਭ ਨਿਸੁੰਭ ਸਿਧਾਇਆ॥ ੨੨॥

ਇੰਦਪੁਰੀ ਭਾਵ ਸੁਰਗ ਤੇ ਹੱਲਾ ਬੋਲਣ ਦੀ ਇਹਨਾਂ ਰਾਖਸ਼ਾਂ ਨੇ ਸਲਾਹ ਬਣਾ ਲਈ। ਜੰਗ ਕਰਨ ਲਈ ਸੰਜੋਆਂ, ਲੋਹੇ ਦੀਆਂ ਜਾਲੀਆਂ ਤੇ ਪਾਖਰ ਆਦਿ ਜੰਗੀ ਸਮਾਨ ਰਾਖਸ਼ਾਂ ਨੇ ਇੱਕਠਾ ਕਰ ਲਿਆ। ਕਈ ਖੂਹਣੀਆਂ ਫੌਜਾਂ ਰਣਭੂਮੀ ਵਲ ਤੁਰ ਪਈਆਂ, ਜਿੰਨ੍ਹਾਂ ਦੇ ਚਲਣ ਨਾਲ ਜੋ ਧੂੜ ਉੱਡਦੀ ਸੀ, ਉਸ ਧੂੜ ਨਾਲ ਅਸਮਾਨ ਢਕਿਆ ਗਿਆ। ਬੜੇ ਕਰੋਧ ਨਾਲ ਭਰੇ ਹੋਏ ਸੁੰਭ ਤੇ ਨਿਸੁੰਭ, ਰਾਖਸ਼ਾਂ ਦੀਆਂ ਫੌਜਾਂ ਲੈ ਕੇ ਇੰਦਰਪੁਰੀ ਤੇ ਹੱਲਾ ਕਰਨ ਲਈ ਤੁਰ ਪਏ॥ ੨੨॥

## ਪਉੜੀ॥ ਸੁੰਭ ਨਿਸੁੰਭ ਅਲਾਇਆ ਵਡਜੋਧੀ ਸੰਘਰਵਾਏ॥
## ਰੋਹ ਦਿਖਾਲੀ ਦਿੱਤੀਆ ਵਰਿਆਮੀ ਤੁਰੇ ਨਚਾਏ॥
## ਘੁਰੇ ਦਮਾਮੇ ਦੋਹਰੇ ਜਮ ਬਾਹਣ ਜਿਉ ਅਰੜਾਏ॥

ਦੇਉ ਦਾਨੋ ਲੁੱਝਣ ਆਏ ॥ ੨੩ ॥

ਸੁੰਭ ਤੇ ਨਿਸੁੰਭ ਨੇ ਸਭ ਸੈਨਾ ਨੂੰ ਚਲਣ ਦਾ ਹੁਕਮ ਦਿੱਤਾ ਉਸ ਸਮੇਂ ਸੂਰਮਿਆਂ ਨੇ ਜੰਗੀ ਮਾਰੂ ਵਾਜੇ ਵਜਾਏ। ਜੰਗ ਦੇ ਮਾਰੂ ਵਾਜੇ ਭਾਵ ਧੌਂਸੇ ਵੱਜਣ ਨਾਲ ਸੂਰਮਿਆਂ ਅੰਦਰ ਜੋਸ਼ ਪੈਦਾ ਹੋਇਆ ਤੇ ਉਹ ਘੋੜਿਆ ਤੇ ਸਵਾਰ ਹੋ ਕੇ ਉਹਨਾਂ ਨੂੰ ਨਚਾਉਣ ਲੱਗੇ। ਦੋਹਰੇ ਧੌਂਸਿਆਂ ਦੀ ਆਵਾਜ਼ ਰਣਭੂਮੀ ਵਿਚ ਇਉਂ ਗੂੰਜਣ ਲਗੀ, ਜਿਵੇਂ ਜਮ ਦਾ ਵਾਹਣ, ਝੋਟਾ ਅਰੜਾਉਂਦਾ ਹੈ। ਦੇਵਤੇ ਤੇ ਦੈਂਤ ਜੰਗ ਕਰਨ ਲਈ ਰਣਭੂਮੀ ਵਿਚ ਆ ਗਏ ॥ ੨੩ ॥

ਪਉੜੀ ॥ ਦਾਨੋ ਦੇਉ ਅਨਾਗੀ ਸੰਘਰੁ ਰੱਚਿਆ ॥
ਫੁੱਲ ਖਿੜੇ ਜਣ ਬਾਗੀਂ ਬਾਣੇ ਜੋਧਿਆਂ ॥
ਭੂਤਾਂ ਇਲਾਂ ਕਾਗੀਂ ਗੋਸ਼ਤ ਭੱਖਿਆ ॥
ਹੁੰਮੜ ਧੁੰਮੜ ਜਾਗੀ ਘੱਤੀ ਸੂਰਿਆ ॥ ੨੪ ॥

ਰਾਖਸ਼ਾਂ ਤੇ ਦੇਵਤਿਆਂ ਨੇ ਇਕ ਰਸ ਭਾਵ ਲਗਾਤਾਰ ਜੁੱਧ ਸ਼ੁਰੂ ਕਰ ਦਿੱਤਾ। ਦੋਹਾਂ ਪਾਸਿਆਂ ਦੇ ਸੂਰਮਿਆਂ ਨੇ ਰੰਗ ਬਰੰਗੀਆਂ ਵਰਦੀਆਂ ਪਾਈਆਂ ਹੋਈਆਂ ਸਨ ਅਤੇ ਇਉਂ ਜਾਪ ਰਿਹਾ ਸੀ, ਜਿਵੇਂ ਬਾਗ ਵਿਚ ਰੰਗ ਬਰੰਗੇ ਫੁਲ ਖਿੜੇ ਸਨ। ਭੂਤਾਂ, ਇਲਾਂ ਤੇ ਕਾਵਾਂ ਨੇ ਮਰੇ ਪਏ ਸੂਰਮਿਆਂ ਦਾ ਮਾਸ ਖਾਧਾ। ਰਣਭੂਮੀ ਵਿਚ ਸੂਰਮਿਆਂ ਨੇ ਰੌਲਾ ਪਾ ਪਾ ਕੇ ਉਧੜ ਧੁੰਮ ਮਚਾਈ ਹੋਈ ਸੀ ॥ ੨੪ ॥

ਪਉੜੀ ॥ ਸੱਟ ਪਈ ਨਗਾਰੇ ਦਲਾਂ ਮੁਕਾਬਲਾ ॥
ਦਿੱਤੇ ਦੇਉ ਭਜਾਈ ਮਿਲਿਕੈ ਰਾਕਸ਼ੀ ॥
ਲੋਕੀ ਤਿਹੀ ਫਿਰਾਈ ਦੋਹੀ ਆਪਣੀ ॥
ਦੁਰਗਾ ਦੀ ਸ਼ਾਮ ਤਕਾਈ ਦੇਵਾ ਡਰਦਿਆਂ ॥
ਆਂਦੀ ਚੰਡਿ ਚੜ੍ਹਾਈ ਉਤੇ ਰਾਕਸ਼ਾਂ ॥ ੨੫ ॥

ਰਣਭੂਮੀ ਵਿਚ ਦੋਹਾਂ ਪਾਸਿਆਂ ਦੀਆਂ ਫੌਜਾਂ ਆ ਗਈਆਂ ਤੇ ਨਗਾਰਿਆਂ ਤੇ ਡੱਗੇ ਲੱਗਣ ਨਾਲ ਦਲਾਂ ਦਾ ਮੁਕਾਬਲਾ ਸ਼ੁਰੂ ਹੋ ਗਿਆ। ਰਾਖਸ਼ਾਂ ਨੇ ਿਕੱਠੇ ਹੋ ਕੇ ਇਹੋ ਜਿਹਾ ਕਰੜਾ ਹੱਲਾ ਕੀਤਾ ਕਿ ਦੇਵਤੇ ਮੈਦਾਨ ਛੱਡ ਕੇ ਨਸ ਪਏ। ਰਾਖਸ਼ਾਂ ਨੇ ਦੇਵਤਿਆਂ ਨੂੰ ਹਰਾ ਕੇ ਤਿੰਨਾਂ ਲੋਕਾਂ ਵਿਚ ਆਪਣੇ ਨਾਂ ਦੀ ਦੁਹਾਈ ਫਿਰਾ ਦਿੱਤੀ ਭਾਵ ਹਰ ਪਾਸੇ ਆਪਣਾ ਰਾਜ ਕਾਇਮ ਕਰ ਲਿਆ। ਦੇਵਤਿਆਂ ਨੇ ਰਾਖਸ਼ਾਂ ਤੋਂ ਡਰ ਕੇ ਦੁਰਗਾ ਦੇਵੀ ਦੀ ਸ਼ਰਨ ਤੱਕੀ ਤੇ ਸਹਾਇਤਾ ਲੈਣ ਲਈ ਦੇਵੀ ਦੀ ਸੇਵਾ ਵਿਚ ਗਏ। ਦੇਵਤਿਆਂ ਨੇ ਚੰਡੀ ਨੂੰ ਆਪਣੇ ਦੁਖ ਦੱਸ ਕੇ ਰਾਖਸ਼ਾਂ ਨੂੰ ਮਾਰਨ ਲਈ ਚੜ੍ਹਾ ਕੇ ਰਣਭੂਮੀ ਵਿਚ ਲੈ ਆਂਦਾ ॥ ੨੫ ॥

ਪਉੜੀ॥ ਆਈ ਫੇਰਿ ਭਵਾਨੀ ਖਬਰੀ ਪਾਈਆਂ॥
ਦੈਤ ਵਡੇ ਅਭਿਮਾਨੀ ਹੋਏ ਏਕਠੇ॥
ਲੋਚਨ ਧੂਮ ਗੁਮਾਨੀ ਰਾਇ ਬੁਲਾਇਆ॥
ਜਗ ਵਿਚ ਵੱਡਾ ਦਾਨੋ ਆਪ ਕਹਾਇਆ॥
ਸੱਟ ਪਈ ਖਰਚਾਮੀ ਦੁਰਗਾ ਲਿਆਵਣੀ॥ ੨੬॥

ਭਵਾਨੀ ਦੇ ਆਉਣ ਦੀ ਖਬਰ ਰਾਖਸ਼ਾਂ ਨੂੰ ਮਿਲ ਗਈ ਕਿ ਸਾਨੂੰ ਨਾਸ ਕਰਨ ਵਾਲੀ ਦੇਵੀ ਦੇਵਤਿਆਂ ਦੀ ਸਹਾਇਤਾ ਲਈ ਰਣਭੂਮੀ ਵਿਚ ਪਹੁੰਚ ਗਈ ਹੈ। ਇਹ ਖਬਰ ਮਿਲਦਿਆਂ ਹੀ ਵਡੇ ਵਡੇ ਅਭਿਮਾਨੀ ਰਾਖਸ਼, ਦੇਵੀ ਦਾ ਮੁਕਾਬਲਾ ਕਰਨ ਲਈ ਇੱਕਠੇ ਹੋ ਗਏ। ਰਾਖਸ਼ਾਂ ਦੇ ਰਾਜੇ ਸੁੰਭ ਨੇ ਬੜੇ ਅਭਿਮਾਨੀ ਸੂਰਮੇ ਲੋਚਨ ਧੂਮ ਨੂੰ ਆਪਣੀ ਮਦਦ ਲਈ ਬੁਲਾ ਲਿਆ। ਜੋ ਆਪਣੇ ਆਪ ਨੂੰ ਸੰਸਾਰ ਵਿਚ ਬੜਾ ਬਲੀ ਸੂਰਮਾ ਅਖਵਾਉਂਦਾ ਸੀ। ਦੁਰਗਾ ਦੇਵੀ ਨੂੰ ਬੰਨ੍ਹ ਕੇ ਲਿਆਉਣ ਦਾ ਮਤਾ ਪੱਕਾ ਕਰਕੇ ਰਾਖਸ਼ਾਂ ਨੇ ਨਗਾਰੇ ਵਜਾ ਕੇ ਚੜ੍ਹਾਈ ਕਰ ਦਿੱਤੀ॥ ੨੬॥

ਪਉੜੀ॥ ਕੜਕ ਉਠੀ ਰਣ ਚੰਡੀ ਫਉਜਾਂ ਦੇਖਿਕੈ॥
ਧੂਹਿ ਮਿਆਨੋ ਖੰਡਾ ਹੋਈ ਸਾਹਮਣੇ॥
ਸੱਭੇ ਬੀਰ ਸੰਘਾਰੇ ਧੂਮਰਨੈਣ ਦੇ॥
ਜਣਿ ਲੈ ਕੱਟੇ ਆਰੇ ਦਰਖਤ ਬਾਢੀਆਂ॥ ੨੭॥

ਜੰਗ ਦੇ ਮੈਦਾਨ ਵਿਚ ਰਾਖਸ਼ਾ ਦੀਆਂ ਫੌਜਾਂ ਵੇਖਕੇ ਦੁਰਗਾ ਬਿਜਲੀ ਵਾਂਗੂੰ ਕੜਕੀ। ਦੁਰਗਾ ਨੇ ਮਿਆਨ ਵਿਚੋਂ ਖੰਡਾ ਧੂਹ ਲਿਆ ਤੇ ਮੁਕਾਬਲਾ ਕਰਨ ਲਈ ਰਾਖਸ਼ਾਂ ਦੇ ਸਾਹਮਣੇ ਆ ਗਈ। ਪਲ ਵਿਚ ਧੂਮਰਲੋਚਨ ਦੇ ਸਾਰੇ ਸੂਰਮੇ ਮਾਰ ਸੁੱਟੇ। ਦੁਰਗਾ ਨੇ ਰਾਖਸ਼ਾਂ ਦੀ ਇਉਂ ਕਟਾ ਵਢੀ ਕੀਤੀ ਜਿਵੇਂ ਤਰਖਾਣ ਬ੍ਰਿਛਾਂ ਨੂੰ ਆਰੇ ਨਾਲ ਵੱਢ ਵੱਢ ਕੇ ਸੁਟ ਦੇਂਦਾ ਹੈਂ॥ ੨੭॥

ਪਉੜੀ॥ ਚੋਬੀ ਧਉਂਸ ਬਜਾਈ ਦਲਾਂ ਮੁਕਾਬਲਾ॥
ਰੋਹ ਭਵਾਨੀ ਆਈ ਉੱਤੈ ਰਾਕਸ਼ਾਂ॥
ਖੱਬੈ ਦਸਤ ਨਚਾਈ ਸ਼ੀਹਣ ਸਾਰ ਦੀ॥
ਬਹੁਤਿਆਂ ਦੇ ਤਨ ਲਈ ਕੀਤੀ ਰੰਗੁਲੀ॥
ਭਾਈਆਂ ਮਾਰਨ ਭਾਈ ਦੁਰਗਾ ਜਾਣਿਕੈ॥

**ਰੋਹ ਹੋਇ ਚਲਾਈ ਰਾਕਸ਼ਿ ਰਾਇ ਨੂੰ॥**
**ਜਮਪੁਰ ਦੀਆ ਪਠਾਈ ਲੋਚਨ ਧੂਮ ਨੂੰ॥**
**ਜਾਪੇ ਦਿੱਤੀ ਸਾਈ ਮਾਰਨ ਸੁੰਭ ਦੀ॥੨੮॥**

ਰਣਭੂਮੀ ਵਿਚ ਨਗਾਰਚੀਆਂ ਨੇ ਨਗਾਰੇ ਵਜਾਏ ਤੇ ਫੌਜਾਂ ਵਿਚ ਮੁਕਾਬਲਾ ਸ਼ੁਰੂ ਹੋ ਗਿਆ। ਦੁਰਗਾ ਬੜੇ ਜੋਸ਼ ਵਿਚ ਆ ਕੇ ਮੈਦਾਨ ਵਿਚ ਰਾਕਸ਼ਾਂ ਤੇ ਚੜ੍ਹਾਈ ਕਰ ਕੇ ਆ ਗਈ। ਦੁਰਗਾ ਨੇ ਫੌਲਾਦੀ ਤਲਵਾਰ ਨੂੰ ਆਪਣੇ ਖੱਬੇ ਹੱਥ ਵਿਚ ਲੈ ਕੇ ਘੁਮਾਇਆ ਤੇ ਬਹੁਤ ਸਾਰੇ ਰਾਖਸ਼ਾਂ ਦੇ ਸਰੀਰਾਂ ਨੂੰ ਵੱਢ ਟੁਕ ਕੇ ਆਪਣੀ ਤਲਵਾਰ ਨੂੰ ਰੰਗਿਆ। ਦੁਰਗਾ ਦੇ ਭਿਆਨਕ ਜੰਗ ਕਾਰਨ ਰਣਭੂਮੀ ਵਿਚ ਏਨੀ ਖਲਬਲੀ ਮਚ ਗਈ ਕਿ ਰਾਖਸ਼ਾਂ ਵਿਚ ਘਬਰਾਹਟ ਫੈਲ ਗਈ। ਉਹ ਦੁਰਗਾ ਦੇ ਭੁਲੇਖੇ ਆਪਣੇ ਫੌਜੀ ਭਰਾਵਾਂ ਨੂੰ ਮਾਰਨ ਲੱਗ ਪਏ। ਬੜੇ ਕਰੋਧ ਨਾਲ ਦੁਰਗਾ ਨੇ ਰਾਖਸ਼ਾਂ ਦੇ ਸਰਦਾਰ ਸੈਨਾਪਤੀ ਲੋਚਨ ਧੂਮ ਉਪਰ ਤਲਵਾਰ ਦਾ ਵਾਰ ਕੀਤਾ। ਦੇਵੀ ਨੇ ਅਜਿਹਾ ਸਖਤ ਵਾਰ ਕੀਤਾ ਕਿ ਲੋਚਨ ਧੂਮ ਨੂੰ ਮਾਰ ਕੇ ਜਮਪੁਰੀ ਵਲ ਤੋਰ ਦਿੱਤਾ। ਦੁਰਗਾ ਨੇ ਲੋਚਨ ਧੂਮ ਨੂੰ ਮਾਰ ਕੇ ਮਾਨੋ ਸੁੰਭ ਨੂੰ ਮਾਰਨ ਦੀ ਸਾਈ ਦਿੱਤੀ ਸੀ ਭਾਵ ਸੁੰਭ ਨੂੰ ਮਾਰਨ ਦੀ ਅਗਾਉਂ ਖਬਰ ਭੇਜੀ ਸੀ॥੨੮॥

**ਪਉੜੀ॥ ਭੱਨੈ ਦੈਤ ਪੁਕਾਰੇ ਰਾਜੇ ਸੁੰਭ ਥੈ॥**
**ਲੋਚਨ ਧੂਮ ਸੰਘਾਰੇ ਸਣੈ ਸਿਪਾਹੀਆਂ॥**
**ਚੁਣਿ ਚੁਣਿ ਜੋਧੇ ਮਾਰੇ ਅੰਦਰ ਖੇਤ ਦੈ॥**
**ਜਾਪਨ ਅੰਬਰਿ ਤਾਰੇ ਡਿੱਗਨਿ ਸੂਰਮੇ॥**
**ਗਿਰੇ ਪਰੱਬਤ ਭਾਰੇ ਮਾਰੇ ਬਿੱਜੁ ਦੇ॥**
**ਦੈਂਤਾਂ ਦੇ ਦਲ ਹਾਰੇ ਦਹਸ਼ਤ ਖਾਇਕੈ॥**
**ਬਚੇ ਸੁ ਮਾਰੇ ਮਾਰੇ ਰਹਦੇ ਰਾਇ ਥੈ॥੨੯॥**

ਲੋਚਨ ਧੂਮ ਦੈਂਤ ਦੇ ਮਾਰੇ ਜਾਣ ਤੇ ਰਾਖਸ਼ ਭੱਜ ਉਠੇ ਤੇ ਰਾਜੇ ਸੁੰਭ ਪਾਸ ਜਾ ਕੇ ਪੁਕਾਰ
ਕਰਨ ਲੱਗੇ। ਹੇ ਮਹਾਰਾਜ! ਦੇਵੀ ਦੁਰਗਾ ਨੇ ਲੋਚਨ ਧੂਮ ਨੂੰ ਸਣੇ ਸੈਨਕਾ ਦੇ ਮਾਰ ਕੇ ਖਤਮ ਕਰ
ਦਿੱਤਾ ਹੈ। ਦੇਵੀ ਨੇ ਸਾਡੇ ਸੂਰਮਿਆਂ ਨੂੰ ਰਣਭੂਮੀ ਵਿਚ ਚੁਣ ਚੁਣ ਕੇ ਮਾਰ ਦਿੱਤਾ ਹੈ। ਸਾਡੇ ਯੋਧੇ
ਮੈਦਾਨ ਵਿਚ ਮਰ ਮਰ ਕੇ ਇਉਂ ਡਿੱਗ ਰਹੇ ਸਨ, ਜਿਵੇਂ ਅਸਮਾਨ ਤੋਂ ਤਾਰੇ ਟੁੱਟਦੇ ਸਨ। ਜਾਂ ਇਉਂ
ਪ੍ਰਤੀਤ ਹੋ ਰਿਹਾ ਸੀ ਕਿ ਜਿਵੇਂ ਬਿਜਲੀ ਦੇ ਪੈਣ ਨਾਲ ਵੱਡੇ ਵੱਡੇ ਪਹਾੜ ਡਿੱਗ ਰਹੇ ਸਨ। ਰਾਖਸ਼ਾਂ
ਦੀਆਂ ਫੌਜਾਂ ਦੇਵੀ ਦੇ ਡਰ ਕਰ ਕੇ ਆਪਣਾ ਆਪ ਛੱਡ ਬੈਠੀਆਂ। ਹੇ ਮਹਾਰਾਜ! ਦੁਰਗਾ ਦੇਵੀ
ਨੇ ਸਾਡੇ ਵਡੇ ਵਡੇ ਜੋਧਿਆਂ ਨੂੰ ਖਤਮ ਕਰ ਦਿੱਤਾ ਹੈ। ਜਿਹੜੇ ਮਾੜੇ ਮੋਟੇ ਜਾਨਾਂ ਬਚਾ ਕੇ ਨਿਕਲ
ਆਏ ਸਨ, ਉਹੋ ਤੁਹਾਡੇ ਕੋਲ ਪਹੁੰਚੇ ਹਨ॥੨੯॥

ਪਉੜੀ॥ ਰੋਹ ਹੋਇ ਬੁਲਾਏ ਰਾਕਸ਼ਿ ਰਾਇ ਨੇ॥
ਬੈਠੇ ਮਤਾ ਪਕਾਏ ਦੁਰਗਾ ਲਿਆਵਣੀ॥
ਚੰਡ ਅਰ ਮੁੰਡ ਪਠਾਏ ਬਹੁਤਾ ਕਟਕੁ ਦੈ॥
ਜਾਪੇ ਛੱਪਰ ਛਾਏ ਬਣੀਆ ਕੇ ਜਮਾ॥
ਜੇਤੇ ਰਾਇ ਬੁਲਾਏ ਚੱਲੇ ਜੁੱਧ ਨੋ॥
ਜਣ ਜਮ ਪੁਰ ਪਕੜ ਚਲਾਏ ਸਭੇ ਮਾਰਨੇ॥ ੩੦॥

ਯੁੱਧ ਦੀ ਇਹ ਸਾਰੀ ਵਾਰਤਾ ਰਾਖਸ਼ਾਂ ਕੋਲੋਂ ਸੁਣ ਕੇ ਰਾਜੇ ਸੁੰਭ ਨੇ ਬੜੇ ਗੁਸੇ ਨਾਲ ਸਭ ਰਾਖਸ਼ਾਂ ਨੂੰ ਬੁਲਾ ਲਿਆ ਸੀ। ਸਭ ਰਾਖਸ਼ਾਂ ਨੇ ਬੈਠ ਕੇ ਇਹ ਸਲਾਹ ਪਕਾਈ ਕਿ ਦੁਰਗਾ ਦੇਵੀ ਨੂੰ ਜੀਉਂਦੀ ਫੜ ਕੇ ਲਿਆਉਣਾ ਹੈ। ਰਾਜੇ ਸੁੰਭ ਨੇ ਚੰਡ ਤੇ ਮੁੰਡ ਦੋ ਬਲੀ ਰਾਖਸ਼ਾਂ ਨੂੰ ਬਹੁਤ ਸਾਰੀ ਫੌਜ ਦੇ ਕੇ ਰਣਭੂਮੀ ਵਲ ਦੇਵੀ ਨਾਲ ਜੰਗ ਕਰਨ ਲਈ ਤੋਰਿਆ। ਰਾਖਸ਼ਾਂ ਦੇ ਹੱਥਾਂ ਵਿਚ ਫੜੀਆਂ ਤਲਵਾਰਾਂ ਆਪੋ ਵਿਚ ਜੁੜ ਕੇ ਛੱਪਰ ਵਾਂਗੂੰ ਛਾਈਆਂ ਜਾਪਦੀਆਂ ਸਨ। ਰਾਜੇ ਸੁੰਭ ਨੇ ਜਿੰਨੇ ਰਾਖਸ਼ਾਂ ਨੂੰ ਬੁਲਾਇਆ ਸੀ, ਉਹ ਸਾਰੇ ਰਣਭੂਮੀ ਵਲ ਜੰਗ ਕਰਨ ਲਈ ਤੁਰ ਪਏ। ਇਉਂ ਪ੍ਰਤੀਤ ਹੋ ਰਿਹਾ ਸੀ ਕਿ ਜਮ ਰਾਜ ਨੇ ਇਹਨਾਂ ਸਾਰਿਆਂ ਨੂੰ ਜਮਪੁਰੀ ਵਲ ਘਲਣ ਲਈ ਜੰਗ ਦੇ ਮੈਦਾਨ ਵਲ ਤੋਰ ਦਿੱਤਾ ਸੀ॥ ੩੦॥

ਪਉੜੀ॥ ਢੋਲ ਨਗਾਰੇ ਵਾਏ ਦਲਾਂ ਮੁਕਾਬਲਾ॥
ਰੋਹ ਰੁਹੇਲੇ ਆਏ ਉਤੇ ਰਾਕਸ਼ਾਂ॥
ਸਭਨੀ ਤੁਰੇ ਨਚਾਏ ਬਰਛੇ ਪਕੜ ਕੈ॥
ਬਹੁਤੇ ਮਾਰ ਗਿਰਾਏ ਅੰਦਰ ਖੇਤ ਦੈ॥
ਤੀਰੀ ਛਹਬਰ ਲਾਏ ਬੁੱਠੀ ਦੇਵਤਾ॥ ੩੧॥

ਢੋਲਾਂ ਤੇ ਨਗਾਰਿਆਂ ਦੇ ਵਜੱਣ ਨਾਲ ਫੌਜਾਂ ਦਾ ਮੁਕਾਬਲਾ ਸ਼ੁਰੂ ਹੋ ਗਿਆ। ਗੁੱਸੇ ਦੇ ਭਰੇ ਹੋਏ ਰਾਖਸ਼ ਰਣਭੂਮੀ ਵਿਚ ਪਹੁੰਚ ਗਏ। ਰਾਖਸ਼ਾਂ ਨੇ ਆਪਣੇ ਹੱਥਾਂ ਵਿਚ ਨੇਜ਼ੇ ਫੜ ਕੇ ਘੋੜਿਆਂ ਨੂੰ ਨਚਾਇਆ। ਰਣਭੂਮੀ ਵਿਚ ਦੁਰਗਾ ਨੇ ਬਹੁਤ ਸਾਰੇ ਰਾਖਸ਼ਾਂ ਨੂੰ ਮਾਰ ਕੇ ਸੁੱਟ ਦਿੱਤਾ। ਦੇਵੀ ਨੇ ਮੀਂਹ ਵਾਂਗੂੰ ਤੀਰਾਂ ਦੀ ਛਹਿਬਰ ਲਾ ਦਿੱਤੀ ਭਾਵ ਬੇਸ਼ੁਮਾਰ ਤੀਰ ਚਲਾਏ॥ ੩੧॥

ਪਉੜੀ॥ ਭੇਰੀ ਸੰਖ ਵਜਾਏ ਸੰਘਰਿ ਰਚਿਆ॥
ਤਣਿ ਤਣਿ ਤੀਰ ਚਲਾਏ ਦੁਰਗਾ ਧਨਖ ਲੈ॥

ਜਿਨੀ ਦਸਤ ਉਠਾਏ ਰਹੇ ਨ ਜੀਵਦੇ॥
ਚੰਡ ਅਰੁ ਮੁੰਡ ਖਪਾਏ ਦੋਨੋ ਦੇਵਤਾ॥ ੩੨॥

ਸ਼ਹਿਨਾਈਆਂ ਤੇ ਸੰਖ ਵੱਜਣ ਨਾਲ ਜੁੱਧ ਆਰੰਭ ਹੋ ਗਿਆ। ਦੁਰਗਾ ਨੇ ਹੱਥ ਵਿਚ ਧਨੁਖ ਲੈ ਕੇ ਖਿੱਚ ਖਿੱਚ ਕੇ ਰਾਖਸ਼ਾਂ ਤੇ ਤੀਰ ਚਲਾਏ। ਜਿੰਨ੍ਹਾਂ ਰਾਖਸ਼ ਨੇ ਦੇਵੀ ਤੇ ਹੱਥ ਉਠਾਇਆ ਭਾਵ ਜੰਗ ਲਈ ਸਾਹਮਣੇ ਆਏ, ਸਾਰੇ ਹੀ ਮਾਰੇ ਗਏ। ਦੇਵੀ ਦੁਰਗਾ ਨੇ ਹੋਰ ਰਾਖਸ਼ਾਂ ਦੇ ਨਾਲ ਹੀ ਰਾਖਸ਼ਾਂ ਦੇ ਦੋਹਾਂ ਸੈਨਾਪਤੀਆਂ ਚੰਡ ਤੇ ਮੁੰਡ ਨੂੰ ਵੀ ਖਤਮ ਕਰ ਦਿੱਤਾ॥ ੩੨॥

ਪਉੜੀ॥ ਸੁੰਭ ਨਿਸੁੰਭ ਰਿਸਾਏ ਮਾਰੇ ਦੈਤ ਸੁਣ॥
ਜੋਧੇ ਸਭ ਬੁਲਾਏ ਅਪਣੇ ਮਜਲਸੀ॥
ਜਿਨੀ ਦੇਉ ਭਜਾਏ ਇੰਦਰ ਜੇਹਵੇ॥
ਤੇਈ ਮਾਰ ਗਿਰਾਏ ਪਲ ਵਿਚ ਦੇਵਤਾ॥
ਉਨੀ ਦਸਤੀ ਦਸਤਿ ਵਜਾਏ ਤਿੰਨਾ ਚਿਤ ਕਰਿ॥
ਫਿਰ ਸ੍ਰਣਵਤ ਬੀਜ ਚਲਾਏ ਬੀੜੇ ਰਾਇ ਦੇ॥
ਸੰਜ ਪਟੇਲਾ ਪਾਏ ਚਿਲਕਤ ਟੋਪੀਆਂ॥
ਲੁੱਝਣ ਨੋ ਅਰੜਾਏ ਰਾਕਸ਼ ਰੋਹਲੇ॥
ਕਦੇ ਨ ਕਿਨੈ ਹਟਾਏ ਜੁੱਧ ਮਚਾਇਕੈ॥
ਮਿਲ ਤੇਈ ਦਾਨੋ ਆਏ ਹੁਣ ਸੰਘਰਿ ਦੇਖਣਾ॥ ੩੩॥

ਸੁੰਭ ਤੇ ਨਿਸੁੰਭ ਨੇ ਜਦੋਂ ਚੰਡ ਤੇ ਮੁੰਡ ਤੇ ਹੋਰ ਰਾਖਸ਼ ਦਾ ਮਰਨਾ ਸੁਣਿਆਂ ਤਾਂ ਉਹ ਦੋਵੇਂ ਬੜੇ ਗੁਸੇ ਵਿਚ ਭਰ ਗਏ। ਉਹਨਾਂ ਨੇ ਆਪਣੇ ਸਲਾਹਕਾਰ ਸਭ ਸੂਰਮਿਆਂ ਨੂੰ ਬੁਲਾ ਲਿਆ। ਉਨ੍ਹਾਂ ਸੋਚਿਆ ਕਿ ਜਿੰਨ੍ਹਾਂ ਨੇ ਰਾਜਾ ਇੰਦਰ ਵਰਗੇ ਦੇਵਤਿਆਂ ਨੂੰ ਮੈਦਾਨ ਵਿਚੋਂ ਨਸਾ ਦਿੱਤਾ ਸੀ ਇਹੋ ਜਿਹੇ ਬਹਾਦਰ ਯੋਧਿਆਂ ਨੂੰ ਦੇਵੀ ਨੇ ਇਕ ਪਲ ਵਿਚ ਖਤਮ ਕਰ ਦਿੱਤਾ। ਜਿਸ ਵੇਲੇ ਸਭਾ ਵਿਚ ਚੰਡ ਤੇ ਮੁੰਡ ਦੇ ਮਰਨ ਦੀ ਖਬਰ ਰਾਕਸ਼ਾਂ ਨੇ ਸੁਣੀ ਤਾਂ ਸਭ ਨੇ ਬੜੇ ਅਫਸੋਸ ਨਾਲ ਹੱਥਾਂ ਤੇ ਹੱਥ ਮਾਰੇ ਭਾਵ ਅਫਸੋਸ ਨਾਲ ਹੱਥ ਮਲੇ। ਸਾਰਿਆਂ ਦੀ ਸਲਾਹ ਨਾਲ ਸੁੰਭ ਨੇ ਪਾਨ ਦਾ ਬੀੜਾ ਦੇ ਕੇ ਸ੍ਰਣਵਤ ਬੀਜ ਭਾਵ ਰਕਤਬੀਜ ਨੂੰ ਫੌਜ ਦੇ ਕੇ ਦੇਵੀ ਨਾਲ ਜੰਗ ਕਰਨ ਲਈ ਭੇਜਿਆ। ਰਕਤਬੀਜ ਨੇ ਸੰਜੋਅ, ਲੋਹੇ ਦੀ ਜਾਲੀ ਤੇ ਚਮਕਦਾਰ ਟੋਪ ਪਹਿਨਿਆ। ਬੜੇ ਕਰੋਧ ਨਾਲ ਭਰੇ ਰਾਖਸ਼ ਜੰਗ ਕਰਨ ਲਈ ਬੜਕਾਂ ਮਾਰ ਰਹੇ ਸਨ। ਇਹੋ ਜਿਹੇ ਬਹਾਦਰ ਸੂਰਮੇ ਜੰਗ ਲਈ ਤੁਰੇ ਜਿੰਨ੍ਹਾਂ ਨੂੰ ਮੈਦਾਨ ਵਿਚੋਂ ਅੱਜ ਤਕ ਕੋਈ ਵੀ ਭਜਾ ਨਹੀਂ ਸੀ ਸਕਿਆ। ਇਹ ਰਾਖਸ਼ ਚੜ੍ਹਾਈ ਕਰ

ਕੇ ਰਣਭੂਮੀ ਵਿਚ ਆ ਪਹੁੰਚੇ। ਹੁਣ ਇਨ੍ਹਾਂ ਦਾ ਯੁੱਧ ਵੇਖੋ ਕਿ ਇਹ ਕਿਵੇਂ ਬਹਾਦਰੀ ਨਾਲ ਟਾਕਰਾ ਕਰਦੇ ਸਨ॥ ੩੩॥

**ਪਉੜੀ॥ ਦੈਤੀ ਡੰਡ ਉਭਾਰੀ ਨੇੜੈ ਆਇਕੈ॥**
**ਸਿੰਘੁ ਕਰੀ ਅਸਵਰੀ ਦੁਰਗਾ ਸ਼ੋਰ ਸੁਣ॥**
**ਖੱਬੈ ਦਸਤ ਉਭਾਰੀ ਗਦਾ ਫਿਰਾਇਕੈ॥**
**ਸੈਨਾ ਸਭ ਸੰਘਾਰੀ ਸ੍ਰਣਵਤ ਬੀਜ ਦੀ॥**
**ਜਣ ਮਦ ਖਾਇ ਮਦਾਰੀ ਘੂਮਨ ਸੂਰਮੇ॥**
**ਅਗਣਤ ਪਾਉ ਪਸਾਰੀ ਰੁਲੇ ਅਹਾੜ ਵਿਚਿ॥**
**ਜਾਪੈ ਖੇਡ ਖਿਡਾਰੀ ਸੁੱਤੇ ਫਾਗ ਨੂੰ॥ ੩੪॥**

ਰਣਭੂਮੀ ਦੇ ਨੇੜੇ ਪਹੁੰਚ ਕੇ ਰਾਖਸ਼ਾਂ ਨੇ ਬੜਾ ਸ਼ੋਰ ਸ਼ਰਾਬਾ ਕਰ ਦਿੱਤਾ। ਰਾਖਸ਼ਾਂ ਦਾ ਰੌਲਾ ਗੌਲਾ ਸੁਣ ਕੇ ਦੁਰਗਾ ਰਣਭੂਮੀ ਵਿਚ ਜਾਣ ਲਈ ਸ਼ੇਰ ਤੇ ਸਵਾਰ ਹੋ ਗਈ। ਦੇਵੀ ਨੇ ਆਪਣੇ ਖਬੇ ਹੱਥ ਵਿਚ ਗਦਾ ਲੈ ਕੇ ਉਸ ਨੂੰ ਘੁਮਾਇਆ। ਦੁਰਗਾ ਨੇ ਸ੍ਰਣਵਤ ਬੀਜ ਦੀ ਸਾਰੀ ਫੌਜ ਮਾਰ ਦਿੱਤੀ। ਰਣਭੂਮੀ ਵਿਚ ਸੂਰਮੇ ਇਉਂ ਮਸਤ ਹੋਏ ਘੁੰਮ ਰਹੇ ਸਨ , ਜਿਵੇਂ ਸ਼ਰਾਬ ਪੀ ਕੇ ਸ਼ਰਾਬੀ ਲੋਟ ਪੋਟ ਹੁੰਦੇ ਹਨ। ਬੇਸ਼ੁਮਾਰ ਸੂਰਮੇ ਰਣਭੂਮੀ ਵਿਚ ਪੈਰ ਪਸਾਰ ਕੇ ਪਏ ਹੋਏ ਸਨ ਭਾਵ ਧਰਤੀ ਤੇ ਮੁਰਦਾ ਹੋਏ ਪਏ ਸਨ। ਮੁਰਦਾ ਹੋਏ ਪਏ ਰਾਖਸ਼ ਇਉਂ ਜਾਪਦੇ ਸਨ ਜਿਵੇਂ ਹੋਲੀਆਂ ਖੇਡ ਕੇ ਖਿਡਾਰੀ ਥੱਕ ਕੇ ਸੁੱਤੇ ਪਏ ਹੋਣ॥ ੩੪॥

**ਪਉੜੀ॥ ਸ੍ਰਣਵਤ ਬੀਜ ਹਕਾਰੇ ਰਹਦੇ ਸੂਰਮੇ॥**
**ਜੋਧੇ ਜੇਡੁ ਮੁਨਾਰੇ ਦਿਸੱਣ ਖੇਤ ਵਿਚਿ॥**
**ਸਭਨੀ ਦਸਤ ਉਭਾਰੇ ਤੇਗਾਂ ਧੂਹਿ ਕੈ॥**
**ਮਾਰੋ ਮਾਰ ਪੁਕਾਰੇ ਆਏ ਸਾਮ੍ਹਣੇ॥**
**ਸੰਜਾ ਤੇ ਠਣਿਕਾਰੇ ਤੇਗੀਂ ਉਭਰੇ॥**
**ਘਾਟ ਘੜਨਿ ਠਠਿਆਰੇ ਜਾਣਿ ਬਣਾਇਕੈ॥ ੩੫॥**

ਸ੍ਰਵਣਤ ਬੀਜ ਨੇ ਬਾਕੀ ਰਹਿੰਦੇ ਸੂਰਮੇ ਵੀ ਮੈਦਾਨ ਵਿਚ ਬੁਲਾ ਲਏ। ਇਹ ਸੂਰਮੇ ਰਣਭੂਮੀ ਵਿਚ ਖੜੋਤੇ ਵਡੇ ਵਡੇ ਮੁਨਾਰਿਆਂ ਵਾਂਗੂੰ ਪ੍ਰਤੀਤ ਹੋ ਰਹੇ ਸਨ। ਸਾਰੇ ਰਾਖਸ਼ ਤਲਵਾਰਾਂ ਮਿਆਨ ਵਿਚੋਂ ਕੱਢ ਕੇ ਆਪਣਿਆਂ ਹੱਥਾਂ ਵਿਚ ਘੁੰਮਾ ਰਹੇ ਸਨ। 'ਮਾਰ ਲੌ, ਮਾਰ ਲੌ' ਕਰਦੇ ਰਾਖਸ਼ ਦੁਰਗਾ

ਦੇ ਸਾਹਮਣੇ ਮੈਦਾਨ ਵਿਚ ਆ ਗਏ। ਸੰਜੋਆਂ ਤੇ ਪੈਂਦੀਆਂ ਤਲਵਾਰਾਂ ਦੀ ਆਵਾਜ਼ ਇਉਂ ਪ੍ਰਤੀਤ ਹੋ ਰਹੀ ਸੀ ਜਿਵੇਂ ਠਠਿਆਰ ਭਾਂਡਿਆਂ ਨੂੰ ਬਣਾ ਸਵਾਰਕੇ ਘੜ ਰਹੇ ਸਨ॥ ੩੫॥

ਪਉੜੀ॥ ਸੱਟ ਪਈ ਜਮਧਾਣੀ ਦਲਾ ਮੁਕਾਬਲਾ॥
ਘੂਮਰ ਬਰਗਸਤਾਣੀ ਦਲ ਵਿਚਿ ਘੱਤੀਓ॥
ਸਣੇ ਤੁਰਾ ਪਲਾਣੀ ਡਿੱਗਣ ਸੂਰਮੇ॥
ਉਠਿ ਉਠਿ ਮੰਗਣਿ ਪਾਣੀ ਘਾਇਲ ਘੂਮਦੇ॥
ਏਵਡੁ ਮਾਰ ਵਿਹਾਣੀ ਉੱਪਰ ਰਾਕਸ਼ਾਂ॥
ਬਿੱਜਲ ਜਿਉ ਝਰਲਾਣੀ ਉੱਠੀ ਦੇਵਤਾ॥ ੩੬॥

ਧੌਂਸਿਆਂ ਤੇ ਚੋਟਾਂ ਲੱਗੀਆਂ ਤਾਂ ਫੌਜਾਂ ਵਿਚ ਮੁਕਾਬਲਾ ਸ਼ੁਰੂ ਹੋ ਗਿਆ। ਦੋਹਾਂ ਪਾਸਿਆਂ ਦੀਆਂ ਫੌਜਾਂ ਵਿਚ ਊਧਮ ਧੁੰਮੀ ਮਚ ਗਈ ਤੇ ਭਾਜੜ ਪੈ ਗਈ। ਬੜੇ ਬੜੇ ਜੋਧੇ ਘੋੜਿਆਂ ਤੇ ਕਾਠੀਆਂ ਸਮੇਤ ਧਰਤੀ ਤੇ ਮਰ ਮਰ ਕੇ ਡਿੱਗ ਰਹੇ ਸਨ। ਫੱਟੜ ਹੋਏ ਸੂਰਮੇ ਚੱਕਰ ਖਾ ਖਾ ਕੇ ਡਿੱਗ ਰਹੇ ਸਨ ਤੇ ਫਿਰ ਉਠ ਉਠ ਕੇ ਪਾਣੀ ਮੰਗਦੇ ਸਨ। ਦੁਰਗਾ ਨੇ ਰਾਖਸ਼ਾਂ ਨੂੰ ਏਨੀ ਮਾਰ ਮਾਰੀ ਜੋ ਕਹਿਣ ਸੁਣਨ ਤੋਂ ਬਾਹਰ ਹੈ। ਰਣਭੂਮੀ ਵਿਚ ਦੁਰਗਾ ਇਉਂ ਕੜਕ ਰਹੀ ਸੀ ਜਿਵੇਂ ਬੱਦਲਾਂ ਵਿਚ ਬਿਜਲੀ ਕੜਕਦੀ ਹੈ॥ ੩੬॥

ਪਉੜੀ॥ ਚੋਬੀ ਧਉਸ ਉਭਾਰੀ ਦਲਾਂ ਮੁਕਾਬਲਾ॥
ਸਭੋ ਸੈਨਾ ਮਾਰੀ ਪਲ ਵਿਚਿ ਦਾਨਵੀ॥
ਦੁਰਗਾ ਦਾਨੋ ਮਾਰੇ ਰੋਹ ਬਢਾਇਕੈ॥
ਸਿਰ ਵਿਚਿ ਤੇਗ ਵਗਾਈ ਸ੍ਰਣਵਤਬੀਜ ਦੇ॥ ੩੭॥

ਜਦੋਂ ਨਗਾਰਚੀਆਂ ਨੇ ਧੌਂਸਿਆਂ ਤੇ ਚੋਟਾਂ ਲਾਈਆਂ, ਤਦੋਂ ਫੌਜਾਂ ਵਿਚ ਜੰਗ ਸ਼ੁਰੂ ਹੋ ਗਿਆ। ਦੁਰਗਾ ਨੇ ਦੁਰਗਾ ਨੇ ਬਹੁਤ ਥੋੜੇ ਸਮੇਂ ਵਿਚ ਰਾਖਸ਼ਾਂ ਦੀ ਸਾਰੀ ਸੈਨਾ ਨੂੰ ਖਤਮ ਕਰ ਦਿੱਤਾ। ਦੇਵੀ ਨੇ ਰਕਤਬੀਜ ਦੇ ਸਿਰ ਉੱਤੇ ਬੜੇ ਕਰੋਧ ਵਿਚ ਭਰ ਕੇ ਰਾਖਸ਼ਾਂ ਨੂੰ ਤਬਾਹ ਕਰ ਦਿੱਤਾ। ਦੇਵੀ ਨੇ ਰਕਤਬੀਜ ਦੇ ਸਿਰ ਉੱਤੇ ਤਲਵਾਰ ਦਾ ਭਰਵਾਂ ਵਾਰ ਕੀਤਾ॥ ੩੭॥

ਪਉੜੀ॥ ਅਗਣਤ ਦਾਨੋ ਭਾਰੇ ਹੋਏ ਲੋਹੂਆ॥
ਜੋਧੇ ਜੇਡੁ ਮੁਨਾਰੇ ਅੰਦਰਿ ਖੇਤ ਦੈ॥
ਦੁਰਗਾ ਨੋ ਲਲਕਾਰੇ ਆਵਣ ਸਾਮ੍ਹਣੇ॥

ਦੂਰਗਾ ਸਭ ਸੰਘਾਰੇ ਰਾਕਸ਼ ਆਂਵਦੇ॥
ਰਤੂ ਦੇ ਪਰਨਾਲੇ ਤਿਨ ਤੇ ਭੁਇ ਪਏ॥
ਉਠਿ ਕਾਰਣਿਆਰੇ ਰਾਕਸ਼ ਹੜਹੜਾਇ॥ ੩੮॥

ਸ੍ਰਣਵਤ ਬੀਜ ਦੇ ਜ਼ਮੀਨ ਤੇ ਡਿੱਗੇ ਲਹੂ ਦੀਆਂ ਬੂੰਦਾਂ ਵਿਚੋਂ ਬੇਸ਼ੁਮਾਰ ਵਡੇ ਵਡੇ ਰਾਖਸ਼ ਪੈਦਾ ਹੋ ਗਏ। ਜੰਗ ਦੇ ਮੈਦਾਨ ਵਿਚ ਉਹ ਰਾਖਸ਼ ਮੁਨਾਰਿਆਂ ਜਿਡੇ ਉੱਚੇ ਖੜੇ ਹੋ ਗਏ। ਉਹ ਰਾਖਸ਼ ਲਲਕਾਰਦੇ ਹੋਏ ਦੁਰਗਾ ਦੇ ਸਾਹਮਣੇ ਜੰਗ ਕਰਨ ਲਈ ਆਏ। ਦੁਰਗਾ ਨੇ ਸਾਹਮਣੇ ਆਏ ਸਭ ਰਾਖਸ਼ਾਂ ਨੂੰ ਮਾਰ ਦਿੱਤਾ। ਉਹਨਾਂ ਰਾਖਸ਼ਾਂ ਦੇ ਸਰੀਰਾਂ ਵਿਚੋਂ ਲਹੂ ਦੇ ਪਰਨਾਲੇ ਧਰਤੀ ਤੇ ਚਲਣ ਲੱਗ ਪਏ। ਇਸ ਧਰਤੀ ਤੇ ਡਿੱਗੇ ਲਹੂ ਵਿਚੋਂ ਜੰਗ ਕਰਨ ਲਈ ਹੱਸਦੇ ਹੱਸਦੇ ਹੋਰ ਰਾਖਸ਼ ਉੱਠ ਖੜੇ ਹੋਏ॥ ੩੮॥

ਪਉੜੀ॥ ਧਗਾ ਸੰਗਲੀਆਲੀ ਸੰਘਰ ਵਾਇਆ॥
ਬਰਛੀ ਬੰਬਲੀਆਲੀ ਸੂਰੇ ਸੰਘਰੇ॥
ਭੇੜਿ ਮਚਿਆ ਬੀਰਾਲੀ ਦੁਰਗਾ ਦਾਨਵੀਂ॥
ਮਾਰ ਮਚੀ ਮੁਹਰਾਲੀ ਅੰਦਰਿ ਖੇਤ ਦੈ॥
ਜਣ ਨਟ ਲੱਥੇ ਛਾਲੀ ਢੋਲਿ ਬਜਾਇਕੈ॥
ਲੋਹੂ ਫਾਥੀ ਜਾਲੀ ਲੋਥੀ ਜਮਧੜੀ॥
ਘਣ ਵਿਚਿ ਜਿਉ ਛੰਛਾਲੀ ਤੇਗਾਂ ਹਸੀਆਂ॥
ਘੁੰਮਰਆਰਿ ਸਿਆਲੀ ਬਣੀਆਂ ਕੇ ਜਮਾਂ॥ ੩੯॥

ਰਣਭੂਮੀ ਵਿਚ ਸੰਗਲਾਂ ਵਾਲੇ ਧੌਂਸੇ ਵਜਾਏ ਗਏ। ਚਮਕੀਲੀਆਂ ਬਰਛੀਆਂ ਹੱਥਾਂ ਵਿਚ ਲੈ ਕੇ ਸੂਰਮੇ ਜੰਗ ਵਿਚ ਰੁੱਝ ਗਏ। ਰਾਖਸ਼ਾਂ ਤੇ ਦੁਰਗਾ ਵਿਚ ਬੜਾ ਭਿਆਨਕ ਜੁੱਧ ਮਚ ਗਿਆ। ਜੰਗ ਦੇ ਮੈਦਾਨ ਵਿਚ ਸੈਨਾ ਦੇ ਆਗੂਆਂ ਵਲੋਂ ਬੜੀ ਸਖਤ ਮਾਰੋ ਮਾਰ ਮਚ ਉਠੀ ਭਾਵ ਘਮਸਾਣ ਦਾ ਯੁੱਧ ਹੋਣ ਲੱਗਾ। ਸੂਰਮੇ ਇਉਂ ਉਛਲ ਉਛਲ ਕੇ ਜੰਗ ਕਰ ਰਹੇ ਸਨ, ਜਿਵੇਂ ਢੋਲ ਵਜਾ ਕੇ ਬਾਜੀਗਰ ਛਾਲਾਂ ਮਾਰਦੇ ਹਨ। ਸੂਰਮਿਆਂ ਦੇ ਸਰੀਰਾਂ ਵਿਚ ਬਰਛੀਆਂ ਤੇ ਕਟਾਰਾਂ ਇਉਂ ਧਸੀਆਂ ਹੋਈਆਂ ਸਨ, ਜਿਵੇਂ ਲਾਲ ਰੰਗ ਦੀਆਂ ਮੱਛੀਆਂ ਜਾਲ ਵਿਚ ਫਸੀਆਂ ਹੁੰਦੀਆਂ ਹਨ। ਸੂਰਮਿਆਂ ਦੇ ਹੱਥਾਂ ਵਿਚ ਫੜੀਆਂ ਤਲਵਾਰਾਂ ਇਉਂ ਚਮਕ ਰਹੀਆਂ ਸਨ, ਜਿਵੇਂ ਕਾਲੇ ਬੱਦਲਾਂ ਵਿਚ ਬਿਜਲੀ ਲਿਸ਼ਕਦੀ ਹੈ। ਸਿਆਲ ਦੀ ਧੁੰਦ ਵਾਂਗੂੰ ਹਰ ਪਾਸੇ ਤਲਵਾਰਾਂ ਹੀ ਤਲਵਾਰਾਂ ਛਾਈਆਂ ਹੋਈਆਂ ਸਨ॥ ੩੯॥

ਪਉੜੀ ॥ ਧੱਗਾ ਸੂਲਿ ਬਜਾਈਆਂ ਦਲਾਂ ਮੁਕਾਬਲਾ ॥
ਧੂਹਿ ਮਿਆਨੋ ਲਈਆਂ ਜੁਆਨੀ ਸੂਰਮੀ ॥
ਸ੍ਰਣਵਤ ਬੀਜ ਬਧਾਈਆਂ ਅਗਣਤ ਸੂਰਤਾਂ ॥
ਦੁਰਗਾ ਸਉਹੇ ਆਈਆਂ ਰੋਹ ਬਢਾਇਕੈ ॥
ਸਭਨੀ ਆਨ ਵਗਾਈਆਂ ਤੇਗਾਂ ਧੂਹਿਕੈ ॥
ਦੁਰਗਾ ਸਭ ਬਚਾਈਆਂ ਢਾਲ ਸੰਭਾਲਕੈ ॥
ਦੇਵੀ ਆਪ ਚਲਾਈਆਂ ਤਕਿ ਤਕਿ ਦਾਨਵੀ ॥
ਲੋਹੂ ਨਾਲਿ ਡੁਬਾਈਆਂ ਤੇਗਾਂ ਨੰਗੀਆਂ ॥
ਸਾਰਸੁਤੀ ਜਣ ਨ੍ਹਾਈਆਂ ਮਿਲਕੈ ਦੇਵੀਆਂ ॥
ਸਭੇ ਮਾਰ ਗਿਰਾਈਆਂ ਅੰਦਰਿ ਖੇਤ ਦੈ ॥
ਤਿਦੂੰ ਫੇਰਿ ਸਵਾਈਆਂ ਹੋਈਆਂ ਸੂਰਤਾਂ ॥ ੪੦ ॥

ਚੋਟਾਂ ਲਾ ਕੇ ਨਗਾਰੇ ਵਜਾਏ ਗਏ ਤੇ ਫੌਜਾਂ ਦਾ ਮੁਕਾਬਲਾ ਸ਼ੁਰੂ ਹੋ ਗਿਆ। ਸੂਰਬੀਰ ਜਵਾਨਾਂ ਨੇ ਜੰਗ ਕਰਨ ਲਈ ਮਿਆਨਾਂ ਵਿਚੋਂ ਤਲਵਾਰਾਂ ਧੂਹ ਲਈਆਂ। ਸ੍ਰਵਣਤ ਬੀਜ ਨੇ ਆਪਣੀਆਂ ਬੇਅੰਤ ਸ਼ਕਲਾਂ ਵਧਾ ਲਈਆਂ ਭਾਵ ਉਸ ਦੇ ਲਹੂ ਦੀਆਂ ਡਿੱਗੀਆਂ ਬੂੰਦਾਂ ਤੋਂ ਉਸ ਦੀ ਸ਼ਕਲ ਦੇ ਰਾਖਸ਼ ਬਣ ਬਣ ਕੇ ਮੈਦਾਨ ਵਿਚ ਖੜੇ ਹੋ ਜਾਂਦੇ ਸਨ। ਸ੍ਰਵਣਤ ਬੀਜ ਦੇ ਲਹੂ ਤੋਂ ਬਣੇ ਰਾਖਸ਼ ਬੜੇ ਗੁਸੇ ਨਾਲ ਤਲਵਾਰਾਂ ਲੈ ਕੇ ਦੁਰਗਾ ਨਾਲ ਜੁਧ ਕਰਨ ਲਈ ਮੈਦਾਨ ਵਿਚ ਆ ਗਏ। ਸਭ ਰਾਖਸ਼ਾਂ ਨੇ ਇਕੋ ਵਾਰ ਹੀ ਹੱਲਾ ਕਰਕੇ ਦੁਰਗਾ ਤੇ ਤਲਵਾਰਾ ਚਲਾਈਆਂ। ਦੁਰਗਾ ਨੇ ਸਭ ਰਾਖਸ਼ਾਂ ਦੀਆਂ ਤਲਵਾਰਾਂ ਦੇ ਵਾਰ ਆਪਣੀ ਢਾਲ ਤੇ ਰੋਕੇ। ਦੁਰਗਾ ਨੇ ਸਭ ਦੈਂਤਾਂ ਨੂੰ ਵੇਖ ਵੇਖ ਕੇ ਉਹਨਾਂ ਤੇ ਤਲਵਾਰ ਦੇ ਵਾਰ ਕੀਤੇ। ਸੂਰਮਿਆਂ ਨੇ ਆਪਣੀਆਂ ਨੰਗੀਆਂ ਤਲਵਾਰਾਂ ਲਹੂ ਨਾਲ ਤਰ ਕੀਤੀਆਂ। ਇਉਂ ਪ੍ਰਤੀਤ ਹੋ ਰਿਹਾ ਸੀ ਜਿਵੇਂ ਸਭ ਦੇਵੀਆਂ ਮਿਲ ਕੇ ਸਰਸ੍ਵਤੀ ਨਦੀ ਵਿਚ ਇਸ਼ਨਾਨ ਕਰ ਰਹੀਆਂ ਸਨ। ਸ੍ਰਣਵਤ ਬੀਜ ਦੇ ਲਹੂ ਤੋਂ ਬਣੀਆਂ ਸਭ ਸ਼ਕਲਾਂ ਰਾਕਸ਼ਾਂ ਨੂੰ ਦੁਰਗਾ ਨੇ ਮੈਦਾਨ ਵਿਚ ਮਾਰ ਕੇ ਸੁੱਟ ਦਿੱਤਾ। ਸ੍ਰਣਵਤ ਬੀਜ ਦੀਆਂ ਇਹ ਸ਼ਕਲਾਂ ਅਗੇ ਨਾਲੋਂ ਵੀ ਵਧੇਰੇ ਪੈਦਾ ਹੋ ਗਈਆਂ।ਉਸ ਦੇ ਲਹੂ ਦੀ ਇਕ ਇਕ ਬੂੰਦ ਤੋਂ ਇਕ ਇਕ ਰਾਖਸ਼ ਬਣ ਜਾਂਦਾ ਸੀ॥ ੪੦ ॥

ਪਉੜੀ ॥ ਸੂਰੀ ਸੰਘਰਿ ਰਚਿਆ ਢੋਲ ਸੰਖ ਨਗਾਰੇ ਵਾਇਕੈ ॥
ਚੰਡ ਚਿਤਾਰੀ ਕਾਲਕਾ ਮਨ ਬਾਹਲਾ ਰੋਸੁ ਬਢਾਇਕੈ ॥

ਨਿਕਲੀ ਮੱਥਾ ਫੋੜਿਕੈ ਜਨ ਫਤੇ ਨੀਸ਼ਾਣ ਬਜਾਇਕੈ॥
ਜਾਗ ਸੁ ਜੰਮੀ ਜੁੱਧ ਨੂੰ ਜਰਵਾਣਾ ਜਣ ਮਰੜਾਇਕੈ॥
ਦਲ ਵਿਚਿ ਘੇਰਾ ਘੱਤਿਆ ਜਨ ਸ਼ੀਂਹ ਤੁਰਿਆ ਗਣਿਣਾਇਕੈ॥
ਆਪ ਵਿਸੂਲਾ ਹੋਇਆ ਤਿਹੁ ਲੋਕਾਂ ਤੇ ਖੁਨਸਾਇਕੈ॥
ਰੋਹ ਸਿਧਾਈਆਂ ਚਕ੍ਰਪਾਣ ਕਰ ਨਿੰਦਾ ਖੜਗ ਉਠਾਇਕੈ॥
ਅਗੈ ਰਾਕਸ਼ ਬੈਠੇ ਰੋਹਲੇ ਤੀਰੀ ਤੇਗੀ ਛਹਬਰ ਲਾਇਕੈ॥
ਪਕੜ ਪਛਾੜੇ ਰਾਕਸ਼ਾਂ ਦਲ ਦੈਤਾ ਅੰਦਰਿ ਜਾਇਕੇ॥
ਬਹੁ ਕੇਸੀ ਪਕੜਿ ਪਛਾੜਿਅਨਿ ਤਿਨ ਅੰਦਰਿ ਧੂਮ ਰਚਾਇਕੈ॥
ਬਡੇ ਬਡੇ ਚੁਣ ਸੂਰਮੇ ਗਹਿ ਕੋਟੀ ਦਏ ਚਲਾਇਕੈ॥
ਰਣ ਕਾਲੀ ਗੁੱਸਾ ਖਾਇਕੈ॥੪੧॥

ਰਣਭੂਮੀ ਵਿਚ ਸੂਰਮਿਆਂ ਨੇ ਢੋਲ, ਸੰਖ ਤੇ ਨਗਾਰੇ ਵਜਾ ਕੇ ਜੰਗ ਆਰੰਭ ਕੀਤਾ। ਦੁਰਗਾ ਨੇ ਆਪਣੇ ਮਨ ਵਿਚ ਬਹੁਤ ਗੁਸਾ ਵਧਾ ਕੇ ਕਾਲੀ ਦੇਵੀ ਨੂੰ ਚਿਤਾਰਿਆ ਭਾਵ ਕਾਲਕਾ ਨੂੰ ਆਪਣੇ ਕੋਲ ਸਦਿਆ। ਜਿਸ ਵੇਲੇ ਦੁਰਗਾ ਨੇ ਕਾਲੀ ਦੇਵੀ ਨੂੰ ਯਾਦ ਕੀਤਾ, ਉਹ ਉਸੇ ਸਮੇਂ ਦੁਰਗਾ ਦਾ ਮੱਥਾ ਪਾੜ ਕੇ ਪ੍ਰਗਟ ਹੋ ਗਈ। ਇਉਂ ਪ੍ਰਤੀਤ ਹੋਇਆ ਜਿਵੇਂ ਫ਼ਤਹਿ ਦਾ ਨਗਾਰਾ ਵਜਾਉਂਦੀ ਹੋਈ ਕਾਲਕਾ ਆਈ ਹੈ। ਕਾਲੀ ਦੇਵੀ ਜੰਮਦਿਆਂ ਸਾਰ ਜੁੱਧ ਕਰਨ ਲਈ ਇਉਂ ਗਰਜਦੀ ਆਈ ਜਿਵੇਂ ਬੀਰਭੱਦਰ ਸ਼ਿਵ ਜੀ ਦੀਆਂ ਜਟਾਂ ਵਿਚੋਂ ਗਰਜਦਾ ਹੋਇਆ ਪ੍ਰਗਟ ਹੋਇਆ ਸੀ। ਕਾਲੀ ਦੇਵੀ ਨੇ ਰਣਭੂਮੀ ਵਿਚ ਆ ਕੇ ਦੁਸ਼ਮਨ ਦੀਆਂ ਫੌਜਾਂ ਨੂੰ ਇਉਂ ਘੇਰਾ ਪਾ ਲਿਆ, ਜਿਵੇਂ ਗਰਜਦਾ ਹੋਇਆ ਸ਼ੇਰ ਆਪਣੇ ਸ਼ਿਕਾਰ ਨੂੰ ਘੇਰ ਲੈਂਦਾ ਹੈ। ਇਉਂ ਜਾਪਦਾ ਸੀ ਜਿਵੇਂ ਪ੍ਰਭੂ ਆਪ ਤਿੰਨਾਂ ਲੋਕਾਂ ਤੇ ਬੜਾ ਕਰੋਧਵਾਨ ਹੋ ਕੇ ਆਇਆ ਹੈ। ਕਾਲੀ ਦੇਵੀ ਬੜੇ ਕਰੋਧ ਵਿਚ ਭਰੀ ਹੋਈ ਇਕ ਹੱਥ ਵਿਚ ਚੱਕਰ ਤੇ ਦੂਜੇ ਵਿਚ ਤਲਵਾਰ ਫੜ ਕੇ ਜੰਗ ਕਰਨ ਲਈ ਤੁਰ ਪਈ। ਅਗੇ ਰਾਖਸ਼ ਵੀ ਬੜੇ ਗੁਸੇ ਵਿਚ ਭਰੇ ਤਿਆਰ ਬਰ ਤਿਆਰ ਬੈਠੇ ਸਨ, ਉਹਨਾਂ ਨੇ ਕਾਲਕਾ ਨੂੰ ਵੇਖ ਕੇ ਤੀਰਾਂ ਤੇ ਤਲਵਾਰਾਂ ਦੀ ਛਹਿਬਰ ਲਾ ਦਿੱਤੀ। ਰਾਖਸ਼ਾਂ ਦੀਆਂ ਫੌਜਾਂ ਵਿਚ ਕਾਲਕਾ ਨੇ ਪ੍ਰਵੇਸ ਕਰਕੇ ਉਹਨਾਂ ਨੂੰ ਪਟਕਾ ਪਟਕਾ ਕੇ ਮਾਰਿਆ। ਕਾਲਕਾ ਰਾਖਸ਼ਾਂ ਦੀਆਂ ਫੌਜਾਂ ਵਿਚ ਗਰਜਦੀ ਹੋਈ ਪਹੁੰਚੀ ਤੇ ਉਸ ਨੇ ਰਾਖਸ਼ਾਂ ਨੂੰ ਕੇਸਾਂ ਤੋਂ ਫੜ ਫੜ ਕੇ ਵਗਾਹ ਵਗਾਹ ਮਾਰਿਆ। ਤੀਰ ਚਲਾ ਚਲਾ ਕੇ ਕਾਲਕਾ ਨੇ ਰਾਖਸ਼ਾਂ ਦੇ ਵਡੇ ਵਡੇ ਸੂਰਮਿਆਂ ਨੂੰ ਖਤਮ ਕਰ ਦਿੱਤਾ। ਕਾਲੀ ਦੇਵੀ ਨੇ ਰਣਭੂਮੀ ਵਿਚ ਗੁੱਸਾ ਖਾ ਕੇ ਬੜਾ ਭਿਆਨਕ ਜੰਗ ਕੀਤਾ॥੪੧॥

ਪਉੜੀ॥ ਦੁਹਾ ਕੰਧਾਰਾਂ ਮੁਹਿ ਜੁੜੇ ਅਣੀਆਰਾ ਚੋਈਆਂ॥
ਧੂਹਿ ਕ੍ਰਿਪਾਨਾਂ ਤਿੱਖੀਆਂ ਨਾਲ ਲੋਹੂ ਧੋਈਆਂ॥
ਹੂਰਾਂ ਸ੍ਰੂਣਵਤਬੀਜ ਨੂੰ ਘਤਿ ਘੇਰਿ ਖਲੋਈਆਂ॥
ਲਾੜਾ ਦੇਖਨ ਲਾੜੀਆਂ ਚਉਗਿਰਦੈ ਹੋਈਆਂ॥ ੪੨॥

ਦੋਹਾਂ ਪਾਸਿਆਂ ਦੀਆਂ ਫੌਜਾਂ ਆਹਮੋ ਸਾਹਮਣੇ ਆ ਡਟੀਆਂ ਤੇ ਨੇਜ਼ਿਆਂ ਦੇ ਤਿੱਖਿਆਂ ਮੂੰਹਾਂ ਵਿਚੋਂ ਲਹੂ ਚੋਣ ਲੱਗਾ। ਸੂਰਮਿਆਂ ਨੇ ਮਿਆਨਾਂ ਵਿਚੋਂ ਤਲਵਾਰਾਂ ਧੂਹ ਲਈਆਂ ਤੇ ਉਹਨਾਂ ਨੂੰ ਲਹੂ ਨਾਲ ਧੋਤਾ ਭਾਵ ਵੈਰੀਆਂ ਦੇ ਲਹੂ ਵਿਚ ਤਰ ਕੀਤਾ। ਇਉਂ ਪ੍ਰਤੀਤ ਹੋ ਰਿਹਾ ਸੀ ਜਿਵੇਂ ਇਹ ਤਿੱਖੀਆਂ ਤਲਵਾਰਾਂ ਸ੍ਵਰਗ ਦੀਆਂ ਅਪੱਛਰਾਂ ਸਨ ਜੋ ਸ੍ਰੂਣਵਤ ਬੀਜ ਨੂੰ ਵਰਨ ਲਈ ਘੇਰਾ ਪਾ ਕੇ ਖਲੋਤੀਆਂ ਸਨ। ਜਾਂ ਇਉਂ ਜਾਣੋ ਕਿ ਇਹ ਤਲਵਾਰਾਂ ਲਾੜੀਆਂ ਬਣ ਕੇ ਆਪਣੇ ਲਾੜੇ ਨੂੰ ਵੇਖਣ ਵਾਸਤੇ ਉਸ ਦੇ ਆਲੇ ਦੁਆਲੇ ਇਕੱਠੀਆਂ ਹੋਈਆਂ ਸਨ॥ ੪੨॥

ਪਉੜੀ॥ ਚੋਬੀ ਧਉਸਾ ਪਾਈਆਂ ਦਲਾਂ ਮੁਕਾਬਲਾ॥
ਦਸਤੀ ਧੂਹ ਨਚਾਈਆਂ ਤੇਗਾਂ ਨੰਗੀਆਂ॥
ਸੂਰਿਆਂ ਦੇ ਤਨ ਲਾਈਆਂ ਗੋਸ਼ਤ ਗਿੱਧੀਆਂ॥
ਬਿੱਧਣਰਾਤੀ ਆਈਆਂ ਮਰਦਾਂ ਘੋੜਿਆਂ॥
ਜੋਗਣੀਆਂ ਮਿਲਿ ਧਾਈਆਂ ਲੋਹੂ ਭੱਖਣਾ॥
ਫੌਜਾਂ ਮਾਰ ਹਟਾਈਆਂ ਦੇਵਾਂ ਦਾਨਵਾਂ॥
ਭਜਦੀ ਕਥਾ ਸੁਣਾਈਆਂ ਰਾਜੇ ਸੁੰਭ ਥੈ॥
ਭੁਈਂ ਨ ਪਉਣੈ ਪਾਈਆਂ ਬੂੰਦਾਂ ਰਕਤ ਦੀਆਂ॥
ਕਾਲੀ ਖੇਤ ਖਪਾਈਆਂ ਸੱਭੇ ਸੂਰਤਾਂ॥
ਬਹੁਤੀ ਸਿਰੀ ਬਿਹਾਈਆਂ ਘੜੀਆਂ ਕਾਲ ਕੀਆਂ॥
ਜਾਣਿ ਨ ਜਾਏ ਮਾਈਆਂ ਜੂਝੇ ਸੂਰਮੇ॥ ੪੩॥

ਨਗਾਰਿਆਂ ਤੇ ਚੋਟਾਂ ਲੱਗੀਆਂ ਤੇ ਫੌਜਾਂ ਦਾ ਮੁਕਾਬਲਾ ਸ਼ੁਰੂ ਹੋ ਗਿਆ। ਯੋਧਿਆਂ ਨੇ ਆਪਣਿਆਂ ਹੱਥਾਂ ਵਿਚ ਨੰਗੀਆਂ ਤਲਵਾਰਾਂ ਫੜ ਲਈਆਂ ਤੇ ਵਾਰ ਕਰਨ ਲਈ ਉਹਨਾਂ ਨੂੰ ਘੁਮਾਇਆ। ਉਹ ਤਲਵਾਰਾਂ ਜਿਹੜੀਆਂ ਮਾਸ ਖਾਣ ਗਿਝੀਆਂ ਹੋਈਆਂ ਸਨ, ਦੁਰਗਾ ਨੇ ਰਾਖਸ਼ਾਂ ਦੇ ਸਰੀਰਾਂ ਵਿਚ

ਖੇਭੀਆਂ। ਦੁਰਗਾ ਨੇ ਐਸੀ ਕਟਾ ਵਢ ਕੀਤੀ ਕਿ ਸੂਰਮਿਆਂ ਤੇ ਘੋੜਿਆਂ ਲਈ ਦੁਖਦਾਈ ਰਾਤ ਆ ਗਈ। ਸੂਰਮਿਆਂ ਦਾ ਲਹੂ ਪੀਣ ਲਈ ਜੋਗਣੀਆਂ ਇੱਕਠਿਆਂ ਹੋ ਕੇ ਮੈਦਾਨ ਵਿਚ ਆ ਗਈਆਂ। ਦੁਰਗਾ ਨੇ ਬੜਾ ਭਿਆਨਕ ਜੰਗ ਮਚਾ ਕੇ ਰਾਖਸ਼ਾਂ ਦੀਆਂ ਫੋਜਾਂ ਨੂੰ ਪਿਛੇ ਧੱਕ ਦਿੱਤਾ। ਮੈਦਾਨ ਵਿਚੋਂ ਭਜ ਕੇ ਗਏ ਰਾਖਸ਼ਾਂ ਨੇ ਰਾਜੇ ਸੁੰਭ ਨੂੰ ਜੰਗ ਦੇ ਸਾਰੇ ਸਮਾਚਾਰ ਜਾਕੇ ਸੁਣਾਏ। ਰਾਜੇ ਸੁੰਭ ਨੂੰ ਰਾਖਸ਼ਾਂ ਨੇ ਦੱਸਿਆਂ ਕਿ ਰਕਤ ਬੀਜ ਦੇ ਖੂਣ ਦੀਆਂ ਬੂੰਦਾਂ ਜ਼ਮੀਨ ਤੇ ਨਹੀਂ ਡਿੱਗਣ ਦਿੱਤੀਆਂ ਗਈਆਂ। ਉਸ ਲਹੂ ਦੀਆਂ ਬੂੰਦਾਂ ਨੂੰ ਧਰਤੀ ਤੇ ਡਿੱਗਣ ਤੋਂ ਪਹਿਲਾਂ ਹੀ ਕਾਲਕਾ ਪੀ ਜਾਂਦੀ ਸੀ। ਕਾਲੀ ਨੇ ਰਕਤਬੀਜ ਦੇ ਲਹੂ ਤੋਂ ਬਣੀਆਂ ਸਭ ਰਾਖਸ਼ ਸ਼ਕਲਾਂ ਖਤਮ ਕਰ ਦਿੱਤੀਆਂ। ਬੇਸ਼ੁਮਾਰ ਰਾਖਸ਼ਾਂ ਦੇ ਸਿਰਾਂ ਤੇ ਕਾਲ ਦੀਆਂ ਘੜੀਆਂ ਆ ਪਹੁੰਚੀਆਂ। ਸੂਰਮੇ ਮਰ ਕੇ ਧਰਤੀ ਤੇ ਇਉਂ ਪਏ ਸਨ, ਜਿਵੇਂ ਉਹਨਾਂ ਦੀਆਂ ਮਾਵਾਂ ਨੇ ਉਹਨਾਂ ਨੂੰ ਜੰਮਿਆ ਹੀ ਨਹੀਂ ਹੁੰਦਾ॥ ੪੩॥

**ਪਉੜੀ॥ ਸੁੰਭ ਸੁਣੀ ਕਰਹਾਲੀ ਸ੍ਰੋਣਵਤ ਬੀਜ ਦੀ॥**
**ਰਣ ਵਿਚਿ ਕਿਨੈ ਨ ਝਾਲੀ ਦੁਰਗਾ ਆਂਵਦੀ॥**
**ਬਹੁਤੇ ਬੀਰ ਜਟਾਲੀ ਉੱਠੇ ਆਖਕੈ॥**
**ਚੋਟਾਂ ਪਾਨ ਤਬਾਲੀ ਜਾਸਨ ਜੁੱਧ ਨੂੰ॥**
**ਥਰਿ ਥਰਿ ਪ੍ਰਿਥਮੀ ਹਾਲੀ ਦਲਾਂ ਚੜੰਦਿਆਂ॥**
**ਨਾਉ ਜਿਵੇ ਹੈ ਚਾਲੀ ਸ਼ਹੁ ਦਰੀਆਉ ਵਿਚਿ॥**
**ਧੂੜਿ ਉਤਾਹਾਂ ਘਾਲੀ ਛੜੀ ਤੁਰੰਗਮਾਂ॥**
**ਜਾਣਿ ਪੁਕਾਰੂ ਚਾਲੀ ਧਰਤੀ ਇੰਦ੍ਰ ਥੈ॥ ੪੪॥**

ਰਾਜੇ ਸੁੰਭ ਨੇ ਰਣਭੂਮੀ ਵਿਚ ਸ੍ਰੋਣਵਤ ਬੀਜ ਦੀ ਹੋਈ ਦੁਰਦਸ਼ਾਂ ਨੂੰ ਬੜੇ ਦੁਖ ਨਾਲ ਸੁਣਿਆ ਤੇ ਉਸ ਨੇ ਇਹ ਵੀ ਸੁਣਿਆਂ ਕਿ ਜੰਗ ਦੇ ਮੈਦਾਨ ਵਿਚ ਦੁਰਗਾ ਦੇ ਹਮਲੇ ਨੂੰ ਕੋਈ ਸੂਰਮਾ ਵੀ ਨਹੀਂ ਰੋਕ ਸਕਿਆ। ਜੰਗ ਦੇ ਦੁਖਦਾਈ ਸਮਾਚਾਰ ਸੁਣ ਕੇ ਬੇਸ਼ੁਮਾਰ ਜਟਾਂ ਵਾਲੇ ਸੂਰਬੀਰ ਰਾਖਸ਼ ਬੜੇ ਰੋਹ ਨਾਲ ਉਠ ਖੜੇ ਹੋਏ। ਉਹਨਾਂ ਨੇ ਨਗਾਰਚੀਆਂ ਨੂੰ ਕਿਹਾ ਕਿ ਧੌਂਸਿਆਂ ਤੇ ਚੋਟਾਂ ਲਾਓ! ਸੂਰਮੇ ਜੁਧ ਕਰਨ ਲਈ ਰਣਭੂਮੀ ਵਿਚ ਜਾਣਗੇ। ਰਾਖਸ਼ਾਂ ਦੀਆਂ ਫੌਜਾਂ ਦੀ ਚੜ੍ਹਾਈ ਕਰਕੇ ਰਣਭੂਮੀ ਵਲ ਚਲਣ ਸਮੇਂ ਧਰਤੀ ਥਰ ਥਰ ਕੰਬਣ ਲੱਗ ਪਈ। ਧਰਤੀ ਇਉਂ ਕੰਬ ਉਠੀ ਜਿਵੇਂ ਡੂੰਘੇ ਦਰਿਆ ਦੀਆਂ ਘੁੰਮਣਘੇਰੀਆਂ ਵਿਚ ਫਸੀ ਬੇੜੀ ਡੋਲਦੀ ਹੈ। ਘੋੜਿਆਂ ਦੇ ਸੁੰਮਾਂ ਨਾਲ ਉਡਿਆ ਘੱਟਾ ਅਸਮਾਨ ਤਕ ਛਾ ਗਿਆ। ਇਉਂ ਪ੍ਰਤੀਤ ਹੋ ਰਿਹਾ ਸੀ ਜਿਵੇਂ ਧਰਤੀ ਇੰਦਰ ਕੋਲ ਆਪਣੇ ਦੁਖ ਦੀ ਪੁਕਾਰ ਕਰਨ ਲਈ ਜਾ ਰਹੀ ਸੀ॥ ੪੪॥

**ਪਉੜੀ॥ ਆਹਰਿ ਮਿਲਿਆ ਆਹਰੀਆਂ ਸੈਣ ਸੂਰਿਆਂ ਸਾਜੀ॥**

**ਚੱਲੇ ਸਉਹੇ ਦੁਰਗਸ਼ਾਹ ਜਣ ਕਾਬੈ ਹਾਜੀ॥**
**ਤੀਰੀ ਤੇਗੀ ਜਮਧੜੀ ਰਣ ਵੰਡੀ ਭਾਜੀ॥**
**ਇਕ ਘਾਇਲ ਘੂਮਨ ਸੂਰਮੇ ਜਣ ਮਕਤਬ ਕਾਜੀ॥**
**ਇਕ ਬੀਰ ਪਰੋਤੇ ਬਰਛੀਏ ਜਿਉ ਝੁਕ ਪਉਨ ਨਿਵਾਜੀ॥**
**ਇਕ ਦੁਰਗਾ ਸਉਹੇ ਖੁਨਸਕੈ ਖੁਨਸਾਇਨ ਤਾਜੀ॥**
**ਇਕ ਧਾਵਨ ਦੁਰਗਾ ਸਾਮੑਣੇ ਜਿਉ ਭੁਖਿਆਏ ਪਾਜੀ॥**
**ਕਦੇ ਨ ਰੱਜੇ ਜੁੱਝ ਤੇ ਰੱਜ ਹੋਏ ਰਾਜੀ॥੪੫॥**

ਸੂਰਮਿਆਂ ਨੂੰ ਜੰਗ ਕਰਨ ਦਾ ਆਹਰ ਉਤਸ਼ਾਹ ਮਿਲਿਆ ਤੇ ਉਹਨਾਂ ਨੇ ਫੌਜਾਂ ਨੂੰ ਤਿਆਰ ਕੀਤਾ। ਰਾਖਸ਼ਾਂ ਦੀਆਂ ਫੌਜਾਂ ਦੁਰਗਾ ਨਾਲ ਜੰਗ ਕਰਨ ਲਈ ਇਉਂ ਚਲ ਪਈਆਂ ਮਾਨੋ ਕਾਅਬੇ ਦਾ ਹੱਜ ਕਰਨ ਲਈ ਹਾਜੀ ਜਾ ਰਹੇ ਸਨ। ਰਾਖਸ਼ਾਂ ਦੇ ਆਗੂਆਂ ਨੇ ਆਪਣੇ ਸੂਰਮਿਆਂ ਵਿਚ ਤੀਰਾਂ, ਤਲਵਾਰਾਂ ਤੇ ਕਟਾਰਾਂ ਦੀ ਭਾਜੀ ਵੰਡੀ ਭਾਵ ਸੂਰਮਿਆਂ ਨੂੰ ਸ਼ਸਤਰ ਦਿੱਤੇ। ਕਈ ਸੂਰਮੇ ਜ਼ਖਮੀ ਹੋਏ ਮੈਦਾਨ ਵਿਚ ਇਉਂ ਘੁੰਮ ਰਹੇ ਸਨ ਜਿਵੇਂ ਮਦਰਸੇ ਵਿਚ ਕਾਜੀ ਸਿਰ ਹਿਲਾ ਹਿਲਾ ਬੱਚਿਆਂ ਨੂੰ ਕੁਰਾਨ ਪੜ੍ਹਾਉਂਦਾ ਹੈ। ਕਈ ਸੂਰਮੇ ਦੇਵੀ ਦੇ ਬਰਛੀ ਵਿਚ ਪਰੋਤੇ ਇਸ ਤਰ੍ਹਾਂ ਝੁਕੇ ਹੋਏ ਸਨ ਜਿਵੇਂ ਨਮਾਜ਼ੀ ਨਮਾਜ਼ ਪੜ੍ਹਨ ਲਈ ਧਰਤੀ ਤੇ ਝੁਕੇ ਹੁੰਦੇ ਹਨ। ਕਈ ਸੂਰਮੇ ਬੜੇ ਰੋਹ ਨਾਲ ਘੋੜੇ ਨਚਾਉਂਦੇ ਜੰਗ ਕਰਨ ਲਈ ਦੁਰਗਾ ਦੇ ਸਾਹਮਣੇ ਆਉਂਦੇ ਸਨ। ਕਈ ਰਾਖਸ਼ ਦੁਰਗਾ ਦੇ ਸਾਹਮਣੇ ਇਸ ਤਰ੍ਹਾਂ ਆਉਂਦੇ ਸਨ ਜਿਸ ਤਰ੍ਹਾਂ ਕੋਈ ਭੁਖਾ ਖਾਣਾ ਵੇਖ ਕੇ ਭੱਜ ਕੇ ਪੈਂਦਾ ਹੈ। ਉਹ ਸੂਰਮੇ ਜਿਹੜੇ ਕਦੀ ਜੰਗ ਕਰ ਕੇ ਰੱਜਦੇ ਨਹੀਂ ਸਨ, ਉਹ ਅੱਜ ਦੁਰਗਾ ਨਾਲ ਜੰਗ ਕਰਕੇ ਰੱਜ ਗਏ ਸਨ ਭਾਵ ਥਕ ਗਏ ਸਨ॥੪੫॥

**ਪਉੜੀ॥ ਬੱਜੇ ਸੰਗਲੀਆਲੇ ਸੰਘਰ ਡੋਹਰੇ॥**
**ਡਹੇ ਜੁ ਖੇਤ ਜਟਾਲੇ ਹਾਠਾਂ ਜੋੜਿਕੈ॥**
**ਨੇਜੇ ਬੰਬਲੀਆਲੇ ਦਿੱਸਨ ਓਰੜੇ॥**
**ਚੱਲੇ ਜਾਣ ਜਟਾਲੇ ਨਾਵਣ ਗੰਗ ਨੂੰ॥੪੬॥**

ਸੰਗਲਾਂ ਵਾਲੇ ਦੂਹਰੇ ਨਗਾਰੇ ਰਣਭੂਮੀ ਵਿਚ ਵੱਜੇ। ਜੱਟਾਧਾਰੀ ਰਾਖਸ਼ ਸੂਰਮਿਆਂ ਦੀਆਂ ਕਤਾਰਾਂ ਜੰਗ ਵਿਚ ਜੁੱਟ ਗਈਆਂ। ਝੰਡੀਆਂ ਵਾਲੇ ਨੇਜ਼ੇ ਸੂਰਮਿਆਂ ਦੇ ਹੱਥਾਂ ਵਿਚ ਝੁਕੇ ਹੋਏ ਦਿੱਸ ਰਹੇ ਸਨ। ਦੁਰਗਾ ਸਾਹਮਣੇ ਜਾਂਦੇ ਰਾਖਸ਼ਾਂ ਦਾ ਦ੍ਰਿਸ਼ ਇਸ ਤਰ੍ਹਾਂ ਦਾ ਪ੍ਰਤੀਤ ਹੋ ਰਿਹਾ ਸੀ ਜਿਵੇਂ ਜੱਟਾਧਾਰੀ ਸਾਧੂ ਗੰਗਾ ਦਾ ਇਸ਼ਨਾਨ ਕਰਨ ਲਈ ਜਾ ਰਹੇ ਸਨ॥੪੬॥

ਪਉੜੀ॥ ਦੁਰਗਾ ਅਤੈ ਦਾਨਵੀ ਸੂਲ ਹੋਈਆਂ ਕੰਗਾਂ॥
ਵਾਛੜ ਘੱਤੀ ਸੂਰਿਆਂ ਵਿਚ ਖੇਤ ਖਤੰਗਾਂ॥
ਧੂਹਿ ਕ੍ਰਿਪਾਣਾ ਤਿੱਖੀਆਂ ਬਢ ਲਾਹਨਿ ਅੰਗਾਂ॥
ਪਹਿਲਾਂ ਦਲਾਂ ਮਿਲੰਦਿਆਂ ਭੇੜ ਪਇਆ ਨਿਹੰਗਾਂ॥ ੪੭॥

ਦੁਰਗਾ ਤੇ ਦੈਂਤਾਂ ਦੀਆਂ ਫੌਜਾਂ ਸ਼ਸਤਰ ਧਾਰ ਕੇ ਜੰਗ ਲਈ ਫਿਕਰਮੰਦ ਹੋਈਆਂ ਭਾਵ ਯੁੱਧ ਕਰਨ ਬਾਰੇ ਤਜਵੀਜ਼ਾਂ ਸੋਚਣ ਲੱਗੀਆਂ। ਰਣਭੂਮੀ ਵਿਚ ਸੂਰਮਿਆਂ ਨੇ ਤੀਰਾਂ ਦਾ ਮੀਂਹ ਵਰਸਾ ਦਿੱਤਾ। ਸੂਰਮੇ ਤੇਜ਼ ਤਲਵਾਰਾਂ ਨਾਲ ਦੁਸ਼ਮਨਾਂ ਦੇ ਅੰਗ ਵੱਢ ਵੱਢ ਕੇ ਸੁੱਟ ਰਹੇ ਸਨ। ਦੋਹਾਂ ਪਾਸਿਆਂ ਦੀਆਂ ਫੌਜਾਂ ਨੇ ਆਹਮੋ ਸਾਹਮਣੇ ਆ ਜਾਣ ਤੇ ਸੂਰਮਿਆਂ ਦਾ ਜੁੱਧ ਮਚ ਗਿਆ॥ ੪੭॥

ਪਉੜੀ॥ ਓਰੜ ਫਉਜਾਂ ਆਈਆਂ ਬੀਰ ਚੜੇ ਕੰਧਾਰੀ॥
ਸੜਕ ਮਿਆਨੋ ਕਢੀਆਂ ਤਿਖੀਆਂ ਤਰਵਾਰੀ॥
ਕੜਕ ਉਠੇ ਰਣ ਮੱਚਿਆ ਵੱਡੇ ਹੰਕਾਰੀ॥
ਸਿਰ ਧੜ ਬਾਹਾਂ ਗੰਨਲ ਫੁਲ ਜੇਹੈ ਬਾੜੀ॥
ਜਾਪੇ ਕਟੇ ਬਾਢੀਆਂ ਰੁਖ ਚੰਦਨਿ ਆਰੀ॥ ੪੮॥

ਬੜੇ ਉਤਸ਼ਾਹ ਨਾਲ ਫੌਜਾਂ ਰਣਭੂਮੀ ਵਿਚ ਆਈਆਂ ਤੇ ਸੂਰਮੇ ਕਤਾਰਾਂ ਬੰਨ੍ਹ ਕੇ ਜੰਗ ਕਰਨ ਲਈ ਤਿਆਰ ਹੋ ਗਏ। ਸੂਰਮਿਆਂ ਨੇ ਸਰ ਸਰ ਕਰਦੀਆਂ ਤੇਜ਼ ਤਲਵਾਰਾਂ ਮਿਆਨਾਂ ਵਿਚੋਂ ਕੱਢ ਲਈਆਂ। ਬੜੇ ਬੜੇ ਅਭਿਮਾਨੀ ਰਾਖਸ਼ ਜੰਗ ਤੇਜ਼ ਹੋਣ ਤੇ ਗੱਜਣ ਲੱਗੇ। ਸਿਰਾਂ, ਧੜਾਂ ਤੇ ਬਾਹਾਂ ਦੇ ਟੁਕੜੇ ਰਣਭੂਮੀ ਵਿਚ ਪਏ ਇਉਂ ਜਾਪਣੇ ਸਨ ਜਿਵੇਂ ਬਾਗ ਵਿਚ ਮਾਲੀ ਨੇ ਫੁਲ ਤੋੜ ਕੇ ਢੇਰ ਲਾਏ ਸਨ। ਜਾਂ ਸੂਰਮਿਆਂ ਦੇ ਕਟੇ ਪਏ ਅੰਗ ਇਉਂ ਲੱਗ ਰਹੇ ਸਨ ਜਿਵੇਂ ਤਰਖਾਣ ਨੇ ਆਰੀ ਨਾਲ ਚੰਦਨ ਦੇ ਰੁਖ ਕੱਟ ਕੇ ਸੁੱਟੇ ਸਨ॥ ੪੮॥

ਪਉੜੀ॥ ਦੁਹਾਂ ਕੰਧਾਰਾਂ ਮਹਿ ਜੁੜੇ ਜਾ ਸੱਟ ਪਈ ਖਰਵਾਰ ਕੌ॥
ਤਕ ਤਕ ਕੈਬਰਿ ਦੁਰਗਸ਼ਾਹ ਤਕ ਮਾਰੇ ਭਲੇ ਜੁਝਾਰ ਕੌ॥
ਪੈਦਲ ਮਾਰੇ ਹਾਥੀਆਂ ਸੰਗ ਰਥ ਗਿਰੇ ਅਸਵਾਰ ਕੌ॥
ਸੋਹਣ ਸੰਜਾ ਬਾਗੜਾ ਜਣੁ ਲੱਗੇ ਫੁੱਲ ਅਨਾਰ ਕੌ॥
ਗੁੱਸੇ ਆਈ ਕਾਲਕਾ ਹਥਿ ਸੱਜੇ ਲੈ ਤਰਵਾਰ ਕੌ॥
ਏਦੂੰ ਪਾਰਉ ਓਤ ਪਾਰ ਹਰਿਨਾਕਸ਼ਿ ਕਈ ਹਜ਼ਾਰ ਕੌ॥

**ਜਿਣ ਇੱਕ ਰਹੀ ਕੰਧਾਰ ਕਉ॥**
**ਸਦ ਰਹਮਤ ਤੇਰੇ ਵਾਰ ਕਉ॥੪੯॥**

ਜਦੋਂ ਖੋਤੇ ਦੇ ਚੰਮ ਨਾਲ ਮੜ੍ਹੇ ਨਗਾਰੇ ਤੇ ਚੋਟਾਂ ਲੱਗੀਆਂ ਤਾਂ ਦੋਹਾਂ ਪਾਸਿਆਂ ਦੀਆਂ ਫੋਜਾਂ ਜੰਗ ਕਰਨ ਲਈ ਆਹਮੋ ਸਾਹਮਣੇ ਆ ਗਈਆਂ। ਰਾਖਸ਼ਾਂ ਦੇ ਵਡੇ ਵਡੇ, ਸੂਰਮਿਆਂ ਨੂੰ ਤੱਕ ਤੱਕ ਕੇ ਦੁਰਗਾ ਨੇ ਤੀਰ ਮਾਰੇ। ਦੁਰਗਾ ਨੇ ਰਾਖਸ਼ਾਂ ਦੀਆਂ ਪੈਦਲ ਫੋਜਾਂ, ਹਾਥੀਆਂ ਤੇ ਰਥਾਂ ਤੇ ਸਵਾਰ ਸੂਰਮਿਆਂ ਨੂੰ ਖਤਮ ਕਰ ਦਿੱਤਾ। ਸੂਰਮਿਆਂ ਦੀਆਂ ਸੰਜੋਆਂ ਵਿਦ ਲੱਗੇ ਤੀਰਾਂ ਦੇ ਪਿਛਲੇ ਫੁਲ ਇਉਂ ਲਗਦੇ ਸਨ ਜਿਵੇਂ ਅਨਾਰਾਂ ਦੇ ਬੂਟਿਆਂ ਨੂੰ ਲਾਲ ਫੁਲ ਲਗੇ ਹੁੰਦੇ ਹਨ। ਕਾਲਕਾ ਦੇਵੀ ਬੜੇ ਕਰੋਧ ਵਿਚ ਆਈ ਤੇ ਉਸ ਨੇ ਆਪਣੇ ਸਜੇ ਹੱਥ ਵਿਚ ਤਲਵਾਰ ਫੜ ਲਈ। ਇਕ ਪਾਸੇ ਤੋਂ ਦੂਜੇ ਪਾਸੇ ਤਕ ਹਰਨਾਖਸ਼ ਵਰਗੇ ਕਈ ਹਜ਼ਾਰ ਦੈਂਤਾਂ ਨੂੰ ਦੇਵੀ ਨੇ ਮਾਰ ਦਿੱਤਾ। ਬੇਸ਼ੁਮਾਰ ਰਾਖਸ਼ਾਂ ਨੂੰ ਇਕ ਇੱਕਲੀ ਦੇਵੀ ਜਿੱਤੀ ਜਾ ਰਹੀ ਸੀ। ਹੇ ਦੁਰਗਾ ! ਤੇਰੇ ਇਸ ਤਰ੍ਹਾਂ ਵੈਰੀਆਂ ਤੇ ਵਾਰ ਕਰਨ ਤੇ ਸੈਂਕੜੇ ਵਾਰ ਸ਼ਾਬਾਸ਼ ਹੈ॥੪੯॥

**ਪਉੜੀ॥ ਦੁਹਾਂ ਕੰਧਾਰਾਂ ਮੁਹਿ ਜੁੜੇ ਸੱਟ ਪਈ ਜਮਧਾਣ ਕਉ॥**
**ਤਦ ਖਿੰਗ ਨਸੁੰਭ ਨਚਾਇਆ ਡਾਲ ਉਪਰਿ ਬਰਗਸਤਾਣ ਕਉ॥**
**ਫੜੀ ਬਿਲੰਦ ਮੰਗਾਇਓਸ ਫੁਰਮਾਇਸ ਕਰਿ ਮੁਲਤਾਨ ਕਉ॥**
**ਗੁੱਸੇ ਆਈ ਸਾਮ੍ਹਣੇ ਰਣ ਅੰਦਰਿ ਘੱਤਣ ਘਾਣ ਕਉ॥**
**ਅਗੈ ਤੇਗ ਵਗਾਈ ਦੁਰਗਸ਼ਾਹ ਬੱਢ ਸੁੰਭਨ ਬਹੀ ਪਲਾਣ ਕਉ॥**
**ਰੜਕੀ ਜਾਇ ਕੈ ਧਰਤ ਕਉ ਬੱਢ ਪਾਖਰ ਬੱਢ ਕਿਕਾਣ ਕਉ॥**
**ਬੀਰ ਪਲਾਣੋ ਡਿੱਗਿਆ ਕਰਿ ਸਿਜਦਾ ਸੁੰਭ ਸੁਜਾਣ ਕਉ॥**
**ਸ਼ਾਬਾਸ਼ ਸਲੋਣੇ ਖਾਣ ਕਉ॥**
**ਸਦਾ ਸ਼ਾਬਾਸ਼ ਤੇਰੇ ਤਾਣ ਕਉ॥**
**ਤਾਰੀਫਾਂ ਪਾਨ ਚਬਾਣ ਕਉ॥**
**ਸਦ ਰਹਮਤ ਕੈਫਾਂ ਖਾਣ ਕਉ॥**
**ਸਦ ਰਹਮਤ ਤੁਰੇ ਨਚਾਣ ਕਉ॥੫੦॥**

ਜਮ ਰਾਜਾ ਦੇ ਵਾਹਣ ਝੋਟੇ ਦੇ ਚੰਮ ਨਾਲ ਮੜ੍ਹੇ ਹੋਏ ਨਗਾਰੇ ਤੇ ਚੋਟਾਂ ਲੱਗੀਆਂ ਤੇ ਦੋਹਾਂ ਪਾਸਿਆਂ ਦੀਆਂ ਫੌਜਾਂ ਜੰਗ ਵਿਚ ਜੁੱਟ ਗਈਆਂ। ਤਦ ਨਿਸੁੰਭ ਨੇ ਘੋੜੇ ਉਤੇ ਲੋਹੇ ਦਾ ਜਾਲੀਦਾਰ

ਬਣਿਆ ਝੂਲ ਪਾਇਆ ਤੇ ਉਸ ਨੂੰ ਮੈਦਾਨ ਵਿਚ ਨਚਾਇਆ। ਫਿਰ ਉਸ ਨੇ ਇਕ ਵੱਡਾ ਸਾਗ ਧਨੁਖ ਫੜ ਲਿਆ ਜਿਹੜਾ ਉਸ ਨੇ ਫੁਰਮਾਇਸ਼ ਪਾ ਕੇ ਮੁਲਤਾਨ ਤੋਂ ਮੰਗਵਾਇਆ ਸੀ। ਦੁਰਗਾ ਨੇ ਜਦੋਂ ਨਿਸੁੰਭ ਨੂੰ ਇਸ ਤਰ੍ਹਾਂ ਤਿਆਰ ਹੋ ਕੇ ਆਉਂਦਾ ਵੇਖਿਆ ਤਦ ਉਹ ਬੜਾ ਘਮਸਾਣ ਦਾ ਜੰਗ ਕਰਨ ਲਈ ਰਣਭੂਮੀ ਵਿਚ ਆ ਗਈ। ਦੇਵੀ ਨੇ ਅਗੇ ਵਧ ਕੇ ਨਿਸੁੰਭ ਨੂੰ ਐਸੇ ਜ਼ੋਰ ਦੀ ਤਲਵਾਰ ਮਾਰੀ ਕਿ ਤਲਵਾਰ ਘੋੜੇ ਤੇ ਕਾਠੀ ਨੂੰ ਚੀਰ ਕੇ ਧਰਤੀ ਨੂੰ ਜਾ ਲੱਗੀ। ਘੋੜੇ ਤੇ ਪਲਾਣ ਨੂੰ ਵੱਡ ਕੇ ਤਲਵਾਰ ਧਰਤੀ ਨਾਲ ਜਾ ਟਕਰਾਈ। 'ਬਹਾਦਰ ਨਿਸੁੰਭ ਘੋੜੇ ਦੀ ਕਾਠੀ ਤੋਂ ਡਿੱਗ ਪਿਆ ਤੇ ਇੰਜ ਪ੍ਰਤੀਤ ਹੋ ਰਿਹਾ ਸੀ ਜਿਵੇਂ ਸੁੰਭ ਨੂੰ ਨਮਸ਼ਕਾਰ ਕਰ ਰਿਹਾ ਹੋਵੇ। ਸਾਹਿਬ ਸ੍ਰੀ ਕਲਗੀਧਰ ਜੀ ਫੁਰਮਾਉਂਦੇ ਹਨ ਕਿ ਐਸੇ ਸੁੰਦਰ ਨੂੰ ਸ਼ਾਬਾਸ਼ ਹੈ। ਹੇ ਸੂਰਬੀਰ ਯੋਧੇ! ਤੇਰੇ ਬਲ ਨੂੰ ਸੈਂਕੜੇ ਵਾਰ ਸ਼ਾਬਾਸ਼ ਹੈ। ਤੇਰੇ ਪਾਨ ਬੀੜੇ ਚੱਬਣ ਨੂੰ ਵੀ ਸ਼ਾਬਾਸ਼ ਹੈ ਭਾਵ ਤੇਰੀ ਲੜਾਈ ਸ਼ਲਾਘਾ ਯੋਗ ਹੈ। ਤੇਰੇ ਸ਼ਰਾਬ ਪੀਣ ਤੇ ਵੀ ਸੈਂਕੜੇ ਵਾਰ ਸ਼ਾਬਾਸ਼ ਹੈ। ਸੋਹਣੇ ਢੰਗ ਨਾਲ ਘੋੜੇ ਨੂੰ ਨਚਾਉਣ ਤੇ ਵੀ ਸ਼ਾਬਾਸ਼ ਹੈ ਭਾਵ ਤੇਰਾ ਹਰ ਕੰਮ ਪ੍ਰਸੰਸਾ ਯੋਗ ਹੈ॥ ੫੦॥

**ਪਉੜੀ॥ ਦੁਰਗਾ ਅੱਤੈ ਦਾਨਵੀ ਗਹ ਸੰਘਰਿ ਕੱਥੇ॥**
**ਓਰੜ ਉੱਠੇ ਸੂਰਮੇ ਆ ਡਾਹੇ ਮੱਥੇ॥**
**ਕੱਟ ਤੁਫੰਗੀ ਕੈਬਰੀ ਦਲ ਗਾਹਿ ਨਿਕੱਥੇ॥**
**ਦੇਖਨਿ ਜੰਗ ਫਰੇਸ਼ਤੇ ਅਸਮਾਨੋ ਲੱਥੇ॥ ੫੧॥**

ਹੁਣ ਅਸੀਂ ਦੁਰਗਾ ਤੇ ਰਾਖਸ਼ਾਂ ਦੇ ਜੁੱਧ ਦਾ ਵਰਣਨ ਕਰਦੇ ਹਾਂ। ਜੰਗ ਕਰਨ ਲਈ ਸੂਰਬੀਰ ਉਲਰ ਪਏ ਤੇ ਉਹ ਆਹਮੋ ਸਾਹਮਣੇ ਆ ਡਟੇ। ਦੋਹਾਂ ਪਾਸਿਆਂ ਦੇ ਸੂਰਮੇ ਬੰਦੂਕਾਂ ਤੇ ਤੀਰਾਂ ਨਾਲ ਫੌਜਾਂ ਨੂੰ ਕੱਟ ਵੱਢ ਕੇ ਅਗੇ ਨਿਕਲ ਗਏ। ਇਸ ਘਮਸਾਨ ਦੇ ਮਚੇ ਜੰਗ ਨੂੰ ਵੇਖਣ ਲਈ ਅਕਾਸ਼ ਤੋਂ ਫਰਿਸ਼ਤੇ ਹੇਠਾਂ ਆ ਗਏ॥ ੫੧॥

**ਪਉੜੀ॥ ਦੁਹਾਂ ਕੰਧਾਰਾਂ ਮੁਹ ਜੁੜੇ ਦਲ ਘੁਰੇ ਨਗਾਰੇ॥**
**ਓਰੜ ਆਏ ਸੂਰਮੇ ਸਿਰਦਾਰ ਰਣਿਆਰੇ॥**
**ਲੈ ਕੈ ਤੇਗਾਂ ਬਰਛੀਆਂ ਹਥਿਆਰ ਉਭਾਰੇ॥**
**ਟੋਪ ਪਟੇਲਾ ਪਾਖਰਾਂ ਗਲਿ ਸੰਜ ਸਵਾਰੇ॥**
**ਲੈ ਕੇ ਬਰਛੀ ਦੁਰਗਸ਼ਾਹ ਬਹੁ ਦਾਨਵ ਮਾਰੇ॥**
**ਚੜ੍ਹੇ ਰਥੀ ਗਜ ਘੋੜਿਈ ਮਾਰ ਭੁਇ ਤੇ ਡਾਰੇ॥**
**ਜਣ ਹਲਵਾਈ ਸੀਖ ਨਾਲ ਵਿੰਨ੍ਹ ਵੜੇ ਉਤਾਰੇ॥ ੫੨॥**

ਰਣਭੂਮੀ ਵਿਚ ਨਗਾਰੇ ਵੱਜਣ ਨਾਲ ਦੋਹਾਂ ਪਾਸਿਆਂ ਦੀਆਂ ਫੌਜਾਂ ਨੇ ਜੰਗ ਆਰੰਭ ਕਰ ਦਿੱਤਾ। ਦੋਹਾਂ ਪਾਸਿਆਂ ਦੀਆਂ ਫੌਜਾਂ ਦੇ ਵਡੇ ਵਡੇ ਸਰਦਾਰ ਜੰਗ ਕਰਨ ਲਈ ਰਣਭੂਮੀ ਵਿਚ ਆ ਗਏ। ਉਹਨਾਂ ਨੇ ਆਪਣਿਆਂ ਹੱਥਾਂ ਵਿਚ ਤਲਵਾਰਾਂ, ਬਰਛੀਆਂ ਤੇ ਹੋਰ ਸ਼ਸਤਰ ਲੈ ਕੇ ਉੱਚੇ ਕੀਤੇ। ਉਹਨਾਂ ਯੋਧਿਆਂ ਨੇ ਸਿਰ ਤੇ ਟੋਪ, ਲੋਹੇ ਦੀਆਂ ਜਾਲੀਆਂ, ਘੋੜਿਆਂ ਤੇ ਕਾਠੀਆਂ ਤੇ ਆਪਣਿਆਂ ਸਰੀਰਾਂ ਤੇ ਸੰਜੋਆਂ ਪਹਿਨੀਆਂ ਸਨ। ਰਾਖਸ਼ਾਂ ਦੇ ਸਰਦਾਰਾਂ ਨੂੰ ਚੜ੍ਹਾਈ ਕਰ੍ਕੇ ਆਉਂਦਿਆਂ ਨੂੰ ਵੇਖਕੇ ਦੁਰਗਾ ਨੇ ਆਪਣੀ ਬਰਛੀ ਨਾਲ ਬਹੁਤੇ ਸਾਰੇ ਰਾਖਸ਼ ਮਾਰ ਦਿੱਤੇ। ਰਥਾਂ, ਹਾਥੀਆਂ ਤੇ ਘੋੜਿਆਂ ਤੇ ਚੜ੍ਹੇ ਸੂਰਮਿਆਂ ਨੂੰ ਦੁਰਗਾ ਨੇ ਮਾਰ ਕੇ ਧਰਤੀ ਤੇ ਸੁੱਟ ਦਿੱਤਾ। ਦੁਰਗਾ ਦੀ ਬਰਛੀ ਨਾਲ ਵਿੰਨ੍ਹੇ ਹੋਏ ਸੂਰਮੇ ਇਉਂ ਪ੍ਰਤੀਤ ਹੋ ਰਹੇ ਸਨ, ਜਿਸ ਤਰ੍ਹਾਂ ਹਲਵਾਈ ਨੇ ਵੜਿਆਂ ਨੂੰ ਸੀਖ ਵਿਚ ਪਰੋਤਾ ਹੁੰਦਾ ਹੈ॥ ੫੨॥

**ਪਉੜੀ॥ ਦੁਹਾਂ ਕੰਧਾਰਾਂ ਮੁਹਿ ਜੁੜੇ ਨਾਲ ਧਉਸਾ ਭਾਰੀ॥**
**ਲਈ ਭਗਉਤੀ ਦੁਰਗ ਸ਼ਾਹ ਵਰ ਜਾਗਨ ਭਾਰੀ॥**
**ਲਾਈ ਰਾਜੇ ਸੁੰਭ ਨੋ ਰਤੁ ਪੀਐ ਪਿਆਰੀ॥**
**ਸੁੰਭ ਪਲਾਣੋ ਡਿੱਗਿਆ ਉਪਮਾ ਬੀਚਾਰੀ॥**
**ਡੁਬ ਰਤੂ ਨਾਲਹੁ ਨਿਕਲੀ ਬਰਛੀ ਦੁੱਧਾਰੀ॥**
**ਜਾਣ ਰਜਾਦੀ ਉਤਰੀ ਪੈਨ੍ਹ ਸੂਹੀ ਸਾਰੀ॥ ੫੩॥**

ਜਦੋਂ ਰਣਭੂਮੀ ਵਿਚ ਬੜਾ ਵੱਡਾ ਨਗਾਰਾ ਵਜਿਆ ਤਦੋਂ ਦੋਹਾਂ ਪਾਸਿਆਂ ਦੀਆਂ ਫੋਜਾਂ ਦਾ ਟਾਕਰਾ ਸ਼ੁਰੂ ਹੋ ਗਿਆ। ਦੇਵੀ ਦੁਰਗਾ ਨੇ ਬੜੀ ਚਮਕਦਾਰ ਤੇ ਤਿੱਖੀ ਤਲਵਾਰ ਆਪਣੇ ਹੱਥ ਵਿਚ ਫੜ ਲਈ। ਉਹ ਤਿੱਖੀ ਤਲਵਾਰ ਦੁਰਗਾ ਨੇ ਰਾਖਸ਼ਾਂ ਦੇ ਰਾਜੇ ਸੁੰਭ ਨੂੰ ਮਾਰੀ, ਜਿਸ ਨੇ ਉਸ ਦੇ ਲਹੂ ਨੂੰ ਪਿਆਸਿਆਂ ਵਾਂਗੂੰ ਪੀਤਾ। ਦੁਰਗਾ ਦੇ ਇਸ ਭਿਆਨਕ ਵਾਰ ਨਾਲ ਰਾਜਾ ਸੁੰਭ ਘੋੜੇ ਦੀ ਕਾਠੀ ਤੋਂ ਡਿੱਗ ਪਿਆ। ਇਸ ਦ੍ਰਿਸ਼ ਨੂੰ ਵੇਖ ਕੇ ਕਵੀ ਦੇ ਮਨ ਵਿਚ ਇਹ ਉਪਮਾ ਵਿਚਾਰ ਵਿਚ ਆਉਂਦੀ ਹੈ। ਖੂਨ ਨਾਲ ਲਿਬੜੀ ਦੁਰਗਾ ਦੀ ਬਰਛੀ ਸੁੰਭ ਦੇ ਸਰੀਰ ਵਿਚੋਂ ਇਉਂ ਨਿਕਲੀ ਜਿਵੇਂ ਕੋਈ ਸ਼ਹਿਜ਼ਾਦੀ ਲਾਲ ਸਾੜ੍ਹੀ ਪਹਿਨ ਕੇ ਆਕਾਸ਼ ਤੋਂ ਹੇਠਾਂ ਉਤਰੀ ਹੋਵੇ॥ ੫੩॥

**ਪਉੜੀ॥ ਦੁਰਗਾ ਅਤੇ ਦਾਨਵੀ ਭੇੜ ਪਇਆ ਸਬਾਹੀਂ॥**
**ਸ਼ਸਤਰ ਪਜੂਤੇ ਦੁਰਗਸ਼ਾਹ ਗਹ ਸਭਨੀ ਬਾਹੀਂ॥**
**ਸੁੰਭ ਨਿਸੁੰਭ ਸੰਘਾਰਿਆ ਵਥ ਜੇਹੇ ਸਾਹੀਂ॥**
**ਫਉਜਾਂ ਰਾਕਸ਼ਿਆਰੀਆਂ ਦੇਖਿ ਰੋਵਨਿ ਧਾਹੀਂ॥**
**ਮੋਹਿ ਕੁੜੂਚੇ ਘਾਹ ਦੇ ਛਡ ਘੋੜੇ ਰਾਹੀਂ॥**

**ਭਜਦੇ ਹੋਏ ਮਾਰੀਅਨ ਮੁੜ ਝਾਕਨ ਨਾਹੀ॥੫੪॥**

ਦੁਰਗਾ ਤੇ ਰਾਖਸ਼ਾਂ ਦਾ ਸਵੇਰ ਤੋਂ ਜੰਗ ਸ਼ੁਰੂ ਹੋ ਗਿਆ। ਦੇਵੀ ਦੁਰਗਾ ਨੇ ਆਪਣੀਆਂ ਸਾਰੀਆਂ ਬਾਹਾਂ ਵਿਚ ਸ਼ਸਤਰ ਫੜ ਲਏ। ਸੁੰਭ ਤੇ ਨਿਸੁੰਭ, ਜੋ ਬੇਸ਼ੁਮਾਰ ਵਸਤੂਆਂ ਤੇ ਐਸ੍ਵਰਜ ਦੇ ਮਾਲਕ ਸਨ, ਉਹਨਾਂ ਨੂੰ ਦੁਰਗਾ ਨੇ ਖਤਮ ਕਰ ਦਿੱਤਾ। ਸੁੰਭ ਤੇ ਨਿਸੁੰਭ ਨੂੰ ਮਰਿਆਂ ਵੇਖ ਕੇ ਰਾਖਸ਼ਾਂ ਦੀਆਂ ਫੌਜਾਂ ਧਾਹਾਂ ਮਾਰ ਮਾਰ ਰੋਣ ਲੱਗੀਆਂ। ਰਾਖਸ਼ਾਂ ਦੇ ਫੌਜੀ ਜਵਾਨ ਆਪਣਿਆਂ ਮੂੰਹਾਂ ਵਿਚ ਘਾਹ ਦੀਆਂ ਤਿੜਾਂ ਫੜ ਕੇ ਤੇ ਆਪਣਿਆਂ ਘੋੜਿਆਂ ਨੂੰ ਮੈਦਾਨ ਵਿਚ ਛੱਡ ਕੇ ਭੱਜ ਉਠੇ। ਭੱਜੇ ਜਾਂਦੇ ਰਾਖਸ਼ਾਂ ਨੂੰ ਦੁਰਗਾ ਨੇ ਐਸੀ ਮਾਰ ਮਾਰੀ ਕਿ ਉਹਨਾਂ ਨੂੰ ਪਿਛੇ ਮੁੜਕੇ ਵੇਖਣ ਦੀ ਹਿੰਮਤ ਨਹੀਂ ਸੀ ਪੈਂਦੀ॥੫੪॥

**ਪਉੜੀ॥ ਸੁੰਭ ਨਿਸੁੰਭ ਪਠਾਇਆ ਜਮ ਦੇ ਧਾਮ ਨੋ॥**
**ਇੰਦਰ ਸੱਦ ਬੁਲਾਇਆ ਰਾਜ ਅਭਖੇਖ ਨੋ॥**
**ਸਿਰ ਪਰ ਛੱਤ੍ਰ ਫਿਰਾਇਆ ਰਾਜੇ ਇੰਦ੍ਰ ਦੈ॥**
**ਚਉਦਹ ਲੋਕਾਂ ਛਾਇਆ ਜਸੁ ਜਗਮਾਤ ਦਾ॥**
**ਦੁਰਗਾ ਪਾਠ ਬਣਾਇਆ ਸਭੇ ਪਉੜੀਆਂ॥**
**ਫੇਰ ਨ ਜੂਨੀ ਆਇਆ ਜਿਨ ਇਹ ਗਾਇਆ॥੫੫॥**

ਦੁਰਗਾ ਦੇਵੀ ਨੇ ਸੁੰਭ ਤੇ ਨਿਸੁੰਭ ਨੂੰ ਮਾਰ ਕੇ ਜਮਲੋਕ ਨੂੰ ਭੇਜ ਦਿੱਤਾ। ਰਾਜੇ ਇੰਦਰ ਨੂੰ ਸੁਰਗਪੁਰੀ ਦਾ ਰਾਜ ਤਿਲਕ ਦੇਣ ਲਈ ਦੇਵੀ ਨੇ ਸੱਦ ਲਿਆ। ਰਾਜੇ ਇੰਦਰ ਨੂੰ ਸੁਰਗ ਲੋਕ ਦਾ ਰਾਜ ਸੌਂਪ ਕੇ ਉਸ ਦੇ ਸਿਰ ਤੇ ਛੱਤਰ ਝੁਲਾਇਆ। ਰਾਖਸ਼ਾਂ ਨੂੰ ਖਤਮ ਕਰਕੇ ਇੰਦਰ ਨੂੰ ਸੁਰਗਪੁਰੀ ਦਾ ਰਾਜ ਦੇਣ ਦਾ ਕਾਰਜ ਵੇਖ ਕੇ ਜਗਤਮਾਤਾ ਦੁਰਗਾ ਦਾ ਜਸ ਚੌਦਾਂ ਲੋਕਾਂ ਵਿਚ ਛਾ ਗਿਆ। ਦੁਰਗਾ ਦਾ ਇਸ ਜਿੱਤ ਦਾ ਜਸ ਅਸਾਂ ਪਉੜੀਆਂ ਵਿਚ ਰਚਿਆ ਹੈ। ਜਿਹੜਾ ਮਨੁੱਖ ਦੁਰਗਾ ਦੀ ਇਸ ਜਸਮਈ ਵਾਰ ਨੂੰ ਗਾਇਗਾ , ਉਹ ਫਿਰ ਜਨਮ ਵਿਚ ਨਹੀਂ ਆਇਗਾ ਭਾਵ ਇਸ ਸੰਸਾਰ ਸਾਗਰ ਤੋਂ ਉਹ ਮੁਕਤ ਹੋ ਜਾਵੇਗਾ ॥੫੫॥

ਇਤਿ ਸ੍ਰੀ ਵਾਰ ਭਗਉਤੀ ਜੀ ਕੀ (ਚੰਡੀ ਦੀ ਵਾਰ) ਸਟੀਕ ਸੰਪੂਰਨਮ ਸਤੁ ਸੁਭਮ ਸਤੁ॥੧॥ ੫੫॥ ਅਫਜੂੰ॥

ਸ੍ਰੀ ਭਗਉਤੀ ਜੀ ਦੀ ਵਾਰ (ਚੰਡੀ ਦੀ ਵਾਰ) ਸਟੀਕ ਸਮਾਪਤ॥ ਸਤ ਸੁਭਮ ਸਤ॥੧॥ ੫੫॥ ਸਮੁੱਚਾ ਜੋੜ॥

# ਅਥ ਸ੍ਰੀ ਗਿਆਨ ਪ੍ਰਬੋਧ ਗ੍ਰੰਥ ਲਿਖਯਤੇ

## ਸ੍ਰੀ ਮੁਖਵਾਕ ਪਾਤਿਸ਼ਾਹੀ ੧੦

**ਭਜਦੇ ਹੋਏ ਮਾਰੀਅਨ ਮੁੜ ਝਾਕਨ ਨਾਹੀ॥ ੫੪॥**

ਦੁਰਗਾ ਤੇ ਰਾਖਸ਼ਾਂ ਦਾ ਸਵੇਰ ਤੋਂ ਜੰਗ ਸ਼ੁਰੂ ਹੋ ਗਿਆ। ਦੇਵੀ ਦੁਰਗਾ ਨੇ ਆਪਣੀਆਂ ਸਾਰੀਆਂ ਬਾਹਾਂ ਵਿਚ ਸ਼ਸਤਰ ਫੜ ਲਏ। ਸੁੰਭ ਤੇ ਨਿਸੁੰਭ, ਜੋ ਬੇਸ਼ੁਮਾਰ ਵਸਤੂਆਂ ਤੇ ਐਸ੍ਵਰਜ ਦੇ ਮਾਲਕ ਸਨ, ਉਹਨਾਂ ਨੂੰ ਦੁਰਗਾ ਨੇ ਖਤਮ ਕਰ ਦਿੱਤਾ। ਸੁੰਭ ਤੇ ਨਿਸੁੰਭ ਨੂੰ ਮਰਿਆਂ ਵੇਖ ਕੇ ਰਾਖਸ਼ਾਂ ਦੀਆਂ ਫੌਜਾਂ ਧਾਹਾਂ ਮਾਰ ਮਾਰ ਰੋਣ ਲੱਗੀਆਂ। ਰਾਖਸ਼ਾਂ ਦੇ ਫੌਜੀ ਜਵਾਨ ਆਪਣਿਆਂ ਮੂੰਹਾਂ ਵਿਚ ਘਾਹ ਦੀਆਂ ਤਿੜਾਂ ਫੜ ਕੇ ਤੇ ਆਪਣਿਆਂ ਘੋੜਿਆਂ ਨੂੰ ਮੈਦਾਨ ਵਿਚ ਛੱਡ ਕੇ ਭੱਜ ਉਠੇ। ਭੱਜੇ ਜਾਂਦੇ ਰਾਖਸ਼ਾਂ ਨੂੰ ਦੁਰਗਾ ਨੇ ਐਸੀ ਮਾਰ ਮਾਰੀ ਕਿ ਉਹਨਾਂ ਨੂੰ ਪਿਛੇ ਮੁੜਕੇ ਵੇਖਣ ਦੀ ਹਿੰਮਤ ਨਹੀਂ ਸੀ ਪੈਂਦੀ॥ ੫੪॥

**ਪਉੜੀ॥ ਸੁੰਭ ਨਿਸੁੰਭ ਪਠਾਇਆ ਜਮ ਦੇ ਧਾਮ ਨੋ॥**
**ਇੰਦਰ ਸੱਦ ਬੁਲਾਇਆ ਰਾਜ ਅਭਖੇਖ ਨੋ॥**
**ਸਿਰ ਪਰ ਛੱਤ੍ਰ ਫਿਰਾਇਆ ਰਾਜੇ ਇੰਦ੍ਰ ਦੈ॥**
**ਚਉਦਹ ਲੋਕਾਂ ਛਾਇਆ ਜਸੁ ਜਗਮਾਤ ਦਾ॥**
**ਦੁਰਗਾ ਪਾਠ ਬਣਾਇਆ ਸਭੇ ਪਉੜੀਆਂ॥**
**ਫੇਰ ਨ ਜੂਨੀ ਆਇਆ ਜਿਨ ਇਹ ਗਾਇਆ॥ ੫੫॥**

ਦੁਰਗਾ ਦੇਵੀ ਨੇ ਸੁੰਭ ਤੇ ਨਿਸੁੰਭ ਨੂੰ ਮਾਰ ਕੇ ਜਮਲੋਕ ਨੂੰ ਭੇਜ ਦਿੱਤਾ। ਰਾਜੇ ਇੰਦਰ ਨੂੰ ਸ੍ਵਰਗਪੁਰੀ ਦਾ ਰਾਜ ਤਿਲਕ ਦੇਣ ਲਈ ਦੇਵੀ ਨੇ ਸੱਦ ਲਿਆ। ਰਾਜੇ ਇੰਦਰ ਨੂੰ ਸ੍ਵਰਗ ਲੋਕ ਦਾ ਰਾਜ ਸੌਂਪ ਕੇ ਉਸ ਦੇ ਸਿਰ ਤੇ ਛੱਤਰ ਝੁਲਾਇਆ। ਰਾਖਸ਼ਾਂ ਨੂੰ ਖਤਮ ਕਰਕੇ ਇੰਦਰ ਨੂੰ ਸ੍ਵਰਗਪੁਰੀ ਦਾ ਰਾਜ ਦੇਣ ਦਾ ਕਾਰਜ ਵੇਖ ਕੇ ਜਗਤਮਾਤਾ ਦੁਰਗਾ ਦਾ ਜਸ ਚੌਦਾਂ ਲੋਕਾਂ ਵਿਚ ਛਾ ਗਿਆ। ਦੁਰਗਾ ਦਾ ਇਸ ਜਿੱਤ ਦਾ ਜਸ ਅਸਾਂ ਪਉੜੀਆਂ ਵਿਚ ਰਚਿਆ ਹੈ। ਜਿਹੜਾ ਮਨੁੱਖ ਦੁਰਗਾ ਦੀ ਇਸ ਜਸਮਈ ਵਾਰ ਨੂੰ ਗਾਇਗਾ , ਉਹ ਫਿਰ ਜਨਮ ਵਿਚ ਨਹੀਂ ਆਇਗਾ ਭਾਵ ਇਸ ਸੰਸਾਰ ਸਾਗਰ ਤੋਂ ਉਹ ਮੁਕਤ ਹੋ ਜਾਵੇਗਾ ॥ ੫੫॥

ਇਤਿ ਸ੍ਰੀ ਵਾਰ ਭਗਉਤੀ ਜੀ ਕੀ (ਚੰਡੀ ਦੀ ਵਾਰ) ਸਟੀਕ ਸੰਪੂਰਨਮ ਸਤੁ ਸੁਭਮ ਸਤੁ॥ ੧॥ ੫੫॥ ਅਫਜੂੰ॥

ਸ੍ਰੀ ਭਗਉਤੀ ਜੀ ਦੀ ਵਾਰ (ਚੰਡੀ ਦੀ ਵਾਰ) ਸਟੀਕ ਸਮਾਪਤ॥ ਸਤ ਸੁਭਮ ਸਤ॥ ੧॥ ੫੫॥ ਸਮੁੱਚਾ ਜੋੜ॥

# ਅਥ ਸ੍ਰੀ ਗਿਆਨ ਪ੍ਰਬੋਧ ਗ੍ਰੰਥ ਲਿਖਯਤੇ

## ਸ੍ਰੀ ਮੁਖਵਾਕ ਪਾਤਿਸ਼ਾਹੀ ੧੦

ੴ ਸਤਿਗੁਰ ਪ੍ਰਸਾਦਿ॥
ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ॥
ਸ੍ਰੀ ਭਗਉਤੀ ਜੀ ਸਹਾਇ॥

# ਸ੍ਰੀ ਗਿਆਨ ਪ੍ਰਬੋਧ ਗ੍ਰੰਥ

## ਸ੍ਰੀ ਮੁਖ ਵਾਕ ਪਾਤਿਸ਼ਾਹੀ ੧੦

## ੧- ਸ੍ਰੀ ਅਕਾਲ ਜੀ ਦੀ ਉਸਤਤਿ

### ਭੁਜੰਗ ਪ੍ਰਯਾਤ ਛੰਦ ॥ ਤ੍ਵਪ੍ਰਸਾਦਿ॥

**ਨਮੋ ਨਾਥ ਪੂਰੇ ਸਦਾ ਸਿੱਧ ਕਰਮੰ॥ ਛੇਦੀ ਅਭੇਦੀ ਸਦਾ ਏਕ ਧਰਮੰ॥**
**ਕਲੰਕੰ ਬਿਨਾ ਨਿਹਲੰਕੀ ਸਰੂਪੇ॥ ਅਛੇਦੰ ਅਭੇਦੰ ਅਖੇਦੰ ਅਨੂਪੇ॥੧॥**

ਹੇ ਸਦਾ ਕਰਮਾਂ ਨੂੰ ਸਿੱਧ ਕਰਨ ਵਾਲੇ ਪੂਰਨ ਸੁਆਮੀ ਜੀ! ਤੈਨੂੰ ਨਮਸ਼ਕਾਰ ਹੈ। ਤੈਨੂੰ ਕੋਈ ਕਟ ਨਹੀਂ ਸਕਦਾ। ਤੇਰਾ ਕੋਈ ਭੇਦ ਨਹੀਂ ਪਾ ਸਕਦਾ। ਤੇਰੀ ਧਰਮ ਮਰਿਆਦਾ ਸਦਾ ਇਕ ਰਸ ਰਹਿੰਦੀ ਹੈ। ਤੂੰ ਕਲੰਕ ਤੋਂ ਬਿਨਾਂ ਨਿਹਕਲੰਕੀ ਸਰੂਪ ਵਾਲਾ ਹੈਂ। ਤੂੰ ਛੇਦ ਰਹਿਤ, ਭੇਦ ਰਹਿਤ, ਦੁੱਖ ਰਹਿਤ ਤੇ ਉਪਮਾ ਤੋਂ ਪਰੇ ਹੈਂ॥੧॥

**ਨਮੋ ਲੋਕ ਲੋਕੇਸ੍ਵਰੰ ਲੋਕ ਨਾਥੇ॥ ਸਦੈਵੰ ਸਦਾ ਸਰਬ ਸਾਥੰ ਅਨਾਥੇ॥**
**ਨਮੋ ਏਕ ਰੂਪੰ ਅਨੇਕੰ ਸਰੂਪੇ॥ ਸਦਾ ਸਰਬ ਸ਼ਾਹੰ ਸਦਾ ਸਰਬ ਭੂਪੇ॥੨॥**

ਲੋਕ, ਲੋਕ-ਪਾਲ ਤੇ ਲੋਕਾਂ ਦੇ ਸੁਆਮੀ ਨੂੰ ਨਮਸ਼ਕਾਰ ਹੈ। ਜੋ ਸਦੀਵ ਕਾਲ ਤਕ ਕਾਇਮ ਰਹਿਣ ਵਾਲਾ ਹੈ, ਜੋ ਹਮੇਸ਼ਾ ਸਭ ਦਾ ਸਾਥੀ ਹੈ ਤੇ ਮਾਲਕ ਰਹਿਤ ਹਸਤੀ ਹੈ, ਉਸਨੂੰ ਮੇਰੀ ਨਮਸ਼ਕਾਰ ਹੈ। ਜੋ ਇਕ ਰੂਪ ਹੁੰਦਾ ਹੋਇਆ ਅਨੇਕਾਂ ਸਰੂਪਾਂ ਵਾਲਾ ਹੈ, ਉਸ ਨੂੰ ਮੇਰੀ ਨਮਸ਼ਕਾਰ ਹੈ। ਉਹ ਪ੍ਰਭੂ ਹਮੇਸ਼ਾਂ ਸਭ ਦਾ ਸ਼ਾਹ ਹੈ ਤੇ ਸਦਾ ਸਭ ਦਾ ਰਾਜਾ ਹੈ॥੨॥

**ਅਛੇਦੰ ਅਭੇਦੰ ਅਨਾਮੰ ਅਠਾਮੰ॥ ਸਦਾ ਸਰਬਦਾ ਸਿੱਧਦਾ ਬੁੱਧਿ ਧਾਮੰ॥**
**ਅਜੰਤ੍ਰੰ ਅਮੰਤ੍ਰੰ ਅਕੰਤ੍ਰੰ ਅਭਰੰਮੰ॥ ਅਖੇਦੰ ਅਭੇਦੰ ਅਛੇਦੰ ਅਕਰਮੰ॥੩॥**

ਉਹ ਪ੍ਰਭੂ ਛੇਦ ਤੇ ਭੇਦ ਤੋਂ ਰਹਿਤ ਹੈ। ਉਸ ਦਾ ਕੋਈ ਨਾਂ ਤੇ ਥਾਂ ਨਹੀਂ। ਉਹ ਸਦਾ ਸਭ ਨੂੰ ਦਾਤਾਂ ਦੇਂਦਾ ਹੈ। ਸਿੱਧੀ ਦਾ ਦਾਤਾ ਹੈ ਤੇ ਬੁੱਧੀ ਦਾ ਘਰ ਹੈ। ਉਹ ਕਿਸੇ ਜੰਤ੍ਰ ਨਾਲ, ਮੰਤ੍ਰ ਨਾਲ

ਤੇ ਕਿਸੇ ਕਿਰਿਆ ਨਾਲ ਵੱਸ ਵਿਚ ਨਹੀਂ ਆਉਂਦਾ। ਉਸ ਨੂੰ ਕੋਈ ਭਰਮ ਭੁਲੇਖਾ ਨਹੀਂ। ਉਸ ਨੂੰ ਕੋਈ ਖੇਦ ਨਹੀਂ, ਭੇਦ ਨਹੀਂ, ਛੇਦ ਨਹੀਂ ਤੇ ਨਾ ਹੀ ਉਹ ਕਿਸੇ ਕਰਮ ਦੇ ਅਧੀਨ ਹੈ॥ ੩॥

**ਅਗਾਧੇ ਅਬਾਧੇ ਅਗੰਤੰ ਅਨੰਤੰ॥ ਅਲੇਖੰ ਅਭੇਖੰ ਅਭੂਤੰ ਅਗੰਤੰ॥**
**ਨ ਰੰਗੰ ਨ ਰੂਪੰ ਨ ਜਾਤੰ ਨ ਪਾਤੰ॥ ਨ ਸੱਤ੍ਰੋ ਨ ਮਿੱਤ੍ਰੋ ਨ ਪੁੱਤ੍ਰੋ ਨ ਮਾਤੰ॥ ੪॥**

ਉਹ ਅਕਾਲ ਪੁਰਖ ਗਾਹਿਆ ਨਹੀਂ ਜਾਂਦਾ ਅਤੇ ਕਿਸੇ ਦੀ ਪਕੜ ਵਿਚ ਨਹੀਂ ਆਉਂਦਾ। ਉਹ ਗਮਨ ਤੋਂ ਰਹਿਤ ਹੈ। ਉਸ ਦਾ ਕੋਈ ਰੰਗ ਨਹੀਂ, ਰੂਪ ਨਹੀਂ, ਜਾਤ ਨਹੀਂ ਤੇ ਨਾ ਹੀ ਕੋਈ ਬਰਾਦਰੀ ਹੈ। ਉਸ ਦਾ ਕੋਈ ਵੈਰੀ ਨਹੀਂ, ਮਿੱਤਰ ਨਹੀਂ, ਪੁੱਤਰ ਨਹੀਂ ਤੇ ਨਾ ਹੀ ਕੋਈ ਮਾਤਾ ਹੈ॥ ੪॥

**ਅਭੂਤੰ ਅਭੰਗੰ ਅਭਿੱਖੰ ਭਵਾਨੰ॥ ਪਰੇਯੰ ਪੁਨੀਤੰ ਪਵਿਤ੍ਰੰ ਪ੍ਰਧਾਨੰ॥**
**ਅਗੰਜੇ ਅਭੰਜੇ ਅਕਾਮੰ ਅਕਰਮੰ॥ ਅਨੰਤੇ ਬਿਅੰਤੇ ਅਭੂਮੇ ਅਭਰਮੰ॥ ੫॥**

ਉਹ ਪ੍ਰਭੂ ਤੱਤਾਂ ਤੋਂ ਰਹਿਤ, ਨਾਸ ਰਹਿਤ, ਭਵਿੱਖ ਅਤੇ ਵਰਤਮਾਨ ਤੋਂ ਰਹਿਤ ਹੈ। ਸਭ ਤੋਂ ਪਰੇ ਹੈ, ਪੁਨੀਤ ਹੈ, ਪਵਿੱਤ੍ਰ ਤੇ ਸਭ ਵਿਚ ਪ੍ਰਧਾਨ ਭਾਵ ਮੁਖੀ ਹੈ। ਦੁਖਾਂ ਤੋਂ ਰਹਿਤ ਹੈ ਤੇ ਨਾਸ ਰਹਿਤ ਹੈ, ਕਿਸੇ ਕਾਮਨਾ ਵਾਸ਼ਨਾਂ ਤੋਂ ਬਿਨ੍ਹਾਂ ਹੈ ਤੇ ਕਰਮਾਂ ਦੇ ਬੰਧਨ ਤੋਂ ਆਜ਼ਾਦ ਹੈ। ਅੰਤ ਰਹਿਤ ਹੈ, ਬੇਅੰਤ ਹੈ, ਉਹ ਧਰਤੀ ਵਿਚ ਨਹੀਂ ਤੇ ਕਿਸੇ ਭਰਮ ਭੁਲੇਖੇ ਵਿਚ ਨਹੀਂ॥ ੫॥

**ਨਹੀ ਜਾਨ ਜਾਈ ਕਛੂ ਰੂਪ ਰੇਖੰ॥ ਕਹਾ ਬਾਸੁ ਤਾ ਕੋ ਫਿਰੈ ਕਉਨ ਭੇਖੰ॥**
**ਕਹਾ ਨਾਮ ਤਾ ਕੋ ਕਹਾ ਕੈ ਕਹਾਵੈ॥ ਕਹਾ ਮੈ ਬਖਾਨੋ ਕਹੈ ਮੈ ਨ ਆਵੈ॥ ੬॥**

ਅਰਥ - ਉਸ ਪਰਮੇਸ਼ਰ ਦਾ ਕੋਈ ਰੂਪ ਰੇਖ ਨਹੀਂ ਜਾਣਿਆ ਜਾ ਸਕਦਾ। ਉਸ ਦਾ ਨਿਵਾਸ ਕਿਥੇ ਹੈ? ਉਹ ਕਿਹੜੇ ਵੇਸ ਪਹਿਰਾਵੇ ਵਿਚ ਫਿਰਦਾ ਹੈ? ਉਸਦਾ ਨਾਂ ਕੀ ਹੈ? ਉਸਨੂੰ ਕੀ ਕਹਿਕੇ ਸਦਿਆਂ ਜਾਂਦਾ ਹੈ? ਇਨ੍ਹਾਂ ਪ੍ਰਸ਼ਨਾਂ ਬਾਰੇ ਮੈਂ ਕੀਹ ਦੱਸਾਂ? ਕੁਛ ਕਹਿਣ ਵਿਚ ਨਹੀਂ ਆਉਂਦਾ॥ ੬॥

**ਅਜੋਨੀ ਅਜੈ ਪਰਮ ਰੂਪੀ ਪ੍ਰਧਾਨੇ॥ ਅਛੇਦੀ ਅਭੇਦੀ ਅਰੂਪੀ ਮਹਾਨੈ॥**
**ਅਸਾਧੇ ਅਗਾਧੇ ਅਗੰਜੁਲ ਗਨੀਮੇ॥ ਅਰੰਜਲ ਅਰਾਧੇ ਰਹਾਕੁਲ ਰਹੀਮੇ॥ ੭॥**

ਉਹ ਪਰਮਾਤਮਾ ਕਿਸੇ ਜੂਨਾਂ ਵਿਚ ਨਹੀਂ ਆਉਂਦਾ, ਅਜਿੱਤ ਹੈ, ਮਹਾਨ ਰੂਪ ਵਾਲਾ ਤੇ ਸਭ ਤੋਂ ਮੁਖੀ ਹੈ। ਉਹ ਛੇਦਿਆਂ ਨਹੀਂ ਜਾਂਦਾ, ਉਸ ਦਾ ਭੇਦ ਨਹੀਂ ਜਾਣਿਆ ਜਾ ਸਕਦਾ, ਉਸਦਾ ਕੋਈ ਰੂਪ ਨਹੀਂ, ਉਹ ਮਹਾਨ ਹੈ। ਉਹ ਸਾਧਿਆ ਨਹੀਂ ਜਾ ਸਕਦਾ, ਅਗਾਧ ਭਾਵ ਅਥਾਹ ਹੈ। ਉਸਨੂੰ ਕੋਈ ਦੁਸ਼ਮਨ ਨਾਸ ਨਹੀਂ ਕਰ ਸਕਦਾ। ਉਹ ਸੇਵਕਾਂ ਨੂੰ ਸ਼ੋਕ ਰਹਿਤ ਕਰਨ ਵਾਲਾ, ਸੁਤੰਤ੍ਰਤਾ ਬਖਸ਼ਣ ਵਾਲਾ ਤੇ ਦਿਆਲੂ ਹੈ॥ ੭॥

**ਸਦਾ ਸਰਬਦਾ ਸਿੱਧ ਦਾ ਬੁੱਧਿ ਦਾਤਾ॥ ਨਮੋ ਲੋਕ ਲੋਕਸ੍ਵਰੰ ਲੋਕ ਗਜਾਤਾ॥**
**ਅਭੇਦੀ ਅਭੈ ਆਦਿ ਰੂਪੰ ਅਨੰਤੰ॥ ਅਛੇਦੀ ਅੱਛੈ ਆਦਿ ਅਦ੍ਵੈ ਦੁਰੰਤੰ॥ ੮॥**

ਉਹ ਅਕਾਲ ਪੁਰਖ ਹਮੇਸ਼ਾਂ ਸਭ ਨੂੰ ਦਾਤਾਂ ਦੇਂਦਾ ਹੈ, ਸਿੱਧੀਆਂ ਬਖਸ਼ਦਾ ਹੈ ਤੇ ਉੱਤਮ ਬੁੱਧੀ ਦਾਨ ਕਰਦਾ ਹੈ। ਲੋਕ, ਲੋਕ-ਪਾਲ ਤੇ ਲੋਕਾਂ ਦੀ ਗਤੀ ਜਾਣਨ ਵਾਲੇ ਉਸ ਪ੍ਰਭੂ ਨੂੰ ਨਮਸ਼ਕਾਰ ਹੈ। ਉਹ ਭੇਦ ਰਹਿਤ, ਨਿਡਰ, ਸਭ ਦਾ ਆਦਿ ਰੂਪ ਤੇ ਅੰਤ ਰਹਿਤ ਹੈ। ਉਹ ਕਿਸੇ ਕੋਲੋਂ ਕਟਿਆ ਨਹੀਂ ਜਾਂਦਾ ਤੇ ਨਾਸ ਨਹੀਂ ਹੁੰਦਾ, ਉਹ ਆਦਿ ਕਾਲ ਤੋਂ ਹੀ ਦ੍ਵੈਤ ਰਹਿਤ ਹੈ। ਉਸ ਦੀ ਪ੍ਰਾਪਤੀ ਕਰਨੀ ਬੜੀ ਕਠਨ ਹੈ॥੮॥

## ਨਰਾਜ ਛੰਦ॥

**ਅਨੰਤ ਆਦਿ ਦੇਵ ਹੈਂ॥ ਬਿਅੰਤ ਭਰਮ ਭੇਵ ਹੈਂ॥**
**ਅਗਾਧਿ ਬਜਾਧਿ ਨਾਸ ਹੈਂ॥ ਸਦੇਵ ਸਰਬ ਪਾਸ ਹੈਂ॥੯॥**

ਹੇ ਪਰਮੇਸ਼ਰ! ਤੂੰ ਅੰਤ ਤੋਂ ਰਹਿਤ ਤੇ ਆਦਿ ਕਾਲ ਤੋਂ ਹੀ ਪ੍ਰਕਾਸ਼ ਰੂਪ ਹੈਂ। ਤੂੰ ਬੇਅੰਤ ਤੇ ਭਰਮ ਭੇਦ ਤੋਂ ਬਗੈਰ ਹੈਂ। ਤੂੰ ਕਿਸੇ ਕੋਲੋਂ ਗਾਹਿਆ ਨਹੀਂ ਜਾਂਦਾ ਤੇ ਦੁਖਾਂ ਕਲੇਸ਼ਾਂ ਦੇ ਨਾਸ ਕਰਨ ਵਾਲਾ ਹੈਂ। ਤੂੰ ਹਮੇਸ਼ਾਂ ਸਭ ਜੀਵਾਂ ਦੇ ਕੋਲ ਵਸਦਾ ਹੈਂ ਭਾਵ ਤੂੰ ਹਰ ਥਾਂ ਹਰ ਜੀਵ ਵਿਚ ਵਿਆਪਕ ਹੈਂ॥੯॥

**ਬਚਿੱਤ੍ਰ ਚਿੱਤ੍ਰ ਚਾਪ ਹੈਂ॥ ਅਖੰਡ ਦੁਸ਼ਟ ਖਾਪ ਹੈਂ॥**
**ਅਭੇਦ ਆਦਿ ਕਾਲ ਹੈਂ॥ ਸਦੈਵ ਸਰਬ ਪਾਲ ਹੈਂ॥੧੦॥**

ਹੇ ਪ੍ਰਭੂ! ਤੂੰ ਅਲੌਕਿਕ ਸਰੂਪ ਹੈਂ। ਤੇਰਾ ਧਨੁਸ਼ ਮੂਰਤੀ ਵਰਗਾ ਸੁੰਦਰ ਹੈ। ਤੂੰ ਕਿਸੇ ਕੋਲੋਂ ਟੁੱਟਦਾ ਨਹੀਂ ਤੇ ਦੁਸ਼ਟਾਂ ਨੂੰ ਨਾਸ ਕਰਨ ਵਾਲਾ ਹੈਂ। ਤੂੰ ਨਾ ਭੇਦੇ ਜਾਣ ਵਾਲਾ ਹੈ। ਤੂੰ ਆਦਿ ਕਾਲ ਤੋਂ ਹੀ ਪ੍ਰਕਾਸ਼ ਰਿਹਾ ਹੈਂ ਤੂੰ ਹਮੇਸ਼ਾਂ ਸਭ ਜੀਵ ਜੰਤ ਦੀ ਪਾਲਣਾ ਕਰਨ ਵਾਲਾ ਹੈਂ॥੧੦॥

**ਅਖੰਡ ਚੰਡ ਰੂਪ ਹੈਂ॥ ਪ੍ਰਚੰਡ ਸਰਬ ਸੂਪ ਹੈਂ॥**
**ਕਾਲ ਹੂੰ ਕੇ ਕਾਲ ਹੈਂ॥ ਸਦੈਵ ਰੱਛਪਾਲ ਹੈਂ॥੧੧॥**

ਹੇ ਪਰਮ ਪਰਮਾਤਮਾ! ਤੂੰ ਨਾ ਨਾਸ ਹੋਣ ਵਾਲੇ ਤੇਜ ਰੂਪ ਵਾਲਾ ਹੈਂ। ਤੂੰ ਮਹਾਨ ਤੇਜਮਈ ਅਤੇ ਸਾਰੇ ਸਰੂਪਾਂ ਵਾਲਾ ਹੈ। ਤੂੰ ਕਾਲ ਦਾ ਵੀ ਕਾਲ ਹੈ ਤੇ ਸਭ ਦੀ ਰੱਖਿਆ ਕਰਨ ਵਾਲਾ ਹੈ॥੧੧॥

**ਕ੍ਰਿਪਾਲ ਦਿਆਲ ਰੂਪ ਹੈਂ॥ ਸਦੇਵ ਸਰਬ ਭੂਪ ਹੈਂ॥**
**ਅਨੰਤ ਸਰਬ ਆਸ ਹੈਂ॥ ਪਰੇਵ ਪਰਮ ਪਾਸ ਹੈਂ॥੧੨॥**

ਹੇ ਅਕਾਲ ਪੁਰਖ! ਤੂੰ ਸਭ ਤੇ ਕਿਰਪਾ ਕਰਨ ਵਾਲਾ ਤੇ ਦਿਆਲੂ ਰੂਪ ਹੈਂ। ਤੂੰ ਸਭ ਜੀਵਾਂ ਦਾ ਸਦੀਵ ਕਾਲ ਲਈ ਰਾਜਾ ਹੈਂ। ਤੂੰ ਅੰਤ ਤੋਂ ਰਹਿਤ ਹੈਂ ਤੇ ਸਭਨਾਂ ਦੀਆਂ ਆਸਾਂ ਪੂਰਨ ਕਰਨ ਵਾਲਾ ਹੈਂ। ਤੂੰ ਬਹੁਤ ਦੂਰ ਰਹਿਣ ਵਾਲਾ ਹੈ ਤੇ ਬਹੁਤ ਨੇੜੇ ਵੀ ਤੂੰ ਹੀ ਰਹਿੰਦਾ ਹੈਂ॥੧੨॥

**ਅਦ੍ਰਿਸ਼ਟ ਅੰਤ੍ਰ ਧਿਆਨ ਹੈਂ॥ਸਦੇਵ ਸਰਬ ਮਾਨ ਹੈਂ॥**
**ਕ੍ਰਿਪਾਲ ਕਾਲ ਹੀਨ ਹੈਂ॥ਸਦੇਵ ਸਾਧ ਅਧੀਨ ਹੈਂ॥੧੩॥**

ਹੇ ਪ੍ਰਭੂ! ਤੂੰ ਕਿਸੇ ਨੂੰ ਦਿੱਸਦਾ ਨਹੀਂ, ਪਰ ਹਰ ਕਿਸੇ ਦੇ ਧਿਆਨ ਵਿਚ ਵਸਦਾ ਹੈਂ। ਤੂੰ ਸਦਾ ਸਭ ਦੇ ਮੰਨਣ ਯੋਗ ਹੈਂ। ਤੂੰ ਕ੍ਰਿਪਾਲੂ ਤੇ ਮੌਤ ਰਹਿਤ ਹੈ। ਤੂੰ ਸਦਾ ਹੀ ਸੰਤਾਂ ਤੇ ਭਗਤਾਂ ਦੇ ਅਧੀਨ ਰਹਿੰਦਾ ਹੈ॥੧੩॥

**ਭਜਸ ਤੁਯੰ॥ ਭਜਸ ਤੁਯੰ॥ ਰਹਾਉ॥**
**ਅਗਾਧਿ ਬਜਾਧਿ ਨਾਸਨੰ॥ਪਰੇਯ ਪਰਮ ਉਪਾਸ਼ਨੰ॥**
**ਤ੍ਰਿਕਾਲ ਲੋਕ ਮਾਨ ਹੈਂ॥ਸਦੇਵ ਪੁਰਖ ਪ੍ਰਧਾਨ ਹੈਂ॥੧੪॥**

ਅਰਥ -ਹੇ ਪਰਮੇਸ਼ਰ ! ਮੈਂ ਤੇਰਾ ਨਾਮ ਜਪਦਾ ਹਾਂ, ਮੈਂ ਤੇਰਾ ਸਿਮਰਨ ਕਰਦਾ ਹਾਂ। ਠਹਿਰਾਓ। ਹੇ ਅਕਾਲ ਪੁਰਖ! ਤੂੰ ਕਿਸੇ ਕੋਲੋਂ ਗਾਹੇ ਜਾਣ ਵਾਲਾ ਨਹੀਂ। ਤੂੰ ਸਭ ਰੋਗਾਂ ਦੇ ਨਾਸ ਕਰਨ ਵਾਲਾ ਹੈਂ। ਤੂੰ ਸਭ ਤੋਂ ਪਰੇ ਅਲੇਪ ਰਹਿਣ ਵਾਲਾ ਹੈਂ ਤੇ ਉਪਾਸ਼ਨਾ ਕਰਨ ਯੋਗ ਹੈਂ। ਲੋਕ ਤੇਰੀ ਹਸਤੀ ਨੂੰ ਤਿੰਨ ਕਾਲਾਂ ਵਿਚ ਮੰਨਦੇ ਹਨ। ਤੂੰ ਸਦੀਵ ਕਾਲ ਪ੍ਰਧਾਨ ਮੁਖੀ ਪੁਰਖ ਹੈਂ॥੧੪॥

**ਤਥਸ ਤੁਯੰ॥ਤਥਸ ਤੁਯੰ॥ਰਹਾਉ॥**
**ਕ੍ਰਿਪਾਲ ਦਜਾਲ ਕਰਮ ਹੈਂ॥ਅਗੰਜ ਭੰਜ ਭਰਮ ਹੈਂ॥**
**ਤ੍ਰਿਕਾਲ ਲੋਕ ਪਾਲ ਹੈਂ॥ਸਦੇਵ ਸਰਬ ਦਿਆਲ ਹੈਂ॥੧੫॥**

ਹੇ ਪਰਮਾਤਮਾ! ਤੂੰ ਹੀ ਐਸਾ ਹੈਂ। ਤੂੰ ਹੀ ਇਹੋ ਜਿਹੇ ਗੁਣਾਂ ਵਾਲਾ ਹੈਂ। ਠਹਿਰਾਓ। ਹੇ ਪਰਮਾਤਮਾ! ਸਭ ਜੀਵਾਂ ਤੇ ਕਿਰਪਾ ਤੇ ਦਇਆ ਕਰਨੀ ਹੀ ਤੇਰਾ ਕਰਮ ਹੈ। ਹੇ ਨਾਸ ਰਹਿਤ! ਤੂੰ ਸਭ ਕਰਮਾਂ ਨੂੰ ਨਾਸ ਕਰਨ ਵਾਲਾ ਹੈਂ। ਤੂੰ ਤਿੰਨਾਂ ਕਾਲਾਂ ਵਿਚ ਭਾਵ ਹਰ ਸਮੇਂ ਲੋਕਾਂ ਦੀ ਪਾਲਣਾ ਕਰਦਾ ਹੈਂ। ਤੂੰ ਸਦਾ ਸਭ ਉਤੇ ਦਿਆਲੂ ਰਹਿੰਦਾ ਹੈਂ॥੧੫॥

**ਜਪਸ ਤੁਯੰ॥ਜਪਸ ਤੁਯੰ॥ਰਹਾਉ॥**
**ਮਹਾਨ ਮੋਨ ਮਾਨ ਹੈਂ॥ਪਰੇਵ ਪਰਮ ਪ੍ਰਧਾਨ ਹੈਂ॥**
**ਪੁਰਾਨ ਪ੍ਰੇਤ ਨਾਸਨੰ॥ਸਦੇਵ ਸਰਬ ਪਾਸਨੰ॥੧੬॥**

ਹੇ ਪ੍ਰਭੂ ! ਮੈਂ ਤੈਨੂੰ ਜਪਦਾ ਹਾਂ। ਮੈਂ ਤੈਨੂੰ ਸਿਮਰਦਾ ਹਾਂ। ਠਹਿਰਾਓ। ਹੇ ਅਕਾਲ ਪੁਰਖ! ਵਡਿਆਂ ਵਿਚ ਤੇਰੀ ਵਿਚਾਰ ਹੁੰਦੀ ਹੈ। ਤੂੰ ਪਰੇ ਤੋਂ ਪਰੇ ਹੈਂ ਤੇ ਪ੍ਰਧਾਨ ਮੁਖੀ ਹੈਂ। ਤੂੰ ਆਦਿ ਕਾਲ ਤੋਂ ਹੀ ਪਰੇਤਾਂ ਦੇ ਨਾਸ ਕਰਨ ਵਾਲਾ ਹੈਂ। ਤੂੰ ਹਰ ਸਮੇਂ ਸਭ ਜੀਵਾਂ ਦੇ ਪਾਸ ਰਹਿੰਦਾ ਹੈਂ॥ ੧੬॥

**ਪ੍ਰਚੰਡ ਅਖੰਡ ਮੰਡਲੀ॥ ਉਦੰਡ ਰਾਜ ਸੁ ਥਲੀ॥**
**ਜਗੰਤ ਜੋਤਿ ਜ੍ਵਾਲ ਕਾ॥ ਜਲੰਤ ਦੀਪਮਾਲ ਕਾ॥ ੧੭॥**

ਹੇ ਪਰਮਾਤਮਾ! ਤੇਰੀ ਮੰਡਲੀ ਸਭਾ ਬੜੇ ਤੇਜ਼ ਵਾਲੀ ਤੇ ਅਖੰਡ ਹੈ ਤੇਰੀ ਸ਼ਕਤੀਸ਼ਾਲੀ ਰਾਜਧਾਨੀ ਸਭ ਵਿਚ ਪ੍ਰਧਾਨ ਹੈ। ਤੇਰੇ ਪ੍ਰਤਾਪ ਦੀ ਜੁਆਲਾ ਇਉਂ ਜਗਮਗ ਕਰ ਰਹੀ ਹੈ, ਮਾਨੋ ਦੀਪਮਲਾ ਹੋ ਰਹੀ ਹੋਵੇ॥ ੧੭॥

**ਕ੍ਰਿਪਾਲ ਦਯਾਲ ਲੋਚਨੰ॥ ਮਚੰਕ ਬਾਣ ਮੋਚਨੰ॥**
**ਸਿਰੰ ਕਿਰੀਟ ਧਾਰੀਯੰ॥ ਦਿਨੇਸ਼ ਕ੍ਰਿਤ ਹਾਰੀਯੰ॥ ੧੮॥**

ਹੇ ਕ੍ਰਿਪਾਲੂ ਤੇ ਦਿਆਲੂ ਈਸ੍ਵਰ! ਤੇਰੇ ਨੇਤਰਾ ਦੀ ਸੁੰਦਰਤਾ ਸਾਹਮਣੇ ਕਾਮਦੇਵ ਦੇ ਬਾਣ ਵੀ ਖੰਡਨ ਹੋ ਜਾਂਦੇ ਹਨ । ਤੁਸਾਂ ਆਪਣੇ ਸਿਰ ਤੇ ਐਸਾ ਸੁੰਦਰ ਮੁਕਟ ਧਾਰਨ ਕੀਤਾ ਹੋਇਆ ਹੈ, ਜਿਸ ਦੇ ਸਾਹਮਣੇ ਸੂਰਜ ਦਾ ਤੇਜ ਵੀ ਹਾਰ ਜਾਂਦਾ ਹੈ॥ ੧੮॥

**ਬਿਸਾਲ ਲਾਲ ਲੋਚਨੰ॥ ਮਨੋਜ ਮਾਨ ਮੋਚਨੰ॥**
**ਸੁਭੰਤ ਸੀਸ ਸੁ ਪ੍ਰਭਾ॥ ਚਕ੍ਰਤ ਚਾਰੁ ਚੰਦ੍ਰਕਾ॥ ੧੯॥**

ਹੇ ਪ੍ਰਭੂ! ਆਪ ਦੇ ਨੇਤਰ ਐਸੇ ਚੌੜੇ ਤੇ ਲਾਲ ਹਨ, ਜਿੰਨ੍ਹਾਂ ਨੂੰ ਵੇਖ ਕੇ ਕਾਮ ਦਾ ਮਾਨ ਵੀ ਟੁਟ ਜਾਂਦਾ ਹੈ। ਆਪ ਦੇ ਸੀਸ ਦੀ ਚਮਕ ਐਸੀ ਸ਼ੋਭਨੀਕ ਹੈ, ਜਿਸ ਨੂੰ ਵੇਖ ਕੇ ਚਾਂਦਨੀ ਵੀ ਅਸਚਰਜ ਹੁੰਦੀ ਹੈ॥ ੧੯॥

**ਜਗੰਤ ਜੋਤ ਜ੍ਵਾਲਕਾ॥ ਛਕੰਤ ਰਾਜ ਸੁ ਪ੍ਰਭਾ॥**
**ਜਗੰਤ ਜੋਤਿ ਜੈਤਸੀ॥ ਬਦੰਤ ਕ੍ਰਿਤ ਈਸੁਰੀ॥ ੨੦॥**

ਹੇ ਪਰਮੇਸ਼ਰ! ਆਪ ਦੇ ਪ੍ਰਤਾਪ ਦੀ ਜੋਤ ਐਸੀ ਪ੍ਰਚੰਡ ਜਗ ਰਹੀ ਹੈ, ਜਿਸ ਨੂੰ ਵੇਖਕੇ ਰਾਜਸੀ ਪ੍ਰਭਾ ਹੈਰਾਨ ਹੁੰਦੀ ਹੈ। ਆਪ ਦੀ ਜੋਤ ਐਸੀ ਜਗ ਰਹੀ ਹੈ, ਜਿਸ ਦੀ ਵਡਿਆਈ ਪਾਰਬਤੀ ਕਥਨ ਕਰਦੀ ਹੈ॥ ੨੦॥

## ਤ੍ਰਿਭੰਗੀ ਛੰਦ॥ ਤ੍ਵਪ੍ਰਸਾਦਿ॥

**ਅਨਕਾਦ ਸਰੂਪੰ ਅਮਿਤ ਬਿਭੂਤੰ ਅਚਲ ਸਰੂਪ ਬਿਸੁ ਕਰਣੰ॥**
**ਜਗ ਜੋਤਿ ਪ੍ਰਕਾਸੰ ਆਦਿ ਅਨਾਸੰ ਅਮਿਤ ਅਗਾਸੰ ਸ੍ਰਬ ਭਰਣੰ॥**
**ਅਨਗੰਜ ਅਕਾਲੰ ਬਿਸ ਪ੍ਰਤਿਪਾਲੰ ਦੀਨ ਦਿਆਲੰ ਸੁਭ ਕਰਣੰ॥**
**ਆਨੰਦ ਸਰੂਪੰ ਅਨਹਦ ਰੂਪੰ ਅਮਿਤ ਬਿਭੂਤੰ ਤਵ ਸਰਣੰ॥ ੨੧॥**

ਉਹ ਪ੍ਰਭੂ ਆਦਿ ਕਾਲ ਤੋਂ ਹੀ ਦੁਖ ਰਹਿਤ ਸਰੂਪ ਵਾਲਾ ਹੈ, ਉਸ ਦੀ ਬਿਭੂਤੀ ਸਮੱਗਰੀ ਬੇਅੰਤ ਹੈ। ਉਸ ਦਾ ਸਰੂਪ ਚਲਾਇਮਾਨ ਨਹੀਂ ਹੁੰਦਾ, ਉਹ ਸਾਰੇ ਸੰਸਾਰ ਦਾ ਰਚਨਹਾਰ ਹੈ। ਸਾਰੇ ਸੰਸਾਰ ਵਿਚ ਉਸੇ ਦੀ ਜੋਤ ਦਾ ਪ੍ਰਕਾਸ਼ ਹੋ ਰਿਹਾ ਹੈ। ਉਹ ਆਦਿ ਕਾਲ ਤੋਂ ਹੀ ਨਾਸ ਰਹਿਤ ਹੈ। ਉਹ ਅਕਾਸ਼ ਵਾਂਗੂੰ ਅਮਿਤ ਅਤੇ ਮਿਣਤੀ ਰਹਿਤ ਹੈ ਤੇ ਸਭ ਨੂੰ ਭਰਨ ਵਾਲਾ ਹੈ। ਉਹ ਟੁੱਟਣ ਵਾਲਾ ਨਹੀਂ, ਕਾਲ ਤੋਂ ਰਹਿਤ ਹੈ, ਸਾਰੇ ਸੰਸਾਰ ਦੇ ਜੀਵਾਂ ਦੀ ਪਾਲਣਾ ਕਰਨ ਵਾਲਾ ਹੈ, ਦੀਨਾ, ਗਰੀਬਾਂ ਤੇ ਦਇਆ ਕਰਨ ਵਾਲਾ ਤੇ ਸਭ ਦਾ ਭਲਾ ਕਰਨ ਵਾਲਾ ਹੈ। ਹੇ ਆਨੰਦਮਈ ਸਰੂਪ ਵਾਲੇ ਪ੍ਰਭੂ! ਹੇ ਅਨਹਦ ਰੂਪ ਵਾਲੇ ਅਕਾਲ ਪੁਰਖ! ਹੇ ਅਮਿਤ ਸਮੱਗਰੀ ਵਾਲੇ ਕਰਤਾ ਪੁਰਖ! ਮੈਂ ਤੇਰੀ ਸ਼ਰਨ ਵਿਚ ਹਾਂ॥੨੧॥

**ਬਿਸ੍ਵੰਭਰ ਭਰਣੰ ਜਗਤ ਪ੍ਰਕਰਣੰ ਅਧਰਣ ਧਰਣੰ ਸ਼ਿਸ਼ਟ ਕਰੰ॥**
**ਆਨੰਦ ਸਰੂਪੀ ਅਨਹਦ ਰੂਪੀ ਅਮਿਤ ਬਿਭੂਤੀ ਤੇਜ ਬਰੰ॥**
**ਅਨਖੰਡ ਪ੍ਰਤਾਪੰ ਸਭ ਜਗ ਥਾਪੰ ਅਲਖ ਅਤਾਪੰ ਬਿੱਸੁ ਕਰੰ॥**
**ਅਦ੍ਵੈ ਅਬਿਨਾਸੀ ਤੇਜ ਪ੍ਰਕਾਸੀ ਸਰਬ ਉਦਾਸੀ ਏਕ ਹਰੰ॥੨੨॥**

ਉਹ ਅਕਾਲ ਪੁਰਖ ਸਾਰੇ ਸੰਸਾਰ ਨੂੰ ਭਰਨ ਵਾਲਾ ਹੈ, ਸਾਰੇ ਜਗਤ ਨੂੰ ਭਲੀ ਪ੍ਰਕਾਰ ਰਚਨ ਵਾਲਾ ਹੈ, ਜਿੰਨ੍ਹਾਂ ਦਾ ਕੋਈ ਆਸਰਾ ਨਹੀਂ, ਉਹਨਾਂ ਦਾ ਆਸਰਾ ਹੈ ਤੇ ਹਰ ਸਮੇਂ ਭਲਿਆਈ ਕਰਨ ਵਾਲਾ ਹੈ। ਉਹ ਪ੍ਰਭੂ ਆਨੰਦ ਸਰੂਪ ਹੈ, ਅਨਹਦ ਰੂਪ ਵਾਲਾ ਹੈ, ਉਸਦੀ ਸਮੱਗਰੀ ਅਮਿਤ ਹੈ, ਉਹ ਸਰੇਸ਼ਟ ਤੇਜ ਵਾਲਾ ਹੈ। ਉਸ ਪਰਮਾਤਮਾ ਦਾ ਪ੍ਰਤਾਪ ਨਾ ਖੰਡੇ ਜਾਣ ਵਾਲਾ ਹੈ, ਉਹ ਸਾਰੇ ਸੰਸਾਰ ਦੀ ਥਾਪਨਾ ਭਾਵ ਸਿਰਜਨਾ ਕਰਨ ਵਾਲਾ ਹੈ, ਦੁਖਾਂ ਤੋਂ ਰਹਿਤ ਹੈ ਤੇ ਸਭ ਦਾ ਕਰਨਹਾਰ ਹੈ। ਉਹ ਈਸ਼੍ਵਰ ਦਵੈਤ ਰਹਿਤ ਹੈ ਨਾਸ ਰਹਿਤ ਹੈ, ਬੜੇ ਤੇਜ ਪ੍ਰਕਾਸ਼ ਵਾਲਾ ਹੈ, ਸਭ ਤੋਂ ਨਿਰਲੇਪ ਰਹਿਣ ਵਾਲਾ ਹੈ। ਉਹ ਐਸੇ ਗੁਣਾਂ ਵਾਲਾ ਇਕੋ ਹਰੀ ਹੈ॥੨੨॥

**ਅਨਖੰਡ ਅਮੰਡੰ ਤੇਜ ਪ੍ਰਚੰਡੰ ਜੋਤਿ ਉਦੰਡੰ ਅਮਿਤ ਮਤੰ॥**
**ਅਨਭੈ ਅਨਗਾਧੰ ਅਲਖ ਅਬਾਧੰ ਬਿੱਸੁ ਪ੍ਰਸਾਧੰ ਅਮਿਤ ਗਤੰ॥**
**ਆਨੰਦ ਸਰੂਪੀ ਅਨਹਦ ਰੂਪੀ ਅਚਲ ਬਿਭੂਤੀ ਭਵ ਤਰਣੰ॥**
**ਅਨਗਾਧਿ ਅਬਾਧੰ ਜਗਤ ਪ੍ਰਸਾਧੰ ਸਰਬ ਅਰਾਧੰ ਤਵ ਸ਼ਰਣੰ॥੨੩॥**

ਉਹ ਪ੍ਰਭੂ ਖੰਡਨ ਹੋਣ ਵਾਲਾ ਨਹੀਂ, ਨਾ ਮੰਡਨ ਹੋਣ ਵਾਲਾ ਹੈ, ਬੜੇ ਪ੍ਰਚੰਡ ਤੇਜ ਵਾਲਾ ਹੈ, ਬੜੇ ਉਗਰ ਪ੍ਰਕਾਸ਼ ਵਾਲਾ ਹੈ, ਉਸ ਦੀ ਮਤ ਬੜੀ ਤੇਜ਼ ਹੈ। ਉਹ ਪਰਮੇਸ਼ਰ ਨਿਡਰ ਹੈ, ਕਿਸੇ ਕੋਲੋਂ ਗਾਹਿਆ ਨਹੀਂ ਜਾਂਦਾ, ਕਿਸੇ ਕੋਲੋਂ ਜਾਣਿਆ ਨਹੀਂ ਜਾਂਦਾ, ਕਿਸੇ ਕੋਲੋਂ ਬੰਨ੍ਹਿਆਂ ਨਹੀਂ ਜਾਂਦਾ, ਸੰਸਾਰ ਨੂੰ ਚੰਗੀ ਤਰ੍ਹਾਂ ਸਾਧਨ ਵਾਲਾ ਹੈ, ਤੇ ਉਸ ਦੀ ਗਤੀ ਅਮਿਤ ਹੈ। ਉਹ ਅਕਾਲ ਪੁਰਖ ਆਨੰਦ ਸਰੂਪ ਵਾਲਾ ਹੈ, ਅਨਹਦ ਰੂਪ ਵਾਲਾ ਹੈ, ਉਸ ਦੀ ਸੰਪਤੀ ਅਚਲ ਹੈ ਤੇ ਆਪਣਿਆਂ ਭਗਤਾਂ

ਨੂੰ ਸੰਸਾਰ ਤੋਂ ਤਾਰਨ ਵਾਲਾ ਹੈ। ਹੇ ਅਗਾਧ! ਹੇ ਅਬਾਧ! ਹੇ ਸੰਸਾਰ ਨੂੰ ਚੰਗੀ ਤਰ੍ਹਾਂ ਸਾਧਣ ਵਾਲੇ! ਹੇ ਸਭ ਦੇ ਅਰਾਧਨ ਯੋਗ! ਮੈਂ ਤੇਰੀ ਸ਼ਰਣ ਹਾਂ॥੨੩॥

**ਅਕਲੰਕ ਅਬਾਧੰ ਬਿੱਸੁ ਪ੍ਰਸਾਧੰ ਜਗਤ ਅਗਾਧੰ ਭਵ ਨਾਸੰ॥**
**ਬਿਸ੍ਵੰਭਰ ਭਰਣੰ ਕਿਲਵਿਖ ਹਰਣੰ ਪਤਿਤ ਉਧਰਣੰ ਸਭ ਸਾਥੰ॥**
**ਅਨਾਥਨ ਨਾਥੇ ਅਕ੍ਰਿਤ ਅਗਾਥੇ ਅਮਿਤ ਅਨਾਥੇ ਦੁਖ ਹਰਣੰ॥**
**ਅਗੰਜ ਅਬਿਨਾਸੀ ਜੋਤਿ ਪ੍ਰਕਾਸੀ ਜਗਤ ਪ੍ਰਣਾਸੀ ਤੁਯ ਸਰਣੰ॥੨੪॥**

ਹੇ ਕਲੰਕ ਤੋਂ ਰਹਿਤ! ਹੇ ਕਿਸੇ ਬੰਧਨ ਵਿਚ ਨਾ ਬਝਨ ਵਾਲੇ! ਹੇ ਜਗਤ ਨੂੰ ਭਲੀ ਪ੍ਰਕਾਰ ਸਾਧਣ ਵਾਲੇ! ਹੇ ਸੰਸਾਰ ਦੇ ਅਰਾਧਨ ਯੋਗ ਤੇ ਡਰ ਦੂਰ ਕਰਨ ਵਾਲੇ ਪ੍ਰਭੂ, ਹੇ ਸਾਰੀ ਸ੍ਰਿਸ਼ਟੀ ਨੂੰ ਦਾਤਾਂ ਦੇ ਕੇ ਭਰਨ ਵਾਲੇ, ਹੇ ਸਮੂਹ ਪਾਪਾਂ ਦੇ ਨਾਸ ਕਰਨ ਵਾਲੇ ਹੇ ਪਾਪੀਆਂ ਨੂੰ ਤਾਰਨ ਵਾਲੇ! ਹੇ ਸਭ ਦੇ ਸਾਥੀ, ਹੇ ਅਨਾਥਾਂ ਦੇ ਨਾਥ! ਹੇ ਕਿਸੇ ਦੇ ਨਾ ਕੀਤੇ ਹੋਏ! ਹੇ ਨਾ ਕਥਨ ਕੀਤੇ ਜਾਣ ਵਾਲੇ! ਹੇ ਮਿਣਤੀ ਤੋਂ ਰਹਿਤ! ਹੇ ਸੁਆਮੀ ਰਹਿਤ! ਹੇ ਦੁਖਾਂ ਦੇ ਨਾਸ ਕਰਨ ਵਾਲੇ, ਹੇ ਕਿਸੇ ਕੋਲੋਂ ਨਾ ਟੁੱਟਣ ਵਾਲੇ! ਹੇ ਨਾਸ ਰਹਿਤ। ਹੇ ਪ੍ਰਕਾਸ਼ਮਈ ਜੋਤ ਵਾਲੇ! ਹੇ ਸੰਸਾਰ ਨੂੰ ਪੂਰੀ ਤਰ੍ਹਾਂ ਨਾਸ ਕਰਨ ਵਾਲੇ! ਮੈ ਤੇਰੀ ਸ਼ਰਣ ਹਾਂ॥੨੪॥

**ਕਲਸ॥ ਅਮਿਤ ਤੇਜ ਜਗ ਜੋਤਿ ਪ੍ਰਕਾਸੀ॥ ਆਦਿ ਅਛੇਦ ਅੱਛੈ ਅਬਿਨਾਸੀ॥**
**ਪਰਮ ਤੱਤ ਪ੍ਰਮਾਰਥ ਪ੍ਰਕਾਸੀ॥ ਆਦਿ ਸਰੂਪ ਅਖੰਡ ਉਦਾਸੀ॥੨੫॥**

ਉਹ ਪ੍ਰਭੂ ਦਾ ਤੇਜ ਮਿਣਤੀ ਰਹਿਤ ਹੈ, ਉਸ ਦੀ ਜੋਤ ਦਾ ਪ੍ਰਕਾਸ਼ ਜਗਮਗ ਜਗਮਗ ਕਰ ਰਿਹਾ ਹੈ। ਉਹ ਆਦਿ ਕਾਲ ਤੋਂ ਹੀ ਛੇਦ ਰਹਿਤ, ਡਰ ਰਹਿਤ ਤੇ ਨਾਸ ਰਹਿਤ ਹੈ। ਉਹ ਪਰਮ ਤੱਤ ਤੇ ਪਰਮਾਰਥ ਦੇ ਪ੍ਰਕਾਸ਼ ਕਰਨ ਵਾਲਾ ਹੈ। ਉਹ ਸਭ ਦਾ ਮੁਢ ਸਰੂਪ, ਅਖੰਡ ਤੇ ਨਿਰਲੇਪ ਰਹਿਣ ਵਾਲਾ ਹੈ॥੨੫॥

## *ਤ੍ਰਿਭੰਗੀ ਛੰਦ॥*

**ਅਖੰਡ ਉਦਾਸੀ ਪਰਮ ਪ੍ਰਕਾਸੀ ਆਦਿ ਅਨਾਸੀ ਬਿਸ੍ਵ ਕਰੰ॥**
**ਜਗਤਾਵਲ ਕਰਤਾ ਜਗਤ ਪ੍ਰਹਰਤਾ ਸਭ ਜਗ ਭਰਤਾ ਸਿੱਧ ਭਰੰ॥**
**ਅੱਛੈ ਅਬਿਨਾਸੀ ਤੇਜ ਪ੍ਰਕਾਸ਼ੀ ਰੂਪ ਸੁਰਾਸੀ ਸਰਬ ਛਿਤੰ॥**
**ਆਨੰਦ ਸਰੂਪੀ ਅਨਹਦ ਰੂਪੀ ਅਲਖ ਬਿਭੂਤੀ ਅਮਿਤ ਗਤੰ॥੨੬॥**

ਉਹ ਅਕਾਲ ਪੁਰਖ ਅਖੰਡ ਤੇ ਨਿਰਲੇਪ ਰਹਿਣ ਵਾਲਾ ਹੈ, ਮਹਾਨ ਪ੍ਰਕਾਸ਼ ਵਾਲਾ ਹੈ, ਆਦਿ

ਕਾਲ ਤੋਂ ਹੀ ਨਾਸ ਰਹਿਤ ਤੇ ਸ੍ਰਿਸ਼ਟੀ ਦਾ ਰਚਨਹਾਰ ਹੈ। ਉਹ ਪ੍ਰਭੂ ਇਸ ਸੰਸਾਰ ਦੀ ਲੜੀ ਦਾ ਰਚਨਹਾਰ ਹੈ, ਜਗਤ ਨੂੰ ਭਲੀ ਪ੍ਰਕਾਰ ਨਾਸ ਕਰਨ ਵਾਲਾ ਹੈ, ਸਾਰੇ ਸੰਸਾਰ ਨੂੰ ਦਾਤਾਂ ਦੇ ਕੇ ਭਰਨ ਵਾਲਾ ਹੈ ਤੇ ਪੂਰਨ ਤੌਰ ਤੇ ਸਿਧ ਹੈ। ਉਹ ਪਰਮਾਤਮਾ ਛੈ ਨਹੀਂ ਹੁੰਦਾ ਭਾਵ ਨਾਸ ਰਹਿਤ ਹੈ। ਬੜੇ ਤੇਜ ਪ੍ਰਕਾਸ਼ ਵਾਲਾ ਹੈ। ਸਾਰੀ ਪ੍ਰਿਥਵੀ ਉਸ ਦੇ ਸੁੰਦਰ ਰੂਪ ਦੀ ਰਾਸ ਪੂੰਜੀ ਹੈ। ਉਹ ਈਸ਼ੁਰ ਆਨੰਦ ਸਰੂਪ ਤੇ ਅਨਹਦ ਰੂਪ ਵਾਲਾ ਹੈ। ਉਸ ਦੀ ਸੰਪਤੀ ਬਾਰੇ ਕੁਝ ਜਾਣਿਆਂ ਨਹੀਂ ਜਾ ਸਕਦਾ। ਉਸਦੀ ਗਤੀ ਅਮਿਤ ਹੈ॥ ੨੬॥

**ਕਲਸ॥ ਆਦਿ ਅਭੈ ਅਨਗਾਧਿ ਸਰੂਪੰ॥ ਰਾਗ ਰੰਗਿ ਜਿਹ ਰੇਖ ਨ ਰੂਪੰ॥**
**ਰੰਕ ਭਯੋ ਰਾਵਤ ਕਹੂੰ ਭੂਪੰ॥ ਕਹੂੰ ਸਮੁੰਦ ਸਰਤਾ ਕਹੂੰ ਕੂਪੰ॥ ੨੭॥**

ਪਦ ਅਰਥ - ਰਾਵਟ=ਚੌਧਰੀ, ਸਰਦਾਰ। ਸਰਤਾ=ਨਦੀ। ਕੂਪੰ=ਖੂਹ।

ਅਰਥ - ਉਹ ਪ੍ਰਭੂ ਸਭ ਦਾ ਮੂਲ ਹੈ, ਡਰ ਰਹਿਤ ਹੈ, ਉਸਦਾ ਸਰੂਪ ਨਾ ਗਾਹੇ ਜਾਣ ਵਾਲਾ ਹੈ। ਜਿਸ ਦਾ ਕੋਈ ਰਾਗ, ਰੰਗ, ਰੂਪ ਤੇ ਰੇਖ ਨਹੀਂ। ਉਹ ਕਿਤੇ ਗਰੀਬ ਹੈ, ਕਿਤੇ ਚੌਧਰੀ ਹੈ ਤੇ ਕਿਤੇ ਰਾਜਾ ਬਣਿਆ ਬੈਠਾ ਹੈ। ਉਹ ਕਿਤੇ ਸਮੁੰਦਰ ਹੈ, ਕਿਤੇ ਨਦੀ ਹੈ ਤੇ ਕਿਤੇ ਖੂਹ ਹੈ॥ ੨੭॥

## ਤ੍ਰਿਭੰਗੀ ਛੰਦ॥

**ਸਰਤਾ ਕਹੂੰ ਕੂਪੰ ਸਮੁੰਦ ਸਰੂਪੰ ਅਲਖ ਬਿਭੂਤੰ ਅਮਿਤ ਗਤੰ॥**
**ਅਦ੍ਵੈ ਅਬਿਨਾਸੀ ਪਰਮ ਪ੍ਰਕਾਸੀ ਤੇਜ ਸੁਰਾਸੀ ਅਕ੍ਰਿਤ ਕ੍ਰਿਤੰ॥**
**ਜਿਹ ਰੂਪ ਨ ਰੇਖੰ ਅਲਖ ਅਭੇਖੰ ਅਮਿਤ ਅਦ੍ਵੈਖੰ ਸਰਬ ਮਈ॥**
**ਸਭ ਕਿਲਵਿਖ ਹਰਣੰ ਪਤਿਤ ਉਧਰਣੰ ਅਸਰਣਿ ਸਰਣੰ ਏਕ ਦਈ॥ ੨੮॥**

ਉਹ ਅਕਾਲ ਪੁਰਖ ਕਿਤੇ ਨਦੀ, ਖੂਹ ਤੇ ਕਿਤੇ ਸਮੁੰਦਰ ਰੂਪ ਵਾਲਾ ਹੈ। ਉਸ ਦੀ ਸੰਪਦਾ ਨੂੰ ਕੋਈ ਜਾਣ ਨਹੀਂ ਸਕਦਾ ਤੇ ਉਸ ਦੀ ਗਤੀ ਅਮਿਤ ਹੈ। ਉਹ ਕਰਤਾ ਪੁਰਖ ਦ੍ਵੈਤ ਰਹਿਤ ਤੇ ਨਾਸ ਰਹਿਤ ਹੈ। ਬੜੇ ਮਹਾਨ ਪ੍ਰਕਾਸ਼ ਵਾਲਾ, ਸੁੰਦਰ ਤੇ ਤੇਜ ਰਾਸ਼ੀ ਵਾਲਾ ਹੈ। ਉਹ ਸਭ ਸਰੂਪਾਂ ਦਾ ਕਰਨਹਾਰ ਹੈ। ਉਸ ਪਰਮਾਤਮਾ ਦਾ ਕੋਈ ਰੂਪ ਨਹੀਂ, ਰੇਖ ਨਹੀਂ, ਉਹ ਕਿਸੇ ਕੋਲੋਂ ਜਾਣਿਆ ਨਹੀਂ ਜਾਂਦਾ, ਉਸ ਦਾ ਕੋਈ ਭੇਖ ਪਹਿਰਾਵਾ ਨਹੀਂ, ਉਹ ਅਮਿਤ ਮਿਣਤੀ ਰਹਿਤ ਦਵੈਸ਼ ਰਹਿਤ ਤੇ ਸਭ ਰੂਪਾਂ ਵਾਲਾ ਹੈ। ਉਹ ਪਰਮੇਸ਼ਰ ਸਭ ਪਾਪਾਂ ਦਾ ਨਾਸ ਕਰਨ ਵਾਲਾ ਤੇ ਪਾਪੀਆਂ ਦਾ ਉਧਾਰ ਕਰਨ ਵਾਲਾ ਹੈ। ਜਿੰਨ੍ਹਾਂ ਦਾ ਕੋਈ ਆਸਰਾ ਨਹੀਂ ਬਣਦਾ, ਉਹਨਾਂ ਨੂੰ ਆਪਣੀ ਸ਼ਰਨ ਵਿਚ ਰਖਣ ਵਾਲਾ ਤੇ ਸਭ ਦਾ ਪ੍ਰੇਰਕ ਹੈ॥ ੨੮॥

**ਕਲਸ॥ ਆਜਾਨੁ ਬਾਹੁ ਸਾਰੰ ਕਰ ਧਰਣੰ॥ ਅਮਿਤ ਜੋਤਿ ਜਗ ਜੋਤਿ ਪ੍ਰਕਰਣੰ॥**

**ਖੜਗ ਪਾਣ ਖਲ ਦਲ ਬਲ ਹਰਣੰ॥ ਮਹਾਬਾਹੁ ਬਿਸ੍ਵੰਭਰ ਭਰਣੰ॥ ੨੯॥**

ਉਹ ਪਰਮਾਤਮਾ ਗੋਡਿਆਂ ਤਕ ਲੰਮੀਆਂ ਬਾਹਾਂ ਵਾਲਾ ਤੇ ਹੱਥ ਵਿਚ ਧਨੁਖ ਧਾਰਨ ਵਾਲਾ ਹੈ। ਉਹ ਅਮਿਤ ਜੋਤੀ ਵਾਲਾ ਤੇ ਸੰਸਾਰ ਵਿਚ ਪ੍ਰਕਾਸ਼ ਨੂੰ ਪ੍ਰਕਾਸ਼ਨ ਵਾਲਾ ਹੈ। ਉਹ ਹਥ ਵਿਚ ਤਲਵਾਰ ਰਖਦਾ ਹੈ ਤੇ ਮੂਰਖਾਂ ਦੇ ਦਲਾਂ ਦਾ ਬਲ ਨਾਸ ਕਰਦਾ ਹੈ। ਉਹ ਮਹਾਂ ਬਾਹੂ ਹੈ ਤੇ ਸਾਰੇ ਸੰਸਾਰ ਨੂੰ ਆਪਣੀਆਂ ਦਾਤਾਂ ਦੇ ਕੇ ਭਰਨ ਵਾਲਾ ਹੈ॥ ੨੯॥

## *ਤ੍ਰਿਭੰਗੀ ਛੰਦ॥*

**ਖਲ ਦਲ ਬਲ ਹਰਣੰ ਦੁਸ਼ਟ ਬਿਦਰਣੰ ਅਸਰਣ ਸਰਣੰ ਅਮਿਤ ਗਤੰ॥
ਚੰਚਲ ਚਖ ਚਾਰਣ ਮੱਛ ਬਿਡਾਰਣ ਪਾਪ ਪ੍ਰਹਾਰਣ ਅਮਿਤ ਮਤੰ॥
ਆਜਾਨ ਸੁ ਬਾਹੰ ਸ਼ਾਹਨ ਸ਼ਾਹੰ ਮਹਿਮਾ ਮਾਹੰ ਸਰਬਮਈ॥
ਜਲ ਥਲ ਬਨ ਰਹਿਤਾ ਬਨ ਤ੍ਰਿਨਿ ਕਹਿਤਾ ਖਲ ਦਲਿ ਦਹਿਤਾ ਸੁ ਨਰਿ ਸਹੀ॥ ੩੦॥**

ਉਹ ਈਸ਼੍ਵਰ ਮੂਰਖਾਂ ਦੇ ਦਲਾਂ ਦਾ ਬਲ ਨਾਸ ਕਰਨ ਵਾਲਾ ਹੈ ਤੇ ਦੁਸ਼ਟ ਪੁਰਸ਼ਾਂ ਨੂੰ ਡਰਾਉਣ ਵਾਲਾ ਹੈ। ਨਿਆਸਰਿਆਂ ਨੂੰ ਆਪਣੀ ਸ਼ਰਨ ਵਿਚ ਰਖਣ ਵਾਲਾ ਤੇ ਅਮਿਤ ਗਤੀ ਵਾਲਾ ਹੈ। ਉਸ ਦੇ ਨੇਤਰ ਐਸੇ ਚੰਚਲ ਹਨ ਕਿ ਮੱਛੀ ਦੀ ਚੰਚਲਤਾ ਵੀ ਉਨ੍ਹਾਂ ਸਾਹਮਣੇ ਮਾਤ ਪੈ ਜਾਂਦੀ ਹੈ। ਉਹ ਪਾਪਾਂ ਨੂੰ ਨਾਸ ਕਰਨ ਵਾਲਾ ਤੇ ਅਮਿਤ ਬੁਧੀ ਵਾਲਾ ਹੈ। ਉਹ ਅਕਾਲ ਪੁਰਖ ਗੋਡਿਆਂ ਤਕ ਲੰਮੀਆਂ ਬਾਹਾਂ ਵਾਲਾ ਹੈ, ਬਾਦਸ਼ਾਹਾਂ ਦਾ ਬਾਦਸ਼ਾਹ ਹੈ, ਉਸ ਦੀ ਵਡਿਆਈ ਦਾ ਪ੍ਰਕਾਸ਼ ਸਭ ਜੀਵਾਂ ਵਿਚ ਹੋ ਰਿਹਾ ਹੈ। ਉਹ ਪ੍ਰਭੂ ਜਲਾਂ, ਥਲਾਂ ਤੇ ਬਨਾਂ ਵਿਚ ਰਹਿੰਦਾ ਹੈ, ਵਣ ਤ੍ਰਿਣ ਉਸ ਦਾ ਜਸ ਕਹਿੰਦੇ ਸਨ। ਉਹ ਪ੍ਰਭੂ ਸਹੀ ਤੌਰ ਤੇ ਮੂਰਖਾਂ ਦੇ ਦਲਾਂ ਨੂੰ ਸਾੜਨ ਵਾਲਾ ਹੈ॥ ੩੦॥

**ਕਲਸ॥ ਅਤਿ ਬਲਿਸ਼ਟ ਦਲ ਦੁਸ਼ਟ ਨਿਕੰਦਨ॥ ਅਮਿਤ ਪ੍ਰਤਾਪ ਸਗਲ ਜਗ ਬੰਦਨ॥
ਸੋਹਤ ਚਾਰ ਚਿਤ੍ਰ ਕਰ ਚੰਦਨ॥ ਪਾਪ ਪ੍ਰਹਰਨ ਦੁਸ਼ਟ ਦਲ ਦੰਡਨ॥ ੩੧॥**

ਉਹ ਪਰਮੇਸ਼ਰ ਅਤਿ ਬਲਵਾਨ ਹੈ ਤੇ ਦੁਸ਼ਟਾਂ ਦੇ ਦਲਾਂ ਨੂੰ ਨਸ਼ਟ ਕਰਨ ਵਾਲਾ ਹੈ। ਉਹ ਅਮਿਤ ਪ੍ਰਤਾਪ ਵਾਲਾ ਹੈ। ਸਾਰਾ ਸੰਸਾਰ ਉਸ ਨੂੰ ਨਮਸ਼ਕਾਰ ਕਰਦਾ ਹੈ। ਉਸ ਦੇ ਮਸਤਕ ਤੇ ਬੜਾ ਸੁੰਦਰ ਚੰਦਨ ਦਾ ਟਿੱਕਾ ਸ਼ੋਭ ਰਿਹਾ ਹੈ। ਉਹ ਪਾਪਾਂ ਨੂੰ ਨਾਸ ਕਰਨ ਵਾਲਾ ਤੇ ਦੁਸ਼ਟਾਂ ਦੇ ਦਲਾਂ ਨੂੰ ਦੰਡਣ ਵਾਲਾ ਹੈ॥ ੩੧॥

**ਛਪੈ ਛੰਦ॥ ਬੇਦ ਭੇਦ ਨਹਿ ਲਖੈ ਬ੍ਰਹਮੁ ਬ੍ਰਹਮਾ ਨਹੀ ਬੁਝੈ॥
ਬਿਆਸ ਪਰਾਸੁਰ ਸੁਕ ਸੁਨਾਦਿ ਸ਼ਿਵ ਅੰਤੁ ਨ ਸੁਝੈ॥
ਸਨਤਿ ਕੁਅਰ ਸਨਕਾਦਿ ਸਰਬ ਜਉ ਸਮਾ ਨ ਪਾਵਹਿ॥**

**ਲਖ ਲਖਮੀ ਲਖ ਬਿਸ਼ਨ ਕਿਸ਼ਨ ਕਈ ਨੇਤ ਬਤਾਵਹਿ॥**
**ਅਸੰਭ ਰੂਪ ਅਨਭੈ ਪ੍ਰਭਾ ਅਤਿ ਬਲਿਸ਼ਟ ਜਲਿ ਥਲਿ ਕਰਣ॥**
**ਅਚੁਤ ਅਨੰਤ ਅਦ੍ਵੈ ਅਮਿਤ ਨਾਥ ਨਿਰੰਜਨ ਤਵ ਸ਼ਰਣ॥ ੩੨॥**

ਬ੍ਰਹਮ ਅਕਾਲ ਪੁਰਖ ਦੇ ਭੇਦ ਨੂੰ ਵੇਦ ਨਹੀਂ ਜਾਣਦੇ ਤੇ ਬ੍ਰਹਮਾ ਵੀ ਉਸ ਦੇ ਭੇਦ ਨਹੀਂ ਜਾਣ ਸਕਿਆ। ਬਿਆਸ ਮੁਨੀ, ਪਰਾਸੁਰ ਸੁਕਦੇਵ ਤੇ ਨੰਦੀ ਗਣ ਦੇ ਸਹਿਤ ਸ਼ਿਵ ਜੀ ਵੀ ਉਸ ਬ੍ਰਹਮ ਦੇ ਅੰਤ ਨੂੰ ਨਹੀਂ ਜਾਣ ਸਕੇ। ਬ੍ਰਹਮਾ ਦੇ ਪੁੱਤਰ ਸਨਕ, ਸਨੰਦਨ, ਸਨਾਤਨ ਤੇ ਸਨਤ ਕੁਮਾਰ ਆਦਿਕ ਵੀ ਉਸ ਪ੍ਰਭੂ ਸਮੇਂ ਭਾਵ ਕਾਲ ਨੂੰ ਨਹੀਂ ਜਾਣ ਸਕੇ। ਲੱਖਾਂ ਲਖਮੀਆਂ, ਲੱਖਾਂ ਵਿਸ਼ਨੂੰ ਤੇ ਕਈ ਕ੍ਰਿਸ਼ਨ ਅਵਤਾਰਾਂ ਨੇ ਉਸ ਪਰਮਾਤਮਾ ਨੂੰ ਬੇਅੰਤ ਬੇਅੰਤ ਹੀ ਕਿਹਾ ਹੈ। ਉਹ ਸੁਤੇ ਸਰੂਪ ਹੈ, ਉਸ ਦੀ ਪ੍ਰਭਾ ਗਿਆਨ ਕਰਕੇ ਪ੍ਰਕਾਸ਼ਦੀ ਹੈ, ਉਹ ਅਤੀ ਬਲਵਾਨ ਹੈ ਤੇ ਜਲ ਥਲ ਦਾ ਰਚਨਹਾਰ ਹੈ। ਉਹ ਪਰਮੇਸ਼ਰ ਅਚੁਤ ਹੈ, ਅੰਤ ਰਹਿਤ ਹੈ, ਦ੍ਵੈਸ਼ ਰਹਿਤ ਹੈ ਤੇ ਅਮਿਤ ਭਾਵ ਮਿਣਤੀ ਰਹਿਤ ਹੈ। ਹੇ ਮਾਇਆ ਤੋਂ ਨਿਰਲੇਪ ਸੁਆਮੀ! ਮੈਂ ਤੇਰੀ ਸ਼ਰਨ ਹਾਂ॥ ੩੨॥

**ਅਚੁਤ ਅਭੈ ਅਭੇਦ ਅਮਿਤ ਆਖੰਡ ਅਤੁਲ ਬਲ॥**
**ਅਟਲ ਅਨੰਤ ਅਨਾਦਿ ਅਖੈ ਆਖੰਡ ਪ੍ਰਬਲ ਦਲ॥**
**ਅਮਿਤ ਅਮਿਤ ਅਨਤੋਲ ਅਭੂ ਅਨਭੇਦ ਅਭੰਜਨ॥**
**ਅਨਬਿਕਾਰ ਆਤਮ ਸਰੂਪ ਸੁਰ ਨਰ ਮੁਨ ਰੰਜਨ॥**
**ਅਬਿਕਾਰ ਰੂਪ ਅਨਭੈ ਸਦਾ ਮੁਨ ਜਨ ਬੰਦਤ ਚਰਨ॥**
**ਭਵ ਭਰਨ ਕਰਨ ਦੁਖ ਦੋਖ ਹਰਨ ਅਤਿ ਪ੍ਰਤਾਪ ਭ੍ਰਮ ਭੈ ਹਰਨ॥ ੩੩॥**

ਉਹ ਅਕਾਲ ਪੁਰਖ ਸਦਾ ਇਕ ਰਸ ਰਹਿੰਦਾ ਹੈ, ਕਿਸੇ ਤੋਂ ਡਰਦਾ ਨਹੀਂ, ਉਸ ਦੇ ਭੇਦ ਨੂੰ ਕੋਈ ਨਹੀਂ ਜਾਣ ਸਕਦਾ, ਉਹ ਮਿਣਤੀ ਤੋਂ ਰਹਿਤ ਹੈ, ਨਾ ਖੰਡੇ ਜਾਣ ਵਾਲਾ ਹੈ, ਉਸਦਾ ਬਲ ਤੋਲ ਰਹਿਤ ਹੈ। ਉਹ ਪ੍ਰਭੂ ਅਟੱਲ ਹੈ ਭਾਵ ਕਿਸੇ ਦੇ ਟਾਲਿਆਂ ਟਲਦਾ ਨਹੀਂ, ਉਸ ਦਾ ਅੰਤ ਕੋਈ ਨਹੀਂ ਪਾ ਸਕਦਾ, ਉਹ ਅਨਾਦੀ ਹੈ ਭਾਵ ਕੋਈ ਨਹੀਂ ਜਾਣ ਸਕਦਾ ਉਹ ਖੈ ਭਾਵ ਨਾਸ ਨਹੀਂ ਹੁੰਦਾ, ਬੜੇ ਬਲਵਾਨ ਦਲਾਂ ਨੂੰ ਦਲਣ ਵਾਲਾ ਹੈ। ਉਹ ਪਰਮੇਸ਼ਰ ਅਮਿਤ ਹੈ ਭਾਵ ਕਿਸੇ ਦੀ ਬਣਾਈ ਮਰਿਆਦਾ ਵਿਚ ਨਹੀਂ ਬੱਝਾ ਹੋਇਆ ਤੇ ਨਾ ਹੀ ਉਸ ਦੀ ਕੋਈ ਹੱਦ ਭਾਵ ਸੀਮਾ ਹੈ। ਉਹ ਤੋਲ ਰਹਿਤ ਤੇ ਤੱਤਾਂ ਤੋਂ ਬਿਨਾਂ ਹੈ। ਉਸ ਦੇ ਭੇਦ ਨੂੰ ਕੋਈ ਨਹੀਂ ਜਾਣ ਸਕਦਾ, ਉਹ ਭੰਜਨ ਤੋਂ ਰਹਿਤ ਹੈ। ਉਹ ਅਕਾਲ ਪੁਰਖ ਹਰ ਪ੍ਰਕਾਰ ਦੇ ਵਿਕਾਰਾਂ ਤੋਂ ਰਹਿਤ ਹੈ, ਆਤਮ ਸਰੂਪ ਹੈ, ਦੇਵਤਿਆਂ, ਪੁਰਸ਼ਾਂ ਤੇ ਮੁਨੀਆਂ ਨੂੰ ਪ੍ਰਸੰਨ ਕਰਨ ਵਾਲਾ ਹੈ। ਉਸ ਦਾ ਸਰੂਪ ਸ਼ੁੱਧ ਤੇ ਗਿਆਨਮਈ ਹੈ। ਰਿਸ਼ੀ ਮੁਨੀ, ਤੇ ਗਣ ਉਸ ਦੇ ਚਰਨਾਂ ਤੇ ਸਦਾ ਨਮਸ਼ਕਾਰ ਕਰਦੇ ਸਨ। ਉ

ਸਾਰੇ ਸੰਸਾਰ ਨੂੰ ਦਾਤਾਂ ਦੇ ਕੇ ਪੂਰਨ ਕਰਨ ਵਾਲਾ ਹੈ, ਦੁਖਾਂ ਦੇ ਦੋਸ਼ਾਂ ਨੂੰ ਨਾਸ ਕਰਨ ਵਾਲਾ ਹੈ, ਬੜੇ ਤੇਜ ਪ੍ਰਤਾਪ ਵਾਲਾ ਤੇ ਭਰਮ ਤੇ ਡਰ ਨੂੰ ਦੂਰ ਕਰਨ ਵਾਲਾ ਹੈ॥ ੩੩॥

**ਤ੍ਵਪ੍ਰਸਾਦਿ॥ ਮੁਖ ਮੰਡਲ ਪਰਿ ਲਸਤ ਜੋਤਿ ਉਦੋਤ ਅਮਿਤ ਗਤਿ॥**
**ਜਟਿਤ ਜੋਤ ਜਗਮਗਤ ਲਜਤ ਲਖ ਕੋਟਿ ਨਿਖਤ੍ਰ ਪਤਿ॥**
**ਚੱਕ੍ਰਵਰਤੀ ਚੱਕ੍ਰਵੈ ਚੱਕ੍ਰਤ ਚਉਚੱਕ੍ਰ ਕਰਿ ਧਰਿ॥**
**ਪਦਮ ਨਾਥ ਪਦਮਾਛ ਨਵਲ ਨਾਰਾਇਣ ਨਰ ਹਰਿ॥**
**ਕਾਲਖ ਬਿਹੰਛਣ ਕਿਲਬਿਖ ਹਰਣ ਸੁਰ ਨਰ ਮੁਨ ਬੰਦਤ ਚਰਣ॥**
**ਖੰਡਣ ਅਖਮੰਡ ਮੰਡਣ ਅਭੈ ਨਮੋ ਨਾਥ ਭਵ ਭੈ ਹਰਣ॥ ੩੪॥**

ਪਦ ਅਰਥ - ਨਿਖਤ੍ਰ ਪਤਿ=ਚੰਦਰਮਾਂ।

ਉਸ ਕਰਤਾ ਪੁਰਖ ਦੇ ਮੁਖ ਮੰਡਲ ਤੇ ਅਮਿਤ ਗਤੀ ਵਾਲੀ ਪ੍ਰਕਾਸ਼ਮਈ ਜੋਤ ਚਮਕਦੀ ਹੈ। ਉਸ ਜੋਤੀ ਦਾ ਪ੍ਰਕਾਸ਼ ਐਸਾ ਚਮਕਾਂ ਮਾਰਦਾ ਹੈ, ਜਿਸ ਨੂੰ ਵੇਖਕੇ ਕਰੋੜਾਂ ਚੰਦਰਮਾਂ ਲੱਜਿਤ ਹੁੰਦੇ ਹਨ। ਉਸ ਅਕਾਲ ਪੁਰਖ ਨੇ ਆਪਣੇ ਹੱਥਾਂ ਹੇਠ ਚੌਹਾਂ ਚਕਾਂ ਭਾਵ ਸਾਰੀ ਸ੍ਰਿਸ਼ਟੀ ਨੂੰ ਧਾਰਿਆ ਹੋਇਆ, ਜਿਸ ਨੂੰ ਵੇਖਕੇ ਚਕ੍ਰਵਰਤੀ ਰਾਜੇ ਅਸਚਰਜ ਹੁੰਦੇ ਹਨ। ਉਹ ਪ੍ਰਭੂ ਮਾਇਆ ਦਾ ਸੁਆਮੀ ਹੈ, ਉਸ ਦੇ ਨੇਤ੍ਰ ਕਮਲ ਵਰਗੇ ਸੁੰਦਰ ਹਨ, ਉਹ ਸਭ ਨਰਾਂ ਵਿਚ ਵਿਆਪਕ ਹੈ ਤੇ ਉਹ ਨਰਾਂ ਨੂੰ ਹਰੇ ਭਰੇ ਕਰਨ ਵਾਲਾ ਹੈ। ਉਹ ਪਰਮਾਤਮਾ ਕਾਲਖ ਅਗਿਆਨ ਦੇ ਅੰਧੇਰੇ ਨੂੰ ਦੂਰ ਕਰਨ ਵਾਲਾ ਤੇ ਪਾਪਾਂ ਨੂੰ ਨਾਸ ਕਰਨ ਵਾਲਾ ਹੈ। ਦੇਵਤੇ, ਮਨੁੱਖ ਤੇ ਰਿਸ਼ੀ ਮੁਨੀ ਉਸ ਦੇ ਚਰਨਾਂ ਤੇ ਨਮਸ਼ਕਾਰ ਕਰਦੇ ਹਨ। ਉਹ ਪਰਮੇਸ਼ਰ ਨਾ ਖੰਡਣ ਹੋਣ ਵਾਲਿਆਂ ਨੂੰ ਖੰਡਣ ਵਾਲਾ ਹੈ, ਭੈ ਰਹਿਤ ਅਸਥਾਨ ਤੇ ਕਾਇਮ ਕਰਨ ਵਾਲਾ ਹੈ। ਇਸ ਸੰਸਾਰ ਦੇ ਭੈ ਨੂੰ ਦੂਰ ਕਰਨ ਵਾਲੇ ਸੁਆਮੀ ਨੂੰ ਮੇਰੀ ਨਮਸ਼ਕਾਰ ਹੈ॥ ੩੪॥

**ਛਪੈ ਛੰਦ॥ ਨਮੋ ਨਾਥ ਨ੍ਰਿੱਦਾਇਕ ਨਮੋ ਨਿਮ ਰੂਪ ਨਿਰੰਜਨ॥**
**ਅਗੰਜਾਣ ਅਗੰਜਣ ਅਭੰਜ ਅਨਭੇਦ ਅਭੰਜਨ॥**
**ਅੱਛੈ ਅਖੈ ਅਬਿਕਾਰ ਅਭੈ ਅਨਭਿੱਜ ਅਭੇਦਨ॥**
**ਅਖੈ ਦਾਨ ਖੇਦਨ ਅਖਿੱਜ ਅਨਛਿੱਦ੍ਰ ਅਛੇਦਨ॥**
**ਅਜਾਨ ਬਾਹੁ ਸਾਰੰਗ ਧਰ ਖੜਗ ਪਾਣ ਦੁਰਜਣ ਦਲਣ॥**
**ਨਰ ਵਰ ਨਰੇਸ਼ ਨਾਇਕ ਨ੍ਰਿਪਣਿ ਨਮੋ ਨਵਲ ਜਲ ਥਲ ਰਵਣ॥ ੩੫॥**

ਪਦ ਅਰਥ - ਨ੍ਰਿਦਾਇਕ=ਪੁਰਸ਼ਾਂ ਨੂੰ ਦੇਣ ਵਾਲਾ। ਨਿਮ=ਨਿੰਮ੍ਰਤਾ। ਨ੍ਰਿਪਣਿ=ਰੋਜ਼ਾਂ। ਨਵਲ=ਨਵਾਂ।

ਪੁਰਸ਼ਾਂ ਨੂੰ ਹਰ ਤਰ੍ਹਾਂ ਦੀਆਂ ਦਾਤਾਂ ਦੇਣ ਵਾਲੇ ਸੁਆਮੀ ਨੂੰ ਨਮਸ਼ਕਾਰ ਹੈ। ਨਿੰਮ੍ਰਤਾ ਦੇ ਰੂਪ ਤੇ ਮਾਇਆ ਤੋਂ ਨਿਰਲੇਪ ਨੂੰ ਮੇਰੀ ਨਮਸ਼ਕਾਰ ਹੈ। ਜੋ ਨਾਸ ਹੋਣ ਵਾਲੇ ਨਹੀਂ, ਉਹਨਾਂ ਨੂੰ ਉਹ ਪ੍ਰਭੂ ਨਾਸ ਕਰਨ ਵਾਲਾ ਹੈ। ਉਹ ਕਿਸੇ ਜੀਵ ਅਗੇ ਝੁਕਦਾ ਨਹੀਂ, ਉਸ ਦੇ ਭੇਦ ਨੂੰ ਕੋਈ ਨਹੀਂ ਜਾਣ ਸਕਦਾ ਤੇ ਉਹ ਟੁੱਟਦਾ ਨਹੀਂ। ਉਹ ਪ੍ਰਭੂ ਕਾਲ ਰਹਿਤ ਤੇ ਨਾਸ ਰਹਿਤ ਹੈ, ਉਹ ਵਿਚਾਰਾਂ ਤੋਂ ਰਹਿਤ ਤੇ ਬੇਡਰ ਹੈ, ਸਭ ਤੋਂ ਨਿਰਲੇਪ ਤੇ ਅਭੇਦ ਹੈ। ਉਹ ਦੁਖਾਂ ਤੋਂ ਰਹਿਤ ਜੀਵਾਂ ਨੂੰ ਦੁਖ ਦੇਣ ਵਾਲਾ ਹੈ, ਪ੍ਰਸੰਨ ਰੂਪ ਹੈ, ਉਸ ਨੂੰ ਕੋਈਂ ਕਲੰਕ ਨਹੀਂ ਪੋਂਹਦਾ ਤੇ ਉਹ ਅਛੇਦ ਹੈ। ਉਸ ਕਰਤਾ ਪੁਰਖ ਦੀਆਂ ਗੋਡਿਆਂ ਤਕ ਲੰਮੀਆਂ ਬਾਹਾਂ ਸਨ, ਉਹ ਧਨੁਸ਼ਧਾਰੀ ਤੇ ਹੱਥ ਵਿਚ ਤਲਵਾਰ ਰਖਣ ਵਾਲਾ ਹੈ। ਉਹ ਖੋਟੇ ਪੁਰਸ਼ਾਂ ਨੂੰ ਦਲਣ ਵਾਲਾ ਹੈ। ਉਹ ਈਸ਼੍ਵਰ ਉੱਤਮ ਪੁਰਸ਼ਾਂ ਬ੍ਰਹਮਾਂ, ਵਿਸ਼ਨੂੰ ਤੇ ਸ਼ਿਵ ਦਾ ਰਾਜਾ ਹੈ। ਫੌਜਾਂ ਦਾ ਨਾਇਕ ਮਾਲਕ ਹੈ। ਸਦਾ ਨਵੀਨ ਰਹਿਣ ਵਾਲਾ ਹੈ। ਜਲ ਥਲ ਵਿਚ ਵਿਆਪਕ ਪ੍ਰਭੂ ਨੂੰ ਮੇਰੀ ਨਮਸ਼ਕਾਰ ਹੈ॥ ੩੫॥

**ਦੀਨ ਦਜਾਲ ਦੂਖ ਹਰਣ ਦੁਰਮਤ ਹੰਤਾ ਦੁਖ ਖੰਡਣ॥**
**ਮਹਾਂ ਮੋਨ ਮਨ ਹਰਨ ਮਦਨ ਮੂਰਤ ਮਹਿ ਮੰਡਨ॥**
**ਅਮਿਤ ਤੇਜ ਅਬਿਕਾਰ ਅਖੈ ਆਭੰਜ ਅਮਿਤ ਬਲ॥**
**ਨਿਰਭੰਜ ਨਿਰਭਉ ਨਿਰਵੈਰ ਨਿਰਜੁਰ ਨ੍ਰਿਪ ਜਲ ਥਲ॥**
**ਅੱਛੈ ਸਰੂਪ ਅੱਛੂ ਅਛਿਤ ਅੱਛੈ ਅਛਾਨ ਅੱਛੈ ਅਛਰ॥**
**ਅਦ੍ਵੈ ਸਰੂਪ ਅਦਿਯ ਅਮਰ ਅਭਿਬੰਦਤ ਸੁਰ ਨਰ ਅਸੁਰ॥ ੩੬॥**

ਉਹ ਕਰਤਾ ਪੁਰਖ ਦੀਨਾਂ ਗਰੀਬਾਂ ਤੇ ਦਇਆ ਕਰਨ ਵਾਲਾ ਤੇ ਦੁਖਾਂ ਦੇ ਨਾਸ ਕਰਨ ਵਾਲਾ ਹੈ। ਖੋਟੀ ਮਤ ਨੂੰ ਨਸ਼ਟ ਕਰਨ ਵਾਲਾ ਤੇ ਦੁਖਾਂ ਕਲੇਸ਼ਾਂ ਨੂੰ ਖੰਡਨ ਕਰਨ ਵਾਲਾ ਹੈ। ਉਹ ਪ੍ਰਭੂ ਮਹਾਨ ਸ਼ਾਂਤੀ ਸਰੂਪ ਤੇ ਮਨ ਨੂੰ ਹਰਨ ਵਾਲਾ ਹੈ। ਕਾਮਦੇਵ ਵਰਗੇ ਸੁੰਦਰ ਸਰੂਪ ਵਾਲਾ ਹੈ ਤੇ ਇਸ ਪ੍ਰਿਥਵੀ ਦਾ ਸ਼ਿੰਗਾਰ ਹੈ। ਉਹ ਬੇਅੰਤ ਤੇਜ ਵਾਲਾ, ਵਿਕਾਰਾ ਤੋਂ ਰਹਿਤ, ਨਾਸ ਰਹਿਤ, ਕਿਸੇ ਅਗੇ ਨਾ ਝੁਕਣ ਵਾਲਾ ਤੇ ਅਮਿਤ ਬਲ ਵਾਲਾ ਹੈ। ਉਹ ਟੁੱਟਣ ਰਹਿਤ, ਬੇਡਰ, ਵੈਰ ਹੀਨ, ਤਾਪਾਂ ਤੋਂ ਰਹਿਤ ਤੇ ਜਲ ਥਲ ਦਾ ਰਾਜਾ ਹੈ। ਉਹ ਨਾਸ ਰਹਿਤ ਸਰੂਪ ਵਾਲਾ, ਛੋਹ ਤੋਂ ਬਿਨਾਂ, ਹੋਂਦ ਰੂਪ, ਛੁਪਨ ਤੋਂ ਰਹਿਤ ਤੇ ਅਛਲ ਹੈ ਭਾਵ ਉਸ ਨੂੰ ਕੋਈ ਛਲ ਨਹੀਂ ਸਕਦਾ। ਉਹ ਕਰਤਾ ਪੁਰਖ ਦ੍ਵੈਸ਼ ਰਹਿਤ ਸਰੂਪ ਵਾਲਾ, ਅਦੁਤੀ ਤੇ ਅਮਰ ਹੈ। ਉਸਨੂੰ ਦੇਵਤੇ, ਪੁਰਸ਼ ਤੇ ਦੈਂਤ ਮਨ ਕਰਕੇ ਨਮਸ਼ਕਾਰ ਕਰਦੇ ਸਨ॥ ੩੬॥

**ਕੁਲ ਕਲੰਕ ਕਰਿ ਹੀਨ ਕ੍ਰਿਪਾ ਸਾਗਰ ਕਰੁਣਾ ਕਰ॥**
**ਕਰਣ ਕਾਰਣ ਸਮਰੱਥ ਕ੍ਰਿਪਾ ਕੀ ਸੂਰਤ ਕ੍ਰਿਤ ਧਰ॥**

**ਕਾਲ ਕਰਮ ਕਰ ਹੀਨ ਕ੍ਰਿਆ ਜਿਹ ਕੋਈ ਨ ਬੁਝੈ॥**
**ਕਹਾ ਕਹੈ ਕਹ ਕਰੈ ਕਹਾ ਕਾਲਨ ਕੈ ਸੁਝੈ॥**
**ਕੰਜਲਕ ਨੈਨ ਕੰਬੂ ਗ੍ਰੀਵਹਿ ਕਟਿ ਕੇਹਰ ਕੁੰਜਰ ਗਵਨ॥**
**ਕਦਲੀ ਕੁਰੰਕ ਕਰਪੂਰ ਗਤ ਬਿਨ ਅਕਾਲ ਦੂੱਜੋ ਕਵਨ॥ ੩੭॥**

ਪਦ ਅਰਥ - ਕਦਲੀ=ਕੇਲਾ। ਕੁਰੰਕ=ਹਿਰਨ। ਕਰਪੂਰ=ਕਪੂਰ। ਕੰਜਲਕ=ਕਮਲ। ਕੰਬੂ=ਸੰਖ। ਗ੍ਰੀਵਹਿ=ਗਰਦਨ।

ਉਹ ਪਰਮੇਸ਼ਰ ਸਭ ਜੀਵਾਂ ਦੇ ਕਲੰਕਾਂ ਦੋਸ਼ਾਂ ਨੂੰ ਨਾਸ ਕਰਨ ਵਾਲਾ ਹੈ, ਕਿਰਪਾ ਦਾ ਸਮੁੰਦਰ ਤੇ ਦਿਆਲਤਾ ਦੀ ਖਾਣ ਹੈ। ਉਹ ਹਰ ਕੰਮ ਦੇ ਕਰਨ ਤੇ ਕਰਾਉਣ ਦੀ ਸਮੱਰਥਾ ਰਖਦਾ ਹੈ, ਕਿਰਪਾ ਦੀ ਸੂਰਤ ਸ਼ਕਲ ਹੈ ਤੇ ਆਪਣੀ ਕੀਤੀ ਕ੍ਰਿਤ ਸ੍ਰਿਸ਼ਟੀ ਦਾ ਆਸਰਾ ਹੈ। ਕਾਲ ਮੌਤ ਦੇ ਕਰਮਾਂ ਨੂੰ ਨਾਸ ਕਰਨ ਵਾਲਾ ਹੈ। ਉਸ ਦੀ ਕਿਰਿਆ ਕਰਮ ਨੂੰ ਕੋਈ ਨਹੀਂ ਬੁੱਝ ਸਕਦਾ। ਉਹ ਕੀ ਕਹਿੰਦਾ ਹੈ? ਕੀ ਕਰਮ ਕਰਦਾ ਹੈ? ਤੇ ਕਿੰਨ੍ਹਾਂ ਗੱਲਾਂ ਕਰਕੇ ਉਸ ਦੀ ਸੋਝੀ ਹੁੰਦੀ ਹੈ? ਉਹ ਅਕਾਲ ਪੁਰਖ ਦੇ ਕਮਲ ਵਰਗੇ ਸੁੰਦਰ ਨੇਤ੍ਰ ਹਨ , ਸੰਖ ਵਰਗੀ ਗਰਦਨ ਹੈ, ਸ਼ੇਰ ਵਰਗਾ ਲੱਕ ਤੇ ਹਾਥੀ ਵਰਗੀ ਮਸਤ ਚਾਲ ਹੈ। ਉਸ ਦੀਆਂ ਕੇਲੇ ਵਰਗੀਆਂ ਲੱਤਾਂ ਹਨ, ਹਿਰਨ ਵਰਗੀ ਚੁਸਤੀ ਹੈ, ਕਪੂਰ ਵਰਗਾ ਸੁੰਗਧਤ ਹੈ। ਇਹੋ ਜਿਹੀਆਂ ਸਿਫਤਾਂ ਵਾਲੇ ਅਕਾਲ ਪੁਰਖ ਤੋਂ ਬਿਨਾਂ ਹੋਰ ਦੂਜਾ ਕੌਣ ਹੈ? ਭਾਵ ਕੋਈ ਨਹੀਂ ॥ ੩੭॥

**ਛਪੈ ਛੰਦ॥ ਅਲਖ ਅਰੂਪ ਅਲੇਖ ਅਭੈ ਅਨਭੂਤ ਅਭੰਜਨ॥**
**ਆਦਿ ਪੁਰਖ ਅਬਿਕਾਰ ਅਜੈ ਅਨਗਾਧ ਅਗੰਜਨ॥**
**ਨਿਰਬਿਕਾਰ ਨਿਰਜੁਰ ਸਰੂਪ ਨਿਰ ਦ੍ਵੈਖ ਨਿਰੰਜਨ॥**
**ਅਭੰਜਾਨ ਭੰਜਨ ਅਨਭੇਦ ਅਨਭੂਤ ਅਭੰਜਨ॥**
**ਸ਼ਾਹਾਨ ਸ਼ਾਹ ਸੁੰਦਰ ਸੁਮਤਿ ਬਡ ਸਰੂਪ ਬਡਵੈ ਬਖਤ॥**
**ਕੋਟਿਕ ਪ੍ਰਤਾਪ ਭੂਅ ਭਾਨ ਜਿਮ ਤਪਤ ਤੇਜ ਇਸਥਿਤ ਤਖਤ॥ ੩੮॥**

ਉਹ ਪ੍ਰਭੂ ਅਲਖ ਭਾਵ ਨਾ ਜਾਣੇ ਜਾਣ ਵਾਲੇ ਰੂਪ ਵਾਲਾ ਹੈ, ਉਹ ਕਿਸੇ ਲੇਖੇ ਵਿਚ ਆਉਣ ਵਾਲਾ ਨਹੀਂ, ਕਿਸੇ ਮੁੱਲ ਤੋਂ ਵੀ ਨਹੀਂ ਮਿਲਦਾ, ਉਸ ਦੀ ਬਣਤਰ ਤੱਤਾਂ ਤੋਂ ਰਹਿਤ ਹੈ ਤੇ ਉਹ ਕਿਸੇ ਅਗੇ ਝੁਕਦਾ ਨਹੀਂ। ਉਹ ਸਭ ਤੋਂ ਪਹਿਲਾਂ ਪੁਰਖ ਹੈ, ਵਿਕਾਰਾਂ ਤੋਂ ਰਹਿਤ ਹੈ, ਕਿਸੇ ਕੋਲੋਂ ਜਿੱਤਿਆ ਨਹੀਂ ਜਾਂਦਾ, ਨਾ ਹੀ ਕਿਸੇ ਕੋਲੋਂ ਗਾਹਿਆ ਜਾਂਦਾ ਹੈ ਨਾਸ ਨਹੀਂ ਹੁੰਦਾ। ਉਹ ਹਰ ਪ੍ਰਕਾਰ ਦੇ ਵਿਕਾਰਾਂ ਤੋਂ ਰਹਿਤ ਹੈ, ਉਸ ਦਾ ਸਰੂਪ ਤਾਪਾਂ ਤੋਂ ਬਿਨਾਂ ਹੈ, ਦਵੈਸ਼ ਰਹਿਤ ਤੇ ਮਾਇਆ ਤੋਂ

ਨਿਰਲੇਪ ਹੈ। ਜਿਹੜੇ ਕਿਸੇ ਕੋਲੋਂ ਨਹੀਂ ਭਜਦੇ, ਉਹਨਾਂ ਨੂੰ ਭੰਨਣ ਵਾਲਾ ਹੈ, ਉਸ ਦੇ ਭੇਦ ਨੂੰ ਕੋਈ ਨਹੀਂ ਜਾਣ ਸਕਦਾ, ਉਹ ਤੱਤਾਂ ਤੋਂ ਪੈਦਾ ਨਹੀਂ ਹੋਇਆ ਤੇ ਕਿਸੇ ਕੋਲੋਂ ਟੁੱਟਣ ਵਾਲਾ ਨਹੀਂ। ਉਹ ਕਰਤਾ ਪੁਰਖ ਬਾਦਸ਼ਾਹਾਂ ਦਾ ਬਾਦਸ਼ਾਹ ਹੈ, ਸੁੰਦਰ ਰੂਪ ਵਾਲਾ ਹੈ, ਚੰਗੀ ਬੁੱਧੀ ਵਾਲਾ ਹੈ, ਵਡੇ ਸਰੂਪ ਭਾਵ ਆਕਾਰ ਵਾਲਾ ਤੇ ਚੰਗੇ ਭਾਗਾਂ ਵਾਲਾ ਹੈ। ਜਿਵੇਂ ਕਰੋੜਾਂ ਸੂਰਜਾਂ ਦਾ ਪ੍ਰਤਾਪ ਭਾਵ ਤੇਜ ਧਰਤੀ ਤੇ ਫੈਲ ਰਿਹਾ ਹੈ, ਇਸੇ ਤਰ੍ਹਾਂ ਆਪਣੇ ਤਖਤ ਤੇ ਬੈਠੇ ਹੋਏ ਪ੍ਰਭੂ ਦਾ ਤੇਜ ਹਰ ਪਾਸੇ ਪ੍ਰਕਾਸ਼ ਰਿਹਾ ਹੈ॥ ੩੮॥

**ਤ੍ਵਪ੍ਰਸਾਦਿ॥ ਚੱਕ੍ਰਤ ਚਾਰ ਚੱਕ੍ਰਵੈ ਚੱਕਤ੍ਰ ਚਉਕੰਟ ਚਵੱਗਨ॥**
**ਕੋਟ ਸੂਰ ਸਮ ਤੇਜ ਤੇਜ ਨਹੀ ਦੂਨ ਚਵੱਗਨ॥**
**ਕੋਟ ਚੰਦ ਚਕ ਪਰੈ ਤੁੱਲ ਨਹੀ ਤੇਜ ਬਿਚਾਰਤ॥**
**ਬਿਆਸ ਪਰਾਸੁਰ ਬ੍ਰਹਮ ਭੇਦ ਨਹਿ ਬੇਦ ਉਚਾਰਤ॥**
**ਸ਼ਾਹਾਨ ਸ਼ਾਹ ਸਾਹਿਬ ਸੁਘਰਿ ਅਤਿ ਪ੍ਰਤਾਪ ਸੁੰਦਰ ਸਬਲ॥**
**ਰਾਜਾਨ ਰਾਜ ਸਾਹਿਬ ਸਬਲ ਅਮਿਤ ਤੇਜ ਅੱਛੈ ਅਛਲ॥ ੩੯॥**

ਉਸ ਅਕਾਲ ਪੁਰਖ ਤੋਂ ਚੱਕਰਵਰਤੀ ਰਾਜੇ ਵੀ ਡਰਦੇ ਸਨ ਤੇ ਹੈਰਾਨ ਹੋਏ ਫਿਰਦੇ ਸਨ। ਚਹੁੰਕੂੰਟਾਂ ਵਿਚ ਸਾਰੇ ਜੀਵ ਉਸ ਦੇ ਗੁਣਾਂ ਦਾ ਗਾਇਨ ਕਰਦੇ ਸਨ। ਉਸ ਦਾ ਤੇਜ ਪ੍ਰਕਾਸ਼ ਕਰੋੜਾਂ ਸੂਰਜਾਂ ਵਰਗਾ ਨਹੀਂ, ਸਗੋਂ ਦੂਣਾ ਚੋਣਾ ਹੈ। ਕਰੋੜਾਂ ਚੰਦਰਮਾਂ ਹੈਰਾਨ ਹੋਏ ਫਿਰਦੇ ਸਨ, ਕਿਉਂਕਿ ਉਹ ਆਪਣੇ ਪ੍ਰਕਾਸ਼ ਨੂੰ ਤੇਰੇ ਪ੍ਰਕਾਸ਼ ਦੇ ਬਰਾਬਰ ਨਹੀਂ ਸਮਝਦੇ। ਬਿਆਸ ਮੁਨੀ, ਪਰਾਸੁਰ, ਬ੍ਰਹਮਾ ਤੇ ਵੇਦ ਵੀ ਉਸ ਦੇ ਭੇਦ ਨੂੰ ਨਹੀਂ ਕਹਿ ਸਕਦੇ। ਉਹ ਪਰਮਾਤਮਾ ਸ਼ਾਹਾਂ ਦਾ ਸ਼ਾਹ ਹੈ, ਸੁਘੜਤਾ ਦਾ ਸਾਹਿਬ ਹੈ, ਬਹੁਤ ਵਡੇ ਪ੍ਰਤਾਪ ਵਾਲਾ, ਅਤੀ ਸੁੰਦਰ ਤੇ ਬੜੇ ਬਲ ਵਾਲਾ ਹੈ। ਉਹ ਪ੍ਰਭੂ ਰਾਜਿਆਂ ਦਾ ਰਾਜਾ ਤੇ ਬਲਵਾਨਾਂ ਦਾ ਸਾਹਿਬ ਸਿਰਤਾਜ ਹੈ। ਉਹ ਬੇਅੰਤ ਤੇਜ ਵਾਲਾ, ਨਾਸ ਰਹਿਤ ਤੇ ਕਿਸੇ ਕੋਲੋਂ ਛਲਿਆ ਨਹੀਂ ਜਾਂਦਾ॥ ੩੯॥

### *ਕਬਿੱਤ॥ ਤ੍ਵਪ੍ਰਸਾਦਿ॥*

**ਗਹਿਓ ਜੋ ਨ ਜਾਇ ਸੋ ਅਗਾਹ ਕੈ ਕੈ ਗਾਈਅਤੁ**
**ਛੇਦਿਓ ਜੋ ਨ ਜਾਇ ਸੋ ਅਛੇਦ ਕੈ ਪਛਾਨੀਐ॥**
**ਗੰਜਿਓ ਜੋ ਨ ਜਾਇ ਸੋ ਅਗੰਜ ਕੈ ਕੈ ਜਾਨੀਅਤੁ ਭੰਜਿਓ**
**ਜੋ ਨ ਜਾਇ ਸੋ ਅਭੰਜ ਕੈ ਕੈ ਮਾਨੀਐ॥**

ਸਾਧੀਓ ਜੋ ਨ ਜਾਇ ਸੋ ਅਸਾਧਿ ਕੈ ਕੈ ਸਾਧ ਕਰਿ
ਛਲਿਓ ਜੋ ਨ ਜਾਇ ਸੋ ਅਛਲ ਕੈ ਪ੍ਰਮਾਨੀਐ ॥
ਮੰਤ੍ਰ ਮੈ ਨ ਆਵੈ ਸੋ ਅਮੰਤ੍ਰ ਕੈ ਕੈ ਮਾਨੁ ਮਨ
ਜੰਤ੍ਰ ਮੈ ਨ ਆਵੈ ਸੋ ਅਜੰਤ੍ਰ ਕੈ ਕੈ ਜਾਨੀਐ ॥ ੪੦ ॥

ਜੋ ਪ੍ਰਭੂ ਕਿਸੇ ਕੋਲੋਂ ਫੜਿਆ ਨਹੀਂ ਜਾਂਦਾ, ਉਸ ਨੂੰ 'ਅਗਾਹ' ਕਹੀਦਾ ਹੈ। ਜੋ ਕਿਸੇ ਕੋਲੋਂ ਛੇਦਿਆਂ ਨਹੀਂ ਜਾਂਦਾ, ਉਸ ਨੂੰ 'ਅਛੇਦ ਕਰਕੇ ਪਛਣਿਆ ਜਾਂਦਾ ਹੈ। ਜੋ ਕਿਸੇ ਕੋਲੋਂ ਜਿਤਿਆ ਨਹੀਂ ਜਾਂਦਾ, ਉਸ ਨੂੰ 'ਅਗੰਜ' ਕਰਕੇ ਜਾਣਿਆ ਜਾਂਦਾ ਹੈ। ਜੋ ਭੰਨਿਆ ਨਹੀਂ ਜਾਂਦਾ, ਉਸ ਨੂੰ 'ਅਭੰਜ' ਕਰਕੇ ਮੰਨਿਆ ਜਾਂਦਾ ਹੈ। ਜੋ ਕਿਸੇ ਕੋਲੋਂ ਸਾਧਿਆ ਨਹੀਂ ਜਾਂਦਾ, ਉਸ ਨੂੰ ਅਸਾਧ ਕਹਿਣਾ ਚਾਹੀਦਾ ਹੈ। ਜੋ ਕਿਸੇ ਤੋਂ ਛਲਿਆ ਨਹੀਂ ਜਾਂਦਾ, ਉਸ ਨੂੰ 'ਅਛਲ' ਕਰਕੇ ਮੰਨਿਆ ਜਾਂਦਾ ਹੈ। ਹੇ ਮੇਰੇ ਮਨ! ਜਿਹੜਾ ਪਰਮਾਤਮਾ ਕਿਸੇ ਮੰਤਰਾਂ ਦੇ ਜਪਣ ਨਾਲ ਵਸ ਵਿਚ ਨਹੀਂ ਆਉਂਦਾ, ਉਸ ਨੂੰ 'ਅਮੰਤ੍ਰ' ਕਰਕੇ ਮੰਨ ਤੇ ਜਿਹੜਾ ਕਿਸੇ ਜੰਤਰਾਂ ਕਰਕੇ ਕਿਸੇ ਦੇ ਅਧੀਨ ਨਹੀਂ ਹੁੰਦਾ ਉਸ ਨੂੰ 'ਅਜੰਤ੍ਰ' ਕਰਕੇ ਜਾਣ ॥ ੪੦ ॥

ਤ੍ਵਪ੍ਰਸਾਦਿ ॥ ਜਾਤ ਮੈ ਨ ਆਵੈ ਸੋ ਅਜਾਤ ਕੈ ਕੈ ਜਾਨੁ ਜੀਅ
ਪਾਤ ਮੈ ਨ ਆਵੈ ਸੋ ਅਪਾਤ ਕੈ ਬੁਲਾਈਐ ॥
ਭੇਦ ਮੈ ਨ ਆਵੈ ਸੋ ਅਭੇਦ ਕੈ ਕੈ ਭਾਖੀਅਤੁ
ਛੇਦਜੋ ਜੋ ਨ ਜਾਇ ਸੋ ਅਛੇਦ ਕੈ ਸੁਨਾਈਐ ॥
ਖੰਡਿਓ ਜੋ ਨ ਜਾਇ ਸੋ ਅਖੰਡ ਜੂ ਕੋ ਖਿਆਲੁ ਕੀਜੈ
ਖਿਆਲ ਮੈ ਨ ਆਵੈ ਗੁੱਮ ਤਾਕੋ ਸਦਾ ਖਾਈਐ ॥
ਜੰਤ੍ਰ ਮੈ ਨ ਆਵੇ ਸੋ ਅਜੰਤ੍ਰ ਕੈ ਕੈ ਜਾਪੀਅਤੁ
ਧਿਆਨ ਮੈ ਨ ਆਵੈ ਤਾਕੋ ਧਿਆਨੁ ਕੀਜੈ ਧਿਆਈਐ ॥ ੪੧ ॥

ਜਿਹੜਾ ਅਕਾਲ ਪੁਰਖ ਕਿਸੇ ਜਾਤ ਵਿਚ ਨਹੀਂ ਆਉਂਦਾ, ਉਸ ਨੂੰ ਆਪਣੇ ਹਿਰਦੇ ਵਿਚ 'ਅਜਾਤ' ਕਰਕੇ ਜਾਣੋ ਤੇ ਜਿਹੜਾ ਕਿਸੇ ਪਾਤ ਕੁਲ ਵਿਚ ਨਹੀਂ ਆਉਂਦਾ, ਉਸ ਨੂੰ 'ਅਪਾਤ' ਕਰਕੇ ਸਦਿਆ ਬੁਲਾਇਆ ਜਾਂਦਾ ਹੈ। ਜਿਸ ਦਾ ਭੇਦ ਕੋਈ ਨਹੀਂ ਜਾਣ ਸਕਦਾ, ਉਸ ਨੂੰ 'ਅਭੇਦ' ਕਰਕੇ ਕਿਹਾ ਜਾਂਦਾ ਹੈ। ਜੋ ਕਿਸੇ ਕੋਲੋਂ ਛੇਦਿਆ ਨਹੀਂ ਜਾਂਦਾ, ਉਸ ਨੂੰ 'ਅਛੇਦ' ਕਿਹਾ ਜਾਂਦਾ ਹੈ। ਜੋ ਕਿਸੇ ਕੋਲੋਂ ਖੰਡਨ ਨਹੀਂ ਹੁੰਦਾ, ਉਸ 'ਅਖੰਡ' ਜੀ ਦਾ ਧਿਆਨ ਧਰੋ। ਜੋ ਖਿਆਲ ਵਿਚਾਰ ਵਿਚ ਨਹੀਂ ਆਉਂਦਾ, ਉਸ ਦਾ ਸਦਾ ਖੌਫ ਖਾਣਾ ਚਾਹੀਦਾ ਹੈ। ਜਿਹੜਾ ਕਿਸੇ ਜੰਤ੍ਰ ਕਰਕੇ ਅਧੀਨ ਨਹੀਂ ਹੁੰਦਾ

ਉਸ ਨੂੰ 'ਅਜੰਤ੍ਰ' ਕਰਕੇ ਜਪਿਆ ਜਾਂਦਾ ਹੈ। ਜੋ ਕਿਸੇ ਧਿਆਨ ਵਿਚ ਨਹੀਂ ਆਉਂਦਾ, ਉਸ ਦਾ ਧਿਆਨ ਕਰਕੇ ਧਿਆਉਣਾ ਯੋਗ ਹੈ॥ ੪੧॥

**ਤ੍ਵਪ੍ਰਸਾਦਿ॥ ਛੱਤ੍ਰਧਾਰੀ ਛੱਤ੍ਰੀਪਤਿ ਛੈਲਰੂਪ ਛਿਤਨਾਥ ਛੋਣੀ ਕਰ ਛਾਇਆ ਬਰ ਛੱਤ੍ਰੀਪਤ ਗਾਈਐ॥ ਬਿਸ੍ਵਨਾਥ ਬਿਸ੍ਵੰਭਰ ਬੇਦਨਾਥ ਬਾਲਾ ਕਰ ਬਾਜੀਗਰਿ ਬਾਨ ਧਾਰੀ ਬੰਧਨ ਬਤਾਈਐ॥ ਨਿਉਲੀ ਕਰਮ ਦੂਧਾਧਾਰੀ ਬਿਦਿਆਧਰ ਬ੍ਰਹਮਚਾਰੀ ਧਯਾਨ ਕੋ ਲਗਾਵੈ ਨੈਕ ਧਯਾਨ ਹੂੰ ਨ ਪਾਈਐ॥ ਰਾਜਨ ਕੇ ਰਾਜਾ ਮਹਾਰਾਜਨ ਕੇ ਮਹਾਰਾਜਾ ਐਸੋ ਰਾਜ ਛੋਡਿ ਅਉਰ ਦੂਜਾ ਕਉਨ ਧਿਆਈਐ॥ ੪੨॥**

ਉਹ ਪਰਮਾਤਮਾ ਛੱਤ੍ਰ ਧਾਰਨ ਵਾਲੇ ਛੱਤ੍ਰੀਆਂ ਦਾ ਮਾਲਕ ਹੈ, ਅਤੀ ਸੁੰਦਰ ਰੂਪ ਵਾਲਾ ਤੇ ਪ੍ਰਿਥਵੀ ਦਾ ਸੁਆਮੀ ਹੈ। ਪ੍ਰਿਥਵੀ ਦਾ ਰਚਨਹਾਰ ਤੇ ਉੱਤਮ ਛਾਇਆ ਵਾਲਾ ਹੈ। ਉਸ ਨੂੰ ਛੱਤ੍ਰਪਤੀ ਰਾਜਾ ਕਰਕੇ ਗਾਇਆ ਜਾਂਦਾ ਹੈ। ਉਹ ਸੰਸਾਰ ਦਾ ਸੁਆਮੀ ਤੇ ਦਾਤਾਂ ਦੇ ਕੇ ਦੁਨੀਆਂ ਨੂੰ ਭਰਨ ਵਾਲਾ ਹੈ, ਵੇਦਾਂ ਦਾ ਸੁਆਮੀ ਤੇ ਅਤੀ ਵੱਡਾ ਕਰਕੇ ਜਾਣਿਆਂ ਜਾਂਦਾ ਹੈ। ਉਹ ਬਾਜੀਗਰ ਵਾਂਗੂੰ ਅਨੇਕਾਂ ਰੂਪ ਧਾਰਨ ਵਾਲਾ ਹੈ। ਇਹ ਉਸ ਦਾ ਬੰਧਨ ਬੰਧਾਨ ਕਿਹਾ ਜਾਂਦਾ ਹੈ। ਨਿਉਲੀ ਆਦਿ ਕਰਮ ਕਰਨ ਵਾਲੇ ਯੋਗੀ, ਦੂਧਾਧਾਰੀ ਦੁੱਧ ਪੀ ਕੇ ਜ਼ਿੰਦਗੀ ਬਸਰ ਕਰਨ ਵਾਲੇ ਵਿਦਿਆ ਪੜ੍ਹਨ ਵਾਲੇ ਤੇ ਬ੍ਰਹਮਚਾਰੀ, ਇਹ ਸਾਰੇ ਉਸ ਦੇ ਧਿਆਨ ਵਿਚ ਲੱਗਦੇ ਹਨ, ਪਰ ਉਹ ਰਤੀ ਮਾਤ੍ਰ ਵੀ ਉਸਦੇ ਧਿਆਨ ਨੂੰ ਪ੍ਰਾਪਤ ਨਹੀਂ ਕਰ ਸਕਦੇ। ਉਹ ਪ੍ਰਭੂ ਰਾਜਿਆਂ ਦਾ ਰਾਜਾ ਹੈ, ਮਹਾਰਾਜਿਆਂ ਦਾ ਮਹਾਰਾਜਾ ਹੈ। ਇਹੋ ਜਿਹੇ ਮਹਾਨ ਰਾਜੇ ਨੂੰ ਛੱਡ ਕੇ ਹੋਰ ਦੂਜੇ ਕਿਸ ਨੂੰ ਧਿਆਈਏ? ॥ ੪੨॥

**ਤ੍ਵਪ੍ਰਸਾਦਿ॥ ਜੁੱਧ ਕੇ ਜਿਤਈਆ ਰੰਗ ਭੂਮਕੇ ਭਵਈਆ ਭਾਰਭੂਮ ਕੇ ਮਿਟਈਆ ਨਾਥ ਤੀਨ ਲੋਕ ਗਾਈਐ॥ ਕਾਹੂ ਕੇ ਤਨਈਆ ਹੈ ਨ ਮਈਆ ਜਾ ਕੇ ਭਈਆ ਕੋਊ ਛਊਨੀ ਹੂ ਕੇ ਛਈਆ ਛੋਡ ਕਾ ਸਿਉ ਪ੍ਰੀਤ ਲਾਈਐ॥ ਸਾਧਨਾ ਸਧਈਆ ਧੂਲ ਧਾਨੀ ਕੇ ਧੁਜਈਆ ਧੋਮਧਾਰ ਕੇ ਧਰਈਆ ਧਯਾਨ ਤਾਕੋ ਸਦਾ ਲਾਈਐ॥**

**ਆਉ ਕੇ ਬਢਈਆ ਏਕ ਨਾਮ ਕੇ ਜਪਈਆ**
**ਅਉਰ ਕਾਮ ਕੇ ਕਰਈਆ ਛੋਡ ਅਉਰ ਕਉਨ ਧਿਆਈਐ॥ ੪੩॥**

ਪਦ ਅਰਥ - ਧੂਲਧਾਨੀ=ਧਰਤੀ। ਧੋਮਧਾਰ=ਆਕਾਸ਼।

ਉਹ ਅਕਾਲ ਪੁਰਖ ਜੁਧ ਦੇ ਜਿੱਤਣ ਵਾਲਾ ਹੈ, ਰੰਗ ਭੂਮੀ ਵਿਚ ਭੋਣ ਵਾਲਾ ਹੈ, ਪ੍ਰਿਥਵੀ ਦੇ ਭਾਰ ਨੂੰ ਨਾਸ ਕਰਨ ਵਾਲਾ ਹੈ। ਉਸ ਨੂੰ ਤਿੰਨਾਂ ਲੋਕਾਂ ਅਕਾਸ਼, ਪਤਾਲ ਤੇ ਮਾਤਲੋਕ ਸੁਆਮੀ ਕਹਿਕੇ ਗਾਇਆ ਜਾਂਦਾ ਹੈ। ਉਹ ਪ੍ਰਭੂ ਕਿਸੇ ਦਾ ਪੁੱਤਰ ਨਹੀਂ, ਉਸ ਦੀ ਕੋਈ ਮਾਤਾ ਨਹੀਂ ਤੇ ਨਾ ਹੀ ਉਸ ਦਾ ਕੋਈ ਭਰਾ ਹੈ। ਉਹ ਪ੍ਰਿਥਵੀ ਨੂੰ ਇਸਥਿਤ ਕਰਨ ਵਾਲਾ ਹੈ। ਐਸੇ ਪ੍ਰਭੂ ਨੂੰ ਛੱਡਕੇ ਹੋਰ ਕਿਸ ਨਾਲ ਪ੍ਰੀਤ ਲਾਈਏ? ਉਹ ਪਰਮੇਸ਼ਰ ਸਾਧਨਾਂ ਦੇ ਕਰਾਉਣ ਵਾਲਾ ਹੈ, ਧਰਤੀ ਨੂੰ ਟਿਕਾਉਣ ਵਾਲਾ ਹੈ ਤੇ ਅਕਾਸ਼ ਨੂੰ ਬਿਨ੍ਹਾਂ ਥੰਮ੍ਹਾਂ ਤੋਂ ਖੜਾ ਕਰਨ ਵਾਲਾ ਹੈ। ਉਸ ਪ੍ਰਭੂ ਦਾ ਧਿਆਨ ਹੀ ਸਦਾ ਲਾਉਣਾ ਚਾਹੀਦਾ ਹੈ। ਉਹ ਉਪਮਾ ਦੇ ਵਧਾਉਣ ਵਾਲਾ ਹੈ, ਆਪਣੇ ਇਕ ਨਾਮ ਦੇ ਜਪਾਉਣ ਵਾਲਾ ਹੈ ਤੇ ਸੰਸਾਰ ਦੇ ਹੋਰ ਸਾਰੇ ਕਾਰਜਾਂ ਦੇ ਕਰਨ ਵਾਲਾ ਹੈ। ਐਸੇ ਗੁਣਾਂ ਵਾਲੇ ਪਰਮਾਤਮਾ ਨੂੰ ਛੱਡਕੇ ਹੋਰ ਕਿਸ ਨੂੰ ਸਿਮਰੀਏ?॥੪੩॥

**ਤ੍ਵਪ੍ਰਸਾਦਿ॥ ਕਾਮ ਕੋ ਕੁਨਿੰਦਾ ਖੈਰ ਖੂਬੀ ਕੋ ਦਹਿੰਦਾ**
**ਗਜ ਗਾਜੀ ਕੋ ਗਜਿੰਦਾ ਸੋ ਕੁਨਿੰਦਾ ਕੈ ਬਤਾਈਐ॥**
**ਚਾਮ ਕੇ ਚਲਿੰਦਾ ਘਾਉ ਘਾਮ ਤੇ ਬਚਿੰਦਾ**
**ਛੱਤ੍ਰ ਛੋਨੀ ਕੇ ਛਲਿੰਦਾ ਸੋ ਦਹਿੰਦਾ ਕੈ ਮਨਾਈਐ॥**
**ਜਰ ਕੇ ਦਹਿੰਦਾ ਜਾਨਮਾਨ ਕੋ ਜਨਿੰਦਾ**
**ਜੋਤ ਜੇਬ ਕੋ ਗਜਿੰਦਾ ਜਾਨ ਮਾਨ ਜਾਨ ਗਾਈਐ॥**
**ਦੋਖ ਕੇ ਦਲਿੰਦਾ ਦੀਨ ਦਾਨਸ਼ ਦਹਿੰਦਾ ਦੋਖ**
**ਦੂਜਨ ਦਲਿੰਦਾ ਧਜਾਇ ਦੂਜੋ ਕਉਨ ਧਿਆਈਐ॥ ੪੪॥**

ਪਦ ਅਰਥ - ਕੁਨਿੰਦਾ=ਕਰਨ ਵਾਲਾ। ਖੈਰ=ਸੁਖ। ਗਜ=ਗਜਾਸੁਰ। ਕੁਨਿੰਦਾ=ਕਰਨ ਵਾਲਾ। ਗਜਿੰਦਾ=ਚੋਣ ਕਰਨ ਵਾਲਾ। ਚਾਪ=ਧਨੁਸ਼। ਛੋਨੀ=ਪ੍ਰਿਥਵੀ। ਜਰ=ਧਨ, ਸੰਪਦਾ। ਜੇਬ=ਸ਼ੋਭਾ। ਦੀਨ=ਧਰਮ। ਦਾਨਸ਼=ਅਕਾਲ।

ਉਹ ਪ੍ਰਭੂ ਹਰ ਕਾਰਜ ਨੂੰ ਪੂਰਾ ਕਰਨ ਵਾਲਾ ਹੈ, ਸੁਖਾਂ ਤੇ ਵਡਿਆਈਆਂ ਬਖਸ਼ਣ ਵਾਲਾ ਹੈ। ਉਹ ਮਹਿਖਾਸੁਰ ਦੇ ਪੁਤ੍ਰ ਗਜਾਸੁਰ ਤੇ ਗਜਾਸੁਰ ਨੂੰ ਮਾਰਨ ਵਾਲੇ ਸ਼ਿਵਜੀ ਨੂੰ ਗਰਜਾਉਣ ਵਾਲਾ ਹੈ। ਉਸ ਨੂੰ ਕਰਨਹਾਰ ਕਹਿਕੇ ਸੱਦਿਆ ਜਾਂਦਾ ਹੈ। ਉਹ ਧਨਸ਼ ਦੇ ਚਲਾਉਣ ਵਾਲਾ ਹੈ, ਜ਼ਖਮ

ਤੇ ਗਰਮੀ ਤੋਂ ਬਚਾਉਣ ਵਾਲਾ ਹੈ, ਛੱਤ੍ਰ ਤੇ ਪ੍ਰਿਥਵੀ ਨੂੰ ਛਲਣ ਵਾਲਾ ਹੈ। ਉਸ ਨੂੰ ਦਾਤਾਂ ਦੇਣ ਵਾਲਾ ਦਾਤਾ ਕਰਕੇ ਮੰਨਿਆ ਜਾਂਦਾ ਹੈ। ਉਹ ਪਰਮਾਤਮਾ ਧਨ ਦੌਲਤ ਦੇ ਬਖਸ਼ਣ ਵਾਲਾ ਹੈ, ਅਸਵਾਰੀਆਂ ਨੂੰ ਪੈਦਾ ਕਰਨ ਵਾਲਾ ਹੈ, ਪ੍ਰਕਾਸ਼ ਤੇ ਸ਼ੋਭਾ ਦੀ ਚੋਣ ਕਰਨ ਵਾਲਾ ਹੈ। ਉਸਨੂੰ ਗਿਆਨ ਦੀ ਜਾਨ ਕਹਿਕੇ ਗਾਇਆ ਜਾਂਦਾ ਹੈ। ਉਹ ਦੋਸ਼ਾਂ ਨੂੰ ਨਾਸ ਕਰਨ ਵਾਲਾ ਹੈ, ਧਰਮ ਤੇ ਦਨਾਈ ਦੇ ਦੇਣ ਵਾਲਾ ਹੈ, ਦੋਸ਼ਾਂ ਤੇ ਖੋਟੇ ਪੁਰਸ਼ਾਂ ਨੂੰ ਦਲਣ ਵਾਲੇ ਪ੍ਰਭੂ ਨੂੰ ਸਿਮਰਨਾਂ ਛਡਕੇ ਹੋਰ ਦੂਜੇ ਕਿਸ ਨੂੰ ਸਿਮਰਨਾ ਚਾਹੀਦਾ ਹੈ॥ ੪੪॥

**ਤ੍ਵਪ੍ਰਸਾਦਿ॥ ਸਾਲਿਸ ਸਹਿੰਦਾ ਸਿੱਧਤਾਈ ਕੋ ਸਧਿੰਦਾ**
**ਅੰਗ ਅੰਗ ਮੈ ਅਵਿੰਦਾ ਏਕੁ ਏਕੋ ਨਾਥ ਜਾਨੀਐ॥**
**ਕਾਲਖ ਕਟਿੰਦਾ ਖੁਰਾਸਾਨ ਕੋ ਖੁਨਿੰਦਾ**
**ਗ੍ਰਬ ਗਾਫਲ ਗਲਿੰਦਾ ਗੋਲ ਗੰਜਖ ਬਖਾਨੀਐ॥**
**ਗਾਲਬ ਗਰਿੰਦਾ ਜੀਤ ਤੇਜ ਕੇ ਦਹਿੰਦਾ**
**ਚਿਤ੍ਰ ਚਾਪ ਕੇ ਚਲਿੰਦਾ ਛੋਡ ਅਉਰ ਕਉਨ ਆਨੀਐ॥**
**ਸੱਤਤਾ ਦਹਿੰਦਾ ਸਤਤਾਈ ਕੋ ਸੁਖਿੰਦਾ**
**ਕਰਮ ਕਾਮ ਕੋ ਕੁਨਿੰਦਾ ਛੋਡ ਦੂਜਾ ਕਉਨ ਮਾਨੀਐ॥ ੪੫॥**

ਪਦ ਅਰਥ - ਸਾਲਿਸ=ਸਾਲਸੀ ਕਰਨ ਵਾਲਾ। ਸਹਿੰਦਾ=ਸਹੀ ਫੈਸਲਾ ਕਰਨ ਵਾਲਾ। ਅਵਿੰਦਾ=ਨਿਵਾਸ ਕਰਨ ਵਾਲਾ। ਕਾਲਖ=ਪਾਪ। ਖੁਰਾਸਾਨ=ਇਕ ਸ਼ਹਿਰ ਦਾ ਨਾਂ। ਖੁਨਿੰਦ=ਪਸੰਦ। ਗਲਿੰਦਾ=ਨਿਗਲਣ ਵਾਲਾ। ਗੋਲ=ਸਮੂਹ। ਗੰਜਖ=ਤ੍ਰਿਸਕਾਰ ਕਰਨ ਵਾਲਾ। ਚਿਤ੍ਰ ਚਾਪ=ਅਲੌਕਿਕ ਧਨੁਸ਼। ਸੱਤਤਾ=ਸਚਾਈ। ਸੱਤਤਾਈ=ਝੂਠ। ਕਰਮ=ਬਖਸ਼ਿਸ਼।

ਉਹ ਪਰਮਾਤਮਾ ਸਾਲਸ ਬਣ ਕੇ ਠੀਕ ਨਿਆਂ ਕਰਨ ਵਾਲਾ ਹੈ। ਸਿੱਧਤਾ ਨੂੰ ਸਾਧਣ ਵਾਲਾ ਹੈ। ਉਹ ਅੰਗ ਅੰਗ ਵਿਚ ਨਿਵਾਸ ਕਰਨ ਵਾਲਾ ਇਕੋ ਪ੍ਰਭੂ ਹੈ, ਉਸ ਨੂੰ ਸਭ ਜੀਵਾਂ ਦਾ ਇਕੋ ਸੁਆਮੀ ਜਾਣਿਆ ਜਾਂਦਾ ਹੈ। ਉਹ ਪ੍ਰਭੂ ਪਾਪਾਂ ਨੂੰ ਕੱਟਣ ਵਾਲਾ ਹੈ, ਉਹ ਖੁਰਾਸਾਨ ਦੇਸ ਨੂੰ ਬਿਨਾਸ ਕਰਨ ਵਾਲਾ ਅਤੇ ਉਹ ਘੁਮੰਡੀ ਤੇ ਗਾਫਲ ਪੁਰਸ਼ਾਂ ਨੂੰ ਨਿਗਲਣ ਵਾਲਾ ਹੈ। ਸਮੂਹ ਵੈਰੀਆਂ ਦਾ ਅਨਾਦਰ ਕਰਨ ਵਾਲਾ ਕਿਹਾ ਜਾਂਦਾ ਹੈ। ਜੋ ਬੜੀਆਂ ਬੜੀਆਂ ਜਿੱਤਾਂ ਪ੍ਰਾਪਤ ਕਰਨ ਵਾਲੇ ਸਨ, ਉਹਨਾਂ ਨੂੰ ਉਹ ਡੇਗਣ ਵਾਲਾ ਹੈ। ਜਿੱਤ ਦੇ ਤੇਜ ਨੂੰ ਦੇਣ ਵਾਲਾ ਹੈ, ਬੜੇ ਅਲੌਕਿਕ ਕਿਸਮ ਦੇ ਧਨੁਸ਼ ਨੂੰ ਚਲਾਉਣ ਵਾਲਾ ਹੈ। ਐਸੇ ਪ੍ਰਭੂ ਨੂੰ ਛਡ ਕੇ ਹੋਰ ਕਿਸ ਨੂੰ ਮੰਨਣਾ ਚਾਹੀਦਾ ਹੈ? ਉਹ ਅਕਾਲ ਪੁਰਖ ਸਚਾਈ ਬਖਸ਼ਣ ਵਾਲਾ ਹੈ, ਝੂਠ ਨੂੰ ਸੁਕਾਉਣ ਵਾਲਾ ਹੈ, ਬਖਸ਼ਿਸ਼ ਦਾ ਕੰਮ ਕਰਨ ਵਾਲਾ ਹੈ। ਐਸੇ ਗੁਣਾਂ ਵਾਲੇ ਪ੍ਰਭੂ ਨੂੰ ਛਡ ਕੇ ਹੋਰ ਦੂਜੇ ਕਿਸ ਨੂੰ ਮੰਨੀਏ?॥ ੪੫॥

ਤ੍ਵਪ੍ਰਸਾਦਿ ॥ ਜੋਤ ਕੋ ਜਗਿੰਦਾ ਜੰਗ ਜਾਫਰੀ ਦਹਿੰਦਾ
ਮਿਤ੍ਰ ਮਾਰੀ ਕੇ ਮਲਿੰਦਾ ਪੈ ਕੁਨਿੰਦਾ ਕੈ ਬਖਾਨੀਐ ॥
ਪਾਲਕ ਪੁਨਿੰਦਾ ਪਰਮ ਪਾਰਸੀ ਪ੍ਰਗਿੰਦਾ
ਰੰਗ ਰਾਗ ਕੇ ਸੁਨਿੰਦਾ ਪੈ ਅਨੰਦਾ ਤੇਜ ਮਾਨੀਐ ॥
ਜਾਪ ਕੇ ਜਪਿੰਦਾ ਖੈਰ ਖੂਬੀ ਕੇ ਦਹਿੰਦਾ
ਖੂਨ ਮਾਫ ਕੇ ਕੁਨਿੰਦਾ ਹੈ ਅਭਿੱਜ ਰੂਪ ਠਾਨੀਐ ॥
ਆਰਜਾ ਦਹਿੰਦਾ ਰੰਗ ਰਾਗ ਕੇ ਬਢਿੰਦਾ
ਦੁਸ਼ਟ ਦ੍ਰੋਹ ਕੇ ਦਲਿੰਦਾ ਛੋਡ ਦੂਜੇ ਕੌਨ ਮਾਨੀਐ ॥ ੪੬ ॥

ਪਦ ਅਰਥ - ਜਗਿੰਦਾ=ਪ੍ਰਕਾਸ਼ ਕਰਨ ਵਾਲਾ। ਜਾਫਰੀ=ਫਤਹਿ। ਮਿਤ੍ਰ ਮਾਰੀ=ਮਿੱਤਰ ਘਾਤੀ। ਪੁਨਿੰਦਾ=ਆਸਰਾ ਦੇਣ ਵਾਲਾ। ਪਾਰਸੀ=ਪਾਰਦਰਸ਼ੀ। ਪਗਿੰਦਾ=ਭਲੀ ਪ੍ਰਕਾਰ ਜਾਣਨ ਵਾਲਾ। ਅਨੰਦਾ=ਅਨੰਦ ਦਾਤਾ। ਆਰਜਾ=ਉਮਰ। ਬਢਿੰਦਾ=ਵਧਾਉਣ ਵਾਲਾ।

ਉਹ ਪਰਮੇਸ਼ਰ ਸਭ ਜੋਤੀਆਂ ਦੇ ਪ੍ਰਕਾਸ਼ ਕਰਨ ਵਾਲਾ ਹੈ, ਜੰਗ ਵਿਚ ਫਤਹਿ ਬਖਸ਼ਣ ਵਾਲਾ ਹੈ, ਮਿੱਤਰ-ਮਾਰ ਕਰਨ ਵਾਲਿਆਂ ਨੂੰ ਨਾਸ ਕਰਨ ਵਾਲਾ ਹੈ। ਉਸ ਨੂੰ ਕਰਨਹਾਰ ਕਿਹਾ ਜਾਂਦਾ ਹੈ। ਉਹ ਪਰਮਾਤਮਾ ਪਾਲਣਾ ਕਰਨ ਵਾਲਾ ਤੇ ਆਸਰਾ ਦੇਣ ਵਾਲਾ ਹੈ, ਮਹਾਨ ਪਾਰਦਰਸ਼ੀ ਤੇ ਹਰ ਇਕ ਗੱਲ ਨੂੰ ਚੰਗੀ ਤਰ੍ਹਾਂ ਜਾਣਨ ਵਾਲਾ ਹੈ, ਰਾਗ ਰੰਗ ਦਾ ਸਰੋਤਾ ਹੈ, ਆਨੰਦ ਦੇਣ ਵਾਲਾ ਤੇ ਪ੍ਰਕਾਸ਼ ਰੂਪ ਕਰਕੇ ਮੰਨਿਆ ਜਾਂਦਾ ਹੈ। ਉਹ ਅਕਾਲ ਪੁਰਖ ਆਪਣੇ ਨਾਮ ਦਾ ਜਾਪ ਜਪਾਉਣ ਵਾਲਾ ਹੈ, ਸੁਖ ਤੇ ਵਡਿਆਈ ਦੇ ਦੇਣ ਵਾਲਾ ਹੈ, ਖੂਨੀਆਂ ਨੂੰ ਮਾਰ ਕਰਨ ਵਾਲਾ ਹੈ ਤੇ ਅਭਿੱਜ ਰੂਪ ਕਰਕੇ ਜਾਣਿਆ ਜਾਂਦਾ ਹੈ। ਉਹ ਪਰਮੇਸ਼ਰ ਲੰਮੀ ਉਮਰ ਬਖਸ਼ਣ ਵਾਲਾ ਹੈ, ਰੰਗ ਤੇ ਰਾਗ ਨੂੰ ਵਧਾਉਣ ਵਾਲਾ ਹੈ, ਦੁਸ਼ਟਾਂ ਤੇ ਧਰੋਹੀਆਂ ਨੂੰ ਦਲਣ ਵਾਲਾ ਹੈ। ਐਸੇ ਗੁਣਾਂ ਵਾਲੇ ਪ੍ਰਭੂ ਨੂੰ ਛੱਡ ਕੇ ਹੋਰ ਦੂਜੇ ਕਿਸ ਨੂੰ ਮੰਨੀਏ॥ ੪੬ ॥

ਤ੍ਵਪ੍ਰਸਾਦਿ ॥ ਆਤਮਾ ਪ੍ਰਧਾਨ ਜਾਹਿ ਸਿੱਧਤਾ ਸਰੂਪ ਤਾਹਿ
ਬੁੱਧਤਾ ਬਿਭੂਤ ਜਾਹਿ ਸਿੱਧਤਾ ਸੁਭਾਉ ਹੈ ॥
ਰਾਗ ਭੀ ਨ ਰੰਗ ਤਾਹਿ ਰੂਪ ਭੀ ਨ ਰੇਖ ਜਾਹਿ
ਅੰਗ ਭੀ ਸੁਰੰਗ ਤਾਹਿ ਰੰਗ ਕੇ ਸੁਭਾਉ ਹੈ ॥
ਚਿਤ੍ਰ ਸੋ ਬਿਚਿੱਤ੍ਰ ਹੈ ਪਰਮਤਾ ਪਵਿੱਤ੍ਰ ਹੈ

**ਸੁ ਮਿੱਤ੍ਰ ਹੂੰ ਕੇ ਮਿੱਤ੍ਰ ਹੈ ਬਿਭੂਤ ਕੋ ਉਪਾਉ ਹੈ॥ ਦੇਵਨ ਕੋ ਦੇਵ ਹੈ ਕਿ ਸ਼ਾਹਾਨ ਕੋ ਸ਼ਾਹ ਹੈ ਕਿ ਰਾਜਨ ਕੋ ਰਾਜ ਹੈ ਕਿ ਰਾਵਨ ਕੋ ਰਾਉ ਹੈ॥੪੭॥**

ਪਦ ਅਰਥ - ਆਤਮਾ=ਆਪਣਾ ਆਪ। ਸਿੱਧਤਾ=ਕਲਿਆਣ। ਸਿੱਧਤਾ=ਮੁਕਤੀ। ਸੁਭਾਉ=ਵਾਦੀ।

ਉਸ ਪ੍ਰਭੂ ਦਾ ਆਪਣਾ ਆਪ ਹੀ ਪ੍ਰਧਾਨ ਮੁਖ ਹੈ, ਉਹਦਾ ਸਰੂਪ ਕਲਿਆਣ ਕਰਤਾ ਹੈ, ਉੱਚੀ ਬੁੱਧੀ ਉਸ ਦੀ ਸੰਪਦਾ ਹੈ ਤੇ ਮੁਕਤ ਕਰਨਾ ਉਸ ਦਾ ਸੁਭਾਅ ਹੈ। ਉਸ ਕਰਤਾ ਪੁਰਖ ਦਾ ਕਿਸੇ ਨਾਲ ਮੋਹ ਨਹੀਂ, ਕਿਸੇ ਨਾਲ ਦ੍ਵੈਸ਼ ਨਹੀਂ, ਉਸਦਾ ਕੋਈ ਰੂਪ ਤੇ ਰੇਖ ਨਹੀਂ। ਉਸ ਦਾ ਸਰੀਰ ਸੁੰਦਰ ਹੈ ਤੇ ਉਸ ਦਾ ਸੁਭਾਅ ਬੜੇ ਪ੍ਰੇਮ ਵਾਲਾ ਹੈ। ਉਸਦੀ ਮੂਰਤੀ ਬੜੀ ਅਲੌਕਿਕ ਹੈ, ਉਹ ਮਹਾਨ ਪਵਿੱਤ੍ਰ ਹੈ, ਉਹ ਦੋਸਤ ਹੈ ਤੇ ਸਾਰੀ ਧਨ ਸੰਪਦਾ ਦਾ ਕਰਨਹਾਰ ਵੀ ਉਹੋ ਹੈ। ਉਹ ਅਕਾਲ ਪੁਰਖ ਦੇਵਤਿਆਂ ਦਾ ਦੇਵਤਾ ਹੈ, ਜਾਂ ਬਾਦਸ਼ਾਹਾਂ ਦਾ ਬਾਦਸ਼ਾਹ ਹੈ, ਜਾਂ ਰਾਜਿਆਂ ਦਾ ਰਾਜਾ ਹੈ, ਜਾਂ ਰਾਵਾਂ ਦਾ ਰਾਇ ਹੈ॥ ੪੭॥

## *ਬਹਿਰ ਤਵੀਲ ਛੰਦ ਪਸਚਮੀ*

**ਤ੍ਵਪ੍ਰਸਾਦਿ॥ ਕਿ ਅਗੰਜਸ॥ ਕਿ ਅੰਭਜਸ॥ਕਿ ਅਰੂਪਸ॥ ਕਿ ਅੰਰਜਸ॥ ੪੮॥**

ਇਹ ਛੰਦ ਪਸ਼ਤੋ ਦੇ ਗੀਤ ਦੇ ਵਜ਼ਨ ਤੇ ਗਾਇਨ ਕਰਨ ਦੀ ਤਰਜ਼ ਅਨੁਸਾਰ ਉਚਾਰਿਆ ਗਿਆ ਹੈ। ਉਹ ਪ੍ਰਭੂ ਅਜਿੱਤ ਹੈ, ਉਹ ਭਜਦਾ ਨਹੀਂ, ਉਸ ਦਾ ਕੋਈ ਰੂਪ ਨਹੀਂ ਤੇ ਉਸ ਨੂੰ ਕਿਸੇ ਪ੍ਰਕਾਰ ਦਾ ਰੰਜ ਜਾਂ ਗੁੱਸਾ ਨਹੀਂ॥ ੪੮॥

**ਕਿ ਅਛੇਦਸ॥ ਕਿ ਅਭੇਦਸ॥ ਕਿ ਅਨਾਮਸ॥ ਕਿ ਅਕਾਮਸ॥ ੪੯॥**

ਉਹ ਛੇਦ ਰਹਿਤ ਤੇ ਭੇਦ ਰਹਿਤ ਹੈ। ਉਸ ਦਾ ਕੋਈ ਖਾਸ ਨਾਂ ਨਹੀਂ, ਉਸ ਨੂੰ ਕੋਈ ਕਾਮ ਵਾਸ਼ਨਾ ਵੀ ਨਹੀਂ॥ ੪੯॥

**ਕਿ ਅਭੇਖਸ॥ ਕਿ ਅਲੇਖਸ॥ ਕਿ ਅਨਾਦਸ॥ ਕਿ ਅਗਾਧਸ॥ ੫੦॥**

ਉਹ ਭੇਖ ਰਹਿਤ ਹੈ, ਕਿਸੇ ਲੇਖੇ ਵਿਚ ਆਉਣ ਵਾਲਾ ਨਹੀਂ, ਉਸ ਦੇ ਆਰੰਭ ਮੁਢ ਦਾ ਕੋਈ ਪਤਾ ਨਹੀਂ ਤੇ ਉਹ ਅਗਾਧ ਅਤੇ ਅਥਾਹ ਹੈ॥ ੫੦॥

**ਕਿ ਅਰੂਪਸ॥ ਕਿ ਅਭੂਤਸ॥ ਕਿ ਅਦਾਗਸ॥ ਕਿ ਅਰਾਗਸ॥ ੫੧॥**

ਉਹ ਪਰਮਾਤਮਾ ਰੂਪ ਤੋਂ ਬਿਨ੍ਹਾਂ ਹੈ, ਉਸ ਦੀ ਰਚਨਾਂ ਤੱਤਾਂ ਤੋਂ ਨਹੀਂ ਹੋਈ, ਉਹ ਦਾਗ ਕਲੰਕ ਰਹਿਤ ਤੇ ਮੋਹ ਤੋਂ ਰਹਿਤ ਹੈ॥ ੫੧॥

**ਕਿ ਅਭੇਦਸ ॥ ਕਿ ਅਛੇਦਸ ॥ ਕਿ ਅਛਾਦਸ ॥ ਕਿ ਅਗਾਧਸ ॥ ੫੨ ॥**

ਉਹ ਭੇਦ ਰਹਿਤ ਹੈ, ਉਹ ਛੇਦਿਆਂ ਨਹੀਂ ਜਾਂਦਾ, ਉਹ ਗੁਪਤ ਹੋ ਕੇ ਨਹੀਂ ਰਹਿੰਦਾ ਭਾਵ ਹਰ ਜਗ੍ਹਾ ਉਸੇ ਦੀ ਜੋਤ ਦਾ ਪ੍ਰਕਾਸ਼ ਹੋ ਰਿਹਾ ਹੈ, ਉਹ ਮਹਾਨ ਡੂੰਘਾ ਹੈ॥ ੫੨॥

**ਕਿ ਅਗੰਜਸ ॥ ਕਿ ਅਭੰਜਸ ॥ ਕਿ ਅਭੇਦਸ ॥ ਕਿ ਅਛੇਦਸ ॥ ੫੩ ॥**

ਉਹ ਅਗੰਜ ਭਾਵ ਨਾਸ ਰਹਿਤ ਹੈ, ਉਹ ਅਭੰਜ ਭੰਜਨ ਤੋਂ ਬਿਨ੍ਹਾਂ ਹੈ, ਭੇਦ ਰਹਿਤ ਤੇ ਛੇਦ ਰਹਿਤ ਹੈ॥ ੫੩॥

**ਕਿ ਅਸੇਅਸ ॥ ਕਿ ਅਧੇਅਸ ॥ ਕਿ ਅਗੰਜਸ ॥ ਕਿ ਇਕੰਜਸ ॥ ੫੪ ॥**

ਉਹ ਪ੍ਰਭੂ ਸੇਕ ਰਹਿਤ ਤੇ ਧਿਆਨ ਰਹਿਤ ਹੈ। ਉਹ ਨਾਸ ਨਹੀਂ ਹੁੰਦਾ ਤੇ ਅਦੁਤੀ ਸ਼ਕਤੀ ਵਾਲਾ ਹੈ॥ ੫੪॥

**ਕਿ ਉਕਾਰਸ ॥ ਕਿ ਨਿਕਾਰਸ ॥ ਕਿ ਅਖੰਜਸ ॥ ਕਿ ਅਭੰਜਸ ॥ ੫੫ ॥**

ਪਦ ਅਰਥ - ਉਕਾਰ=ਸਰਗੁਨ। ਨਿਕਰਸ=ਨਿਰਗੁਨ।

ਉਹ ਅਕਾਲ ਪੁਰਖ ਸਰਗੁਨ ਸਰੂਪ ਹੈ ਤੇ ਨਿਰਗੁਨ ਸਰੂਪ ਵੀ ਉਹੋ ਹੈ। ਉਹ ਨਾ ਕਿਸੇ ਨਾਲ ਖਿੱਝਦਾ ਹੈ ਤੇ ਨਾ ਕਿਸੇ ਨਾਲ ਭਿੱਜਦਾ ਹੈ॥ ੫੫॥

**ਕਿ ਅਘਾਤਸ ॥ ਕਿ ਅਕਿਆਤਸ ॥ ਕਿ ਅਚਲਸ ॥ ਕਿ ਅਛਲਸ ॥ ੫੬ ॥**

ਪਦ ਅਰਥ - ਘਾਤ=ਦਾਅ, ਫਰੇਬ। ਅਕਿਆਤਸ=ਪਾਲਣ ਵਾਲਾ।

ਉਹ ਪਰਮਾਤਮਾ ਕਿਸੇ ਦੇ ਦਾਉ ਫਰੇਬ ਵਿਚ ਨਹੀਂ ਆਉਂਦਾ, ਉਹ ਸਭ ਨੂੰ ਪਾਲਣ ਵਾਲਾ ਹੈ, ਉਹ ਅਚਲ ਹੈ ਭਾਵ ਡੋਲਦਾ ਨਹੀਂ ਤ ਕਿਸੇ ਕੋਲੋਂ ਛਲਿਆ ਨਹੀਂ ਜਾਂਦਾ॥ ੫੬॥

**ਕਿ ਅਜਾਤਸ ॥ ਕਿ ਅਝਾਤਸ ॥ ਕਿ ਅਛਲਸ ॥ ਕਿ ਅਟਲਸ ॥ ੫੭ ॥**

ਉਹ ਪ੍ਰਭੂ ਅਜਾਤ ਹੈ ਭਾਵ ਉਸ ਦੀ ਕੋਈ ਜਾਤ ਨਹੀਂ, ਉਹ ਅਝਾਤ ਹੈ ਭਾਵ ਦਿਸਦਾ ਨਹੀਂ, ਉਹ ਅਛਲ ਤੇ ਅਟਲ ਹੈ॥ ੫੭॥

**ਤ੍ਵਪ੍ਰਸਾਦਿ ॥ ਅਟਾਟਸਚ ॥ ਅਡਾਟਸਚ ॥ ਅੰਡਗਸਚ ॥ ਅਣੰਗਸਚ ॥ ੫੮ ॥**

ਪਦ ਅਰਥ - ਟਾਟ=ਬਿਰਾਦਰੀ। ਡਾਟ=ਤਾੜਨਾ। ਅੰਗ=ਦੇਹ।

ਉਹ ਪਰਮੇਸ਼ਰ ਦੀ ਕੋਈ ਕੁਲ ਜਾਂ ਬਿਰਾਦਰੀ ਨਹੀਂ, ਤਾੜਨਾ ਤੋਂ ਰਹਿਤ ਹੈ, ਉਸਨੂੰ ਡੰਗ ਨਹੀਂ ਮਾਰਿਆ ਜਾ ਸਕਦਾ ਤੇ ਸਰੀਰ ਤੋਂ ਬਿਨਾਂ ਹੈ॥ ੫੮॥

**ਅਤਾਨਸਚ ॥ ਅਥਾਨਸਚ ॥ ਅਦੰਗਸਚ ॥ ਅਨੰਗਸਚ ॥ ੫੯ ॥**

ਪਦ ਅਰਥ - ਤਾਨ=ਬਲ। ਥਾਨ=ਟਿਕਾਣਾ। ਦੰਗ=ਝਗੜਾ। ਨੰਗ=ਐਬ।

ਉਹ ਅਕਾਲ ਪੁਰਖ ਬਲ ਰਹਿਤ ਤੇ ਕਿਸੇ ਖਾਸ ਟਿਕਾਣੇ ਤੋਂ ਬਿਨਾਂ ਹੈ। ਉਹ ਕਿਸੇ ਝਗੜੇ ਬਖੇੜੇ ਤੋਂ ਰਹਿਤ ਹੈ। ਉਸ ਵਿਚ ਕੋਈ ਐਬ ਦੋਸ਼ ਨਹੀਂ॥ ੫੯॥

## ਅਪਾਰਸਚ॥ ਅਫਾਰਸਚ॥ ਅਬੇਅਸਤੁ॥ ਅਭੇਅਸਤੁ॥ ੬੦॥

ਉਹ ਕਰਤਾਰ ਅਪਾਰ ਸੱਚ ਹੈ। ਉਹ ਹਰ ਵੇਲੇ ਵੀ ਹਾਜ਼ਰ ਨਾਜ਼ਰ ਹੈ ਅਤੇ ਬੇਖੌਫ ਹੈ॥ ੬੦॥

## ਅਮਾਨਸਚ॥ ਅਹਾਨਸਚ॥ ਅੰਝਗਸਚ॥ ਅਤ੍ਰੰਗਸਚ॥ ੬੧॥

ਉਹ ਕਰਤਾ ਪੁਰਖ ਮਾਨ ਤੋਂ ਰਹਿਤ ਹੈ, ਉਸ ਦੀ ਕੋਈ ਬਰਬਾਦੀ ਨਹੀਂ ਕਰ ਸਕਦਾ, ਉਹ ਅੜਨ ਵਾਲਾ ਨਹੀਂ, ਭਾਵ ਉਹ ਕਿਸੇ ਪ੍ਰਕਾਰ ਦਾ ਅੜਿੱਕਾ ਨਹੀਂ ਪਾਉਂਦਾ ਤੇ ਹਰ ਇਕ ਦਾ ਦਿਲੀ ਮਿੱਤਰ ਹੈ॥ ੬੧॥

## ਅਰਾਮਸਚ॥ ਅਲਾਮਸਚ॥ ਅਜੋਧਸਚ॥ ਅਵੋਜਸਚ॥ ੬੨॥

ਉਹ ਪ੍ਰਭੂ ਬਾਗ-ਬਗੀਚਾ ਹੈ, ਵਿਦਵਾਨ ਹੈ, ਉਸ ਨਾਲ ਕੋਈ ਜੁਧ ਨਹੀਂ ਕਰ ਸਕਦਾ ਤੇ ਉਹ ਬਲ ਸ਼ਕਤੀ ਦੀ ਰਖਿਆ ਕਰਨ ਵਾਲਾ ਹੈ॥ ੬੨॥

## ਪਸਚਮੀ॥ ਅਸੇਅਸਤੁ॥ ਅਭੇਅਸਤੁ॥ ਆ ਅੰਗਸਤੁ॥ ਇਅੰਗਸਤੁ॥ ੬੩॥

ਉਹ ਪਰਮਾਤਮਾ ਆਸਰਾ ਰੂਪ ਹੈ ਤੇ ਡਰ ਰਹਿਤ ਹੈ। ਉਹ ਸਾਰਿਆਂ ਪਾਸਿਆਂ ਤੋਂ ਸਰੀਰ ਵਿਚ ਸਮਾਇਆ ਹੋਇਆ ਹੈ ਅਤੇ ਸੁੰਦਰ ਅੰਗਾਂ ਵਾਲਾ ਹੈ॥ ੬੩॥

## ਉਕਾਰਸਤੁ॥ ਅਕਾਰਸਤੁ॥ ਅਖੰਡਸਤੁ॥ ਅਡੰਗਸਤੁ॥ ੬੪॥

ਪਦ ਅਰਥ - ਉਕਾਰ=ਫੁਰਨਾ। ਅਕਾਰ=ਬਣਾਵਟ।

ਉਹ ਈਸ਼ਵਰ ਫੁਰਨਾ ਰੂਪ ਹੈ। ਸਭ ਬਣਾਵਟ ਉਸੇ ਦੀ ਬਣਾਈ ਹੋਈ ਹੈ। ਅਖੰਡ ਹੈ ਭਾਵ ਉਸ ਨੂੰ ਕੋਈ ਖੰਡਨ ਨਹੀਂ ਕਰ ਸਕਦਾ ਤੇ ਅਡੰਗ ਹੈ ਭਾਵ ਉਹ ਕਿਸੇ ਨੂੰ ਡੰਗ ਨਹੀਂ ਮਾਰ ਸਕਦਾ॥ ੬੪॥

## ਕਿ ਅਤਾਪਹਿ॥ ਕਿ ਅਥਾਪਹਿ॥ ਕਿ ਅੰਦਗਹਿ॥ ਕਿ ਅਨੰਗਹਿ॥ ੬੫॥

ਉਹ ਕਰਤਾ ਪੁਰਖ ਤਾਪ ਦੁਖ ਤੋਂ ਰਹਿਤ ਹੈ, ਉਸ ਨੂੰ ਕਿਸੇ ਨੇ ਥਾਪਿਆ ਨਹੀਂ, ਉਹ ਲੜਾਈ ਝਗੜੇ ਤੋਂ ਰਹਿਤ ਹੈ ਤੇ ਕਾਮਦੇਵ ਵਰਗਾ ਸੁੰਦਰ ਹੈ॥ ੬੫॥

## ਕਿ ਅਤਾਪਹਿ॥ ਕਿ ਅਥਾਪਹਿ॥ ਕਿ ਅਨੀਲਹਿ॥ ਕਿ ਸੁਨੀਲਹਿ॥ ੬੬॥

ਉਸ ਪ੍ਰਭੂ ਨੂੰ ਕੋਈ ਤਾਪ ਦੁਖ ਨਹੀਂ, ਉਹ ਕਿਸੇ ਦਾ ਥਾਪਿਆ ਬਣਾਇਆ ਨਹੀਂ। ਉਹ ਗਿਣਤੀ ਤੋਂ ਬਾਹਰ ਹੈ ਤੇ ਆਪ ਹੀ ਗਿਣਤੀ ਕਰਨ ਵਾਲਾ ਹੈ॥ ੬੬॥

## ਅਰਧ ਨਰਾਜ ਛੰਦ ॥

ਤ੍ਵਪ੍ਰਸਾਦਿ ॥ ਸਜਸ ਤੁਯੰ ॥ ਧਜਸ ਤੁਯੰ ॥ ਅਲਸ ਤੁਯੰ ॥ ਇਕਸ ਤੁਯੰ ॥ ੬੭ ॥

ਹੇ ਪ੍ਰਭੂ! ਤੂੰ ਸੱਜਿਆ ਹੋਇਆ ਹੈ ਤੇ ਤੂੰ ਧੁਜਾ ਅਤੇ ਝੰਡੇ ਵਾਲਾ ਹੈ॥ ਸਭ ਥਾਂ ਤੂੰ ਹੀ ਅਲ ਪੂਰਨ ਹੈਂ ਤੇ ਇਕ ਰਸ ਰਹਿਣ ਵਾਲਾ ਵੀ ਤੂੰ ਹੈ॥ ੬੭॥

ਜਲਸ ਤੁੰਯ ॥ ਥਲਸ ਤੁਯੰ ॥ ਪੁਰਸ ਤੁਯੰ ॥ ਬਨਸ ਤੁਯੰ ॥ ੬੮ ॥

ਹੇ ਕਰਤਾਰ! ਜਲ ਤੂੰ ਹੈਂ, ਥਲ ਵੀ ਤੂੰ ਹੈਂ, ਪੁਰ ਸ਼ਹਿਰ ਤੂੰ ਹੈਂ, ਤੇ ਵਣ ਵੀ ਤੂੰ ਹੈਂ॥ ੬੮॥

ਗੁਰਸ ਤੁਯੰ ॥ ਗੁਫਸ ਤੁਯੰ ॥ ਨਿਰਸ ਤੁਯੰ ॥ ਨਿਦਸ ਤੁਯੰ ॥ ੬੯ ॥

ਹੇ ਪਰਮਾਤਮਾ! ਤੂੰ ਗੁਰੂ ਰੂਪ ਹੈਂ, ਤੂੰ ਹੀ ਗੁਫਾ ਹੈਂ, ਤੂੰ ਰਸ-ਰਹਿਤ ਹੈਂ, ਤੇ ਤੂੰ ਥਕਾਵਟ ਰਹਿਤ ਹੈ॥ ੬੯ ॥

ਰਵਸ ਤੁਯੰ ॥ ਸਸਸ ਤੁਯੰ ॥ ਰਜਸ ਤੁਯੰ ॥ ਤਮਸ ਤੁਯੰ ॥ ੭੦ ॥

ਹੇ ਅਕਾਲ ਪੁਰਖ! ਤੂੰ ਹੀ ਸੂਰਜ ਹੈਂ, ਤੂੰ ਹੀ ਚੰਦ੍ਰਮਾਂ ਹੈਂ, ਤੂੰ ਹੀ ਰਜੋ ਗੁਣ ਚਾਨਣਾ ਹੈਂ, ਤੇ ਤੂੰ ਹੀ ਤਮੋ ਗੁਣ ਅੰਧਕਾਰ ਹੈਂ॥ ੭੦॥

ਧਨਸ ਤੁਯੰ ॥ ਮਨਸ ਤੁਯੰ ॥ ਬ੍ਰਿਛਸ ਤੁਯੰ ॥ ਬਨਸ ਤੁਯੰ ॥ ੭੧ ॥

ਹੇ ਪਰਮੇਸ਼ਰ! ਤੂੰ ਧਨ-ਸੰਪਦਾ ਹੈਂ, ਤੂੰ ਮਨ ਹੈਂ, ਤੂੰ ਬ੍ਰਿਛ ਹੈਂ ਤੇ ਤੂੰ ਹੀ ਵਣ ਹੈਂ॥ ੭੧॥

ਮਤਸ ਤੁਯੰ ॥ ਗਤਸ ਤੁਯੰ ॥ ਬ੍ਰਤਸ ਤੁਯੰ ॥ ਚਿਤਸ ਤੁਯੰ ॥ ੭੨ ॥

ਹੇ ਪ੍ਰਭੂ! ਤੂੰ ਹੀ ਉੱਜਲ ਬੁੱਧੀ ਹੈਂ, ਤੂੰ ਹੀ ਮੁਕਤੀ ਹੈਂ, ਤੂੰ ਹੀ ਬਰਤ ਹੈਂ ਤੇ ਤੂੰ ਹੀ ਚੇਤਨ-ਰੂਪ ਹੈਂ॥ ੭੨ ॥

ਪਿਤਸ ਤੁਯੰ ॥ ਸੁਤਸ ਤੁਯੰ ॥ ਮਤਸ ਤੁਯੰ ॥ ਗਤਸ ਤੁਯੰ ॥ ੭੩ ॥

ਹੇ ਪਰਮਾਤਮਾ! ਤੂੰ ਹੀ ਸਭ ਦਾ ਪਿਤਾ ਹੈਂ ਤੇ ਤੂੰ ਹੀ ਪੁੱਤਰ ਹੈਂ, ਤੂੰ ਹੀ ਹਰ ਇਕ ਜੀਵ ਦੀ ਮਾਤਾ ਹੈਂ ਤੇ ਤੂੰ ਹੀ ਸਾਰੀ ਰਚਨਾ ਅਤੇ ਤੂੰ ਹੀ ਖੇਡ ਹੈਂ॥ ੭੩॥

ਨਰਸ ਤੁਯੰ ॥ ਤ੍ਰਿਯਸ ਤੁਯੰ ॥ ਪਿਤਸ ਤੁਯੰ ॥ ਬ੍ਰਿਦਸ ਤੁਯੰ ॥ ੭੪ ॥

ਹੇ ਈਸ਼ਵਰ! ਤੂੰ ਹੀ ਪੁਰਸ਼ ਹੈਂ ਤੇ ਤੂੰ ਹੀ ਇਸਤ੍ਰੀ ਹੈਂ, ਤੂੰ ਪਿਤਾ ਪਿਆਰਾ ਹੈਂ ਤੇ ਤੂੰ ਹੀ ਭਾਈ ਹੈਂ ਅਥਵਾ ਤੂੰ ਹੀ ਧਰਮ ਹੈਂ॥ ੭੪॥

ਹਰਸ ਤੁਯੰ ॥ ਕਰਸ ਤੁਯੰ ॥ ਛਲਸ ਤੁਯੰ ॥ ਬਲਸ ਤੁਯੰ ॥ ੭੫ ॥

ਹੇ ਕਰਤਾ ਪੁਰਖ! ਤੂੰ ਹੀ ਸਭ ਨੂੰ ਮਾਰਨ ਵਾਲਾ ਹੈਂ ਤੇ ਤੂੰ ਹੀ ਸਭ ਦਾ ਕਰਤਾ ਹੈਂ, ਤੂੰ

ਛਲ ਰੂਪ ਹੈਂ ਤੇ ਤੂੰ ਹੀ ਬਲ ਸ਼ਕਤੀ ਹੈਂ॥ ੭੫॥

**ਉਡਸ ਤੁਯੰ॥ ਪ੍ਰਡਸ ਤੁਯੰ॥ ਗੜਸ ਤੁਯੰ॥ ਦਧਸ ਤੁਯੰ॥ ੭੬॥**

ਪਦ ਅਰਥ - ਉਡ=ਤਾਰੇ। ਪ੍ਰਡ=ਅਕਾਸ। ਗੜ=ਪਹਾੜ। ਦਧ=ਸਮੁੰਦਰ।

ਹੇ ਪ੍ਰਭੂ ਤੁਸੀਂ ਹੀ ਤਾਰੇ ਹੋ ਤੇ ਤੂੰ ਹੀ ਅਕਾਸ ਹੈਂ, ਤੂੰ ਪਰਬਤ ਹੈਂ ਤੇ ਤੂੰ ਹੀ ਸਮੁੰਦਰ ਹੈਂ॥ ੭੬॥

**ਰਵਸ ਤੁਯੰ॥ ਛਪਸ ਤੁਯੰ॥ ਗਰਬਸ ਤੁਯੰ॥ ਦਿਰਬਸ ਤੁਯੰ॥ ੭੭॥**

ਹੇ ਕਰਤਾ ਪੁਰਖ! ਤੂੰ ਸੂਰਜ ਹੈਂ ਤੇ ਤੂੰ ਹੀ ਧੁਪ ਹੈਂ, ਤੂੰ ਹੀ ਗਰਬ ਹੰਕਾਰ ਹੈਂ ਤੇ ਤੂੰ ਹੀ ਧਨ ਦੌਲਤ ਹੈਂ॥ ੭੭॥

**ਜੈਅਸ ਤੁਯੰ॥ ਖੈਅਸ ਤੁਯੰ॥ ਪੈਅਸ ਤੁਯੰ॥ ਤ੍ਰੈਅਸ ਤੁਯੰ॥ ੭੮॥**

ਪਦ ਅਰਥ - ਤ੍ਰੈਅਸ=ਇਸਤ੍ਰੀ। ਪੈਅਸ਼=ਪੁਰਸ਼ ਦਾ ਵੀਰਜ।

ਹੇ ਪ੍ਰਭੂ! ਤੂੰ ਹੀ ਫਤਹਿ ਪ੍ਰਾਪਤ ਕਰਨ ਵਾਲਾ ਹੈਂ ਤੇ ਤੂੰ ਹੀ ਨਾਸ ਕਰਨ ਵਾਲਾ ਹੈਂ ਪੁਰਸ਼ ਦਾ ਵੀਰਜ ਵੀ ਤੂੰ ਹੈਂ ਤੇ ਉਸ ਵੀਰਜ ਨੂੰ ਗ੍ਰਹਿਣ ਕਰਨ ਵਾਲੀ ਇਸਤਰੀ ਵੀ ਤੂੰ ਹੈਂ॥ ੭੮॥

## ਨਰਾਜ ਛੰਦ॥

**ਤ੍ਵਪ੍ਰਸਾਦਿ॥ ਚੰਕਤ ਚਾਰ ਚੰਦ੍ਰਕਾ॥ ਸੁਭੰਤ ਰਾਜ ਸੁ ਪ੍ਰਭਾ॥**
**ਦਵੰਤ ਦੁਸ਼ਟ ਮੰਡਲੀ॥ ਸੁਭੰਤ ਰਾਜ ਸੁ ਥਲੀ॥ ੭੯॥**

ਹੇ ਪ੍ਰਭੂ! ਆਪ ਦੀ ਸੁੰਦਰ ਰੋਸ਼ਨੀ ਹੈਰਾਨ ਕਰਨ ਵਾਲੀ ਹੈ, ਆਪ ਜੀ ਰਾਜਸੀ ਪ੍ਰਭਾ ਸੋਭ ਰਹੀ ਹੈ, ਆਪ ਦੀ ਆਭਾ ਸਾਹਮਣੇ ਦੁਸ਼ਟਾਂ ਦੀ ਮੰਡਲੀ ਦਬ ਜਾਂਦੀ ਹੈ। ਆਪ ਦੀ ਰਾਜਧਾਨੀ ਸੁਭਾਇਮਾਨ ਹੋ ਰਹੀ ਹੈ॥ ੭੯॥

**ਚਲੰਤ ਚੰਡ ਮੰਡਕਾ॥ ਅਖੰਡ ਖੰਡ ਦੁਪਲਾ॥**
**ਖਿਵੰਤ ਬਿਜੁ ਜ੍ਵਾਲਕਾ॥ ਅਨੰਤ ਗੱਦਿ ਬਿੱਦਸਾ॥ ੮੦॥**

ਹੇ ਅਕਾਲ ਪੁਰਖ! ਆਪ ਦੇ ਪ੍ਰਕਾਸ਼ ਦਾ ਮੰਡਲ ਹਰ ਪਾਸੇ ਚਲ ਰਿਹਾ ਹੈ, ਜੋ ਕੁਝ ਪਲਾਂ ਵਿਚ ਹੀ ਨਾ ਟੁਕੜੇ ਹੋਣ ਵਾਲੇ ਨੂੰ ਦੋ ਟੁਕੜੇ ਕਰ ਦੇਂਦਾ ਹੈ। ਆਪ ਦੇ ਤੇਜ ਦੀ ਜੁਆਲਾ ਬਿਜਲੀ ਵਾਂਗੂੰ ਚਮਕਦੀ ਹੈ। ਚਾਰੋਂ ਤਰਫ ਆਪ ਦੇ ਅਨੰਦਮਈ ਸ਼ਬਦ ਹੋ ਰਹੇ ਸਨ॥ ੮੦॥

**ਲਸੰਤ ਭਾਵ ਉੱਜਲੰ॥ ਦਲੰਤ ਦੁੱਖ ਦੁੱਦਲੰ॥**
**ਪਵੰਗ ਪਾਤ ਸੋਹੀਯੰ॥ ਸਮੁੰਦ੍ਰ ਬਾਜ ਲੋਹੀਯੰ॥ ੮੧॥**

ਹੇ ਕਰਤਾ ਪੁਰਖ! ਆਪ ਦਾ ਉੱਜਲ ਭਾਵ ਲਿਸ਼ਕਾਂ ਮਾਰਦਾ ਹੈ, ਜੋ ਜਨਮ ਮਰਨ ਦੇ ਦੋ ਭਿਆਨਕ ਦੁਖਾਂ ਨੂੰ ਦਲਣ ਵਾਲਾ ਹੈ। ਆਪ ਦੇ ਸੁੰਦਰ ਘੋੜਿਆਂ ਦੀ ਕਤਾਰ ਸੁਭਾਇਮਾਨ ਹੋ ਰਹੀ ਹੈ, ਜਿਸ ਨੂੰ ਵੇਖਕੇ ਸਮੁੰਦਰ ਵਿਚੋਂ ਨਿੱਕਲਿਆ ਘੋੜਾ ਉਚੈਸ੍ਰਵਾ ਵੀ ਕ੍ਰੋਧਵਾਨ ਹੋ ਰਿਹਾ ਹੈ॥੮੧॥

**ਨਿਨੰਦ ਗੇਦ ਬ੍ਰਿਦਯੰ॥ ਅਖੇਦ ਨਾਦ ਦੁੱਧਰੰ॥**
**ਅਠੱਟ ਬੱਟ ਬੱਟਕੰ॥ ਅਘੱਟ ਨੱਟ ਸੁੱਖਲੰ॥ ੮੨॥**

ਪਦ ਅਰਥ - ਨਿਨੰਦ=ਨਿੰਦਾ ਰਹਿਤ। ਗੇਦ=ਗੇਂਦ। ਬ੍ਰਿਦਯੰ=ਸਾਰੇ। ਦੁੱਧਰੰ=ਦੋਹੀਂ ਪਾਸੀਂ। ਅਘਟ=ਨਾ ਘਟਣ ਵਾਲਾ।

ਹੇ ਕਰਤਾਰ! ਆਪ ਦੇ ਰਚੇ ਗੇਂਦ ਵਾਂਗੂੰ ਗੋਲ ਸਾਰੇ ਬ੍ਰਹਿਮੰਡ ਨਿੰਦਾ ਰਹਿਤ ਹਨ। ਆਪ ਦੇ ਆਨੰਦਮਈ ਸ਼ਬਦ ਦੀ ਧੁਨੀ ਦੋਹਾਂ ਪਾਸਿਆਂ ਵਿਚ ਪੂਰਨ ਹੈ। ਬ੍ਰਹਮੰਡ ਰੂਪ ਗੋਲੀ, ਜੋ ਨਾ ਠਟ ਜਾਣ ਵਾਲੀ ਹੈ, ਉਸ ਨੂੰ ਆਪ ਹੀ ਰਚਦੇ ਹੋ। ਨਾਸ ਰਹਿਤ ਸੁਖ ਨਾਲ ਆਪ ਪਰੀ ਪੂਰਨ ਹੋ॥੮੨॥

**ਅਖੁੱਟ ਤੁੱਟ ਦਿੱਬਕੰ॥ ਅਜੁੱਟ ਛੁੱਟ ਸੁੱਛਕੰ॥**
**ਅਘੁੱਟ ਤੁੱਟ ਆਸਨੰ॥ ਅਲੇਖ ਅਭੇਖ ਅਨਾਸਨੰ॥ ੫॥ ੮੩॥**

ਪਦ ਅਰਥ - ਦਿੱਬਕੰ=ਧਨ। ਸੁੱਛਕੰ=ਸੁਤੰਤਰ। ਅਨਾਸਨੰ=ਭੋਜਨ ਰਹਿਤ।

ਹੇ ਪ੍ਰਭੂ! ਆਪ ਦਾ ਧਨ ਅਖੁਟ ਨਾ ਘਟਣ ਵਾਲਾ ਤੇ ਅਮੁਕ ਹੈ। ਆਪ ਦਾ ਰੂਪ ਨਾ ਜੁੜਨ ਵਾਲਾ ਤੇ ਆਜ਼ਾਦ ਹੈ। ਆਪ ਦਾ ਅਸਥਾਨ ਟਿਕਾਣਾ ਨਾ ਘਟਣ ਵਾਲਾ ਤੇ ਅਟੁੱਟ ਹੈ। ਆਪ ਦਾ ਸਰੂਪ ਲੇਖੇ ਰਹਿਤ, ਭੇਖ ਰਹਿਤ ਤੇ ਨਾਸ ਰਹਿਤ ਹੈ॥੮੩॥

**ਸੁਭੰਤ ਦੰਤ ਪਦੁਕੰ॥ ਜਲੰਤ ਸਾਮ ਸੁਘਟੰ॥**
**ਸੁਭੰਤ ਛੁਦ੍ਰ ਘੰਟਕਾ॥ ਜਲੰਤ ਭਾਰ ਕੱਛਟਾ॥ ੮੪॥**

ਹੇ ਪਰਮ ਪੁਰਖ ਆਪ ਦੇ ਸੁੰਦਰ ਦੰਦਾਂ ਦੀ ਪੰਗਤੀ ਸੋਭਦੀ ਹੈ। ਆਪ ਦੇ ਸੁੰਦਰ ਰੂਪ ਨੂੰ ਵੇਖਕੇ ਕਾਲੀਆਂ ਘਟਾਂ ਵੀ ਲੱਜਾ ਨਾਲ ਸੜਦੀਆਂ ਸਨ । ਆਪ ਦੀ ਤੜਾਗੀ ਨਾਲ ਲਗੀਆਂ ਛੋਟੀਆਂ ਘੁੰਘਰੀਆਂ ਸੋਭ ਰਹੀਆਂ ਹਨ । ਆਪ ਦੇ ਪ੍ਰਕਾਸ਼ ਸਾਹਮਣੇ ਸੂਰਜ ਦਾ ਤੇਜ ਵੀ ਲਜਾਵਾਨ ਹੋ ਰਿਹਾ ਹੈ ਭਾਵ ਸੂਰਜ ਆਪਣੇ ਪ੍ਰਕਾਸ਼ ਨੂੰ ਫਿਕਾ ਪ੍ਰਤੀਤ ਕਰ ਰਿਹਾ ਹੈ॥੮੪॥

**ਸਿਰੀਸੁ ਸੀਸ ਸੁੱਭੀਯੰ॥ ਘਟਾਕ ਬਾਨ ਉੱਭੀਯੰ॥**
**ਸੁਭੰਤ ਸੀਸ ਸਿਧਰੰ॥ ਜਲੰਤ ਸਿੱਧਰੀ ਨਰੰ॥ ੮੫॥**

ਪਦ ਅਰਥ - ਸਿਰੀਸੁ=ਕਲਗੀ। ਬਾਨ=ਇੰਦ੍ਰ ਧਨੁਸ਼। ਸਿਧਰ=ਮੁਕਟ। ਸਿੱਧਰੀ ਨਰੰ=ਚੰਦ੍ਰਮਾਂ।

ਹੇ ਪਰਮਾਤਮਾ! ਆਪ ਦੇ ਸੀਸ ਤੇ ਲਗੀ ਕਲਗੀ ਇਸ ਤਰ੍ਹਾਂ ਸ਼ੋਭ ਰਹੀ ਹੈ, ਜਿਸ ਤਰ੍ਹਾਂ

ਕਾਲੀਆਂ ਘਟਾਂ ਵਿਚ ਇੰਦਰ ਧਨੁਸ਼ ਪ੍ਰਗਟ ਹੋ ਰਿਹਾ ਹੋਵੇ। ਆਪ ਦੇ ਸਿਰ ਤੇ ਮੁਕਟ ਸੋਭ ਰਿਹਾ ਹੈ, ਜਿਸ ਨੂੰ ਵੇਖ ਕੇ ਚੰਦ੍ਰਮਾਂ ਵੀ ਸ਼ਰਮਿੰਦਾ ਹੋ ਰਿਹਾ ਹੈ॥ ੯੫॥

**ਚਲੰਤ ਦੰਤ ਪੱਤਕੰ॥ ਭਜੰਤ ਦੇਖਿ ਦੂ ਦਲੰ॥**
**ਤਜੰਤ ਸ਼ਸਤ੍ਰ ਅਸਤ੍ਰਕੰ॥ ਚਲੰਤ ਚੱਕ੍ਰ ਚਉਦਿਸੰ॥ ੯੬॥**

ਹੇ ਕਰਤਾਰ! ਜਦੋਂ ਤੁਸੀਂ ਸ਼ਸ਼ਤ੍ਰ ਚਲਾਉਂਦੇ ਹੋ, ਉਦੋਂ ਦੈਂਤਾਂ ਦੀਆਂ ਕਤਾਰਾਂ ਦਲੀਆਂ ਜਾਂਦੀਆਂ ਹਨ ਤੇ ਦੋਵੇਂ ਦਲ ਭੱਜ ਜਾਂਦੇ ਹਨ। ਆਪ ਦੇ ਹੁਕਮ ਦਾ ਚੱਕਰ ਚੌਹਾਂ ਦਿਸ਼ਾਂ ਵਿਚ ਚਲ ਰਿਹਾ ਹੈ॥ ੯੬॥

**ਅਗੰਮ ਤੇਜ ਸੋਭੀਯੰ॥ ਰਿਖੀਸ਼ ਈਸ ਲੋਭੀਯੰ॥**
**ਅਨੇਕ ਬਾਰ ਧਿਆਵਹੀ॥ ਨ ਤਤ੍ਰ ਪਾਰ ਪਾਵਹੀ॥ ੯੭॥**

ਹੇ ਅਕਾਲ ਪੁਰਖ! ਆਪ ਦਾ ਅਗੰਮ ਤੇਜ ਪ੍ਰਕਾਸ਼ ਹਰ ਪਾਸੇ ਸੋਭ ਰਿਹਾ ਹੈ। ਰਿਖੀ ਮੁਨੀ ਤੇ ਸ਼ਿਵ ਜੀ ਆਪ ਦੇ ਦਰਸ਼ਨਾਂ ਲਈ ਲਲਚਾ ਰਹੇ ਸਨ। ਉਹ ਆਪ ਦੇ ਨਾਮ ਨੂੰ ਅਨੇਕ ਵਾਰੀ ਸਿਮਰਦੇ ਹਨ, ਪਰ ਉਹ ਫਿਰ ਵੀ ਆਪ ਦਾ ਅੰਤ ਨਹੀਂ ਪਾ ਸਕੇ॥ ੯੭॥

**ਅਧੋ ਸੁ ਧੂਮ ਧੂਮ ਹੀ॥ ਅਘੂਰ ਨੇਤ੍ਰ ਘੂਮ ਹੀ॥**
**ਸੁ ਪੰਚ ਅਗਨ ਸਾਧੀਯੰ॥ ਨ ਤਾਮ ਪਾਰ ਲਾਧੀਯੰ॥ ੯੮॥**

ਅਨੇਕਾਂ ਤਪੱਸਵੀ ਮੂਧੇ ਮੂੰਹ ਹੋ ਕੇ ਧੂਣੀਆਂ ਤਪਦੇ ਹਨ, ਅਨੇਕਾਂ ਅਚਲ ਨੇਤ੍ਰ ਕਰਕੇ ਘੁੰਮਦੇ ਫਿਰਦੇ ਹਨ, ਬਹੁਤ ਤਪੀ ਪੰਜ ਅਗਨੀਆਂ ਦਾ ਤਪ ਕਰ ਰਹੇ ਹਨ, ਪਰ ਹੇ ਪ੍ਰਭੂ! ਇਹ ਆਪ ਦਾ ਅੰਤ ਤਦ ਵੀ ਨਹੀਂ ਲਭ ਸਕੇ॥ ੯੮॥

**ਨਿਵਲ ਆਦਿ ਕਰਮਣੰ॥ ਅਨੰਤ ਦਾਨ ਧਰਮਣੰ॥**
**ਅਨੰਤ ਤੀਰਥ ਬਾਸਨੰ॥ ਨ ਏਕ ਨਾਮ ਕੇ ਸਮੰ॥ ੯੯॥**

ਭਾਵੇਂ ਕੋਈ ਕਿੰਨੇ ਨਿਉਲੀ ਆਦਿ ਯੋਗੀਆਂ ਵਾਲੇ ਕਰਮ ਕਰਦਾ ਫਿਰੇ, ਭਾਵੇਂ ਅਨੇਕਾਂ ਦਾਨ ਆਦਿਕ ਧਰਮ ਦੇ ਕੰਮ ਕਰੇ ਤੇ ਭਾਵੇਂ ਅਨੇਕਾਂ ਤੀਰਥਾਂ ਤੇ ਜਾ ਕੇ ਨਿਵਾਸ ਕਰੇ, ਇਹ ਸਾਰੇ ਕਰਮ ਇਕ ਪ੍ਰਭੂ ਦੇ ਨਾਮ ਦੇ ਸਮਾਨ ਨਹੀਂ ਹਨ॥ ੯੯॥

**ਅਨੰਤ ਜੱਗਯ ਕਰਮਣੰ॥ ਗਜਾਦਿ ਆਦਿ ਧਰਮਣੰ॥**
**ਅਨੇਕ ਦੇਸ ਭਰਮਣੰ॥ ਨ ਏਕ ਨਾਮ ਕੇ ਸਮੰ॥ ੯੦॥**

ਭਾਵੇਂ ਕੋਈ ਪੁਰਸ਼ ਅਨੇਕਾਂ ਯੱਗ ਆਦਿ ਕਰੇ, ਭਾਵੇਂ ਕੋਈ ਹਾਥੀ ਘੋੜੇ ਤੇ ਹੋਰ ਅਨੇਕਾਂ ਵਸਤੂਆਂ ਦਾਨ ਕਰਨ ਦਾ ਧਰਮ ਕਰੇ, ਭਾਵੇਂ ਕੋਈ ਮੁਸਾਫਰ ਬਣਕੇ ਅਨੇਕਾਂ ਦੇਸ਼ਾਂ ਦੇਸ਼ਾਂਤਰਾਂ ਵਿਚ ਭੌਂਦਾ

ਫਿਰੇ, ਇਹ ਸਾਰੇ ਕਰਮ ਇਕ ਪ੍ਰਭੂ ਦੇ ਨਾਮ ਦੇ ਸਮਾਨ ਨਹੀਂ ਹਨ॥ ੯੦॥

**ਇਕੰਤ ਕੂੰਟ ਬਾਸਨੰ॥ ਭ੍ਰਮੰਤ ਕੋਟਕੰ ਬਨੰ॥**
**ਉਚਾਟ ਨਾਦ ਕਰਮਣੰ॥ ਅਨੇਕ ਉਦਾਸ ਭਰਮਣੰ॥ ੯੧॥**

ਭਾਵੇਂ ਕੋਈ ਤਪੀਆ ਇਕਾਂਤ ਗੁਫਾ ਵਿਚ ਨਿਵਾਸ ਕਰੇ, ਭਾਵੇਂ ਕੋਈ ਕਰੋੜਾਂ ਵਣਾਂ ਤੇ ਜੰਗਲਾਂ ਵਿਚ ਭੌਂਦਾ ਫਿਰੇ, ਭਾਵੇਂ ਕੋਈ ਦੁਨੀਆਂ ਤੋਂ ਉਚਾਟ ਹੋਣ ਦੇ ਸਾਧਨ ਕਰਦਾ ਫਿਰੇ ਤੇ ਭਾਵੇਂ ਕੋਈ ਉਦਾਸੀ ਬਣਕੇ ਅਨੇਕ ਥਾਵਾਂ ਤੇ ਭਰਮਦਾ ਫਿਰੇ॥ ੯੧॥

**ਅਨੇਕ ਭੇਖ ਆਸਨੰ॥ ਕਰੋਰ ਕੋਟਕੰ ਬ੍ਰਤੰ॥**
**ਦਿਸਾ ਦਿਸਾ ਭ੍ਰਮੇਸਨੰ॥ ਅਨੇਕ ਭੇਖ ਪੇਖਨੰ॥ ੯੨॥**

ਭਾਵੇਂ ਕੋਈ ਅਨੇਕਾਂ ਯੋਗੀਆਂ ਵਾਲੇ ਭੇਖ ਬਣਾਕੇ ਆਸਣ ਲਾਉਂਦਾ ਫਿਰੇ, ਭਾਵੇਂ ਕੋਈ ਕਰੋੜਾਂ ਵਰਤ ਰੱਖਦਾ ਫਿਰੇ, ਭਾਵੇ ਕੋਈ ਦਸਾਂ ਦਿਸ਼ਾਂ ਵਿਚ ਭੌਂਦਾ ਫਿਰੇ ਤੇ ਭਾਵੇਂ ਕੋਈ ਅਨੇਕਾਂ ਭੇਖਾਂ ਨੂੰ ਵੇਖਦਾ ਫਿਰੇ ਤੇ ਉਹਨਾਂ ਦੇ ਧਰਮ ਗ੍ਰੰਥ ਪੜ੍ਹਦਾ ਫਿਰੇ॥ ੯੨॥

**ਕਰੋਰ ਕੋਟ ਦਾਨਕੰ॥ ਅਨੇਕ ਜਗਜ ਕ੍ਰਤੱਬਜੰ॥**
**ਸਨਜਾਸ ਆਦਿ ਧਰਮਣੰ॥ ਉਦਾਸ ਨਾਮ ਕਰਮਣੰ॥ ੯੩॥**

ਭਾਵੇਂ ਕੋਈ ਕਰੋੜਾਂ ਵਸਤੂਆਂ ਦਾਨ ਕਰੇ, ਭਾਵੇਂ ਅਨੇਕਾਂ ਯੱਗ ਆਦਿ ਕਰਮ ਕਰੇ, ਭਾਵੇ ਕੋਈ ਸੰਨਿਆਸ ਆਦਿ ਧਰਮ ਧਾਰਨ ਕਰੇ ਤੇ ਭਾਵੇਂ ਕੋਈ ਉਦਾਸੀਆਂ ਵਾਲੇ ਕਰਮ ਕਰੇ॥ ੯੩॥

**ਅਨੇਕ ਪਾਠ ਪਾਠਨੰ॥ ਅਨੰਤ ਠਾਟ ਠਾਟਨੰ॥**
**ਨ ਏਕ ਨਾਮ ਕੇ ਸਮੰ॥ ਸਮੱਸਤ ਸ੍ਰਿਸ਼ਟ ਕੇ ਭ੍ਰਮੰ॥ ੯੪॥**

ਭਾਵੇਂ ਕੋਈ ਅਨੇਕਾਂ ਪਾਠ ਪੜ੍ਹੇ, ਭਾਵੇ ਕੋਈ ਅਨੇਕਾਂ ਠਾਠ ਬਣਾਉਂਦਾ ਫਿਰੇ, ਇਹ ਸਾਰੇ ਉਪਰ ਕਥਨ ਕੀਤੇ ਕਰਮ ਇਕ ਪ੍ਰਭੂ ਦੇ ਨਾਮ ਦੇ ਸਮਾਨ ਨਹੀਂ ਭਾਵੇਂ ਸਾਰੇ ਸੰਸਾਰ ਵਿਚ ਫਿਰਕੇ ਵੇਖ ਲਵੇ॥ ੯੪॥

**ਜਗਾਦਿ ਆਦਿ ਧਰਮਣੰ॥ ਬੈਰਾਗ ਆਦਿ ਕਰਮਣੰ॥**
**ਦਯਾਦਿ ਆਦਿ ਕਾਮਣੰ॥ ਅਨਾਦ ਸੰਜਮੰ ਬ੍ਰਿਦੰ॥ ੯੫॥**

ਭਾਵੇਂ ਕੋਈ ਯੱਗ ਆਦਿ ਧਰਮ ਦੇ ਕੰਮ ਕਰੇ, ਭਾਵੇ ਕੋਈ ਵੈਰਾਗ ਧਾਰਨ ਕਰਕੇ ਵੈਰਾਗੀਆਂ ਵਾਲੇ ਕਰਮ ਕਰੇ, ਭਾਵੇਂ ਕੋਈ ਦਇਆ ਧਰਮ ਤੇ ਟੂਣੇ ਆਦਿ ਕਰਮ ਕਰੇ, ਭਾਵੇਂ ਕੋਈ ਅੰਨ ਆਦਿ ਦਾ ਸੰਜਮ ਰਖ ਕੇ ਵਰਤ ਆਦਿ ਰਖੇ॥ ੯੫॥

**ਅਨੇਕ ਦੇਸ ਭ੍ਰਮਣੰ ॥ ਕਰੋਰ ਦਾਨ ਸੰਜਮੰ ॥**
**ਅਨੇਕ ਗੀਤ ਗਿਜਾਨਨੰ ॥ ਅਨੰਤ ਗਜਾਨ ਧਜਾਨਨੰ ॥ ੯੬ ॥**

ਭਾਵੇਂ ਕੋਈ ਅਨੇਕਾਂ ਦੇਸਾਂ ਦਾ ਭ੍ਰਮਣ ਕਰਦਾ ਫਿਰੇ, ਭਾਵੇ ਕੋਈ ਕਰੋੜਾਂ ਪਦਾਰਥਾਂ ਦਾ ਦਾਨ ਕਰੇ ਤੇ ਸੰਜਮ ਆਦਿ ਧਾਰਨ ਕਰੇ, ਭਾਵੇਂ ਕੋਈ ਗੀਤਾ ਵਰਗੇ ਅਨੇਕ ਧਰਮ ਸ਼ਾਸਤ੍ਰਾਂ ਦਾ ਗਿਆਨ ਪ੍ਰਾਪਤ ਕਰ ਲਵੇ ਤੇ ਭਾਵੇਂ ਕੋਈ ਅਨੇਕ ਤਰ੍ਹਾਂ ਦੇ ਗਿਆਨਾਂ ਤੇ ਧਿਆਨਾਂ ਦਾ ਜਾਣੂ ਹੋਵੇ॥ ੯੬॥

**ਅਨੰਤ ਗਜਾਨ ਸੁੱਤਮੰ ॥ ਅਨੇਕ ਕ੍ਰਿਤ ਸੁ ਬ੍ਰਿਤੰ ॥**
**ਬਿਆਸ ਨਾਰਦ ਆਦਕੰ ॥ ਸੁ ਬ੍ਰਹਮੁ ਮਰਮ ਨਹਿ ਲਹੰ ॥ ੯੭ ॥**

ਭਾਵੇਂ ਕੋਈ ਅਨੇਕ ਤਰ੍ਹਾਂ ਦੇ ਗਿਆਨ ਪ੍ਰਾਪਤ ਕਰਕੇ ਉਤਮ ਪੁਰਸ਼ ਬਣੇ, ਭਾਵੇਂ ਕੋਈ ਅਨੇਕਾਂ ਸ਼ੁਭ ਕਰਮਾਂ ਵਿਚ ਆਪਣੀ ਬਿਰਤੀ ਨੂੰ ਪ੍ਰਵਿਰਤ ਰਖੇ, ਵੇਦ ਵਿਆਸ ਤੇ ਨਾਰਦ ਮੁਨੀ ਆਦਿ ਸਰੇਸ਼ਟ ਪੁਰਸ਼ ਵੀ ਉਸ ਬ੍ਰਹਮ ਦੇ ਭੇਦ ਨੂੰ ਨਹੀਂ ਜਾਣ ਸਕੇ॥ ੯੭॥

**ਕਰੋਰ ਜੰਤ੍ਰ ਮੰਤ੍ਰਣੰ ॥ ਅਨੰਤ ਤੰਤ੍ਰਣੰ ਬਣੰ ॥**
**ਬਸੇਖ ਬਜਾਸ ਨਾਸਨੰ ॥ ਅਨੰਤ ਨਜਾਸ ਪ੍ਰਾਸਨੰ ॥ ੯੮ ॥**

ਪਦ ਅਰਥ - ਬਜਾਸਨਾਸਨੰ=ਬਿਆਸ ਦੀ ਗੱਦੀ ਤੇ ਬੈਠਣਾ। ਨਯਾਸ=ਤਿਆਗ। ਪ੍ਰਸੰਨ=ਭੋਜਨ।

ਭਾਵੇਂ ਕੋਈ ਕਰੋੜਾਂ ਜੰਤ੍ਰ ਲਿਖੇ ਤੇ ਕਰੋੜਾਂ ਮੰਤਰਾਂ ਦਾ ਜਾਪ ਕਰੇ, ਭਾਵੇਂ ਕੋਈ ਅਨੇਕਾਂ ਤੰਤ੍ਰ ਬਣਾਵੇ। ਭਾਵੇਂ ਕੋਈ ਵਿਸ਼ੇਸ਼ ਕਰਕੇ ਵੇਦ ਵਿਆਸ ਦੀ ਗੱਦੀ ਤੇ ਬੈਠ ਜਾਵੇ ਤੇ ਭਾਵੇਂ ਕੋਈ ਅਨੇਕ ਤਰ੍ਹਾਂ ਦੇ ਭੋਜਨ ਦਾ ਤਿਆਗ ਕਰੇ॥ ੯੮॥

**ਜਪੰਤ ਦੇਵ ਦੈਤਨੰ ॥ ਥਪੰਤ ਜਛ ਗੰਧ੍ਰਬੰ ॥**
**ਬਦੰਤ ਬਿੱਦਣੋ ਧਰੰ ॥ ਗਣਤ ਸੇਸ ਉਰਗਣੰ ॥ ੯੯ ॥**

ਉਸ ਪ੍ਰਭੂ ਨੂੰ ਦੇਵਤੇ ਤੇ ਦੈਂਤ ਜਪਦੇ ਹਨ। ਜੱਛ ਤੇ ਗੰਧਰਬ ਉਸਦੀ ਪੂਜਾ ਕਰਦੇ ਹਨ। ਵਿਦਿਆਧਰ ਉਸ ਅਕਾਲ ਪੁਰਖ ਦਾ ਜਸ ਗਾਉਂਦੇ ਹਨ। ਸ਼ੇਸ਼ਨਾਗ ਆਦਿਕ ਉਸ ਪ੍ਰਭੂ ਦੇ ਨਾਂ ਦਾ ਸਿਮਰਨ ਕਰਦੇ ਹਨ॥੯੯॥

**ਜਪੰਤ ਪਾਰਵਾਰਯੰ ॥ ਸਮੁੰਦ੍ਰ ਸਪਤ ਧਾਰਯੰ ॥**
**ਜਣੰਤ ਚਾਰ ਚੱਕ੍ਰਣੰ ॥ ਧ੍ਰਮੰਸ ਚੱਕ੍ਰ ਬੱਕ੍ਰਣੰ ॥ ੧੦੦ ॥**

ਉਹ ਪਰਮੇਸ਼ਰ ਨੂੰ ਪਾਰ ਉਰਾਰ ਦੇ ਜੀਵ ਜਪਦੇ ਸਨ । ਉਸਨੇ ਸਤਾਂ ਸਮੁੰਦਰਾਂ ਨੂੰ ਰਚਿਆ ਹੈ। ਉਸ ਨੂੰ ਚੋਹਾਂ ਚਕਾਂ ਵਿਚ ਜਾਣਿਆ ਜਾਂਦਾ ਹੈ। ਉਸ ਨੇ ਟੇਢੇ ਚੱਕਰਾਂ ਨੂੰ ਧਾਰਿਆ ਹੋਇਆ ਹੈ ॥੧੦੦॥

**ਜਪੰਤ ਪੰਨਗੰਨਕੰ॥ ਬਰੰਨਰੰ ਬਨਸਪਤੰ॥**
**ਅਕਾਸ ਉਰਬੀਅੰ ਜਲੰ॥ ਜਪੰਤ ਜੀਵ ਜਲ ਥਲੰ॥੧੦੧॥**

ਉਸ ਪ੍ਰਭੂ ਨੂੰ ਸੱਪ ਤੇ ਤੰਦੂਏ ਆਦਿ ਜਪਦੇ ਹਨ। ਸਾਰੀ ਬਨਾਸਪਤੀ ਉਸ ਪਰਮਾਤਮਾ ਨੂੰ ਵਰਣਨ ਕਰਦੀ ਹੈ। ਅਕਾਸ਼, ਧਰਤੀ, ਪਤਾਲ ਤੇ ਜਲਾਂ ਥਲਾਂ ਦੇ ਜੀਵ ਉਸ ਨੂੰ ਜਪਦੇ ਹਨ॥੧੦੧॥

**ਸੁ ਕੋਟ ਚਕ੍ਰ ਬੱਕਤ੍ਰਣੰ॥ ਬਦੰਤ ਬੇਦ ਚਤ੍ਰਕੰ॥**
**ਅਸੰਭ ਅਸੰਭ ਮਾਨੀਐ॥ ਕਰੋਰ ਬਿਸ਼ਨ ਠਾਨੀਐ॥੧੦੨॥**

ਪਦ ਅਰਥ - ਚਕ੍ਰ ਬੱਕਤ੍ਰਣੰ=ਚਾਰ ਮੂੰਹਾਂ ਵਾਲਾ, ਬ੍ਰਹਮਾ। ਅਸੰਭ=ਸ਼ਿਵ ਜੀ। ਅਸੰਭ=ਅਸਚਰਜ ਰੂਪ।

ਕਰੋੜਾਂ ਚਾਰ ਮੂੰਹ ਵਾਲੇ ਬ੍ਰਹਮਾ ਚੋਹਾਂ ਵੇਦਾਂ ਦਾ ਉਚਾਰਨ ਕਰਦੇ ਹਨ। ਕ੍ਰੋੜਾਂ ਸ਼ਿਵ ਜੀ ਉਸ ਅਸਚਰਜ ਰੂਪ ਪਰਮੇਸ਼ਰ ਨੂੰ ਮੰਨਦੇ ਹਨ। ਕਰੋੜਾਂ ਵਿਸ਼ਨੂੰ ਉਸ ਅਕਾਲ ਪੁਰਖ ਨੂੰ ਪੂਜਦੇ ਹਨ॥੧੦੨॥

**ਅਨੰਤ ਸੁਰਸੁਤੀ ਸਤੀ॥ ਬਦੰਤ ਕ੍ਰਿਤ ਈਸੁਰੀ॥**
**ਅਨੰਤ ਅਨੰਤ ਭਾਖੀਐ॥ ਅਨੰਤ ਅਨੰਤ ਲਾਖੀਐ॥੧੦੩॥**

ਪਦ ਅਰਥ - ਸੁਰਸਤੀ=ਬ੍ਰਹਮਾ ਦੀ ਇਸਤਰੀ, ਵਿਦਿਆ ਦੀ ਦੇਵੀ। ਸਤੀ=ਸ਼ਿਵ ਜੀ ਦੀ ਇਸਤਰੀ। ਕ੍ਰਿਤ=ਕੀਰਤੀ। ਈਸੁਰੀ=ਲਛਮੀ। ਅਨੰਤ=ਸ਼ੇਸ਼ਨਾਗ।

ਉਸ ਪਰਮਾਤਮਾ ਦੀ ਸੁਰਸਤੀ, ਸੱਤੀ ਤੇ ਲਛਮੀ ਕੀਰਤੀ ਭਾਵ ਜਸ ਕਰਦੀਆਂ ਹਨ। ਸ਼ੇਸ਼ਨਾਗ ਉਸ ਪ੍ਰਭੂ ਨੂੰ ਬੇਅੰਤ ਬੇਅੰਤ ਕਹਿ ਕੇ ਸਿਮਰਦਾ ਹੈ। ਉਸ ਨੂੰ ਬੇਅੰਤ ਬੇਅੰਤ ਕਰਕੇ ਜਾਣਿਆਂ ਜਾਂਦਾ ਹੈ ॥੧੦੩॥

## *ਬ੍ਰਿਧ ਨਰਾਜ ਛੰਦ॥*

**ਅਨਾਦਿ ਅਗਾਧਿ ਬਿਆਧਿ ਆਦਿ ਅਨਾਦਿ ਕੋ ਮਨਾਈਐ॥**
**ਅਗੰਜ ਅਭੰਜ ਅਰੰਜ ਅਗੰਜ ਗੰਜ ਕਉ ਧਿਆਈਐ॥**
**ਅਲੇਖ ਅਭੇਖ ਅਦ੍ਵੈਖ ਅਰੇਖ ਅਸੇਖ ਕੋ ਪਛਾਨੀਐ॥**
**ਨ ਭੂਲ ਜੰਤ੍ਰ ਤੰਤ੍ਰ ਮੰਤ੍ਰ ਭਰਮ ਭੇਖ ਠਾਨੀਐ॥੧੦੪॥**

ਪਦ ਅਰਥ - ਅਨਾਦਿ=ਮੁਢ ਤੋਂ ਬਿਨਾਂ। ਬਿਆਧਿ ਆਦਿ=ਰੋਗਾਂ ਦਾ ਮੂਲ ਕਾਰਨ।

ਜਿਹੜਾ ਪ੍ਰਭੂ ਮੁੱਢ ਤੋਂ ਬਿਨਾਂ, ਅਥਾਹ ਤੇ ਰੋਗਾਂ ਦਾ ਮੂਲ ਕਾਰਨ ਤੇ ਆਦਿ ਬਿਨਾਂ ਹੈ, ਉਸ ਨੂੰ ਧਿਆਉਣਾ ਚਾਹੀਦਾ ਹੈ। ਜਿਹੜਾ ਪਰਮਾਤਮਾ ਦੁਖਾਂ ਤੋਂ ਰਹਿਤ, ਨਾ ਟੁੱਟਣ ਵਾਲਾ, ਰੰਜ

ਰਹਿਤ ਭਾਵ ਅਨੰਦ ਸਰੂਪ ਤੇ ਅਖੁਟ ਖਜ਼ਾਨਾ ਹੈ, ਉਸ ਦਾ ਧਿਆਨ ਕਰਨਾ ਚਾਹੀਦਾ ਹੈ। ਜਿਹੜਾ ਅਕਾਲ ਪੁਰਖ ਕਿਸੇ ਲੇਖੇਂ ਵਿਚ ਨਹੀਂ ਆਉਂਦਾ, ਜਿਸ ਦਾ ਕੋਈ ਖਾਸ ਭੇਖ ਪਹਿਰਾਵਾ ਨਹੀਂ, ਜੋ ਦਵੈਸ਼ ਰਹਿਤ, ਰੇਖ ਰਹਿਤ ਤੇ ਸੰਪੂਰਣ ਹੈ, ਉਸ ਨੂੰ ਸਭ ਵਿਚ ਵਿਆਪਕ ਕਰਕੇ ਪਛਾਨਣਾ ਚਾਹੀਦਾ ਹੈ। ਉਸ ਪ੍ਰਭੂ ਨੂੰ ਭੁਲਕੇ ਵੀ ਕਿਸੇ ਜੰਤ੍ਰ, ਤੰਤ੍ਰ ਜਾਂ ਮੰਤਰ ਦੇ ਭਰਮ ਭੁਲੇਖੇ ਵਿਚ ਨਹੀਂ ਲਭਣਾ ਚਾਹੀਦਾ॥ ੧੦੪॥

**ਕ੍ਰਿਪਾਲ ਲਾਲ ਅਕਾਲ ਅਪਾਲ ਦਇਆਲ ਕੋ ਉਚਾਰੀਐ॥**
**ਅਧਰਮ ਕਰਮ ਧਰਮ ਭਰਮ ਕਰਮ ਮੈ ਬਿਚਾਰੀਐ॥**
**ਅਨੰਤ ਦਾਨ ਧਜਾਨ ਗਜਾਨ ਧਜਾਨਵਾਨ ਪੇਖੀਐ॥**
**ਅਧਰਮ ਕਰਮ ਕੇ ਬਿਨਾ ਸੁ ਧਰਮ ਕਰਮ ਲੇਖੀਐ॥ ੧੦੫॥**

ਅਰਥ - ਜਿਹੜਾ ਪ੍ਰਮੇਸ਼ਰ ਕ੍ਰਿਪਾਲੂ ਸਭ ਦਾ ਪਿਆਰਾ, ਕਾਲ ਰਹਿਤ ਤੇ ਕਿਸੇ ਦੀ ਪਾਲਣਾ ਤੋਂ ਬਿਨਾਂ ਹੈ, ਉਸ ਦਿਆਲੂ ਦਾ ਸਿਮਰਨ ਕਰਨਾ ਚਾਹੀਦਾ ਹੈ। ਅਧਰਮ ਦੇ ਕਰਮਾਂ, ਧਰਮਾਂ, ਭਰਮਾਂ ਤੇ ਨਿਸ਼ਕਮ ਕਰਮਾਂ ਵਿਚ ਵੀ ਉਸ ਨੂੰ ਵਿਚਾਰਨਾ ਚਾਹੀਦਾ ਹੈ। ਅਨੇਕ ਤਰ੍ਹਾਂ ਦੇ ਦਾਨਾਂ, ਧਿਆਨਾਂ, ਗਿਆਨ ਤੇ ਧਿਆਨਵਾਨਾਂ ਵਿਚ ਉਸ ਪ੍ਰਭੂ ਨੂੰ ਵੇਖਣਾ ਚਾਹੀਦਾ ਹੈ। ਅਧਰਮ ਦੇ ਕਰਮਾਂ ਤੋਂ ਰਹਿਤ ਹੋ ਕੇ, ਧਰਮ ਦੇ ਸ਼ੁਭ ਕਰਮਾਂ ਤੋਂ ਰਹਿਤ ਹੋ ਕੇ ਧਰਮ ਦੇ ਸ਼ੁਭ ਕਰਮਾਂ ਦਾ ਲੇਖਾ ਕਰਨਾ ਚਾਹੀਦਾ ਹੈ॥ ੧੦੫॥

**ਬ੍ਰਤਾਦਿ ਦਾਨ ਸੰਜਮਾਦਿ ਤੀਰਥ ਦੇਵ ਕਰਮਣੰ॥**
**ਹੈਆਦਿ ਕੁੰਜਮੇਦ ਰਾਜਸੂ ਬਿਨਾ ਨ ਭਰਮਣੰ॥**
**ਨਿਵਲ ਆਦਿ ਕਰਮ ਭੇਖ ਅਨੇਕ ਭੇਖ ਮਾਨੀਐ॥**
**ਅਦੇਖ ਭੇਖ ਕੇ ਬਿਨਾ ਸੁ ਕਰਮ ਭਰਮ ਜਾਨੀਐ॥ ੧੦੬॥**

ਪਦ ਅਰਥ - ਹੈ ਆਦਿ=ਅਸ੍ਵਮੇਧ ਯੱਗ। ਕੁੰਜਮੇਦ=ਕੁੰਜਰ ਮੇਧ ਯੱਗ। ਰਾਜਸੂ=ਰਾਜਸੂ ਯੱਗ।

ਬ੍ਰਤ ਆਦਿ ਕਰਮ ਕਰਨੇ, ਦਾਨ ਕਰਨੇ, ਸੰਜਮ, ਤੀਰਥਾਂ ਦੇ ਇਸ਼ਨਾਨ ਤੇ ਦੇਵਤਿਆਂ ਦੀ ਪੂਜਾ ਆਦਿ ਕਰਮ ਕਰਨੇ ਅਸ੍ਵਮੇਧ, ਹਾਥੀ ਮੇਧ ਤੇ ਰਾਜਸੂ ਯੱਗ ਕਰਨੇ, ਯੋਗ ਮਤ ਦੇ ਦਸੇ ਨਿਉਲੀ ਆਦਿ ਧਰਮ ਤੇ ਅਨੇਕਾਂ ਧਰਮਾਂ ਦੇ ਭੇਖਾਂ ਨੂੰ ਮੰਨਣਾ; ਇਹ ਸਾਰੇ ਕਰਮ ਉਸ ਅਦ੍ਰਿਸ਼ ਤੇ ਭੇਖ ਰਹਿਤ ਪਰਮਾਤਮਾ ਦੇ ਸਿਮਰਨ ਤੋਂ ਬਿਨ੍ਹਾਂ ਭਰਮ ਰੂਪ ਕਰਕੇ ਜਾਣੋਂ॥ ੧੧੬॥

**ਅਜਾਤ ਪਾਤ ਅਮਾਤ ਤਾਤ ਅਜਾਤਿ ਸਿੱਧ ਹੈ ਸਦਾ॥**
**ਅਸਤ੍ਰ ਮਿਤ੍ਰ ਪੁਤ੍ਰ ਪਉਤ੍ਰ ਜਤ੍ਰ ਤਤ੍ਰ ਸਰਬਦਾ॥**

**ਅਖੰਡ ਮੰਡ ਚੰਡ ਉਦੰਡ ਅਖੰਡ ਖੰਡੁ ਭਾਖੀਐ॥**
**ਨ ਰੂਪ ਰੰਗ ਰੇਖ ਅਲੇਖ ਭੇਖ ਮੈ ਨ ਰਾਖੀਐ॥੧੦੭॥**

ਉਸ ਅਕਾਲ ਪੁਰਖ ਦੀ ਕੋਈ ਜਾਤ ਨਹੀਂ, ਕੋਈ ਕੁਲ ਨਹੀਂ, ਕੋਈ ਮਾਤਾ ਨਹੀਂ ਤੇ ਨਾ ਹੀ ਕੋਈ ਪਿਤਾ ਹੈ। ਉਹ ਜਨਮ ਤੋਂ ਬਿਨ੍ਹਾਂ ਤੇ ਸੱਦਾ ਸਿੱਧ ਹੈ। ਉਸ ਦਾ ਕੋਈ ਵੈਰੀ ਨਹੀਂ, ਮਿੱਤਰ ਨਹੀਂ, ਪੁੱਤਰ ਤੇ ਪੋਤ੍ਰਾ ਨਹੀਂ। ਉਹ ਹਰ ਥਾਂ ਤੇ ਸਦਾ ਵਿਆਪਕ ਹੈ। ਉਹ ਨਾਸ ਰਹਿਤ, ਹੋਂਦ ਵਾਲਾ, ਡਰਾਉਣ ਵਾਲਾ ਤੇ ਡਰ ਤੋਂ ਰਹਿਤ ਹੈ। ਉਹ ਨਾ ਖੰਡਨਹੋਣ ਵਾਲਿਆਂ ਨੂੰ ਖੰਡਨ ਕਰਨ ਵਾਲਾ ਕਿਹਾ ਜਾਂਦਾ ਹੈ। ਉਹ ਕਿਸੇ ਰੂਪ, ਰੰਗ ਤੇ ਰੇਖ ਵਾਲਾ ਨਹੀਂ। ਉਹ ਲੇਖੇ ਤੋਂ ਰਹਿਤ ਤੇ ਕਿਸੇ ਭੇਖ ਵਿਚ ਵੀ ਉਸ ਨੂੰ ਨਹੀਂ ਸਮਝਿਆ ਜਾਂਦਾ ਹੈ॥੧੦੭॥

**ਅਨੰਤ ਤੀਰਥ ਆਦਿ ਆਸਨਾਦਿ ਨਾਰਦ ਆਸਨੰ॥**
**ਬੈਰਾਗ ਅਉ ਸੰਨਿਆਸ ਅਉ ਅਨਾਦਿ ਜੋਗ ਪ੍ਰਾਸਨੰ॥**
**ਅਨਾਦਿ ਤੀਰਥ ਸੰਜਮਾਦਿ ਬਰਤ ਨੇਮ ਪੇਖੀਐ॥**
**ਅਨਾਦਿ ਅਗਾਧਿ ਕੇ ਬਿਨਾ ਸਮੱਸਤ ਭਰਮ ਲੇਖੀਐ॥੧੦੮॥**

ਅਨੇਕਾ ਤੀਰਥਾਂ ਤੇ ਇਸ਼ਨਾਨ ਕਰਨੇ, ਯੋਗ ਮਤ ਅਨੁਸਾਰ ਆਸਣ ਲਾਉਣੇ, ਨਾਰਦ ਦੀ ਦੱਸੀ ਵਿਧੀ ਅਨੁਸਾਰ ਪੂਜਾ ਕਰਨੀ, ਬੈਰਾਗ ਤੇ ਸੰਨਿਆਸ ਮਤ ਦਾ ਧਾਰਨੀ ਹੋਣਾ ਤੇ ਅੰਨ ਆਦਿ ਚੰਗੇ ਚੰਗੇ ਭੋਜਨ ਕਰਨੇ, ਅਨਾਦੀ ਤੀਰਥਾਂ ਦੀ ਯਾਤਰਾ ਕਰਨੀ, ਸੰਜਮ ਆਦਿ ਕਰਮ ਤੇ ਬਰਤ ਆਦਿ ਕਰਮ ਜੋ ਕੀਤੇ ਜਾਂਦੇ ਹਨ, ਆਦਿ ਰਹਿਤ ਤੇ ਨਾ ਗਾਹੇ ਜਾਣ ਵਾਲੇ ਪ੍ਰਭੂ ਦੇ ਸਿਮਰਨ ਤੋਂ ਬਿਨਾਂ ਉਪਰ ਕਥਨ ਕੀਤੇ ਸਾਰੇ ਕਰਮ ਧਰਮ, ਭਰਮ ਰੂਪ ਜਾਣੇ ਜਾਂਦੇ ਸਨ॥੧੦੮॥

## ਰਸਾਵਲ ਛੰਦ

**ਦਇਆਦਿ ਆਦਿ ਧਰਮੰ॥ ਸੰਨਿਆਸ ਆਦਿ ਕਰਮੰ॥ ਗਜਾਦਿ ਆਦਿ ਦਾਨੰ॥ ਹਯਾਦਿ ਆਦਿ ਥਾਨੰ॥ ੧੦੯॥**

ਸਮੂੰਹ ਧਰਮਾਂ ਦਾ ਮੂਲ ਜੋ ਦਇਆ ਆਦਿ ਧਰਮ ਹੈ। ਸਾਰੇ ਕਰਮਾਂ ਦਾ ਮੁੱਢ ਜੋ ਸੰਨਿਆਸ ਧਰਮ ਹੈ। ਸਾਰੇ ਦਾਨਾਂ ਤੋਂ ਉਤਮ ਜੋ ਹਾਥੀ ਆਦਿਕਾਂ ਦਾ ਦਾਨ ਹੈ। ਸਾਰੇ ਯੱਗਾਂ ਤੋਂ ਸਰੇਸ਼ਟ ਜੋ ਅਸ਼ੂਮੇਧ ਯੱਗ ਹੈ॥੧੦੯॥

**ਸੁਵਰਨ ਆਦਿ ਦਾਨੰ॥ ਸਮੁੰਦ੍ਰ ਆਦਿ ਸ਼ਨਾਨੰ॥ ਬਿਸੁਵਾਦਿ ਆਦਿ ਭਰਮੰ॥ ਬ੍ਰਿਕਤਾਦਿ ਆਦਿ ਕਰਮੰ॥ ੧੧੦॥**

ਸੋਨਾ ਆਦਿ ਬਹੁਮੁਲੀਆਂ ਵਸਤੂਆਂ ਦਾ ਦਾਨ ਕਰਨਾ, ਸਮੁੰਦਰ ਆਦਿਕ ਤੀਰਥਾਂ ਤੇ ਇਸ਼ਨਾਨ ਕਰਨਾ, ਰਾਮੇਸ਼ੂਰ ਆਦਿਕ ਸਰੇਸ਼ਟ ਅਸਥਾਨਾਂ ਤੇ ਭੌਂਦੇ ਫਿਰਨਾ, ਉਪਰਾਮ ਹੋ ਕੇ ਉਦਾਸੀਆਂ ਵਾਲੇ ਕਰਮ ਕਰਨੇ॥੧੧੦॥

**ਨਿਵਲ ਆਦਿ ਕਰਣੰ॥ ਸੁਨੀਲ ਆਦਿ ਬਰਣੰ॥ ਅਨੀਲ ਆਦਿ ਧਜਾਨੰ॥ ਜਪਤ ਤੱਤ ਪ੍ਰਧਾਨੰ॥ ੧੧੧॥**

ਯੋਗ ਮਤ ਦੇ ਦੱਸੇ ਨਿਉਲੀ ਆਦਿ ਕਰਮ ਕਰਨੇ, ਨੀਲੇ ਰੰਗ ਦੇ ਬਸਤਰਾਂ ਨੂੰ ਪਹਿਨਣਾ, ਸਿਆਮ ਸੁੰਦਰ ਆਦਿਕ ਅਵਤਾਰਾਂ ਦਾ ਧਿਆਨ ਧਰਨਾ, ਇਹਨਾਂ ਸਾਰੇ ਕਰਮਾਂ ਨੂੰ ਤਿਆਗਕੇ ਜਿਹੜਾ ਪੁਰਸ਼ ਪ੍ਰਭੂ ਦਾ ਨਾਮ ਜਪਦਾ ਹੈ, ਉਹ ਸਾਰਿਆਂ ਤੋਂ ਪ੍ਰਧਾਨ ਭਾਵ ਮੁਖੀ ਹੈ॥ ੧੧੧॥

**ਅਮਿਤਕਾਦਿ ਭਗਤੰ॥ ਅਵਿਕਤਾਦਿ ਬ੍ਰਕਤੰ॥ ਪ੍ਰਛਸਤੁਵਾ ਪ੍ਰਜਾਪੰ॥ ਪ੍ਰਭਗਤਾ ਅਥਾਪੰ॥ ੧੧੨॥**

ਉਹ ਪ੍ਰਭੂ ਆਦਿ ਕਾਲ ਤੋਂ ਹੀ ਅਮਿਤ ਸੋਭਾ, ਬਲ ਤੇ ਸੁੰਦਰਤਾ ਵਾਲਾ ਹੈ। ਉਹ ਦੇਹ ਰਹਿਤ ਤੇ ਸਨੇਹ ਰਹਿਤ ਹੈ। ਉਹ ਜਗਿਆਸਾ ਆਦਿ ਤੋਂ ਪ੍ਰਾਪਤ ਹੁੰਦਾ ਹੈ। ਉਹ ਭਲੀ ਪ੍ਰਕਾਰ ਕਰਕੇ ਅਥਾਪ ਹੈ ਭਾਵ ਉਸ ਨੂੰ ਕਿਸੇ ਥਾਪਿਆ ਨਹੀਂ, ਉਹ ਸੁਤੇ ਸਿਧ ਹੀ ਪ੍ਰਕਾਸ਼ਿਆ ਹੈ॥ ੧੧੨॥

**ਸੁ ਭਗਤੁ ਆਦਿ ਕਰਣੰ॥ ਅਜਗਤੁਆ ਪ੍ਰਹਰਣੰ॥ ਬਿਰਕਤੁਆ ਪ੍ਰਕਾਸੰ॥ ਅਵਿਗਤੁਆ ਪ੍ਰਣਾਸੰ॥ ੧੧੩॥**

ਉਹ ਪਰਮਾਤਮਾ ਆਦਿ ਕਾਲੇ ਤੋਂ ਹੀ ਚੰਗੀ ਭਗਤੀ ਕਰਨ ਵਾਲਾ ਹੈ ਅਤੇ ਨਾ ਜੁੜਨ ਵਾਲਿਆਂ ਨੂੰ ਚੰਗੀ ਤਰ੍ਹਾਂ ਨਾਸ ਕਰਨ ਵਾਲਾ ਹੈ, ਭਾਵ ਉਸ ਦੇ ਸੁੰਦਰ ਸਰੂਪ ਵੇਖਕੇ ਅਸਚਰਜਤਾ ਵੀ ਅਸਚਰਜ ਹੋ ਜਾਂਦੀ ਹੈ। ਉਹ ਵਿਰਕਤ ਬ੍ਰਿਤੀ ਨੂੰ ਪ੍ਰਕਾਸ਼ਨ ਵਾਲਾ ਹੈ। ਉਹ ਖੋਟੀ ਚਾਲ ਵਾਲਿਆ ਨੂੰ ਭਲੀ ਪ੍ਰਕਾਰ ਨਾਸ ਕਰਨ ਵਾਲਾ ਹੈ॥ ੧੧੩॥

**ਸਮਸਤੁਆ ਪ੍ਰਧਾਨੰ॥ ਧੁਜਸਤੁਆ ਧੁਰਾਨੰ॥ ਅਵਿਕ ਤੁਆ ਅਭੰਗੰ॥ ਇਕਸਤੁਆ ਅਨੰਗੰ॥ ੧੧੪॥**

ਉਹ ਅਕਾਲ ਪੁਰਖ ਸਾਰਿਆਂ ਦਾ ਪ੍ਰਧਾਨ ਤੇ ਮੁਖੀ ਹੈ। ਉਹ ਸਭ ਧੁਜਾਂ ਦਾ ਧੁਰਾ ਹੈ ਅਤੇ ਉਹ ਦੇਹ ਤੋਂ ਰਹਿਤ ਹੈ। ਉਹ ਕੇਵਲ ਇਕ ਹੈ ਅਤੇ ਉਸ ਅੰਗ ਨਹੀਂ ਹਨ॥ ੧੧੪॥

**ਉਅਸਤੁਆ ਅਕਾਰੰ॥ ਕ੍ਰਿਪਸਤੁਆ ਕ੍ਰਿਪਾਰੰ॥ ਖਿਤਸਤੁਆ ਅਖੰਡੰ॥ ਗਤਸੁਆ ਅਗੰਡੰ॥ ੧੧੫॥**

ਹੇ ਪ੍ਰਭੂ! ਤੂੰ ਓਂਕਾਰ ਰੂਪ ਹੈ। ਹੇ ਕ੍ਰਿਪਾਲੂ! ਤੂੰ ਸਾਰਿਆਂ ਤੇ ਕਿਰਪਾ ਕਰਨ ਵਾਲਾ ਹੈ। ਤੂੰ ਹੀ ਸਾਰੇ ਖੰਡਾਂ ਹਿਸਿਆਂ ਵਿਚ ਵਿਆਪ ਰਿਹਾ ਹੈ। ਤੂੰ ਹੀ ਅੰਗਾਂ ਤੋਂ ਰਹਿਤ ਹੋ ਕੇ ਵੀ ਹਰ ਪਾਸੇ ਗਤੀ ਕਰ ਰਿਹਾ ਹੈਂ॥ ੧੧੫॥

**ਘਰਸਤੁਆ ਘਰਾਨੰ॥ ਙ੍ਰਿਅਸਤੁਆ ਙ੍ਰਿਹਾਲੰ॥ ਚਿਤਸਤੁਆ ਅਤਾਪੰ॥ ਛਿਤਸਤੁਆ ਅਛਾਪੰ॥ ੧੧੬॥**

ਹੇ ਕਰਤਾਰ! ਘਰ ਵਾਲਿਆਂ ਗ੍ਰਿਹਸਤੀਆਂ ਵਿਚ ਤੂੰ ਘਰ ਵਾਲਾ ਗ੍ਰਿਹਸਤੀ ਹੈਂ। ਗ੍ਰਹਿਣ ਕਰਨ ਵਾਲਿਆਂ ਵਿਚ ਤੂੰ ਗ੍ਰਹਿਣ ਕਰਨ ਵਾਲਾ ਹੈਂ। ਤੂੰ ਚੇਤੰਨ ਸਰੂਪ ਤੇ ਦੁਖਾਂ ਤਾਪਾਂ ਤੋਂ ਰਹਿਤ ਹੈਂ ਤੇ ਸਾਰੀ ਪ੍ਰਿਥਵੀ ਤੇ ਤੂੰ ਹੀ ਪ੍ਰਗਟ ਹੈਂ॥ ੧੧੬॥

**ਜਿਤਸਤੁਆ ਅਜਾਪੰ॥ ਝਿਕਤਸੁਆ ਅਝਾਪੰ॥ ਵਿਕਸਤੁਆ ਅਨੇਕੰ॥ ਟੁਟਸਤੁਆ ਅਟੇਟੰ॥ ੧੧੭॥**

ਹੇ ਅਕਾਲ ਪੁਰਖ! ਤੂੰ ਹਰ ਇਕ ਨੂੰ ਜਿੱਤਣ ਵਾਲਾ ਹੈਂ ਤੇ ਜਾਪ ਤੋਂ ਰਹਿਤ ਹੈਂ। ਤੂੰ ਕਿਸੇ ਕੋਲੋਂ ਝਿਜਕਦਾ ਨਹੀਂ। ਅਨੇਕਾਂ ਜੀਵਾਂ ਵਿਚ ਇਕੋ ਤੂੰ ਹੀ ਵਿਆਪ ਰਿਹਾ ਹੈਂ। ਤੂੰ ਦੂਸਰਿਆਂ ਨੂੰ ਤੋੜਨ ਵਾਲਾ ਹੈ ਪਰ ਆਪ ਤੂੰ ਅਟੁੱਟ ਹੈਂ ਭਾਵ ਕਿਸੇ ਕੋਲੋਂ ਟੁੱਟਦਾ ਨਹੀਂ॥ ੧੧੭॥

**ਠਟਸਤੁਆ ਅਠਾਟੰ॥ ਡਟਸਤੁਆ ਅਡਾਟੰ॥ ਢਟਸਤੁਆ ਅਢਾਪੰ॥ ਣਕਸਤੁਆ ਅਣਾਪੰ॥ ੧੧੮॥**

ਹੇ ਕਰਤਾ ਪੁਰਖ! ਤੂੰ ਦੁਨਿਆਵੀ ਠਾਠਾਂ ਬਾਠਾਂ ਵਾਲਾ ਤੇ ਠਾਠ ਰਹਿਤ ਵੀ ਹੈ। ਤੂੰ ਡੱਟਣ ਵਾਲਾ ਤੇ ਤਾੜਨਾ ਰਹਿਤ ਹੈ। ਤੂੰ ਕਿਸੇ ਜ਼ੋਰਾਵਰ ਤੋਂ ਢਹਿੰਦਾ ਨਹੀਂ। ਤੂੰ ਹਰ ਇਕ ਨੂੰ ਨਾਪਣ ਵਾਲਾ ਪਰ ਆਪ ਨਾਪ ਰਹਿਤ ਹੈ॥੧੧੮॥

**ਤਪਸਤੁਆ ਅਤਾਪੰ॥ ਥਪਸਤੁਆ ਅਥਾਪੰ॥ ਦਲਸਤੁਆ ਦਿਦੋਖੰ॥ ਨਹਿਸਤੁਆ ਅਨੋਖੰ॥ ੧੧੯॥**

ਹੇ ਪ੍ਰਭੂ! ਤੂੰ ਤਾਪਾਂ ਤੋਂ ਅਤਾਪ ਹੈਂ। ਤੂੰ ਕਿਸੇ ਦੇ ਥਾਪੇ ਜਾਣ ਤੋਂ ਅਥਾਪ ਹੈਂ। ਤੂੰ ਆਦਿ ਕਾਲ ਤੋਂ ਹੀ ਦੁਖਾਂ ਨੂੰ ਦਲਣ ਵਾਲਾ ਹੈਂ। ਤੂੰ ਸਭ ਤੋਂ ਅਨੋਖਾ ਨਿਰਾਲਾ ਹੈਂ, ਤੇਰੇ ਵਰਗਾ ਹੋਰ ਕੋਈ ਨਹੀਂ॥੧੧੯॥

**ਅਪਕਤੁਆ ਅਪਾਨੰ॥ ਫਲਕਤੁਆ ਫਲਾਨੰ॥ ਬਦਕਤੁਆ ਬਿਸੇਖੰ॥ ਭਜਸਤੁਆ ਅਭੇਖੰ॥ ੧੨੦॥**

ਹੇ ਕਰਤਾਰ ਤੂੰ ਪਕਣ ਅਤੇ ਪੀਣ ਤੋਂ ਮੁਕਤ ਹੈ ਅਤੇ ਤੂੰ ਫਲਾਂ ਦਾ ਫਲ ਹੈ। ਬਦੀ ਕਰਤਿਆਂ ਵਿਚ ਤੂੰ ਵਿਸ਼ੇਸ਼ ਕਰਕੇ ਬਦੀ ਕਰਦਾ ਹੈਂ। ਭਜਨ ਕਰਨ ਵਾਲਿਆਂ ਵਿਚ ਤੂੰ ਭੇਸ ਰਹਿਤ ਹੋ ਕੇ ਵਿਆਪ ਰਿਹਾ ਹੈਂ॥੧੨੦॥

**ਮਤਸਤੁਆ ਫਲਾਨੰ॥ ਹਰਿਕਤੁਆ ਹਿਰਦਾਨੰ॥ ਅੜਕਤੁਆ ਅੜੰਗੰ॥ ਤ੍ਰਿਕਸਤੁਆ ਤ੍ਰਿਭੰਗੰ॥ ੧੨੧॥**

ਹੇ ਸਿਰਜਨਹਾਰ! ਤੂੰ ਸਭ ਤਰ੍ਹਾਂ ਦੇ ਫਲਾਂ ਵਿਚ ਮਸਤੀ ਹੈਂ। ਤੂੰ ਸਭ ਦੇ ਹਿਰਦਿਆਂ ਵਿਚ ਉਦਮ ਰੂਪ ਹੈਂ। ਅੜਣ ਵਾਲਿਆਂ ਜੀਵਾਂ ਵਿਚ ਤੂੰ ਹੀ ਅੜਣ ਵਾਲਾ ਹੈਂ। ਤਿੰਨ ਗੁਣ ਵੀ ਤੂੰ ਹੀ ਤੇ ਤਿੰਨਾਂ ਗੁਣਾਂ ਦੇ ਪ੍ਰਭਾਵ ਨੂੰ ਭੰਨਣ ਵਾਲਾ ਵੀ ਤੂੰ ਹੈਂ॥੧੨੧॥

**ਰੰਗਸਤੁਆ ਅਰੰਗੰ॥ ਲਵਸਤੁਆ ਅਲੰਗੰ॥ ਯਕਸਤੁਆ ਯਕਾਪੰ॥ ਇਕਸਤੁਆ ਇਕਾਪੰ॥ ੧੨੨॥**

ਹੇ ਪਰਮਾਤਮਾ! ਸਭ ਤਰ੍ਹਾਂ ਦੇ ਰੰਗ ਵੀ ਤੂੰ ਹੈਂ ਤੇ ਰੰਗ ਤੋਂ ਰਹਿਤ ਵੀ ਤੂੰ ਹੈਂ। ਤੂੰ ਪ੍ਰੇਮ ਸਰੂਪ ਹੈਂ ਤੇ ਪ੍ਰੇਮ ਤੋਂ ਰਹਿਤ ਵੀ ਤੂੰ ਹੈਂ। ਸਭ ਸ੍ਰਿਸ਼ਟੀ ਵਿਚ ਇਕ ਤੂੰ ਹੀ ਹੈਂ ਤੇ ਆਪਣੇ ਵਰਗਾ ਤੂੰ ਆਪ ਹੀ ਹੈਂ। ਹੁਣ ਦੇ ਸਮੇਂ ਵਿਚ ਵੀ ਤੂੰ ਹੀ ਇਕੋ ਹੈਂ ਤੇ ਆਉਣ ਵਾਲੇ ਸਮੇਂ ਵਿਚ ਤੂੰ ਹੀ ਇਕ ਹੋਵੇਂਗਾ॥੧੨੨॥

**ਵਦਿਸਤੁਆ ਵਰ ਦਾਨੰ॥ ਯਕਸਤੁਆ ਇਕਾਨੰ॥ ਲਵਸਤੁਆ ਅਲੇਖੰ॥ ਰਰਿਸਤੁਆ ਅਰੇਖੰ॥ ੧੨੩॥**

ਹੇ ਅਕਾਲ ਪੁਰਖ! ਹਰ ਪਾਸੇ ਤੇਰੇ ਗੁਣਾਂ ਨੂੰ ਹੀ ਕਥਨ ਕੀਤਾ ਜਾਂਦਾ ਹੈ ਤੇ ਤੂੰ ਹੀ ਸਭ ਨੂੰ ਵਰ ਦੇਣ ਵਾਲਾ ਹੈਂ। ਤੂੰ ਇਕ ਰੂਪ ਵੀ ਹੈ ਤੇ ਨਿਰਾਕਾਰ ਵੀ ਹੈ। ਤੂੰ ਸਭ ਜੀਵਾਂ ਨੂੰ ਪਿਆਰ ਕਰਨ ਵਾਲਾ ਤੇ ਲੇਖੇ ਤੋਂ ਬਾਹਰ ਹੈਂ। ਤੈਨੂੰ ਹਰ ਪ੍ਰਕਾਰ ਦੀ ਰੇਖਾ ਤੋਂ ਰਹਿਤ ਕਿਹਾ ਜਾਂਦਾ ਹੈ॥੧੨੩॥

**ਤ੍ਰਿਆਸਤੁਆ ਤ੍ਰਿਭੰਗੇ॥ ਹਰਿਸਤੁਆ ਹਰੰਗੇ॥ ਮਹਿਸਤੁਆ ਮਹੇਸੰ॥ ਭਜਸਤੁਆ ਅਭੇਸੰ॥ ੧੨੪॥**

ਹੇ ਪ੍ਰਭੂ! ਤਿੰਨਾਂ ਲੋਕਾਂ ਵਿਚ ਤੂੰ ਹੀ ਵਿਆਪਕ ਹੈ ਤੇ ਤਿੰਨਾਂ ਤਰ੍ਹਾਂ ਦੇ ਤਾਪਾਂ ਨੂੰ ਦੂਰ ਕਰਨ

ਵਾਲਾ ਵੀ ਤੂੰ ਹੈਂ। ਤੂੰ ਸਭ ਜੀਵਾਂ ਨੂੰ ਹਰੇ ਭਰੇ ਕਰਨ ਵਾਲਾ ਹੈਂ ਤੇ ਹਰ ਇਕ ਰੰਗ ਵਿਚ ਤੂੰ ਹੈਂ, ਤੂੰ ਮਹੇਸ਼ ਦਾ ਵੀ ਮਹੇਸ਼ ਹੈਂ। ਤੂੰ ਭੇਖ ਰਹਿਤ ਹੈਂ ਤੇ ਤੈਨੂੰ ਸਭ ਜੀਵ ਸਿਮਰਦੇ ਹਨ॥੧੨੪॥

**ਬਰਸਤੁਆ ਬਰਾਨੰ॥ ਪਲਸਤੁਆ ਪਲਾਨੰ॥ ਨਰਸਤੁਆ ਨਰੇਸੰ॥ ਦਲਸਤੁਆ ਦਲੇਸੰ॥ ੧੨੫॥**

ਹੇ ਪਰਮਾਤਮਾ! ਤੈਨੂੰ ਸਭ ਤੋਂ ਸਰੇਸ਼ਟ ਕਰਕੇ ਵਰਨਣ ਕੀਤਾ ਜਾਂਦਾ ਹੈ। ਤੂੰ ਪਲ ਵਿਚ ਝਟ ਪਟ ਫਲ ਬਖਸ਼ਣ ਵਾਲਾ ਹੈਂ। ਸਭ ਪੁਰਸ਼ਾਂ ਦਾ ਤੂੰ ਹੀ ਰਾਜਾ ਹੈਂ। ਸਭ ਫੌਜਾਂ ਦੇ ਮਾਲਕਾਂ ਭਾਵ ਰਾਜਿਆਂ-ਮਹਾਰਾਜਿਆਂ ਨੂੰ ਤੂੰ ਹੀ ਦਲਣ ਵਾਲਾ ਹੈਂ॥੧੨੫॥

ਸ੍ਰੀ ਗਿਆਨ ਪ੍ਰਬੋਧ ਗ੍ਰੰਥੇ ਸ੍ਰੀ ਅਕਾਲ ਉਸਤਤਿ ਪ੍ਰੱਥਮ ਧਿਆਏ ਸਮਾਪਤਮ॥ ਸਤੁ ਸੁਭਮ ਸੁਤ॥੧॥੧੨੫॥ ਅਫਜੂੰ॥

ਸ੍ਰੀ ਗਿਆਨ ਪ੍ਰਬੋਧ ਗ੍ਰੰਥ ਸ੍ਰੀ ਅਕਾਲ ਜੀ ਦੀ ਉਸਤਤਿ ਪਹਿਲਾ ਅਧਿਆਏ ਸਮਾਪਤਮ॥ ਸਤ ਸੁਭਮ ਸਤ॥੧॥ ੧੨੫॥ ਚਲਦਾ॥

# ੨-ਜੀਵਾਤਮਾ ਵਲੋਂ ਪਰਮਾਤਮਾ ਨੂੰ ਪ੍ਰਸ਼ਨ

## *ਪਾਧੜੀ ਛੰਦ॥ ਤ੍ਵਪ੍ਰਸਾਦਿ॥*

**ਦਿਨ ਅਜਬ ਏਕ ਆਤਮਾ ਰਾਮ॥ ਅਨਭਉ ਸਰੂਪ ਅਨਹਦ ਅਕਾਮ॥**
**ਅਨਛਿੱਜ ਤੇਜ ਆਜਾਨ ਬਾਹੁ॥ ਰਾਜਾਨ ਰਾਜ ਸ਼ਾਹਾਨ ਸ਼ਾਹੁ॥ ੧॥ ੧੨੬॥**

ਇਕ ਦਿਨ ਜੀਵਆਤਮਾ ਨੇ ਪਰਮਾਤਮਾ ਪਾਸੋਂ, ਜਿਹੜਾ ਕਿ ਗਿਆਨ ਸਰੂਪ, ਇਕ ਰਸ ਰਹਿਣ ਵਾਲਾ ਤੇ ਹਰ ਤਰ੍ਹਾਂ ਦੀਆਂ ਵਾਸ਼ਨਾਵਾਂ ਤੋਂ ਰਹਿਤ ਹੈ, ਨਾਸ ਰਹਿਤ ਤੇਜ਼ ਪ੍ਰਕਾਸ਼ ਵਾਲਾ ਹੈ, ਜਿਹੜਾ ਗੋਡਿਆਂ ਤਕ ਲੰਮੀਆਂ ਬਾਹਾਂ ਵਾਲਾ ਅਤੇ ਰਾਜਿਆ ਦਾ ਰਾਜ ਹੈ ਤੋਂ ਇਕ ਅਜੀਬ ਪ੍ਰਸ਼ਨ ਪੁਛਿਆ॥੧॥੧੨੬॥

**ਉਚਰਿਓ ਆਤਮਾ ਪਰਮਾਤਮਾ ਸੰਗ॥ ਉਤਭੁਜ ਸਰੂਪ ਅਬਿਗਤ ਅਭੰਗ॥**
**ਇਹ ਕਉਣ ਆਹਿ ਆਤਮਾ ਸਰੂਪ॥ ਜਿਹ ਅਮਿਤ ਤੇਜਿ ਅਤਿਭੁਤਿ ਬਿਭੂਤਿ॥ ੨॥ ੧੨੭॥**

ਜੀਵਾਤਮਾ ਕਿਹਾ ਕਿ ਇਹ ਜਿਹੜਾ ਉਤਭਜ ਸਰੂਪ, ਗਤੀ ਰਹਿਤ ਨਾਸ ਰਹਿਤ, ਬੇ ਹੱਦ ਤੇਜ਼ ਵਾਲਾ ਅਸਚਰਜ ਸੰਪਦਾ ਵਾਲਾ ਹੈ, ਇਹ ਕੌਣ ਹੈ?॥੧੨੭॥

## *ਪਰਮਾਤਮਾ ਬਾਚ॥*

**ਯਹਿ ਬ੍ਰਹਮ ਆਹਿ ਆਤਮਾ ਰਾਮ॥ ਜਿਹ ਅਮਿਤ ਤੇਜਿ ਅਬਿਗਤ ਅਕਾਮ॥**

**ਜਿਹ ਭੇਦ ਭਰਮ ਨਹੀ ਕਰਮ ਕਾਲ॥ ਜਿਹ ਸ਼ੱਤ੍ਰ ਮਿੱਤ੍ਰ ਸਰਬਾ ਦਿਆਲ॥ ੩॥ ੧੨੮॥**

ਪਰਮਾਤਮਾ ਨੇ ਉਤਰ ਦਿੱਤਾ-ਹੇ ਜੀਵਾਤਮਾ! ਇਹ ਬ੍ਰਹਮ ਹੈ ਜਿਸਦਾ ਤੇਜ ਪ੍ਰਕਾਸ਼ ਅਮਿਤ ਹੈ, ਜੋ ਗਤੀ ਤੋਂ ਰਹਿਤ ਹੈ ਤੇ ਵਾਸ਼ਨਾਂ ਤੋਂ ਬਿਨਾਂ ਹੈ। ਜਿਸ ਵਿਚ ਕੋਈ ਭੇਦ, ਭਰਮ ਨਹੀ ਤੇ ਨਾ ਹੀ ਕੋਈ ਕਰਮ ਤੇ ਕਾਲ ਹੈ। ਜੋ ਵੈਰੀ ਤੇ ਮਿੱਤਰ ਸਾਰਿਆਂ ਤੇ ਦਇਆ ਕਰਦਾ ਹੈ॥ ੩॥ ੧੨੮॥

**ਡੋਬਿਯੋ ਨ ਡੂਬੈ ਸੋਖਿਯੋ ਨ ਜਾਇ॥ ਕੱਟਿਯੋ ਨ ਕਟੈ ਬਾਰਿਯੋ ਨ ਬਰਾਇ॥**
**ਛਿੱਜੈ ਨ ਨੈਕ ਸਤ ਸ਼ਸਤਰ ਪਾਤ॥ ਜਿਹ ਸ਼ੱਤ੍ਰ ਮਿੱਤ੍ਰ ਨਹੀ ਜਾਤ ਪਾਤ॥ ੪॥ ੧੨੯॥**

ਪਦ ਅਰਥ - ਬਾਰ=ਅੱਗ। ਸਤ=ਸੈਂਕੜੇ। ਪਤ=ਵੱਜਣ।

ਜੋ ਪਾਣੀ ਵਿਚ ਡੋਬਣ ਨਾਲ ਡੁਬਦਾ ਨਹੀਂ, ਜੋ ਹਵਾ ਨਾਲ ਸੁਕਾਉਣ ਨਾਲ ਸੁਕਦਾ ਨਹੀਂ, ਜੋ ਕਿਸੇ ਤਰ੍ਹਾਂ ਕੱਟਣ ਨਾਲ ਕਟਿਆ ਨਹੀਂ ਜਾਂਦਾ, ਜੋ ਅੱਗ ਨਾਲ ਸਾੜਨ ਨਾਲ ਸੜਦਾ ਨਹੀਂ। ਸੈਂਕੜੇ ਸ਼ਸਤਰਾਂ ਦੇ ਵਾਰ ਨਾਲ ਜੋ ਜ਼ਰਾ ਵੀ ਛਿੱਜਦਾ ਨਹੀਂ। ਜਿਸ ਦਾ ਕੋਈ ਦੁਸ਼ਮਨ ਨਹੀਂ, ਮਿੱਤਰ ਨਹੀਂ ਤੇ ਨਾ ਹੀ ਜਿਸ ਦੀ ਕੋਈ ਜਾਤ ਬਰਾਦਰੀ ਹੈ॥ ੪॥ ੧੨੯॥

**ਸ਼ੱਤ੍ਰ ਸਹੰਸ ਸਤਿ ਸਤਿ ਪ੍ਰਘਾਇ॥ ਛਿਜੈ ਨ ਨੈਕ ਖੰਡਿਓ ਨ ਜਾਇ॥**
**ਨਹੀ ਜਰੈ ਨੈਕ ਪਾਵਕ ਮੰਝਾਰ॥ ਬੋਰੈ ਨ ਸਿੰਧ ਸੋਖੈ ਨ ਬਜਾਰ॥ ੫॥ ੧੩੦॥**

ਪਦ ਅਰਥ - ਸਹੰਸ ਸਤਿ=ਲੱਖ। ਪ੍ਰਘਾਇ=ਵਾਰ ਕਰਨ। ਪਾਵਕ=ਅੱਗ। ਬਜਾਰ=ਹਵਾ।

ਉਸ ਪ੍ਰਭੂ ਉਤੇ ਭਾਵੇਂ ਵੈਰੀ ਲੱਖਾਂ ਵਾਰ ਸ਼ਸਤਰਾਂ ਨਾਲ ਵਾਰ ਕਰਨ, ਉਸਦਾ ਜ਼ਰਾ ਜਿੰਨਾ ਪਾਸਾ ਵੀ ਛਿੱਜਦਾ ਨਹੀਂ ਤੇ ਨਾ ਹੀ ਖੰਡਨ ਹੁੰਦਾ ਹੈ। ਉਹ ਅੱਗ ਵਿਚ ਪਾਇਆਂ ਵੀ ਰਤੀ ਮਾਤ੍ਰ ਨਹੀਂ ਸੜਦਾ। ਉਸ ਨੂੰ ਸਮੁੰਦਰ ਡੋਬ ਨਹੀਂ ਸਕਦਾ ਤੇ ਨਾ ਹੀ ਹਵਾ ਉਸ ਨੂੰ ਸੁਕਾ ਸਕਦੀ ਹੈ॥ ੫॥ ੧੩੦॥

**ਇਕ ਕਰਜੋ ਪ੍ਰਸ਼ਨ ਆਤਮਾ ਦੇਵ॥ ਅਨਭੰਗ ਰੂਪ ਅਨਭਉ ਅਭੇਵ॥**
**ਯਹਿ ਚਤੁਰ ਵਰਗ ਸੰਸਾਰ ਦਾਨ॥ ਕਿਹੁ ਚਤੁਰ ਵਰਗ ਕਿੱਜੈ ਵਖਿਆਨ॥ ੬॥ ੧੩੧॥**

ਆਤਮਾ ਨੇ ਆਪਣੇ ਗੁਰੂ ਕੋਲੋਂ ਫਿਰ ਇਕ ਪ੍ਰਸ਼ਨ ਪੁਛਿਆ ਕਿ ਹੇ ਪ੍ਰਭੂ! ਆਪ ਨਾਸ ਰਹਿਤ, ਨਿਡਰ ਤੇ ਭੇਦ ਰਹਿਤ ਹੋ। ਇਹ ਸੰਸਾਰ ਦੇ ਲੋਕ ਦਾਨ ਆਦਿਕ ਚਾਰ ਵਰਗ ਕਥਨ ਕਰਦੇ ਸਨ, ਕ੍ਰਿਪਾ ਕਰਕੇ ਇਹ ਦੱਸੋ ਕਿ ਉਹ ਚਾਰ ਵਰਗ ਕਿਹੜੇ ਹਨ ?॥ ੬॥ ੧੩੧॥

**ਇਕ ਰਾਜੁ ਧਰਮ ਇਕ ਦਾਨ ਧਰਮ॥ ਇਕ ਭੋਗ ਧਰਮ ਇਕ ਮੋਛ ਕਰਮ॥**
**ਇਕ ਚਤੁਰ ਵਰਗ ਸਭ ਜਗ ਭਣੰਤ॥ ਸੇ ਆਤਮਾਹ ਪਰਾਤਮਾ ਪੁਛੰਤ॥ ੭॥ ੧੩੨॥**

ਪ੍ਰਭੂ ਨੇ ਉੱਤਰ ਦਿੱਤਾ ਕਿ ਇਕ ਰਾਜ ਧਰਮ ਰਾਜਨੀਤੀ ਹੈ। ਇਕ ਦਾਨ ਧਰਮ ਦੀ ਨੀਤੀ ਹੈ। ਇਕ ਭੋਗ-ਧਰਮ ਭਾਵ ਗ੍ਰਿਹਸਤੀ ਦੀ ਨੀਤੀ ਹੈ। ਇਕ ਮੋਖ-ਕਰਮ ਭਾਵ ਮੁਕਤੀ ਦੀ ਨੀਤੀ

ਹੈ। ਸਾਰੇ ਸੰਸਾਰ ਦੇ ਲੋਕ ਇਹਨਾਂ ਚਾਰ ਨੀਤੀਆਂ ਨੂੰ ਹੀ ਚਾਰ ਵਰਗ ਕਹਿੰਦੇ ਸਨ। ਇਸ ਤੋਂ ਪਿਛੋਂ ਆਤਮਾ ਨੇ ਪਰਮਾਤਮਾ ਨੂੰ ਫੇਰ ਪੁਛਿਆ॥੭॥੧੩੨॥

**ਇਕ ਰਾਜ ਧਰਮ ਇਕ ਧਰਮ ਦਾਨ॥ ਇਕ ਭੋਗ ਧਰਮ ਇਕ ਮੋਛ ਵਾਨ॥**
**ਤੁਮ ਕਹੋ ਚਤ੍ਰ ਚਤ੍ਰੈ ਵਿਚਾਰ॥ ਜੇ ਜੇ ਤ੍ਰਿਕਾਲ ਭਏ ਜੁਗ ਅਪਾਰ॥ ੮॥ ੧੩੩॥**

ਹੇ ਪ੍ਰਭੂ ਜੀ! ਤੁਸਾਂ ਇਕ ਰਾਜ ਧਰਮ, ਇਕ ਦਾਨ ਧਰਮ, ਇਕ ਭੋਗ ਧਰਮ ਤੇ ਇਕ ਮੋਖ ਧਰਮ ਦਸਿਆ ਹੈ। ਹੇ ਸੁਜਾਨ ਜੀ! ਤੁਸੀ ਹੁਣ ਇਹਨਾਂ ਚੌਹਾਂ ਧਰਮਾਂ ਨੂੰ ਵਿਸਥਾਰ ਪੂਰਬਕ ਵਰਣਨ ਕਰੋ। ਜਿਹੜੇ ਤਿੰਨ ਕਾਲਾਂ ਵਿਚ ਤੇ ਅਪਾਰ ਜੁਗਾਂ ਵਿਚ ਇਨ੍ਹਾਂ ਧਰਮਾਂ ਦੇ ਕਰਨ ਵਾਲੇ ਪੁਰਸ਼ ਹੋਏ ਹਨ, ਉਹਨਾਂ ਬਾਰੇ ਵੀ ਦੱਸਣ ਦੀ ਕ੍ਰਿਪਾਲਤਾ ਕਰੋ॥੮॥੧੩੩॥

**ਬਰਨੰਨ ਕਰੋ ਤੁਮ ਪ੍ਰਿਥਮ ਦਾਨ॥ ਜਿਮ ਦਾਨ ਧਰਮ ਕਿੰਨੈ ਨ੍ਰਿਪਾਨ॥**
**ਸਤਿਜੁਗ ਕਰਮ ਸੁਰ ਦਾਨ ਦੰਤ॥ ਭੂਮਾਦਿ ਦਾਨ ਕੀਨੇ ਅਕੰਥ॥ ੯॥ ੧੩੪॥**

ਹੇ ਪ੍ਰਭੂ ਜੀ! ਸਭ ਤੋਂ ਪਹਿਲਾਂ ਤੁਸੀਂ ਦਾਨ ਧਰਮ ਦਾ ਵਰਣਨ ਕਰੋ ਤੇ ਉਹਨਾਂ ਰਾਜਿਆਂ ਬਾਰੇ ਦਸੋਂ ਜਿੰਨ੍ਹਾਂ ਨੇ ਦਾਨ ਦਾ ਪਾਲਣ ਕੀਤਾ ਹੈ, ਜਿੰਨਾਂ ਨੇ ਸਤਿਜੁਗ ਵਿਚ ਸ਼ੁਭ ਕਰਮ ਕਰਕੇ ਬੇਅੰਤ ਦਾਨ ਦਿੱਤਾ ਹੈ ਤੇ ਕਥਨ ਤੋਂ ਬਾਹਰ ਪ੍ਰਿਥਵੀ ਆਦਿਕ ਦੇ ਦਾਨ ਦਿੱਤੇ ਸਨ॥੯॥੧੩੪॥

**ਤ੍ਰੈ ਜੁਗ ਮਹੀਪ ਬਰਨੇ ਨ ਜਾਤ॥ ਗਾਥਾ ਅਨੰਤ ਉਪਮਾ ਅਗਾਤ॥**
**ਜੇ ਕੀਏ ਜਗਤ ਮੈ ਜੱਗ ਧਰਮ॥ ਬਰਨੇ ਨ ਜਾਹਿ ਤੇ ਅਮਿਤ ਕਰਮ॥ ੧੦॥ ੧੩੫॥**

ਤਿੰਨਾਂ ਜੁਗਾਂ ਵਿਚ ਜਿਹੜੇ ਰਾਜੇ ਮਹਾਰਾਜੇ ਹੋ ਗੁਜ਼ਰੇ ਹਨ, ਉਹਨਾਂ ਦਾ ਵਰਣਨ ਨਹੀਂ ਕੀਤਾ ਜਾ ਸਕਦਾ, ਉਹਨਾਂ ਦੀਆਂ ਬੇਅੰਤ ਕਥਾਵਾਂ ਹਨ ਤੇ ਉਹਨਾਂ ਦੀ ਵਡਿਆਈ ਵੀ ਨਹੀਂ ਕਹੀ ਜਾ ਸਕਦੀ। ਉਹਨਾਂ ਨੇ ਯੱਗ ਕਰਦਿਆਂ ਹੋਇਆਂ ਜਿਹੜੇ ਬੇਅੰਤ ਦਾਨ ਦਿੱਤੇ ਸਨ, ਉਹਨਾਂ ਦਾ ਵਰਨਣ ਨਹੀਂ ਕੀਤਾ ਜਾ ਸਕਦਾ। ਉਹਨਾਂ ਦੇ ਬੇਅੰਤ ਸ਼ੁਭ ਕਰਮ ਕੀਤੇ ਹਨ॥੧੦॥੧੩੫॥

**ਕਲਜੁਗ ਤੇ ਆਦਿ ਜੋ ਭਏ ਮਹੀਪ॥ ਇਹਿ ਭਰਥ ਖੰਡਿ ਮਹਿ ਜੰਬੂ ਦੀਪ॥**
**ਤ੍ਵ ਬਲ ਪ੍ਰਤਾਪ ਬਰਣੌ ਸੁ ਤ੍ਰੈਣ॥ ਰਾਜਾ ਯੁਧਿਸ਼ਟ੍ਰ ਭੂ ਭਰਥ ਏਣ॥ ੧੧॥ ੧੩੬॥**

ਕਲਿਜੁਗ ਤੋਂ ਪਹਿਲ ਜੁਗਾਂ ਵਿਚ ਇਸ ਖੰਡ ਦੇ ਜੰਬੂ ਦੀਪ ਵਿਚ ਜਿਹੜੇ ਰਾਜੇ ਮਹਾਰਾਜੇ ਹੋਏ ਸਨ, ਹੇ ਪ੍ਰਭੂ! ਮੈਂ ਤੇਰੇ ਬਲ ਤੇ ਪ੍ਰਤਾਪ ਕਰਕੇ ਉਨ੍ਹਾਂ ਦਾ ਵਰਣਨ ਕਰਦਾ ਹਾਂ ਉਨ੍ਹਾਂ ਰਾਜਿਆਂ ਵਿਚੋਂ ਇਕ ਰਾਜਾ ਯੁਧਿਸ਼ਟਰ ਹੋਇਆ ਹੈ, ਜੋ ਕਲੰਕ ਰਹਿਤ ਤੇ ਪਰਜਾ ਦੀ ਪਾਲਣਾ ਕਰਨ ਵਾਲਾ ਸੀ ॥੧੧॥੧੩੬॥

**ਖੰਡੇ ਅਖੰਡ ਜਿਹ ਚਤੁਰ ਖੰਡ॥ ਕੈਰੋ ਕੁਰਖੇਤ੍ਰ ਮਾਰੇ ਪ੍ਰਚੰਡ॥**

**ਜਿਹ ਚਤੁਰ ਕੁੰਡ ਜਿਤਿਯੋ ਦੁਬਾਰ ॥ ਅਰਜਨ ਭੀਮਾਦਿ ਭ੍ਰਾਤਾ ਝੁਜਾਰ ॥੧੨॥੧੩੭॥**

ਜਿਸ ਰਾਜੇ ਯੁਧਿਸ਼ਟਰ ਨੇ ਚੋਹਾਂ ਕੂੰਟਾਂ ਵਿਚ ਨਾ ਖੰਡੇ ਜਾਣ ਵਾਲੇ ਰਾਜੇ ਰਾਜਸੂ ਯੱਗ ਕਰਨ ਸਮੇਂ ਖੰਡੇ ਸਨ। ਜਿਸ ਨੇ ਕੁਰਖੇਤਰ ਦੇ ਮੈਦਾਨ ਵਿਚ ਆਪਣੇ ਪ੍ਰਚੰਡ ਬਲ ਨਾਲ ਕੈਰੋ ਕੁਲ ਦਾ ਨਾਸ ਕੀਤਾ ਸੀ। ਜਿਸ ਨੇ ਚੋਹਾਂ ਦਿਸ਼ਾਂ ਦੇ ਬੜੇ ਬੜੇ ਆਕੀ ਤੇ ਬਹਾਦਰ ਰਾਜਿਆਂ ਨੂੰ ਦੋ ਵਾਰ ਜਿੱਤ ਕੇ ਅਪਣੇ ਅਧੀਨ ਕੀਤਾ ਸੀ। ਜਿਸ ਦੇ ਅਰਜਨ, ਭੀਮ, ਨਕੁਲ ਤੇ ਸਹਿਦੇਵ ਵਰਗੇ ਬੜੇ ਬਹਾਦਰ ਭਰਾ ਸਨ॥੧੨॥੧੩੭॥

**ਅਰਜਨ ਪਠਿਯੋ ਉੱਤਰ ਦਿਸਾਨ ॥ ਭੀਮਹਿ ਕਰਾਇ ਪੂਰਬ ਪਯਾਨ ॥
ਸਹਿਦੇਵ ਪਠਿਯੋ ਦੱਛਣ ਸੁ ਦੇਸ ॥ ਨੁਕਲਹਿ ਪਠਾਇ ਪੱਛਮ ਪ੍ਰਵੇਸ ॥੧੩॥੧੩੮॥**

ਰਾਜੇ ਯੁਧਿਸ਼ਟਰ ਨੇ ਰਾਜਸੂ ਯੱਗ ਕਰਨ ਤੋਂ ਪਹਿਲਾਂ ਅਰਜਨ ਨੂੰ ਉਤਰ ਦਿਸ਼ਾ ਦੇ ਰਾਜਿਆਂ ਨੂੰ ਸਰ ਕਰਨ ਲਈ ਭੇਜਿਆ। ਭੀਮਸੈਨ ਨੂੰ ਪੂਰਬ ਦਿਸ਼ਾ ਨੂੰ ਜਿੱਤਣ ਵਾਸਤੇ ਤੋਰਿਆ। ਦੱਖਣ ਦਿਸ਼ਾ ਦੇ ਰਾਜਿਆਂ ਨੂੰ ਅਧੀਨ ਕਰਨ ਲਈ ਸਹਿਦੇਵ ਨੂੰ ਭੇਜਿਆਂ ਤੇ ਪੱਛਮ ਦੇਸ਼ ਵਲ ਨਕੁਲ ਨੂੰ ਤੋਰਿਆਂ॥੧੩॥੧੩੮॥

**ਮੰਡੇ ਮਹੀਪ ਖੰਡਜੋ ਖਤ੍ਰਾਣ॥ ਜਿੱਤੇ ਅਜੀਤ ਮੰਡੇ ਮਹਾਨ॥
ਖੰਡਿਯੋ ਸੁ ਉੱਤ੍ਰ ਖੁਰਾਸਾਨ ਦੇਸ॥ ਦੱਛਨ ਪੂਰਬ ਜੀਤੇ ਨਰੇਸ਼॥੧੪॥੧੩੯॥**

ਰਾਜੇ ਯੁਧਿਸ਼ਟਰ ਦੇ ਭੇਜੇ ਚੋਹਾਂ ਭਰਾਵਾਂ ਨੇ ਆਪਣੇ ਖੰਡਿਆਂ ਨਾਲ ਬੜੇ ਬੜੇ ਬਹਾਦਰ ਖੱਤਰੀ ਰਾਜਿਆਂ ਨੂੰ ਮਲ ਸੁਟਿਆ। ਮਹਾਨ ਜੁਧ ਕਰਕੇ ਅਜਿੱਤ ਰਾਜਿਆਂ ਨੂੰ ਆਪਣੇ ਅਧੀਨ ਕਰ ਲਿਆ। ਉੱਤਰ ਦਿਸ਼ਾ ਦੇ ਖੁਰਾਸਾਨ ਦੇਸ਼ ਨੂੰ ਖੰਡਨ ਕਰ ਦਿੱਤਾ ਤੇ ਦੱਖਣ ਤੇ ਪੂਰਬ ਦਿਸ਼ਾ ਦੇ ਰਾਜਿਆਂ ਨੂੰ ਜਿੱਤ ਲਿਆ॥੧੪॥੧੩੯॥

**ਖਗ ਖੰਡ ਜੀਤੇ ਮਹੀਪ॥ ਬੱਜਿਯੋ ਨਿਸ਼ਾਨ ਇਹ ਜੰਬੂਦੀਪ॥
ਇਕ ਠਉਰ ਕੀਏ ਸਭ ਦੇਸ ਰਾਉ॥ ਮਖ ਰਾਜਸੂਅ ਕੋ ਕੀਓ ਚਾਉ॥੧੫॥੧੪੦॥**

ਅਰਜਨ, ਭੀਮਸੈਨ ਆਦਿ ਜੋਧਿਆਂ ਨੇ ਸਭ ਖੰਡਾਂ ਦੇ ਰਾਜਿਆਂ ਨੂੰ ਆਪਣੀ ਤਲਵਾਰ ਦੇ ਜ਼ੋਰ ਨਾਲ ਜਿੱਤ ਲਿਆ। ਸਾਰੇ ਜੰਬੂ ਦੀਪ ਵਿਚ ਯੁਧਿਸ਼ਟਰ ਦੇ ਨਾਂ ਦੇ ਨਗਾਰੇ ਵੱਜਣ ਲਗੇ। ਸਭ ਦੇਸ਼ਾਂ ਦੇ ਰਾਜਿਆਂ ਨੂੰ ਉਸ ਨੇ ਇਕ ਜਗ੍ਹਾ ਇੱਕਠੇ ਕਰ ਲਿਆ। ਇਸ ਤਰ੍ਹਾਂ ਉਸ ਨੇ ਰਾਜਸੂ ਯੱਗ ਦਾ ਬੜੇ ਚਾਅ ਨਾਲ ਆਰੰਭ ਕੀਤਾ॥੧੪੦॥

**ਸਭ ਦੇਸ ਦੇਸ ਪਠੇ ਸੁ ਪੱਤ੍ਰ॥ ਜਿਤ ਜਿਤ ਗੁਨਾਢ ਕੀਏ ਇਕੱਤ੍ਰ॥
ਮਖ ਰਾਜਸੂਅ ਕੋ ਕੀਯੋ ਅਰੰਭ॥ ਨ੍ਰਿਪ ਬਹੁ ਬੁਲਾਇ ਜਿੱਤੇ ਅਸੰਭ॥੧੬॥੧੪੧॥**

ਰਾਜਾ ਯੁਧਿਸ਼ਟਰ ਨੇ ਰਾਜਸੂ ਯੱਗ ਵਿਚ ਸ਼ਾਮਲ ਹੋਣ ਲਈ ਸਭ ਦੇਸ਼ਾਂ ਵਿਚ ਚਿੱਠੀਆਂ ਭੇਜ ਦਿੱਤੀਆਂ। ਜਿਥੇ ਵੀ ਗੁਣਵਾਨ ਬ੍ਰਾਹਮਣ ਸਨ, ਉਨ੍ਹਾਂ ਸਾਰਿਆਂ ਨੂੰ ਇਕੱਠਿਆਂ ਕਰ ਲਿਆ। ਰਾਜਸੂ ਯਗ ਦਾ ਆਰੰਭ ਕਰ ਦਿੱਤਾ। ਜਿੰਨ੍ਹਾਂ ਰਾਜਿਆਂ ਨੂੰ ਜਿੱਤਕੇ ਆਪਣੇ ਅਧੀਨ ਕੀਤਾ ਸੀ, ਉਹਨਾਂ ਸਭਨਾਂ ਨੂੰ ਬੁਲਾ ਲਿਆ॥ ੧੬॥ ੧੪੧॥

ਸ੍ਰੀ ਗਿਆਨ ਪ੍ਰਬੋਧ ਗ੍ਰੰਥੇ ਜੀਵਾਤਮਾ ਕਾ ਪਰਮਾਤਮਾ ਕੋ ਪ੍ਰਸ਼ਨ ਧਿਆਏ ਦੁਤੀਆ ਸਮਾਪਤਮ॥ ਸਤੁ ਸੁਭਮ ਸਤੁ॥ ੨॥ ੧੬॥ ੧੪੧॥ ਅਫਜੂੰ॥

ਸ੍ਰੀ ਗਿਆਨ ਪ੍ਰਬੋਧ ਗ੍ਰੰਥ, ਜੀਵਾਤਮਾ ਦਾ ਪਰਮਾਤਮਾ ਨੂੰ ਪ੍ਰਸ਼ਨ ਕਰਨਾ ਅਧਿਆਏ ਦੂਸਰਾ ਸਮਾਪਤ॥ ਸਤ ਸ਼ੁਭਮ ਸਤ॥ ੨॥ ੧੬॥ ੧੪੧॥

# ੩- ਰਾਜਾ ਯੁਧਿਸ਼ਟਰ ਦਾ ਰਾਜ ਵਰਣਨ

## ਯੁਧਿਸ਼ਟਰ ਵਲੋਂ ਪਹਿਲਾਂ ਰਾਜਸੂ ਯੱਗ ਕਰਨਾ

**ਰੂਆਲ ਛੰਦ॥ ਕੋਟਿ ਕੋਟਿ ਬੁਲਾਇ ਰਿੱਤਜ ਕੋਟਿ ਬ੍ਰਹਮ ਬੁਲਾਇ॥
ਕੋਟਿ ਕੋਟਿ ਬਨਾਇ ਬਿੰਜਨ ਭੋਗੀਅਹਿ ਬਹੁ ਭਾਇ॥
ਜੱਤ੍ਰ ਤੱਤ੍ਰ ਸਮਗ੍ਰਕਾ ਕਹੂੰ ਲਾਗ ਹੈ ਨ੍ਰਿਪਰਾਇ॥
ਰਾਜਸੂਇ ਕਰਹਿ ਲਗੇ ਸਭ ਧਰਮ ਕੋ ਚਿਤ ਚਾਇ॥ ੧॥ ੧੪੨॥**

ਪਦ ਅਰਥ - ਰਿੱਤਜ=ਯੱਗ ਨੂੰ ਵਿਧੀ ਪੂਰਬਕ ਕਰਾਉਣ ਵਾਲਾ ਬ੍ਰਾਹਮਣ। ਬ੍ਰਹਮ=ਬ੍ਰਹਮਾ। ਵੇਦਾਂ ਦੇ ਗਿਆਤਾ ਬ੍ਰਾਹਮਣ। ਬਿੰਜਨ=ਭੋਜਨ।

ਰਾਜਾ ਯੁਧਿਸ਼ਟਰ ਨੇ ਕਈ ਕਰੋੜਾਂ ਰਿੱਤਜ ਬੁਲਾ ਲਏ ਤੇ ਕਈ ਕਰੋੜਾਂ ਚੌਹਾਂ ਵੇਦਾਂ ਦੇ ਗਿਆਤਾ ਬ੍ਰਾਹਮਣ ਬੁਲਾ ਲਏ। ਕਈ ਕਰੋੜਾਂ ਭਾਂਤ ਦੇ ਖਾਣ ਵਾਲੇ ਪਦਾਰਥ ਤਿਆਰ ਕਰਵਾਏ, ਜਿੰਨ੍ਹਾਂ ਨੂੰ ਸਾਰੇ ਮਹਿਮਾਨ ਬੜੇ ਸ਼ੌਕ ਨਾਲ ਖਾਂਦੇ ਸਨ। ਜਿਥੇ ਜਿਥੇ ਵੀ ਯੱਗ ਦੀ ਸਮੱਗਰੀ ਸੀ, ਉਸ ਨੂੰ ਇਕੱਠੀ ਕਰਨ ਵਿਚ ਸਭ ਰਾਜੇ ਲੱਗ ਗਏ। ਜਿਨ੍ਹਾਂ ਦੇ ਮਨ ਵਿਚ ਧਰਮ ਕਰਮ ਦਾ ਚਾਅ ਸੀ, ਉਹ ਰਾਜਸੂ ਯੱਗ ਕਰਨ ਲੱਗ ਪਏ॥ ੧॥ ੧੪੨॥

**ਏਕ ਏਕ ਸੁਵਰਨ ਕੋ ਦਿਜ. ਏਕ ਦੀਜੈ ਭਾਰ॥
ਏਕ ਸਉ ਗਜ ਏਕ ਸਉ ਰਥਿ ਦੁਇ ਸਹੰਸ੍ਰ ਤੁਖਾਰ॥
ਸਹੰਸ ਚਤੁਰ ਸੁਵਰਨ ਸਿੰਗੀ ਮਹਿਖ ਦਾਨ ਅਪਾਰ॥
ਏਕ ਏਕਹਿ ਦੀਜੀਐ ਸੁਨ ਰਾਜ ਰਾਜ ਅਉਤਾਰ॥ ੨॥ ੧੪੩॥**

ਪਦ ਅਰਥ - ਦਿਜ=ਬ੍ਰਾਹਮਣ। ਭਾਰ=ਅੱਠ ਹਜ਼ਾਰ ਤੋਲੇ ਦਾ ਇਕ ਭਾਰ। ਤੁਖਾਰ=ਘੋੜੇ। ਸੁਵਰਨ ਸਿੰਗੀ=ਜਿੰਨਾਂ ਗਊਆਂ ਦੇ ਸਿੰਗਾਂ ਤੇ ਸੋਨੇ ਦੇ ਖੋਲ ਚੜ੍ਹੇ ਹੁੰਦੇ ਹਨ। ਮਹਿਖ=ਮੱਝਾਂ।

ਯੱਗ ਕਰਾਉਣ ਵਾਲੇ ਬ੍ਰਾਹਮਣਾਂ ਨੇ ਰਾਜਾ ਯੁਧਿਸ਼ਟਰ ਨੂੰ ਕਿਹਾ ਕਿ ਹਰ ਇਕ ਬ੍ਰਾਹਮਣ ਨੂੰ ਇਕ ਇਕ ਭਾਰ ਸੋਨਾ ਦਾਨ ਦਿਓ ਇਕ ਸੌ ਹਾਥੀ, ਇਕ ਸੌ ਰਥ ਤੇ ਦੋ ਹਜ਼ਾਰ ਘੋੜੇ ਵੀ ਦਿਓ। ਚਾਰ ਹਜ਼ਾਰ ਸੋਨੇ ਦੇ ਸਿੰਗਾਂ ਵਾਲੀਆਂ ਗਊਆਂ ਤੇ ਬੇਸ਼ੁਮਾਰ ਮਝਾਂ ਦਿਓ। ਹੇ ਰਾਜਿਆਂ ਵਿਚ ਰਾਜ ਅਵਤਾਰ! ਏਨਾ ਦਾਨ ਇਕ ਇਕ ਬ੍ਰਾਹਮਣ ਨੂੰ ਦਿਓ॥ ੨॥ ੧੪੩॥

## ਸੁਵਰਨ ਦਾਨ ਸੁ ਰੁਕਮ ਦਾਨ ਸੁ ਤਾਂਬ੍ਰਦਾਨ ਅਨੰਤ॥
## ਅੰਨ ਦਾਨ ਅਨੰਤ ਦੀਜਤ ਦੇਖ ਦੀਨ ਦੁਰੰਤ॥
## ਬਸਤ੍ਰ ਦਾਨ ਪਟੰਬ੍ਰ ਦਾਨ ਸੁ ਸ਼ਸਤ੍ਰ ਦਾਨ ਦਿਜੰਤ॥
## ਭੂਪ ਭਿੱਛਕ ਹੁਇ ਗਏ ਸਭ ਦੇਸ ਦੇਸ ਦੁਰੰਤ॥ ੩॥ ੧੪੪॥

ਯੁਧਿਸ਼ਟਰ ਨੇ ਬ੍ਰਾਹਮਣਾਂ ਦੇ ਕਹੇ ਅਨੁਸਾਰ ਬ੍ਰਾਹਮਣਾਂ ਨੂੰ ਸੋਨਾ ਦਿੱਤਾ, ਚਾਂਦੀ ਦਿੱਤੀ ਤੇ ਬੇਅੰਤ ਤਾਂਬਾ ਦਾਨ ਦਿੱਤਾ। ਬੇਸ਼ੁਮਾਰ ਜੋ ਦੀਨ ਦੁਖੀ ਸਨ, ਉਹਨਾਂ ਨੂੰ ਅੰਨ ਦਾਨ ਦਿੱਤਾ। ਆਮ ਕੱਪੜੇ, ਰੇਸ਼ਮੀ ਬਸਤਰ ਤੇ ਸ਼ਸਤਰਾਂ ਦਾ ਦਾਨ ਦਿੱਤਾ। ਸਭ ਦੇਸ਼ਾਂ ਦੇ ਮੰਗਤੇ ਰਾਜਾ ਯੁਧਿਸ਼ਟਰ ਤੋਂ ਬੇਅੰਤ ਦਾਨ ਲੈ ਕੇ ਰਾਜੇ ਬਣ ਗਏ॥ ੩॥ ੧੪੪॥

## ਚਤ੍ਰ ਕੋਸ ਬਨਾਇ ਕੁੰਡਕ ਸੰਹਸ੍ਰ ਲਾਇ ਪਰਨਾਰ॥
## ਸੰਹਸ੍ਰ ਹੋਮ ਕਰੈ ਲਗੈ ਦਿਜ ਬੇਦ ਬਿਆਸ ਅਉਤਾਰ॥
## ਹਸਤ ਸੁੰਡ ਪ੍ਰਮਾਨ ਘ੍ਰਿਤ ਕੀ ਪਰਤ ਧਾਰ ਅਪਾਰ॥
## ਹੋਤ ਭਸਮ ਅਨੇਕ ਬਿੰਜਨ ਲਪਟ ਝਪਟ ਕਰਾਲ॥ ੪॥ ੧੪੫॥

ਯੱਗ ਕਰਨ ਵਾਸਤੇ ਚਾਰ ਕੋਹਾਂ ਤਕ ਹੋਮ ਕੁੰਡ ਬਣਾਇਆ ਗਿਆ, ਜਿਸ ਵਿਚ ਘਿਉ ਪਾਉਣ ਲਈ ਇਕ ਹਜ਼ਾਰ ਪਰਨਾਲੇ ਲਾਏ ਗਏ। ਇਕ ਹਜ਼ਾਰ ਬ੍ਰਾਹਮਣ, ਜੋ ਵਿਦਿਆ ਵਿਚ ਵੇਦ ਬਿਆਸ ਦੇ ਅਵਤਾਰ ਸਨ, ਹੋਮ ਕਰਨ ਲਗੇ। ਹਾਥੀ ਦੀ ਸੁੰਡ ਜਿੰਨੀ ਮੋਟੀ ਘਿਉ ਦੀ ਧਾਰ ਹੋਮ ਦੇ ਕੁੰਡ ਵਿਚ ਪੈਣ ਲਗੀ। ਹੋਰ ਅਨੇਕਾਂ ਪਦਾਰਥ ਵੀ ਘਿਉ ਦੇ ਨਾਲ ਪੈਣ ਲਗੇ, ਜਿਸ ਨੂੰ ਅਗਨੀ ਦੀਆਂ ਭਿਆਨਕ ਲਾਟਾਂ ਭਸਮ ਕਰਨ ਲਗੀਆਂ॥ ੪॥ ੧੪੫॥

## ਮ੍ਰਿਤਕਾ ਸਭ ਤੀਰਥ ਕੀ ਸਭ ਤੀਰਥ ਕੋ ਲੈ ਬਾਰ॥
## ਕਾਸਟਕਾ ਸਭ ਦੇਸ ਕੀ ਸਭ ਦੇਸ ਕੀ ਜਿਉ ਨਾਰ॥
## ਭਾਂਤ ਭਾਂਤਨ ਕੇ ਮਹਾਂ ਰਸ ਹੋਮੀਐ ਤਿਹ ਮਾਹਿ॥

**ਦੇਖ ਚਕ੍ਰਤ ਰਹੈ ਦਿਜੰਬਰ ਰੀਝ ਹੀ ਨਰ ਨਾਹਿ॥ ੫॥ ੧੪੬॥**

ਸਾਰੇ ਤੀਰਥਾਂ ਦੀ ਮਿੱਟੀ ਤੇ ਸਾਰੇ ਤੀਰਥਾਂ ਦਾ ਜਲ ਲਿਆਂਦਾ ਗਿਆ ਸਾਰੇ ਦੇਸ਼ਾਂ ਦੀਆਂ ਲਕੜਾਂ ਤੇ ਸਾਰੇ ਦੇਸ਼ਾਂ ਦੇ ਖਾਣ ਵਾਲੇ ਪਦਾਰਥ ਲਿਆਂਦੇ ਗਏ। ਕਈ ਤਰ੍ਹਾਂ ਦੇ ਚੰਗੇ ਚੰਗੇ ਪਦਾਰਥ ਹੋਮ ਕਰਨ ਲਈ ਕੁੰਡ ਵਿਚ ਪਾਏ ਜਾਣ ਲੱਗੇ। ਇਹਨਾਂ ਪਦਾਰਥਾਂ ਨੂੰ ਭਸਮ ਹੁੰਦਿਆਂ ਵੇਖ ਕੇ ਸਰੇਸ਼ਟ ਬ੍ਰਾਹਮਣ ਰਾਜੇ ਪ੍ਰਸੰਨ ਹੁੰਦੇ ਸਨ॥ ੫॥ ੧੪੬॥

**ਭਾਂਤ ਭਾਂਤ ਅਨੇਕ ਬਿੰਜਨ ਹੋਮੀਐ ਤਿਹ ਆਨ॥**
**ਚਤੁਰ ਬੇਦ ਪੜ੍ਹੈ ਚੜ੍ਹ ਸਭ ਬਿੱਪ ਬਜਾਸ ਸਮਾਨ॥**
**ਭਾਂਤ ਭਾਂਤ ਅਨੇਕ ਭੂਪਤ ਦੇਤ ਦਾਨ ਅਨੰਤ॥**
**ਭੂਮ ਭੂਰ ਉਠੀ ਜਜਤ ਧੁਨਿ ਜੱਤ੍ਰ ਤੱਤ੍ਰ ਦੁਰੰਤ॥ ੬॥ ੧੪੭॥**

ਕਈ ਪ੍ਰਕਾਰ ਦੇ ਸਵਾਦੀ ਪਦਾਰਥ ਯੱਗ ਦੇ ਕੁੰਡ ਵਿਚ ਹੋਮ ਕੀਤੇ ਜਾ ਰਹੇ ਸਨ। ਕੁੰਡ ਦੇ ਦੋਹਾਂ ਪਾਸਿਆਂ ਵਲ ਬੈਠੇ ਵੇਦ ਵਿਆਸ ਵਰਗੇ ਵਿਦਵਾਨ ਬ੍ਰਾਹਮਣ ਵੇਦਾਂ ਦੇ ਮੰਤ੍ਰ ਉਚਾਰ ਰਹੇ ਸਨ। ਰਾਜੇ ਭਾਂਤ ਭਾਂਤ ਦੇ ਪਦਾਰਥ ਬ੍ਰਾਹਮਣਾਂ ਨੂੰ ਦਾਨ ਕਰ ਰਹੇ ਸਨ। ਇਸ ਯੱਗ ਨੂੰ ਵੇਖਕੇ ਧਰਤੀ ਉੱਤੇ ਹਰ ਥਾਂ ਯੁਧਿਸ਼ਟਰ ਦੇ ਨਾਂ ਦੀ ਜੈ ਜੈਕਾਰ ਦੀ ਧੁਨੀ ਹੋ ਰਹੀ ਸੀ॥ ੬॥ ੧੪੭॥

**ਜੀਤ ਜੀਤ ਮਵਾਸ ਆਸਨ ਅਰਬ ਖਰਬ ਛਿਨਾਇ॥**
**ਆਨਿ ਆਨਿ ਦੀਏ ਦਿਜਾਨਨ ਜੱਗ ਮੈ ਕੁਰਰਾਇ॥**
**ਭਾਂਤ ਭਾਂਤ ਅਨੇਕ ਧੂਮ ਸੁ ਧੂਪੀਐ ਤਿਹ ਆਨ॥**
**ਭਾਂਤ ਭਾਂਤ ਉਠੀ ਜਯੰ ਧੁਨਿ ਜੱਤ੍ਰ ਤੱਤ੍ਰ ਦਿਸਾਨ॥ ੭॥ ੧੪੮॥**

ਬੜੇ ਬੜੇ ਆਕੀ ਰਾਜਿਆਂ ਕੋਲੋਂ ਅਰਬਾਂ ਖਰਬਾਂ ਦੇ ਕੀਮਤੀ ਹੀਰੇ ਲਾਲ ਆਦਿ ਖੋਹ ਖੋਹ ਕੇ ਯੁਧਿਸ਼ਟਰ ਨੇ ਬ੍ਰਾਹਮਣਾਂ ਨੂੰ ਦਾਨ ਕੀਤੇ। ਸੁਗੰਧੀ ਵਾਸਤੇ ਕਈ ਤਰ੍ਹਾਂ ਦੇ ਧੂਪ ਆਦਿ ਧੁਖਾਏ ਜਾ ਰਹੇ ਸਨ। ਜਿਥੇ ਕਿਤੇ ਹਰ ਦਿਸ਼ਾ ਵਿਚ ਯੁਧਿਸ਼ਟਰ ਦੀ ਜੈ ਜੈ ਕਾਰ ਹੋ ਰਹੀ ਸੀ॥ ੭॥ ੧੪੮॥

**ਜਰਾਸਿੰਧਹ ਮਾਰ ਕੈ ਪੁਨਿ ਕੈਰਵਾ ਹਥਿ ਪਾਇ॥**
**ਰਾਜਸੂਇ ਕੀਓ ਬਡੋ ਮਖਿ ਕਿਸ਼ਨ ਕੇ ਮਤਿ ਭਾਇ॥**
**ਰਾਜਸੂਇ ਸੁ ਕੈ ਕਿਤੇ ਦਿਨ ਜੀਤ ਸ਼ੱਤ੍ਰ ਅਨੰਤ॥**
**ਬਾਜਮੇਧ ਅਰੰਭ ਕੀਨੋ ਬੇਦ ਬਜਾਸ ਮਤੰਤ॥ ੮॥ ੧੪੯॥**

ਪਦ ਅਰਥ - ਹਥਿ ਪਾਇ=ਅਧੀਨ ਕਰਕੇ। ਮਤਿ ਭਾਇ=ਸਲਾਹ ਅਨੁਸਾਰ।

ਯੁਧਿਸ਼ਟਰ ਨੇ ਜਰਾਸਿੰਧ ਨੂੰ ਮਾਰਕੇ ਤੇ ਕੌਰਵਾਂ ਨੂੰ ਆਪਣੇ ਅਧੀਨ ਕਰਕੇ ਸ੍ਰੀ ਕ੍ਰਿਸ਼ਨ ਜੀ ਦੀ ਸਲਾਹ ਨਾਲ ਰਾਜਸੂ ਯੱਗ ਕੀਤਾ। ਆਪਣੇ ਅਨੇਕਾਂ ਦੁਸ਼ਮਨਾਂ ਨੂੰ ਫਤਹਿ ਕਰਕੇ ਕਈ ਦਿਨਾਂ ਤਕ ਰਾਜਸੂ ਯੱਗ ਕੀਤਾ ਗਿਆ। ਇਸ ਤੋਂ ਪਿਛੋਂ ਵੇਦ ਵਿਆਸ ਦੀ ਆਗਿਆ ਨਾਲ ਅਸ੍ਵਮੇਧ ਯੱਗ ਅਰੰਭ ਕੀਤਾ ਗਿਆ॥ ੮॥ ੧੪੯॥

## ਯੁਧਿਸ਼ਟਰ ਵਲੋਂ ਦੂਸਰਾ ਅਸ੍ਵਮੇਧ ਜੱਗ, ਚਿੱਟੇ ਘੋੜੇ ਦਾ ਕਤਲ

ਚੰਦ੍ਰ ਬਰਣੀ ਸੁਕਰਨਿ ਸਜਾਮ ਸੁਵਰਨ ਪੂਛ ਸਮਾਨ॥
ਰਤਨ ਤੁੰਗ ਉਤੰਗ ਬਾਜਤ ਉਚ ਸ੍ਰਵਾਹ ਸਮਾਨ॥
ਨਿਰਤ ਕਰਤ ਚਲੈ ਧਰਾ ਪਰਿ ਕਾਮ ਰੂਪ ਪ੍ਰਭਾਇ॥
ਦੇਖਿ ਦੇਖਿ ਛਕੈ ਸਭੈ ਨ੍ਰਿਪ ਰੀਝਿ ਇਉ ਨ੍ਰਿਪਰਾਇ॥ ੯॥ ੧੫੦॥

ਅਸ੍ਵਮੇਧ ਯੱਗ ਕਰਨ ਲਈ ਜਿਹੜਾ ਜਿੱਤ ਦਾ ਘੋੜਾ ਸਾਰੇ ਭਾਰਤ ਵਿਚ ਫੇਰਿਆ ਗਿਆ ਉਸਦੇ ਰੂਪ ਦਾ ਵਰਣਨ ਇਸ ਪ੍ਰਕਾਰ ਕਰਦੇ ਹਨ :-

ਉਹ ਘੋੜਾ ਚੰਦ੍ਰਮਾ ਵਰਗਾ ਚਿੱਟੇ ਰੰਗ ਦਾ ਸੀ। ਉਸ ਦੇ ਕੰਨ ਕਾਲੇ ਤੇ ਪੂਛ ਸੁਨਿਹੀਰੀ ਸੀ। ਬੜੀਆਂ ਮੋਟੀਆਂ ਅੱਖਾਂ ਤੇ ਉੱਚੀ ਗਰਦਨ ਵਾਲਾ ਸੀ। ਸੂਰਜ ਦੇ ਘੋੜੇ ਸਮਾਨ ਉਸ ਦੀ ਸ਼ੋਭਾ ਸੀ। ਉਹ ਨਚਦਾ ਕੁੱਦਦਾ ਧਰਤੀ ਤੇ ਚਲ ਰਿਹਾ ਸੀ ਤੇ ਉਸ ਦਾ ਪ੍ਰਭਾਵ ਕਾਮ ਦੇ ਰੂਪ ਵਰਗਾ ਸੀ। ਉਸ ਘੋੜੇ ਦੇ ਰੂਪ ਨੂੰ ਵੇਖ ਵੇਖ ਕੇ ਸਭ ਰਾਜੇ ਖੁਸ਼ ਹੋ ਰਹੇ ਸਨ ਤੇ ਮਹਾਰਾਜਾ ਯੁਧਿਸ਼ਟਰ ਵੀ ਪ੍ਰਸੰਨ ਹੋ ਰਹੇ ਸਨ॥ ੯॥ ੧੫੦॥

ਘੋੜੇ ਦੇ ਨਾਲ ਜਿਹੜੇ ਯੋਧੇ ਘੋੜੇ ਦੀ ਰਖਵਾਲੀ ਲਈ ਜਾ ਰਹੇ ਸਨ, ਉਹ ਬੜੀ ਪ੍ਰਸੰਨਤਾ ਨਾਲ ਸਾਜ਼ਾਂ ਨੂੰ ਵਜਾਉਂਦੇ ਤੇ ਖੁਸ਼ੀ ਦੇ ਗੀਤ ਗਾਉਂਦੇ ਚਲੇ ਜਾ ਰਹੇ ਸਨ।

ਬੀਣ ਬੇਣ ਮ੍ਰਿਦੰਗ ਬਾਜਤ ਬਾਸੁਰੀ ਸੁਰਨਾਇ॥
ਮੁਰਜ ਤੂਰ ਮੁਚੰਗ ਮੰਦਲ ਚੰਗ ਬੰਗ ਸਨਾਇ॥
ਢੋਲ ਢੋਲਕ ਖੰਜਕਾ ਡਫ ਝਾਂਝ ਕੋਟ ਬਜੰਤ॥
ਜੰਗ ਘੁੰਘਰੂ ਟੱਲਕਾ ਉਪਜੰਤ ਰਾਗ ਅਨੰਤ॥ ੧੦॥ ੧੫੧॥

ਵੀਣਾ, ਬੇਣ, ਮ੍ਰਿਦੰਗ, ਬੰਸਰੀਆਂ, ਭੇਰੀਆਂ, ਮੁਰਜ, ਤੂਰ, ਮੁਚੰਗ, ਚੰਗ-ਬੰਗ, ਢੋਲ ਤੇ ਢੋਲਕੀਆਂ, ਖੰਜਕਾ, ਡਫ ਤੇ ਝਾਂਝ ਆਦਿ ਕਰੋੜਾਂ ਸਾਜ ਵੱਜ ਰਹੇ ਸਨ। ਵੱਡਾ ਟੱਲ ਘੁੰਘਰੂ ਤੇ ਟਲੀਆਂ ਆਦਿ ਸਾਜਾਂ ਦੇ ਵੱਜਣ ਨਾਲ ਅਨੇਕਾਂ ਰਾਗ ਪੈਦਾ ਹੋ ਰਹੇ ਸਨ॥ ੧੦॥ ੧੫੧॥

ਅਮਿਤ ਸ਼ਬਦ ਬਜੰਤ੍ਰ ਭੇਰ ਹਰੰਤ ਬਾਜ ਅਪਾਰ॥
ਜਾਤ ਜਉਨ ਦਿਸਾਨ ਕੋ ਪਛ ਲਾਗ ਹੀ ਸਿਰਦਾਰ॥
ਜਉਨ ਬਾਧ ਤੁਰੰਗ ਜੂਝਤ ਜੀਤੀਐ ਕਰਿ ਜੁੱਧ॥
ਆਨ ਜੌਨ ਮਿਲੈ ਬਚੈ ਨਹਿ ਮਾਰੀਐ ਕਰਿ ਕ੍ਰੁੱਧ॥ ੧੧॥ ੧੫੨॥

ਭੇਰੀਆਂ ਤੇ ਹੋਰ ਅਨੇਕਾਂ ਸਾਜਾਂ ਦਾ ਸ਼ਬਦ ਹੋ ਰਿਹਾ ਸੀ ਤੇ ਘੋੜੇ ਦੇ ਨਾਲ ਜਾ ਰਹੇ ਸੂਰਮਿਆਂ ਦੇ ਬੇਸ਼ੁਮਾਰ ਘੋੜੇ ਹਿਣਕਦੇ ਸਨ। ਉਹ ਘੋੜਾ ਜਿਹੜੀ ਦਿਸ਼ਾ ਵਲ ਜਾਂਦਾ ਸੀ, ਉਸ ਦੇ ਪਿਛੇ ਸੈਨਕ ਜਾਂਦੇ ਸਨ। ਉਸ ਘੋੜੇ ਨੂੰ ਜਿਹੜਾ ਰਾਜਾ ਆਕੀ ਹੋ ਕੇ ਫੜਕੇ ਬੰਨ੍ਹ ਲੈਂਦਾ ਸੀ, ਰਾਜਾ ਯੁਧਿਸ਼ਟਰ ਦੀ ਅਧੀਨਗੀ ਪ੍ਰਵਾਨ ਕਰਕੇ ਸਵਾਗਤ ਲਈ ਅਗੋਂ ਆ ਕੇ ਮਿਲਦਾ ਸੀ, ਉਹ ਬਚ ਜਾਂਦਾ ਸੀ। ਜਿਹੜਾ ਨਹੀਂ ਸੀ ਮਿਲਦਾ, ਉਸ ਨੂੰ ਬੜੇ ਕ੍ਰੋਧ ਨਾਲ ਮਾਰ ਦਿੱਤਾ ਜਾਂਦਾ ਸੀ॥ ੧੧॥ ੧੫੨॥

ਹਯ ਫੇਰ ਚਾਰ ਦਿਸਾਨ ਮੈ ਸਭ ਜੀਤ ਕੇ ਛਿਤਪਾਲ॥
ਬਾਜਮੇਧ ਕਰਜੋ ਸਪੂਰਨ ਅਮਿਤ ਜੱਗ ਰਿਸਾਲ॥
ਭਾਂਤ ਭਾਂਤ ਅਨੇਕ ਦਾਨ ਸੁ ਦੀਜੀਅਹਿ ਦਿਜਰਾਜ॥
ਭਾਂਤ ਭਾਂਤ ਪਟੰਬਰਾਦਿਕ ਬਾਜਿ ਯੋ ਗਜ ਰਾਜ॥ ੧੨॥ ੧੫੩॥

ਰਾਜਾ ਯੁਧਿਸ਼ਟਰ ਦੇ ਜੋਧਿਆਂ ਨੇ ਚੌਹਾਂ ਦਿਸ਼ਾਂ ਵਿਚ ਯੱਗ ਦੇ ਘੋੜੇ ਨੂੰ ਫੇਰਕੇ ਸਭ ਰਾਜਿਆਂ ਨੂੰ ਜਿੱਤ ਲਿਆ। ਬੜੇ ਸੁੰਦਰ ਢੰਗ ਨਾਲ ਅਸ੍ਵਮੇਧ ਯੱਗ ਨੂੰ ਸੰਪੂਰਨ ਕੀਤਾ। ਬ੍ਰਾਹਮਣਾਂ ਨੂੰ ਕਈ ਤਰ੍ਹਾਂ ਦੇ ਪਦਾਰਥ ਦਾਨ ਦਿੱਤੇ ਗਏ। ਭਾਂਤ ਭਾਂਤ ਦੇ ਰੇਸ਼ਮੀ ਕਪੜੇ, ਘੋੜੇ ਤੇ ਹਾਥੀ ਆਦਿਕ ਵੀ ਦਿੱਤੇ ਗਏ॥ ੧੨॥ ੧੫੩॥

ਅਨੇਕ ਦਾਨ ਦੀਏ ਦਿਜਾਨਨ ਅਮਿਤ ਦਰਬ ਅਪਾਰ॥
ਹੀਰ ਚੀਰ ਪਟੰਬਰਾਦਿ ਸੁਵਰਨ ਕੇ ਬਹੁ ਭਾਰ॥
ਦੁਸ਼ਟ ਪੁਸ਼ਟ ਤ੍ਰਸੇ ਸਭੈ ਥਰਹਰਿਓ ਸੁਨਿ ਗਿਰਰਾਇ॥
ਕਾਟਿ ਕਾਟਿ ਨ ਦੈ ਦ੍ਵਿਜੈ ਨ੍ਰਿਪ ਬਾਂਟ ਬਾਂਟ ਲੁਟਾਇ॥ ੧੩॥ ੧੫੪॥

ਰਾਜਾ ਯੁਧਿਸ਼ਟਰ ਨੇ ਬ੍ਰਾਹਮਣਾਂ ਨੂੰ ਅਨੇਕ ਭਾਂਤ ਦੇ ਪਦਾਰਥ ਤੇ ਬੇਅੰਤ ਧਨ ਦਾਨ ਦਿੱਤਾ। ਹੀਰੇ, ਲਾਲ ਤੇ ਜਵਾਹਰ ਕਪੜੇ, ਰੇਸ਼ਮੀ ਬਸਤ੍ਰ ਤੇ ਸੋਨੇ ਦੇ ਬਹੁਤ ਭਾਰ ਵੀ ਦਾਨ ਰੂਪ ਵਿਚ ਦਿੱਤੇ। ਬੜੇ ਬੜੇ ਬਲਵਾਨ ਵੈਰੀ ਰਾਜਾ ਯੁਧਿਸ਼ਟਰ ਦਾ ਤੇਜ ਪ੍ਰਤਾਪ ਵੇਖਕੇ ਡਰ ਗਏ ਤੇ ਸੁਮੇਰ ਪਰਬਤ ਵੀ ਕੰਬਣ ਲੱਗ ਪਿਆ ਕਿ ਕਿਤੇ ਰਾਜਾ ਯੁਧਿਸ਼ਟਰ ਮੈਨੂੰ ਕਟ ਕਟ ਕੇ ਬ੍ਰਾਹਮਣਾਂ ਨੂੰ ਨਾ ਵੰਡ ਦੇਵੇ ॥ ੧੩॥ ੧੫੪॥

**ਫੇਰ ਕੈ ਸਭ ਦੇਸ ਮੈ ਹਯ ਮਾਰਿਓ ਮਖ ਜਾਇ॥**
**ਕਾਟਿ ਕੇ ਤਿਹ ਕੋ ਤਬੈ ਪਲ ਕੈ ਕਰੈ ਚਤੁ ਭਾਇ॥**
**ਏਕ ਬਿੱਪ੍ਰਨ ਏਕ ਛੱਤ੍ਰਨ ਏਕ ਇਸਤ੍ਰਿਨ ਦੀਨ॥**
**ਚਤ੍ਰ ਅੰਸ ਬਚਿਯੋ ਜੁ ਤਾ ਤੇ ਹੋਮ ਮੈ ਵਹਿ ਕੀਨ॥੧੪॥੧੫੫॥**

ਪਦ ਅਰਥ - ਮਖ ਜਾਇ=ਯੱਗ ਕਰਨ ਦੀ ਥਾਂ -ਯੱਗਸ਼ਾਲਾ। ਪਲ=ਮਾਸ। ਚਤ੍ਰਅੰਸ=ਚੋਥਾ ਹਿਸਾ।

ਯੱਗ ਦੇ ਘੋੜੇ ਨੂੰ ਸਾਰੇ ਦੇਸਾਂ ਵਿਚ ਫੇਰਕੇ ਫਿਰ ਉਸ ਨੂੰ ਯੱਗਸ਼ਾਲਾ ਵਿਚ ਲਿਜਾ ਕੇ ਮਾਰ ਦਿੱਤਾ। ਉਸ ਨੂੰ ਕੱਟ ਕੇ ਉਸ ਦੇ ਮਾਸ ਦੇ ਚਾਰ ਹਿਸੇ ਕੀਤੇ। ਇਕ ਹਿਸਾ ਬ੍ਰਾਹਮਣਾਂ ਨੂੰ, ਇਕ ਹਿਸਾ ਛੱਤ੍ਰੀ ਰਾਜਿਆਂ ਨੂੰ ਤੇ ਇਕ ਹਿਸਾ ਇਸਤ੍ਰੀਆਂ ਨੂੰ ਦਿੱਤਾ। ਬਾਕੀ ਦਾ ਬਚਦਾ ਚੋਥਾ ਹਿਸਾ ਹੋਮ ਵਿਚ ਅਹੂਤੀ ਕਰ ਦਿੱਤਾ ਗਿਆ॥੧੪॥੧੫੫॥

**ਪੰਚ ਸੈ ਬਰਖ ਪ੍ਰਮਾਨ ਸੁ ਰਾਜ ਕੈ ਇਹ ਦੀਪ॥**
**ਅੰਤ ਜਾਇ ਗਿਰੇ ਰਸਾਤਲ ਪੰਡ ਪੁੱਤਰ ਮਹੀਪ॥**
**ਭੂਪ ਭਰਥ ਭਏ ਪਰੀਛਤ ਪਰਮ ਰੂਪ ਮਹਾਨ॥**
**ਅਮਿਤ ਰੂਪ ਉਦਾਰ ਦਾਨ ਅਛਿੱਜ ਤੇਜ ਨਿਧਾਨ॥੧੫॥੧੫੬॥**

ਪਦ ਅਰਥ - ਰਸਤਾਲ=ਹਿਮਾਲਾ ਪਰਬਤ। ਸਤਵਾਂ ਪਤਾਲ।

ਪੰਡੂ ਰਾਜੇ ਦੇ ਪੁੱਤਰ ਪਾਂਡਵ ਰਾਜੇ ਇਸ ਦੀਪ ਤੇ ਪੰਜ ਸੋ ਵਰ੍ਹਾ ਰਾਜ ਕਰਕੇ ਅੰਤ ਨੂੰ ਹਿਮਾਲਾ ਪਰਬਤ ਵਿਚ ਜਾ ਕੇ ਗਲ ਗਏ। ਇਨ੍ਹਾਂ ਤੋਂ ਪਿਛੋਂ ਪ੍ਰਿਥਵੀ ਪਾਲਕ ਅਭਿਮੰਨੂੰ ਦਾ ਪੁੱਤਰ ਪ੍ਰੀਛਤ ਰਾਜਾ ਹੋਇਆ, ਜੋ ਪਰਮ ਸੁੰਦਰ, ਅਮਿਤ ਰੂਪ ਵਾਲਾ ਤੇ ਦਾਨ ਕਰਨ ਵਿਚ ਬੜਾ ਉਦਾਰ ਸੀ ਤੇ ਨਾ ਛਿੱਜਣ ਵਾਲੇ ਤੇਜ ਦਾ ਖਜ਼ਾਨਾ ਸੀ॥੧੫॥੧੫੬॥

ਸ੍ਰੀ ਗਿਆਨ ਪ੍ਰਬੋਧ ਗ੍ਰੰਥੇ ਰਾਜਾ ਯੁਧਿਸ਼ਟ੍ਰ ਕੋ ਰਾਜ ਬਰਨਨੰ ਸਮਾਪਤਮ ਸਤੁ ਸੁਭਮ ਸਤੁ॥ ੧੫॥੧੫੬॥ ਅਫਜੂੰ॥

ਸ੍ਰੀ ਗਿਆਨ ਪ੍ਰਬੋਧ ਗ੍ਰੰਥ ਰਾਜਾ ਯੁਧਿਸ਼ਟਰ ਦਾ ਰਾਜ ਵਰਣਨ ਸਮਾਪਤ॥ ਸਤ ਸੁਭਮ ਸਤ॥ ੩॥੧੫॥੧੫੬॥ ਚਲਦਾ॥

# ੪-ਰਾਜਾ ਪ੍ਰੀਛਤ ਦੇ ਰਾਜ ਦਾ ਵਰਣਨ

**ਰੁਆਲ ਛੰਦ॥ ਏਕ ਦਿਵਸ ਪਰੀਛਤਹਿ ਮਿਲਿ ਕੀਯੋ ਮੰਤ੍ਰ ਮਹਾਨ॥**
**ਗਜਾਮੇਧ ਸੁ ਜੱਗ ਕੋ ਕਿਉ ਕੀਜੀਐ ਸਵਧਾਨ॥**
**ਬੋਲਿ ਬੋਲਿ ਸੁਮਿੱਤ੍ਰ ਮੰਤ੍ਰਨ ਮੰਤ੍ਰ ਕੀਓ ਬਿਚਾਰ॥**
**ਸੇਤ ਦੰਤ ਮੰਗਾਇਕੈ ਬਹੁ ਜਗਤ ਸੌ ਅਬਿਚਾਰ॥੧॥੧੫੭॥**

ਇਕ ਦਿਨ ਰਾਜਾ ਪ੍ਰੀਛਤ ਨੇ ਸਭ ਦਰਬਾਰੀਆਂ ਨੂੰ ਬੁਲਾਕੇ ਇਹ ਸਲਾਹ ਪੁਛੀ ਕਿ ਗਜਾਮੇਧ ਯੱਗ ਕਿਵੇਂ ਕੀਤਾ ਜਾਂਦਾ ਹੈ? ਤੁਸੀਂ ਸਾਰੇ ਸਾਵਧਾਨ ਹੋ ਕੇ ਇਸ ਬਾਰੇ ਦੱਸੋ। ਰਾਜੇ ਨੇ ਆਪਣੇ ਚੰਗੇ ਸਿਆਣੇ ਮਿੱਤਰ ਤੇ ਮੰਤਰੀਆਂ ਨੂੰ ਬੁਲਾਕੇ ਇਸ ਯੱਗ ਸਬੰਧੀ ਉਨ੍ਹਾਂ ਨਾਲ ਵਿਚਾਰ ਕੀਤੀ। ਉਹਨਾਂ ਨਾਲ ਸਾਰੀ ਸਲਾਹ ਕਰਕੇ ਝਟ ਪਟ ਰਾਜੇ ਨੇ ਬਹੁਤ ਸਾਰੇ ਚਿਟੇ ਹਾਥੀ ਮੰਗਵਾ ਲਏ॥੧॥੧੫੭॥

**ਜੱਗ ਮੰਡਲ ਕੋ ਰਚਿਯੋ ਤਹਿ ਕੋਸ ਅਸ਼ਟ ਪ੍ਰਮਾਨ॥**
**ਅਸ਼ਟ ਸੰਹਸ੍ਰ ਬੁਲਾਇ ਰਿੱਤੁਜੁ ਅਸ਼ਟ ਲੱਛ ਦਿਜਾਨ॥**
**ਭਾਂਤ ਭਾਂਤ ਬਨਾਇਕੈ ਤਹਾਂ ਅਸ਼ਟ ਸੰਹਸ੍ਰ ਪ੍ਰਨਾਰ॥**
**ਹਸਤ ਸੁੰਡ ਪ੍ਰਮਾਨ ਤਾ ਮਹਿ ਹੋਮੀਐ ਘ੍ਰਿਤ ਧਾਰ॥੨॥੧੫੮॥**

ਰਾਜਾ ਪ੍ਰੀਛਤ ਨੇ ਅੱਠਾਂ ਕੋਹਾਂ ਵਿਚ ਯੱਗ ਮੰਡਲ ਬਣਵਾਇਆ। ਯੱਗ ਕਰਨ ਲਈ ਅੱਠ ਹਜ਼ਾਰ ਰਿੱਤਜ ਤੇ ਅੱਠ ਲੱਖ ਬ੍ਰਾਹਮਣਾਂ ਨੂੰ ਬੁਲਾ ਲਿਆ। ਯੱਗ ਦੇ ਹਵਨ ਕੁੰਡ ਨਾਲ ਵਖੋ ਵਖਰੇ ਢੰਗ ਦੇ ਅੱਠ ਹਜ਼ਾਰ ਪ੍ਰਨਾਲੇ ਘਿਉ ਪੈਣ ਲਈ ਬਣਾਏ ਗਏ, ਜਿੰਨ੍ਹਾਂ ਵਿਚੋਂ ਹਾਥੀ ਦੀ ਸੁੰਡ ਜਿੰਨੀ ਮੋਟੀ ਘਿਉ ਦੀ ਧਾਰ ਹਵਨ ਕੁੰਡ ਵਿਚ ਪੈਂਦੀ ਸੀ॥੨॥੧੫੮॥

**ਦੇਸ ਦੇਸ ਬੁਲਾਇਕੈ ਬਹੁ ਭਾਂਤ ਭਾਂਤ ਨ੍ਰਿਪਾਲ॥**
**ਭਾਂਤ ਭਾਂਤਨ ਕੇ ਦੀਏ ਬਹੁ ਦਾਨ ਮਾਨ ਰਸਾਲ॥**
**ਹੀਰ ਚੀਰ ਪਟੰਬਰਾਦਿਕ ਬਾਜ ਅਉ ਗਜਰਾਜ॥**
**ਸਾਜ ਸਾਜ ਸਭੈ ਦੀਏ ਬਹੁ ਰਾਜ ਕੌ ਨ੍ਰਿਪਰਾਜ॥੩॥੧੫੯॥**

ਹਰ ਇਕ ਦੇਸ਼ ਵਿਚੋਂ ਭਾਂਤ ਭਾਂਤ ਦੇ ਰਾਜੇ ਬੁਲਾ ਲਏ ਗਏ। ਉਹਨਾਂ ਰਾਜਿਆਂ ਦਾ ਬਹੁਤ ਸਨਮਾਨ ਕੀਤਾ ਗਿਆ ਤੇ ਉਹਨਾਂ ਨੂੰ ਕਈ ਤਰ੍ਹਾਂ ਦੇ ਪਦਾਰਥ ਦਿੱਤੇ ਗਏ। ਹੀਰੇ, ਕਪੜੇ, ਰੇਸ਼ਮੀ ਬਸਤ੍ਰ, ਘੋੜੇ ਤੇ ਹਾਥੀ ਸਾਜਾਂ ਨਾਲ ਸਜਾ ਕੇ ਰਾਜਾ ਪ੍ਰੀਛਤ ਨੇ ਆਏ ਮਹਿਮਾਨ ਰਾਜਿਆਂ ਨੂੰ ਅਰਪਨ ਕੀਤੇ ॥੩॥੧੫੯॥

**ਐਸਿ ਭਾਂਤ ਕੀਓ ਤਹਾਂ ਬਹੁ ਬਰਖ ਲਉ ਤਿਹ ਰਾਜ॥**
**ਕਰਨ ਦੇਵ ਪ੍ਰਮਾਨ ਲਉ ਅਰ ਜੀਤ ਕੈ ਬਹੁ ਸਾਜ॥**
**ਏਕ ਦਿਵਸ ਚੜਿਓ ਨ੍ਰਿਪ ਬਰ ਸੈਲ ਕਾਜ ਅਖੇਟ॥**
**ਦੇਖ ਮ੍ਰਿਗ ਭਇਓ ਤਹਾਂ ਮੁਨਿਰਾਜ ਸਿਉ ਭਈ ਭੇਟ॥ ੪ ॥ ੧੯੦ ॥**

ਇਸ ਤਰ੍ਹਾਂ ਰਾਜਾ ਪ੍ਰੀਛਤ ਨੇ ਗਜਾਮੇਧ ਯੱਗ ਸਮਾਪਤ ਕਰਕੇ ਬੜੇ ਸਾਲ ਰਾਜ ਕੀਤਾ। ਕਰਨ ਰਾਜੇ ਵਰਗੇ ਬਲੀ ਤੇ ਮੰਨੇ ਪ੍ਰਮੰਨੇ ਵੈਰੀਆਂ ਨੂੰ ਜਿੱਤਕੇ ਆਪਣੇ ਅਧੀਨ ਕਰ ਲਿਆ ਤੇ ਉਨ੍ਹਾਂ ਦਾ ਬਹੁਤ ਸਾਰਾ ਸਾਜੋ ਸਮਾਨ ਖੋਹ ਲਿਆ। ਇਕ ਦਿਨ ਰਾਜਾ ਪ੍ਰੀਛਤ ਸੈਰ ਕਰਨ ਤੇ ਸ਼ਿਕਾਰ ਖੇਡਣ ਲਈ ਚੜ੍ਹਿਆ। ਉਸ ਨੇ ਜੰਗਲ ਵਿਚ ਇਕ ਹਿਰਨ ਨੂੰ ਵੇਖਿਆ ਤੇ ਉਸ ਨੂੰ ਮਾਰਨ ਲਈ ਉਸ ਦੇ ਮਗਰ ਲੱਗ ਤੁਰਿਆ। ਅਗੇ ਜਾ ਕੇ ਉਸ ਦਾ ਮੇਲ ਇਕ ਮੁਨੀਰਾਜ ਨਾਲ ਹੋਇਆ॥ ੪ ॥ ੧੯੦ ॥

**ਪੈਡ ਯਾਹਿ ਗਯੋ ਨਹੀ ਮ੍ਰਿਗ ਰੇ ਰਖੀਸਰੁ ਬੋਲ॥**
**ਊਤ੍ਰ ਭੂਪਹਿ ਨ ਦੀਓ ਮੁਨਿ ਆਂਖਿ ਭੀ ਇਕ ਖੋਲ॥**
**ਮ੍ਰਿਤਕ ਸਰਪ ਨਿਹਾਰਕੈ ਜਿਹ ਅਗ੍ਰ ਤਾਹ ਉਠਾਇ॥**
**ਤਉਨ ਕੇ ਗਰ ਡਾਰਕੈ ਨ੍ਰਿਪ ਜਾਤ ਭਯੋ ਨ੍ਰਿਪਰਾਇ॥ ੫ ॥ ੧੯੧ ॥**

ਹਿਰਨ ਰਾਜੇ ਤੋਂ ਬਹੁਤ ਦੂਰ ਨਿਕਲ ਗਿਆ ਤਾਂ ਉਸ ਨੇ ਮੁਨੀ ਨੂੰ ਕਿਹਾ ਹੇ ਰਿਖੀਰਾਜ! ਇਹ ਦੱਸੋ ਕਿ ਇਸ ਰਸਤੇ ਕੋਈ ਹਿਰਨ ਲੰਘਿਆ ਹੈ, ਅਗੋਂ ਮੁਨੀ ਨੇ ਨਾ ਅੱਖਾਂ ਖੋਲ੍ਹ ਕੇ ਰਾਜੇ ਨੂੰ ਵੇਖਿਆ ਤੇ ਨਾ ਹੀ ਕੋਈ ਜਵਾਬ ਦਿੱਤਾ। ਰਾਜੇ ਨੂੰ ਮੁਨੀ ਦੀ ਇਹ ਹਰਕਤ ਵੇਖਕੇ ਬੜਾ ਕਰੋਧ ਚੜ੍ਹਿਆ ਤੇ ਉਸ ਨੇ ਇਕ ਮੁਰਦਾ ਸੱਪ ਨੂੰ ਵੇਖਿਆ ਤੇ ਉਸ ਨੂੰ ਆਪਣੀ ਕਮਾਨ ਦੇ ਗੋਸ਼ੇ ਨਾਲ ਚੁਕ ਕੇ ਉਸ ਮੁਨੀ ਦੇ ਗਲ ਵਿਚ ਪਾ ਦਿੱਤਾ। ਇਹ ਕਰਮ ਕਰਕੇ ਮਹਾਰਾਜਾ ਪ੍ਰੀਛਤ ਉਥੋਂ ਅਗੇ ਚਲਾ ਗਿਆ॥ ੫ ॥ ੧੯੧ ॥

**ਆਂਖ ਉਘਾਰ ਲਖੈ ਕਹਾ ਮੁਨਿ ਸਰਪ ਦੇਖ ਡਰਾਨ॥**
**ਕ੍ਰੋਧ ਕਰਤ ਭਯੋ ਤਹਾਂ ਦ੍ਵਿਜ ਰਕਤ ਨੇਤ੍ਰ ਚੁਚਾਨ॥**
**ਜਉਨ ਮੋ ਗਰਿ ਡਾਰਿ ਗਜੋ ਤਿਹ ਕਾਟਿ ਹੈ ਅਹਿਰਾਇ॥**
**ਸਪਤ ਦਿਵਸਨ ਮੈ ਮਰੈ ਯਹਿ ਸੌਂਤਿ ਸ੍ਰਾਪ ਸਦਾਇ॥ ੬ ॥ ੧੯੨ ॥**

ਮੁਨੀ ਨੇ ਅੱਖਾਂ ਖੋਲ੍ਹੀਆਂ ਤੇ ਆਪਣੇ ਗਲ ਵਿਚ ਮੁਰਦਾ ਸੱਪ ਵੇਖਕੇ ਡਰ ਗਿਆ। ਇਹ ਵੇਖ ਕੇ ਉਸ ਰਿਸ਼ੀ ਦੇ ਮਨ ਵਿਚ ਬੜਾ ਕਰੋਧ ਜਾਗਿਆ ਤੇ ਉਸ ਦੀਆਂ ਅੱਖਾਂ ਵਿਚੋਂ ਲਹੂ ਚੋਣ ਲੱਗ ਪਿਆ ਭਾਵ ਕਰੋਧ ਨਾਲ ਉਸ ਦੀਆਂ ਅੱਖਾਂ ਲਾਲ ਹੋ ਗਈਆਂ। ਮੁਨੀ ਨੇ ਕਿਹਾ ਕਿ ਜਿਹੜਾ

ਆਦਮੀ ਮੇਰੇ ਗਲ ਵਿਚ ਇਹ ਸੱਪ ਪਾ ਗਿਆ ਹੈ, ਉਸ ਨੂੰ ਸੱਪਾਂ ਦਾ ਰਾਜਾ ਤੱਛਕ ਨਾਗ ਕਟੇਗਾ ਤੇ ਉਹ ਸੱਤਾਂ ਦਿਨਾਂ ਵਿਚ ਮਰ ਜਾਏਗਾ। ਮੇਰਾ ਇਹ ਸਰਾਪ ਸੱਚਾ ਹੋਵੇਗਾ॥ ੬॥ ੧੬੨॥

**ਸ੍ਰਾਪ ਕੋ ਸੁਨਿਕੈ ਡਰਜੋ ਨ੍ਰਿਪ ਮੰਦ੍ਰ ਏਕ ਉਸਾਰ॥**
**ਮੱਧਿ ਗੰਗ ਰਚਜੋ ਧਉਲ ਹਰਿ ਛ੍ਵਇ ਸਕੈ ਨ ਬਿਆਰ॥**
**ਸਰਪ ਕੀ ਤਹ ਗੰਮਤਾ ਕੋ ਕਾਟਿ ਹੈ ਤਿਹ ਜਾਇ॥**
**ਕਾਲ ਪਾਇ ਕਟਜੋ ਤਬੈ ਤਹਿ ਆਨ ਕੈ ਅਹਿਰਾਏ॥ ੭॥ ੧੬੩॥**

ਅਰਥ - ਮੁਨੀ ਦੇ ਇਸ ਸਰਾਪ ਨੂੰ ਜਦ ਰਾਜੇ ਨੇ ਸੁਣਿਆ ਤਾਂ ਇਸ ਸਰਾਪ ਤੋਂ ਬਚਣ ਲਈ ਉਸ ਨੇ ਇਕ ਮੰਦਰ ਬਣਵਾਇਆ। ਉਹ ਮੰਦਰ ਗੰਗਾ ਵਿਚ ਬਣਵਾਇਆ ਗਿਆ, ਜਿਸ ਨੂੰ ਹਵਾ ਵੀ ਨਹੀਂ ਸੀ ਛੂਹ ਸਕਦੀ। ਉਸ ਮਹਿਲ ਵਿਚ ਸੱਪ ਦੀ ਪਹੁੰਚ ਕਿਥੇ ਹੋ ਸਕਦੀ ਸੀ ਕਿ ਉਹ ਰਾਜੇ ਨੂੰ ਕੱਟ ਸਕੇ? ਪਰ ਠੀਕ ਸਮੇਂ ਸਿਰ ਤੱਛਕ ਨਾਗ ਨੇ ਉਸ ਮੰਦਰ ਵਿਚ ਬੈਠੇ ਰਾਜੇ ਨੂੰ ਕੱਟਿਆ॥ ੭॥ ੧੬੩॥

**ਸਾਠ ਬਰਖ ਪ੍ਰਮਾਨ ਲਉ ਦੁਇ ਮਾਸ ਯੋ ਦਿਨ ਚਾਰ॥**
**ਜੋਤਿ ਜੋਤਿ ਬਿਖੈ ਰਲੀ ਨ੍ਰਿਪ ਰਾਜ ਕੀ ਕਰਤਾਰ॥**
**ਭੂਮ ਭਰਥ ਭਏ ਤਬੈ ਜਨਮੇਜ ਰਾਜ ਮਹਾਨ॥**
**ਸੂਰਬੀਰ ਹਠੀ ਤਪੀ ਦਸ ਚਾਰ ਚਾਰ ਨਿਧਾਨ॥ ੮॥ ੧੬੪॥**

ਰਾਜਾ ਪ੍ਰੀਛਤ ਨੇ ਸੱਠ ਸਾਲ, ਦੋ ਮਹੀਨੇ ਤੇ ਚਾਰ ਦਿਨ ਰਾਜ ਕੀਤਾ। ਫਿਰ ਉਸ ਦੀ ਜੋਤ ਪ੍ਰਭੂ ਦੀ ਜੋਤ ਨਾਲ ਰਲ ਗਈ। ਉਸ ਤੋਂ ਪਿਛੋਂ ਉਸ ਦਾ ਪੁੱਤਰ ਪ੍ਰਿਥਵੀ ਦਾ ਪਾਲਕ ਰਾਜਾ ਜਨਮੇਜਾ ਗੱਦੀ ਤੇ ਬੈਠਾ, ਜੋ ਬੜਾ ਸੂਰਬੀਰ, ਹਠੀ, ਤਪੀ, ਚਤੁਰ ਤੇ ਚੋਦਾਂ ਵਿਦਿਆ ਦਾ ਖਜ਼ਾਨਾ ਸੀ॥ ੮॥ ੧੬੪॥

ਸ੍ਰੀ ਗਿਆਨ ਪ੍ਰਬੋਧ ਗ੍ਰੰਥੇ ਰਾਜਾ ਪ੍ਰੀਛਤ ਕੋ ਰਾਜ ਕਥਨੰ ਚਤੁਰਥ ਧਿਆਏ ਸਮਾਪਤਮ ਸਤੁ ਸੁਭਮ ਸਤੁ॥ ੪॥ ੮॥ ੧੬੪॥ ਅਫਜੂੰ॥

ਸ੍ਰੀ ਗਿਆਨ ਪ੍ਰਬੋਧ ਗ੍ਰੰਥ, ਰਾਜਾ ਪ੍ਰੀਛਤ ਦੇ ਰਾਜ ਦਾ ਵਰਣਨ ਸਮਾਪਤ, ਸਤ ਸ਼ੁਭਮ ਸਤ॥ ੪॥ ੮॥ ੧੬੪॥ ਚਲਦਾ॥

# ੫-ਰਾਜਾ ਜਨਮੇਜੇ ਦੇ ਰਾਜ ਦਾ ਵਰਣਨ

ਰੁਆਲ ਛੰਦ ॥ ਰਾਜ ਕੋ ਗ੍ਰਿਹ ਪਾਇਕੈ ਜਨਮੇਜ ਰਾਜ ਮਹਾਨ ॥
ਸੂਰਬੀਰ ਹਠੀ ਤਪੀ ਦਸ ਚਾਰ ਚਾਰ ਨਿਧਾਨ ॥
ਪਿਤਰ ਕੇ ਬਧ ਕੋਪ ਤੇ ਸਭ ਬਿਪ੍ਰ ਲੀਨ ਬੁਲਾਇ ॥
ਸਰਪ ਮੇਧ ਕਰਜੋ ਲਗੋ ਮਖ ਧਰਮ ਕੇ ਚਿਤ ਚਾਇ ॥ ੧ ॥ ੧੬੫ ॥

ਮਹਾਨ ਰਾਜੇ ਜਨਮੇਜੇ ਨੇ ਰਾਜਗੱਦੀ ਨੂੰ ਪ੍ਰਾਪਤ ਕੀਤਾ, ਜੋ ਬੜਾ ਬਹਾਦਰ, ਹਠੀ, ਤਪੀ, ਸਿਆਣਾ ਤੇ ਚੌਦਾਂ ਵਿਦਿਆਂ ਦਾ ਭੰਡਾਰ ਸੀ। ਉਸ ਨੇ ਆਪਣੇ ਪਿਤਾ ਰਾਜਾ ਪ੍ਰੀਛਤ ਦਾ ਸਰਪ ਹਥੋਂ ਕਟੇ ਜਾਣ ਦਾ ਸਮਾਚਾਰ ਸੁਣਿਆ ਤਾਂ ਉਸ ਨੇ ਬੜਾ ਕਰੋਧ ਕੀਤਾ ਤੇ ਉਸੇ ਵੇਲੇ ਸਭ ਬ੍ਰਾਹਮਣਾਂ ਨੂੰ ਬੁਲਾ ਲਿਆ। ਧਰਮ ਕਰਨ ਦੇ ਚਾਅ ਨਾਲ ਉਹ ਸਰਪ ਮੇਧ ਯੱਗ ਕਰਨ ਦੀ ਤਿਆਰੀ ਕਰਨ ਲੱਗ ਪਿਆ ॥ ੧ ॥ ੧੬੫ ॥

ਏਕ ਕੋਸ ਪ੍ਰਮਾਨ ਲਉ ਮਖ ਕੁੰਡ ਕੀਨ ਬਨਾਇ ॥
ਮੰਤ੍ਰ ਸ਼ਕਤ ਕਰਨੈ ਲਗੇ ਤਹਿ ਹੋਮ ਬਿਪ੍ਰ ਬਨਾਇ ॥
ਆਨ ਆਨ ਗਿਰੈ ਲਗੇ ਤਹਿ ਸਰਪ ਕੋਟ ਅਪਾਰ ॥
ਜੱਤ੍ਰ ਤੱਤ੍ਰ ਉਠੀ ਜੈਤ ਧੁਨ ਭੂਮ ਭੂਰ ਉਦਾਰ ॥ ੨ ॥ ੧੬੬ ॥

ਰਾਜਾ ਜਨਮੇਜਾ ਨੇ ਸਰਪ ਮੇਧ ਯੱਗ ਕਰਾਉਣ ਲਈ ਇਕ ਕੋਹ ਤੱਕ ਲੰਮਾ ਚੌੜਾ ਯੱਗ ਦਾ ਹਵਨ ਕੁੰਡ ਬਣਵਾਇਆ। ਬ੍ਰਾਹਮਣ ਵੇਦ ਮੰਤਰ ਪੜ੍ਹ ਪੜ੍ਹ ਕੇ ਵਿਧੀ ਪੂਰਬਕ ਹੋਮ ਕਰਨ ਲੱਗੇ। ਉਸ ਹਵਨ ਕੁੰਡ ਵਿਚ ਮੰਤਰਾਂ ਦੇ ਬਲ ਕਰਕੇ ਕਰੋੜਾਂ ਸੱਪ ਆ ਕੇ ਡਿੱਗਣ ਲੱਗੇ। ਧਰਤੀ ਦੇ ਹਰ ਪਾਸੇ ਧਰਮਾਂ ਦੇ ਉਦਾਰ ਰਾਜੇ ਦੀ ਜੈ ਜੈਕਾਰ ਹੋਣ ਲੱਗ ਪਈ ॥ ੨ ॥ ੧੬੬ ॥

ਹਸਤ ਏਕ ਦੁ ਹਸਤ ਤੀਨ ਚਉ ਹਸਤ ਪੰਚ ਪ੍ਰਮਾਨ ॥
ਬੀਸ ਹਾਥ ਇਕੀਸ ਹਾਥ ਪਚੀਸ ਹਾਥ ਸਮਾਨ ॥
ਤੀਸ ਹਾਥ ਬਤੀਸ ਹਾਥ ਛਤੀਸ ਹਾਥ ਗਿਰਾਹਿ ॥
ਆਨ ਆਨ ਗਿਰੈ ਤਹਾ ਸਭ ਭਸਮ ਭੂਤ ਹੋਇ ਜਾਹਿ ॥ ੩ ॥ ੧੬੭ ॥

ਇਕ ਹੱਥ, ਦੋ ਹੱਥ, ਤਿੰਨ, ਚਾਰ ਤੇ ਪੰਜ ਹੱਥ ਜਿਡੇ ਲੰਮੇ ਸੱਪ, ਵੀਹ ਹੱਥ, ਇਕੀ ਤੇ ਪੰਝੀ ਹੱਥ ਦੇ ਬਰਾਬਰ, ਤੀਹ ਹੱਥ, ਬੱਤੀ ਹੱਥ ਤੇ ਛੱਤੀ ਹੱਥ ਜਿੱਡੇ ਸੱਪ ਆ ਕੇ ਉਸ ਹਵਨ ਕੁੰਡ

ਵਿਚ ਡਿੱਗਦੇ ਸਨ ਤੇ ਭਸਮ ਭੂਤ ਹੋ ਜਾਂਦੇ ਸਨ॥ ੩ ॥ ੧੯੭ ॥

ਏਕ ਸੌ ਹਸਤ ਪ੍ਰਮਾਨ ਦੋ ਸੈ ਹਸਤ ਪ੍ਰਮਾਨ॥
ਤੀਨ ਸੈ ਹਸਤ ਪ੍ਰਮਾਨ ਚਤ੍ਰ ਸੈ ਸੁ ਸਮਾਨ॥
ਪਾਂਚ ਸੈ ਖਟ ਸੈ ਲਗੇ ਤਹਿ ਬੀਚ ਆਨ ਗਿਰੰਤ॥
ਸੰਹਸ ਹਸਤ ਪ੍ਰਮਾਨ ਲਉ ਸਭ ਹੋਮ ਹੋਤ ਅਨੰਤ॥ ੪ ॥ ੧੯੮॥

ਇਕ ਸੋ ਹੱਥ, ਤੇ ਦੋ ਸੋ ਹੱਥ ਜਿੱਡੇ ਸਰਪ, ਤਿੰਨ ਸੌ ਹੱਥ ਤੇ ਚਾਰ ਸੌ ਹੱਥ ਦੇ ਬਰਾਬਰ, ਪੰਜ ਸੋ ਤੇ ਛੇ ਸੋ ਹੱਥ ਜਿੱਡੇ ਸੱਪ ਹਵਨ ਕੁੰਡ ਵਿਚ ਆ ਕੇ ਡਿੱਗਦੇ ਸਨ। ਹਜ਼ਾਰ ਹੱਥ ਜਿਡੇ ਲੰਮੇ ਸੱਪ ਆ ਕੇ ਹੋਮ ਕੁੰਡ ਵਿਚ ਸਵਾਹ ਹੁੰਦੇ ਜਾਂਦੇ ਸਨ॥ ੪ ॥ ੧੯੮ ॥

## ਭੁਜੰਗ ਪ੍ਰਯਾਤ ਛੰਦ ॥

ਰਚਿਯੋ ਸਰਪ ਮੇਧੰ ਬਡੋ ਜੱਗ ਰਾਜੰ॥
ਕਰੈ ਬਿੱਪ ਹੋਮੈ ਸਰੈ ਸਰਬ ਕਾਜੰ॥
ਦਹੇ ਸਰਬ ਸਰਪੰ ਅਨੰਤੰ ਪ੍ਰਕਾਰੰ॥
ਭੁਜੈ ਭੋਗ ਅਨੰਤੰ ਜੁਰੈ ਰਾਜ ਦੁਆਰੰ॥ ੫ ॥ ੧੯੯॥

ਮਹਾਨ ਰਾਜਾ ਜਨਮੇਜਾ ਨੇ ਸਰਪ ਮੇਧ ਯੱਗ ਕਰਾਉਣਾ ਆਰੰਭਿਆ। ਬ੍ਰਾਹਮਣ ਮੰਤਰਾਂ ਦਾ ਉਚਾਰਨ ਕਰਕੇ ਹੋਮ ਕਰਦੇ ਸਨ, ਜਿਸ ਕਰਕੇ ਸਭ ਕਾਰਜ ਸਿੱਧ ਹੋ ਰਹੇ ਸਨ। ਸਭ ਪਾਸਿਆਂ ਤੋਂ ਆ ਕੇ ਅਨੇਕਾਂ ਤਰ੍ਹਾਂ ਦੇ ਸੱਪ ਦਗਧ ਹੋ ਰਹੇ ਸਨ। ਜਿਹੜੇ ਜਿਹੜੇ ਸੱਪ ਵੀ ਰਾਜੇ ਦੇ ਦੁਆਰ ਤੇ ਆਏ, ਉਹ ਸਾਰੇ ਹਵਨ ਕੁੰਡ ਵਿਚ ਪੈ ਕੇ ਭੁਜ ਗਏ॥ ੫ ॥ ੧੯੯ ॥

ਕਿਤੇ ਅਸ਼ਟ ਹਸਤੰ ਸਤੰ ਪ੍ਰਾਇ ਨਾਰੰ॥
ਕਿਤੇ ਦੁਆਦਿਸੇ ਹਸਤ ਲੌ ਪਰਮ ਭਾਰੰ॥
ਕਿਤੇ ਦ੍ਵੈ ਸੰਹਸਰ ਕਿਤੇ ਜੋਜਨੇਕੰ॥
ਗਿਰੇ ਹੋਮ ਕੁੰਡੰ ਅਪਾਰੰ ਅਚੇਤੰ॥ ੬ ॥ ੨੦੦॥

ਕਿੰਨੇ ਅੱਠ ਹੱਥ ਤੇ ਕਿੰਨੇ ਸੱਤ ਹੱਥ ਜਿੱਡੀ ਮੋਟੀ ਗਰਦਨ ਵਾਲੇ ਸੱਪ, ਕਿੰਨੇ ਹੀ ਬਾਰਾਂ ਹੱਥ ਜਿਡੇ ਮੋਟੇ ਮੋਟੇ ਸੱਪ, ਕਿੰਨੇ ਹੀ ਦੋ ਹਜ਼ਾਰ ਹੱਥ ਤੇ ਕਿੰਨੇ ਹੀ ਇਕ ਜੋਜਨ ਜਿੰਨੇ ਲੰਮੇ ਚੌੜੇ ਤੇ ਭਾਰੇ ਅਨੇਕਾਂ ਸੱਪ ਹਵਨ ਕੁੰਡ ਵਿਚ ਪੈ ਰਹੇ ਸਨ॥ ੬ ॥ ੨੦੦ ॥

ਕਿਤੇ ਜੋਜਨੇ ਦੁਇ ਕਿਤੇ ਤੀਨ ਜੋਜਨ॥
ਕਿਤੇ ਚਾਰ ਜੋਜਨ ਦਹੇ ਭੂਮ ਭੋਗਨ॥
ਕਿਤੇ ਮੁਸ਼ਟ ਅੰਗੁਸ਼ਟ ਗ੍ਰਿਸ਼ਟੰ ਪ੍ਰਮਾਨੰ॥
ਕਿਤੇ ਡੇਢੁ ਗਿਸ਼ਟ ਅੰਗੁਸ਼ਟੰ ਅਰਧਾਨੰ॥੭॥੧੭੧॥

ਕਿੰਨੇ ਦੋ ਜੋਜਨ ਕਿੰਨੇ ਤਿੰਨ ਜੋਜਨ ਜਿੱਡੇ ਲੰਮੇ ਸੱਪ, ਕਿੰਨੇ ਚਾਰ ਜੋਜਨ ਧਰਤੀ ਵਿਚ ਰਹਿਣ ਵਾਲੇ ਸੱਪ ਆ ਕੇ ਸੜ ਰਹੇ ਸਨ। ਕਿੰਨੇ ਇਕ ਮੁਠ ਜਿੱਡੇ, ਕਿੰਨੇ ਅੰਗੂਠੇ ਜਿੱਡੇ ਤੇ ਕਿੰਨੇ ਹੀ ਇਕ ਗਿੱਠ ਜਿਡੇ ਛੋਟੇ ਛੋਟੇ ਕਿੰਨੇ ਡੇਢ ਗਿਠ ਜਿੱਡੇ, ਤੇ ਕਿੰਨੇ ਹੀ ਅੱਧੇ ਅਗੂੰਠੇ ਜਿੱਡੇ ਨਿਕੇ ਸੱਪ ਹਵਨ ਕੁੰਡ ਵਿਚ ਪੈ ਕੇ ਸੜ ਰਹੇ ਸਨ॥੭॥੧੭੧॥

ਕਿਤੇ ਚਾਰ ਜੋਜਨ ਲਉ ਚਾਰ ਕੋਸੰ॥
ਛੁਐ ਘ੍ਰਿਤ ਜੈਸੇ ਕਰੈ ਅਗਨ ਹੋਮੰ॥
ਫਣੰ ਫਟਕੈ ਫੇਣਕਾ ਫੰਤ ਕਾਰੰ॥
ਛੁਟੈ ਲਪਟ ਜ੍ਵਾਲਾ ਬਸੈ ਬਿਖ ਧਾਰੰ॥੮॥੧੭੨॥

ਕਿੰਨੇ ਚਾਰ ਜੋਜਨ ਜਿੱਡੇ ਤੇ ਕਿੰਨੇ ਚਾਰ ਕੋਹਾਂ ਜਿੱਡੇ ਲੰਮੇ ਚੌੜੇ ਸੱਪ ਹਵਨ ਕੁੰਡ ਵਿਚ ਪੈ ਕੇ ਇਉਂ ਸੜਦੇ ਸਨ, ਜਿਵੇਂ ਘਿਉਂ ਪੈਣ ਨਾਲ ਅੱਗ ਦੀਆਂ ਲਾਟਾਂ ਨਿਕਲਦੀਆਂ ਸਨ। ਅੱਗ ਵਿਚ ਸੜਦੇ ਸੱਪ ਫਣ ਫੈਲਾਉਂਦੇ ਸਨ, ਮੂੰਹ ਵਿਚੋਂ ਝਗ ਸੁਟਦੇ ਸਨ ਤੇ ਫੁੰਕਾਰੇ ਮਾਰਦੇ ਸਨ। ਜਦੋਂ ਸੱਪ ਅੱਗ ਵਿਚ ਆ ਕੇ ਡਿੱਗਦੇ ਸਨ, ਤਦੋਂ ਅੱਗ ਦੀਆਂ ਲਪਟਾਂ ਨਿਕਲਦੀਆਂ ਸਨ॥੮॥੧੭੨॥

ਕਿਤੇ ਸਪਤ ਜੋਜਨ ਲੌ ਕੋਸ ਅਸ਼ਟੰ॥
ਕਿਤੇ ਅਸ਼ਟ ਜੋਜਨ ਮਹਾ ਪਰਮ ਪੁਸ਼ਟੰ॥
ਭਯੋ ਘੋਰ ਬਧੰ ਜਰੇ ਕੋਟ ਨਾਗੰ॥
ਭਜਜੋ ਤੱਛਕੰ ਭੱਛਕੰ ਜੇਮ ਕਾਗੰ॥੯॥੧੭੩॥

ਕਿੰਨੇ ਸਤ ਜੋਜਨਾਂ ਜਿੱਡੇ ਤੇ ਕਿੰਨੇ ਅੱਠ ਕੋਹਾਂ ਜਿੱਡੇ ਲੰਮੇ ਚੌੜੇ ਸੱਪ, ਕਿੰਨੇ ਅੱਠ ਜੋਜਨਾਂ ਜਿੱਡੇ ਲੰਮੇ ਤੇ ਮੋਟੇ ਭਾਰੇ ਸੱਪ ਜਦੋਂ ਕਰੋੜਾਂ ਦੀ ਗਿਣਤੀ ਵਿਚ ਸੱਪ ਹਵਨ ਕੁੰਡ ਵਿਚ ਪੈ ਪੈ ਕੇ ਸੜ ਰਹੇ ਸਨ, ਤਦੋਂ ਸੱਪਾਂ ਦੇ ਮਰਨ ਦਾ ਸ਼ੋਰ ਸ਼ਰਾਬਾ ਹੋ ਰਿਹਾ ਸੀ। ਇਹ ਦ੍ਰਿਸ਼ ਵੇਖ ਕੇ ਤੱਛਕ ਨਾਗ ਇਉਂ ਭੱਜ ਗਿਆ, ਜਿਵੇਂ ਬਾਜ਼ ਨੂੰ ਵੇਖਕੇ ਕਾਂ ਭੱਜ ਜਾਂਦਾ ਹੈ॥੯॥੧੭੩॥

ਕੁਲੰ ਕੋਟ ਹੋਮੈ ਬਿਖੈ ਹਵਣ ਕੁੰਡੰ॥

ਬਚੇ ਬਾਧ ਡਾਰੇ ਘਨੇ ਕੁੰਡ ਝੁੰਡੈ ॥
ਭਜ੍ਯੋ ਨਾਗ ਰਾਜੰ ਤਕ੍ਯੋ ਇੰਦ੍ਰ ਲੋਕੰ ॥
ਜਰ੍ਯੋ ਬੇਦ ਮੰਤ੍ਰੰ ਭਰ੍ਯੋ ਸੱਕ੍ਰ ਸੋਕੰ ॥੧੦॥੧੭੪॥

ਸੱਪਾਂ ਦੀਆਂ ਕਰੋੜਾਂ ਕੁਲਾਂ ਹਵਨ ਕੁੰਡ ਵਿਚ ਪੈ ਪੈ ਕੇ ਸੜ ਗਈਆਂ। ਜਿਹੜੇ ਕੁਝ ਸੱਪ ਨਠ ਭੱਜਕੇ ਬਚ ਗਏ, ਉਹਨਾਂ ਨੂੰ ਵੀ ਮੰਤਰਾਂ ਦੇ ਜ਼ੋਰ ਨਾਲ ਬੰਨ੍ਹ ਕੇ ਹਵਨ ਕੁੰਡ ਵਿਚ ਸੁੱਟ ਦਿੱਤਾ ਗਿਆ। ਤੱਛਕ ਨਾਗ ਕਰੋੜਾਂ ਸੱਪਾਂ ਨੂੰ ਸੜਦਿਆਂ ਵੇਖ ਕੇ ਡਰ ਗਿਆ ਤੇ ਉਹ ਸੱਪਾਂ ਦਾ ਰਾਜਾ ਇੰਦਰ ਲੋਕ ਵਿਚ ਭੱਜ ਗਿਆ। ਮੰਤਰਾਂ ਦੇ ਬਲ ਕਰਕੇ ਇੰਦਰ ਦੀ ਰਾਜਧਾਨੀ ਵੀ ਸੜਨ ਲੱਗ ਪਈ ਤੇ ਇੰਦਰ ਵੀ ਸ਼ੋਕ ਨਾਲ ਭਰ ਗਿਆ ਭਾਵ ਇੰਦਰ ਵੀ ਆਪਣੇ ਬਚਾਅ ਬਾਰੇ ਸੋਚਣ ਲੱਗ ਪਿਆ ॥੧੦॥੧੭੪॥

ਬਧ੍ਯੋ ਮੰਤ੍ਰ ਜੰਤ੍ਰੰ ਗਿਰ੍ਯੋ ਭੂਮ ਮੱਧੰ ॥
ਅੜਿਓ ਆਸਤੀਕੰ ਮਹਾ ਬਿੱਪ੍ਰ ਸਿੱਧੰ ॥
ਭਿੜਯੋ ਭੇੜ ਭੂਪੰ ਝਿਣ੍ਯੋ ਝੇੜ ਝਾੜੰ ॥
ਮਹਾ ਕ੍ਰੋਧ ਉਠਯੋ ਤਣੀ ਤੋੜ ਤਾੜੰ ॥੧੧॥੧੭੫॥

ਤੱਛਕ ਨਾਗ ਨੇ ਆਪਣੇ ਬਚਾਅ ਲਈ ਬੜੀ ਨੱਠ ਭੱਜ ਕੀਤੀ, ਪਰ ਅੰਤ ਨੂੰ ਉਹ ਵੀ ਮੰਤਰਾਂ ਦੇ ਬਲ ਕਰਕੇ ਧਰਤੀ ਤੇ ਆ ਡਿੱਗਾ। ਉਸ ਵੇਲੇ ਇਕ ਮਹਾਨ ਸਿੱਧ ਬ੍ਰਾਹਮਣ ਆਸਤੀਕ, ਰਾਜੇ ਸਾਹਮਣੇ ਅੜ ਖੜੋਤਾ ਤੇ ਉਸ ਨੇ ਰਾਜੇ ਨਾਲ ਕਾਫੀ ਝਗੜਾ ਕੀਤਾ ਤੇ ਬੜਾ ਖਿਝ ਗਿਆ। ਉਸ ਦੇ ਹਿਰਦੇ ਵਿਚ ਬੜਾ ਕਰੋਧ ਪੈਦਾ ਹੋ ਗਿਆ ਤੇ ਉਸ ਨੇ ਆਪਣੇ ਜਾਮੇ ਦੀਆਂ ਤਣੀਆਂ ਤੋੜ ਦਿੱਤੀਆਂ ਤੇ ਰਾਜੇ ਨੂੰ ਤਾੜਨ ਲੱਗਾ ॥੧੧॥੧੭੫॥

ਤਜਯੋ ਸਰਪ ਮੇਧੰ ਭਜ੍ਯੋ ਏਕ ਨਾਥੰ ॥
ਕ੍ਰਿਪਾ ਮੰਤ੍ਰ ਸੂਝੈ ਸਭੈ ਸ੍ਰਿਸ਼ਟ ਸਾਜੰ ॥
ਸੁਨਹੁ ਰਾਜ ਸਰਦੂਲ ਬਿਦ੍ਯਾ ਨਿਧਾਨੰ ॥
ਤਪੈ ਤੇਜ ਸਾਵੰਤ ਜ੍ਵਾਲਾ ਸਮਾਨੰ ॥੧੨॥੧੭੬॥

ਆਸਤੀਕ ਬ੍ਰਾਹਮਣ ਨੇ ਰਾਜੇ ਨੂੰ ਕਿਹਾ ਕਿ ਹੇ ਰਾਜਨ! ਸੱਪਾਂ ਦਾ ਯੱਗ ਕਰਨਾ ਛੱਡ ਦੇਹ ਅਤੇ ਇਕ ਸਭ ਦੇ ਸੁਆਮੀ ਦਾ ਸਿਮਰਨ ਕਰ, ਜਿਸ ਦੀ ਕਿਰਪਾ ਨਾਲ ਸੰਸਾਰ ਦੇ ਸਭ ਸਾਜੋ ਸਮਾਨ ਤੇ ਮੰਤ੍ਰ ਦੀ ਸੋਝੀ ਹੁੰਦੀ ਹੈ। ਹੇ ਰਾਜਿਆਂ ਵਿਚ ਸ਼ੇਰ ਸਮਾਨ ਤੇ ਵਿਦਿਆ ਦੇ ਖਜ਼ਾਨੇ ਰਾਜਨ! ਜੇ ਤੂੰ ਮੇਰਾ ਬਚਨ ਮੰਨੇਂਗਾ ਤਾਂ ਤੇਰਾ ਤੇਜ ਸੂਰਜ ਤੇ ਅਗਨੀ ਵਾਂਗੂੰ ਪ੍ਰਕਾਸ਼ਵਾਨ ਹੋਵੇਗਾ ॥੧੨॥੧੭੬॥

ਮਹੀ ਮਾਹ ਰੂਪੰ ਤਪੈ ਤੇਜ ਭਾਨੰ॥
ਦਸੰ ਚਾਰ ਚਉਦਾਹ ਬਿੱਦਿਆ ਨਿਧਾਨੰ॥
ਸੁਨਹੁ ਰਾਜ ਸ਼ਾਸਤ੍ਰੱਗ ਸਾਰੰਗ ਪਾਨੰ॥
ਤਜਹੁ ਸਰਪ ਮੇਧੰ ਦਿਜੈ ਮੋਹਿ ਦਾਨੰ॥੧੩॥੧੭੭॥

ਹੇ ਰਾਜਨ! ਇਹ ਕਰਮ ਤਿਆਗਣ ਨਾਲ ਇਸ ਧਰਤੀ ਤੇ ਤੇਰਾ ਰੂਪ ਚੰਦਰਮਾਂ ਵਰਗਾ ਹੋਵੇਗਾ ਤੇ ਤੇਰਾ ਤੇਜ ਸੂਰਜ ਵਾਂਗੂੰ ਚਮਕੇਗਾ। ਤੂੰ ਚੌਦਾਂ ਵਿਦਿਆਂ ਦਾ ਖਜ਼ਾਨਾ ਹੋਵੇਂਗਾ। ਹੇ ਸ਼ਾਸਤ੍ਰਾਂ ਦੇ ਗਿਆਤਾ ਤੇ ਧਨੁਸ਼ਧਾਰੀ ਰਾਜਨ! ਮੇਰਾ ਬਚਨ ਸੁਣ ਤੇ ਇਸ ਸਰਪ ਮੇਧ ਯੱਗ ਨੂੰ ਛੱਡ ਦੇਹ ਅਤੇ ਮੈਨੂੰ ਇਹ ਦਾਨ ਬਖਸ਼ੋ॥੧੩॥੧੭੭॥

ਤਜਹੁ ਜੋ ਨ ਸਰਪੰ ਜਰੌ ਅਗਨ ਆਪੰ॥
ਕਰੌ ਦਗਧ ਤੋਕੌ ਦਿਵੌ ਐਸ ਸ੍ਰਾਪੰ॥
ਹਣਜੋ ਪੇਟ ਮੱਧੰ ਛੁਰੀ ਜਮ ਦਾੜ੍ਹੰ॥
ਲਗੇ ਪਾਪ ਤੋਕੋ ਸੁਨਹੁ ਰਾਜਗਾੜ੍ਹੰ॥੧੪॥੧੭੮॥

ਹੇ ਰਾਜਨ! ਜੇ ਤੂੰ ਸੱਪਾਂ ਨੂੰ ਸਾੜਨਾ ਲਾ ਛਡਿਆ ਤਾਂ ਮੈਂ ਤੇਰੇ ਇਸ ਹਵਨ ਕੁੰਡ ਵਿਚ ਪੈ ਕੇ ਆਪ ਸੜ ਜਾਵਾਂਗਾ। ਮੈਂ ਤੈਨੂੰ ਅਜਿਹਾ ਸਰਾਪ ਦੇਵਾਂਗਾ ਕਿ ਤੈਨੂੰ ਸਾੜ ਦਿਆਂਗਾ। ਜਾਂ ਮੈਂ ਆਪਣੇ ਪੇਟ ਵਿਚ ਕਟਾਰੀ ਮਾਰ ਕੇ ਤੇਰੇ ਸਾਹਮਣੇ ਮਰ ਜਾਵਾਂਗਾ। ਹੇ ਰਾਜਨ! ਸੁਣ ਮੇਰੇ ਮਰਨ ਨਾਲ ਤੈਨੂੰ ਬ੍ਰਹਮ ਹਤਿਆ ਦਾ ਪਾਪ ਲਗੇਗਾ॥੧੪॥੧੭੮॥

ਸੁਨੇ ਬਿੱਪ ਬੋਲੰ ਉਠਯੋ ਆਪ ਰਾਜੰ॥
ਤਜਯੋ ਸਰਪ ਮੇਧੰ ਪਿਤਾ ਬੈਰ ਕਾਜੰ॥
ਬੁਲਯੋ ਬਜਾਸ ਪਾਸੰ ਕਰਜੋ ਮੰਤ੍ਰ ਚਾਰੰ॥
ਮਹਾ ਬੇਦ ਬਜਾਕਰਣ ਬਿੱਦਿਆ ਬਿਚਾਰੰ॥੧੫॥੧੭੯॥

ਉਹ ਆਸਤੀਕ ਬ੍ਰਾਹਮਣ ਦੇ ਬਚਨ ਸੁਣਕੇ ਰਾਜਾ ਯੱਗ ਦੇ ਆਸਣ ਤੋਂ ਉਠ ਬੈਠਾ। ਆਪਣੇ ਪਿਤਾ ਦਾ ਵੈਰ ਲੈਣ ਵਾਸਤੇ ਜਿਹੜਾ ਉਸਨੇ ਸਰਪ ਮੇਧ ਯੱਗ ਆਰੰਭਿਆ ਹੋਇਆ ਸੀ, ਉਸ ਨੂੰ ਤਿਆਗ ਦਿੱਤਾ। ਰਾਜੇ ਨੇ ਬਿਆਸ ਮੁਨੀ ਨੂੰ ਬੁਲਾਇਆ ਤੇ ਉਸ ਨਾਲ ਸਲਾਹ ਮਸ਼ਵਰਾ ਕੀਤਾ, ਜਿਹੜਾ ਮੁਨੀ ਕਿ ਵੇਦਾਂ ਦਾ ਗਿਆਤਾ ਤੇ ਵਿਆਕਰਣ-ਵਿਦਿਆ ਦਾ ਮਹਾਨ ਵਿਚਾਰਾਂ ਵਾਲਾ ਸੀ॥੧੫॥੧੭੯॥

ਸੁਨੀ ਪੁਤ੍ਰਕਾ ਦੁਇ ਗ੍ਰਿਹੰ ਕਾਸਿ ਰਾਜੰ॥

**ਮਹਾ ਸੁੰਦਰੀ ਰੂਪ ਸੋਭਾ ਸਮਾਜੰ॥**
**ਜਿਣਉ ਜਾਇ ਤਾ ਕੋ ਹਣੋ ਦੁਸ਼ਟ ਪੁਸ਼ਟੰ॥**
**ਕਰਯੋ ਧਿਆਨ ਤਾਨੇ ਲਦੇ ਭਾਰ ਉਸ਼ਟੰ॥੧੬॥੧੮੦॥**

ਰਾਜਾ ਜਨਮੇਜਾ ਨੇ ਸੁਣਿਆ ਕਿ ਕਾਂਸ਼ੀ ਦੇ ਰਾਜੇ ਦੀਆਂ ਦੋ ਲੜਕੀਆਂ ਹਨ, ਜੋ ਅਤੀ ਸੁੰਦਰ ਤੇ ਸਮਾਜ ਵਿਚ ਸ਼ੋਭਾ ਰੂਪ ਹਨ। ਇਹ ਖਬਰ ਸੁਣਕੇ ਰਾਜੇ ਦੇ ਮਨ ਵਿਚ ਇਹ ਵਿਚਾਰ ਆਈ, ਕਿ ਮੈਂ ਹਮਲਾ ਕਰਕੇ ਕਾਂਸ਼ੀ ਦੇ ਰਾਜੇ ਨੂੰ ਜਿੱਤ ਲਵਾਂ ਤੇ ਬੜੇ ਬੜੇ ਬਲਵਾਨ ਸੂਰਮਿਆਂ ਤੇ ਦੁਸ਼ਟਾਂ ਨੂੰ ਮਾਰ ਦਿਆਂ। ਇਹ ਵਿਚਾਰ ਕਰਕੇ ਉਸ ਨੇ ਚੜ੍ਹਾਈ ਕਰ ਦਿੱਤੀ ਤੇ ਸਾਜੋ ਸਮਾਨ ਨਾਲ ਊਠ ਲੱਦ ਲਏ॥੧੬॥੧੮੦॥

**ਚਲੀ ਸੈਨ ਸੂਕਰ ਪਰਾਚੀ ਦਿਸਾਨੰ॥**
**ਚੜੇ ਬੀਰ ਧੀਰੰ ਹਠੇ ਸ਼ਸਤਰ ਪਾਨੰ॥**
**ਦੁਰਯੋ ਜਾਇ ਦੁਰਗੰ ਸੁ ਬਾਰਾਣਸੀਸੰ॥**
**ਘੇਰਯੋ ਜਾਇ ਫਉਜੰ ਭਜਿਓ ਏਕ ਈਸੰ॥੧੭॥੧੮੧॥**

ਪਦ ਅਰਥ - ਸੂਕਰ=ਤੇਜ਼ ਹਵਾ। ਪਰਾਚੀ=ਚੜ੍ਹਦੇ ਵਲ। ਦੁਰਗ=ਕਿਲ੍ਹਾ। ਬਾਰਾਣਸੀਸੰ=ਕਾਂਸ਼ੀ ਦਾ ਰਾਜਾ।

ਰਾਜਾ ਜਨਮੇਜਾ ਦੀ ਸੈਨਾ ਤੇਜ਼ ਹਵਾ ਵਾਂਗੂੰ ਚੜ੍ਹਦੀ ਦਿਸ਼ਾ ਵਲ ਚਲ ਪਈ। ਇਸ ਫੌਜ ਵਿਚ ਬੜੇ ਹਠੀ ਸੂਰਮੇ ਹਥਾਂ ਵਿਚ ਸ਼ਸਤਰ ਫੜ ਕੇ ਚੜ੍ਹੇ। ਫੌਜ ਆਉਂਦੀ ਵੇਖ ਕੇ ਕਾਂਸ਼ੀ ਦਾ ਰਾਜਾ ਆਪਣੇ ਕਿਲ੍ਹੇ ਵਿਚ ਜਾ ਕੇ ਲੁਕ ਗਿਆ। ਰਾਜੇ ਜਨਮੇਜੇ ਦੀਆਂ ਫੌਜਾਂ ਨੇ ਕਿਲ੍ਹੇ ਨੂੰ ਘੇਰਾ ਪਾ ਲਿਆ॥ ੧੭॥੧੮੧॥

**ਮਚਯੋ ਜੁੱਧ ਸੁੱਧੰ ਬਹੈ ਸ਼ਸਤਰ ਘਾਤੰ॥**
**ਗਿਰੇ ਅੱਧ ਵੱਧੰ ਸਨੱਧੰ ਬਿਪਾਤੰ॥**
**ਗਿਰੇ ਹੀਰ ਚੀਰੰ ਸੁ ਬੀਰੰ ਰਜਾਣੰ॥**
**ਕਟੇ ਅੱਧੁ ਅੱਧੰ ਛੁਟੰ ਰੁੱਦ੍ਰ ਧਜਾਨੰ॥੧੮॥੧੮੨॥**

ਬੜੀ ਭਾਰੀ ਜੁੱਧ ਸ਼ੁਰੂ ਹੋ ਗਿਆ ਤੇ ਸ਼ਸਤਰ ਚਲਣ ਲੱਗੇ। ਸ਼ਸਤਰਧਾਰੀ ਸੂਰਮੇ ਸ਼ਸਤਰਾਂ ਦੇ ਲਗਣ ਨਾਲ ਅੱਧੇ ਅੱਧ ਹੋ ਕੇ ਮੈਦਾਨ ਵਿਚ ਡਿੱਗਣ ਲੱਗੇ। ਕਈ ਹੀਰੇ, ਚੀਰੇ ਤੇ ਰਾਜਪੂਤ ਸੂਰਮੇ ਡਿੱਗੇ, ਜੋ ਦੋ ਟੋਟੇ ਹੋਏ ਸਨ। ਇਹ ਭਿਆਨਕ ਜੁੱਧ ਵੇਖ ਕੇ ਸ਼ਿਵ ਜੀ ਦੀ ਸਮਾਧੀ ਵੀ ਟੁੱਟ ਗਈ ॥ ੧੮॥੧੮੨॥

ਗਿਰੇ ਖੇੜ੍ਹ ਖੱੜ੍ਹਾਣ ਖੱੜ੍ਹੀ ਖੱੜ੍ਹਾਣੰ॥
ਬਜੀ ਭੇਰ ਭੁੰਕਾਰ ਧੂਕਿਆ ਨਿਸ਼ਾਣੰ॥
ਕਰੇ ਪੈਜ ਵਾਰੰ ਪ੍ਰਚਾਰੈ ਸੁ ਬੀਰੰ॥
ਫਿਰੇ ਰੁੰਡ ਮੁੰਡੰ ਤਣੰ ਤੱਛ ਤੀਰੰ॥੧੯॥੧੮੩॥

ਬੜੀ ਆਨ ਸ਼ਾਨ ਵਾਲੇ ਖੜ੍ਹੀ ਸੂਰਮੇ ਰਣਭੂਮੀ ਵਿਚ ਡਿੱਗਣ ਲੱਗ ਪਏ। ਭੇਰੀਆਂ ਦੇ ਵੱਜਣ ਦੀ ਭੂੰਭੂੰਕਾਰ ਤੇ ਧੌਂਸਿਆਂ ਦੀ ਗੂੰਜ ਪੈ ਰਹੀ ਸੀ। ਪ੍ਰਣ ਪਾਲਣ ਵਾਲੇ ਸੂਰਮੇ ਲਲਕਾਰੇ ਮਾਰ ਰਹੇ ਸਨ। ਮੈਦਾਨ ਵਿਚ ਕਿਸੇ ਪਾਸੇ ਧੜ, ਕਿਸੇ ਪਾਸੇ ਸਿਰ ਤੇ ਕਿਸੇ ਪਾਸੇ ਤੀਰਾਂ ਨਾਲ ਵਿੰਨੇ ਸਰੀਰ ਡਿੱਗੇ ਪਏ ਸਨ॥੧੯॥੧੮੩॥

ਬਿਭੇ ਦੰਤ ਵਰਮੰ ਪ੍ਰਛੇ ਦੈਤ ਨਾਨੰ॥
ਕਰੈ ਮਰਦਨੰ ਅਰਦਨੰ ਮਰਦ ਮਾਨੰ॥
ਕਟੇ ਚਰਮ ਬਰਮੰ ਛੁਟੇ ਚਉਰ ਚਾਰੰ॥
ਗਿਰੇ ਬੀਰ ਧੀਰੰ ਛੁਟੇ ਸ਼ਸਤਰ ਧਾਰੰ॥੨੦॥੧੮੪॥

ਪਦ ਅਰਥ - ਦੰਤ ਵਰਮੰ=ਹਾਥੀਆਂ ਦੀਆਂ ਸੰਜੋਆ।

ਹਾਥੀਆਂ ਦੀਆਂ ਸੰਜੋਆਂ ਵਿੰਨ੍ਹੀਆਂ ਗਈਆਂ ਤੇ ਉਹਨਾਂ ਦੇ ਸਰੀਰ ਜ਼ਖਮੀ ਹੋ ਗਏ। ਬੜੇ ਬੜੇ ਸੂਰਮਿਆਂ ਨੂੰ ਦਲ ਮਲ ਕੇ ਨਾਸ ਕਰ ਦਿੱਤਾ ਗਿਆ। ਢਾਲਾਂ ਤੇ ਸੰਜੋਆਂ ਟੁੱਟ ਗਈਆਂ ਤੇ ਸੁੰਦਰ ਚੌਰ ਮਿੱਟੀ ਵਿਚ ਰੁਲ ਗਏ। ਬੜੇ ਧੀਰਜਵਾਨ ਸੂਰਮੇ ਮੁਰਦਾ ਹੋ ਕੇ ਰਣਭੂਮੀ ਵਿਚ ਡਿੱਗ ਪਏ। ਸ਼ਸਤਰਾਂ ਦਾ ਮੀਂਹ ਵਸ ਰਿਹਾ ਸੀ॥੨੦॥੧੮੪॥

ਜਿਣਜੋ ਕਾਸ਼ਕੀਸ਼ੰ ਹਣਜੋ ਸਰਬ ਸੈਨੰ॥
ਬਰੀ ਪੁਤ੍ਰਕਾ ਤਾਹ ਕੰਪਜੋ ਤ੍ਰਿਨੈਨੰ॥
ਭਇਓ ਮੇਲ ਗੇਲੰ ਮਿਲੇ ਰਾਜ ਰਾਜੰ॥
ਭਈ ਮਿਤ੍ਰਚਾਰੰ ਸਰੇ ਸਰਬ ਕਾਜੰ॥੨੧॥੧੮੫॥

ਰਾਜੇ ਜਨਮੇਜੇ ਨੇ ਕਾਂਸ਼ੀ ਦੇ ਰਾਜੇ ਦੀ ਸਾਰੀ ਫੌਜ ਮਾਰਕੇ ਉਸ ਨੂੰ ਜਿੱਤ ਲਿਆ। ਰਾਜੇ ਦੀਆਂ ਦੋਹਾਂ ਲੜਕੀਆਂ ਨਾਲ ਜਨਮੇਜੇ ਨੇ ਵਿਆਹ ਕਰ ਲਿਆ। ਇਹ ਦ੍ਰਿਸ਼ ਵੇਖ ਕੇ ਸ਼ਿਵ ਜੀ ਕੰਬ ਗਿਆ। ਦੋਹਾਂ ਰਾਜਿਆ ਦਾ ਆਪੋ ਵਿਚ ਮੇਲ ਹੋ ਗਿਆ ਤੇ ਕਾਂਸ਼ੀ ਦੇ ਰਾਜੇ ਨੂੰ ਉਸ ਦਾ ਰਾਜ ਵਾਪਸ ਮਿਲ ਗਿਆ। ਦੋਹਾਂ ਰਾਜਿਆਂ ਦੀ ਆਪੋ ਵਿਚ ਦੋਸਤੀ ਹੋ ਗਈ ਤੇ ਸਾਰੇ ਕਾਰਜ ਸਿੱਧ

ਹੋ ਗਏ॥੨੧॥੧੯੫॥

ਮਿਲੀ ਰਾਜ ਦਾਜੰ ਸੁ ਦਾਸੀ ਅਨੂਪੰ॥
ਮਹਾਂ ਬਿੱਦਜਵੰਤੀ ਅਪਾਰੰ ਸਰੂਪੰ॥
ਮਿਲੀ ਹੀਰ ਚੀਰੰ ਕਿਤੇ ਸਿਆਉ ਕਰਨੰ॥
ਮਿਲੇ ਮੱਤਦੰਤੀ ਕਿਤੇ ਸੇਤ ਬਰਨੰ॥੨੨॥੧੯੬॥

ਕਾਂਸ਼ੀ ਦੇ ਰਾਜੇ ਨੇ ਆਪਣੀਆਂ ਪੁੱਤਰੀਆਂ ਨੂੰ ਜਿਹੜਾ ਦਾਜ ਦਿੱਤਾ, ਉਸ ਵਿਚ ਇਕ ਦਾਸੀ ਵੀ ਦਿੱਤੀ, ਜੋ ਬੜੇ ਅਨੂਪਮ ਰੂਪ ਵਾਲੀ ਸੀ। ਉਹ ਅਤੀ ਸੁੰਦਰ ਤੇ ਬੜੀ ਵਿਦਿਆ ਵਤੀ ਸੀ। ਇਸ ਤੋਂ ਬਿਨ੍ਹਾਂ ਕਿੰਨੇ ਹੀਰੇ, ਲਾਲ, ਜਵਾਹਰ, ਬੜੇ ਕੀਮਤੀ ਬਸਤ੍ਰ ਤੇ ਕਾਲੇ ਕੰਨਾਂ ਵਾਲੇ ਘੋੜੇ ਦਿੱਤੇ। ਕਿੰਨੇ ਹੀ ਚਿੱਟੇ ਮਸਤ ਹਾਥੀ ਦਿੱਤੇ॥੨੨॥੧੯੬॥

ਕਰਜੋ ਬਜਾਹ ਰਾਜਾ ਭਇਓ ਸੁਪ੍ਰਸੰਨੰ॥
ਭਲੀ ਭਾਤ ਪੋਖੇ ਦਿਜੰ ਸਰਬ ਅੰਨੰ॥
ਕਰੇ ਭਾਂਤ ਭਾਂਤੰ ਮਹਾ ਗੱਜ ਦਾਨੰ॥
ਭਏ ਦੋਇ ਪੂਤ੍ਰੰ ਮਹਾਂ ਰੂਪ ਮਾਨੰ॥੨੩॥੧੯੭॥

ਕਾਂਸ਼ੀ ਦਾ ਰਾਜਾ ਬੜਾ ਪ੍ਰਸੰਨ ਹੋਇਆ ਤੇ ਉਸ ਨੇ ਆਪਣੀਆਂ ਦੋਹਾਂ ਲੜਕੀਆਂ ਦਾ ਵਿਆਹ ਰਾਜਾ ਜਨਮੇਜਾ ਨਾਲ ਕਰ ਦਿੱਤਾ। ਰਾਜੇ ਨੇ ਤਰ੍ਹਾਂ ਤਰ੍ਹਾਂ ਦੇ ਹਾਥੀ ਤੇ ਘੋੜੇ ਦਾਨ ਕੀਤੇ। ਸਮਾਂ ਪਾ ਕੇ ਰਾਜੇ ਦੇ ਘਰ ਬੜੇ ਸੁੰਦਰ ਦੋ ਪੁੱਤਰ ਪੈਦਾ ਹੋਏ॥੨੩॥੧੯੭॥

ਲਖੀ ਰੂਪਵੰਤੀ ਮਹਾਰਾਜ ਦਾਸੀ॥
ਮਨੋ ਚੀਰਕੈ ਚਾਰ ਚੰਦ੍ਰਾ ਨਿਕਾਸੀ॥
ਲਹੈਂ ਚੰਚਲਾ ਚਾਰ ਬਿਦਿਆ ਲਤਾਸੀ॥
ਕਿਧੌ ਕੰਜਕੀ ਮਾਂਝ ਸੋਭਾ ਪ੍ਰਕਾਸੀ॥੨੪॥੧੯੮॥

ਇਕ ਦਿਨ ਰਾਜਾ ਜਨਮੇਜਾ ਨੇ ਦਾਜ ਵਿਚ ਮਿਲੀ ਹੋਈ ਅਤਿ ਸੁੰਦਰ ਦਾਸੀ ਨੂੰ ਵੇਖਿਆ ਉਹ ਇਉਂ ਪ੍ਰਤੀਤ ਹੋ ਰਹੀ ਸੀ ਜਿਵੇਂ ਚੰਦ੍ਰਮਾਂ ਨੂੰ ਚੀਰਕੇ ਸੁੰਦਰ ਚਾਂਦਨੀ ਕਢੀ ਹੋਈ ਹੋਵੇ। ਜਾਂ ਇਉਂ ਜਾਣਿਆਂ ਕਿ ਇਹ ਦਾਸੀ ਸੁੰਦਰ ਬਿਜਲੀ ਹੈ ਜਾਂ ਵਿਦਿਆ ਦੀ ਵੇਲ ਫਿਰ ਰਹੀ ਹੈ ਜਾਂ ਕੌਲ ਫੁਲ ਵਿਚਲੀ ਸ਼ੋਭਾ ਦਾ ਪ੍ਰਕਾਸ਼ ਹੋ ਰਿਹਾ ਹੈ॥੨੪॥੧੯੮॥

ਕਿਧੌ ਫੂਲ ਮਾਲਾ ਲਖੈ ਚੰਦ੍ਰਮਾ ਸੀ॥

ਕਿਧੌਂ ਪਦਮਨੀ ਮੈ ਬਨੀ ਮਾਲਤੀ ਸੀ॥
ਕਿਧੌਂ ਪੁਹਪ ਧੰਨਿਆ ਫੂਲੀ ਗਾਇ ਬੇਲੰ॥
ਤਜੇ ਅੰਗ ਤੇ ਬਾਸੁ ਚੰਪਾ ਫੁਲੇਲੰ॥੨੫॥੧੮੯॥

ਉਹ ਦਾਸੀ ਫੁਲਾਂ ਦੀ ਮਾਲਾ ਸੀ ਜਾਂ ਚੰਦ੍ਰਮਾ ਵਰਗੀ ਸੁੰਦਰ ਸੀ, ਉਹ ਪਦਮਨੀ ਇਸਤ੍ਰੀ ਸੀ ਜਾਂ ਮਾਲਤੀ ਵੇਲ ਬਣੀ ਹੋਈ ਸੀ? ਇਸ ਨੂੰ ਫੁਲਾਂ ਨੇ ਪੈਦਾ ਕੀਤਾ ਸੀ। ਜਾਂ ਗਾਇਬੇਲ ਖਿੜੀ ਹੋਈ ਸੀ? ਜਿਸ ਦੇ ਅੰਗਾਂ ਵਿਚੋਂ ਚੰਬੇ ਤੇ ਫੁਲੇਲ ਦੀ ਵਾਸ਼ਨਾ ਪ੍ਰਗਟ ਹੋ ਰਹੀ ਸੀ॥੨੫॥੧੮੯॥

ਕਿਧੌਂ ਦੇਵ ਕੰਨਿਆ ਪ੍ਰਿਥੀ ਲੋਕ ਡੋਲੈ॥
ਕਿਧੌਂ ਜੱਛਨੀ ਕਿੰਨ੍ਰਨੀ ਸਿਉ ਕਲੋਲੈ॥
ਕਿਧੌਂ ਰੁਦ੍ਰ ਬੀਜੰ ਫਿਰੈ ਮੱਧਿ ਬਾਲੰ॥
ਕਿਧੌਂ ਪੜ੍ਰ ਪਾਨੰ ਨਚੈ ਕਉਲ ਨਾਲੰ॥੨੬॥੧੯੦॥

ਪਦ ਅਰਥ - ਰੁਦ੍ਰ ਬੀਜ=ਪਾਰਾ। ਕਉਲ ਨਾਲੰ=ਕੌਲ ਫੁਲ ਦੀ ਕੋਮਲ ਡੰਡੀ।

ਕਿਤੇ ਇਹ ਦੇਵ ਕੰਨਿਆਂ ਧਰਤੀ ਤੇ ਫਿਰ ਰਹੀ ਸੀ? ਜਾਂ ਇਹ ਜੱਛ ਕੰਨਿਆਂ ਜਾਂ ਕਿੰਨਰ ਕੰਨਿਆ ਅਜ਼ਾਦ ਹੋ ਕੇ ਕਲੋਲ ਕਰ ਰਹੀ ਸੀ? ਕੀ ਇਹ ਪਾਰਾ ਇਸਤਰੀ ਦਾ ਰੂਪ ਧਾਰ ਕੇ ਫਿਰ ਰਿਹਾ ਸੀ। ਜਾਂ ਪਾਨ ਦਾ ਪੱਤ੍ਰ ਸੀ ਜਾਂ ਕੌਲ ਫੁਲ ਦੀ ਕੋਮਲ ਡੰਡੀ ਬਣ ਕੇ ਨੱਚ ਰਹੀ ਸੀ?॥੨੬॥੧੯੦॥

ਕਿਧੌਂ ਰਾਗਮਾਲਾ ਰਚੀ ਰੰਗ ਰੂਪੰ॥
ਕਿਧੌਂ ਇਸਤ੍ਰਿ ਰਾਜਾ ਰਚੀ ਭੂਪ ਭੂਪੰ॥
ਕਿਧੌਂ ਨਾਗ ਕੰਨਿਆ ਕਿਧੌਂ ਬਾਸਵੀ ਹੈ॥
ਕਿਧੌਂ ਸੰਖਨੀ ਚਿਤ੍ਰਨੀ ਪਦਮਨੀ ਹੈ॥੨੭॥੧੯੧॥

ਕਿਤੇ ਰਾਗ ਦੀ ਮਾਲਾ ਨਾਲ ਇਸ ਦਾ ਰੰਗ ਰੂਪ ਬਣਾਇਆ ਗਿਆ ਸੀ? ਕਿਤੇ ਈਸ਼ਵਰ ਨੇ ਇਸਨੂੰ ਇਸਤ੍ਰੀਆਂ ਦਾ ਰਾਜਾ ਬਣਾਇਆ ਸੀ? ਇਹ ਨਾਗ ਕੰਨਿਆ ਸੀ ਜਾਂ ਇੰਦਰ ਦੀ ਇਸਤਰੀ ਬਾਸਵੀ ਸੀ? ਜਾਂ ਇਹ ਸੰਖਨੀ, ਚਿਤ੍ਰਨੀ ਤੇ ਪਦਮਨੀ ਜਾਤ ਦੀ ਇਸਤਰੀ ਸੀ? ੨੭॥੧੯੧॥

ਲਸੈ ਚਿਤ੍ਰ ਰੂਪੰ ਬਚਿਤ੍ਰੰ ਅਪਾਰੰ॥
ਮਹਾ ਰੂਪਵੰਤੀ ਮਹਾਂ ਜੋਬਨਾਰੰ॥
ਮਹਾ ਗਜਾਨਵੰਤੀ ਸੁ ਬਿਗਿਆਨ ਕਰਮੰ॥

**ਪੜੈ ਕੰਠਿ ਬਿੱਦਿਆ ਸੁ ਬਿੱਦਜਾਦਿ ਧਰਮੰ॥ ੨੮॥ ੧੯੨॥**

ਇਸ ਦਾਸੀ ਦਾ ਅਲੌਕਿਕ ਰੂਪ ਕਿਸੇ ਸੁੰਦਰ ਚਿੜ੍ਹ ਵਾਂਗੂੰ ਚਮਕਦਾ ਸੀ। ਇਹ ਮਹਾਨ ਸੁੰਦਰ ਤੇ ਪੂਰਨ ਜਵਾਨੀ ਵਾਲੀ ਸੀ। ਇਹ ਬੜੇ ਗਿਆਨ ਵਾਲੀ ਤੇ ਵਿਗਿਆਨ ਦੇ ਕਰਮ ਕਰਨ ਵਾਲੀ ਸੀ। ਇਸ ਨੂੰ ਸਾਰੀ ਵਿਦਿਆ ਜ਼ਬਾਨੀ ਯਾਦ ਸੀ, ਇਹ ਜ਼ਬਾਨੀ ਹੀ ਸਾਰੀ ਵਿਦਿਆ ਪੜ੍ਹਦੀ ਸੀ ਤੇ ਵਿਦਿਆ ਆਦਿ ਦੇ ਧਰਮ ਕਰਨ ਵਾਲੀ ਸੀ॥ ੨੮॥ ੧੯੨॥

**ਲਖੀ ਰਾਜ ਕੰਨਿਆਨ ਤੇ ਰੂਪਵੰਤੀ॥**
**ਲਸੈ ਜੋਤ ਜ੍ਵਾਲਾ ਅਪਾਰੰ ਅਨੰਤੀ॥**
**ਲਖ੍ਯੋ ਤਾਹਿ ਜਨਮੇਜਏ ਆਪ ਰਾਜੰ॥**
**ਕਰੇ ਪਰਮ ਭੋਗੰ ਦੀਏ ਸਰਬ ਸਾਜੰ॥ ੨੯॥ ੧੯੩॥**

ਰਾਜੇ ਨੇ ਉਸ ਦਾਸੀ ਨੂੰ ਰਾਜ-ਪੁੱਤਰੀਆਂ ਨਾਲੋਂ ਸੁੰਦਰ ਜਾਣਿਆ। ਇਸ ਦੇ ਚਿਹਰੇ ਦੀ ਕ੍ਰਾਂਤੀ ਅਗਨੀ ਨਾਲੋਂ ਵੀ ਵਧੇਰੇ ਤੇਜਮਈ ਸੀ। ਰਾਜਾ ਜਨਮੇਜਾ ਨੇ ਉਸ ਨੂੰ ਆਪ ਇਸ ਰੂਪ ਵਿਚ ਵੇਖਿਆ। ਫਿਰ ਰਾਜੇ ਨੇ ਪ੍ਰਸੰਨ ਹੋ ਕੇ ਉਸ ਦਾਸੀ ਨਾਲ ਭੋਗ ਕੀਤਾ ਤੇ ਉਸ ਨੂੰ ਰਾਜ ਦੇ ਸਾਰੇ ਸੁਖਾਂ ਦੇ ਸਮਾਨ ਦਿੱਤੇ॥ ੨੯॥ ੧੯੩॥

**ਬਢਿਓ ਨੇਹੁ ਤਾਸੋ ਤਜੀ ਰਾਜ ਕੰਨਿਆ॥**
**ਹੁਤੀ ਸ਼ਿਸਟ ਕੀ ਦਿਸ਼ਟ ਮਹਿ ਪੁਸ਼ਟ ਧੰਨਿਆ॥**
**ਭਇਓ ਏਕ ਪੁਤ੍ਰੰ ਮਹਾਂ ਸ਼ਸਤਰ ਧਾਰੀ॥**
**ਦਸੰ ਚਾਰ ਚਉਦਾਹ ਬਿੱਦਿਆ ਬਿਚਾਰੀ॥ ੩੦॥ ੧੯੪॥**

ਅਰਥ - ਰਾਜੇ ਦਾ ਉਸ ਦਾਸੀ ਨਾਲ ਬੜਾ ਪ੍ਰੇਮ ਵੱਧ ਗਿਆ ਤੇ ਉਸ ਨੇ ਰਾਜੇ ਦੀਆਂ ਪੁੱਤਰੀਆਂ ਦਾ ਤਿਆਗ ਕਰ ਦਿੱਤਾ। ਜਿਹੜੀ ਕੰਨਿਆ ਦੁਨੀਆਂ ਦੀ ਨਜ਼ਰ ਵਿਚ ਦਾਸੀ ਹੁੰਦੀ ਸੀ, ਉਹ ਹੁਣ ਵਡੇ ਭਾਗਾਂ ਵਾਲੀ ਹੋ ਗਈ ਸੀ। ਉਸ ਦਾਸੀ ਦੀ ਕੁਖ ਤੋਂ ਇਕ ਪੁੱਤਰ ਜਨਮਿਆ, ਜੋ ਬੜਾ ਸ਼ਸ਼ਤ੍ਰਧਾਰੀ ਸੂਰਮਾ ਬਣਿਆ। ਉਸ ਨੇ ਵਡੇ ਹੋ ਕੇ ਚੋਦਾਂ ਵਿਦਿਆਵਾਂ ਪੜ੍ਹ ਲਈਆਂ॥ ੩੦॥ ੧੯੪॥

**ਧਰਿਓ ਅਸ਼੍ਵਮੇਧੰ ਪ੍ਰਿਥਮ ਪੁਤ੍ਰ ਨਾਮੰ॥**
**ਭਇਓ ਅਸਮੇਧਾਨ ਦੂਜੋ ਪ੍ਰਧਾਨੰ॥**
**ਅਜੈ ਸਿੰਘ ਰਾਖ੍ਯੋ ਰਜੀ ਪੁਤ੍ਰ ਸੂਰੰ॥**
**ਮਹਾਂ ਜੰਗ ਜੋਧਾ ਮਹਾਂ ਜਸ ਪੂਰੰ॥ ੩੧॥ ੧੯੫॥**

ਪਦ ਅਰਥ - ਰਜੀ=ਦਾਸੀ ਦਾ ਨਾਮ 'ਰੱਜੀ' ਸੀ।

ਰਾਜੇ ਨੇ ਆਪਣੇ ਪਹਿਲੇ ਪੁੱਤਰ ਦਾ ਨਾਂ ਅਸੁਮੇਧ ਰਖਿਆ ਸੀ। ਦੂਜੇ ਪੁੱਤਰ ਦੇ ਪੈਦਾ ਹੋਣ ਤੇ ਉਸਦਾ ਨਾਂ ਅਸਮੇਧਾਨ ਰਖਿਆ ਗਿਆ। ਦਾਸੀ ਦੀ ਕੁਖ ਤੋਂ ਪੈਦਾ ਹੋਏ ਪੁੱਤਰ ਦਾ ਨਾਂ ਅਜੈ ਸਿੰਘ ਰੱਖਿਆ, ਜੋ ਬੜਾ ਸੂਰਬੀਰ, ਜੰਗ ਦਾ ਮਹਾਨ ਯੋਧਾ ਤੇ ਬੜੇ ਜਸ ਵਾਲਾ ਸੀ॥ ੩੧॥੧੯੫॥

**ਭਇਓ ਤਨਦੁਰੁਸਤੰ ਬਲਿਸ਼ਟੰ ਮਹਾਨੰ॥**
**ਮਹਾਂ ਜੰਗ ਜੋਧਾ ਸੁ ਸ਼ਸਤਰੰ ਪ੍ਰਧਾਨੰ॥**
**ਹਣੈ ਦੁਸ਼ਟ ਪੁਸ਼ਟੰ ਮਹਾਂ ਸ਼ਸਤਰ ਧਾਰੰ॥**
**ਬਡੇ ਸ਼ਤ੍ਰ ਜੀਤੇ ਜਿਵੇ ਰਾਵਣਾਰੰ॥ ੩੨॥੧੯੬॥**

ਪਦ ਅਰਥ - ਤਨਦੁਰੁਸਤੰ=ਅਰੋਗ ਸਰੀਰ ਵਾਲਾ। ਰਾਵਣਾਰੰ=ਸ੍ਰੀ ਰਾਮ ਜੀ।

ਅਜੈ ਸਿੰਘ ਬੜਾ ਅਰੋਗ ਤੇ ਬਲਵਾਨ ਸੀ, ਜੋ ਜੰਗ ਦਾ ਮਹਾਨ ਯੋਧਾ ਤੇ ਸ਼ਸਤਰ ਵਿਦਿਆ ਵਿਚ ਬੜਾ ਨਿਪੁੰਨ ਸੀ। ਉਸ ਨੇ ਸ਼ਸਤਰਾਂ ਦੀ ਧਾਰ ਨਾਲ ਬੜੇ ਬੜੇ ਬਲਵਾਨ ਦੁਸ਼ਟਾਂ ਨੂੰ ਨਾਸ਼ ਕਰ ਦਿੱਤਾ ਸੀ ਅਤੇ ਸ੍ਰੀ ਰਾਮਚੰਦਰ ਜੀ ਵਾਂਗੂੰ ਵਡੇ ਵਡੇ ਦੁਸ਼ਮਣਾਂ ਨੂੰ ਜਿੱਤਕੇ ਆਪਣੇ ਅਧੀਨ ਕਰ ਲਿਆ ਸੀ॥ ੩੨॥੧੯੬॥

**ਚੜਿਓ ਏਕ ਦਿਵਸੰ ਅਖੇਟੰ ਨਰੇਸ਼ੰ॥**
**ਲਖੇ ਮ੍ਰਿਗ ਧਾਯੋ ਗਯੋ ਅਉਰ ਦੇਸੰ॥**
**ਸ੍ਰਮਿਓ ਪਰਮ ਬਾਟੰ ਤਕਿਓ ਏਕ ਤਾਲੰ॥**
**ਤਹਾ ਦਉਰ ਕੈ ਪੀਨ ਪਾਨੰ ਉਤਾਲੰ॥ ੩੩॥੧੯੭॥**

ਇਕ ਦਿਨ ਰਾਜਾ ਜਨਮੇਜਾ ਸ਼ਿਕਾਰ ਖੇਡਣ ਲਈ ਜੰਗਲ ਵਲ ਗਿਆ। ਉਥੇ ਉਸ ਨੇ ਇਕ ਹਿਰਨ ਵੇਖਿਆ। ਹਿਰਨ ਨੂੰ ਮਾਰਨ ਵਾਸਤੇ ਉਹ ਉਸ ਦੇ ਮਗਰ ਲੱਗ ਤੁਰਿਆ, ਇਉਂ ਰਾਜਾ ਕਿਸੇ ਹੋਰ ਦੇਸ਼ ਨੂੰ ਚਲਾ ਗਿਆ। ਰਾਜਾ ਬੜਾ ਪੈਂਡਾ ਕਰਕੇ ਥੱਕ ਗਿਆ ਤੇ ਅਰਾਮ ਕਰਨ ਲਈ ਉਸ ਜੰਗਲ ਵਿਚ ਠਹਿਰ ਗਿਆ। ਉਥੇ ਉਸ ਨੇ ਇਕ ਪਾਣੀ ਦਾ ਤਲਾਬ ਵੇਖਿਆ। ਰਾਜਾ ਦੌੜਕੇ ਤਲਾਬ ਤੇ ਪਾਣੀ ਪੀਣ ਲਈ ਗਿਆ॥ ੩੩॥੧੯੭॥

**ਕਰਿਓ ਰਾਜ ਸੈਨੰ ਕਢਿਓ ਬਾਰ ਬਾਜੰ॥**
**ਤਕੀ ਬਾਜਨੀ ਰੂਪ ਰਾਜੰ ਸਮਾਜੰ॥**
**ਲਗਜੋ ਆਨ ਤਾਕੋ ਰਹਜੋ ਤਾਹਿ ਗਰਭੰ॥**
**ਭੁਜਿਓ ਸਜਾਮ ਕਰਣੰ ਸੁ ਬਾਜੀ ਅਦਰਬੰ॥ ੩੪॥੧੯੮॥**

ਰਾਜਾ ਜਨਮੇਜਾ ਥਕਿਆ ਹੋਣ ਕਰਕੇ ਪਾਣੀ ਪੀਕੇ ਸੌਂ ਗਿਆ। ਤਦ ਹੋਣੀ ਨੇ ਉਸ ਜਲ ਵਿਚੋਂ ਇਕ ਘੋੜਾ ਕਢਿਆ। ਉਸ ਘੋੜੇ ਨੇ ਇਕ ਬੜੀ ਸੁੰਦਰ ਤੇ ਰਾਜ ਸਾਜ ਵਾਲੀ ਘੋੜੀ ਵੇਖੀ। ਉਸ ਘੋੜੇ ਨੇ ਘੋੜੀ ਨਾਲ ਭੋਗ ਕੀਤਾ, ਜਿਸ ਕਰਕੇ ਘੋੜੀ ਗਰਭਵਤੀ ਹੋ ਗਈ। ਉਸ ਘੋੜੀ ਤੋਂ ਇਕ ਕਾਲੇ ਰੰਗ ਦਾ ਬੜਾ ਅਮੋਲਕ ਘੋੜਾ ਪੈਦਾ ਹੋਇਆ॥ ੩੪॥ ੧੯੮

ਕਰਜੋ ਬਾਜ ਮੇਧੰ ਬਡੋ ਜੱਗ ਰਾਜਾ॥
ਜਿਣੇ ਸਰਬ ਭੂਪੰ ਸਰੇ ਸਰਬ ਕਾਜਾ॥
ਗਡਜੋ ਜੱਗ ਥੰਭੇ ਕਰਜੋ ਹੋਮ ਕੁੰਡੰ॥
ਭਲੀ ਭਾਂਤ ਪੋਖੇ ਬਲੀ ਬਿਪ੍ਰ ਝੁੰਡੰ॥ ੩੫॥ ੧੯੯॥

ਰਾਜੇ ਜਨਮੇਜੇ ਨੇ ਇਕ ਬੜਾ ਵੱਡਾ ਅਸ੍ਵਮੇਧ ਯੱਗ ਕਰਨ ਦਾ ਉੱਦਮ ਕੀਤਾ। ਉਸ ਨੇ ਸਾਰੇ ਦੇਸ਼ਾਂ ਦੇ ਰਾਜਿਆਂ ਨੂੰ ਜਿੱਤ ਲਿਆ। ਉਸਦੇ ਸਾਰੇ ਕਾਰਜ ਰਾਸ ਹੋ ਗਏ। ਫਿਰ ਉਸ ਨੇ ਯੱਗ ਦਾ ਥੰਭਾ ਗੱਡ ਦਿੱਤਾ ਤੇ ਹਵਨ ਕੁੰਡ ਬਣਵਾ ਲਏ। ਉਸਨੇ ਬ੍ਰਾਹਮਣਾਂ ਨੂੰ ਕਈ ਤਰ੍ਹਾਂ ਦੇ ਦਾਨ ਦੇ ਕੇ ਉਹਨਾਂ ਨੂੰ ਰਜਾ ਦਿੱਤਾ॥ ੩੫॥ ੧੯੯॥

ਦਏ ਕੋਟ ਦਾਨੰ ਪਕੇ ਪਰਮ ਪਾਕੰ॥
ਕਲੂ ਮੱਧਿ ਕੀਨੋ ਬਡੋ ਧਰਮ ਸਾਕੰ॥
ਲਗੀ ਦੇਖਨੇ ਆਪ ਜਿਉ ਰਾਜ ਬਾਲਾ॥
ਮਹਾ ਰੂਪਵੰਤੀ ਮਹਾ ਜ੍ਵਾਲ ਆਲਾ॥ ੩੬॥ ੨੦੦॥

ਰਾਜੇ ਨੇ ਬ੍ਰਾਹਮਣਾਂ ਨੂੰ ਕਰੋੜਾਂ ਪਦਾਰਥ ਦਾਨ ਦਿੱਤੇ ਤੇ ਉਹਨਾਂ ਨੂੰ ਬੜੇ ਪਵਿੱਤ੍ਰ ਖਾਣੇ ਖੁਆਏ। ਕਲਜੁਗ ਦੇ ਸਮੇਂ ਵਿਚ ਰਾਜੇ ਜਨਮੇਜੇ ਨੇ ਇਹ ਬੜਾ ਵੱਡਾ ਧਰਮ ਦਾ ਕੰਮ ਕੀਤਾ। ਰਾਜੇ ਦੀ ਇਸਤਰੀ, ਜੋ ਬੜੀ ਰੂਪਵਤੀ ਤੇ ਤੇਜ ਦਾ ਘਰ ਸੀ, ਜਿਉਂ ਹੀ ਯੱਗ ਵੇਖਣ ਲਈ ਆਈ॥ ੩੬॥ ੨੦੦॥

ਉਡਜੋ ਪਉਨ ਕੇ ਬੇਗ ਸਿਉ ਅੱਗ੍ਰ ਪੱਤ੍ਰੰ॥
ਹਸੇ ਦੇਖ ਨਗਨੰ ਤ੍ਰੀਯੰ ਬਿਪ੍ਰ ਛੱਤ੍ਰੰ॥
ਭਇਓ ਕੋਪ ਰਾਜਾ ਗਹੇ ਬਿਪ੍ਰ ਸਰਬੰ॥
ਦਹੇ ਖੀਰ ਖੰਡੰ ਬਡੇ ਪਰਮ ਗਰਬੰ॥ ੩੭॥ ੨੦੧॥

ਤਦੋਂ ਤੇਜ ਹਵਾ ਦੇ ਬੁਲੇ ਨਾਲ ਰਾਣੀ ਦੇ ਅਗਲੇ ਪਾਸੇ ਦਾ ਕੱਪੜਾ ਉੱਡ ਗਿਆ ਤੇ ਰਾਣੀ ਨੰਗੀ ਹੋ ਗਈ। ਰਾਣੀ ਨੂੰ ਨੰਗੀ ਹੋਇਆਂ ਵੇਖ ਕੇ ਸਭ ਬ੍ਰਾਹਮਣ ਤੇ ਛੱਤ੍ਰੀ ਹੱਸ ਪਏ। ਬ੍ਰਾਹਮਣਾਂ

ਨੂੰ ਫੜ ਲਿਆ ਗਿਆ। ਬੜੇ ਬੜੇ ਵਿਦਵਾਨ ਤੇ ਮਾਨ ਸਤਿਕਾਰ ਵਾਲੇ ਪੰਡਤਾਂ ਨੂੰ ਰਾਜੇ ਨੇ ਗਰਮ ਗਰਮ ਖੀਰ ਤੇ ਖੰਡ ਨਾਲ ਸਾੜ ਦਿੱਤਾ॥ ੩੭॥ ੨੦੧॥

**ਪ੍ਰਿਥਮ ਬਾਂਧਿ ਕੈ ਸਰਬ ਮੂੰਡੇ ਮੁੰਡਾਏ॥**
**ਪੁਨਰ ਏਡੂਆ ਸੀਸ ਤਾਕੇ, ਟਿਕਾਏ॥**
**ਪੁਨਰ ਤਪਤ ਕੈ ਖੀਰ ਕੇ ਮੱਧਿ ਡਾਰਿਓ॥**
**ਇਮੰ ਸਰਬ ਬਿੱਪ੍ਰਾਨ ਕਉ ਜਾਰਿ ਮਾਰਿਓ॥ ੩੮॥ ੨੦੨॥**

ਰਾਜੇ ਨੇ ਪਹਿਲਾਂ ਸਾਰੇ ਬ੍ਰਾਹਮਣਾਂ ਨੂੰ ਬੰਨ੍ਹਕੇ ਉਹਨਾਂ ਦੇ ਸਿਰ ਮੁਨਾ ਦਿੱਤੇ। ਫਿਰ ਉਹਨਾਂ ਦੇ ਸਿਰਾ ਤੇ ਇੰਨੂ ਧਰ ਦਿੱਤੇ। ਫੇਰ ਤੱਤੀ ਤੱਤੀ ਖੀਰ ਉਹਨਾਂ ਇੰਨੂਆਂ ਵਿਚ ਪਾ ਦਿੱਤੀ। ਇਸ ਤਰ੍ਹਾਂ ਸਭ ਬ੍ਰਾਹਮਣਾਂ ਨੂੰ ਖੀਰ ਨਾਲ ਸਾੜ ਕੇ ਮਾਰ ਦਿੱਤਾ॥ ੩੮॥ ੨੦੨॥

**ਕਿਤੇ ਬਾਂਧਿ ਕੈ ਬਿਪ੍ਰ ਬਾਚੇ ਦਿਵਾਰੰ॥**
**ਕਿਤੇ ਬਾਂਧ ਫਾਸੀ ਦੀਏ ਬਿਪ੍ਰ ਭਾਰੰ॥**
**ਕਿਤੇ ਬਾਰਿ ਬੋਰੇ ਕਿਤੇ ਅਗਨਿ ਜਾਰੇ॥**
**ਕਿਤੇ ਅੱਧਿ ਚੀਰੇ ਕਿਤੇ ਬਾਂਧ ਫਾਰੇ॥ ੩੯॥ ੨੦੩॥**

ਕਿੰਨੇ ਬ੍ਰਾਹਮਣਾਂ ਨੂੰ ਬੰਨ੍ਹ ਕੇ ਕੰਧਾਂ ਵਿਚ ਚਿਣ ਦਿੱਤਾ। ਕਈ ਵਡੇ ਵਡੇ ਪੰਡਤਾਂ ਨੂੰ ਫਾਂਸੀ ਤੇ ਚੜ੍ਹਾਕੇ ਮਾਰ ਦਿੱਤਾ। ਕਈਆਂ ਨੂੰ ਪਾਣੀ ਵਿਚ ਡੋਬ ਦਿੱਤਾ ਤੇ ਕਈਆਂ ਨੂੰ ਅੱਗ ਵਿਚ ਸਾੜ ਦਿੱਤਾ। ਕਈਆਂ ਦੇ ਸਰੀਰ ਚੀਰ ਕੇ ਦੋ ਟੋਟੇ ਕਰ ਦਿੱਤੇ ਤੇ ਕਈਆਂ ਨੂੰ ਬੰਨ੍ਹਕੇ ਦੋ ਫਾੜ ਕਰ ਦਿੱਤਾ॥ ੩੯॥ ੨੦੩॥

**ਲਾਗਯੋ ਦੋਖ ਭੂਪੰ ਬਢਿਓ ਕੁਸ਼ਟ ਦੇਹੀ॥**
**ਸਭੇ ਬਿੱਪ੍ਰ ਬੋਲੇ ਕਰਿਯੋ ਰਾਜ ਨੇਹੀ॥**
**ਕਹੋ ਕਉਨ ਸੋ ਬੈਠਿ ਕੀਜੈ ਬਿਚਾਰੰ॥**
**ਦਹੈ ਦੇਹ ਦੋਖੰ ਮਿਟੈ ਪਾਪ ਭਾਰੰ॥ ੪੦॥ ੨੦੪॥**

ਬੇਸ਼ੁਮਾਰ ਬ੍ਰਾਹਮਣਾਂ ਨੂੰ ਮਾਰਨ ਕਰਕੇ ਰਾਜੇ ਜਨਮੇਜੇ ਨੂੰ ਬ੍ਰਹਮ ਹਤਿਆ ਦਾ ਦੋਸ਼ ਲੱਗ ਗਿਆ ਤੇ ਉਸ ਦੇ ਸਰੀਰ ਵਿਚ ਕੋਹੜ ਦਾ ਰੋਗ ਵਧ ਗਿਆ। ਇਸ ਦੁਖ ਤੋਂ ਲਾਚਾਰ ਹੋ ਕੇ ਰਾਜੇ ਨੇ ਹੋਰ ਬਹੁਤ ਸਾਰੇ ਬ੍ਰਾਹਮਣਾਂ ਨੂੰ ਬੁਲਾਇਆ ਤੇ ਉਹਨਾਂ ਨਾਲ ਬੜਾ ਪ੍ਰੇਮ ਕੀਤਾ। ਰਾਜੇ ਨੇ ਉਹਨਾਂ ਬ੍ਰਾਹਮਣਾਂ ਨੂੰ ਕਿਹਾ ਕਿ ਤੁਸੀਂ ਵਿਚਾਰ ਕਰਕੇ ਦੱਸੋ ਕਿ ਮੈਂ ਕਿਹੜਾ ਪਾਪ ਕੀਤਾ ਹੈ? ਉਸ ਭਾਰੀ

ਪਾਪ ਦਾ ਦੋਸ਼ ਕਿਹੜੇ ਉਪਾਅ ਨਾਲ ਦੂਰ ਹੋਵੇਗਾ॥ ੪੦॥ ੨੦੪॥

**ਬੋਲੇ ਰਾਜ ਦ੍ਵਾਰੰ ਸਭੈ ਬਿੱਪ੍ਰ ਆਏ॥**
**ਬਡੇ ਬਿਆਸ ਤੇ ਆਦਿ ਲੈ ਕੇ ਬੁਲਾਏ॥**
**ਦਿਖੈ ਲਾਗ ਸ਼ਾਸਤ੍ਰੰ ਬੋਲੇ ਬਿੱਪ੍ਰ ਸਰਬੰ॥**
**ਕਰਜੋ ਬਿੱਪ੍ਰ ਮੇਧੰ ਬਢਿਓ ਭੂਪ ਗਰਬੰ॥ ੪੧॥ ੨੦੫॥**

ਪਦ ਅਰਥ - ਮੇਧੰ=ਬਲੀ। ਗਰਬੰ=ਹੰਕਾਰ।

ਰਾਜੇ ਦੇ ਸੱਦੇ ਤੇ ਸਭ ਬ੍ਰਾਹਮਣ ਰਾਜ-ਸਭਾ ਵਿਚ ਆਏ। ਬਿਆਸ ਮੁਨੀ ਨੇ ਹੋਰ ਵਡੇ ਵਡੇ ਵਿਦਵਾਨ ਬ੍ਰਾਹਮਣਾਂ ਨੂੰ ਇਸ ਸਭਾ ਵਿਚ ਬੁਲਾਇਆ ਗਿਆ। ਸ਼ਾਸਤ੍ਰਾਂ ਦੀ ਵਿਚਾਰ ਕਰਨ ਤੋਂ ਬਾਅਦ ਸਭ ਬ੍ਰਾਹਮਣਾਂ ਨੇ ਕਿਹਾ ਕਿ ਰਾਜੇ ਨੂੰ ਬਹੁਤ ਹੰਕਾਰ ਹੋ ਗਿਆ ਤੇ ਇਸ ਨੇ ਹੰਕਾਰ ਵਸ ਹੋ ਕੇ ਬ੍ਰਾਹਮਣਾਂ ਨੂੰ ਮਾਰਿਆ ਹੈ॥ ੪੧॥ ੨੦੫॥

**ਸੁਨਹੁ ਰਾਜ ਸਰਦੂਲ ਬਿਦਿਆ ਨਿਧਾਨੰ॥**
**ਕਰਜੋ ਬਿਪ੍ਰ ਮੇਧੰ ਸੁ ਜੱਗੰ ਪ੍ਰਮਾਨੰ॥**
**ਭਇਓ ਅਕਸਮੰਤ੍ਰੰ ਕਹਿਓ ਨਾਹਿ ਕਉਨੈ॥**
**ਕਰੀ ਜਉਨ ਹੋਤੀ ਭਈ ਬਾਤ ਤਉਨੈ॥ ੪੨॥ ੨੦੬॥**

ਸਭ ਬ੍ਰਾਹਮਣ ਰਾਜੇ ਨੂੰ ਕਹਿਣ ਲਗੇ- ਹੇ ਰਾਜਿਆਂ ਵਿਚ ਸ਼ੇਰ ਰੂਪ ਮਹਾਰਾਜ! ਹੇ ਵਿਦਿਆ ਦੇ ਖਜਾਨੇ ਰਾਜਨ! ਤੁਸਾਂ ਅਸ੍ਵਮੇਧ ਯੱਗ ਕਰਦਿਆਂ ਬ੍ਰਾਹਮਣਾਂ ਨੂੰ ਮਾਰਿਆ ਹੈ। ਇਹ ਬੁਰਾ ਕਰਮ ਤੁਹਾਡੇ ਕੋਲੋਂ ਭੁਲ ਭੁਲੇਖੇ ਅਚਾਨਕ ਹੀ ਹੋ ਗਿਆ, ਇਸ ਬਾਰੇ ਆਪ ਨੂੰ ਕਿਸੇ ਨੇ ਦੱਸਿਆ ਨਹੀਂ ਕਿ ਇਹ ਬੁਰਾ ਕਰਮ ਹੈ ਤੇ ਇਹ ਨਾ ਕਰੋ। ਪਰ ਇਹ ਗੱਲ ਤੁਹਾਡੇ ਵਸ ਦੀ ਨਹੀਂ ਸੀ ਬਿਧਾਤਾ ਨੇ ਜਿਹੜੀ ਗੱਲ ਵਰਤਾਈ ਹੈ, ਉਹੋ ਹੋਈ ਹੈ॥ ੪੨॥ ੨੦੬॥

**ਸੁਨਹੁ ਬਿਆਸ ਤੇ ਪਰਬ ਅਸ਼ਟੰ ਦਸਾਨੰ॥**
**ਦਹੈ ਦੇਹ ਤੇ ਕੁਸ਼ਟ ਸਰਬ ਨ੍ਰਿਪਾਨੰ॥**
**ਬੋਲੇ ਬਿਪ੍ਰ ਬਿਆਸੰ ਸੁਨੈ ਲਾਗ ਪਰਬੰ॥**
**ਪਰਜੋ ਭੂਪ ਪਾਇਨ ਤਜੇ ਸਰਬ ਗਰਬੰ॥ ੪੩॥ ੨੦੭॥**

ਬ੍ਰਾਹਮਣਾਂ ਨੇ ਰਾਜੇ ਨੂੰ ਇਸ ਪਾਪ ਦਾ ਇਹ ਪ੍ਰਾਸ਼ਚਿਤ ਕਰਨਾ ਦੱਸਿਆ ਕਿ ਹੇ ਰਾਜਨ! ਤੁਸੀ ਬਿਆਸ ਮੁਨੀ ਤੋਂ ਮਹਾਂ ਭਾਰਤ ਦੇ ਅਠਾਰਾਂ ਪਰਬਾਂ ਦੀ ਕਥਾ ਸੁਣੋ, ਫਿਰ ਤੁਹਾਡੇ ਸਰੀਰ ਤੋਂ

ਕੋਹੜ ਦਾ ਰੋਗ ਦੂਰ ਹੋ ਜਾਏਗਾ। ਬ੍ਰਾਹਮਣਾਂ ਦੀ ਇਹ ਸਲਾਹ ਮੰਨਕੇ ਰਾਜੇ ਨੇ ਉਸੇ ਵੇਲੇ ਬਿਆਸ ਮੁਨੀ ਨੂੰ ਬੁਲਾਇਆ ਤੇ ਆਪਣਾ ਸਾਰਾ ਹੰਕਾਰ ਛੱਡ ਕੇ ਮੁਨੀ ਜੀ ਦੇ ਚਰਨੀਂ ਪਿਆ ਤੇ ਉਹਨਾਂ ਤੋਂ ਮਹਾਂ ਭਾਰਤ ਦੀ ਕਥਾ ਸੁਣਨ ਲੱਗਾ॥੪੩॥੨੦੭॥

**ਸੁਨਹੁ ਰਾਜ ਸਰਦੂਲ ਬਿਦਿਆ ਨਿਧਾਨੰ॥**
**ਹੂਓ ਭਰਥ ਕੇ ਬੰਸ ਮੈ ਰੱਘੁਰਾਨੰ॥**
**ਭਇਓ ਤਉਨ ਕੇ ਬੰਸ ਮੈ ਰਾਮ ਰਾਜਾ॥**
**ਦੀਜੈ ਛਤ੍ਰ ਦਾਨੰ ਨਿਧਾਨੰ ਬਿਰਾਜਾ॥੪੪॥੨੦੮॥**

ਬਿਆਸ ਮੁਨੀ ਜੀ ਰਾਜਾ ਜਨਮੇਜਾ ਨੂੰ ਮਹਾਂ ਭਾਰਤ ਦੀ ਕਥਾ ਸੁਨਾਉਣ ਲੱਗੇ ਤੇ ਉਹਨਾਂ ਨੇ ਰਾਜੇ ਨੂੰ ਕਿਹਾ-ਹੇ ਰਾਜਿਆਂ ਵਿਚ ਸ਼ੇਰ ਰੂਪ ਤੇ ਵਿਦਿਆ ਦੇ ਖਜ਼ਾਨੇ ਰਾਜਨ! ਸੁਣੋ, ਮਹਾਰਾਜ ਭਰਥ ਦੀ ਵੰਸ ਵਿਚ ਇਕ ਰਘੁ ਰਾਜਾ ਹੋਇਆ ਹੈ। ਫਿਰ ਅਗੋਂ ਉਸਦੀ ਵੰਸ ਵਿਚ ਰਾਜਾ ਰਾਮਚੰਦਰ ਜੀ ਹੋਏ ਸਨ। ਉਹਨਾਂ ਨੇ ਪਰਸਰਾਮ ਨੂੰ ਜਿੱਤਕੇ ਛਤ੍ਰੀਆਂ ਨੂੰ ਰਾਜ ਸਾਜ, ਖਜ਼ਾਨੇ ਤੇ ਸੁਖ ਬਖਸ਼ਿਆ ਸੀ ॥੪੪॥੨੦੮॥

**ਭਇਓ ਤਉਨ ਕੀ ਜੱਦ ਮੈ ਜੱਦੁ ਰਾਜੰ॥**
**ਦਸੰ ਚਾਰ ਚੌਦਹ ਸੁ ਬਿੱਦਿਆ ਸਮਾਜੰ॥**
**ਭਇਓ ਤਉਨ ਕੇ ਬੰਸ ਮੈ ਸੰਤਨੇਅੰ॥**
**ਭਏ ਤਾਹਿ ਕੇ ਕਉਰਓ ਪਾਂਡਵੇਅੰ॥੪੫॥੨੦੯॥**

ਉਸਦੀ ਕੁਲ ਵਿਚ ਯਦੁ ਰਾਜਾ ਹੋਇਆ ਹੈ। ਜੋ ਚੋਦਾਂ ਪ੍ਰਕਾਰ ਦੀ ਵਿਦਿਆ ਵਿਚ ਬੜਾ ਨਿਪੁੰਨ ਸੀ। ਉਸਦੇ ਵੰਸ ਵਿਚ ਸਤਨੇਯ ਰਾਜਾ ਹੋਇਆ, ਅਗੋਂ ਉਸ ਦੀ ਕੁਲ ਵਿਚ ਕੁਰੂ ਤੇ ਪਾਂਡੋ ਹੋਏ ਸਨ॥੪੫॥੨੦੯॥

**ਭਏ ਤਉਨ ਕੇ ਬੰਸ ਮੈ ਧ੍ਰਿਤਰਾਸ਼ਟਰੰ॥**
**ਮਹਾ ਜੁੱਧ ਜੋਧਾ ਪ੍ਰਬੋਧਾ ਮਹਾ ਸ਼ਤ੍ਰੰ॥**
**ਭਏ ਤਉਨ ਕੇ ਕਉਰਵੰ ਕ੍ਰੂਰ ਕਰਮੰ॥**
**ਕੀਓ ਛੱਤ੍ਰਨੰ ਜੈਨ ਕੁਲ ਛੈਣ ਕਰਮੰ॥੪੬॥੨੧੦॥**

ਉਸ ਕੁਰੂ ਦੀ ਵੰਸ ਵਿਚ ਧ੍ਰਿਤਰਾਸ਼ਟਰ ਰਾਜਾ ਹੋਇਆ, ਜੋ ਜੁੱਧ ਦਾ ਮਹਾਨ ਯੋਧਾ ਤੇ ਵਡੇ ਵਡੇ ਵੈਰੀਆਂ ਨੂੰ ਸੋਧਣ ਵਾਲਾ ਸੀ। ਧ੍ਰਿਤਰਾਸ਼ਟਰ ਦੇ ਘਰ ਖੋਟੇ ਕਰਮ ਕਰਨ ਵਾਲੇ ਕੌਰਵ ਪੈਦਾ

ਹੋਏ, ਜਿੰਨ੍ਹਾਂ ਨੇ ਛਤ੍ਰੀਆਂ ਦੀ ਕੁਲ ਨੂੰ ਨਾਸ ਕਰਨ ਲਈ ਛੈਣੀ ਵਾਲਾ ਕੰਮ ਕੀਤਾ ਭਾਵ ਜਿਸ ਤਰ੍ਹਾਂ ਛੈਣੀ ਲੋਹੇ ਨੂੰ ਕੱਟ ਦੇਂਦੀ ਹੈ, ਇਸੇ ਤਰ੍ਹਾਂ ਕੌਰਵਾਂ ਨੇ ਛਤ੍ਰੀਆਂ ਦੀ ਕੁਲ ਨੂੰ ਕਟ ਕੇ ਨਾਸ ਕਰ ਦਿੱਤਾ॥੪੬॥੨੧੦॥

**ਕੀਓ ਭੀਖਮੇ ਅੱਗ੍ਰ ਸੈਨਾ ਸਮਾਜੰ॥**
**ਭਇਓ ਕ੍ਰੂਧ ਜੁੱਧੰ ।ਸਮੂਹ ਪੰਡੁ ਰਾਜੰ॥**
**ਤਹਾਂ ਗਰਜਿਓ ਅਰਜਨੰ ਪਰਮ ਬੀਰੰ॥**
**ਧਨੁਰ ਬੇਦ ਗਜਾਤਾ ਤਜੇ ਪਰਮ ਤੀਰੰ॥੪੭॥੨੧੧॥**

ਪਦ ਅਰਥ - ਅੱਗ੍ਰ=ਆਗੂ, ਸੈਨਾਪਤੀ। ਸਮੂਹਪੰਡੁਰਾਜੰ=ਪੰਡੁਰਾਜੇ ਦੇ ਪੁੱਤਰ। ਧਨੁਰ ਬੇਦ ਗਿਆਤਾ=ਸ਼ਸਤਰ ਵਿਦਿਆ ਦਾ ਗਿਆਤਾ।

ਕੌਰਵਾਂ ਨੇ ਆਪਣੀ ਸੈਨਾ ਦਾ ਸੈਨਾਪਤੀ ਭੀਸ਼ਮ ਪਿਤਾਮਾ ਨੂੰ ਬਣਾਇਆ। ਕੈਰਵਾ ਦਾ ਪੰਡੂ ਦੇ ਪੁੱਤਰਾਂ ਪਾਂਡਵਾਂ ਨਾਲ ਬੜਾ ਭਿਆਨਕ ਜੁੱਧ ਹੋਇਆ। ਜੰਗ ਵਿਚ ਮਹਾਨ ਯੋਧਾ ਅਰਜਨ ਗਰਜਿਆ। ਉਸ ਸ਼ਸ ੍ਰ ਵਿਦਿਆ ਦੇ ਗਿਆਤਾ ਅਰਜਨ ਨੇ ਬੜੇ ਤੀਰ ਚਲਾਏ॥੪੭॥੨੧੧॥

**ਤਜੇ ਬੀਰ ਬਾਨਾ ਵਰੀ ਬੀਰ ਖੇਤੰ॥**
**ਹਣਿਓ ਭੀਖਮੰ ਸਭੈ ਸੈਨਾ ਸਮੇਤੰ॥**
**ਦਈ ਬਾਣ ਸਿਹਜਾ ਗਰੇ ਭੀਖਮੈਣੰ॥**
**ਜਯੱ ਪੱਤ੍ਰ ਪਾਇਓ ਸੁਖੰ ਪਾਂਡਵੈਣੰ॥੪੮॥੨੧੨॥**

ਬਹਾਦਰ ਅਰਜਨ ਨੇ ਰਣਭੂਮੀ ਵਿਚ ਤੀਰਾਂ ਦੀ ਲੜੀ ਛੱਡ ਦਿੱਤੀ। ਸਾਰੀ ਸੈਨਾ ਸਮੇਤ ਭੀਸ਼ਮ ਪਿਤਾਮਾ ਨੂੰ ਮਾਰ ਦਿੱਤਾ। ਅਰਜਨ ਨੇ ਭੀਸ਼ਮ ਪਿਤਾਮਾ ਨੂੰ ਤੀਰਾਂ ਦੀ ਸੇਜ ਬਣਾ ਦਿੱਤੀ, ਜਿਸ ਤੇ ਉਹ ਲੇਟ ਗਿਆ। ਇਉਂ ਅਰਜਨ ਨੇ ਰਣਭੂਮੀ ਵਿਚ ਜਿੱਤ ਹਾਸਲ ਕਰਕੇ ਸੁਖ ਪ੍ਰਾਪਤ ਕੀਤਾ॥੪੮॥੨੧੨॥

**ਭਏ ਦ੍ਰੋਣ ਸੈਨਾਪਤੀ ਸੈਨ ਪਾਲੰ॥**
**ਭਇਓ ਘੋਰ ਜੁੱਧੰ ਤਹਾਂ ਤਉਨ ਕਾਲੰ॥**
**ਹਣਿਓ ਧ੍ਰਿਸ਼ਟ ਦੋਨੰ ਤਜੇ ਦ੍ਰੋਣ ਪ੍ਰਾਣੰ॥**
**ਕਰਿਓ ਜੁੱਧ ਤੇ ਦੇਵ ਲੋਕੰ ਪਿਯਾਣੰ॥੪੯॥੨੧੩॥**

ਪਦ ਅਰਥ - ਧ੍ਰਿਸਟਦੋਣੰ=ਧ੍ਰਿਸ਼ਟ ਦਯੁਮਨ, ਦਰੋਪਤੀ ਦਾ ਭਰਾ। ਦੇਵਲੋਕੰ=ਸੁਰਗ।

ਭੀਸ਼ਮ ਪਿਤਾਮਾ ਦੇ ਮਰ ਜਾਣ ਤੋਂ ਪਿਛੋਂ ਕੌਰਵਾਂ ਨੇ ਆਪਣੇ ਸ਼ਸਤਰ ਵਿਦਿਆ ਦੇ ਗੁਰੂ ਦਰੋਣਾਚਾਰਯ ਨੂੰ ਆਪਣੀ ਸੈਨਾ ਦਾ ਦੂਜਾ ਸੈਨਾਪਤੀ ਬਣਾਇਆ। ਰਣਭੂਮੀ ਵਿਚ ਉਸ ਸਮੇਂ ਬੜਾ ਭਿਆਨਕ ਜੰਗ ਹੋਇਆ। ਧ੍ਰਿਸਟ ਦਯੁਮਨ ਨੇ ਸੈਨਾਪਤੀ ਦਰੋਣਾਚਾਰਯ ਨੂੰ ਮਾਰ ਦਿੱਤਾ ਤੇ ਉਸ ਨੇ ਪ੍ਰਾਣ ਤਿਆਗ ਦਿੱਤੇ। ਯੁੱਧ ਵਿਚ ਮਰਨ ਕਰਕੇ ਉਹ ਸੁਰਗ ਲੋਕ ਨੂੰ ਗਿਆ॥ ੪੯॥ ੨੧੩॥

**ਭਏ ਕਰਣ ਸੈਨਾਪਤੀ ਛੱਤ੍ਰਪਾਲੰ॥**
**ਮਚਯੋ ਜੁੱਧ ਕ੍ਰੂੱਧੰ ਮਹਾਂ ਬਿਕਰਾਲੰ॥**
**ਹਣਿਓ ਤਾਹਿ ਪੰਥੰ ਸਦੰ ਸੀਸੁ ਕੱਪਿਓ॥**
**ਗਿਰਿਓ ਤਊਣ ਜੁੱਧਿਸ਼ਟਰੰ ਰਾਜੁ ਥੱਪਿਓ॥ ੫੦॥ ੨੧੪॥**

ਪਦ ਅਰਥ - ਪੰਥੰ=ਅਰਜਨ। ਸਦੰ=ਝਟ ਪਟ।

ਦਰੋਣਾਚਾਰਯ ਤੋਂ ਬਾਅਦ ਕੌਰਵਾਂ ਦੀ ਸੈਨਾ ਦਾ ਤੀਜਾ ਸੈਨਾਪਤੀ ਰਾਜਾ ਕਰਣ ਬਣਿਆ ਜਿਸ ਨੇ ਕਰੋਧ ਨਾਲ ਬੜਾ ਭਿਆਨਕ ਜੁੱਧ ਕੀਤਾ। ਅਰਜਨ ਨੇ ਬੜੀ ਫੁਰਤੀ ਨਾਲ ਕਰਣ ਦਾ ਸਿਰ ਵੱਢਕੇ ਉਸ ਨੂੰ ਮਾਰ ਦਿੱਤਾ। ਕਰਣ ਦੇ ਮਰਨ ਨਾਲ ਯੁਧਿਸ਼ਟਰ ਦਾ ਰਾਜ ਕਾਇਮ ਹੋ ਗਿਆ॥ ੫੦॥ ੨੧੪॥

**ਭਏ ਸੈਣ ਪਾਲੰ ਬਲੀ ਸੂਲ ਸੱਲਯੰ॥**
**ਭਲੀ ਭਾਂਤਿ ਕੁਪਿਓ ਬਲੀ ਪੰਡ ਦਲਯੰ॥**
**ਪੁਨਰ ਹਸਤ ਜੁਧਿੱਸ਼ਟਰੰ ਸ਼ਕਤ ਬੇਧੰ॥**
**ਗਿਰਯੋ ਜੁੱਧ ਭੂਪੰ ਬਲੀ ਭੂਪ ਬੇਦੰ॥ ੫੧॥ ੨੧੫॥**

ਪਦ ਅਰਥ - ਸੱਲਿਅੰ=ਮਦ੍ਰ ਦੇਸ਼ ਦਾ ਰਾਜਾ ਸੱਲਯ। ਹਸਤ=ਹਾਥੀ। ਸਕਤਿ=ਬਰਛੀ।

ਕੌਰਵਾਂ ਦੀ ਸੈਨਾ ਦਾ ਚੌਥਾ ਸੈਨਾਪਤੀ ਬੜਾ ਸੂਰਮਾ ਰਾਜਾ ਸੱਲਯ ਬਣਿਆਂ, ਜਿਸ ਨੇ ਪਾਂਡਵਾਂ ਨੂੰ ਬੜੀ ਕਰਾਰੀ ਮਾਰ ਮਾਰੀ। ਰਾਜੇ ਸੱਲਯ ਨੇ ਯੁਧਿਸ਼ਟਰ ਦੇ ਹਾਥੀ ਨੂੰ ਬਰਛੀ ਨਾਲ ਵਿੰਨ੍ਹਕੇ ਮਾਰ ਦਿੱਤਾ। ਰਾਜਾ ਯੁਧਿਸ਼ਟਰ ਹਾਥੀ ਦੇ ਮਰਨ ਨਾਲ ਰਣਭੂਮੀ ਵਿਚ ਡਿੱਗ ਪਿਆ। ਯੁਧਿਸ਼ਟਰ ਨੇ ਧਰਤੀ ਤੋਂ ਉਠਕੇ ਰਾਜਾ ਸੱਲਯ ਨੂੰ ਮਾਰ ਦਿੱਤਾ॥ ੫੧॥ ੨੧੫॥

**ਚੌਪਈ ॥ ਸਲ ਰਾਜਾ ਜਊਨੈ ਦਿਨ ਜੂਝਾ॥ ਕਊਰਊ ਹਾਰ ਤਵਨ ਤੇ ਸੂਝਾ ॥**
**ਜੂਝਤ ਸੱਲ ਭਇਓ ਅਸਤਾਮਾ॥ ਕੂਟਿਓ ਕੋਟ ਕਟਕੁ ਇਕ ਜਾਮਾ॥ ੫੨॥ ੨੧੬॥**

ਪਦ ਅਰਥ - ਅਸਤਾਮਾ=ਅਸ੍ਵਸਥਾਮਾ। ਇਕ ਜਾਮਾ=ਇਕ ਪਹਿਰ।

ਜਿਸ ਦਿਨ ਰਾਜਾ ਯੁਧਿਸ਼ਟਰ ਦੇ ਹਥੋਂ ਸੱਲਯ ਰਾਜਾ ਮਾਰਿਆ ਗਿਆ, ਕੌਰਵਾਂ ਨੂੰ ਉਸ

ਦਿਨ ਤੋਂ ਹੀ ਆਪਣੀ ਹਾਰ ਸੁਝ ਗਈ। ਸੱਲਯ ਦੇ ਮਰਨ ਤੋਂ ਬਾਅਦ ਅਸ੍ਰਥਾਮਾ ਸੈਨਾਪਤੀ ਬਣਿਆਂ, ਜਿਸ ਨੇ ਇਕ ਪਹਿਰ ਤਕ ਪਾਂਡਵਾਂ ਦੀ ਸੈਨਾ ਨੂੰ ਬੜੀ ਬੁਰੀ ਤਰ੍ਹਾਂ ਮਾਰਿਆ॥ ੫੨॥ ੨੧੬॥

**ਧ੍ਰਿਸ਼ਟ ਦੋਣੁ ਮਾਰਿਓ ਅਤਿ ਰਥੀ॥ ਪਾਂਡਵ ਸੈਨ ਭਲੇ ਕਰਿ ਮਥੀ॥**
**ਪਾਂਡਵ ਕੇ ਪਾਂਚੋ ਸੁਤ ਮਾਰੇ॥ ਦੁਆਪੁਰ ਮੈ ਬਡ ਕੀਨ ਅਖਾਰੇ॥ ੫੩॥ ੨੧੭॥**

ਅਸ੍ਰਸਥਾਮਾ ਨੇ ਸੁਘੜ ਰਥਵਾਨ ਧ੍ਰਿਸਟ ਦਯੁਮਨ ਨੂੰ ਮਾਰ ਦਿੱਤਾ ਤੇ ਪਾਂਡਵਾਂ ਦੀ ਸੈਨਾ ਨੂੰ ਚੰਗੀ ਤਰ੍ਹਾਂ ਮਾਰ ਮਾਰੀ। ਉਸ ਨੇ ਪਾਂਡਵਾਂ ਦੇ ਪੰਜਾਂ ਪੁੱਤਰਾਂ ਨੂੰ ਮਾਰ ਦਿੱਤਾ। ਇਸ ਤਰ੍ਹਾਂ ਅਸ੍ਰਸਥਾਮਾ ਨੇ ਦੁਆਪੁਰ ਜੁੱਗ ਵਿਚ ਬੜਾ ਭਿਆਨਕ ਜੰਗ ਕੀਤਾ॥ ੫੩॥ ੨੧੭॥

**ਕਉਰਉ ਰਾਜ ਕੀਓ ਤਬ ਜੁੱਧਾ॥ ਭੀਮ ਸੰਗਿ ਹੁਇਕੈ ਅਤਿ ਕ੍ਰੁੱਧਾ॥**
**ਜੁੱਧ ਕਰਤ ਕਬਹੂ ਨਹੀ ਹਾਰਾ॥ ਕਾਲ ਬਲੀ ਤਿਹ ਆਨ ਸੰਘਾਰਾ॥ ੫੪॥ ੨੧੮॥**

ਕੌਰਵਾਂ ਦੇ ਰਾਜੇ ਦੁਰੋਜਧਨ ਨੇ ਬੜੇ ਕਰੋਧ ਵਿਚ ਆ ਕੇ ਭੀਮਸੈਨ ਨਾਲ ਜੰਗ ਕੀਤਾ, ਜੋ ਰਣਭੂਮੀ ਵਿਚ ਜੁੱਧ ਕਰਦਿਆਂ ਕਦੀ ਵੀ ਨਹੀਂ ਸੀ ਹਾਰਿਆ। ਬਲੀ ਕਾਲ ਨੇ ਦੁਰਯੋਧਨ ਨੂੰ ਆ ਕੇ ਮਾਰ ਦਿੱਤਾ॥ ੫੪॥ ੨੧੮॥

## *ਭੁੰਜਗ ਪ੍ਰਯਾਤ ਛੰਦ॥*

**ਤਹਾ ਭੀਮ ਕੁਰਰਾਜ ਸਿਉ ਜੁੱਧ ਮੱਚਿਓ॥**
**ਛੁਟੀ ਬ੍ਰਹਮ ਤਾਰੀ ਮਹਾਂ ਰੁੱਦ੍ਰ ਨੱਚਿਓ॥**
**ਉਠੈ ਸ਼ਬਦ ਨਿਰਘਾਤ ਆਘਾਤ ਬੀਰੰ॥**
**ਭਏ ਰੁੰਡ ਮੁੰਡੰ ਤਣੰ ਤੱਛ ਤੀਰੰ॥ ੫੫॥ ੨੧੯॥**

ਕੋਰਵਾਂ ਦੇ ਰਾਜੇ ਦਰਯੋਧਨ ਦਾ ਭੀਮ ਸੈਨ ਨਾਲ ਇਹੋ ਜਿਹਾ ਭਿਆਨਕ ਜੁੱਧ ਮਚਿਆ, ਜਿਸ ਕਰਕੇ ਸ਼ਿਵ ਜੀ ਦੀ ਪ੍ਰਭੂ ਦੇ ਧਿਆਨ ਵਿਚ ਲੱਗੀ ਸਮਾਧੀ ਟੁੱਟ ਗਈ ਤੇ ਉਹ ਉੱਠਕੇ ਨੱਚਣ ਲੱਗ ਪਿਆ। ਦੋਹਾਂ ਸੂਰਮਿਆਂ ਦੇ ਸਰੀਰ ਜ਼ਖਮੀ ਹੋ ਗਏ ਤੇ ਕਈਆਂ ਦੇ ਸਿਰ ਧੜ ਤੋਂ ਜੁਦਾ ਹੋ ਗਏ॥ ੫੫॥ ੨੧੯॥

**ਗਿਰੇ ਬੀਰ ਏਕੰ ਅਨੇਕੰ ਪ੍ਰਕਾਰੰ॥**
**ਗਿਰੇ ਅੱਧ ਅੱਧੰ ਛੁਧੰ ਸ਼ਸਤਰ ਧਾਰੰ॥**
**ਕਟੇ ਕਉਰਵੰ ਦੂਰ ਸਿੰਦੂਰ ਖੇਤੰ॥**
**ਨਚੇ ਗਿੱਧ ਆਵੱਧ ਸਾਵੰਤ ਖੇਤੰ॥ ੫੬॥ ੨੨੦॥**

ਕਈ ਤਰੀਕਿਆਂ ਨਾਲ ਲੜਦੇ ਹੋਏ ਸੂਰਮੇ ਰਣਭੂਮੀ ਵਿਚ ਡਿੱਗ ਰਹੇ ਸਨ। ਸ਼ਸਤਰਾਂ ਦੀ ਧਾਰ ਦੇ ਭੁਖੇ ਸੂਰਮੇ ਅੱਧੋ ਅੱਧ ਹੋਕੇ ਮੈਦਾਨ ਵਿਚ ਡਿੱਗਦੇ ਸਨ। ਕੌਰਵਾਂ ਦੇ ਮਸਤ ਹਾਥੀ ਵਢੇ ਗਏ। ਰਣਭੂਮੀ ਵਿਚ ਸੂਰਮਿਆਂ ਦੀਆਂ ਲੋਥਾਂ ਪਈਆਂ ਵੇਖ ਕੇ ਗਿਰਝਾਂ ਖੁਸ਼ ਹੋ ਰਹੀਆਂ ਸਨ॥੫੬॥੨੨੦॥

**ਬਲੀ ਮੰਡਲਾਕਾਰ ਜੁੱਝੈ ਬਿਰਾਜੈ॥**
**ਹਸੈ ਗਰਜ ਠੋਕੈ ਭੁਜਾਂ ਹਰ ਦੂ ਗਾਜੈ॥**
**ਦਿਖਾਵੈ ਬਲੀ ਮੰਡਲਾਕਾਰ ਥਾਨੈ॥**
**ਉਭਾਰੈ ਭੁਜਾ ਅਉ ਫਟਾਕੈ ਗਜਾਨੈ॥੫੭॥੨੨੧॥**

ਪਦ ਅਰਥ - ਮੰਡਲਾਕਾਰ=ਗੋਲ ਘੇਰੇ ਦੀ ਸ਼ਕਲ ਬਣਾਕੇ। ਬਿਰਾਜੈ=ਖੜੇ ਹੋ ਕੇ। ਗਜਾਨੈ=ਹਾਥੀਆਂ ਨੂੰ।

ਸੂਰਮੇ ਗੋਲ ਘੇਰੇ ਦੀ ਸ਼ਕਲ ਬਣਾਕੇ ਲੜਦੇ ਸਨ। ਦੋਹਾਂ ਪਾਸਿਆਂ ਦੇ ਯੋਧੇ ਪ੍ਰਸੰਨ ਹੋ ਕੇ ਬਾਹਾਂ ਠੋਕਦੇ ਸਨ ਤੇ ਲਲਕਾਰੇ ਮਾਰਦੇ ਸਨ। ਗੋਲ ਘੇਰੇ ਦੀ ਸ਼ਕਲ ਵਿਚ ਖੜੇ ਹੋ ਕੇ ਸੂਰਮੇ ਆਪਣੇ ਜ਼ੋਰ ਦਿਖਾਉਂਦੇ ਸਨ ਤੇ ਬਾਹਾਂ ਉਲਾਰਕੇ ਗੁਰਜਾਂ ਚਲਾਉਂਦੇ ਅਥਵਾ ਹਾਥੀਆਂ ਨੂੰ ਮਾਰਦੇ ਸਨ॥੩॥੨੨੧॥

**ਸੁਭੈ ਸ੍ਵਰਨ ਕੇ ਪੱਤ੍ਰ ਬਾਂਧੇ ਗਜਾ ਮੈ॥**
**ਭਈ ਅਗਨਿ ਸੋਭਾ ਲਖੀ ਕੈ ਧੁਜਾ ਮੈ॥**
**ਭਿੜਾ ਮੈ ਭ੍ਰਮੈ ਮੰਡਲਾਕਾਰ ਬਾਹੈ॥**
**ਅਪੋ ਆਪ ਮੈ ਨੇਕ ਘਾਇੰ ਸਰਾਹੈ॥੫੮॥੨੨੨॥**

ਸੂਰਮਿਆਂ ਦੀਆਂ ਗੁਰਜਾਂ ਨਾਲ ਬੱਧੇ ਸੋਨੇ ਦੇ ਪੱਤਰੇ ਸੋਭਦੇ ਸਨ। ਉਹਨਾਂ ਗੁਰਜਾਂ ਦੀ ਸੋਭਾ ਇਉਂ ਪ੍ਰਤੀਤ ਹੁੰਦੀ ਸੀ ਮਾਨੋ ਗੁਰਜਾਂ ਦੇ ਸਿਰਿਆਂ ਵਿਚ ਅਗਨੀ ਚਮਕ ਰਹੀ ਸੀ। ਸੂਰਮੇ ਰਣਭੂਮੀ ਵਿਚ ਗੋਲ ਚਕਰ ਬਨਾਕੇ ਭਿੜਦੇ ਸਨ, ਇਧਰ ਉਧਰ ਫਿਰਦੇ ਸਨ ਤੇ ਸ਼ਸ਼ਤ੍ਰ ਚਲਾਉਂਦੇ ਸਨ। ਆਪੋ ਆਪਣੇ ਸੂਰਮਿਆਂ ਦੇ ਭਿਆਨਕ ਜੰਗ ਨੂੰ ਵੇਖ ਕੇ ਸ਼ਲਾਘਾ ਕਰਦੇ ਸਨ॥੫੮॥੨੨੨॥

**ਤਹਾਂ ਭੀਮ ਭਾਰੀ ਭੁਜਾ ਸ਼ਸਤਰ ਬਾਹੈ॥**
**ਭਲੀ ਭਾਂਤਿ ਕੈ ਕੈ ਭਲੈ ਸੈਨ ਗਾਹੈ॥**
**ਉਤੈ ਕਉਰ ਪਾਲੰ ਧਰੈ ਛੱਤ੍ਰ ਧਰਮੰ॥**
**ਕਰੈ ਚਿੱਤ੍ਰ ਪਾਵਿੱਤ੍ਰ ਬਾਚਿੱਤ੍ਰ ਕਰਮੰ॥੫੯॥੨੨੩॥**

ਰਣਭੂਮੀ ਵਿਚ ਬੜੀਆਂ ਭਾਰੀਆਂ ਬਾਹਾਂ ਵਾਲਾ ਭੀਮ ਸੈਨ, ਸ਼ਸਤਰ ਚਲਾਕੇ ਕੌਰਵਾਂ ਦੀਆਂ ਸੈਨਾ

ਨੂੰ ਮਾਰ ਰਿਹਾ ਸੀ. ਉਧਰ ਦਰਯੋਧਨ ਵੀ ਛੱਤ੍ਰੀ ਧਰਮ ਨੂੰ ਧਾਰਨ ਵਾਲਾ ਸੀ, ਜੋ ਅਲੌਕਿਕ ਚਿਤ੍ਰ ਰੂਪ ਪਵਿੱਤ੍ਰ ਕਰਮ ਕਰ ਰਿਹਾ ਸੀ ਭਾਵ ਜੁੱਧ ਵਰਗਾ ਪਵਿੱਤ੍ਰ ਛੱਤ੍ਰੀ ਧਰਮ ਕਰ ਰਿਹਾ ਸੀ॥ ੫੯॥ ੨੨੩॥

ਸੁਭੈ ਬਾਜਵੰਦੰ ਛਕੈ ਭੂਪਨਾਣੰ॥
ਲਸੈ ਮੁਕਤ ਕਾ ਹਾਰ ਦੂਮਲਿਅੰ ਹਾਣੰ॥
ਦੋਊ ਮੀਰ ਧੀਰੰ ਦੋਊ ਪਰਮ ਓਜੰ॥
ਦੋਊ ਮਾਨਧਾਤਾ ਮਹੀਪੰ ਕਿ ਭੋਜੰ॥ ੬੦॥ ੨੨੪॥

ਦੋਵੇਂ ਸੂਰਮੇ ਬਾਜੂਬੰਦ ਆਦਿ ਗਹਿਣਿਆਂ ਨਾਲ ਸੋਭ ਰਹੇ ਸਨ। ਇਕੋ ਜਿਹੇ ਹਾਣ ਦੇ ਸੂਰਮਿਆਂ ਦੇ ਗਲਾਂ ਵਿਚ ਪਏ ਮੋਤੀਆਂ ਦੇ ਹਾਰ ਚਮਕਦੇ ਸਨ। ਦੋਵੇਂ ਸੂਰਮੇ ਬੜੇ ਧੀਰਜ ਵਾਲੇ ਤੇ ਮਹਾਨ ਬਲ ਵਾਲੇ ਸਨ। ਦੋਵੇਂ ਮਾਨਧਾਤਾ ਰਾਜੇ ਦਾ ਰੂਪ ਸਨ ਜਾਂ ਭੋਜ ਰਾਜਾ ਵਰਗੇ ਸਨ? ॥ ੬੦॥ ੨੨੪॥

ਦੋਊ ਬੀਰਬਾਨਾ ਬਧੈ ਅੱਧ ਅੱਧੰ॥
ਦੋਊ ਸ਼ਸਤਰ ਧਾਰੀ ਮਹਾਂ ਜੁੱਧ ਕ੍ਰੁੱਧੰ॥
ਦੋਊ ਕ੍ਰੂਰ ਕਰਮੰ ਦੋਊ ਜਾਨ ਬਾਹੰ॥
ਦੋਊ ਹੱਦਿ ਹਿੰਦੂਨ ਸ਼ਾਹਾਨ ਸ਼ਾਹੰ॥ ੬੧॥ ੨੨੫॥

ਦੋਹਾਂ ਸੂਰਮਿਆਂ ਨੇ ਜੰਗੀ ਬਾਣਾ ਬੱਧਾ ਹੋਇਆ ਸੀ ਤੇ ਉਹ ਵੈਰੀਆਂ ਨੂੰ ਟੋਟੇ ਕਰਨ ਵਾਲੇ ਸਨ। ਦੋਵੇਂ ਸ਼ਸਤਰਧਾਰੀ ਤੇ ਬੜੇ ਕਰੋਧ ਵਿਚ ਆ ਕੇ ਜੁੱਧ ਕਰਨ ਵਾਲੇ ਸਨ। ਦੋਵੇਂ ਬੜੇ ਭਿਆਨਕ ਕਰਮ ਕਰਨ ਵਾਲੇ ਸਨ ਤੇ ਗੋਡਿਆਂ ਤਕ ਲੰਮੀਆਂ ਬਾਂਹਾਂ ਵਾਲੇ ਸਨ। ਦੋਵੇਂ ਹਿੰਦੂਆਂ ਦੀ ਹੱਦ ਤਕ ਪਹੁੰਚਣ ਵਾਲੇ ਬਾਦਸ਼ਾਹਾਂ ਦੇ ਬਾਦਸ਼ਾਹ ਸਨ॥ ੬੧॥ ੨੨੫॥

ਦੋਊ ਸ਼ਸਤਰ ਧਾਰੰ ਦੋਊ ਪਰਮ ਦਾਨੰ॥
ਦੋਊ ਢਾਲ ਢੀਚਾਲ ਹਿੰਦੂ ਹਿੰਦਾਨੰ॥
ਦੋਊ ਸ਼ਸਤਰ ਵਰਤੀ ਦੋਊ ਛੱਤ੍ਰ ਧਾਰੀ॥
ਦੋਊ ਪਰਮ ਜੋਧਾ ਮਹਾਂ ਜੁੱਧ ਕਾਰੀ॥ ੬੨॥ ੨੨੬॥

ਦੋਵੇਂ ਸੂਰਮੇ-ਦਰਯੋਧਨ ਤੇ ਭੀਮਸੈਨ ਸ਼ਸਤਰ ਧਾਰਨ ਵਾਲੇ ਤੇ ਮਹਾਨ ਦਾਨੀ ਸਨ। ਹਿੰਦੁਸਤਾਨ ਦੇ ਦੋਵੇਂ ਹਿੰਦੂ ਬੀਰਤਾ ਦੇ ਸੱਚੇ ਵਿਚ ਢਲੇ ਹੋਏ ਸਨ। ਦੋਵੇਂ ਸ਼ਸਤਰਾਂ ਦੀ ਵਰਤੋਂ ਕਰਨ ਵਾਲੇ ਤੇ ਛਤ੍ਰ ਧਾਰਨ ਕਰਨ ਵਾਲੇ ਸਨ। ਦੋਵੇਂ ਮਹਾਨ ਯੋਧੇ ਤੇ ਜੁੱਧ ਕਰਨ ਵਾਲੇ ਸਨ॥ ੬੨॥ ੨੨੬॥

ਦੋਊ ਖੰਡ ਖੰਡੀ ਦੋਊ ਮੰਡ ਮੰਡੰ॥

**ਦੋਊ ਜੋਧ ਜੈਤਵਾਰੁ ਜੋਧਾ ਪ੍ਰਚੰਡੰ॥**
**ਦੋਊ ਬੀਰ ਬਾਨੀ ਦੋਊ ਬਾਹ ਸਾਹੰ॥**
**ਦੋਊ ਸੂਰ ਸੈਨੰ ਦੋਊ ਸੂਰ ਮਾਹੰ॥੬੩॥੨੨੭॥**

ਦੋਵੇਂ ਸੂਰਮੇਂ ਖੰਡਾਂ ਨੂੰ ਖੰਡਨ ਵਾਲੇ ਤੇ ਕਈ ਤਰ੍ਹਾਂ ਦੀਆਂ ਬਣਤ੍ਰਾਂ ਬਨਾਉਣ ਵਾਲੇ ਸਨ। ਦੋਵੇਂ ਬੜੇ ਬੜੇ ਜੋਧਿਆਂ ਨੂੰ ਜਿੱਤਣ ਵਾਲੇ ਬੜੇ ਪ੍ਰਚੰਡ ਜੋਧੇ ਸਨ। ਦੋਵੇਂ ਸੂਰਮਿਆਂ ਦੇ ਆਗੂ ਸਨ ਤੇ ਦੋਵੇਂ ਰਾਜ ਦੀ ਬਾਂਹ ਸਨ। ਦੋਹਾਂ ਪਾਸਿਆਂ ਦੀਆਂ ਫੋਜਾਂ ਦੇ ਵਿਚ ਸੂਰਜ ਤੇ ਚੰਦ੍ਰਮਾਂ ਵਾਂਗੂੰ ਪ੍ਰਕਾਸ਼ਵਾਨ ਸਨ॥੬੩॥੨੨੭॥

**ਦੋਊ ਚੱਕ੍ਰਵਰਤੀ ਦੋਊ ਸ਼ਸਤਰ ਬੇਤਾ॥**
**ਦੋਊ ਜੰਗ ਜੋਧੀ ਦੋਊ ਜੰਗ ਜੇਤਾ॥**
**ਦੋਊ ਚਿੱਤ੍ਰ ਜੋਤੀ ਦੋਊ ਚਿਤ੍ਰ ਚਾਪੰ॥**
**ਦੋਊ ਚਿਤ੍ਰ ਵਰਮਾ ਦੋਊ ਦੁਸ਼ਟ ਤਾਪੰ॥੬੪॥੨੨੮॥**

ਦੋਵੇਂ ਚੱਕ੍ਰਵਰਤੀ ਰਾਜੇ ਸਨ ਤੇ ਦੋਵੇਂ ਸ਼ਸਤਰਾਂ ਦੀ ਵਰਤੋਂ ਦੇ ਪੂਰੇ ਜਾਣਕਾਰ ਸਨ। ਦੋਵੇਂ ਜੰਗ ਵਿਚ ਫ਼ਤਹਿ ਪ੍ਰਾਪਤ ਕਰਨ ਵਾਲੇ ਸਨ। ਦੋਵੇਂ ਪ੍ਰਕਾਸ਼ ਦੀ ਮੂਰਤ ਸਨ ਤੇ ਦੋਵੇਂ ਧਨੁਖ ਦਾ ਚਿਤ੍ਰ ਸਨ। ਦੋਵੇਂ ਢਾਲ ਦੀ ਮੂਰਤ ਸਨ ਤੇ ਦੋਵੇਂ ਦੁਸ਼ਟਾਂ ਨੂੰ ਤਪਾਉਣ ਵਾਲੇ ਸਨ ਭਾਵ ਦੁਸ਼ਟ ਦੋਖੀਆਂ ਨੂੰ ਨਾਸ ਕਰਨ ਵਾਲੇ ਸਨ॥੬੪॥੨੨੮॥

**ਦੋਊ ਖੰਡ ਖੰਡੀ ਦੋਊ ਮੰਡ ਮੰਡੰ॥**
**ਦੋਊ ਚਿੱਤ੍ਰ ਜੋਤੀ ਸੁ ਜੋਧਾ ਪ੍ਰਚੰਡੰ॥**
**ਦੋਊ ਮੱਤ ਬਾਰੁੰਨ ਬਿਕ੍ਰਮ ਸਮਾਨੰ॥**
**ਦੋਊ ਸ਼ਸਤ੍ਰ ਬੇਤਾ ਦੋਊ ਸ਼ਸਤ੍ਰ ਪਾਨੰ॥੬੫॥੨੨੯॥**

ਦੋਵੇਂ ਖੰਡਿਆਂ ਵਾਲਿਆਂ ਸੂਰਮਿਆਂ ਨੂੰ ਖੰਡਣ ਵਾਲੇ ਸਨ ਤੇ ਦੋਵੇਂ ਬਣਤਰਾਂ ਬਣਾਉਣ ਵਾਲੇ ਸਨ। ਦੋਵੇਂ ਮਸਤ ਹਾਥੀਆਂ ਵਾਂਗੂੰ ਸਨ। ਦੋਵੇਂ ਪ੍ਰਕਾਸ਼ ਦੀ ਮੂਰਤ ਤੇ ਬੜੇ ਪ੍ਰਚੰਡ ਤੇਜਵਾਨ ਯੋਧੇ ਸਨ। ਦੋਵੇਂ ਸ਼ਸਤਰ ਵਿਦਿਆ ਦੇ ਗਿਆਤਾ ਸਨ ਤੇ ਦੋਵੇਂ ਮਸਤਾਨੇ ਸਨ ਤੇ ਦੋਵੇਂ ਰਾਜਾ ਬਿਕ੍ਰਮਾਜੀਤ ਵਰਗੇ ਪਰਉਪਕਾਰੀ ਤੇ ਦਾਨੀ ਸਨ। ਦੋਹਾਂ ਦੇ ਹੱਥਾਂ ਵਿਚ ਸ਼ਸਤਰ ਫੜੇ ਹੋਏ ਸਨ॥੬੫॥੨੨੯॥

**ਦੋਊ ਪਰਮ ਜੋਧੀ ਦੋਊ ਕ੍ਰੁੱਧਵਾਨੰ॥**
**ਦੋਊ ਸ਼ਸਤਰ ਬੇਤਾ ਦੋਊ ਰੂਪ ਖਾਨੰ॥**

ਦੋਊ ਛੜ੍ਰਪਾਲੰ ਦੋਊ ਛੱਤ੍ਰ ਧਰਮੰ॥
ਦੋਊ ਜੁੱਧ ਜੋਧਾ ਦੋਊ ਕ੍ਰੂਰ ਕਰਮੰ॥੯੬॥੨੩੦॥

ਦੋਵੇਂ ਮਹਾਨ ਸੂਰਮੇ ਸਨ ਤੇ ਦੋਵੇਂ ਬੜੇ ਕਰੋਧ ਧਾਰਨ ਕਰਨ ਵਾਲੇ ਸਨ। ਦੋਵੇਂ ਸ਼ਸਤਰ ਵਿਦਿਆ ਦੇ ਜਾਣਕਾਰ ਸਨ ਤੇ ਦੋਵੇਂ ਸੁੰਦਰਤਾ ਦੀ ਖਾਨ ਸਨ। ਦੋਵੇਂ ਛਤ੍ਰੀਆਂ ਦੀ ਪਾਲਣਾ ਰਖਿਆ ਕਰਨ ਵਾਲੇ ਤੇ ਦੋਵੇਂ ਛਤ੍ਰੀ ਧਰਮ ਯੁੱਧ ਕਰਨ ਵਾਲੇ ਸਨ। ਦੋਵੇਂ ਜੰਗ ਦੇ ਜੋਧੇ ਸਨ ਤੇ ਦੋਵੇਂ ਭਿਆਨਕ ਕਰਮ ਕਰਨ ਵਾਲੇ ਸਨ॥੯੬॥੨੩੦॥

ਦੋਊ ਮੰਡਲਾ ਕਾਰ ਜੂਝੈ ਬਿਰਾਜੈ॥
ਹਥੈ ਹਰ ਦੂ ਠੋਕੈ ਭੁਜਾ ਪਾਇ ਗਾਜੈ॥
ਦੋਊ ਖੱਤ੍ਰਹਾਣੰ ਦੋਊ ਖੜ੍ਰ ਖੰਡੰ॥
ਦੋਊ ਖੱਗ ਪਾਣੰ ਦੋਊ ਛੇਤ੍ਰ ਮੰਡੰ॥੯੭॥੨੩੧॥

ਦੋਵੇਂ ਸੂਰਮੇ ਰਣਭੂਮੀ ਵਿਚ ਗੋਲ ਚੱਕ੍ਰ ਬਣਾਕੇ ਜੰਗ ਕਰ ਰਹੇ ਸਨ। ਦੋਵੇਂ ਆਪਣਿਆਂ ਹੱਥਾਂ ਨਾਲ ਆਪਣੀਆਂ ਬਾਂਹਾਂ ਨੂੰ ਠੋਕਦੇ ਸਨ ਤੇ ਮੈਦਾਨ ਵਿਚ ਗੱਜ ਰਹੇ ਸਨ। ਦੋਵੇਂ ਖੱਤ੍ਰੀਪੁਣੇ ਨਾਲ ਭਰਪੂਰ ਸਨ ਤੇ ਦੋਵੇਂ ਖੱਤ੍ਰੀਆਂ ਸੂਰਮਿਆਂ ਨੂੰ ਨਾਸ ਕਰਨ ਵਾਲੇ ਸਨ। ਦੋਹਾਂ ਨੇ ਹੱਥਾਂ ਵਿਚ ਤਲਵਾਰਾਂ ਫੜੀਆਂ ਹੋਈਆਂ ਸਨ ਤੇ ਦੋਵੇ ਰਣਭੂਮੀ ਦਾ ਸ਼ਿੰਗਾਰ ਸਨ॥੯੭॥੨੩੧॥

ਦੋਊ ਚਿਤ੍ਰ ਜੋਤੀ ਦੋਊ ਚਾਰ ਬਿਚਾਰੰ॥
ਦੋਊ ਮੰਡਲਾਕਾਰ ਖੰਡਾ ਅਬਾਰੰ॥
ਦੋਊ ਖੱਗ ਖੂਨੀ ਦੋਊ ਖੱਤ੍ਰਹਾਣੰ॥
ਦੋਊ ਖੜ੍ਰ ਖੇਤਾ ਦੋਊ ਛੱਤ੍ਰ ਪਾਣੰ॥੯੮॥੨੩੨॥

ਦੋਵੇਂ ਸੂਰਮੇ ਸੁੰਦਰ ਜੋਤੀ ਵਾਲੇ ਸਨ ਤੇ ਦੋਵੇਂ ਸ਼ੁਭ ਵਿਚਾਰਾਂ ਵਾਲੇ ਸਨ। ਦੋਵੇਂ ਗੋਲ ਚੱਕਰ ਬਣਾਕੇ ਬੇਰੋਕ ਟੋਕ ਖੰਡੇ ਚਲਾ ਰਹੇ ਸਨ। ਦੋਹਾਂ ਦੀਆਂ ਤਲਵਾਰਾਂ ਖੂਨ ਨਾਲ ਲਥ ਪਥ ਸਨ ਤੇ ਦੋਵੇਂ ਖੱਤ੍ਰੀਆਂ ਸੂਰਮਿਆਂ ਨੂੰ ਮਾਰ ਰਹੇ ਸਨ। ਦੋਹਾਂ ਦਾ ਜਨਮ ਖਤ੍ਰਾਨੀਆਂ ਇਸਤ੍ਰੀਆਂ ਤੋਂ ਹੋਇਆ ਸੀ ਤੇ ਦੋਹਾਂ ਵਿਚ ਛੱਤ੍ਰਪੁਣਾ ਭਾਵ ਸੂਰਮਿਆਂ ਦਾ ਧਰਮ ਸੀ॥੯੮॥੨੩੨॥

ਦੋਊ ਬੀਰ ਬਿਬ ਆਸਤ ਧਾਰੇ ਨਿਹਾਰੇ॥
ਰਹੇ ਬਜੋਮ ਮੈ ਭੂਪ ਗਊਨੈ ਹਕਾਰੇ॥
ਹੱਕਾ ਹੱਕ ਲਾਗੀ ਧਨੰ ਧੰਨ ਜੰਪਜੋ॥

ਚਕਜੋ ਜੱਛ ਰਾਜੰ ਪ੍ਰਿਥੀ ਲੋਕ ਕੰਪਜੇ॥੬੯॥੨੩੩॥

ਦੋਹਾਂ ਯੋਧਿਆਂ ਨੇ ਦੂਹਰੇ ਸ਼ਸਤਰ ਧਾਰਨ ਕੀਤੇ ਹੋਏ ਸਨ। ਜਿਹੜੇ ਰਾਜੇ ਮਰਕੇ ਆਕਾਸ਼ ਮੰਡਲ ਵਿਚ ਫਿਰ ਰਹੇ ਸਨ, ਉਹ ਇਹਨਾਂ ਨੂੰ ਆਪਣੇ ਕੋਲ ਬੁਲਾ ਰਹੇ ਸਨ। ਉਹ ਆਕਾਸ਼ ਵਾਸੀ ਰਾਜੇ ਇਹਨਾਂ ਨੂੰ ਆਵਾਜ਼ਾਂ ਮਾਰ ਰਹੇ ਸਨ ਤੇ ਇਹਨਾਂ ਨੂੰ ਧੰਨ ਧੰਨ ਕਹਿ ਰਹੇ ਸਨ। ਇਹਨਾਂ ਦੋਹਾਂ ਨੂੰ ਜੰਗ ਕਰਦਿਆਂ ਵੇਖਕੇ ਜੱਛਾਂ ਦਾ ਰਾਜਾ ਕੁਬੇਰ ਅਸਚਰਜ ਹੋ ਰਿਹਾ ਸੀ ਤੇ ਧਰਤੀ ਕੰਬ ਰਹੀ ਸੀ॥੬੯॥੨੩੩॥

ਹਨਿਓ ਰਾਜ ਦੁਰਜੋਧਨੰ ਜੁੱਧ ਭੂਮੰ॥
ਭਜੇ ਸਭੈ ਜੋਧਾ ਚਲੀ ਧਾਮ ਧੂਮੰ॥
ਕਰਯੋ ਰਾਜ ਨਿਹਕੰਟਕੰ ਕਉਰਪਾਲੰ॥
ਪੁਨਰ ਜਾਇਕੈ ਮੰਝਿ ਸਿੱਝੈ ਹਿਵਾਲੰ॥੭੦॥੨੩੪॥

ਰਣਭੂਮੀ ਵਿਚ ਜੰਗ ਕਰਦਿਆਂ ਕਰਦਿਆਂ ਭੀਮ ਦੇ ਹਥੋਂ ਦੁਰਯੋਧਨ ਮਾਰਿਆਂ ਗਿਆ। ਜੰਗ ਵਿਚ ਬੜੀ ਧੂਮ ਧਾਮ ਮਚਾਉਣ ਵਾਲੇ ਸਭ ਸੂਰਮੇ ਭੱਜ ਉਠੇ। ਦੁਰਯੋਧਨ ਦੇ ਮਰ ਜਾਣ ਤੋਂ ਬਾਅਦ ਯੁਧਿਸ਼ਟਰ ਨੇ ਨਿਸ਼ੰਗ ਹੋ ਕੇ ਰਾਜ ਕੀਤਾ। ਫਿਰ ਆਖੀਰ ਸਮੇਂ ਪੰਜੇ ਪਾਂਡਵ ਭਰਾ ਹਿਮਾਲਾ ਪਰਬਤ ਵਿਚ ਗਲ ਕੇ ਮਰ ਗਏ॥੭੦॥੨੩੪॥

ਤਹਾ ਏਕ ਗੰਧ੍ਰਬ ਸਿਉ ਜੁੱਧ ਮੱਚਜੋ॥
ਤਹਾ ਭੂਰਪਾਲੰ ਧੂਰਾਰੰਗੁ ਰੱਚਜੋ॥
ਤਹਾ ਸ਼ੱਤ੍ਰ ਕੇ ਭੀਮ ਹਸਤੀ ਚਲਾਏ॥
ਫਿਰੈ ਮੱਧਿ ਗੈਣੰ ਅਜਉ ਲਉ ਨ ਆਏ॥੭੧॥੨੩੫॥

ਤਦੋਂ ਇਕ ਗੰਧ੍ਰਬ ਨਾਲ ਪਾਂਡਵਾਂ ਦਾ ਜੁੱਧ ਮਚਿਆਂ। ਉਥੇ ਭੂਰਪਾਲ ਗੰਧ੍ਰਬ ਨੇ ਧੁੰਧ ਪਾ ਦਿੱਤੀ। ਉਸ ਸਮੇਂ ਭੀਮਸੈਨ ਨੇ ਦੁਸ਼ਮਨਾਂ ਦੇ ਹਾਥੀਆਂ ਨੂੰ ਚੁਕ ਕੇ ਉਪਰ ਅਕਾਸ਼ ਵਲ ਸੁੱਟ ਦਿੱਤਾ ਸੀ। ਉਹ ਹਾਥੀ ਅਜੇ ਤਕ ਅਕਾਸ਼ ਵਿਚ ਹੀ ਫਿਰ ਰਹੇ ਹਨ, ਹੇਠਾਂ ਧਰਤੀ ਤੇ ਵਾਪਸ ਨਹੀਂ ਆਏ॥੭੧॥੨੩੫॥

ਸੁਨੈ ਬੈਨ ਕਉ ਭੂਪ ਇਉ ਐਂਠ ਨਾਕੰ॥
ਕਰਯੋ ਹਾਸ ਮੰਦੈ ਬੁਲਜੋ ਇਮ ਬਾਕੰ॥
ਰਹਜੋ ਨਾਕ ਮੈ ਕੁਸ਼ਟ ਛਤ੍ਰੀ ਸਵਾਨੰ॥
ਭਈ ਤਉਨ ਹੀ ਰੋਗ ਤੇ ਭੂਪ ਹਾਨੰ॥੭੨॥੨੩੬॥

ਜਦੋਂ ਰਾਜੇ ਜਨਮੇਜੇ ਨੇ ਹਾਥੀਆਂ ਦੇ ਅਕਾਸ਼ ਵਿਚ ਸੁੱਟੇ ਜਾਣ ਦਾ ਬ੍ਰਿਤਾਂਤ ਸੁਣਿਆਂ ਤਾਂ ਉਸ ਨੇ ਨਫਰਤ ਨਾਲ ਨੱਕ ਚੜ੍ਹਾਇਆ ਤੇ ਬੁਲ੍ਹਾਂ ਵਿਚ ਮੁਸਕਰਾਇਆ ਤੇ ਕਹਿਣ ਲੱਗਾ ਕਿ ਇਹ ਗੱਲ ਗੱਪ ਹੈ। ਇਸ ਵਿਚ ਕੋਈ ਸਚਾਈ ਨਹੀਂ। ਰਾਜੇ ਦੇ ਏਨਾ ਕਹਿਣ ਨਾਲ ਉਸ ਦੇ ਸਰੀਰ ਵਿਚ ਛੱਤੀਵਾਂ ਹਿੱਸਾ ਕੋਹੜ ਨੱਕ ਤੇ ਰਹਿ ਗਿਆ, ਉਹ ਦੂਰ ਨਾ ਹੋਇਆ। ਅੰਤ ਨੂੰ ਏਸੇ ਰੋਗ ਨਾਲ ਰਾਜੇ ਦੀ ਮੌਤ ਹੋ ਗਈ॥ ੭੨ ॥ ੨੩੬ ॥

**ਚੌਪਈ॥ ਇਮ ਚਉਰਾਸੀ ਬਰਖ ਪ੍ਰਮਾਨੰ॥ ਸਪਤ ਮਾਹ ਚਉਬੀਸ ਦਿਨਾਨੰ॥**
**ਰਾਜੁ ਕੀਓ ਜਨਮੇਜਾ ਰਾਜਾ॥ ਕਾਲ ਨੀਸ਼ਾਨੁ ਬਹੁਰਿ ਸਿਰਿ ਗਾਜਾ॥ ੭੩ ॥ ੨੩੭॥**

ਇਸ ਤਰ੍ਹਾਂ ਰਾਜੇ ਜਨਮੇਜਾ ਨੇ ਚੌਰਾਸੀ ਸਾਲ, ਸਤ ਮਹੀਨੇ ਤੇ ਚਵੀ ਦਿਨ ਤਕ ਇਸ ਧਰਤੀ ਤੇ ਰਾਜ ਕੀਤਾ। ਫਿਰ ਉਸ ਦੇ ਸਿਰ ਤੇ ਕਾਲ ਦਾ ਨਗਾਰਾ ਵੱਜ ਗਿਆ ਭਾਵ ਉਸ ਦੀ ਮ੍ਰਿਤੂ ਹੋ ਗਈ॥ ੭੩ ॥ ੨੩੭ ॥ਚਲਦਾ॥

ਇਤਿ ਸ੍ਰੀ ਗਿਆਨ ਪ੍ਰਬੋਧ ਗ੍ਰੰਥੇ, ਰਾਜਾ ਜਨਮੇਜਾ ਰਾਜ ਬਰਨਨੰ ਪੰਚਮੋ ਧਿਆਏ ਸਮਾਪਤਮ॥ ਸਤੁ ਸੁਭਮ ਸਤੁ॥ ੫ ॥ ੭੩ ॥ ੨੩੭ ॥ ਅਫਜੂੰ॥

ਸ੍ਰੀ ਗਿਆਨ ਪ੍ਰਬੋਧ ਗ੍ਰੰਥ, ਰਾਜੇ ਜਨਮੇਜੇ ਦੇ ਰਾਜ ਦੀ ਕਥਾ ਪੰਜਵਾਂ ਅਧਿਆਏ ਸਮਾਪਤ॥ ਸਤ ਸੁਭਮ ਸਤ॥ ੫ ॥ ੭੩ ॥ ੨੩੭ ॥ ਚਲਦਾ॥

# ੬-ਰਾਜਾ ਅਜੈ ਸਿੰਘ ਦੇ ਰਾਜ ਦਾ ਵਰਣਨ

**ਚੌਪਈ॥ ਅਸੁਮੇਧ ਅਰੁ ਅਸਮੇਦ ਹਾਰਾ॥ ਮਹਾ ਸੂਰ ਸਤਵਾਨ ਅਪਾਰਾ॥**
**ਮਹਾਂ ਬੀਰ ਬਰਿਆਰ ਧਨਖ ਧਰ॥ ਗਾਵਤ ਕੀਰਤਿ ਦੇਸ ਸਭ ਘਰ ਘਰ॥ ੧ ॥ ੨੩੮॥**

ਰਾਜੇ ਜਨਮੇਜੇ ਦੇ ਦੋਵੇਂ ਵੱਡੇ ਪੁੱਤਰ ਅਸੁਮੇਧ ਤੇ ਅਸਮੇਦ ਸਨ, ਜੋ ਬੜੇ ਬਲਵਾਨ ਤੇ ਸਤਿਆਵਾਨ ਸਨ। ਉਹ ਬੜੇ ਬਲੀ, ਬਹਾਦਰ ਤੇ ਧਨੁਖਧਾਰੀ ਸਨ। ਉਹਨਾਂ ਦਾ ਜਸ ਦੇਸ਼ ਦੇ ਘਰ ਘਰ ਵਿਚ ਗਾਇਆ ਜਾਂਦਾ ਸੀ॥ ੧ ॥ ੧੩੮ ॥

**ਮਹਾਂ ਬੀਰ ਅਰੁ ਮਹਾਂ ਧਨਖ ਧਰ॥ ਕਾਂਪਤ ਤੀਨ ਲੋਕ ਜਾ ਕੇ ਡਰ॥**
**ਬਡ ਮਹੀਪ ਅਰੁ ਅਖੰਡ ਪ੍ਰਤਾਪਾ॥ ਅਮਿਤ ਤੇਜ ਜਾਪਤ ਜਗ ਜਾਪਾ॥ ੨ ॥ ੨੩੯॥**

ਦੋਵੇਂ ਭਰਾ ਬੜੇ ਬਹਾਦੁਰ ਤੇ ਧਨੁਖਧਾਰੀ ਸਨ। ਜਿੰਨ੍ਹਾਂ ਦੇ ਡਰ ਨਾਲ ਤਿੰਨੇ ਲੋਕ ਕੰਬਦੇ ਸਨ। ਉਹ ਵੱਡੇ ਰਾਜੇ ਤੇ ਅਖੰਡ ਤੇਜ ਪ੍ਰਤਾਪ ਵਾਲੇ ਸਨ। ਉਹ ਅਮਿਤ ਤੇਜ ਵਾਲੇ ਸਨ ਤੇ ਉਹਨਾਂ ਦਾ ਜਸ ਸਾਰੇ ਲੋਕ ਕਰਦੇ ਸਨ॥ ੨ ॥ ੨੩੯ ॥

**ਅਜੈ ਸਿੰਘ ਉਤ ਸੂਰ ਮਹਾਨਾ॥ ਬਡ ਮਹੀਪ ਦਸ ਚਾਰ ਨਿਧਾਨਾ॥**

**ਅਨਬਿਕਾਰ ਅਨਤੋਲ ਅਤੁਲ ਬਲ॥ ਅਰ ਅਨੇਕ ਜੀਤੇ ਜਿਨ ਦਲ ਮਲ॥ ੩॥ ੨੪੦॥**

ਦੂਜੇ ਪਾਸੇ ਇਹਨਾਂ ਦੋਹਾਂ ਦਾ ਛੋਟਾ ਭਰਾ ਅਜੈ ਸਿੰਘ ਮਹਾਨ ਸੂਰਮਾ ਸੀ। ਜੋ ਬੜਾ ਵੱਡਾ ਰਾਜਾ ਤੇ ਚੌਦਾਂ ਵਿਦਿਆਂ ਦਾ ਖਜ਼ਾਨਾ ਸੀ। ਉਹ ਵਿਕਾਰਾਂ ਤੋਂ ਰਹਿਤ, ਤੋਲ ਰਹਿਤ ਤੇ ਅਤੁਲ ਬਲ ਵਾਲਾ ਸੀ। ਜਿਸ ਨੇ ਕਈ ਵਾਰੀ ਅਨੇਕਾਂ ਵੈਰੀਆਂ ਨੂੰ ਦਲ ਮਲ ਕੇ ਨਾਸ ਕਰ ਦਿੱਤਾ ਸੀ॥ ੩॥ ੨੪੦॥

**ਜਿਨ ਜੀਤੇ ਸੰਗ੍ਰਾਮ ਅਨੇਕਾ॥ ਸ਼ਸਤਰ ਅਸਤ੍ਰ ਧਰਿ ਛਾਡਨ ਏਕਾ॥**
**ਮਹਾ ਸੂਰ ਗੁਨਵਾਨ ਮਹਾਨਾ॥ ਮਾਨਤ ਲੋਕ ਸਗਲ ਜਿਹ ਆਨਾ॥ ੪॥ ੨੪੧॥**

ਜਿਸ ਅਜੈ ਸਿੰਘ ਨੇ ਅਨੇਕਾਂ ਜੁੱਧਾਂ ਵਿਚ ਜਿੱਤ ਪ੍ਰਾਪਤ ਕੀਤੀ ਸੀ। ਜਿਸ ਨੇ ਸ਼ਸਤਰਧਾਰੀ ਇਕ ਵੀ ਸੂਰਮਾ ਜੀਉਂਦਾ ਨਹੀਂ ਛਡਿਆ ਸੀ ਅਤੇ ਉਹ ਮਹਾਨ ਸੂਰਬੀਰ ਤੇ ਮਹਾਨ ਗੁਣਵਾਨ ਸੀ। ਸਾਰੇ ਲੋਕ ਉਸ ਦੀ ਈਨ ਮੰਨਦੇ ਸਨ॥ ੪॥ ੨੪੧॥

**ਮਰਨ ਕਾਲ ਜਨਮੇਜੇ ਰਾਜਾ॥ ਮੰਤ੍ਰ ਕੀਓ ਮੰਤ੍ਰੀਨ ਸਮਾਜਾ॥**
**ਰਾਜ ਤਿਲਕ ਭੂਪਤ ਅਭਖੇਖਾ॥ ਨਿਰਖਤ ਭਏ ਨ੍ਰਿਪਤ ਕੀ ਰੇਖਾ॥ ੫॥ ੨੪੨॥**

ਜਦੋਂ ਰਾਜਾ ਜਨਮੇਜਾ ਦਾ ਅੰਤ ਸਮਾਂ ਨੇੜੇ ਆਇਆ ਤਾਂ ਉਸ ਨੇ ਆਪਣੀ ਵਜ਼ੀਰ ਮੰਡਲੀ ਦੇ ਵਜ਼ੀਰਾਂ ਨੂੰ ਸੱਦ ਕੇ ਪੁਛਿਆ ਕਿ ਦੱਸੋ ਇਹ ਗੱਦੀ ਦਾ ਤਿਲਕ ਕਿਸ ਨੂੰ ਦਿੱਤਾ ਜਾਏ? ਰਾਜੇ ਜਨਮੇਜੇ ਦੇ ਇਹ ਬਚਨ ਸੁਣਕੇ ਸਾਰੇ ਵਜ਼ੀਰ ਵਿਚਾਰਨ ਲੱਗੇ ਕਿ ਇਹ ਰਾਜ-ਗੱਦੀ ਕਿਸ ਦੇ ਭਾਗਾਂ ਵਿਚ ਹੈ?॥ ੫॥ ੨੮੨॥

**ਇਨ ਮਹਿ ਰਾਜ ਕਵਨ ਕਉ ਦੀਜੈ॥ ਕਉਨ ਨ੍ਰਿਪਤ ਸੁਤ ਕਉ ਨ੍ਰਿਪ ਕੀਜੈ॥**
**ਰਜੀਆ ਪੂਤ ਨ ਰਾਜ ਕੀ ਜੋਗਾ॥ ਯਾਹਿ ਕੇ ਜੋਗ ਨ ਰਾਜ ਕੇ ਭੋਗਾ॥ ੬॥ ੨੪੩॥**

ਸਾਰਿਆਂ ਨੇ ਰਲ ਕੇ ਵਿਚਾਰ ਕੀਤੀ ਕਿ ਇਹਨਾਂ ਤਿੰਨਾਂ ਭਰਾਵਾਂ ਵਿਚੋਂ ਰਾਜ ਗੱਦੀ ਕਿਸ ਨੂੰ ਦੇਈਏ? ਰਾਜੇ ਦੇ ਕਿਹੜੇ ਪੁੱਤਰ ਨੂੰ ਰਾਜਾ ਬਣਾਈਏ? ਰਜੀਆ ਦਾਸੀ ਦਾ ਪੁੱਤਰ ਤਾਂ ਰਾਜ ਕਰਨ ਦੇ ਯੋਗ ਨਹੀਂ ਇਸ ਲਈ ਇਸ ਰਾਜ ਦੇ ਭੋਗ ਭੋਗਣ ਦੇ ਲਾਇਕ ਨਹੀਂ॥ ੬॥ ੨੪੩॥

**ਅਸ੍ਰਮੇਧ ਕਹੁ ਦੀਨੋ ਰਾਜਾ॥ ਜੈ ਪਤਿ ਭਾਖਜੋ ਸਕਲ ਸਮਾਜਾ॥**
**ਜਨਮੇਜਾ ਕੀ ਸੁਗਤਿ ਕਰਾਈ॥ ਅਸ੍ਰਮੇਧ ਕੈ ਵਜੀ ਵਧਾਈ॥ ੭॥ ੨੪੪॥**

ਸਾਰਿਆਂ ਵਜ਼ੀਰਾਂ ਦੀ ਸਲਾਹ ਨਾਲ ਰਾਜੇ ਦੇ ਵੱਡੇ ਪੁੱਤਰ ਅਸ੍ਰਮੇਧ ਨੂੰ ਰਾਜ-ਗੱਦੀ ਦਿੱਤੀ ਗਈ। ਸਾਰਿਆਂ ਨੇ ਅਸ੍ਰਮੇਧ ਨੂੰ ਰਾਜਾ ਮੰਨਕੇ ਨਮਸ਼ਕਾਰਾਂ ਕੀਤੀਆਂ। ਗੱਦੀ ਤੇ ਬੈਠਣ ਤੋਂ ਬਾਅਦ ਅਸ੍ਰਮੇਧ ਨੇ ਆਪਣੇ ਪਿਤਾ ਜਨਮੇਜਾ ਦੀ ਕਿਰਿਆ ਕਰਮ ਕਰਾਈ। ਅਸ੍ਰਮੇਧ ਦੇ ਘਰ ਖ਼ੁਸ਼ੀਆਂ ਦੇ ਵਾਜੇ ਵੱਜਣ ਲੱਗੇ ਤੇ ਉਸ ਨੂੰ ਵਧਾਈਆਂ ਮਿਲਣ ਲੱਗੀਆਂ॥ ੭॥ ੨੪੪॥

**ਦੂਸਰ ਭਾਇ ਹੁਤੋ ਜੋ ਏਕਾ॥ ਰਤਨ ਦੀਏ ਤਿਹ ਦਰਬ ਅਨੇਕਾ॥**
**ਮੰਤ੍ਰੀ ਕੈ ਅਪਨਾ ਠਹਿਰਾਇਓ॥ ਦੂਸਰ ਠਉਰ ਤਿਸਹਿ ਬੈਠਾਇਓ॥ ੮॥ ੨੪੫॥**

ਅਸ੍ਰਮੇਧ ਦਾ ਇਕ ਹੋਰ ਛੋਟਾ ਭਰਾ ਸੀ। ਉਸ ਨੂੰ ਬੇਅੰਤ ਧਨ ਦੌਲਤ ਤੇ ਹੀਰੇ,ਜਵਾਹਰ ਤੇ ਰਤਨ ਆਦਿ ਦਿੱਤੇ ਗਏ। ਉਸ ਨੂੰ ਵੱਡਾ ਵਜ਼ੀਰ ਥਾਪਿਆ ਗਿਆ। ਇਸ ਤਰ੍ਹਾਂ ਉਸ ਨੂੰ ਰਾਜੇ ਤੋਂ ਦੂਜੀ ਪਦਵੀ ਤੇ ਬਿਠਾਇਆ ਗਿਆ॥ ੮॥ ੨੪੫॥

**ਤੀਸਰ ਜੋ ਰਜੀਆ ਸੁਤ ਰਹਾ॥ ਸੈਨਪਾਲ ਤਾਕੋ ਪੁਨ ਕਹਾ॥**
**ਬਖਸ਼ੀ ਕਰਿ ਤਾਕੌ ਠਹਿਰਾਇਓ॥ ਸਭ ਦਲ ਕੋ ਤਿਹ ਕਾਮੁ ਚਲਾਇਓ॥ ੯॥ ੨੪੬॥**

ਰਾਜੇ ਦਾ ਤੀਸਰਾ ਪੁੱਤਰ, ਜੋ ਰਜੀਆ ਦਾਸੀ ਦਾ ਪੁੱਤਰ ਸੀ, ਉਸ ਨੂੰ ਸੈਨਾਪਤੀ ਬਣਾਇਆ ਗਿਆ। ਉਸ ਨੂੰ 'ਬਖਸ਼ੀ' ਦੀ ਪਦਵੀ ਦਿੱਤੀ ਗਈ। ਉਸ ਨੇ ਸੈਨਾਪਤੀ ਬਣ ਕੇ ਫੌਜ ਦਾ ਕੰਮ ਬੜੀ ਚੰਗੀ ਤਰ੍ਹਾਂ ਚਲਾਇਆ॥ ੯॥ ੨੪੬॥

**ਰਾਜੁ ਪਾਇ ਸਭਹੂ ਸੁੱਖ ਪਾਇਓ॥ ਭੂਪਤ ਕਉ ਨਾਚਬ ਸੁਖ ਆਇਓ॥**
**ਤੇਰਹ ਸੈ ਚੌਸਠ ਮਰਦੰਗਾ॥ ਬਾਜਤ ਹੈ ਕਈ ਕੋਟ ਉਪੰਗਾ॥ ੧੦॥ ੨੪੭॥**

ਇਸ ਪ੍ਰਕਾਰ ਸਾਰੇ ਭਰਾਵਾਂ ਨੇ ਆਪੋ ਆਪਣੀ ਹੈਸੀਅਤ ਮੁਤਾਬਕ ਰਾਜ ਦੀਆਂ ਪਦਵੀਆਂ ਪ੍ਰਾਪਤ ਕਰਕੇ ਬੜਾ ਸੁਖ ਪਾਇਆ। ਰਾਜਾ ਅਸ੍ਰਮੇਧ ਇਸਤ੍ਰੀਆਂ ਦੇ ਨਾਚ ਵੇਖਕੇ ਆਨੰਦ ਮਾਣਨ ਲੱਗ ਗਿਆ। ਉਸ ਦੀ ਸਭਾ ਵਿਚ ਤੇਰਾ ਸੌ ਚੌਹਠ ਮਰਦੰਗ ਤੇ ਅਨੇਕਾਂ ਉਪੰਗ ਆਦਿ ਸਾਜ਼ ਵੱਜਣ ਲੱਗੇ॥ ੧੦॥ ੨੪੭॥

**ਦੂਸਰ ਭਾਇ ਭਏ ਮਦ ਅੰਧਾ॥ ਦੇਖਤ ਨਾਚਤ ਲਾਇ ਸੁਗੰਧਾ॥**
**ਰਾਜ ਸਾਜ ਦੁਹਹੂੰ ਤੇ ਭੂਲਾ॥ ਵਾਹੀ ਕੈ ਜਾਇ ਛਤ੍ਰ ਸਿਰ ਝੂਲਾ॥ ੧੧॥ ੨੪੮॥**

ਰਾਜੇ ਅਸ੍ਰਮੇਧ ਦਾ ਛੋਟਾ ਭਰਾ, ਜੋ ਵੱਡਾ ਵਜ਼ੀਰ ਬਣਿਆ ਸੀ ਉਹ ਸ਼ਰਾਬ ਪੀ ਕੇ ਅੰਨ੍ਹਾ ਰਹਿਣ ਲੱਗਾ। ਉਹ ਹਰ ਵੇਲੇ ਅਤਰ ਫੁਲੇਲ ਆਦਿ ਸੁਗੰਧੀਆਂ ਲਾ ਕੇ ਇਸਤ੍ਰੀਆਂ ਦੇ ਨਾਚ ਵੇਖਣ ਵਿਚ ਮਸਤ ਰਹਿੰਦਾ ਸੀ। ਸ਼ਰਾਬ ਤੇ ਨਾਚ ਵਿਚ ਮਸਤ ਰਹਿਣ ਕਰਕੇ ਦੋਹਾਂ ਭਰਾਵਾਂ ਨੂੰ ਰਾਜ ਕਾਜ ਦੇ ਫਰਜ਼ ਭੁੱਲ ਗਏ। ਇਸ ਤਰ੍ਹਾਂ ਤੀਜੇ ਭਰਾ ਦੇ ਸਿਰ ਤੇ ਰਾਜ ਦਾ ਛੱਤ੍ਰ ਝੂਲਣ ਲੱਗ ਪਿਆ॥ ੧੧॥ ੨੪੮॥

**ਕਰਤ ਕਰਤ ਬਹੁ ਦਿਨ ਅਸ ਰਾਜਾ॥ ਉਨ ਦੂਹੂੰ ਭੂਲਿਓ ਰਾਜ ਸਮਾਜਾ॥**
**ਮਦ ਕਰਿ ਅੰਧ ਭਏ ਦੋਊ ਭ੍ਰਾਤਾ॥ ਰਾਜ ਕਰਨ ਕੀ ਬਿਸਰੀ ਬਾਤਾ॥ ੧੨॥ ੨੪੯॥**

ਇਸ ਪ੍ਰਕਾਰ ਕਰਦਿਆਂ ਕਰਦਿਆਂ ਬਹੁਤ ਦਿਨ ਲੰਘ ਗਏ ਅਤੇ ਦੂਹਾਂ ਵੱਡੇ ਭਰਾਵਾਂ ਨੂੰ ਰਾਜ ਦੀਆਂ ਜ਼ਿੰਮੇਵਾਰੀਆਂ ਵਿਸਰ ਗਈਆਂ। ਉਹ ਦੋਵੇਂ ਭਰਾ ਸ਼ਰਾਬ ਦੇ ਨਸ਼ੇ ਵਿਚ ਹਰ ਸਮੇਂ ਮਸਤ

ਰਹਿੰਦੇ ਤੇ ਰਾਜ ਕਰਨ ਦੀ ਗੱਲ ਉਹਨਾਂ ਨੂੰ ਭੁੱਲ ਗਈ॥ ੧੨ ॥ ੨੪੯ ॥

**ਦੋਹਰਾ ॥ ਜਿਹ ਚਾਹੇ ਤਾਕੋ ਹਨੇ ਜੋ ਬਾਛੈ ਸੋ ਲੇਇ॥
ਜਿਹ ਰਾਖੈ ਸੋਈ ਰਹੈ ਜਿਹ ਜਾਨੈ ਤਿਹ ਦੇਇ॥ ੧੩ ॥ ੨੫੦ ॥**

ਅਜੈ ਸਿੰਘ ਨੇ ਰਾਜ ਕਾਜ ਆਪਣੇ ਹਥ ਵਿਚ ਲੈ ਲਿਆ ਉਹ ਜਿਸ ਨੂੰ ਚਾਹੁੰਦਾ ਸੀ, ਉਸ ਨੂੰ ਮਾਰ ਦੇਂਦਾ ਸੀ, ਜਿਹੜੀ ਵਸਤੂ ਉਹ ਚਾਹੁੰਦਾ ਸੀ, ਉਹੋ ਲੈ ਲੈਂਦਾ ਸੀ। ਜਿਸ ਨੂੰ ਉਹ ਰਖਦਾ ਸੀ, ਉਹੋ ਰਹਿੰਦਾ ਸੀ। ਜਿਸ ਨੂੰ ਉਹ ਆਪਣਾ ਹਿਮੈਤੀ ਸਮਝਦਾ ਸੀ, ਉਸੇ ਨੂੰ ਉੱਚੀ ਪੱਦਵੀ ਦੇਂਦਾ ਸੀ॥ ੧੩ ॥ ੨੫੦ ॥

**ਚੌਪਈ ॥ ਐਸੀ ਭਾਂਤ ਕੀਨੋ ਇਹ ਜਬ ਹੀ॥ ਪ੍ਰਜਾ ਲੋਕ ਸਭ ਬਸ ਭਏ ਤਬ ਹੀ॥
ਅਉ ਬਸਿ ਹੋਇ ਗਏ ਨੈਬ ਖਵਾਸਾ॥ ਜੋ ਰਾਖਤ ਥੇ ਨ੍ਰਿਪ ਕੀ ਆਸਾ॥ ੧੪ ॥ ੨੫੧ ॥**

ਅਜੈ ਸਿੰਘ ਨੇ ਜਦੋਂ ਇਸ ਤਰ੍ਹਾਂ ਦਾ ਵਰਤਾਓ ਸ਼ੁਰੂ ਕੀਤਾ, ਤਦ ਸਾਰੀ ਪਰਜਾ ਉਸ ਦੇ ਅਧੀਨ ਹੋ ਗਈ। ਰਾਜ ਦਰਬਾਰ ਦੇ ਸਾਰੇ ਨੈਬ ਤੇ ਖਵਾਸ ਕਰਮਚਾਰੀ ਵੀ ਉਸ ਦੇ ਵਸ ਹੋ ਗਏ, ਜਿਹੜੇ ਕਿ ਪਹਿਲਾਂ ਰਾਜੇ ਦੀ ਆਸ ਰਖਦੇ ਸਨ। ਭਾਵ ਜਿਹੜੇ ਵਜ਼ੀਰ ਤੇ ਕਰਮਚਾਰੀ ਪਹਿਲਾਂ ਰਾਜੇ ਦੇ ਅਧੀਨ ਸਨ, ਉਹ ਸਾਰੇ ਅਜੈ ਸਿੰਘ ਨੂੰ ਰਾਜਾ ਮੰਨਣ ਲੱਗ ਪਏ॥ ੧੪ ॥ ੨੫੧ ॥

**ਏਕ ਦਿਵਸ ਤਿਹੂੰ ਭ੍ਰਾਤ ਸੁਜਾਨਾ॥ ਮੰਡਸ ਚੌਪਰ ਖੇਲ ਖਿਲਾਨਾ॥
ਦਉ ਸਮੈ ਕਛੁ ਰਸ਼ਕ ਬਿਚਾਰਿਓ॥ ਅਜੈ ਸੁਨਤ ਇਹ ਭਾਂਤ ਉਚਾਰਿਓ॥ ੧੫ ॥ ੨੫੨ ॥**

ਇਕ ਦਿਨ ਤਿੰਨਾਂ ਚਤੁਰ ਭਰਾਵਾਂ ਨੇ ਚੋਪੜ ਦੀ ਖੇਡ ਸ਼ੁਰੂ ਕਰ ਦਿੱਤੀ। ਚੋਪੜ ਦੀ ਚਾਲ ਚਲਣ ਸਮੇਂ ਉਹਨਾਂ ਵਿਚ ਕੁਛ ਰੋਸ ਪੈਦਾ ਹੋ ਗਿਆ। ਅਜੈ ਸਿੰਘ ਨੂੰ ਸੁਣਾ ਕੇ ਦੋਹਾਂ ਵਡੇ ਭਰਾਵਾਂ ਨੇ ਇਸ ਤਰ੍ਹਾਂ ਦੀ ਗੱਲ ਕਹੀ॥ ੧੫ ॥ ੨੫੨ ॥

**ਦੋਹਰਾ ॥ ਕਹਾ ਕਰੈ ਦਾ ਕਹ ਪਰੈ ਕਹ ਯਹ ਬਾਪੈ ਸੂਤ॥
ਕਹਾ ਸ਼ਤ੍ਰੂ ਯਾਤੇ ਮਰੈ ਜੋ ਰਜੀਆ ਕਾ ਪੂਤ॥ ੧੬ ॥ ੨੫੩ ॥**

ਦੋਵੇਂ ਭਰਾ ਕਹਿਣ ਲਗੇ-ਵੇਖੀਏ! ਹੁਣ ਇਹ ਕੀ ਕਰਦਾ ਹੈ? ਕਿਹੜਾ ਦਾਅ ਪੈਂਦਾ ਹੈ ਤੇ ਇਹ ਕਿਹੜੀ ਚਾਲ ਚਲਦਾ ਹੈ? ਇਹਦੇ ਕੋਲੋਂ ਵੈਰੀ ਕਿਵੇਂ ਮਰ ਸਕਦਾ ਹੈ, ਜਿਹੜਾ ਆਪ ਹੀ ਦਾਸੀ ਦਾ ਪੁੱਤਰ ਹੈ॥ ੧੬ ॥ ੨੫੩ ॥

**ਚੌਪਈ ॥ ਯਹੈ ਆਜ ਹਮ ਖੇਲ ਬਿਚਾਰੀ॥ ਸੋ ਭਾਖਤ ਹੈ ਪ੍ਰਗਟ ਪੁਕਾਰੀ॥
ਏਕਹਿ ਰਤਨ ਰਾਜ ਧਨੁ ਲੀਨਾ॥ ਦੁਤੀਐ ਅਸ੍ਵ ਉਸ਼ਟ ਗਜ ਲੀਨਾ॥ ੧੭ ॥ ੨੫੪ ॥**

ਦੋਵੇਂ ਵੱਡੇ ਭਰਾ ਅਜੈ ਸਿੰਘ ਨੂੰ ਕਹਿਣ ਲੱਗੇ ਕਿ ਅੱਜ ਅਸਾਂ ਚੋਪੜ ਦੀ ਖੇਡ ਬਾਰੇ ਵਿਚਾਰ

ਕੀਤੀ ਹੈ ਜਿਹੜੀ ਅਸੀਂ ਖੇਡ ਕੇ ਤੈਨੂੰ ਦੱਸਦੇ ਹਾਂ। ਉਹ ਵਿਚਾਰ ਇਹ ਹੈ ਕਿ ਅੱਜ ਇਸ ਖੇਡ ਦੁਆਰਾ ਹੀ ਅਸੀਂ ਆਪਣੀ ਕਿਸਮਤ ਦਾ ਫੈਸਲਾ ਕਰ ਲਈਏ। ਇਹ ਕਹਿਕੇ ਇਕ ਨੇ ਰਤਨ ਤੇ ਰਾਜ ਦਾ ਧਨ ਲੈ ਲਿਆ। ਦੂਜੇ ਨੂੰ ਘੋੜੇ ਊਠ ਤੇ ਹਾਥੀ ਦੇ ਦਿੱਤੇ॥੧੭॥੨੫੪॥

**ਕੁਅਰੈ ਬਾਟ ਸੈਨ ਸਭ ਲੀਆ॥ ਤੀਨਹੂ ਬਾਟ ਤੀਨ ਕਰ ਕੀਆ॥**
**ਪਾਸਾ ਢਾਰ ਧਰੈ ਕਸ ਦਾਵਾ॥ ਕਹਾ ਖੇਲ ਧੌ ਕਰੈ ਕਰਾਵਾ॥੧੮॥੨੫੫॥**

ਤਿੰਨਾਂ ਰਾਜਕੁਮਾਰਾਂ ਨੇ ਸਾਰੀ ਸੈਨਾ ਵੰਡ ਲਈ। ਤਿੰਨ੍ਹਾਂ ਨੇ ਵੰਡ ਕੇ ਸੈਨਾ ਦੇ ਤਿੰਨ ਹਿੱਸੇ ਕਰ ਲਏ। ਫਿਰ ਉਹ ਖੇਡ ਦੀ ਚਾਲ ਬਾਰੇ ਸੋਚਣ ਲਗੇ ਕਿ ਕਿਹੜੀ ਚਾਲ ਚਲਕੇ ਪਾਸਾ ਸੁਟੀਏ? ਕੀ ਪਤਾ ਇਸ ਨੇ ਖੇਡਦਿਆਂ ਕਿਹੜੀ ਚਾਲ ਚਲਣੀ ਹੈ?॥੧੮॥੨੫੫॥

**ਚਉਪਰ ਖੇਲ ਪਰੀ ਤਿਹ ਮਾਹਾ॥ ਦੇਖਤ ਊਚ ਨੀਚ ਨਰ ਨਾਹਾ॥**
**ਜ੍ਵਾਲਾ ਰੂਪ ਸੁਪਰਧਾ ਬਾਢੀ॥ ਭੂਪਨ ਫਿਰਤ ਸੰਘਾਰਤ ਕਾਢੀ॥੧੯॥੨੫੬॥**

ਪਦ ਅਰਥ - ਨਰ ਨਾਹਾ=ਚੌਧਰੀ। ਸੁਪਰਧਾ=ਈਰਖਾ।

ਉਹਨਾਂ ਤਿੰਨਾਂ ਭਰਾਵਾਂ ਨੇ ਚੌਪੜ ਦੀ ਖੇਡ ਸ਼ੁਰੂ ਕੀਤੀ। ਇਸ ਖੇਡ ਨੂੰ ਸਭ ਵਡੇ ਛੋਟੇ ਤੇ ਚੌਧਰੀ ਵੇਖਦੇ ਸਨ। ਉਹਨਾਂ ਵਿਚ ਈਰਖਾ ਦੀ ਅਗਨੀ ਵਧਣ ਲੱਗੀ, ਜੋ ਰਾਜਿਆਂ ਦਾ ਨਾਸ ਕਰਨ ਵਾਲੀ ਕਹੀ ਜਾਂਦੀ ਹੈ॥੧੯॥੨੫੬॥

**ਤਿਨ ਕੈ ਬੀਚ ਪਰੀ ਅਸ ਖੇਲਾ॥ ਕਟਨ ਸੁਹਿਤ ਭਇਓ ਮਿਟਨ ਦੁਹੇਲਾ॥**
**ਪ੍ਰਿਥਮੈ ਰਤਨ ਦ੍ਰਬ ਬਹੁ ਲਾਯੋ॥ ਬਸਤ੍ਰ ਬਾਜ ਗਜ ਬਹੁਤ ਹਰਾਯੋ॥੨੦॥੨੫੭॥**

ਉਹਨਾਂ ਵਿਚ ਚੌਪੜ ਦੀ ਖੇਡ ਇਸ ਤਰ੍ਹਾਂ ਜ਼ੋਰ ਫੜ ਗਈ ਕਿ ਉਹ ਇਕ ਦੂਜੇ ਨੂੰ ਮਰਨ ਮਾਰਨ ਤਕ ਪਹੁੰਚ ਗਏ। ਉਹਨਾਂ ਦਾ ਇਹ ਝਗੜਾ ਮਿਟਣਾ ਮੁਸ਼ਕਲ ਹੋ ਗਿਆ। ਪਹਿਲਾਂ ਉਹਨਾਂ ਰਾਜਕੁਮਾਰਾਂ ਨੇ ਰਤਨ ਤੇ ਧਨ ਦਾਅ ਉਤੇ ਲਾਇਆ। ਫਿਰ ਕਪੜੇ, ਘੋੜੇ ਤੇ ਹਾਥੀ ਦਾਅ ਤੇ ਲਾ ਕੇ ਹਾਰ ਦਿੱਤੇ॥੨੦॥੨੫੭॥

**ਦੁਹੂੰਅਨ ਬੀਚ ਸੁਪਰਧਾ ਬਾਢਾ॥ ਦੁਹਦਿਸ ਉਠੇ ਸੁਭਟ ਅਸਿ ਕਾਢਾ॥**
**ਚਮਕਹਿ ਕਹੂੰ ਅਸਨ ਕੀ ਧਾਰਾ॥ ਬਿਛ ਗਈ ਲੋਥ ਅਨੇਕ ਅਪਾਰਾ॥੨੧॥੨੫੮॥**

ਦੋਹਾਂ ਵਿਚ ਈਰਖਾ ਕਰਕੇ ਬਹੁਤ ਝਗੜਾ ਵੱਧ ਗਿਆ। ਦੋਹਾਂ ਪਾਸਿਆਂ ਦੇ ਸੂਰਮੇ ਤਲਵਾਰਾਂ ਕਢ ਕੇ ਲੜਨ ਲਈ ਖੜੇ ਹੋ ਗਏ। ਕਿਤੇ ਤਲਵਾਰਾਂ ਦੀਆਂ ਧਾਰਾਂ ਚਮਕ ਰਹੀਆਂ ਸਨ। ਕਿਤੇ ਭਿਆਨਕ ਲੜਾਈ ਹੋਣ ਨਾਲ ਲਾਸ਼ਾਂ ਮੈਦਾਨ ਵਿਚ ਖਿਲਰ ਗਈਆਂ॥੨੧॥੨੫੮॥

**ਜੁਗਨ ਦੈਤ ਫਿਰਹਿ ਹਰਿਖਾਨੇ॥ ਗੀਧ ਸਿਵਾ ਬੋਲਹਿ ਅਭਿਮਾਨੇ॥**

**ਭੂਤ ਪ੍ਰੇਤ ਨਾਚਹਿ ਅਰੁ ਗਾਵਹਿ ॥ ਕਹੂੰ ਕਹੂੰ ਸ਼ਬਦ ਬੈਤਾਲ ਸੁਨਾਵਹਿ ॥ ੨੨ ॥ ੨੫੯ ॥**

ਕਲਜੋਗਣੀਆਂ ਤੇ ਦੈਂਤ ਬੜੀ ਪ੍ਰਸੰਨਤਾ ਨਾਲ ਮੈਦਾਨ ਵਿਚ ਫਿਰਦੇ ਸਨ। ਗਿਰਝਾਂ ਤੇ ਗਿਦੜੀਆਂ ਬੜੇ ਘੁਮੰਡ ਨਾਲ ਬੋਲਦੀਆਂ ਸਨ। ਭੂਤ ਤੇ ਪ੍ਰੇਤ ਖੁਸ਼ੀ ਨਾਲ ਨੱਚਦੇ ਤੇ ਗਾਉਂਦੇ ਸਨ। ਕਿਤੇ ਕਿਤੇ ਬੈਤਾਲਾਂ ਦੀ ਆਵਾਜ਼ ਵੀ ਸੁਣਾਈ ਦੇ ਰਹੀ ਸੀ॥ ੨੨ ॥ ੨੫੯ ॥

**ਚਮਕਤ ਕਹੂੰ ਖਗਨ ਕੀ ਧਾਰਾ ॥ ਬਿਥ ਗਏ ਰੁੰਡ, ਭਸੁੰਡ ਅਪਾਰਾ ॥**
**ਚਿੰਸਤ ਕਹੂੰ ਗਿਰੇ ਗਜ ਮਾਤੇ ॥ ਸੋਵਤ ਕਹੂੰ ਸੁਭਟ ਰਣ ਤਾਤੇ ॥ ੨੩ ॥ ੨੬੦ ॥**

ਕਿਸੇ ਪਾਸ ਤਲਵਾਰ ਦੀਆਂ ਧਾਰਾਂ ਚਮਕ ਰਹੀਆਂ ਸਨ। ਬੇਅੰਤ ਸੂਰਮਿਆਂ ਦੇ ਸਿਰ ਤੇ ਹਾਥੀਆਂ ਦੀਆਂ ਸੁੰਡਾਂ ਖਿਲਰੀਆਂ ਪਈਆਂ ਸਨ। ਕਿਤੇ ਮਸਤ ਹਾਥੀ ਚੀਕਾਂ ਮਾਰਦੇ ਡਿੱਗੇ ਪਏ ਸਨ। ਕਿਤੇ ਮੈਦਾਨ ਵਿਚ ਬੜੇ ਕਰੋਧੀ ਸੂਰਮੇ ਲੇਟੇ ਹੋਏ ਸਨ ਭਾਵ ਮਰੇ ਪਏ ਸਨ॥ ੨੩ ॥ ੨੬੦ ॥

**ਹਿੰਸਤ ਕਹੂੰ ਗਿਰੇ ਹਯ ਘਾਏ ॥ ਸੋਵਤ ਕੂਰ ਸਲੋਕ ਪਠਾਏ ॥**
**ਕਟਿ ਗਏ ਕਹੂੰ ਕਉਚ ਅਰੁ ਚਰਮਾ ॥ ਕਟਿ ਗਏ ਗਜ ਬਾਜਨ ਕੇ ਬਰਮਾ ॥ ੨੪ ॥ ੨੬੧ ॥**

ਪਦ ਅਰਥ - ਸਲੋਕ=ਸੁਰਗ ਲੋਕ।

ਕਿਤੇ ਹਿਣਕਦੇ ਘੋੜੇ ਜ਼ਖਮੀ ਹੋ ਕੇ ਡਿਗੇ ਪਏ ਸਨ। ਕਿਤੇ ਬੜੇ ਭਿਆਨਕ ਸੂਰਮੇ ਸੁਰਗ ਲੋਕ ਵਿਚ ਭੇਜ ਦਿੱਤੇ ਗਏ ਸਨ। ਕਿਸੇ ਦੀ ਸੰਜੋਅ ਕਟੀ ਗਈ ਸੀ ਤੇ ਕਿਸੇ ਦੀ ਢਾਲ ਟੁੱਟ ਗਈ ਸੀ। ਹਾਥੀਆਂ ਤੇ ਘੋੜਿਆਂ ਦੇ ਕਵਚ ਕੱਟੇ ਗਏ ਸਨ॥ ੨੪ ॥ ੨੬੧ ॥

**ਜੁੱਗਨ ਦੇਤ ਕਹੂੰ ਕਿਲ ਕਾਰੀ ॥ ਨਾਚਤ ਭੂਤ ਬਜਾਵਤ ਤਾਰੀ ॥**
**ਬਾਵਨ ਬੀਰ ਫਿਰੈ ਚਹੂੰ ਓਰਾ ॥ ਬਾਜਤ ਮਾਰੂ ਰਾਗ ਸਿੰਧਉਰਾ ॥ ੨੫ ॥ ੨੬੨ ॥**

ਕਿਸੇ ਪਾਸੇ ਕਲਜੋਗਣੀਆਂ ਕਿਲਕਾਰੀਆਂ ਮਾਰ ਰਹੀਆਂ ਸਨ ਤੇ ਭੂਤ ਤਾੜੀਆਂ ਵਜਾ ਕੇ ਨੱਚ ਰਹੇ ਸਨ। ਬਵੰਜਾ ਬੀਰ ਚੌਹੀਂ ਪਾਸੀਂ ਫਿਰ ਰਹੇ ਸਨ। ਮੈਦਾਨ ਵਿਚ ਮਾਰੂ ਤੇ ਸੰਦੂਰੀਆ ਰਾਗ ਵੱਜ ਰਹੇ ਸੀ ਭਾਵ ਸੂਰਮਿਆਂ ਨੂੰ ਜੋਸ਼ ਵਿਚ ਲਿਆਉਣ ਲਈ ਮਾਰੂ ਵਾਜੇ ਵੱਜ ਰਹੇ ਸਨ॥ ੨੫ ॥ ੨੬੨ ॥

**ਰਣ ਅਸ ਕਾਲ ਜਲਧ ਜਿਮ ਗਾਜਾ ॥ ਭੂਤ ਪਿਸਾਚ ਭੀਰ ਭੈ ਭਾਜਾ ॥**
**ਰਣ ਮਾਰੂ ਇਹ ਦਿਸ ਤੇ ਬਾਜਯੋ ॥ ਕਾਇਰੁ ਹੁਤੋ ਸੋ ਭੀ ਨਹਿ ਭਾਜਯੋ ॥ ੨੬ ॥ ੨੬੩ ॥**

ਕਾਲ ਖੰਡਾ ਫੜਕੇ ਮੈਦਾਨ ਵਿਚ ਬੱਦਲ ਵਾਂਗੂੰ ਗੱਜ ਰਿਹਾ ਸੀ। ਭੂਤਾਂ ਪਿਸਾਚਾਂ ਦੀ ਮੰਡਲੀ ਵੀ ਭੱਜ ਗਈ। ਰਣਭੂਮੀ ਵਿਚ ਇਕ ਪਾਸਿਓਂ ਮਾਰੂ ਵਾਜੇ ਵੱਜ ਰਹੇ ਸਨ, ਜਿਸ ਨੂੰ ਸੁਣਕੇ, ਜਿਹੜੇ ਕਾਇਰ ਸਨ, ਉਹ ਵੀ ਨਾ ਭੱਜੇ ਭਾਵ ਕਾਇਰ ਵੀ ਜੋਸ਼ ਵਿਚ ਆ ਕੇ ਲੜਨ ਲਈ ਤਿਆਰ ਹੋ ਗਏ॥ ੨੬ ॥ ੨੬੩ ॥

**ਰਹਿ ਗਈ ਸੂਰਨ ਖਗ ਕੀ ਟੇਕਾ॥ ਕਟਿ ਗਏ ਸੁੰਡ ਭਸੁੰਡ ਅਨੇਕਾ॥**
**ਨਾਚਤ ਜੋਗਨ ਕਹੂੰ ਬਿਤਾਰਾ॥ ਧਾਵਤ ਭੂਤ ਪ੍ਰੇਤ ਬਿਕਰਾਰਾ॥ ੨੭॥ ੨੬੪॥**

ਹੁਣ ਸੂਰਮਿਆਂ ਨੂੰ ਆਪਣੀ ਤਲਵਾਰ ਦਾ ਆਸਰਾ ਹੀ ਰਹਿ ਗਿਆ। ਅਨੇਕਾਂ ਹਾਥੀਆਂ ਦੀਆਂ ਸੁੰਡਾਂ ਕਟੀਆਂ ਗਈਆਂ। ਕਿਤੇ ਰਣਭੂਮੀ ਵਿਚ ਜੋਗਣੀਆਂ ਤੇ ਬੇਤਾਲ ਨਚਦੇ ਸਨ ਤੇ ਕਿਤੇ ਡਰਾਉਣੇ ਪ੍ਰੇਤ ਭੱਜੇ ਫਿਰਦੇ ਸਨ॥ ੨੭॥ ੨੬੪॥

**ਧਾਵਤ ਅੱਧ ਕਮੱਧ ਅਨੇਕਾ॥ ਮੰਡਿ ਰਹੇ ਗਾਵਤ ਗਡਿ ਟੇਕਾ॥**
**ਅਨਹਦ ਰਾਗ ਅਨਾਹਦ ਬਾਜਾ॥ ਕਾਇਰੁ ਹੁਤਾ ਵਹੈ ਨਹੀ ਭਾਜਾ॥ ੨੮॥ ੨੬੫॥**

ਅਨੇਕਾਂ ਅੱਧੋ ਅੱਧ ਹੋਏ ਸੂਰਮਿਆਂ ਦੇ ਧੜ ਮੈਦਾਨ ਵਿਚ ਦੌੜ ਰਹੇ ਸਨ। ਰਾਜਕੁਮਾਰ ਜੰਗ ਕਰ ਰਹੇ ਸਨ ਤੇ ਆਪੋ ਆਪਣੀ ਓਟ ਪੱਕੀ ਕਰ ਰਹੇ ਸਨ। ਮਾਰੂ ਵਾਜੇ ਲਗਾਤਾਰ ਵੱਜ ਰਹੇ ਸਨ, ਜਿਸ ਨੂੰ ਸੁਣਕੇ ਜਿਹੜੇ ਬੁਜ਼ਦਿਲ ਆਦਮੀ ਸਨ, ਉਹ ਵੀ ਭੱਜਣ ਤੋਂ ਰਹਿ ਗਏ॥ ੨੮॥ ੨੬੫॥

**ਮੰਦਰ ਤੂਰ ਕਰੂਰ ਕਰੋਰਾ॥ ਗਾਜ ਸਰਾਵਤ ਰਾਗ ਸੰਦੋਰਾ॥**
**ਝਮਕਸਿ ਦਾਮਨ ਜਿਮ ਕਰਵਾਰਾ॥ ਬਰਸਤ ਬਾਨਨ ਮੇਘ ਅਪਾਰਾ॥ ੨੯॥ ੨੬੬॥**

ਕਰੋੜਾਂ ਢੋਲ ਤੇ ਤੂਰ ਆਦਿਕ ਮਾਰੂ ਵਾਜੇ ਬੜੀ ਤੇਜ਼ੀ ਨਾਲ ਸੰਦੂਰੀਆ ਰਾਗ ਵਿਚ ਵੱਜ ਰਹੇ ਸਨ, ਜਿਸ ਦੀ ਪ੍ਰਸ਼ੰਸਾ ਬਹਾਦਰ ਸੂਰਮੇ ਕਰ ਰਹੇ ਸਨ। ਸੂਰਮਿਆਂ ਦੀਆਂ ਤਲਵਾਰਾਂ ਬਿਜਲੀ ਵਾਂਗੂੰ ਚਮਕ ਰਹੀਆਂ ਸਨ ਤੇ ਬੇਅੰਤ ਤੀਰਾਂ ਦਾ ਮੀਂਹ ਵਸ ਰਿਹਾ ਸੀ॥ ੨੯॥ ੨੬੬॥

**ਘੂਮਹਿ ਘਾਇਲ ਲੋਹ ਚੁਚਾਤੇ॥ ਖੇਲ ਬਸੰਤ ਮਨੋ ਮਦ ਮਾਤੇ॥**
**ਗਿਰ ਗਏ ਕਹੂੰ ਜਿਰਹ ਅਰੁ ਜ੍ਵਾਨਾ॥ ਗਰਜਤ ਗਿੱਧ ਪੁਕਾਰਤ ਸ੍ਵਾਨਾ॥ ੩੦॥ ੨੬੭॥**

ਘਾਇਲ ਹੋਏ ਸੂਰਮੇ ਲਹੂ ਵਗਦੇ ਸਰੀਰਾਂ ਨਾਲ ਮੈਦਾਨ ਵਿਚ ਇਉਂ ਘੁੰਮ ਰਹੇ ਸਨ, ਜਿਵੇਂ ਸ਼ਰਾਬ ਵਿਚ ਮਸਤ ਹੋਏ ਲੋਕ ਹੋਲੀ ਖੇਡਦੇ ਸਨ। ਰਣਭੂਮੀ ਵਿਚ ਕਿਤੇ ਸੰਜੋਆਂ ਪਈਆਂ ਸਨ ਤੇ ਕਿਤੇ ਜੁਆਨ ਡਿੱਗੇ ਪਏ ਸਨ। ਗਿਰਝਾਂ ਬੋਲ ਰਹੀਆਂ ਸਨ ਤੇ ਕੁੱਤੇ ਭੌਂਕ ਰਹੇ ਸਨ॥ ੩੦॥ ੨੬੭॥

**ਉਨ ਦਲ ਦੁਹੂੰ ਭਾਇਨ ਕੋ ਭਾਜਾ॥ ਠਾਢ ਨ ਸਕਿਓ ਰੰਕੁ ਅਰੁ ਰਾਜਾ॥**
**ਤਕਿਓ ਓਡਛਾ ਦੇਸ ਬਿਚੱਛਨ॥ ਰਾਜਾ ਨ੍ਰਿਪਤ ਤਿਲਕ ਸੁਭ ਲੱਛਨ॥ ੩੧॥ ੨੬੮॥**

ਦੋਹਾਂ ਵੱਡੇ ਭਰਾਵਾਂ ਦੀ ਸੈਨਾ ਭੱਜ ਉਠੀ। ਮੈਦਾਨ ਵਿਚ ਕੋਈ ਕੰਗਾਲ ਜਾਂ ਰਾਜਾ ਅਜੈ ਸਿੰਘ ਦੇ ਸਾਹਮਣੇ ਖੜਾ ਨਾ ਰਹਿ ਸਕਿਆ। ਭੱਜ ਰਹੀ ਸੈਨਾ ਨੇ ਬੜਾ ਸੁੰਦਰ ਉੜੀਸਾ ਦੇਸ਼ ਜਾ ਵੇਖਿਆ, ਜਿਥੋ ਦਾ ਸ਼ੁਭ ਲਛਣਾਂ ਵਾਲਾ ਰਾਜਾ ਤਿਲਕ ਸੈਨ ਸੀ॥ ੩੧॥ ੨੬੮॥

**ਮਦ ਕਰਿ ਮੱਤ ਭਏ ਜੇ ਰਾਜਾ॥ ਤਿਨ ਕੇ ਗਏ ਐਸ ਹੀ ਕਾਜਾ॥**
**ਛੀਨ ਛਾਨ ਛਿਤ ਛੱਤ੍ਰ ਫਿਰਾਯੋ॥ ਮਹਾਰਾਜ ਆਪ ਹੀ ਕਹਾਯੋ॥ ੩੨॥ ੨੬੯॥**

ਜਿਹੜੇ ਰਾਜੇ ਸ਼ਰਾਬ ਵਿਚ ਮਸਤ ਰਹਿੰਦੇ ਹਨ, ਉਹਨਾਂ ਦੇ ਕੰਮ ਇਸਤਰ੍ਹਾਂ ਹੀ ਵਿਗੜ ਜਾਂਦੇ ਹਨ । ਅਜੈ ਸਿੰਘ ਨੇ ਦੋਹਾਂ ਭਰਾਵਾਂ ਕੋਲੋਂ ਧਰਤੀ ਦਾ ਰਾਜ ਖੋਹ ਲਿਆ ਤੇ ਆਪਣੇ ਸਿਰ ਤੇ ਛੱਤ੍ਰ ਫਿਰਾਇਆ ਤੇ ਆਪਣੇ ਆਪ ਨੂੰ ਮਹਾਰਾਜਾ ਕਹਾਉਣ ਲੱਗ ਪਿਆ॥ ੩੨॥ ੨੬੯॥

**ਆਗੇ ਚਲੇ ਅਸ੍ਵਮੇਧ ਹਾਰਾ॥ ਧਾਵਹਿ ਪਾਛੇ ਫਉਜ ਅਪਾਰਾ॥**
**ਗੇਜਹਿ ਨ੍ਰਿਪਤ ਤਿਲਕ ਮਹਾਰਾਜਾ॥ ਰਾਜ ਪਾਟ ਵਾਹੂ ਕਉ ਛਾਜਾ॥ ੩੩॥ ੨੭੦॥**

ਅਰਥ - ਅਸ੍ਵਮੇਧ ਤੇ ਉਸ ਦਾ ਛੋਟਾ ਭਰਾ ਅਜੈ ਸਿੰਘ ਤੋਂ ਹਾਰ ਖਾ ਕੇ ਭੱਜ ਉਠੇ। ਉਹਨਾਂ ਨੂੰ ਫੜਨ ਲਈ ਬੇਅੰਤ ਫੌਜ ਉਹਨਾਂ ਦੇ ਮਗਰ ਲੱਗ ਤੁਰੀ। ਉਹ ਭੱਜਦੇ ਉਸ ਦੇਸ਼ ਵਿਚ ਚਲੇ ਗਏ, ਜਿਥੇ ਰਾਜਾ ਤਿਲਕਸੈਨ ਰਾਜ ਕਰਦਾ ਸੀ ਅੰਤੇ ਰਾਜ ਪਾਟ ਉਸ ਮਹਾਰਾਜੇ ਨੂੰ ਸੋਭਦਾ ਸੀ॥ ੩੩॥ ੨੭੦॥

**ਤਹਾ ਇਕ ਆਹਿ ਸਨਉਢੀ ਬ੍ਰਹਮਨ॥ ਪੰਡਤ ਬਡੇ ਮਹਾ ਬਡ ਗੁਨ ਜਨ॥**
**ਭੂਪਹਿ ਕੋ ਗੁਰ ਸਭਹੂੰ ਕੀ ਪੂਜਾ॥ ਤਿਹ ਬਿਨੁ ਅਵਰੁ ਨ ਮਾਨਹਿ ਦੂਜਾ॥ ੩੪॥ ੨੭੧॥**

ਰਾਜਾ ਤਿਲਕ ਸੈਨ ਦੇ ਰਾਜ ਵਿਚ ਇਕ ਸਨਢੀ ਗੋਤ ਦਾ ਬ੍ਰਾਹਮਣ ਰਹਿੰਦਾ ਸੀ, ਜੋ ਮਹਾਨ ਪੰਡਤ ਤੇ ਬੜਾ ਗੁਣੀ ਪੁਰਸ਼ ਸੀ। ਉਹ ਬ੍ਰਾਹਮਣ ਉਥੋਂ ਦੇ ਰਾਜੇ ਦਾ ਗੁਰੂ ਸੀ ਤੇ ਲੋਕ ਉਸ ਦੀ ਪੂਜਾ ਕਰਦੇ ਸਨ। ਉਸ ਪੰਡਤ ਤੋਂ ਬਿਨ੍ਹਾਂ ਕਿਸੇ ਹੋਰ ਨੂੰ ਕੋਈ ਨਹੀਂ ਸੀ ਮੰਨਦਾ॥ ੩੪॥ ੨੭੧॥

## ਭੁਜੰਗ ਪ੍ਰਯਾਤ ਛੰਦ॥

**ਕਹੂੰ ਬ੍ਰਹਮ ਬਾਨੀ ਕਰਹਿ ਬੇਦ ਚਰਚਾ॥ ਕਹੂੰ ਬਿਪ੍ਰ ਬੈਠੇ ਕਰਹਿ ਬ੍ਰਹਮ ਅਰਚਾ॥**
**ਤਹਾ ਬਿਪ੍ਰ ਸੱਨੌਢ ਤੇ ਇਕ ਲੱਛਨ॥ ਕਰੈ ਬਕਲ ਬਸਤ੍ਰੰ ਫਿਰੈ ਬਾਇ ਭੱਛਨ॥ ੩੫॥ ੨੭੨॥**

ਉਸ ਬ੍ਰਾਹਮਣ ਦੇ ਆਸ਼ਰਮ ਵਿਚ ਕਿਤੇ ਉਪਨਿਸ਼ਦਾਂ ਦਾ ਪਾਠ ਹੋ ਰਿਹਾ ਸੀ ਤੇ ਕਿਤੇ ਵੇਦਾਂ ਬਾਰੇ ਵਿਚਾਰ ਹੋ ਰਹੀ ਸੀ। ਕਿਸੇ ਪਾਸੇ ਬ੍ਰਾਹਮਣ ਬੈਠੇ ਪ੍ਰਭੂ ਦੀ ਪੂਜਾ ਕਰ ਰਹੇ ਸਨ। ਉਸ ਸਨੌਢੀ ਬ੍ਰਾਹਮਣ ਦੇ ਕੋਲ ਕੁਝ ਐਸੇ ਲਛਣਾ ਵਾਲੇ ਚੇਲੇ ਸਨ, ਜੋ ਸਰੀਰ ਤੇ ਭੋਜ ਪੱਤਰ ਦੇ ਬਸਤਰ ਧਾਰਕੇ ਪੌਣ ਅਹਾਰੀ ਬਣੇ ਰਹਿੰਦੇ ਸਨ॥ ੩੫॥ ੨੭੨॥

**ਕਹੂੰ ਬੇਦ ਸਜਾਮੰ ਸੁਰੰ ਸਾਥ ਗਾਵੈ॥ ਕਹੂੰ ਜੁਜਰ ਬੇਦੰ ਪੜੈ ਮਾਨ ਪਾਵੈ॥**
**ਕਹੂੰ ਰਿਗੰ ਬਾਚੈ ਮਹਾ ਅਥਰ ਬੇਦੰ॥ ਕਹੂੰ ਬ੍ਰਹਮ ਸਿੱਛਾ ਕਹੂੰ ਬਿਸ਼ਨ ਭੇਦੰ॥ ੩੬॥੨੭੩॥**

ਕਿਸੇ ਪਾਸੇ ਬ੍ਰਾਹਮਣ ਸਯਾਮ ਵੇਦ ਨੂੰ ਬੜੀ ਸੁਰ ਨਾਲ ਗਾਉਂਦੇ ਸਨ। ਕਿਤੇ ਜੁਜਰ ਵੇਦ

ਪੜ੍ਹਕੇ ਮਾਨ ਪ੍ਰਾਪਤ ਕਰ ਰਹੇ ਸਨ। ਕਿਤੇ ਰਿਗ ਵੇਦ ਨੂੰ ਵਾਚਦੇ ਸਨ ਤੇ ਕਿਤੇ ਅਥਰਬਨ ਵੇਦ ਨੂੰ ਪੜ੍ਹਦੇ ਸਨ। ਕਿਤੇ ਬ੍ਰਹਮ ਸੂਤਰਾਂ ਦੀ ਵਿਚਾਰ ਹੋ ਰਹੀ ਸੀ ਤੇ ਕਿਤੇ ਵਿਸ਼ਨੂੰ ਦੇ ਭੇਦਾਂ ਦਾ ਨਿਰਣਾ ਕੀਤਾ ਜਾ ਰਿਹਾ ਸੀ॥ ੩੬॥ ੨੭੩॥

**ਕਹੂੰ ਅਸ਼ਟ ਦ੍ਵੈ ਅਵਤਾਰ ਕੱਥੈ ਕਥਾਨੰ॥ ਦਸੰ ਚਾਰ ਚਉਦਾਹ ਬਿੱਦਿਆ ਨਿਧਾਨੰ॥**
**ਤਹਾ ਪੰਡਤੰ ਬਿੱਪ੍ਰ ਪਰਮੰ ਪ੍ਰਬੀਨੰ॥ ਰਹੇ ਏਕ ਆਸੰ ਨਿਰਾਸੰ ਬਿਹੀਨੰ॥ ੩੭॥ ੨੭੪॥**

ਕਿਤੇ ਦਸਾਂ ਅਵਤਾਰਾਂ ਦੀ ਕਥਾ ਹੋ ਰਹੀ ਸੀ। ਉਹ ਸਨੌਢੀ ਬ੍ਰਾਹਮਣ ਚੌਦਾਂ ਵਿਦਿਆਂ ਦਾ ਖਜ਼ਾਨਾ ਸੀ। ਉਸ ਦੇ ਡੇਰੇ ਵਿਚ ਹੋਰ ਬੜੇ ਸਿਆਣੇ ਤੇ ਚਤੁਰ ਪੰਡਤ ਵੀ ਰਹਿੰਦੇ ਸਨ, ਜੋ ਇਕ ਪ੍ਰਭੂ ਤੇ ਆਸ ਰਖਦੇ ਸਨ ਤੇ ਜਗਤ ਵਲੋਂ ਨਿਰਾਸ ਰਹਿੰਦੇ ਸਨ ਭਾਵ ਉਹ ਪੰਡਤ ਪ੍ਰਭੂ ਦਾ ਸਿਮਰਨ ਕਰਦੇ ਸਨ ਤੇ ਸੰਸਾਰਕ ਵਾਸ਼ਨਾ ਤੋਂ ਰਹਿਤ ਸਨ॥ ੩੭॥ ੨੭੪॥

**ਕਹੂੰ ਕੋਕਸਾਰੰ ਪੜੈ ਨੀਤ ਧਰਮੰ॥ ਕਹੂ ਨਜਾਇ ਸ਼ਾਸਤ੍ਰੰ ਪੜੈ ਛਤ੍ਰ ਕਰਮੰ॥**
**ਕਹੂੰ ਬ੍ਰਹਮ ਬਿੱਦਿਆ ਪੜੈ ਬਜੋਮ ਬਾਨੀ॥ ਕਹੂੰ ਪ੍ਰੇਮ ਸਿਉ ਪਾਠ ਪਠਿਐ ਪਿੜਾਨੀ॥ ੩੮॥ ੨੭੫॥**

ਪਦ ਅਰਥ - ਪਿੜਾਨੀ=ਚੰਡੀ।

ਕਿਤੇ ਕੋਕਸਰ ਤੇ ਕਿਤੇ ਨੀਤੀ ਧਰਮ ਰਾਜਨੀਤੀ ਨੂੰ ਪੜ੍ਹਦੇ ਸਨ। ਕਿਤੇ ਨਿਆਇ ਸ਼ਾਸਤਰ ਦੀ ਪੜ੍ਹਾਈ ਹੋ ਰਹੀ ਸੀ ਤੇ ਕਿਤੇ ਛੱਤ੍ਰੀਆਂ ਦੇ ਕਰਮ ਭਾਵ ਸ਼ਸ਼ਤ੍ਰ ਵਿਦਿਆਂ ਸਿਖਾਈ ਜਾ ਰਹੀ ਸੀ। ਕਿਤੇ ਵੇਦਾਂਤ ਸ਼ਾਸਤਰ ਦੀ ਵਿਚਾਰ ਹੋ ਰਹੀ ਸੀ ਤੇ ਕਿਤੇ ਖਗੋਲ ਵਿਦਿਆ ਪੜ੍ਹੀ ਜਾ ਰਹੀ ਸੀ ਕਿਤੇ ਬੜੇ ਪ੍ਰੇਮ ਨਾਲ ਚੰਡੀ ਦਾ ਪਾਠ ਹੋ ਰਿਹਾ ਸੀ॥ ੩੮॥ ੨੭੫॥

**ਕਹੂੰ ਪ੍ਰਾਕ੍ਰਿਤੰ ਨਾਗ ਭਾਖਾ ਉਚਾਰਹਿ॥ ਕਹੂੰ ਸਹਸਕ੍ਰਿਤ ਬਜੋਮ ਬਾਨੀ ਬਿਚਾਰਹਿ॥**
**ਕਹੂੰ ਸ਼ਾਸਤ੍ਰ ਸੰਗੀਤ ਮੈ ਗੀਤ ਗਾਵੈ॥ ਕਹੂੰ ਜੱਛ ਗੰਧ੍ਰਬ ਬਿੱਦਿਆ ਬਤਾਵੈ॥ ੩੯॥ ੨੭੬॥**

ਕਿਤੇ ਪ੍ਰਾਕ੍ਰਿਤ ਭਾਸ਼ਾ ਤੇ ਕਿਤੇ ਨਾਗ ਭਾਸ਼ਾ ਪੜ੍ਹ ਰਹੇ ਸਨ। ਕਿਤੇ ਸੰਸਕ੍ਰਿਤ ਤੇ ਜੋਤਿਸ਼ ਵਿਦਿਆਂ ਨੂੰ ਵਿਚਾਰ ਰਹੇ ਸਨ। ਕਿਤੇ ਸੰਗੀਤ ਸ਼ਾਸਤ੍ਰ ਦੇ ਗੀਤ ਗਾਏ ਜਾ ਰਹੇ ਸਨ। ਕਿਤੇ ਜੱਛ ਤੇ ਗੰਧਰਬ ਵਿਦਿਆ ਪੜ੍ਹਾਈ ਜਾ ਰਹੀ ਸੀ॥ ੩੯॥ ੨੭੬॥

**ਕਹੂੰ ਨਿਆਇ ਮੀਮਾਸਕਾ ਤਰਕ ਸ਼ਾਸਤ੍ਰੰ॥ ਕਹੂੰ ਅਗਨਿ ਬਾਣੀ ਪੜੈ ਬ੍ਰਹਮ ਅਸਤ੍ਰੰ॥**
**ਕਹੂੰ ਬੇਦ ਪਾਤੰਜਲੈ ਸ਼ੇਖ ਕਾਨੰ॥ ਪੜੈ ਚੱਕ੍ਰ ਚਵਦਾਹ ਬਿੱਦਿਆ ਨਿਧਾਨੰ॥ ੪੦॥ ੨੭੭॥**

ਕਿਤੇ ਨਿਆਇ ਸ਼ਾਸਤਰ, ਕਿਤੇ ਮੀਮਾਂਸਾ ਸ਼ਾਸਤਰ ਤੇ ਕਿਤੇ ਤਰਕ ਸ਼ਾਸਤਰ ਪੜ੍ਹਿਆ ਜਾ ਰਿਹਾ ਸੀ। ਕਿਤੇ ਅਗਨੀ ਬਾਣ ਤੇ ਕਿਤੇ ਬ੍ਰਹਮ ਅਸਤ੍ਰ ਦੇ ਮੰਤਰਾਂ ਨੂੰ ਸਿਖਿਆ ਜਾ ਰਿਹਾ ਸੀ। ਕਿਤੇ ਪਾਤੰਜਲੀ ਰਿਖੀ ਤੇ ਪਾਤੰਜਲੀ ਸ਼ਾਸਤ੍ਰਾਂ ਨੂੰ ਪੜ੍ਹਦੇ ਸਨ। ਉਸ ਚੌਦਾਂ ਵਿਦਿਆ ਦੇ ਖਜ਼ਾਨੇ ਸਨੌਢੀ ਬ੍ਰਾਹਮਣ ਕੋਲੋਂ ਕੋਈ ਵੈਦਿਕ ਦਾ ਚੱਕ੍ਰਦੱਤ ਗ੍ਰੰਥ ਪੜ੍ਹ ਰਿਹਾ ਸੀ॥ ੪੦॥ ੨੭੭॥

ਕਹੂੰ ਭਾਖ ਬਾਚੈ ਕਹੂੰ ਕੋਮਦੀਅੰ ॥ ਕਹੂੰ ਸਿੱਧਕਾ ਚੰਦ੍ਰਕਾ ਸਾਰਸੁਤੀਯੰ ॥
ਕਹੂੰ ਬ੍ਯਾਕਰਣ ਬੈਸਿਕਾਲਾਪ ਕੱਥੈ ॥ ਕਹੂੰ ਪ੍ਰਾਕ੍ਰਿਆ ਕਾਸਕਾ ਸਰਬ ਮੱਥੈ ॥ ੪੧ ॥ ੨੭੮ ॥

ਉਸ ਆਸ਼ਰਮ ਵਿਚ ਕਿਤੇ ਕੋਈ ਪਾਤੰਜਲੀ ਦੀ ਰਚਨਾ ਮਹਾਂ ਭਾਸ਼ਯ ਤੇ ਕਿਤੇ ਕੋਈ ਪਾਣਨੀ ਕ੍ਰਿਤ ਵਿਆਕਰਣ ਪੜ੍ਹ ਰਿਹਾ ਸੀ। ਕਿਤੇ ਕੋਈ ਸਿਧਾਂਤ ਕੌਮਦੀ ਕਿਤੇ ਕੋਈ ਚੰਦ੍ਰਕਾ ਤੇ ਕਿਤੇ ਕੋਈ ਵਿਆਕਰਣ ਦਾ ਗ੍ਰੰਥ ਸਾਰਸੁਤ ਪੜ੍ਹ ਰਿਹਾ ਸੀ। ਕਿਤੇ ਵੈਸੇਖਿਕ ਲਾਸ਼ਯ, ਕਿਤੇ ਕੋਈ ਪ੍ਰਾਕ੍ਰਿਆ ਤੇ ਕਿਤੇ ਕੋਈ ਕਾਸਿਕਾ ਦਾ ਹਰ ਪ੍ਰਕਾਰ ਨਾਲ ਵਿਚਾਰ ਕਰ ਰਿਹਾ ਸੀ ॥ ੪੧ ॥ ੨੭੮ ॥

ਕਹੂ ਬੈਠ ਮਾਨੋਰਮਾ ਗ੍ਰੰਥ ਬਾਚੈ ॥ ਕਹੂੰ ਗਾਇ ਸੰਗੀਤ ਮੈ ਗੀਤ ਨਾਚੈ ॥
ਕਹੂੰ ਸ਼ਸਤਰ ਕੀ ਸਰਬ ਬਿੱਦਿਆ ਬਿਚਾਰੈ ॥ ਕਹੂੰ ਅਸਤ੍ਰ ਬਿੱਦਿਆ ਬਾਚੈ ਸ਼ੋਕ ਟਾਰੈ ॥ ੪੨ ॥ ੨੭੯ ॥

ਕਿਤੇ ਕੋਈ ਬੈਠਾ ਮਨੋਰਮਾ ਗ੍ਰੰਥ ਨੂੰ ਵਾਚ ਰਿਹਾ ਸੀ। ਕਿਤੇ ਕੋਈ ਸੰਗੀਤ ਗਾ ਰਿਹਾ ਸੀ ਤੇ ਨੱਚ ਰਿਹਾ ਸੀ। ਕਿਤੇ ਕੋਈ ਸ਼ਸਤਰ ਵਿਦਿਆ ਦੀ ਹਰ ਤਰ੍ਹਾਂ ਦੀ ਵਿਚਾਰ ਕਰ ਰਿਹਾ ਸੀ। ਕਿਤੇ ਕੋਈ ਅਸਤ੍ਰ ਵਿਦਿਆ ਵਾਚਕੇ ਸ਼ੋਕ ਨਵਿਰਤ ਕਰ ਰਿਹਾ ਸੀ ॥ ੪੨ ॥ ੨੭੯ ॥

ਕਹੂੰ ਗਦਾ ਕੋ ਜੁੱਧ ਕੈ ਕੈ ਦਿਖਾਵੈ ॥ ਕਹੂੰ ਖੜਗ ਬਿੱਦਿਆ ਜੁਝੈ ਮਾਨੁ ਪਾਵੈ ॥
ਕਹੂੰ ਬਾਂਕ ਬਿਦਿਆਹਿ ਛੋਰੰ ਪ੍ਰਬਾਨੰ ॥ ਕਹੂੰ ਜਲਤ੍ਰੁਰੰ ਬਾਕ ਬਿੱਦਿਆ ਬਖਾਨੰ ॥ ੪੩ ॥ ੨੮੦ ॥

ਕਿਤੇ ਕੋਈ ਗਦਾ ਸ਼ਸਤਰ ਦਾ ਜੁੱਧ ਦਿਖਾ ਰਿਹਾ ਸੀ। ਕਿਤੇ ਕੋਈ ਤਲਵਾਰ ਚਲਾਉਣ ਦਾ ਅਭਿਆਸ ਕਰ ਰਿਹਾ ਸੀ। ਕਿਤੇ ਕੋਈ ਅਲੰਕਾਰ ਵਿਦਿਆ ਦੇ ਪ੍ਰਮਾਨ ਦੇ ਰਿਹਾ ਸੀ। ਕਿਤੇ ਕੋਈ ਜਲ ਵਿਚ ਤਰਨ ਦੀ ਵਿਦਿਆ ਸਿਖ ਰਿਹਾ ਸੀ ਤੇ ਕਿਤੇ ਕੋਈ ਸਾਹਿਤ ਵਿਦਿਆ ਨੂੰ ਕਥਨ ਕਰ ਰਿਹਾ ਸੀ ॥ ੪੩ ॥ ੨੮੦ ॥

ਕਹੂੰ ਬੈਠਕੇ ਗਾਰੜੀ ਗ੍ਰੰਥ ਬਾਚੈ ॥ ਕਹੂੰ ਸਾਂਭਵੀ ਰਾਸ ਭਾਖਾ ਸੁ ਰਾਚੈ ॥
ਕਹੂੰ ਜਾਮਨੀ ਤੋਰਕੀ ਬੀਰ ਬਿੱਦਿਆ ॥ ਕਹੂੰ ਪਾਰਸੀ ਕੋਚ ਬਿਦਿਆ ਅਭਿੱਦਿਆ ॥ ੪੪ ॥ ੨੮੧ ॥

ਕਿਤੇ ਕੋਈ ਸੱਪਾਂ ਦੇ ਜ਼ਹਿਰ ਦੂਰ ਕਰਨ ਵਾਲੀ ਗਾਰੁੜ ਵਿਦਿਆ ਦਾ ਗ੍ਰੰਥ ਵਾਚ ਰਿਹਾ ਸੀ। ਕਿਤੇ ਕੋਈ ਸਾਂਭਵੀ ਤੰਤ੍ਰ ਵਿਦਿਆ ਸਿਖ ਰਿਹਾ ਸੀ। ਕਿਤੇ ਕੋਈ ਰਾਸ ਭਾਸ਼ਾ ਨਟਾਂ ਦੀ ਬੋਲੀ ਸਿਖਣ ਵਿਚ ਲੱਗਾ ਹੋਇਆ ਸੀ। ਕਿਤੇ ਕੋਈ ਯੂਨਾਨੀ ਤੇ ਅਰਬੀ ਭਾਸ਼ਾ ਪੜ੍ਹ ਰਿਹਾ ਸੀ। ਕਿਤੇ ਕੋਈ ਭੂਤ ਪ੍ਰੇਤਾਂ ਨੂੰ ਵਸ ਕਰਨ ਲਈ ਬੀਰ ਵਿਦਿਆ ਦਾ ਅਭਿਆਸ ਕਰ ਰਿਹਾ ਸੀ। ਕਿਤੇ ਕੋਈ ਫਾਰਸੀ ਪੜ੍ਹ ਰਿਹਾ ਸੀ ਕਿਤੇ ਕੋਈ ਸਰੀਰ ਨੂੰ ਬਚਾਉਣ ਵਾਲੀ ਕੌਚ ਵਿਦਿਆ ਦਾ ਤਰੀਕਾ ਸਿਖ ਰਿਹਾ ਸੀ ॥ ੪੪ ॥ ੨੮੧ ॥

ਕਹੂੰ ਸ਼ਸਤ੍ਰ ਕੀ ਘਾਉ ਬਿਦਿਆ ਬਤੈਗੋ ॥ ਕਹੂੰ ਅਸਤ੍ਰ ਕੋ ਪਾਤਕਾ ਪੈ ਚਲੈਗੋ ॥
ਕਹੂੰ ਚਰਮ ਕੀ ਚਾਰ ਬਿੱਦਿਆ ਬਤਾਵੈ ॥ ਕਹੂੰ ਬ੍ਰਹਮ ਬਿੱਦਿਆ ਕਰੈ ਦਰਬ ਪਾਵੈ ॥ ੪੫ ॥ ੨੮੨ ॥

ਕਿਤੇ ਕੋਈ ਸ਼ਸਤਰਾਂ ਦੇ ਲੱਗੇ ਜ਼ਖਮ ਠੀਕ ਕਰਨ ਦੀ ਵਿਦਿਆ ਬਾਰੇ ਜਾਣ ਰਿਹਾ ਸੀ। ਕਿਤੇ ਕੋਈ ਅਸਤ੍ਰਾਂ ਦੀ ਨਿਸ਼ਾਨੇਬਾਜ਼ੀ ਕਰ ਰਿਹਾ ਸੀ। ਕਿਤੇ ਕੋਈ ਢਾਲ ਵਰਤਣ ਦੀ ਵਿਦਿਆ ਬਾਰੇ ਦੱਸ ਰਿਹਾ ਸੀ। ਕਿਤੇ ਕੋਈ ਬ੍ਰਹਮ ਵਿਦਿਆ ਵੇਦਾਂਤ ਦੀ ਵਿਆਖਿਆ ਕਰਕੇ ਧਨ ਪ੍ਰਾਪਤ ਕਰ ਰਿਹਾ ਸੀ॥ ੪੫॥ ੨੯੨॥

**ਕਹੂੰ ਨ੍ਰਿੱਤ ਬਿੱਦਿਆ ਕਹੂ ਨਾਦ ਭੇਦੰ॥ ਕਹੂੰ ਪਰਮ ਪੌਰਾਨ ਕੱਥੈ ਕਤੇਬੰ॥**
**ਸਭੈ ਅੱਛ੍ਰ ਬਿੱਦਿਆ ਸਭੈ ਦੇਸ ਬਾਨੀ॥ ਸਭੈ ਦੇਸ ਪੂਜਾ ਸਮਸਤੋ ਪ੍ਰਧਾਨੀ॥ ੪੬॥ ੨੯੩॥**

ਕਿਤੇ ਨਾਚ ਵਿਦਿਆ ਸਿਖਾਈ ਜਾ ਰਹੀ ਸੀ ਤੇ ਕਿਤੇ ਸ਼ਬਦ ਦੇ ਭੇਦ ਦੱਸੇ ਜਾ ਰਹੇ ਸਨ। ਕਿਤੇ ਪਵਿੱਤ੍ਰ ਪੁਰਾਣਾਂ ਦੀ ਕਥਾ ਹੋ ਰਹੀ ਸੀ ਤੇ ਕਿਤੇ ਪੱਛਮੀ ਮਤ ਦੀਆਂ ਕਤਾਬਾਂ ਦਾ ਵੀਚਾਰ ਹੋ ਰਿਹਾ ਸੀ। ਕਿਤੇ ਸਭ ਤਰ੍ਹਾਂ ਦੇ ਅਖਰਾਂ ਲਿਪੀਆਂ ਦੀ ਵਿਦਿਆਂ ਤੇ ਕਿਤੇ ਸਭ ਦੇਸਾਂ ਦੀਆਂ ਬੋਲੀਆਂ ਸਿਖਾਈਆਂ ਜਾ ਰਹੀਆਂ ਸਨ। ਏਨੇ ਪ੍ਰਕਾਰ ਦੀਆਂ ਵਿਦਿਆ ਦਾਨ ਕਰਨ ਵਾਲੇ ਉਸ ਸਨੌਢੀ ਬ੍ਰਾਹਮਣ ਦੀ ਸਾਰੇ ਦੇਸ਼ ਵਿਚ ਪੂਜਾ ਹੁੰਦੀ ਸੀ ਤੇ ਉਸ ਨੂੰ ਸਭਾ ਵਿਚ ਪ੍ਰਧਾਨ ਮੁਖੀ ਮੰਨਿਆਂ ਜਾਂਦਾ ਸੀ॥ ੪੬॥ ੨੯੩॥

**ਕਹੂੰ ਸਿੰਘਨੀ ਦੂਧ ਬੱਛੇ ਚੁੰਘਾਵੈ॥ ਕਹੂੰ ਸਿੰਘ ਲੈ ਸੰਗ ਗਊਆਂ ਚਰਾਵੈ॥**
**ਫਿਰੈ ਸਰਪ ਨ੍ਰਿਕ੍ਰੁੱਧ ਤੌ ਨਿਸਥਲਾਨੰ॥ ਕਹੂੰ ਸ਼ਾਸਤ੍ਰੀ ਸ਼ਤ੍ਰ ਕੱਥੈ ਕਥਾਨੰ॥ ੪੭॥ ੨੯੪॥**

ਉਸ ਬ੍ਰਾਹਮਣ ਦੇ ਤਪੋ ਬਲ ਕਰਕੇ ਉਸ ਦੇ ਆਸ਼ਰਮ ਵਿਚ ਇਸ ਪ੍ਰਕਾਰ ਦਾ ਵਰਤਾਰਾ ਵੀ ਵਰਤਦਾ ਸੀ ਕਿ ਉਥੇ ਸ਼ੇਰਨੀਆਂ ਵੱਛਿਆਂ ਨੂੰ ਆਪਣਾ ਦੁੱਧ ਚੁੰਘਾਉਂਦੀਆਂ ਸਨ। ਕਿਤੇ ਸ਼ੇਰ ਗਊਆਂ ਦੇ ਵਗ ਨੂੰ ਚਰਾ ਰਿਹਾ ਸੀ। ਉਸ ਅਸਥਾਨ ਤੇ ਸੱਪ ਕਰੋਧ ਰਹਿਤ ਹੋ ਕੇ ਫਿਰਦੇ ਸਨ। ਕਿਤੇ ਸ਼ਸਤਰਧਾਰੀ ਸੂਰਮੇ ਆਪਣੇ ਦੁਸ਼ਮਨਾਂ ਦੇ ਜਸ ਦੀ ਕਥਾ ਕਰ ਰਹੇ ਸਨ॥ ੪੭॥ ੨੯੪॥

**ਤਥਾ ਸ਼ੱਤ੍ਰ ਮਿੱਤ੍ਰੰ ਤਥਾ ਮਿੱਤ੍ਰ ਸੱਤ੍ਰੰ॥ ਜਥਾ ਏਕ ਛੱਤ੍ਰੀ ਤਥਾ ਪਰਮ ਛੱਤ੍ਰੰ॥**
**ਤਹਾਂ ਗਯੋ ਅਜੈ ਸਿੰਘ ਸੂਰਾ ਸੁ ਕ੍ਰੁੱਧੰ॥ ਹਨਿਯੋ ਅੱਸਮੇਧੰ ਕਰਿਓ ਪਰਮ ਜੁੱਧੰ॥ ੪੮॥ ੨੯੫॥**

ਆਸ਼ਰਮ ਵਿਚ ਜੈਸਾ ਵੈਰੀ ਸੀ, ਉਹੋ ਜਿਹਾ ਮਿੱਤਰ ਸੀ, ਜਿਹੋ ਜਿਹਾ ਮਿੱਤਰ ਸੀ, ਉਹੋ ਜਿਹਾ ਦੁਸ਼ਮਨ ਸੀ। ਜਿਹੋ ਜਿਹਾ ਇਕ ਸਾਧਾਰਨ ਛੱਤ੍ਰੀ ਸੀ, ਉਹੋ ਜਿਹਾ ਵੱਡਾ ਛੱਤ੍ਰੀ ਰਾਜਾ ਸੀ। ਭਾਵ ਉਸ ਆਸ਼ਰਮ ਵਿਚ ਸਭ ਨੂੰ ਇਕ ਸਮਾਨ ਹੀ ਸਮਝਿਆ ਜਾਂਦਾ ਸੀ, ਉਥੇ ਵਡੇ ਛੋਟੇ ਦਾ ਕੋਈ ਭਿੰਨ ਭੇਦ ਨਹੀਂ ਸੀ। ਇਸ ਬ੍ਰਾਹਮਣ ਦੇ ਆਸ਼ਰਮ ਵਿਚ ਦੋਵੇਂ ਰਾਜਕੁਮਾਰ ਅਜੈ ਸਿੰਘ ਤੋਂ ਹਾਰ ਖਾਕੇ ਜਾਨ ਬਚਾਉਣ ਲਈ ਜਾ ਪਹੁੰਚੇ। ਪਤਾ ਲੱਗਣ ਤੇ ਅਜੈ ਸਿੰਘ ਸੂਰਮਾ ਵੀ ਬੜੇ ਕਰੋਧ ਨਾਲ ਉਥੇ ਪੁਜ ਗਿਆ; ਜੋ ਜੰਗ ਕਰਕੇ ਅਸ੍ਵਮੇਧ ਤੇ ਉਸਦੇ ਛੋਟੇ ਭਰਾ ਨੂੰ ਮਾਰਨਾ ਚਾਹੁੰਦਾ ਸੀ॥ ੪੮॥ ੨੯੫॥

**ਰਜੀਆ ਪੂਤ ਦਿੱਖਿਯੋ ਡਰੇ ਦੋਇ ਭ੍ਰਾਤੰ॥ ਗਹੀ ਸ਼ਰਣ ਬਿੱਪੰ ਬੁਲਿਯੋ ਏਵ ਬਾਤੰ॥**
**ਗੁਣਾ ਹੇਮ ਸਰਬੰ ਮਿਲੇ ਪ੍ਰਾਨ ਦਾਨੰ॥ ਸੱਰਨੰ ਸੱਰਨੰ ਸੱਰਨੰ ਗੁਰਾਨੰ॥ ੪੯॥ ੨੯੬॥**

ਜਦੋਂ ਦੋਹਾਂ ਭਰਾਵਾਂ ਨੇ ਦਾਸੀ ਦੇ ਪੁੱਤਰ ਅਜੈ ਸਿੰਘ ਨੂੰ ਉਥੇ ਆਇਆ ਵੇਖਿਆ ਤਾਂ ਉਹ ਦੋਵੇਂ ਭਰਾ ਡਰ ਗਏ। ਉਹਨਾਂ ਨੇ ਉਸ ਬ੍ਰਾਹਮਣ ਦੀ ਸ਼ਰਨ ਤੱਕੀ ਤੇ ਇਸ ਤਰ੍ਹਾਂ ਬੇਨਤੀ ਕਰਨ ਲਗੇ-ਹੇ ਗੁਰਦੇਵ! ਅਸੀਂ ਆਪ ਦੀ ਸ਼ਰਨ ਵਿਚ ਆਏ ਹਾਂ। ਸਾਡੇ ਪ੍ਰਾਣ ਬਚਾਓ, ਆਪ ਨੂੰ ਗਊਆਂ ਤੇ ਸੋਨਾ ਦਾਨ ਕਰਨ ਦਾ ਪੁੰਨ ਪ੍ਰਾਪਤ ਹੋਵੇਗਾ॥੪੯॥੨੮੬॥

**ਚੌਪਈ॥ ਤਬ ਭੂਪਤਿ ਤਹ ਦੂਤ ਪਠਾਏ॥ ਤ੍ਰਿਪਤ ਸਕਲ ਦਿਜ ਕੀਏ ਰਿਝਾਏ॥**
**ਅੱਸ੍ਰਮੇਧ ਅਰੁ ਅਸੁਮੇਦ ਹਾਰਾ॥ ਭਾਜ ਪਰੇ ਘਰ ਤਾਕ ਤਿਹਾਰਾ॥੫੦॥੨੮੭॥**

ਰਾਜਾ ਅਜੈ ਸਿੰਘ ਨੇ ਆਪਣੇ ਸਿਪਾਹੀ ਉਸ ਆਸ਼ਰਮ ਵਿਚ ਭੇਜੇ। ਸਭ ਬ੍ਰਾਹਮਣਾਂ ਨੂੰ ਸੱਦਕੇ ਉਹਨਾਂ ਨੂੰ ਭੋਜਨ ਛਕਾਕੇ ਤ੍ਰਿਪਤ ਕੀਤਾ ਗਿਆ। ਫਿਰ ਉਸ ਨੇ ਉਸ ਬ੍ਰਾਹਮਣ ਨੂੰ ਕਿਹਾ ਕਿ ਮੈਨੂੰ ਪਤਾ ਲੱਗਾ ਹੈ ਕਿ ਅਸ੍ਰਮੇਧ ਤੇ ਅਸੁਮੇਦ ਦੋਵੇਂ ਭਰਾ ਮੇਰੇ ਕੋਲੋਂ ਹਾਰ ਖਾ ਕੇ ਭੱਜਕੇ ਤੁਹਾਡੇ ਆਸ਼ਰਮ ਵਿਚ ਆ ਕੇ ਲੁਕੇ ਹੋਏ ਹਨ॥੫੦॥੨੮੭॥

**ਕੈ ਦਿਜ ਬਾਂਧ ਦੇਹੁ ਦ੍ਵੈ ਮੋਹੂ॥ ਨਾ ਤਰ ਧਰੋ ਦੁਜਨਵਾ ਤੋਹੂ॥**
**ਕਰਉ ਨ ਪੂਜਾ ਦੇਉ ਨ ਦਾਨਾ॥ ਤੋ ਕੋ ਦੂਖ ਦੇਵੋ ਦਿਜ ਨਾਨਾ॥੫੧॥੨੮੮॥**

ਅਜੈ ਸਿੰਘ ਨੇ ਬੜੇ ਕਰੋਧ ਨਾਲ ਕਿਹਾ ਪੰਡਤ ਜੀ! ਜਾਂ ਤਾਂ ਉਹਨਾਂ ਦੋਹਾਂ ਭਰਾਵਾਂ ਨੂੰ ਬੰਨ੍ਹਕੇ ਮੇਰੇ ਹਵਾਲੇ ਕਰ ਦੇਹ, ਨਹੀਂ ਤਾਂ ਤੈਨੂੰ ਵੀ ਉਹਨਾਂ ਦੋਹਾਂ ਨਾਲ ਮਿਲਾ ਦੇਵਾਂਗਾ। ਫਿਰ ਨਾ ਮੈਂ ਤੇਰੀ ਪੂਜਾ ਕਰਾਂਗਾ ਤੇ ਨਾ ਹੀ ਕੋਈ ਦਾਨ ਦੇਵਾਂਗਾ। ਸਗੋਂ ਇਸ ਦੋਸ਼ ਬਦਲੇ ਤੈਨੂੰ ਕਈ ਤਰ੍ਹਾਂ ਦੇ ਕਸ਼ਟ ਦੇਵਾਂਗਾ॥੫੧॥੨੮੮॥

**ਕਹਾ ਮ੍ਰਿਤਕ ਦੁਇ ਕੰਠ ਲਗਾਏ॥ ਦੇਹੁ ਹਮੈ ਤੁਮ ਕਹਾ ਲਜਾਏ॥**
**ਜਉ ਦ੍ਵੈ ਏ ਤੁਮ ਦੇਹੁ ਨ ਮੋਹੂ॥ ਤਉ ਹਮ ਸਿੱਖ ਨ ਹੋਇ ਹੈ ਤੋਹੂ॥੫੨॥੨੮੯॥**

ਤੂੰ ਉਹਨਾਂ ਦੋਹਾਂ ਮੁਰਦਿਆਂ ਨੂੰ ਕਿਉਂ ਆਪਣੇ ਗਲ ਨਾਲ ਲਾਇਆ ਹੋਇਆ ਹੈ? ਤੂੰ ਉਹਨਾਂ ਦੋਹਾਂ ਨੂੰ ਮੇਰੇ ਹਵਾਲੇ ਕਰ ਦੇਹ, ਇਸ ਵਿਚ ਤੈਨੂੰ ਕਿਸ ਦਾ ਡਰ ਹੈ? ਜੇ ਤੂੰ ਉਹਨਾਂ ਨੂੰ ਮੇਰੇ ਹਵਾਲੇ ਨਹੀਂ ਕਰੇਂਗਾ ਤਾਂ ਮੈਂ ਅਗੇ ਤੋਂ ਤੇਰਾ ਸਿੱਖ ਨਹੀਂ ਰਹਾਂਗਾ॥੫੨॥੨੮੯॥

ਰਾਜਾ ਅਜੈ ਸਿੰਘ ਦੀ ਇਹ ਧਮਕੀ ਸੁਣ ਕੇ ਬ੍ਰਾਹਮਣ ਨੇ ਉੱਤਰ ਦਿੱਤਾ ਕਿ ਹੇ ਰਾਜਨ! ਮੈਂ ਜਾਕੇ ਆਸ਼ਰਮ ਵਿਚ ਪਤਾ ਕਰਦਾ ਹਾਂ, ਇਸ ਗੱਲ ਦਾ ਜਵਾਬ ਮੈਂ ਕੱਲ੍ਹ ਆਪ ਨੂੰ ਦਿਆਂਗਾ। ਇਹ ਕਹਿਕੇ ਪੰਡਤ ਆਪਣੇ ਆਸ਼ਰਮ ਵਿਚ ਚਲਾ ਆਇਆ।

**ਤਬ ਦਿਜ ਪ੍ਰਾਤ ਕੀਓ ਇਸ਼ਨਾਨਾ॥ ਦੇਵ ਪਿਤ੍ਰ ਤੋਖੇ ਬਿਧ ਨਾਨਾ॥**
**ਚੰਦਨ ਕੁੰਕਮ ਖੋਰ ਲਗਾਏ॥ ਚਲ ਕਰ ਰਾਜ ਸਭਾ ਮੈ ਆਏ॥੫੩॥੨੯੦॥**

ਦੂਜੇ ਦਿਨ ਪੰਡਤ ਨੇ ਪ੍ਰਾਤਾਕਾਲ ਉੱਠਕੇ ਇਸ਼ਨਾਨ ਕੀਤਾ। ਦੇਵਤਿਆਂ ਤੇ ਪਿਤ੍ਰਾਂ ਦੀ ਕਈ

ਵਿਧੀਆਂ ਨਾਲ ਪੂਜਾ ਕਰਕੇ ਉਹਨਾਂ ਨੂੰ ਪ੍ਰਸੰਨ ਕੀਤਾ। ਫਿਰ ਉਸ ਨੇ ਆਪਣੇ ਮੱਥੇ ਤੇ ਚੰਦਨ ਤੇ ਕੇਸਰ ਦੇ ਤਿਲਕ ਲਾਏ ਤੇ ਚਲਕੇ ਰਾਜਾ ਅਜੈ ਸਿੰਘ ਦੀ ਸਭਾ ਵਿਚ ਆ ਗਿਆ॥੫੩॥੨੯੦॥

**ਦਿਜੋ ਬਾਚ॥ ਹਮਰੀ ਵੈ ਨ ਪਰੈ ਦ੍ਵੈ ਡੀਠਾ॥ ਹਮਰੀ ਆਇ ਪਰੈ ਨਹੀ ਪੀਠਾ॥**
**ਝੂਠ ਕਹਜੋ ਜਿਨ ਤੋਹਿ ਸੁਨਾਈ॥ ਮਹਾਰਾਜ ਰਾਜਨ ਕੇ ਰਾਈ॥੫੪॥੨੯੧॥**

ਪੰਡਤ ਨੇ ਕਿਹਾ-ਹੇ ਰਾਜਿਆਂ ਦੇ ਰਾਜੇ ਮਹਾਰਾਜ! ਉਹ ਦੋਵੇਂ ਭਰਾ ਮੇਰੀ ਨਿਗਾਹ ਵਿਚ ਨਹੀਂ ਆਏ ਤੇ ਨਾ ਹੀ ਉਹ ਮੇਰੇ ਆਸ਼ਰਮ ਵਿਚ ਆ ਕੇ ਮੇਰੀ ਸ਼ਰਨ ਪਏ ਸਨ । ਜਿਸ ਨੇ ਤੁਹਾਨੂੰ ਇਹ ਕਿਹਾ ਹੈ, ਉਸ ਨੇ ਆਪ ਨੂੰ ਝੂਠੀ ਖਬਰ ਸੁਣਾਈ ਹੈ॥੫੪॥੨੯੧॥

**ਮਹਾਰਾਜ ਰਾਜਨ ਕੇ ਰਾਜਾ॥ ਨਾਇਕ ਅਖਲ ਧਰਣ ਸਿਰ ਤਾਜਾ॥**
**ਹਮ ਬੈਠੇ ਤੁਮ ਦੇਹ ਅਸੀਸਾ॥ ਤੁਮ ਰਾਜਾ ਰਾਜਨ ਕੇ ਈਸਾ॥੫੫॥੨੯੨॥**

ਅਰਥ - ਹੇ ਮਹਾਰਾਜ! ਹੇ ਰਾਜਿਆਂ ਦੇ ਰਾਜੇ! ਤੁਸੀਂ ਸਿਰ ਤੇ ਛੱਤ੍ਰ ਧਾਰਨ ਕਰਨ ਵਾਲੇ ਸਾਰੇ ਰਾਜਿਆਂ ਦੇ ਮਾਲਕ ਹੋ। ਅਸੀਂ ਆਪ ਦੇ ਰਾਜ ਵਿਚ ਆਸ਼ਰਮ ਬਣਾਕੇ ਬੈਠੇ ਹਾਂ ਤੇ ਆਪ ਨੂੰ ਸ਼ੁਭ ਅਸੀਸਾਂ ਦੇ ਰਹੇ ਹਾਂ। ਤੁਸੀਂ ਸਭ ਰਾਜਿਆਂ ਦੇ ਸੁਆਮੀ ਰਾਜੇ ਹੋ॥੫੫॥੨੯੨॥

**ਰਾਜਾ ਬਾਚ॥ ਭਲਾ ਚਹੋ ਆਪਨ ਜੋ ਸਭ ਹੀ॥ ਵੈ ਦੁਇ ਬਾਂਧ ਦੇਹੁ ਮੁਹਿ ਅਬ ਹੀ॥**
**ਸਭ ਹੀ ਕਰੋਂ ਅਗਨ ਕਾ ਭੂਜਾ॥ ਤੁਮਰੀ ਕਰਉ ਪਿਤਾ ਜਿਉ ਪੂਜਾ॥੫੬॥੨੯੩॥**

ਰਾਜਾ ਅਜੈ ਸਿੰਘ ਨੇ ਸਾਰਿਆਂ ਬ੍ਰਾਹਮਣਾਂ ਨੂੰ ਕਿਹਾ ਕਿ ਜੇ ਤੁਸੀਂ ਸਾਰੇ ਆਪਣਾ ਭਲਾ ਚਾਹੁੰਦੇ ਹੋ ਤਾਂ ਤੁਸੀਂ ਹੁਣੇ ਹੀ ਉਹਨਾਂ ਦੋਹਾਂ ਭਰਾਵਾਂ ਨੂੰ ਬੰਨ੍ਹਕੇ ਮੇਰੇ ਹਵਾਲੇ ਕਰ ਦਿਓ। ਮੈਂ ਉਹਨਾਂ ਦੋਹਾਂ ਨੂੰ ਹੁਣੇ ਹੀ ਉਹਨਾਂ ਦੇ ਸਾਥੀਆਂ ਸਮੇਤ ਅਗਨੀ ਦਾ ਭੋਜਨ ਬਣਾ ਦਿਆਂਗਾ। ਭਾਵ ਉਹਨਾਂ ਦੋਹਾਂ ਨੂੰ ਅੱਗ ਵਿਚ ਸਾੜਕੇ ਸੁਆਹ ਕਰ ਦਿਆਂਗਾ। ਤੁਹਾਡੀ ਆਪਣੇ ਪਿਤਾ ਵਾਂਗੂੰ ਪੂਜਾ ਕਰਾਂਗਾ॥੫੬॥੨੯੩॥

**ਜੋ ਨਾ ਪਰੈ ਵੈ ਭਾਜ ਤਿਹਾਰੇ॥ ਕਹੇ ਲਗੋ ਤੁਮ ਆਜੁ ਹਮਾਰੇ॥**
**ਹਮ ਤੁਮ ਕੋ ਬਿੰਜੂਨਾਦਿ ਬਨਾਵੈ॥ ਹਮ ਤੁਮ ਵੈ ਤੀਨੋ ਮਿਲ ਖਾਵੈਂ॥੫੭॥੨੯੪॥**

ਹੇ ਪੰਡਤ ਜੀ! ਜੇਕਰ ਉਹ ਭੱਜ ਕੇ ਤੁਹਾਡੇ ਆਸ਼ਰਮ ਵਿਚ ਆ ਕੇ ਨਹੀਂ ਲੁਕੇ ਤਾਂ ਤੁਸੀਂ ਮੇਰੀ ਗੱਲ ਮੰਨੋ ਤੇ ਇਹ ਕੰਮ ਕਰੋ ਕਿ ਮੈਂ ਤੁਹਾਨੂੰ ਕੱਚਾ ਭੋਜਨ ਬਣਵਾਕੇ ਦੇਂਦਾ ਹਾਂ। ਅੱਜ ਮੈਂ, ਤੁਸੀ ਤੇ ਉਹ ਤਿੰਨੇ ਇੱਕਠੇ ਬੈਠਕੇ ਖਾਈਏ॥੫੭॥੨੯੪॥

**ਦਿਜ ਸੁਨ ਬਾਤ ਚਲੇ ਸਭ ਧਾਮਾ॥ ਪੂਛੈ ਭ੍ਰਾਤ ਸੁਪੂਤ ਪਿਤਾਮਾ॥**
**ਬਾਂਧ ਦੇਹੁ ਤਉ ਛੂਟੇ ਧਰਮਾ॥ ਭੋਜ ਭੁਜੇ ਤਉ ਛੂਟੇ ਕਰਮਾ॥੫੮॥੨੯੫॥**

ਰਾਜਾ ਅਜੈ ਸਿੰਘ ਦੀ ਇਹ ਗੱਲ ਸੁਣਕੇ ਸਭ ਬ੍ਰਾਹਮਣ ਸਲਾਹ ਕਰਨ ਲਈ ਰਾਜੇ ਤੋਂ ਇਜਾਜ਼ਤ

ਲੈ ਕੇ ਆਪਣੇ ਆਸ਼ਰਮ ਨੂੰ ਤੁਰ ਪਏ। ਸਾਰੇ ਪੰਡਤਾਂ ਨੇ ਆਪਣੇ ਭਰਾਵਾਂ, ਪੁੱਤਰਾਂ ਤੇ ਦਾਦਿਆਂ ਨੂੰ ਇੱਕਠਿਆਂ ਕਰਕੇ ਇਸ ਮਸਲੇ ਬਾਰੇ ਪੁਛਿਆ ਕਿ ਜੇ ਅਸੀਂ ਸ਼ਰਨ ਆਏ ਦੋਹਾਂ ਰਾਜਕੁਮਾਰਾਂ ਨੂੰ ਬੰਨ੍ਹਕੇ ਅਜੈ ਸਿੰਘ ਦੇ ਹਵਾਲੇ ਕਰ ਦੇਂਦੇ ਹਾਂ ਤਾਂ ਸਾਡਾ ਧਰਮ ਨਾਸ ਹੁੰਦਾ ਹੈ ਤੇ ਜੇ ਅਸੀਂ ਉਸ ਨਾਲ ਕੱਚਾ ਭੋਜਨ ਖਾਂਦੇ ਹਾਂ ਤਾਂ ਸਾਡਾ ਬ੍ਰਾਹਮਣਾਂ ਵਾਲਾ ਕਰਮ ਨਸ਼ਟ ਹੋ ਜਾਂਦਾ ਹੈ। ਇਸ ਬਾਰੇ ਆਪੋ ਆਪਣੀ ਰਾਇ ਦੱਸੋ॥ ੫੮॥ ੨੯੫॥

**ਯਹਿ ਰਜੀਆ ਕਾ ਪੂਤ ਮਹਾ ਬਲ॥ ਜਿਨ ਜੀਤੇ ਛੱਤ੍ਰੀ ਗਨ ਦਲ ਮਲ॥**
**ਛੱਤ੍ਰਾਪਨ ਆਪਨ ਬਲ ਲੀਨਾ॥ ਇਕ ਕੋ ਕਾਢਿ ਧਰਨ ਤੇ ਦੀਨਾ॥ ੫੯॥ ੨੯੬॥**

ਦੂਸਰੇ ਪਾਸੇ ਇਹ ਦਾਸੀ ਦਾ ਪੁੱਤਰ ਅਜੈ ਸਿੰਘ ਬੜਾ ਬਲਵਾਨ ਹੈ। ਜਿਸ ਨੇ ਅਨੇਕਾਂ ਛੱਤ੍ਰੀਆਂ ਨੂੰ ਜਿੱਤਕੇ ਦਲ ਮਲ ਦਿੱਤਾ ਹੈ। ਇਸ ਨੇ ਆਪਣੇ ਬਲ ਨਾਲ ਬਾਦਸ਼ਾਹੀ ਪ੍ਰਾਪਤ ਕਰ ਲਈ ਹੈ ਤੇ ਇਹਨਾਂ ਦੋਹਾਂ ਭਰਾਵਾਂ ਨੂੰ ਆਪਣੀ ਧਰਤੀ ਭਾਵ ਰਾਜ ਤੋਂ ਬਾਹਰ ਕਢ ਦਿੱਤਾ ਹੈ॥ ੫੯॥ ੨੯੬॥

**ਤੋਟਕ ਛੰਦ॥ ਇਮ ਬਾਤ ਜਬੈ ਨ੍ਰਿਪ ਤੇ ਸੁਨਿਯੰ॥ ਗ੍ਰਿਹਿ ਬੈਠ ਸਭੈ ਦਿਜ ਮੰਤ੍ਰ ਕੀਯੰ॥**
**ਅਜ ਸੈਨ ਅਜੈ ਭਟ ਦਾਸ ਸੁਤੰ॥ ਅਤਿ ਦੁਹਕਰ ਕੁਤਸਿਤ ਕ੍ਰੂਰ ਮਤੰ॥ ੬੦॥ ੨੯੭॥**

ਜਦੋਂ ਸਾਰੇ ਬ੍ਰਾਹਮਣਾਂ ਨੇ ਰਾਜੇ ਦੀ ਕਹੀ ਹੋਈ ਇਹ ਗੱਲ ਸੁਣੀ ਤਾਂ ਆਪਣੇ ਆਸ਼ਰਮ ਵਿਚ ਬੈਠਕੇ ਸਾਰੇ ਸਲਾਹ ਕਰਨ ਲੱਗੇ। ਉਹਨਾਂ ਨੇ ਵਿਚਾਰਿਆ ਕਿ ਇਹ ਦਾਸੀ ਦਾ ਪੁੱਤਰ ਅਜੈ ਸਿੰਘ ਅਜਿੱਤ ਸੂਰਮਾ ਹੈ ਤੇ ਇਸ ਦੀ ਫੌਜ ਵੀ ਅਜਿੱਤ ਹੈ। ਉਹ ਆਪ ਬੜਾ ਕਠੋਰ, ਖੋਟਾ ਤੇ ਬੁਰੀ ਮੱਤ ਵਾਲਾ ਹੈ॥ ੬੦॥ ੨੯੭॥

**ਮਿਲ ਖਾਇ ਤਉ ਖੋਵੈ ਜਨਮ ਜਗੰ॥ ਨਹਿ ਖਾਤ ਤੁ ਜਾਤ ਹੈ ਕਾਲ ਮਗੰ॥**
**ਮਿਲ ਮਿੱਤ੍ਰ ਸੁ ਕੀਜੈ ਕਉਨ ਮਤੰ॥ ਜਿਹ ਭਾਂਤ ਰਹੇ ਜਗ ਆਜ ਪਤੰ॥ ੬੧॥ ੨੯੮॥**

ਜੇ ਅਜੈ ਸਿੰਘ ਨਾਲ ਮਿਲਕੇ ਅਸੀਂ ਭੋਜਨ ਖਾਂਦੇ ਹਾਂ ਤਾਂ ਸਾਡਾ ਇਹ ਬ੍ਰਾਹਮਣ ਜਨਮ ਭ੍ਰਿਸ਼ਟ ਹੁੰਦਾ ਹੈ ਤੇ ਜੇ ਨਹੀਂ ਖਾਂਦੇ ਤਾਂ ਸਾਨੂੰ ਮੌਤ ਦੇ ਰਸਤੇ ਜਾਣਾ ਪਵੇਗਾ। ਹੇ ਸਾਜਣ! ਮਿਲਕੇ ਕੋਈ ਸਲਾਹ ਦੱਸੋ ਕਿ ਕੀ ਕੀਤਾ ਜਾਏ, ਜਿਸ ਨਾਲ ਅੱਜ ਸੰਸਾਰ ਵਿਚ ਸਾਡੀ ਇੱਜ਼ਤ ਰਹਿ ਜਾਏ?॥ ੬੧॥ ੨੯੮॥

**ਸੁਨ ਰਾਜਨ ਰਾਜ ਮਹਾਨ ਮਤੰ॥ ਅਨਭੀਤ ਅਜੀਤ ਸਮਸਤ ਛਿਤੰ॥**
**ਅਨਗਾਹ ਅਥਾਹ ਅਨੰਤ ਦਲੰ॥ ਅਨਭੰਜ ਅਗੰਜ ਮਹਾਂ ਪ੍ਰਬਲੰ॥ ੬੨॥ ੨੯੯॥**

ਚੰਗੀ ਸਲਾਹ ਕਰਨ ਮਗਰੋਂ ਬ੍ਰਾਹਮਣਾਂ ਨੇ ਰਾਜਾ ਅਜੈ ਸਿੰਘ ਕੋਲ ਜਾ ਕੇ ਇਸ ਤਰ੍ਹਾਂ ਕਿਹਾ, "ਹੇ ਰਾਜਿਆਂ ਦੇ ਰਾਜੇ! ਹੇ ਉੱਤਮ ਬੁੱਧੀ ਵਾਲੇ! ਸਾਰੀ ਧਰਤੀ ਤੇ ਇਕ ਤੂੰ ਹੀ ਨਿਡੱਰ ਤੇ ਅਜਿੱਤ ਸੂਰਮਾ ਹੈ। ਤੇਰੀ ਸੈਨਾ ਨਾ ਗਾਹੇ ਜਾਣ ਵਾਲੀ ਤੇ ਬੇਸ਼ੁਮਾਰ ਹੈ। ਜੋ ਬੜੀ ਬਲਵਾਨ, ਨਾ ਟੁੱਟਣ ਵਾਲੀ ਤੇ ਨਾ ਨਾਸ ਹੋਣ ਵਾਲੀ ਹੈ॥ ੬੨॥ ੨੯੯॥

**ਇਹ ਠਉਰ ਨ ਛਤ੍ਰੀ ਏਕ ਨਰੰ॥ ਸੁਨ ਸਾਚੁ ਮਹਾ ਨ੍ਰਿਪਰਾਜ ਬਰੰ॥**
**ਕਹਿਕੈ ਦਿਜ ਯੌਂ ਉਠਿ ਜਾਤ ਭਏ॥ ਵਹ ਆਨਿ ਜਸੂਸ ਬਤਾਇ ਦਏ॥ ੬੩॥ ੩੦੦॥**

ਹੇ ਮਹਾਰਾਜ! ਸੁਣੋ, ਅਸੀਂ ਸਚ ਕਹਿੰਦੇ ਹਾਂ ਕਿ ਸਾਡੇ ਆਸ਼ਰਮ ਵਿਚ ਇਕ ਵੀ ਛੱਤ੍ਰੀ ਨਹੀਂ ਰਹਿੰਦਾ।'' ਇਹ ਗੱਲ ਰਾਜੇ ਨੂੰ ਕਹਿਕੇ ਸਭ ਬ੍ਰਾਹਮਣ ਉੱਠਕੇ ਆਪਣੇ ਘਰਾਂ ਵਲ ਚਲ ਪਏ। ਉਧਰੋਂ ਸੂਹੀਏ ਨੇ ਆਕੇ ਰਾਜੇ ਨੂੰ ਦੱਸਿਆਂ ਕਿ ਦੋਵੇਂ ਭਰਾ ਇਸ ਆਸ਼ਰਮ ਵਿਚ ਹੀ ਹਨ॥ ੬੩॥ ੩੦੦॥

**ਤਹਾਂ ਸਿੰਘ ਅਜੈ ਮਨਿ ਰੋਸ ਬਢੀ॥ ਕਰਿ ਕੋਪ ਚਮੂੰ ਚਤੁਰੰਗ ਚਢੀ॥**
**ਤੱਹ ਜਾਇ ਪਰੀ ਜੱਹ ਖੱਤ੍ਰ ਬਰੰ॥ ਬਹੁ ਕੂਦਿ ਪਰੇ ਦਿਜ ਸਾਮ ਘਰੰ॥ ੬੪॥ ੩੦੧॥**

ਸੂਈਏ ਤੋਂ ਇਹ ਖਬਰ ਸੁਣਕੇ ਅਜੈ ਸਿੰਘ ਨੂੰ ਬਹੁਤ ਗੁੱਸਾ ਚੜ੍ਹਿਆ। ਉਸ ਨੇ ਬੜੇ ਕਰੋਧ ਨਾਲ ਚਾਰ ਤਰ੍ਹਾਂ ਦੀ ਫੌਜ ਆਸ਼ਰਮ ਵਲ ਚੜ੍ਹਾ ਦਿੱਤੀ। ਰਾਜੇ ਦੀ ਫੌਜ ਹੱਲਾ ਕਰਕੇ ਉਸ ਜਗ੍ਹਾ ਜਾ ਪਈ ਜਿਥੇ ਸ੍ਰੇਸ਼ਟ ਖੱਤ੍ਰੀ ਦੋਵੇਂ ਭਰਾ ਲੁਕੇ ਬੈਠੇ ਸਨ। ਜਦੋਂ ਦੋਹਾਂ ਭਰਾਵਾਂ ਨੇ ਫੌਜ ਨੂੰ ਵੇਖਿਆ ਤਾਂ ਉਹ ਟੱਪਕੇ ਬ੍ਰਾਹਮਣਾਂ ਦੇ ਘਰ ਜਾਕੇ ਉਹਨਾਂ ਦੀ ਸ਼ਰਨੀ ਪੈ ਗਏ॥ ੬੪॥ ੩੦੧॥

**ਦਿਜ ਮੰਡਲ ਬੈਠਿ ਬਿਚਾਰੁ ਕੀਯੋ॥ ਸਭ ਹੀ ਦਿਜ ਮੰਡਲ ਗੋਦ ਲੀਯੋ॥**
**ਕਹੁ ਕਉਨ ਸੁ ਬੈਠਿ ਬਿਚਾਰ ਕਰੈਂ॥ ਨ੍ਰਿਪ ਸਾਥ ਰਹੈਂ ਨਹੀ ਏਊ ਮਰੈਂ॥ ੬੫॥ ੩੦੨॥**

ਸਾਰੀ ਬ੍ਰਾਹਮਣਾਂ ਦੀ ਮੰਡਲੀ ਨੇ ਬੈਠਕੇ ਵੀਚਾਰ ਕੀਤੀ। ਪਹਿਲਾਂ ਕੰਮ ਉਹਨਾਂ ਨੇ ਇਹ ਕੀਤਾ ਕਿ ਦੋਹਾਂ ਰਾਜਕੁਮਾਰਾਂ ਨੂੰ ਆਪਣੀ ਗੋਦ ਵਿਚ ਭਾਵ ਆਪਣੇ ਘੇਰੇ ਵਿਚ ਬਿਠਾ ਲਿਆ। ਫਿਰ ਸੋਚਣ ਲਗੇ ਕਿ ਐਸਾ ਕਿਹੜਾ ਉਪਾਅ ਕਰੀਏ, ਜਿਸ ਨਾਲ ਰਾਜੇ ਦਾ ਸਾਥ ਬਣਿਆਂ ਰਹੇ ਤੇ ਇਹ ਦੋਵੇਂ ਭਰਾ ਵੀ ਨਾ ਮਰਨ?॥ ੬੫॥ ੩੦੨॥

**ਇਹ ਭਾਂਤ ਕਹੀ ਤਿਹ ਤਾਹਿ ਸਭੈ॥ ਤੁਮ ਤੋਰ ਜਨੇਵਨ ਦੇਹੁ ਅਬੈ॥**
**ਜੇਊ ਮਾਨਿ ਕਹਜੋ ਸੋਈ ਲੇਤ ਭਏ॥ ਤੇਊ ਬੈਸ ਹੁਇ ਬਾਣਜ ਕਰਤ ਭਏ॥ ੬੬॥ ੩੦੩॥**

ਵਿਚਾਰ ਕਰਕੇ ਸਾਰੇ ਬ੍ਰਾਹਮਣਾਂ ਨੇ ਇਹ ਗੱਲ ਕਹੀ ਕਿ ਤੁਸੀਂ ਹੁਣ ਆਪੋ ਆਪਣਿਆਂ ਜਨੇਊਆਂ ਨੂੰ ਤੋੜ ਦਿਉ ਕਿਉਂਕਿ ਜਨੇਊਆਂ ਕਰਕੇ ਹੀ ਬ੍ਰਾਹਮਣ ਤੇ ਖਤਰੀ ਦਾ ਫਰਕ ਪ੍ਰਤੀਤ ਹੋ ਰਿਹਾ ਸੀ। ਜਿੰਨ੍ਹਾਂ ਬ੍ਰਾਹਮਣਾਂ ਨੇ ਇਸ ਫੈਸਲੇ ਨੂੰ ਮੰਨ ਲਿਆ, ਉਹਨਾਂ ਨੇ ਜਨੇਊ ਲਾਹ ਦਿੱਤੇ। ਉਹ ਫਿਰ ਵੈਸ਼ ਬਣਕੇ ਵਣਜ ਵਪਾਰ ਕਰਨ ਲੱਗ ਪਏ॥ ੬੬॥ ੩੦੩

**ਜਿਹ ਤੋਰ ਜਨੇਊ ਨ ਕੀਨ ਹਠੰ॥ ਤਿਨ ਸਿਉ ਉਨ ਭੋਜੁ ਕੀਓ ਇਕਠੰ॥**
**ਫਿਰ ਜਾਇ ਜਸੂਸਹਿ ਐਸ ਕਹਿਓ॥ ਇਨ ਮੈ ਉਨ ਮੈ ਇਕ ਭੇਦੁ ਰਹਿਓ॥ ੬੭॥ ੩੦੪॥**

ਜਿੰਨ੍ਹਾਂ ਬ੍ਰਾਹਮਣਾਂ ਨੇ ਹਠ ਕਰਕੇ ਜਨੇਊ ਨਹੀਂ ਤੋੜੇ ਸਨ, ਉਹਨਾਂ ਨਾਲ ਬੈਠਕੇ ਉਹਨਾਂ

ਰਾਜਕੁਮਾਰਾਂ ਨੇ ਭੋਜਨ ਖਾਧਾ। ਫਿਰ ਸੂਹੀਏ ਨੇ ਜਾਕੇ ਅਜੈ ਸਿੰਘ ਨੂੰ ਕਿਹਾ ਕਿ ਬ੍ਰਾਹਮਣਾਂ ਨੇ ਇੱਕਠੇ ਬੈਠਕੇ ਭੋਜਨ ਤਾਂ ਖਾ ਲਿਆ ਹੈ, ਪਰ ਅਜੇ ਵੀ ਉਨ੍ਹਾਂ ਤੇ ਇਨ੍ਹਾਂ ਵਿਚ ਕੁਝ ਫਰਕ ਰਹਿੰਦਾ ਹੈ, ਉਹ ਦੂਰ ਹੋਣਾ ਚਾਹੀਦਾ ਹੈ॥ ੬੭॥ ੩੦੪॥

**ਪੁਨਿ ਬੋਲਿ ਉਠਯੋ ਨ੍ਰਿਪ ਸਰਬ ਦਿਜੰ॥ ਨਹਿ ਛੱਤ੍ਰ ਦੇਹ ਸੁ ਤਾਹਿ ਤੁਅੰ॥**
**ਮਰਿ ਗੇ ਸੁਨਿ ਬਾਤ ਮਨੋ ਸਭ ਹੀ॥ ਉਠਿ ਕੈ ਗ੍ਰਿਹਿ ਜਾਤ ਭਏ ਤਬ ਹੀ॥ ੬੮॥ ੩੦੫॥**

ਫਿਰ ਰਾਜਾ ਅਜੈ ਸਿੰਘ ਨੇ ਸਾਰੇ ਬ੍ਰਾਹਮਣਾਂ ਨੂੰ ਕਿਹਾ ਕਿ ਜੇ ਇਹ ਖੱਤ੍ਰੀ ਨਹੀਂ ਤਾਂ ਤੁਸੀਂ ਆਪਣੀਆਂ ਲੜਕੀਆਂ ਇਹਨਾਂ ਨਾਲ ਵਿਆਹੋ। ਰਾਜੇ ਦੀ ਗੱਲ ਸੁਣਕੇ ਮਾਨੋ ਜੀਉਂਦੇ ਮਰ ਗਏ ਤੇ ਸਾਰੇ ਉਥੋਂ ਉਠਕੇ ਆਪਣੇ ਘਰਾਂ ਨੂੰ ਚਲੇ ਗਏ॥ ੬੮॥ ੩੦੫॥

**ਸਭ ਬੈਠਿ ਬਿਚਾਰਨ ਮੰਤ੍ਰ ਲਗੇ॥ ਸਭ ਸ਼ੋਕ ਕੇ ਸਾਗਰ ਬੀਚ ਡੁਬੇ॥**
**ਵਹਿ ਬਾਧ ਬਹਿਠ ਅਤਿ ਤੇਊ ਹਠੰ॥ ਹਮ ਏ ਦੋਊ ਭ੍ਰਾਤ ਚਲੈ ਇਕਠੰ॥ ੬੯॥ ੩੦੬॥**

ਸ਼ੋਕ ਸਾਗਰ ਵਿਚ ਡੁਬੇ ਹੋਏ ਸਾਰੇ ਬ੍ਰਾਹਮਣ ਬੈਠਕੇ ਵਿਚਾਰ ਕਰਨ ਲੱਗੇ। ਇਕ ਪਾਸੇ ਰਾਜਾ ਅਜੈ ਸਿੰਘ ਇਹਨਾਂ ਰਾਜਕੁਮਾਰਾਂ ਨੂੰ ਬੰਨ੍ਹਣ ਲਈ ਬੈਠਾ ਹੈ। ਦੂਜੇ ਪਾਸੇ ਉਹ ਪੰਡਤ ਸਨ, ਜੋ ਕਹਿੰਦੇ ਸਨ ਕਿ ਅਸੀਂ ਤੇ ਇਹ ਦੋਵੇਂ ਭਰਾ ਇੱਕਠੇ ਹੀ ਚਲਾਂਗੇ। ਭਾਵ ਅਸੀਂ ਇਹਨਾਂ ਰਾਜਕੁਮਾਰਾਂ ਨੂੰ ਛਡਾਂਗੇ ਨਹੀਂ, ਜੋ ਸਲੂਕ ਰਾਜਾ ਇਹਨਾਂ ਨਾਲ ਕਰੇਗਾ ਉਸ ਨੂੰ ਅਸੀਂ ਵੀ ਸਹਿਨ ਕਰਾਂਗੇ॥ ੬੯॥ ੩੦੬॥

**ਹਠ ਕੀਨ ਦਿਜੈ ਤਿਨ ਲੀਨ ਸੁਤਾ॥ ਅਤਿ ਰੂਪ ਮਹਾਂ ਛਬਿ ਪਰਮ ਪ੍ਰਭਾ॥**
**ਤ੍ਰਿਯੋ ਪੇਟ ਸਨੋਢ ਤੇ ਪੂਤ ਭਏ॥ ਵਹਿ ਜਾਤਿ ਸਨੋਢ ਕਹਾਤ ਭਏ॥ ੭੦॥ ੩੦੭॥**

ਬ੍ਰਾਹਮਣ ਨੇ ਰਾਜਕੁਮਾਰਾਂ ਨੂੰ ਵਾਪਸ ਨਾ ਦੇਣ ਦਾ ਹਠ ਕੀਤਾ। ਤਦ ਅਜੈ ਸਿੰਘ ਨੇ ਉਸ ਬ੍ਰਾਹਮਣ ਦੀ ਲੜਕੀ ਲੈ ਲਈ, ਜੋ ਬੜੇ ਸੁੰਦਰ ਰੂਪ ਵਾਲੀ, ਅਤੀ ਛਬੀਲੀ ਤੇ ਬੜੀ ਸ਼ੋਭਾ ਵਾਲੀ ਸੀ। ਉਸ ਸਨੋਢ ਬ੍ਰਾਹਮਣ ਇਸਤਰੀ ਦੀ ਕੁਖ ਤੋਂ ਜਿਹੜੇ ਪੁੱਤਰ ਪੈਦਾ ਹੋਏ, ਉਹ ਸਨੋਢ ਜਾਤ ਦੇ ਕਹਾਉਣ ਲੱਗ ਪਏ॥ ੭੦॥ ੩੦੭॥

**ਸੁਤ ਅਉਰਨ ਕੇ ਉਹ ਠਾਂ ਜੁ ਅਹੇ॥ ਉਤ ਛਤ੍ਰੀਅ ਜਾਤਿ ਅਨੇਕ ਭਏ॥**
**ਨ੍ਰਿਪ ਕੇ ਸੰਗਿ ਜੋ ਮਿਲਿ ਜਾਤੁ ਭਏ॥ ਨਰ ਸੋ ਰਜਪੂਤ ਕਹਾਤ ਭਏ॥ ੭੧॥ ੩੦੮॥**

ਹੋਰ ਖਤਰੀਆਂ ਦੇ ਪੁੱਤਰ ਜੋ ਉਸ ਥਾਂ ਰਹਿੰਦੇ ਸਨ, ਉਹਨਾਂ ਦੀਆਂ ਸ਼ਾਦੀਆਂ ਵੀ ਬ੍ਰਾਹਮਣ ਦੀਆਂ ਲੜਕੀਆਂ ਨਾਲ ਹੋ ਗਈਆਂ। ਉਹਨਾਂ ਲੜਕੀਆਂ ਤੋਂ ਜੋ ਪੁੱਤਰ ਪੈਦਾ ਹੋਏ, ਉਹਨਾਂ ਦੀਆਂ ਹੋਰ ਅਨੇਕਾਂ ਛੋਟੀਆਂ ਜਾਤਾਂ ਬਣ ਗਈਆਂ। ਜੇਹੜੇ ਬ੍ਰਾਹਮਣ ਰਾਜੇ ਦੇ ਨਾਲ ਖਾ ਪੀ ਕੇ ਉਹਦੇ ਨਾਲ ਮਿਲ ਗਏ, ਉਹ ਰਾਜਪੂਤ ਕਹਾਉਣ ਲੱਗ ਪਏ॥ ੭੧॥ ੩੦੮॥

**ਤਿਨ ਜੀਤ ਬਿਜੈ ਕਹ ਗਾਉ ਚੜਜੋ ॥ ਅਤਿ ਤੇਜੁ ਪ੍ਰਚੰਡੁ ਪ੍ਰਤਾਪੁ ਬਢਜੋ ॥**
**ਜੋਊ ਆਨਿ ਮਿਲੇ ਅਰੁ ਸਾਕ ਦਏ ॥ ਨਰ ਤੇ ਰਜਪੂਤ ਕਹਾਤ ਭਏ ॥ ੭੨ ॥ ੩੦੯ ॥**

ਇਸ ਥਾਂ ਦੇ ਲੋਕਾਂ ਨੂੰ ਜਿੱਤਕੇ ਅਜੈ ਸਿੰਘ ਹੋਰ ਦੇਸਾਂ ਨੂੰ ਜਿੱਤਣ ਵਾਸਤੇ ਚੜ੍ਹ ਪਿਆ। ਉਸ ਦਾ ਬੜਾ ਪ੍ਰਚੰਡ ਤੇਜ ਪ੍ਰਤਾਪ ਵਧ ਗਿਆ। ਜਿਹੜੇ ਲੋਕ ਉਸ ਨੂੰ ਅਗੋਂ ਆਣ ਮਿਲਦੇ ਸਨ ਤੇ ਆਪਣੀਆਂ ਲੜਕੀਆਂ ਉਸ ਨੂੰ ਦੇਂਦੇ ਸਨ, ਉਹ ਲੋਕ ਵੀ ਰਾਜਪੂਤ ਕਹਾਉਣ ਲੱਗ ਪਏ॥ ੭੨ ॥ ੩੦੯ ॥

**ਜਿਨ ਸਾਕ ਦਏ ਨਹਿ ਗਰਿ ਬਢੀ ॥ ਤਿਨ ਕੀ ਇਨ ਲੈ ਜੜ ਮੂਲ ਕਢੀ ॥**
**ਦਲ ਤੇ ਬਲ ਤੇ ਧਨ ਟੂਟਿ ਗਏ ॥ ਵਹਿ ਲਾਗਤ ਬਾਨਜ ਕਰਮ ਭਏ ॥ ੭੩ ॥ ੩੧੦ ॥**

ਜਿਨ੍ਹਾਂ ਰਾਜਿਆਂ ਜਾਂ ਲੋਕਾਂ ਨੇ ਅਜੈ ਸਿੰਘ ਦੀ ਅਧੀਨਗੀ ਕਬੂਲ ਕਰਕੇ ਉਸ ਨੂੰ ਆਪਣੀਆਂ ਲੜਕੀਆਂ ਦੇ ਸਾਕ ਨਾ ਦਿੱਤੇ, ਉਹਨਾਂ ਨਾਲ ਜੰਗ ਹੋਏ। ਰਾਜਾ ਅਜੈ ਸਿੰਘ ਨੇ ਉਨ੍ਹਾਂ ਦੀ ਜੜ੍ਹ ਮੂਲੋ ਹੀ ਪੁੱਟ ਦਿੱਤੀ। ਜਿਹੜੀ ਰਾਜੇ ਸੈਨਾ ਵਲੋਂ ਬਲ ਵਲੋ ਤੇ ਧਨ ਵਲੋਂ ਟੁੱਟ ਗਏ, ਉਹ ਵਣਜ ਵਪਾਰ ਕਰਨ ਲੱਗ ਪਏ ਤੇ ਵਣਜਾਰੇ ਬਣ ਗਏ॥ ੭੩ ॥ ੩੧੦ ॥

**ਜੋਊ ਆਨਿ ਮਿਲੇ ਨਹਿ ਜੋਰਿ ਲਰੇ ॥ ਵਹਿ ਬਾਧ ਮਹਾਂਗਨਿ ਹੋਮ ਕਰੇ ॥**
**ਅਨਗੰਧ ਜਰੇ ਮਹਾਂ ਕੁੰਡ ਅਨਲੰ ॥ ਭਇਓ ਛਤ੍ਰੀਅ ਮੇਧ ਮਹਾਂ ਪ੍ਰਬਲੰ ॥ ੭੪ ॥ ੩੧੧ ॥**

ਪਦ ਅਰਥ - ਮਹਾਂਗਨਿ=ਬੜੀ ਤੇਜ਼ ਅਗਨੀ। ਅਨਗੰਧ=ਬੂ ਤੋਂ ਬਿਨ੍ਹਾਂ। ਛਤ੍ਰੀਆਂ ਮੇਧੁ=ਛਤ੍ਰੀਆਂ ਦੀ ਕੁਰਬਾਨੀ ਵਾਲਾ ਯੱਗ।

ਜਿਹੜੇ ਰਾਜੇ ਅਜੈ ਸਿੰਘ ਨੂੰ ਅਗੋਂ ਆਣਕੇ ਨਾ ਮਿਲੇ, ਸਗੋਂ ਉਹਨਾਂ ਨੇ ਬੜੇ ਜ਼ੋਰ ਸ਼ੋਰ ਨਾਲ ਜੰਗ ਕੀਤਾ, ਉਹਨਾਂ ਨੂੰ ਅਜੈ ਸਿੰਘ ਨੇ ਜਿੱਤਕੇ ਤੇ ਬੰਨ੍ਹਕੇ ਬੜੀ ਪ੍ਰਚੰਡ ਅਗਨੀ ਵਿਚ ਹੋਮ ਕਰ ਦਿੱਤਾ। ਬੜੇ ਬੜੇ ਵਡੇ ਵਡੇ ਅੱਗ ਦੇ ਕੁੰਡਾਂ ਵਿਚ ਉਹਨਾਂ ਨੂੰ ਪਾ ਕੇ ਸਾੜ ਦਿੱਤਾ, ਉਹਨਾਂ ਦੇ ਸਾੜਨ ਦੀ ਖਬਰ ਤਕ ਨਾ ਹੋਈ। ਇਸ ਪ੍ਰਕਾਰ ਰਾਜਾ ਅਜੈ ਸਿੰਘ ਨੇ ਛੱਤ੍ਰੀਆਂ ਦੀ ਕੁਰਬਾਨੀ ਵਾਲਾ ਬੜਾ ਭਾਰੀ ਯੱਗ ਕੀਤਾ॥ ੭੪ ॥ ੩੧੧ ॥

ਇਤਿ ਸ੍ਰੀ ਗਿਆਨ ਪ੍ਰਬੋਧ ਗ੍ਰੰਥੇ ਰਾਜਾ ਅਜੈ ਸਿੰਘ ਰਾਜ ਬਰਨਨੰ ਖਸਟਮੋ ਧਿਆਏ ਸਮਾਪਤਮ॥ ਸਤੁ ਸੁਭਮ ਸਤੁ॥ ੬ ॥ ੭੪ ॥ ੩੧੧ ॥ ਅਫਜੂੰ॥

ਸ੍ਰੀ ਗਿਆਨ ਪ੍ਰਬੋਧ ਗ੍ਰੰਥ ਰਾਜਾ ਅਜੈ ਸਿੰਘ ਰਾਜ ਵਰਣਨ ਛੇਵਾ ਅਧਿਆਏ ਸਮਾਪਤ॥ ਸਤ ਸੁਭਮ ਸਤ॥ ੬ ॥ ੭੪ ॥ ੩੧੧ ॥ ਚਲਦਾ॥

# ੭-ਰਾਜੇ ਜਗ ਦੇ ਰਾਜ ਦਾ ਵਰਣਨ

## ਤੋਮਰ ਛੰਦ॥ ਤ੍ਵਪ੍ਰਸਾਦਿ॥

**ਬਿਆਸੀ ਬਰਖ ਪਰਮਾਨ॥ ਦਿਨ ਦੋਇ ਮਾਸ ਅਸ਼ਟਾਨ॥**
**ਬਹੁ ਰਾਜੁ ਭਾਗੁ ਕਮਾਇ॥ ਪੁਨਿ ਨ੍ਰਿਪ ਕੋ ਨ੍ਰਿਪ ਰਾਇ॥੧॥੩੧੨॥**

ਬਿਆਸੀ ਸਾਲ, ਅੱਠ ਮਹੀਨੇ ਤੇ ਦੋ ਦਿਨ ਤਕ ਰਾਜਿਆਂ ਦਾ ਰਾਜਾ ਅਜੈ ਸਿੰਘ ਬੜੀ ਚੰਗੀ ਤਰ੍ਹਾਂ ਰਾਜ ਕਰਕੇ ਇਸ ਸੰਸਾਰ ਤੋਂ ਚਲਾ ਗਿਆ॥੧॥੩੧੨॥

**ਸੁਨ ਰਾਜ ਰਾਜ ਮਹਾਨ॥ ਦਸ ਚਾਰਿ ਚਾਰਿ ਨਿਧਾਨ॥**
**ਦਸ ਦੋਇ ਦੁਆਦਸ ਮੰਤ॥ ਧਰਨੀ ਧਰਾਨ ਮਹੰਤ॥੨॥੩੧੩॥**

ਸੁਣੋ, ਰਾਜਿਆਂ ਦਾ ਰਾਜਾ ਅਜੈ ਸਿੰਘ ਅਠਾਰਾਂ ਵਿਦਿਆਵਾਂ ਦਾ ਬੜਾ ਸੁੰਦਰ ਖਜ਼ਾਨਾ ਸੀ। ਉਹ ਦਸ ਤੇ ਦੋ ਬਾਰਾਂ ਅੱਖਰਾਂ ਵਾਲਾ ਮੰਤ੍ਰ 'ਓਨਮੋ ਭਾਗਵਤੇ ਵਾਸੁਦੇਵਯ' ਦੇ ਜਪਣ ਵਾਲਾ ਸੀ। ਇਸ ਮੰਤ੍ਰ ਦੇ ਪ੍ਰਤਾਪ ਕਰਕੇ ਉਹ ਇਸ ਧਰਤੀ ਤੇ ਬੜੀ ਚੰਗੀ ਤਰ੍ਹਾਂ ਪੂਜਿਆ ਗਿਆ॥੨॥੩੧੩॥

**ਪੁਨਿ ਭਜੋ 'ਉਦੋਤ' ਨ੍ਰਿਪਾਲ॥ ਰਸ ਰੀਤਿ ਰੂਪ ਰਸਾਲ॥**
**ਅਤਿ ਭਾਨ ਤੇਜ ਪ੍ਰਚੰਡ॥ ਅਨਖੰਡ ਤੇਜ ਪ੍ਰਚੰਡ॥੩॥੩੧੪॥**

ਅਜੈ ਸਿੰਘ ਦੇ ਚਲਾਣਾ ਕਰ ਜਾਣ ਤੋਂ ਪਿਛੋਂ ਫਿਰ ਰਾਜਾ ਜੱਗ ਪ੍ਰਗਟ ਹੋਇਆ, ਜੋ ਪ੍ਰੇਮੀ, ਰਸੀਆ ਤੇ ਬੜੇ ਸੁੰਦਰ ਰੂਪ ਵਾਲਾ ਸੀ। ਉਸ ਦਾ ਤੇਜ ਪ੍ਰਤਾਪ ਸੂਰਜ ਨਾਲੋਂ ਵੀ ਤੇਜ਼ ਸੀ। ਉਸ ਦਾ ਪ੍ਰਚੰਡ ਤੇਜ ਅਤੇ ਨਾਸ ਰਹਿਤ ਸੀ॥੩॥੩੧੪॥

**ਤਿਨਿ ਬੋਲਿ ਬਿੱਪ੍ਰ ਮਹਾਨ॥ ਪਸੁ ਮੇਧ ਜੱਗ ਰਚਾਨ॥**
**ਦਿਜ ਪ੍ਰਾਗ ਜੋਤ ਬੁਲਾਇ॥ ਅਪਿ ਕਾਮ ਰੂਪ ਕਹਾਇ॥੪॥੩੧੫॥**

ਰਾਜਾ ਜੱਗ ਨੇ ਬਹੁਤ ਸਾਰੇ ਬ੍ਰਾਹਮਣਾਂ ਨੂੰ ਬੁਲਾ ਲਿਆ ਤੇ ਪਸ਼ੂ ਮੇਧ ਯੱਗ ਆਰੰਭ ਕਰਾ ਦਿੱਤਾ। ਉਸ ਨੇ 'ਪ੍ਰਾਗ ਜੋਤੀ' ਨਾਂ ਵਾਲੇ ਵਡੇ ਪੰਡਤ ਨੂੰ ਬੁਲਾਇਆ, ਜੋ ਆਪਣੇ ਆਪ ਨੂੰ ਅਸਾਮ ਦੇ ਕਾਮ ਰੂਪ ਤੀਰਥ ਦਾ ਨਿਵਾਸੀ ਕਹਾਉਂਦਾ ਸੀ॥੪॥੩੧੫॥

**ਦਿਜ ਕਾਮ ਰੂਪ ਅਨੇਕ॥ ਨ੍ਰਿਪ ਬੋਲਿ ਲੀਨ ਬਿਸੇਖ॥**
**ਸਭ ਜੀਅ ਜੱਗ ਅਪਾਰ॥ ਮਖ ਹੋਮ ਕੀਨ ਅਬਿਚਾਰ॥੫॥੩੧੬॥**

ਰਾਜੇ ਨੇ ਕਾਮ ਰੂਪ ਤੀਰਥ ਦੇ ਹੋਰ ਅਨੇਕਾਂ ਬ੍ਰਾਹਮਣਾਂ ਨੂੰ ਵਿਸ਼ੇਸ਼ ਤੌਰ ਤੇ ਬੁਲਾ ਲਿਆ।

ਸਾਰੇ ਸੰਸਾਰ ਵਿਚੋਂ ਬੇਸ਼ੁਮਾਰ ਜੀਵ ਪਸ਼ੂ ਇਕੱਠੇ ਕਰਕੇ ਉਹਨਾਂ ਨੂੰ ਬਿਨ੍ਹਾਂ ਸੋਚ ਵਿਚਾਰ ਤੋਂ ਯੱਗ ਵਿਚ ਹੋਮ ਕਰ ਦਿੱਤਾ॥ ੫॥ ੩੧੬॥

**ਪਸੁ ਏਕ ਪੈ ਦਸ ਬਾਰ॥ ਪੜਿ ਬੇਦ ਮੰਤ੍ਰ ਅਬਿਚਾਰ॥**
**ਅਬਿ ਮੱਧਿ ਹੋਮ ਕਰਾਇ॥ ਧਨੁ ਭੂਪ ਤੇ ਬਹੁ ਪਾਇ॥ ੬॥ ੩੧੭॥**

ਪੰਡਤਾਂ ਨੇ ਇਕ ਇਕ ਪਸ਼ੂ ਤੇ ਦਸ ਦਸ ਵਾਰ ਵੇਦ ਮੰਤ੍ਰ ਪੜ੍ਹ ਕੇ ਉਹਨਾਂ ਨੂੰ ਬੜੀ ਫੁਰਤੀ ਨਾਲ ਹੋਮ ਕਰ ਦਿੱਤਾ ਤੇ ਇਸ ਕਾਰਜ ਦੇ ਕਰਨ ਕਰਕੇ ਰਾਜੇ ਕੋਲੋਂ ਬਹੁਤ ਧਨ ਪ੍ਰਾਪਤ ਕੀਤਾ॥ ੬॥ ੩੧੭॥

**ਪਸੁ ਮੇਧ ਜੱਗ ਕਰਾਇ॥ ਬਹੁ ਭਾਂਤ ਰਾਜੁ ਸੁਹਾਇ॥**
**ਬਰਖ ਅਸੀਹ ਅਸ਼ਟ ਪ੍ਰਮਾਨ॥ ਦੁਇ ਮਾਸ ਰਾਜੁ ਕਮਾਨ॥ ੭॥ ੩੧੮॥**

ਇਸ ਪ੍ਰਕਾਰ ਰਾਜਾ ਜੱਗ ਨੇ ਪਸੂ ਮੇਧ ਅਥਵਾ ਅਜਾ ਮੇਧ ਯੱਗ ਕਰਾਕੇ ਬੜੀ ਸੋਹਣੀ ਤਰ੍ਹਾਂ ਰਾਜ ਨੂੰ ਸ਼ੋਭਨੀਕ ਕੀਤਾ। ਅਠਾਸੀ ਵਰ੍ਹੇ ਤੇ ਦੋ ਮਹੀਨੇ ਰਾਜਾ ਜੱਗ ਨੇ ਰਾਜ ਕੀਤਾ॥ ੭॥ ੩੧੮॥

**ਪੁਨ ਕਠਨ ਕਾਲ ਕਰਵਾਲ॥ ਜਗ ਜਾਰੀਆ ਜਿਹ ਜ੍ਵਾਲ॥**
**ਵਹਿ ਖੰਡੀਆ ਅਨਖੰਡ॥ ਅਨਖੰਡ ਰਾਜ ਪ੍ਰਚੰਡ॥ ੮॥ ੩੧੯॥**

ਫਿਰ ਭਿਆਨਕ ਕਾਲ ਦੀ ਤਲਵਾਰ ਨੇ, ਜਿਸ ਕਾਲ ਨੇ ਆਪਣੀ ਅਗਨੀ ਵਿਚ ਸਾਰੇ ਜਗਤ ਨੂੰ ਸਾੜ ਦਿੱਤਾ ਹੈ, ਉਸ ਨਾ ਖੰਡੇ ਜਾਣ ਵਾਲੇ ਰਾਜਾ ਜੱਗ ਨੂੰ ਖੰਡ ਖੰਡ ਕਰ ਦਿੱਤਾ, ਜਿਸ ਦੇ ਰਾਜ ਦਾ ਤੇਜ ਪ੍ਰਤਾਪ ਨਾ ਨਾਸ ਹੋਣ ਵਾਲਾ ਸੀ॥ ੮॥ ੩੧੯॥

ਇਤਿ ਸ੍ਰੀ ਗਿਆਨ ਪ੍ਰਬੋਧ ਗ੍ਰੰਥੇ, ਰਾਜਾ ਜੱਗ ਕਾ ਰਾਜ ਬਰਨਨੰ ਸਪਤਮੋ ਧਿਆਇ ਸਮਾਪਤਮ ਸਤੁ ਸੁਭਮ ਸਤ॥ ੭॥ ੮॥ ੩੧੯॥ ਅਫਜੂੰ॥

ਸ੍ਰੀ ਗਿਆਨ ਪ੍ਰਬੋਧ ਗ੍ਰੰਥ, ਰਾਜਾ ਜੱਗ ਦਾ ਰਾਜ ਵਰਣਨ, ਸੱਤਵਾਂ ਅਧਿਆਇ ਸਮਾਪਤ॥ ਸਤ ਸ਼ੁਭਮ ਸਤ॥ ੭॥ ੮॥ ੩੧੯॥ ਚਲਦਾ॥

# ੮-ਰਾਜਾ ਮੁਨੀ ਦੇ ਰਾਜ ਦਾ ਵਰਣਨ

## ਤੋਮਰ ਛੰਦ॥ ਤ੍ਵਪ੍ਰਸਾਦਿ॥

**ਪੁਨ ਭਏ ਮੁਨੀ ਛਿਤਰਾਇ॥ ਇਹ ਲੋਕ ਕੇਹਰਿ ਰਾਇ॥**
**ਅਰਿ ਜੀਤਿ ਜੀਤਿ ਅਖੰਡ॥ ਮਹਿ ਕੀਨ ਰਾਜੁ ਪ੍ਰਚੰਡ॥ ੧॥ ੩੨੦॥**

ਰਾਜਾ ਜੱਗ ਤੋਂ ਬਾਅਦ ਮੁਨੀ ਨਾਂ ਦਾ ਰਾਜਾ ਹੋਇਆ, ਜੋ ਇਸ ਸੰਸਾਰ ਵਿਚ ਸ਼ੇਰ ਵਾਂਗੂੰ ਨਿਰਭੈ ਸੀ। ਇਸ ਨੇ ਨਾ ਖੰਡੇ ਜਾਣ ਵਾਲੇ ਵੈਰੀਆਂ ਨੂੰ ਖੰਡਨ ਕਰਕੇ ਇਸ ਧਰਤੀ ਤੇ ਬੜਾ ਪ੍ਰਚੰਡ ਰਾਜ ਕੀਤਾ॥ ੧॥ ੩੨੦॥

**ਅਰਿ ਘਾਇ ਘਾਇ ਅਨੇਕ॥ ਰਿਪੁ ਛਾਡਿਯੋ ਨਹੀ ਏਕ॥**
**ਅਨਖੰਡ ਰਾਜੁ ਕਮਾਇ॥ ਛਿਤ ਛੀਨ ਛਤ੍ਰ ਫਿਰਾਇ॥ ੨॥ ੩੨੧॥**

ਮੁਨੀ ਰਾਜਾ ਨੇ ਅਨੇਕਾਂ ਵੈਰੀਆਂ ਨੂੰ ਮਾਰ ਕੇ ਖਤਮ ਕਰ ਦਿੱਤਾ। ਉਸ ਨੇ ਆਪਣਾ ਇਕ ਦੁਸ਼ਮਨ ਵੀ ਜੀਉਂਦਾ ਨਾ ਛੱਡਿਆ। ਉਸ ਨੇ ਅਖੰਡ ਰਾਜ ਕੀਤਾ ਤੇ ਹੋਰ ਰਾਜਿਆਂ ਪਾਸੋਂ ਇਸ ਧਰਤੀ ਦਾ ਰਾਜ ਖੋਹ ਕੇ ਆਪਣੇ ਸਿਰ ਤੇ ਛੱਤ੍ਰ ਫਿਰਾਇਆ॥ ੨॥ ੩੨੧॥

**ਅਨਖੰਡ ਰੂਪ ਅਪਾਰ॥ ਅਨਮੰਡ ਰਾਜੁ ਜੁਝਾਰ॥**
**ਅਬਿਕਾਰ ਰੂਪ ਪ੍ਰਚੰਡ॥ ਅਨਖੰਡ ਰਾਜ ਅਮੰਡ॥ ੩॥ ੩੨੨॥**

ਉਸ ਰਾਜੇ ਦੀ ਨਾ ਨਾਸ ਹੋਣ ਵਾਲੀ ਅਪਾਰ ਸੁੰਦਰਤਾ ਸੀ। ਉਹ ਜੰਗ ਤੋਂ ਨਾ ਮੁੜਨ ਵਾਲਾ ਬੜਾ ਬਹਾਦਰ ਯੋਧਾ ਸੀ। ਉਹ ਵਿਕਾਰਾਂ ਤੋਂ ਰਹਿਤ ਪ੍ਰਚੰਡ ਰੂਪ ਵਾਲਾ ਸੀ। ਉਸ ਦਾ ਰਾਜ ਅਖੰਡ ਤੇ ਅਚਲ ਸੀ॥ ੩॥ ੩੨੨॥

**ਬਹੁ ਜੀਤਿ ਜੀਤਿ ਨ੍ਰਿਪਾਲ॥ ਬਹੁ ਛਾਡਿ ਕੈ ਸਰ ਜਾਲ॥**
**ਅਰਿ ਮਾਰਿ ਮਾਰਿ ਅਨੰਤ॥ ਛਿਤ ਕੀਨ ਰਾਜ ਦੁਰੰਤ॥ ੪॥ ੩੨੩॥**

ਰਾਜਾ ਮੁਨੀ ਨੇ ਅਨੇਕਾਂ ਰਾਜਿਆਂ ਨੂੰ ਜਿੱਤ ਜਿੱਤਕੇ, ਜੰਗ ਵਿਚ ਬੇਸ਼ੁਮਾਰ ਤੀਰ ਛੱਡ ਛੱਡ ਕੇ, ਅਨੇਕਾਂ ਵੈਰੀਆਂ ਨੂੰ ਮਾਰ ਮਾਰ ਕੇ ਇਸ ਧਰਤੀ ਤੇ ਬੇਹੱਦ ਰਾਜ ਕਾਇਮ ਕੀਤਾ ਸੀ। ੪॥ ੩੨੩।

**ਬਹੁ ਰਾਜ ਭਾਗ ਕਮਾਇ॥ ਇਮ ਬੋਲਿਓ ਨ੍ਰਿਪਰਾਇ॥**
**ਇਕ ਕੀਜੀਐ ਮਖਸਾਲ॥ ਦਿਜ ਬੋਲਿ ਲੇਹੁ ਉਤਾਲ॥ ੫॥ ੩੨੪॥**

ਮਖਸਾਲ=ਯੱਗਸ਼ਾਲਾ। ਉਤਾਲ=ਛੇਤੀ।

ਪਦ ਅਰਥ - ਰਾਜੇ ਮੁਨੀ ਨੇ ਬੜਾ ਸਮਾਂ ਰਾਜ ਭੋਗ ਕੇ ਇਕ ਦਿਨ ਆਪਣੇ ਵਜ਼ੀਰਾਂ ਤੇ ਅਹਿਲਕਾਰਾਂ ਨੂੰ ਕਿਹਾ ਕਿ ਇਕ ਯੱਗਸ਼ਾਲਾ ਤਿਆਰ ਕਰਕੇ ਯੱਗ ਕਰਨ ਲਈ ਛੇਤੀ ਨਾਲ ਬ੍ਰਾਹਮਣਾਂ ਨੂੰ ਬੁਲਾ ਲਿਆਓ॥ ੫॥ ੩੨੪॥

**ਦਿਜ ਬੋਲਿ ਲੀਨ ਅਨੇਕ॥ ਗ੍ਰਿਹ ਛਾਡਿਓ ਨਹੀ ਏਕ॥**
**ਮਿਲਿ ਮੰਤ੍ਰ ਕੀਨ ਬਿਚਾਰ॥ ਮਤਿ ਮਿਤ੍ਰ ਮੰਤ੍ਰ ਉਚਾਰ॥ ੬॥ ੩੨੫॥**

ਰਾਜੇ ਦੇ ਕਹਿਣ ਤੇ ਮੰਤ੍ਰੀਆਂ ਨੇ ਅਨੇਕਾਂ ਬ੍ਰਾਹਮਣਾਂ ਨੂੰ ਬੁਲਾ ਲਿਆ। ਇਕ ਬ੍ਰਾਹਮਣ ਨੂੰ ਵੀ ਘਰ ਵਿਚ ਨਾ ਰਹਿਣ ਦਿੱਤਾ। ਬ੍ਰਾਹਮਣਾਂ ਨਾਲ ਮਿਲਕੇ ਮੰਤ੍ਰੀ ਯੱਗ ਬਾਰੇ ਵਿਚਾਰਾਂ ਕਰਨ ਲੱਗੇ। ਸਭ ਬ੍ਰਾਹਮਣਾਂ ਦੇ ਮੁਖੀ ਬੁਧੀਵਾਨ ਮਿੱਤ੍ਰ ਨਾਂ ਦੇ ਬ੍ਰਾਹਮਣ ਨੇ ਰਾਜੇ ਨੂੰ ਕਿਹਾ ਕਿ ਹੁਣ ਦੱਸੋ ਸਾਡੇ ਲਈ ਕੀ ਆਗਿਆ ਹੈ?॥ ੬॥ ੩੨੫॥

**ਤਬ ਬੋਲਿਓ ਨ੍ਰਿਪ ਰਾਇ॥ ਕਰਿ ਜੱਗ ਕੋ ਚਿਤ ਚਾਇ॥**
**ਕਿਵ ਕੀਜੀਐ ਮਖਸਾਲ॥ ਕਹੁ ਮੰਤ੍ਰ ਮਿੱਤ੍ਰ ਉਤਾਲ॥ ੭॥ ੩੨੬॥**

ਮਿੱਤ੍ਰ ਬ੍ਰਾਹਮਣ ਦਾ ਇਹ ਪ੍ਰਸ਼ਨ ਸੁਣਕੇ ਰਾਜੇ ਨੇ ਉੱਤਰ ਦਿੱਤਾ ਕਿ ਮੇਰੇ ਮਨ ਵਿਚ ਯੱਗ ਕਰਨ ਦਾ ਚਾਅ ਹੈ। ਇਹ ਦੱਸੋ ਕਿ ਯੱਗਸ਼ਾਲਾ ਕਿਹੋ ਜਿਹੀ ਤਿਆਰ ਕੀਤੀ ਜਾਏ? ਹੇ ਮਿੱਤਰ ਪੰਡਤ ਜੀ! ਇਸ ਬਾਰੇ ਛੇਤੀ ਦੱਸੋ॥ ੭॥ ੩੨੬॥

**ਤਬ ਮੰਤ੍ਰ ਮਿੱਤ੍ਰਨ ਕੀਨ॥ ਨ੍ਰਿਪ ਸੰਗ ਯੳੁਂ ਕਹਿ ਦੀਨ॥**
**ਸੁਨਿ ਰਾਜ ਰਾਜ ਉਦਾਰ॥ ਦਸ ਚਾਰਿ ਚਾਰਿ ਅਪਾਰ॥ ੮॥ ੩੨੭॥**

ਤਦ ਮਿੱਤਰ ਪੰਡਤ ਨੇ ਆਪਣੇ ਸਾਥੀ ਬ੍ਰਾਹਮਣਾਂ ਨਾਲ ਸਲਾਹ ਕੀਤੀ ਤੇ ਰਾਜੇ ਨੂੰ ਇਸ ਪ੍ਰਕਾਰ ਕਿਹਾ-ਹੇ ਰਾਜਨ ਰਾਜ! ਸੁਣ, ਤੁਸੀਂ ਅਠਾਰਾਂ ਵਿਦਿਆਵਾਂ ਦੇ ਅਪਾਰ ਮਾਲਕ ਹੋ॥ ੮॥ ੩੨੭॥

**ਸਤਿਜੁੱਗ ਮੈ ਸੁਨਿ ਰਾਇ॥ ਮਖ ਕੀਨ ਚੰਡ ਬਨਾਇ॥**
**ਅਰਿ ਮਾਰਕੈ ਮਹਿਖੇਸ਼॥ ਬਹੁ ਤੋਖ ਕੀਨ ਪਸੇਸ਼॥ ੯॥ ੩੨੮॥**

ਹੇ ਰਾਜਨ! ਸੁਣੋ, ਸਤਿਜੁਗ ਵਿਚ ਚੰਡੀ ਨੇ ਯੱਗ ਕੀਤਾ ਸੀ। ਉਸ ਨੇ ਆਪਣੇ ਦੁਸ਼ਮਨ ਮਹਿਖਾਸੁਰ ਦੈਂਤ ਨੂੰ ਮਾਰਿਆ ਸੀ ਤੇ ਪਸ਼ੂਆਂ ਦੇ ਰਾਜੇ ਸ਼ਿਵ ਜੀ ਨੂੰ ਪ੍ਰਸੰਨ ਕੀਤਾ ਸੀ॥ ੯॥ ੩੨੮॥

**ਮਹਿਖੇਸ਼ ਕਉ ਰਣ ਘਾਇ॥ ਸਿਰਿ ਇੰਦ੍ਰ ਛੱਤ੍ਰ ਫਿਰਾਇ॥**
**ਕਰਿ ਤੋਖ ਜੋਗਨਿ ਸਰਬ॥ ਕਰਿ ਦੂਰ ਦਾਨਵ ਗਰਬ॥ ੧੦॥ ੩੨੯॥**

ਚੰਡੀ ਦੇਵੀ ਨੇ ਮਹਿਖਾਸੁਰ ਦੈਂਤ ਨੂੰ ਰਣਭੂਮੀ ਵਿਚ ਮਾਰ ਕੇ ਦੇਵਤਿਆਂ ਦੇ ਰਾਜੇ ਇੰਦਰ

ਦੇ ਸਿਰ ਤੇ ਛੱਤ੍ਰ ਫਿਰਾਇਆ ਸੀ। ਉਸ ਨੇ ਸਭ ਜੋਗਨੀਆਂ ਨੂੰ ਪ੍ਰਸੰਨ ਕਰ ਦਿੱਤਾ ਸੀ ਤੇ ਦੈਂਤਾਂ ਦੇ ਹੰਕਾਰ ਨੂੰ ਨਾਸ ਕਰ ਦਿੱਤਾ ਸੀ॥੧੦॥੩੨੯॥

**ਮਹਿਖੇਸ਼ ਕਉ ਰਣਿ ਜੀਤਿ॥ ਦਿਜ ਦੇਵ ਕੀਨ ਅਭੀਤ॥**
**ਤ੍ਰਿਦਸ਼ੇਸ਼ ਲੀਨ ਬੁਲਾਇ॥ ਛਿਤ ਛੀਨ ਛਤ੍ਰ ਫਿਰਾਇ॥ ੧੧॥ ੩੩੦॥**

ਚੰਡਕਾ ਨੇ ਜੰਗ ਵਿਚ ਮਹਿਖਾਸੁਰ ਨੂੰ ਜਿੱਤ ਕੇ ਬ੍ਰਾਹਮਣਾਂ ਤੇ ਦੇਵਤਿਆਂ ਨੂੰ ਡਰ ਤੋਂ ਰਹਿਤ ਕਰ ਦਿੱਤਾ ਸੀ। ਫਿਰ ਉਸ ਨੇ ਤ੍ਰਿਦਸੇਸ ਭਾਵ ਇੰਦਰ ਨੂੰ ਬੁਲਾਕੇ ਮਹਿਖਾਸੁਰ ਤੋਂ ਰਾਜ ਖੋਹਕੇ ਇੰਦਰ ਦੇ ਸਿਰ ਤੇ ਛੱਤਰ ਫਿਰਾਇਆ ਸੀ॥੧੧॥੩੩੦॥

**ਮੁਖ ਚਾਰ ਲੀਨ ਬੁਲਾਇ॥ ਚਿਤ ਚਉਪ ਸਿਉ ਜੱਗ ਮਾਇ॥**
**ਕਰਿ ਜੱਗ ਕੋ ਆਰੰਭ॥ ਅਨਖੰਡ ਤੇਜ ਪ੍ਰਚੰਡ॥ ੧੨॥ ੩੩੧॥**

ਫਿਰ ਦੇਵੀ ਨੇ ਚਾਰ ਮੂੰਹ ਵਾਲੇ ਬ੍ਰਹਮਾਂ ਨੂੰ ਬੁਲਾ ਲਿਆ ਤੇ ਆਪਣੇ ਚਿਤ ਦੇ ਚਾਅ ਨਾਲ ਯੱਗ ਦਾ ਆਰੰਭ ਕਰ ਦਿੱਤਾ। ਦੇਵੀ ਦਾ ਨਾਸ ਰਹਿਤ ਬੜਾ ਤਿੱਖਾ ਤੇਜ ਸੀ॥੧੨॥੩੩੧॥

**ਤਬ ਬੋਲਿਯੋ ਮੁਖਚਾਰ॥ ਸੁਨਿ ਚੰਡਿ ਚੰਡਿ ਜੁਹਾਰ॥**
**ਜਿਮ ਹੋਇ ਆਇਸ ਮੋਹਿ॥ ਤਿਮ ਭਾਖਊ ਮਤ ਤੋਹਿ॥ ੧੩॥ ੩੩੨॥**

ਤਦ ਬ੍ਰਹਮਾ ਨੇ ਦੇਵੀ ਨੂੰ ਕਿਹਾ-ਹੇ ਭਿਆਨਕ ਰੂਪ ਵਾਲੀ ਚੰਡਕਾ ਦੇਵੀ! ਆਪ ਨੂੰ ਮੇਰੀ ਨਮਸ਼ਕਾਰ ਹੈ। ਜਿਵੇਂ ਮੈਨੂੰ ਆਪ ਦੀ ਆਗਿਆ ਹੋਈ ਹੈ, ਮੈਂ ਉਹੋ ਸਲਾਹ ਆਪ ਨੂੰ ਦੱਸਦਾ ਹਾਂ॥੧੩॥੩੩੨॥

**ਜਗ ਜੀਅ ਜੰਤ ਅਪਾਰ॥ ਨਿਜ ਲੀਨ ਦੇਵ ਹਕਾਰ॥**
**ਅਰਿ ਕਾਟਿ ਕੈ ਪਲ ਖੰਡ॥ ਪੜਿ ਬੇਦ ਮੰਤ੍ਰ ਉਦੰਡ॥ ੧੪॥ ੩੩੩॥**

ਦੇਵੀ ਨੇ ਸਾਰੇ ਸੰਸਾਰ ਵਿਚੋਂ ਬੇਸ਼ੁਮਾਰ ਜੀਵਾਂ ਨੂੰ ਬੁਲਾ ਲਿਆ। ਉਹਨਾਂ ਨੂੰ ਕਟ ਕਟ ਕੇ ਉਹਨਾਂ ਦੇ ਮਾਸ ਉਤੇ ਉਚੀ ਸੁਰ ਨਾਲ ਵੇਦਾਂ ਦੇ ਮੰਤਰ ਪੜ੍ਹਕੇ ਉਹਨਾਂ ਨੂੰ ਅਗਨੀ ਵਿਚ ਹੋਮ ਕਰ ਦਿੱਤਾ॥੧੪॥੩੩੩॥

## ਰੂਆਲ ਛੰਦ॥ ਤ੍ਵਪ੍ਰਸਾਦਿ॥

**ਬੋਲਿ ਬਿੱਪਨ ਮੰਤ੍ਰ ਮਿੱਤ੍ਰਨ ਜੱਗ ਕੀਨ ਅਪਾਰ॥**
**ਇੰਦ੍ਰ ਅਉਰ ਉਪਿੰਦ੍ਰ ਲੈ ਕੈ ਬੋਲਿਕੈ ਮੁਖ ਚਾਰ॥**
**ਕਉਨ ਭਾਂਤਨ ਕੀਜੀਐ ਅਬ ਜੱਗ ਕੋ ਆਰੰਭ॥**
**ਆਜਿ ਮੋਹਿ ਉਚਾਰੀਐ ਸੁਨਿ ਮਿੱਤ੍ਰ ਮੰਤ੍ਰ ਅਸੰਭ॥ ੧੫॥ ੩੩੪॥**

ਮੁਨੀ ਨੇ ਬੇਸ਼ੁਮਾਰ ਬ੍ਰਾਹਮਣਾਂ, ਮੰਤ੍ਰੀਆਂ ਤੇ ਮਿੱਤਰਾਂ ਨੂੰ ਬੁਲਾ ਕੇ ਯੱਗ ਕੀਤਾ। ਇੰਦਰ, ਬਾਵਨ ਤੇ ਬ੍ਰਹਮਾ ਨੂੰ ਵੀ ਬੁਲਾ ਲਿਆ। ਉਹਨਾਂ ਸਾਰਿਆਂ ਨੂੰ ਮੁਨੀ ਨੇ ਕਿਹਾ ਕਿ ਕਿਸ ਢੰਗ ਨਾਲ ਇਸ ਯੱਗ ਨੂੰ ਆਰੰਭ ਕੀਤਾ ਜਾਏ। ਹੇ ਮਿੱਤਰੋ! ਮੈਨੂੰ ਆਪਣੀ ਅਸਚਰਜ ਗਾਇ ਦੱਸੋ॥ ੧੫ ॥ ੩੩੪॥

ਸਭ ਨੇ ਮਿਲਕੇ ਸਲਾਹ ਕਰਕੇ ਮੁਨੀ ਨੂੰ ਯੱਗ ਕਰਨ ਦਾ ਢੰਗ ਦੱਸਿਆ। ਮੁਨੀ ਨੇ ਉਹਨਾਂ ਦੀ ਸਲਾਹ ਅਨੁਸਾਰ ਯੱਗ ਆਰੰਭ ਕੀਤਾ।

**ਮਾਸ ਕੇ ਪਲ ਕਾਟਿਕੈ ਪੜਿ ਬੇਦ ਮੰਤ੍ਰ ਅਪਾਰ॥**
**ਅਗਨਿ ਭੀਤਰ ਹੋਮੀਐ ਸੁਨਿ ਰਾਜ ਰਾਜ ਅਬਿਚਾਰ॥**
**ਛੇਦਿ ਚਿੱਛੁਰ ਬਿੜਾਰਾਸੁਰ ਧੂਲਿ ਕਰਣਿ ਖਪਾਇ॥**
**ਮਾਰ ਦਾਨਵ ਕਉ ਕਰਿਓ ਮਖ ਦੈਤ ਮੇਧ ਬਨਾਇ॥ ੧੬ ॥ ੩੩੫॥**

ਮਾਸ ਦੇ ਟੁਕੜੇ ਕੱਟ ਕੱਟ ਕੇ ਉਹਨਾਂ ਉਤੇ ਕਈ ਦਫਾ ਵੇਦ ਮੰਤਰ ਪੜ੍ਹਕੇ ਅੱਗ ਵਿਚ ਹੋਮ ਕਰੋ। ਹੇ ਰਾਜਨ! ਦੇਵੀ ਨੇ ਤਾਂ ਚਿਛਰਾਸੁਰ, ਬਿੜਾਰਾਸੁਰ, ਆਦਿ 'ਦੈਂਤਾਂ ਨੂੰ ਮਾਰ ਕੇ ਦੈਂਤ ਮੇਧ ਯੱਗ ਕੀਤਾ ਸੀ। ਇਸ ਯੱਗ ਕਰਨ ਨਾਲ ਦੇਵੀ ਨੂੰ ਇਹ ਫਲ ਪ੍ਰਾਪਤ ਹੋਇਆ ਕਿ ਉਸ ਨੇ ਆਪਣੀ ਅਪਾਰ ਸ਼ਕਤੀ ਨਾਲ ਸੁੰਭ ਦੈਂਤ ਦੇ ਸੈਨਾਪਤੀ ਚਿੱਛੁਰ ਤੇ ਬਿੜਾਲ ਦੈਂਤ ਨੂੰ ਮਾਰ ਦਿੱਤਾ ਤੇ ਧੂਲੀਕਰਣ ਦੈਂਤ ਨੂੰ ਵੀ ਨਾਸ ਕਰ ਦਿੱਤਾ। ਸਾਰੇ ਦੈਂਤਾਂ ਨੂੰ ਮਾਰਕੇ ਦੇਵੀ ਨੇ ਬੜੇ ਚੰਗੇ ਢੰਗ ਨਾਲ 'ਦੈਂਤ ਮੇਧ' ਯੱਗ' ਕੀਤਾ॥ ੧੬ ॥ ੩੩੫॥

**ਤੈਸ ਹੀ ਮਖ ਕੀਜੀਐ ਸੁਨਿ ਰਾਜ ਰਾਜ ਪ੍ਰਚੰਡ॥**
**ਜੀਤਿ ਦਾਨਵ ਦੇਸ ਕੇ ਬਲਵਾਨ ਪੁਰਖ ਅਖੰਡ॥**
**ਤੈਸ ਹੀ ਮਖ ਮਾਰ ਕੈ ਸਿਰਿ ਇੰਦ੍ਰ ਛਤ੍ਰ ਫਿਰਾਇ॥**
**ਜੈਸ ਸੁਰ ਸੁਖੁ ਪਾਇਓ ਤਿਵ ਸੰਤ ਹੋਹਿ ਸਹਾਇ॥ ੧੭ ॥ ੩੩੬॥**

ਹੇ ਰਾਜਿਆਂ ਵਿਚੋਂ ਬੜੇ ਤੇਜ ਪ੍ਰਤਾਪ ਵਾਲੇ ਰਾਜਨ! ਸੁਣੋ! ਤੁਹਾਨੂੰ ਵੀ ਉਸੇ ਤਰ੍ਹਾਂ ਦੇਵੀ ਵਾਂਗੂੰ ਯੱਗ ਕਰਨਾ ਚਾਹੀਦਾ ਹੈ। ਤੁਸੀਂ ਸਾਰੇ ਦੇਸ ਦੇ ਦੈਂਤਾਂ ਵਰਗੇ ਬੜੇ ਬਲਵਾਨ ਪੁਰਸ਼ਾਂ ਨੂੰ ਜਿੱਤਕੇ ਅਖੰਡ ਰਾਜੇ ਬਣੇ ਹੋ। ਜਿਵੇਂ ਦੇਵੀ ਨੇ ਸਾਰੇ ਦੈਂਤਾਂ ਨੂੰ ਮਾਰ ਕੇ ਇੰਦਰ ਦੇ ਸਿਰ ਸਵਰਗ ਲੋਕ ਦਾ ਛੱਤ੍ਰ ਫਿਰਾਇਆ ਸੀ ਤੇ ਦੇਵਤਿਆਂ ਨੇ ਸੁਖ ਪ੍ਰਾਪਤ ਕੀਤਾ ਸੀ, ਇਸੇ ਤਰ੍ਹਾਂ ਆਪ ਵੀ ਯੱਗ ਕਰਕੇ ਦੁਸ਼ਟਾਂ ਦੋਖੀਆਂ ਨੂੰ ਮਾਰਕੇ ਸੰਤਾਂ ਦੇ ਸਹਾਇਕ ਬਣੋ॥ ੧੭ ॥ ੩੩੬॥

ਇਤਿ ਸ੍ਰੀ ਗਿਆਨ ਪ੍ਰਬੋਧ ਗ੍ਰੰਥੇ, ਰਾਜਾ ਮੁਨੀ ਰਾਜ ਬਰਨਨੰ ਅਸ਼ਟਮੋ ਸਮਾਪਤੰ॥ ਸਤੁ ਸੁਭਮ ਸਤੁ॥ ੮ ॥ ੧੭ ॥ ੩੩੬ ਅਫਜੂੰ॥

ਸ੍ਰੀ ਗਿਆਨ ਪ੍ਰਬੋਧ ਗ੍ਰੰਥ, ਰਾਜਾ ਮੁਨੀ ਵਰਣਨ ਅੱਠਵਾਂ ਅਧਿਆਏ ਸਮਾਪਤ॥ ਸਤ ਸੁਭਮ

ਸਤ॥ ੮॥ ੧੭॥ ੩੩੬॥ ਸਮੁੱਚਾ ਜੋੜ॥

ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਇਸ ਰਚੀ ਪਵਿੱਤ੍ਰ ਬਾਣੀ 'ਗਿਆਨ ਪ੍ਰਬੋਧ' ਦੇ ਆਰੰਭ ਵਿਚ ਪਹਿਲੇ ਨਿਰਗੁਨ ਤੇ ਸਰਗੁਨ ਪ੍ਰਭੂ ਦੀ ਉਸਤਤੀ ਕੀਤੀ ਹੈ। ਇਹੋ ਹੀ ਇਸ ਬਾਣੀ ਦਾ ਵਸਤੂ ਨਿਰਦੇਸ਼ ਮੰਗਲ ਹੈ।

ਫਿਰ ਸਤਿਗੁਰੂ ਜੀ ਨੇ ਪੁਰਾਤਨ ਗ੍ਰੰਥਾਂ ਵਿਚੋਂ ਮਹਾ ਭਾਰਤ ਆਦਿ ਦੀ ਕਥਾ ਦਾ ਵਰਣਨ ਕੀਤਾ ਹੈ। ਕੁਰੋਕਛੇਤਰ ਦਾ ਜੰਗ ਖਤਮ ਹੋ ਗਿਆ। ਪਾਂਡਵਾਂ ਦੀ ਜਿੱਤ ਹੋ ਗਈ। ਜੰਗ ਤੋਂ ਬਾਅਦ ਜਦੋਂ ਧਰਮਪੁਤ ਯੁਧਿਸ਼ਟਰ ਨੇ ਇਸ ਜੰਗ ਵਿਚ ਹੋਈ ਤਬਾਹੀ ਦਾ ਧਿਆਨ ਕੀਤਾ ਤਾਂ ਉਸ ਦਾ ਮਨ ਰਾਜ ਕਾਜ ਵਲੋਂ ਉਪਰਾਮ ਹੋ ਗਿਆ। ਉਸ ਨੇ ਸੋਚਿਆਂ ਕਿ ਏਨੇ ਜੀਵ ਜੰਤੂਆਂ ਮਨੁੱਖਾਂ ਆਦਿ ਨੂੰ ਮਾਰਨ ਤੋਂ ਬਾਅਦ ਜਿਹੜਾ ਰਾਜ ਪ੍ਰਾਪਤ ਹੋਇਆ ਹੈ ਉਹ ਮੇਰੇ ਕਿਸ ਕੰਮ ਹੈ। ਯੁਧਿਸ਼ਟਰ ਦੇ ਛੋਟੇ ਭਰਾ ਯੁਧਿਸ਼ਟਰ ਨੂੰ ਭੀਸ਼ਮ ਪਿਤਾਮਾ ਕੋਲ ਲੈ ਗਏ। ਭੀਸ਼ਮ ਪਿਤਾਮਾ ਉਸ ਸਮੇਂ ਤੀਰਾਂ ਦੀ ਸੇਜਾ ਤੇ ਲੇਟਿਆ ਹੋਇਆ ਸੀ। ਯੁਧਿਸ਼ਟਰ ਨੇ ਭੀਸ਼ਮ ਪਿਤਾਮਾ ਦੇ ਚਰਨਾਂ ਵਿਚ ਹਾਜ਼ਰ ਹੋ ਕੇ ਨਮਸਕਾਰ ਕੀਤੀ ਤੇ ਕੋਲ ਬੈਠਕੇ ਕਿਹਾ-ਹੇ ਪਿਤਾਮਾ ਜੀ! ਮੈਂ ਆਪ ਦੀ ਸੇਵਾ ਵਿਚ ਆਪ ਤੋਂ ਸ਼ੁਭ ਉਪਦੇਸ਼ ਲੈਣ ਲਈ ਹਾਜ਼ਰ ਹੋਇਆ ਹਾਂ। ਮੇਰਾ ਮਨ ਇਸ ਜੰਗ ਵਿਚ ਹੋਈ ਤਬਾਹੀ ਨੂੰ ਵਿਚਾਰ ਕੇ ਬਹੁਤ ਉਦਾਸ ਹੈ। ਮੈਂ ਰਾਜ ਕਾਜ ਦੇ ਕੰਮਾਂ ਨੂੰ ਤਿਆਗ ਕੇ ਪ੍ਰਭੂ ਭਗਤੀ ਵਿਚ ਲੀਨ ਹੋਣਾ ਚਾਹੁੰਦਾ ਹਾਂ। ਆਪ ਮੈਨੂੰ ਪ੍ਰਭੂ ਭਗਤੀ ਦਾ ਉਪਦੇਸ਼ ਦਿਓ।

ਭੀਸ਼ਮ ਪਿਤਾਮਾ ਨੇ ਕਿਹਾ, "ਹੇ ਯੁਧਿਸ਼ਟਰ! ਤੂੰ ਇਸ ਤਬਾਹੀ ਨੂੰ ਵਿਚਾਰਕੇ ਉਪਰਾਮ ਨਾ ਹੋ। ਤੂੰ ਹਿੰਮਤ ਤੇ ਹੌਸਲੇ ਨਾਲ ਆਪਣੀ ਪਰਜਾ ਦੀ ਪਾਲਣਾ ਕਰ। ਤੇਰੇ ਲਈ ਇਹੋ ਪ੍ਰਭੂ ਭਗਤੀ ਹੈ। ਭੀਸ਼ਮ ਪਿਤਾਮਾ ਨੇ ਯੁਧਿਸ਼ਟਰ ਨੂੰ ਰਾਜਨੀਤੀ ਦੇ ਅਨੇਕਾਂ ਗੁਰ ਤੇ ਚਾਰ ਧਰਮ ਦੱਸੇ। ਇਹਨਾਂ ਚੋਹਾਂ ਧਰਮਾਂ ਵਿਚੋਂ ਦਾਨ ਧਰਮ ਨੂੰ ਸ੍ਰੇਸ਼ਟ ਦੱਸਿਆ ਤੇ ਕਿਹਾ ਕਿ ਰਾਜੇ ਨੂੰ ਆਪਣੇ ਸਾਹਮਣੇ ਹਮੇਸ਼ਾਂ ਦਾਨ ਧਰਮ ਨੂੰ ਹੀ ਮੁੱਖ ਰਖਣਾ ਚਾਹੀਦਾ ਹੈ। ਦਾਨ ਵਿਚ ਹੀ ਪੁਰਸ਼ ਦਾ ਕਲਿਆਣ ਹੈ। ਇਥੋਂ ਇਸ ਕਥਾ ਨੂੰ ਆਰੰਭ ਕੀਤਾ ਗਿਆ ਹੈ।

ਭੀਸ਼ਮ ਪਿਤਾਮਾ ਦੇ ਉਪਦੇਸ਼ ਨੂੰ ਸੁਣਕੇ ਯੁਧਿਸ਼ਟਰ ਦਾ ਮਨ ਸ਼ਾਂਤ ਹੋ ਗਿਆ ਤੇ ਉਸ ਨੇ ਦਾਨ ਧਰਮ ਨੂੰ ਮੁਖ ਰਖਦਿਆਂ ਹੋਇਆਂ ਰਾਜ ਕਾਜ ਦਾ ਕੰਮ ਸੰਭਾਲਿਆ। ਉਸ ਨੇ ਪਹਿਲਾਂ ਅਸਵਮੇਧ ਯੱਗ ਤੇ ਫਿਰ ਰਾਜਸੂਯ ਯੱਗ ਕੀਤਾ। ਅੰਤ ਨੂੰ ਅਰਜਨ ਦੇ ਪੋਤਰੇ ਪਰੀਖਸ਼ਤ ਨੂੰ ਰਾਜ ਤਿਲਕ ਦੇ ਕੇ ਪੰਜੇ ਪਾਂਡਵ ਭਰਾ, ਸਣੇ ਦਰੋਪਦੀ, ਹਿਮਾਲਾ ਪਰਬਤ ਵਿਚ ਗਲਕੇ ਸਰੀਰ ਤਿਆਗ ਗਏ। ਯੁਧਿਸ਼ਟਰ ਨੇ ਪੰਜ ਸੌ ਸਾਲ ਧਰਮ ਪੂਰਬਕ ਰਾਜ ਕੀਤਾ ਤੇ ਆਪਣੀਆਂ ਪਰਜਾ ਦੀ ਪੁੱਤਰਾਂ ਸਮਾਨ ਪਾਲਣਾ ਕੀਤੀ। ਅੱਜ ਤਕ ਉਸ ਦੇ ਨਾਂ ਦਾ ਜਸ ਹੋ ਰਿਹਾ ਹੈ।

ਇਸ ਤੋਂ ਅਗੇ ਪਰੀਖਿਤ ਦੇ ਰਾਜ ਦੇ ਸਮਾਚਾਰ ਵਰਣਨ ਕੀਤੇ ਗਏ ਹਨ। ਪਰੀਖਿਤ ਰਾਜਾ ਸ੍ਰਿੰਗੀ ਰਿਸ਼ੀ ਦੇ ਸਰਾਪ ਕਰਕੇ ਤੱਛਕ ਨਾਗ ਦੇ ਡੱਸਣ ਕਰਕੇ ਮਰ ਗਿਆ। ਸੱਠ ਸਾਲ ਦੋ ਮਹੀਨੇ, ਚਾਰ ਦਿਨ ਰਾਜ ਕਰਕੇ ਪਰੀਖਿਤ ਇਸ ਸੰਸਾਰ ਤੋਂ ਵਿਦਾ ਹੋ ਗਿਆ।

ਪਰੀਖਿਤ ਦੇ ਮਗਰੋਂ ਉਸ ਦਾ ਪੁੱਤਰ ਜਨਮੇਜਾ ਰਾਜਾ ਬਣਿਆ। ਇਸ ਨੇ ਸੱਪਾਂ ਕੋਲੋਂ ਆਪਣੇ

ਪਿਤਾ ਦਾ ਬਦਲਾ ਲੈਣ ਲਈ ਸਰਪ ਮੇਧ ਯੱਗ ਕੀਤਾ ਤੇ ਬੇਅੰਤ ਸੱਪਾਂ ਨੂੰ ਭਸਮ ਕਰ ਦਿੱਤਾ। ਆਸਤੀਕ ਮੁਨੀ ਨੇ ਜਨਮੇਜੇ ਨੂੰ ਸਪਾਂ ਨੂੰ ਭਸਮ ਕਰਨ ਤੋਂ ਹਟਾਇਆ। ਬ੍ਰਾਹਮਣਾਂ ਦੀ ਹਤਿਆ ਕਰਨ ਕਰਕੇ ਰਾਜਾ ਜਨਮੇਜਾ ਕੋਹੜਾ ਹੋ ਗਿਆ। ਫਿਰ ਬਿਆਸ ਮੁਨੀ ਜੀ ਤੋਂ ਮਹਾਂ ਭਾਰਤ ਦੀ ਕਥਾ ਸੁਣਨ ਕਰਕੇ ਇਸ ਦਾ ਕੋਹੜ ਦੂਰ ਹੋਇਆ। ਇਹ ਰਾਜਾ ਚੁਰਾਸੀ ਸਾਲ, ਸੱਤ ਮਹੀਨੇ ਤੇ ਚਵੀ ਦਿਨ ਰਾਜ ਕਰਕੇ ਚਲਾਣਾ ਕਰ ਗਿਆ।

ਰਾਜਾ ਜਨਮੇਜਾ ਤੋਂ ਪਿਛੋਂ ਉਸ ਦਾ ਪੁੱਤਰ ਅਜੈ ਸਿੰਘ ਰਾਜਾ ਬਣਿਆ। ਇਹ ਬੜਾ ਬਹਾਦਰ ਤੇ ਧਰਮ ਨੀਤੀ ਅਨੁਸਾਰ ਚਲਣ ਵਾਲਾ ਰਾਜਾ ਸੀ। ਇਸ ਦੇ ਚਲਾਣਾ ਕਰ ਜਾਣ ਤੋਂ ਬਾਅਦ ਰਾਜਾ ਜੱਗ ਗੱਦੀ ਤੇ ਬੈਠਾ। ਇਸ ਨੇ ਕਾਮ ਰੂਪ ਤੀਰਥ ਦੇ ਪ੍ਰਾਗਜੋਤੀ ਨਾਂ ਦੇ ਸ੍ਰੇਸ਼ਟ ਬ੍ਰਾਹਮਣ ਨੂੰ ਸੱਦ ਕੇ ਬੜਾ ਭਾਰੀ ਯੱਗ ਕਰਵਾਇਆ। ਅਠਾਸੀ ਸਾਲ ਦੋ ਮਹੀਨੇ ਰਾਜ ਕਰਕੇ ਇਹ ਵੀ ਸੰਸਾਰ ਤੋਂ ਕੂਚ ਕਰ ਗਿਆ।

ਇਸ ਤੋਂ ਮਗਰੋਂ ਰਾਜਾ ਮੁਨੀ ਤਖਤ ਤੇ ਬੈਠਾ। ਇਸ ਨੇ ਚੰਗਾ ਧਰਮ ਦਾ ਰਾਜ ਕੀਤਾ ਤੇ ਪਰਜਾ ਦੇ ਦੋਖੀਆਂ ਨੂੰ ਨਾਸ ਕੀਤਾ। ਇਸ ਨੇ ਮਿਤ੍ਰ ਨਾਂ ਦੇ ਬ੍ਰਾਹਮਣ ਨੂੰ ਸੱਦਕੇ ਯੱਗ ਕਰਨ ਬਾਰੇ ਉਸ ਤੋਂ ਪੁਛਿਆ। ਬ੍ਰਾਹਮਣ ਨੇ ਕਿਹਾ - ਹੇ ਰਾਜਨ ! ਤਸੀਂ ਯੱਗ ਜ਼ਰੂਰ ਕਰੋ। ਚੰਡੀ ਦੇਵੀ ਨੇ ਯੱਗ ਕਰਕੇ ਰਾਖਸ਼ਾਂ ਤੇ ਫ਼ਤਿਹ ਪਾਈ ਸੀ। ਤੁਸੀਂ ਵੀ ਯੱਗ ਕਰਕੇ ਦੁਸ਼ਟਾਂ ਦਾ ਨਾਸ ਕਰੋ ਤੇ ਸੰਤਾਂ ਭਗਤਾਂ ਦੀ ਰੱਖਿਆ ਕਰੋ। ਸਤਿਗੁਰਾਂ ਨੇ ਇਥੋਂ ਤੱਕ ਕਥਾ ਲਿਖਕੇ ਗਿਆਨ ਪ੍ਰਬੋਧ ਗ੍ਰੰਥ ਦੀ ਸਮਾਪਤੀ ਕਰ ਦਿੱਤੀ ਹੈ।

# ਜਿਲਦ ਪਹਿਲੀ ਸਮਾਪਤ